# ਅਬਿਨਾਸ਼ੀ ਜੋਤ

2



ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰਸਟ

# ਅਵਿਨਾਸ਼ੀ ਜੋਤ

## ਭਾਗ - 2

-: ਕਰਤਾ :-

ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
ਰਤਵਾੜਾ ਸਾਹਿਬ

ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ।

- ਪ੍ਰਕਾਸ਼ਕ -
ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ
ਗੁਰਦੁਆਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ (ਨੇੜੇ ਚੰਡੀਗੜ੍ਹ)
ਸੰਪਰਕ ਨੰ: 98146-12900, ਦਫਤਰ-94172-14391, 79

## ੪

ਸ਼ਾਨ .......................................।

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਪੰਨਾ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਪੰਨਾ - 289*

*ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ॥*
*ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ ਨ ਆਵਹੀ॥* *ਪੰਨਾ - 791*

*ਧਾਰਨਾ - ਕਵਨ ਅਨਾਥ ਬਿਚਾਰਾ,*
*ਪ੍ਰਭ ਮੋਹਿ ਕਵਨ ਅਨਾਥ ਬਿਚਾਰਾ - 2, 4*

*ਪ੍ਰਭ ਜੀ ਮੋਹਿ ਕਵਨੁ ਅਨਾਥੁ ਬਿਚਾਰਾ॥*
*ਕਵਨ ਮੂਲ ਤੇ ਮਾਨੁਖੁ ਕਰਿਆ ਇਹੁ ਪਰਤਾਪੁ ਤੁਹਾਰਾ॥*
*ਜੀਅ ਪ੍ਰਾਣ ਸਰਬ ਕੇ ਦਾਤੇ ਗੁਣ ਕਹੇ ਨ ਜਾਹਿ ਅਪਾਰਾ॥*
*ਸਭ ਕੇ ਪ੍ਰੀਤਮ ਸ੍ਰਬ ਪ੍ਰਤਿਪਾਲਕ ਸਰਬ ਘਟਾਂ ਆਧਾਰਾ॥*
*ਕੋਇ ਨ ਜਾਣੈ ਤੁਮਰੀ ਗਤਿ ਮਿਤਿ ਆਪਹਿ ਏਕ ਪਸਾਰਾ॥*
*ਸਾਧ ਨਾਂਵ ਬੈਠਾਵਹੁ ਨਾਨਕ ਭਵ ਸਾਗਰੁ ਪਾਰਿ ਉਤਾਰਾ॥*
*ਪੰਨਾ - 1220*

*ਧਾਰਨਾ - ਹਰਿ ਕੇ ਸੇਵਕ ਜੋ ਹਰਿ ਭਾਏ,*
*ਤਿਨ ਕੀ ਕਥਾ ਨਿਰਾਰੀ ਰੇ -2, 2.*
*ਤਿਨ ਕੀ ਕਥਾ ਨਿਰਾਰੀ ਰੇ, -4, 2.*
*ਹਰਿ ਕੇ ਸੇਵਕ ਜੋ ਹਰਿ ਭਾਏ,......... -2.*

*ਹਰਿ ਕੇ ਸੇਵਕ ਜੋ ਹਰਿ ਭਾਏ ਤਿਨ ਕੀ ਕਥਾ ਨਿਰਾਰੀ ਰੇ॥*
*ਆਵਹਿ ਨ ਜਾਹਿ ਨ ਕਬਹੂ ਮਰਤੇ ਪਾਰਬ੍ਰਹਮ ਸੰਗਾਰੀ ਰੇ॥*
*ਪੰਨਾ - 855*

ਸਾਧ ਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਦੂਰ ਦਰਾਜ ਤੋਂ ਆਪ ਗੁਰੂ ਮਹਾਰਾਜ ਦੀ ਅਪਾਰ ਪ੍ਰੇਰਨਾ ਦੇ ਸਦਕੇ ਗੁਰੂ ਦੀ ਹਜ਼ੂਰੀ ਦੇ ਅੰਦਰ ਇਕ ਮਹਾਨ ਤਪ ਕਰ ਰਹੇ ਹੋ। ਸੌ ਸਾਲ ਧੂਣੀਆਂ ਤਾਪਣ ਵਾਲਾ, ਇਹ ਜੋ ਥੋੜ੍ਹੀ ਜਿਹੀ ਸਤਿਸੰਗ ਹੈ, ਕਲਜੁਗ ਦੇ ਅੰਦਰ ਇਸ ਦਾ ਮੁਕਾਬਲਾ ਨਹੀਂ ਕਰ ਸਕਦਾ। ਜਦੋਂ ਆਪ ਮਨ ਚਿਤ ਇਕਾਗਰ ਕਰਕੇ, ਸ਼ਰਧਾ ਦੀ ਝੋਲੀ ਅੱਡ ਕੇ, ਗੁਰੂ ਮਹਾਰਾਜ ਦੇ ਵਿਚਾਰ ਸਰਵਣ ਕਰੋਂਗੇ ਤਾਂ -

### *ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥*

*ਪੰਨਾ - 546*

ਕਈ ਕਰੋੜ ਜੱਗਾਂ ਦਾ ਫਲ ਮਿਲਦਾ ਹੈ - ਸੁਣਨ ਤੇ ਗਾਉਣ ਵਾਲੇ ਨੂੰ। ਸੋ ਪਿਛਲੇ ਕਈ ਹਫਤਿਆਂ ਤੋਂ ਲਗਾਤਾਰ ਇਕ ਬਹੁਤ ਹੀ ਪਿਆਰੀ ਕਥਾ ਗੁਰੂ ਅੰਗਦ ਸਾਹਿਬ ਮਹਾਰਾਜ ਦੀ ਸੁਣ ਰਹੇ ਹੋ ਕਿ ਗੁਰੂ ਨਾਨਕ ਪਾਤਿਸ਼ਾਹ ਨਾਲ ਉਨ੍ਹਾਂ ਦਾ ਕਿਵੇਂ ਮਿਲਾਪ ਹੋਇਆ। ਉਨ੍ਹਾਂ ਦੀ ਸੇਵਾ ਹੈਰਾਨ ਕਰਨ ਵਾਲੀ ਸੇਵਾ ਹੈ ਕਿ ਸਿਰਫ 3 ਸਾਲ ਸੇਵਾ ਕਰਕੇ ਆਪ ਨੇ ਉਹ ਪਦਵੀ ਪ੍ਰਾਪਤ ਕਰ ਲਈ ਜੋ ਸਾਰੀ-ਸਾਰੀ ਜਿੰਦਗੀ ਸੇਵਾ ਕਰਨ ਵਾਲਿਆਂ ਨੂੰ ਪ੍ਰਾਪਤ ਨਹੀਂ ਹੁੰਦੀ। ਜਾਂ ਤਾਂ ਉਹ ਧੁਰ ਦਰਗਾਹੋਂ ਲੇਖ ਲਿਖਾ ਕੇ ਲਿਆਏ ਸੀ ਜਾਂ ਉਨ੍ਹਾਂ ਦੀ ਸੇਵਾ ਐਨੀ ਪ੍ਰਬਲ ਸੀ ਕਿ ਪਹਿਲੇ ਨੰਬਰ ਤੇ ਪਾਸ ਕਰਕੇ ਆਪ ਨੇ ਗੁਰੂ ਅੰਗਦ ਸਾਹਿਬ ਜੀ ਨੂੰ ਆਪਣਾ ਹੀ ਸਰੂਪ ਬਣਾ ਲਿਆ। ਸੋ ਉਸ ਦੇ ਬਾਰੇ ਆਪ ਬਹੁਤ ਦੀਵਾਨਾਂ ਵਿਚ ਸੁਣਦੇ ਆਏ ਹੋ।

ਗੁਰੂ ਨਾਨਕ ਪਾਤਸ਼ਾਹ ਦੇ ਪਾਸ ਆਪ ਪਹੁੰਚੇ ਹੋਏ ਨੇ, ਦਿਨ ਰਾਤ ਸੇਵਾ ਕਰ ਰਹੇ ਨੇ; ਇਕੱਲੀ ਸੇਵਾ ਨਹੀਂ ਕਰਦੇ, ਗੁਰੂ ਨਾਨਕ ਦੇ ਨਾਲ ਹੱਦ ਤੋਂ ਜ਼ਿਆਦਾ ਪਿਆਰ ਹੋ ਗਿਆ। ਗੁਰੂ ਤੇ ਸਿੱਖ ਦਾ ਪਿਆਰ ਸਾਰੀ ਸ੍ਰਿਸ਼ਟੀ ਦੇ ਜਿੰਨੇ ਪਿਆਰ ਨੇ, ਸਾਰਿਆਂ ਤੋਂ ਉੱਚਾ ਹੋਇਆ ਕਰਦਾ ਹੈ। ਸ੍ਰਿਸ਼ਟੀ ਦੇ ਪਿਆਰ ਦੇ ਦਰਜੇ ਨੇ। ਜੜ੍ਹ ਚੀਜ਼ਾਂ ਵੀ ਜੜ੍ਹ ਚੀਜ਼ਾਂ ਨੂੰ ਪਿਆਰ ਕਰਦੀਆਂ ਹਨ, ਪਸ਼ੂ-ਪਸ਼ੂਆਂ ਨੂੰ ਪਿਆਰ ਕਰਦੇ ਨੇ, ਪੰਛੀ ਪੰਛੀਆਂ ਨੂੰ ਪਿਆਰ ਕਰਦੇ ਨੇ, vegitation (ਬਨਸਪਤੀ) ਬਨਸਪਤੀ ਨੂੰ ਪਿਆਰ ਕਰਦੀ ਹੈ - ਦਰਖਤ ਬੂਟੇ ਸਭ ਆਪਸ ਵਿਚ ਬੰਨ੍ਹੇ ਪਏ ਨੇ। ਇਹ ਨਹੀਂ ਹੈ ਕਿ ਇਨ੍ਹਾਂ ਨੂੰ ਪਤਾ ਨਹੀਂ ਹੈ, ਗਿਆਨ ਹੈ ਇਨ੍ਹਾਂ ਨੂੰ, 1% ਤੋਂ ਲੈ ਕੇ 25% ਤੱਕ ਬੂਟਿਆਂ ਨੂੰ ਸੋਝੀ ਹੈ। ਇਨ੍ਹਾਂ ਦੇ ਕੋਲ ਸੰਗੀਤ ਵਜਾਓ, ਪਿਆਰ ਕਰੋ, ਹਿਰਦੇ ਦੇ ਵਿਚੋਂ telepathy (ਅੰਤਰ-ਸੰਵੇਦਨ) ਰਾਹੀਂ ਇਨ੍ਹਾਂ ਦਾ ਭਲਾ ਚਾਹੋ, ਬੂਟੇ ਸਾਰੇ ਲਹਿ ਲਹਾਉਣ ਲੱਗ ਜਾਂਦੇ ਨੇ; ਗੁਰੂ ਦੀ ਬਾਣੀ ਸਰਵਣ ਕਰਾਓ, ਜਿਹੜੇ ਬੂਟਿਆਂ ਨੂੰ ਫਲ ਨਹੀਂ ਲਗਦਾ, ਉਨ੍ਹਾਂ ਨੂੰ ਵੀ ਫਲ ਲੱਗਣ ਲੱਗ ਜਾਂਦਾ ਹੈ। ਇਹ ਬਾਣੀ ਦੀ ਤਾਸੀਰ ਹੈ ਸਾਧ ਸੰਗਤ ਜੀ! ਐਵੇਂ ਮਨੋ-ਕਲਪਤ ਬਾਤਾਂ ਨਹੀਂ ਹਨ। ਡਾ. ਬੋਸ ਨੇ ਇਹ ਚੀਜ਼ਾਂ ਸਾਬਤ ਕਰਕੇ ਦਿਖਾ ਦਿੱਤੀਆਂ। ਅੱਜ ਕੱਲ੍ਹ ਤਾਂ ਸਾਰੇ ਵਿਗਿਆਨੀ ਜਾਣਦੇ ਨੇ ਕਿ ਜੇ ਪਸ਼ੂਆਂ ਦੇ ਕੋਲ ਸੰਗੀਤ ਦੀਆਂ ਧੁਨਾਂ ਵਜਾਈਆਂ ਜਾਣ - ਦੁਧਾਰੂ ਪਸ਼ੂਆਂ ਦੇ ਕੋਲ, ਤਾਂ ਉਨ੍ਹਾਂ ਦਾ ਚਿਤ ਇਕਾਗਰ ਹੋ ਜਾਂਦਾ ਹੈ ਤੇ ਜਦੋਂ ਦੁੱਧ ਕੱਢਦੇ ਨੇ, ਉਸ ਵੇਲੇ ਉਹ ਵੱਧ ਦੁੱਧ ਦਿੰਦੀਆਂ ਨੇ। ਜਿਨ੍ਹਾਂ ਪਸ਼ੂਆਂ ਦੇ ਕੋਲ ਪ੍ਰੇਸ਼ਾਨੀ ਵਾਲੀਆਂ ਜਾਂ ਡਰ ਵਾਲੀਆਂ ਚੀਜ਼ਾਂ ਹੋਣ, ਉਹ ਦੁੱਧ ਬਹੁਤ ਘੱਟ ਦਿੰਦੇ ਹਨ। ਸੋ ਇਨ੍ਹਾਂ ਸਾਰੀਆਂ ਚੀਜ਼ਾਂ ਦਾ ਅਸਰ ਪਿਆ ਕਰਦਾ ਹੈ।

ਸੋ ਇਹ ਛੋਟਾ ਪਿਆਰ ਹੈ, ਪਸ਼ੂਆਂ ਦਾ ਪਸ਼ੂਆਂ ਨਾਲ ਹੈ, ਆਪਣੇ ਨਾਲਦਿਆਂ ਨੂੰ ਪਿਆਰ ਕਰਦੇ ਨੇ। ਡੰਗਰ ਇਕ ਵੇਚ ਦਿਓ, ਸਾਰੇ ਡੰਗਰ ਉਸ ਨੂੰ ਯਾਦ ਕਰ ਕਰਕੇ ਰੰਭੀ ਜਾਣਗੇ, ਯਾਦ ਕਰਨਗੇ, ਅੱਖਾਂ ਵਿਚੋਂ ਹੰਝੂ ਸੁਟਣਗੇ। telepathy (ਅੰਤਰ ਸੰਵੇਦਨ) ਦੀ ਬੋਲੀ ਜੇ ਕੋਈ ਸਮਝਣ ਜਾਣਦਾ ਹੋਵੇ ਤਾਂ ਉਨ੍ਹਾਂ ਦੇ ਹਿਰਦੇ ਦੀ ਵੇਦਨਾ ਨੂੰ ਸਮਝਦਾ ਹੈ।

ਮਨੁੱਖ ਦਾ ਪਿਆਰ ਦੋ ਕਿਸਮ ਦਾ ਹੈ। ਇਕ ਨੂੰ ਮੋਹ ਕਹਿੰਦੇ ਨੇ, ਇਕ ਨੂੰ ਪਿਆਰ ਕਹਿੰਦੇ ਨੇ। ਮੋਹ ਦੇ ਵਿਚ ਹਿਤ ਕੰਮ ਕਰਦਾ ਹੈ। ਮਾਂ ਪੁਤ ਨੂੰ ਪਿਆਰ ਕਰਦੀ ਹੈ। ਪਹਿਲਾਂ ਹਿਤ ਹੈ ਉਸ ਦੇ ਮਨ ਦੇ ਅੰਦਰ ਕਿ ਇਹ ਮੈਨੂੰ ਕਮਾ ਕੇ ਖਿਲਾਵੇ, ਇਹ ਬੁਢਾਪੇ ਵਿਚ ਸਾਡੀ ਸੰਭਾਲ ਕਰੇ। ਕੋਈ ਮਾਂ ਦੁਨੀਆਂ ਦੇ ਅੰਦਰ ਐਸੀ ਨਹੀਂ ਹੈ ਜਿਹੜੀ ਆਪਣੇ ਪੁੱਤਰ ਨੂੰ ਇਹ ਉਪਦੇਸ਼ ਦੇਵੇ ਕਿ ਬੇਟਾ! ਬੜੀ ਦੇਰ ਤੋਂ ਬਾਅਦ ਤੈਨੂੰ ਮਨੁੱਖ ਦਾ ਜਾਮਾ ਪ੍ਰਾਪਤ ਹੋਇਆ ਹੈ। ਜਾਹ ਤੂੰ ਕਿਸੇ ਪੂਰਨ ਮਹਾਂਪੁਰਸ਼ ਦੀ ਸ਼ਰਨ ਵਿਚ, ਉਥੇ ਜਾ ਕੇ ਸਾਧਨਾ ਕਰ, ਐਨੀ ਸਾਧਨਾ ਕਰ ਕਿ ਮੇਰੀ ਕੁੱਖ ਸਫਲੀ ਹੋ ਜਾਵੇ ਤੇ ਮੈਨੂੰ ਧੰਨ ਕਹਿਣ ਤੇ ਕੁਲਾਂ ਤਰ ਜਾਣ। ਮਾਂ ਕੋਈ ਵੀ ਨਹੀਂ ਕਹਿੰਦੀ। ਜੇ ਚਲਿਆ ਵੀ ਜਾਵੇ ਤਾਂ

ਰੋਟੀ ਚੰਗੀ ਨਹੀਂ ਲਗਦੀ ਜਦੋਂ ਤੱਕ ਉਸ ਨੂੰ ਗ੍ਰਹਿਸਤ ਵਿਚ ਫਸਾ ਨਾ ਦੇਣ। ਬੱਚੇ ਦਾ ਭਲਾ ਤਾਂ ਨਾ ਲੋਚਿਆ। ਗੁਰੂ ਲੋਚਦਾ ਹੈ ਸਿੱਖ ਦਾ ਭਲਾ –

***ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ॥***
***ਸੇਵਕ ਕਉ ਗੁਰੁ ਸਦਾ ਦਇਆਲ॥***

***ਪੰਨਾ - 286***

ਗੁਰੂ ਜੋ ਹੈ ਉਹ ਆਪਣੇ ਸਿੱਖ ਦੇ ਬੰਧਨ ਕੱਟਣ ਦੇ ਇਰਾਦੇ ਰੱਖਦਾ ਹੈ ਕਿ ਇਸ ਦਾ ਬੰਧਨ ਕਿਵੇਂ ਕੱਟਿਆ ਜਾਵੇ, ਕਿਵੇਂ ਇਹ ਚੌਰਾਸੀ ਦੇ ਫੇਰ ਵਿਚੋਂ ਛੁਟ ਜਾਵੇ ਤੇ ਦੁਬਾਰਾ ਨਾ ਆਵੇ। ਸੋ ਇਸ ਕਰਕੇ ਸਭ ਤੋਂ ਉਤਮ ਪਿਆਰ ਉਹ ਹੈ ਜਿਹੜਾ ਇਥੇ ਵੀ ਨਿਭਦਾ ਹੈ ਤੇ ਅੱਗੇ ਵੀ ਨਿਭਦਾ ਹੈ।

***ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ॥***
***ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ॥***

***ਪੰਨਾ - 729***

ਸੋ ਇਹ ਪਿਆਰ ਸੱਚਾ ਹੋਇਆ ਕਰਦਾ ਹੈ, ਨਿਰਛਲ ਹੋਇਆ ਕਰਦਾ ਹੈ ਕਿਉਂਕਿ ਇਸ ਦੇ ਵਿਚ ਕੋਈ ਗਰਜ਼ ਨਹੀਂ ਹੁੰਦੀ।

***ਜੇ ਗੁਰੁ ਝਿੜਕੇ ਤ ਮੀਠਾ ਲਾਗੈ ਜੇ ਬਖਸੇ ਤ ਗੁਰ ਵਡਿਆਈ॥***

***ਪੰਨਾ - 758***

ਜਿਹੜੀਆਂ ਝਿੜਕਾਂ ਵੀ ਨੇ, ਕੁੱਟ ਮਾਰ ਵੀ ਹੈ ਉਹ ਵੀ ਜੇ ਮਿੱਠੀ ਲਗਦੀ ਹੈ ਤਾਂ ਪਿਆਰ ਗੁਰੂ ਨਾਲ ਠੀਕ ਹੈ; ਜੇ ਕੌੜੀ ਲਗਦੀ ਹੈ ਤਾਂ ਪਿਆਰ ਦੇ ਵਿਚ ਬੜੀ ਜਬਰਦਸਤ ਕਸਰ ਹੈ ਅਜੇ। ਤਾਂ ਉਹ ਪਿਆਰ ਕੁਝ ਹੋਰ ਹੈ, ਪਿਆਰ ਨਹੀਂ ਹੈ ਅਜੇ।

ਸੋ ਭਾਈ ਲਹਿਣਾ ਜੀ ਨੇ ਗੁਰੂ ਨਾਨਕ ਪਾਤਿਸ਼ਾਹ ਜੀ ਦੇ ਨਾਲ ਐਨਾ ਪਿਆਰ ਪਾ ਲਿਆ ਕਿ ਕਦੇ ਫੁਰਨੇ ਵਿਚ ਵੀ ਘਰ ਨਹੀਂ ਸੀ ਯਾਦ ਕਰਿਆ। ਲੜਕੀ ਜਵਾਨ ਸੀ ਘਰ, ਬੱਚੇ ਜਵਾਨ ਸਨ, ਕਾਰੋਬਾਰ ਦੂਰ ਤੱਕ ਫੈਲਿਆ ਹੋਇਆ ਸੀ। ਸ਼ਾਹੂਕਾਰੇ ਦਾ ਕੰਮ ਕਰਦੇ ਸਨ, ਦੂਰ ਦੂਰ ਤੱਕ ਫੈਲੇ ਹੋਏ ਪੈਸੇ ਲੈਣੇ ਦੇਣੇ ਜੋ ਵੱਡੇ-ਵੱਡੇ ਵਪਾਰੀਆਂ ਨੂੰ ਦਿੱਤੇ ਹੋਏ ਸਨ ਤੇ ਆਪਣਾ ਵੀ ਥੋਕ ਦਾ ਵਪਾਰ ਹੋਣ ਕਰਕੇ ਦੂਰ ਤੱਕ ਫੈਲਿਆ ਹੋਇਆ ਸੀ। ਆਪ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿਚ ਆ ਗਏ ਨਮਕ ਦੀ ਪੰਡ ਚੁੱਕ ਕੇ। ਨਮਕ ਦੀ ਪੰਡ ਬੜਾ ਭਾਰਾ ਇਕ ਪ੍ਰਤੀਕ ਸੀ। ਉਨ੍ਹਾਂ ਨੇ ਪਹਿਲੇ ਦਿਨ ਹੀ ਬਹੁਤ ਵੱਡੀ ਬਾਤ ਕਰੀ। ਨਮਕ ਕਿਸੇ ਵੀ ਚੀਜ਼ ਵਿਚ ਪਾ ਦਿਓ ਇਹ ਆਪਣੀ ਹਸਤੀ ਤਾਂ ਗੁਆ ਦਿੰਦਾ ਹੈ ਪਰ ਆਪਣੀ ਹੋਂਦ ਕਾਇਮ ਰੱਖਦਾ ਹੈ। ਪਾਣੀ ਵਿਚ ਪਾ ਦਿਓ, ਪਾਣੀ ਦਾ ਰੂਪ ਹੋ ਜਾਏਗਾ ਪਰ ਹੋਂਦ ਉਸ ਦੀ ਕਾਇਮ ਰਹਿੰਦੀ ਹੈ। ਸੋ ਉਨ੍ਹਾਂ ਸਾਰੀਆਂ ਸੰਗਤਾਂ ਵਿਚ ਘੁਲਣ ਮਿਲਣ ਵਾਸਤੇ ਤੇ ਨਿਆਰਾ ਰਹਿਣ ਵਾਸਤੇ ਨਮਕ ਦੀ ਪੰਡ ਲਿਆਂਦੀ। ਸੋ ਇਹ ਪ੍ਰਤੀਕ ਸੀ ਇਸ ਗੱਲ ਦਾ ਕਿ ਮੈਂ ਵੱਖਰਾ ਨਹੀਂ ਰਹਿਣਾ, ਵਿਚ ਰਹਿਣਾ ਹੈ – ਤੁਹਾਡੇ ਸਾਰਿਆਂ ਦੇ ਵਿਚ ਰਹਿੰਦਾ ਹੋਇਆ ਵੀ ਮੇਰੀ ਹਸਤੀ ਕਾਇਮ ਰਹਿਣੀ ਹੈ। ਸੋ ਆਪ ਗੁਰੂ ਨਾਨਕ ਪਾਤਸ਼ਾਹ ਦੀ ਦਿਨ-ਰਾਤ ਸੇਵਾ ਕਰਦੇ ਨੇ।

ਸੋ ਪਿਛਲੀ ਪੂਰਨਮਾਸ਼ੀ ਤੇ ਬੜੇ ਵਿਸਥਾਰ ਦੇ ਨਾਲ ਵਿਚਾਰ ਕੀਤੀ ਸੀ ਕਿ ਸੇਵਾ ਕੀ ਹੁੰਦੀ ਹੈ? ਕਿਸ ਤਰ੍ਹਾਂ ਦੀ ਸੇਵਾ ਸਫਲ ਹੋਇਆ ਕਰਦੀ ਹੈ, ਸੇਵਾ ਕਰਨ ਦਾ ਕੀ ਫਲ ਹੋਇਆ ਕਰਦਾ ਹੈ। ਸੋ ਉਨ੍ਹਾਂ ਨੇ ਸਾਰੇ ਸੰਸਾਰ ਵਲੋਂ ਪਿਆਰ ਤੋੜ ਲਿਆ, ਕਦੇ ਫੁਰਨੇ ਵਿਚ ਵੀ ਘਰ ਯਾਦ ਨਹੀਂ ਸੀ ਕਰਦੇ, ਕੋਈ ਧਿਆਨ ਨਹੀਂ ਸੀ ਦਿੰਦੇ ਪਰਿਵਾਰ ਦਾ ਕਿਉਂਕਿ ਜੇ ਧਿਆਨ ਹੈ ਤਾਂ ਪਿਆਰ ਵੰਡਿਆ ਹੋਇਆ ਹੈ, ਇਕ ਪਿਆਰ ਨਹੀਂ ਹੈ। ਉਸ ਦੇ ਵਿਚ ਬਹੁਤ ਸਾਰੀਆਂ ਚੀਜ਼ਾਂ ਹਨ, ਟੁੱਟਵਾਂ ਪਿਆਰ

ਹੈ ਕਿਉਂਕਿ ਹੋਰ ਵਲ ਵੀ ਧਿਆਨ ਹੈ। ਜੋ ਪਿਆਰ ਸਹੀ ਹੈ ਉਸ ਦੇ ਵਿਚ ਕੋਈ ਹੋਰ ਧਿਆਨ ਨਹੀਂ ਹੁੰਦਾ, ਕੇਵਲ ਜਿਸ ਨੂੰ ਪਿਆਰ ਕਰਦਾ ਹੈ, ਦਿਨ ਤੇ ਰਾਤ ਧਿਆਨ ਉਸ ਵਿਚ ਰਹਿੰਦਾ ਹੈ। ਸੋ ਉਸ ਦੇ ਬਾਰੇ ਇਸ ਤਰ੍ਹਾਂ ਸਮਝ 'ਚ ਆ ਜਾਏਗੀ –

*ਧਾਰਨਾ – ਸੱਚੀ ਲਾਗੀ ਹੈ ਪ੍ਰੀਤ ਨਾਲ ਗੁਰਾਂ ਦੇ,*
*ਜੱਗ ਵਲੋਂ ਮੁੱਖ ਮੋੜ ਕੇ –2, 2.*
*ਪਿਆਰਿਓ, ਜੱਗ ਵਲੋਂ ਮੁਖ ਮੋੜ ਕੇ –2, 2.*
*ਸੱਚੀ ਲਾਗੀ ਹੈ ਪ੍ਰੀਤ ਨਾਲ ਗੁਰਾਂ ਦੇ,. –2.*

*ਜਉ ਤੁਮ ਗਿਰਵਰ ਤਉ ਹਮ ਮੋਰਾ॥*
*ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ॥*
*ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ॥*
*ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥*

*ਪੰਨਾ – 659*

ਸਾਰੇ ਸੰਸਾਰ ਦੇ ਵਿਚੋਂ ਪਿਆਰ ਖਿੱਚ ਕੇ – ਨਾ ਪੁੱਤਰਾਂ ਨਾਲ, ਨਾ ਘਰਵਾਲੀ ਨਾਲ, ਨਾ ਬੱਚਿਆਂ ਨਾਲ, ਨਾ ਰਿਸ਼ਤੇਦਾਰਾਂ ਨਾਲ, ਕਿਸੇ ਨਾਲ ਨਹੀਂ, ਕੇਵਲ ਗੁਰੂ ਨਾਨਕ ਨੂੰ ਸਾਰਾ ਆਪਣਾ-ਆਪ ਸੌਂਪ ਦਿੱਤਾ। ਨਾ ਅੱਗੇ ਨਾ ਪਿਛੇ ਕੋਈ ਫੁਰਨਾ ਨਹੀਂ ਕਰਦੇ, ਜੋ ਕੁਝ ਹੋਣਾ ਹੈ ਹੋ ਜਾਏ ਕਿਉਂਕਿ ਪਿਆਰ ਵਾਲਿਆਂ ਦੀਆਂ ਬਾਤਾਂ ਅਜੀਬ ਹੋਇਆ ਕਰਦੀਆਂ ਹਨ –

*ਹਰਿ ਕੇ ਸੇਵਕ ਜੋ ਹਰਿ ਭਾਏ ਤਿਨ ਕੀ ਕਥਾ ਨਿਰਾਰੀ ਰੇ॥*
*ਪੰਨਾ – 855*

ਜਿਹੜੇ ਭਾਅ ਜਾਂਦੇ ਨੇ, ਉਨ੍ਹਾਂ ਦੀਆਂ ਸੰਸਾਰ ਨਾਲੋਂ ਕਥਾਵਾਂ ਵੱਖਰੀਆਂ ਹੋਇਆ ਕਰਦੀਆਂ ਹਨ।

ਮਹਾਰਾਜ ਜੀ ਰਾੜਾ ਸਾਹਿਬ ਵਾਲੇ ਦਸਵੀਂ ਜਮਾਤ ਵਿਚ ਪੜ੍ਹਦੇ ਸੀ, ਬਾਬਾ ਹੀਰਾ ਸਿੰਘ ਤੋਪ ਖਾਨੇ ਜਾਇਆ ਕਰਦੇ ਸੀ ਤੇ ਉਥੇ ਆਪ ਸਾਰੇ ਇਕੱਠੇ ਹੋ ਕੇ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਬੈਠ ਜਾਇਆ ਕਰਦੇ ਸੀ। ਤੋਪਖਾਨਾ ਪਟਿਆਲੇ ਦਾ ਮਸ਼ਹੂਰ ਸੀ, ਸਾਧੂ ਸੰਤ ਉਥੋਂ ਬਹੁਤ ਹੋਏ ਨੇ।

ਇਕ ਦਿਨ ਬਾਬਾ ਜੀ ਨਾਲ ਲੈ ਕੇ ਆਪ ਨੂੰ ਲੁਧਿਆਣੇ ਤੋਂ ਹੁੰਦੇ ਹੋਏ ਦੋਰਾਹੇ ਪਹੁੰਚਦੇ ਨੇ ਤੇ ਮਹਾਂਪੁਰਸ਼ਾਂ ਦੇ ਪਾਸ ਜਾ ਕੇ ਦਰਸ਼ਨ ਕੀਤੇ। ਦਰਸ਼ਨ ਕਰਨ ਦੀ ਦੇਰ ਸੀ, ਇਸ ਤਰ੍ਹਾਂ ਲੱਗਿਆ ਜਿਵੇਂ ਸਦੀਆਂ ਤੋਂ ਆਪਸ ਵਿਚ ਸਾਂਝ ਹੋਵੇ। ਇਕੋ ਨਿਗ੍ਹਾ ਦੇ ਨਾਲ ਆਪਣਾ ਸਾਰਾ ਕੁਝ ਅਰਪਣ ਕਰ ਦਿੱਤਾ। 2-3 ਦਿਨ ਠਹਿਰੇ। ਮਹਾਂਪੁਰਸ਼ ਕਹਿੰਦੇ ਨੇ ਕਿ ਜਾਓ ਤੁਸੀਂ ਇਮਤਿਹਾਨ ਦੇਣੇ ਨੇ, ਮਾਂ ਬਾਪ ਆਉਣਗੇ, ਤੇ ਆਪ ਹੱਥ ਜੋੜਦੇ ਨੇ ਕਿ ਮੈਂ ਨਹੀਂ ਜਾਣਾ, ਹੁਣ ਮੈਨੂੰ ਇਥੇ ਹੀ ਰੱਖ ਲਓ, ਮੈਂ ਜਿਥੇ ਆਉਣਾ ਸੀ ਆ ਗਿਆ।

ਕਉਣੀ (ਮਾਦਾ ਕਾਂ) ਜੋ ਹੁੰਦੀ ਹੈ ਉਹ ਕੋਇਲ ਦੇ ਬੱਚੇ ਪਾਲਦੀ ਹੈ। ਕੋਇਲ ਆਪਣਾ ਆਲ੍ਹਣਾ ਨਹੀਂ ਬਣਾਉਂਦੀ। ਜਦੋਂ ਅੰਡੇ ਦੇਣੇ ਹੁੰਦੇ ਨੇ ਤਾਂ ਕਉਣੀ (ਮਾਦਾ ਕਾਂ) ਦੇ ਆਲ੍ਹਣੇ ਵਿਚ ਜਾ ਕੇ ਦੇ ਆਉਂਦੀ ਹੈ। ਉਹ ਬੱਚੇ ਕੱਢਦੀ ਹੈ, ਪਾਲਦੀ ਹੈ ਤੇ ਜਦੋਂ ਅਗਲਾ ਸੀਜ਼ਨ ਆ ਜਾਂਦਾ ਹੈ ਤੇ ਜਦੋਂ ਅੰਬਾਂ ਦੀ ਬਹਾਰ ਤੇ ਕੋਇਲ ਆਪਣੀ ਮਿੱਠੀ ਬੋਲੀ ਬੋਲਦੀ ਹੈ ਉਹ ਬੋਲੀ ਉਸ ਨੂੰ ਜਗਾ ਦਿੰਦੀ ਹੈ ਤੇ ਉਹ ਉਡਾਰੀ ਮਾਰ ਕੇ ਕੋਇਲ ਦੇ ਪਾਸ ਆ ਜਾਂਦੇ ਨੇ ਤੇ ਕਉਣੀ (ਮਾਦਾ ਕਾਂ) ਨੂੰ ਛੱਡ ਆਉਂਦੇ ਨੇ। ਇਸੇ ਤਰ੍ਹਾਂ ਹੀ ਜਿਹੜੇ ਮਹਾਂਪੁਰਸ਼ ਹੋਇਆ ਕਰਦੇ ਨੇ, ਸਾਡੇ ਵਾਂਗ ਹੀ ਘਰਾਂ ਵਿਚ ਰਹਿੰਦੇ ਨੇ ਪਰ ਕਥਾ ਉਨ੍ਹਾਂ ਦੀ ਸਾਡੇ ਨਾਲੋਂ ਨਿਆਰੀ ਹੁੰਦੀ ਹੈ। ਪੜ੍ਹਦੇ ਨੇ, ਲਿਖਦੇ ਨੇ ਪਰ ਜਿਨ੍ਹਾਂ

ਨਾਲੋਂ ਉਹ ਦਰਗਾਹ ਵਿਚੋਂ ਆਏ ਹੁੰਦੇ ਨੇ, ਜਦੋਂ ਉਨ੍ਹਾਂ ਦੀ ਆਵਾਜ਼ ਸੁਣਦੇ ਨੇ, ਉਸੇ ਵੇਲੇ ਘਰ-ਬਾਰ ਛੱਡ ਕੇ ਉਨ੍ਹਾਂ ਦੇ ਹੋ ਜਾਇਆ ਕਰਦੇ ਨੇ, ਫੇਰ ਮੁੜ ਕੇ ਨਹੀਂ ਜਾਂਦੇ।

ਬੜੀ ਮੁਸ਼ਕਲ ਨਾਲ ਮਹਾਂਪੁਰਸ਼ਾਂ ਨੇ ਭੇਜੇ। ਇਮਤਿਹਾਨ ਨੇੜੇ ਸਨ। ਮਹਾਰਾਜ ਜੀ ਦਸਦੇ ਨੇ ਕਿ ਉਸ ਦਿਨ ਤੋਂ ਬਾਅਦ ਸਾਡਾ ਦੁਨੀਆਂ ਦਾ ਸਾਰਾ ਸ਼ੌਕ ਖਤਮ ਹੋ ਗਿਆ। ਜੇ ਰਹਿ ਗਿਆ ਤਾਂ ਕੇਵਲ ਦੋ ਵਜੇ ਉਠਣ ਦਾ। ਸੁਧਾਸਰ ਸਰੋਵਰ ਹੈ ਇਕ ਮੋਤੀ ਬਾਗ ਵਿਚ, ਉਥੇ ਜਾ ਕੇ ਆਪ ਨੇ ਬੈਠ ਜਾਣਾ। ਛੋਟੀ ਉਮਰ ਹੈ ਤੇ ਆਪ ਫੁਰਮਾਉਂਦੇ ਸੀ ਕਿ ਪੰਜ ਘੰਟੇ ਅਫੁਰ ਅਵਸਥਾ ਵਿਚ ਉਥੇ ਅਸੀਂ ਸਿਮਰਨ ਕਰਨਾ ਤੇ ਸਾਨੂੰ ਐਸ ਤਰ੍ਹਾਂ ਲੱਗਣਾ ਜਿਵੇਂ ਕਮਲ ਫੁੱਲਾਂ ਤੇ ਬੈਠੇ ਅਸੀਂ ਪਾਣੀ ਵਿਚ ਤੈਰ ਰਹੇ ਹਾਂ। ਪ੍ਰਕਾਸ਼ ਦੇ ਹਿੰਡੋਲਿਆਂ (swing) ਤੇ ਝੂਟਣਾ, ਅਨਹਦ ਸ਼ਬਦਾਂ ਦੇ ਮਿੱਠੇ ਨਾਦਾਂ ਦਾ ਰਸ ਮਾਨਣਾ। ਇਹ ਗੱਲ ਹਰ ਬੰਦੇ ਨੂੰ ਸਮਝ 'ਚ ਨਹੀਂ ਆਉਂਦੀ। ਇਮਤਿਹਾਨ ਦੇਣ ਲੱਗੇ, ਸਿਵਾਏ ਵਾਹਿਗੁਰੂ ਤੋਂ ਕੁਝ ਨਾ ਰਿਹਾ। ਸਾਰੇ ਪੇਪਰਾਂ ਤੇ ਜੋ ਲਿਖਣ ਲੱਗੇ ਤਾਂ ਵਾਹਿਗੁਰੂ-ਵਾਹਿਗੁਰੂ, ਜਿੰਨੇ ਕਾਗਜ਼ ਸੀ ਸਾਰੇ ਵਾਹਿਗੁਰੂ-ਵਾਹਿਗੁਰੂ ਲਿਖ ਕੇ ਭਰ ਦਿੱਤੇ। ਹੋ ਗਏ ਜਿਸ ਦੇ ਹੋਣਾ ਸੀ। ਸੋ ਇਮਤਿਹਾਨ ਦੇ ਕੇ ਚਲੇ ਜਾਂਦੇ ਨੇ। ਮਾਂ ਬਾਪ ਕਈ ਵਾਰੀ ਗਏ, ਜਾ ਕੇ ਕਿਹਾ ਕਿ ਮੰਗਣਾ ਹੋਇਆ ਹੋਇਆ ਹੈ, ਮਹਾਰਾਜ ਇਜਾਜ਼ਤ ਦਿਓ, ਸ਼ਾਦੀ ਕਰ ਦੇਈਏ। ਕਈ ਵਾਰੀ ਮਹਾਂਪੁਰਸ਼ਾਂ ਨੇ ਕਿਹਾ ਕਿ ਜਾਓ। ਕਹਿਣ ਲੱਗੇ ਕਿ ਹੁਣ ਤਾਂ ਮੈਂ ਜਿਥੇ ਆਉਣਾ ਸੀ ਆ ਗਿਆ, ਹੁਣ ਮੇਰਾ ਸੰਸਾਰ 'ਚ ਕੋਈ ਥਾਂ ਨਹੀਂ। ਜੇ ਕੋਈ ਥਾਂ ਹੈ ਤਾਂ ਤੁਹਾਡੇ ਚਰਨਾਂ ਵਿਚ ਹੈ। ਸੋ ਇਹ ਪ੍ਰੀਤ ਹੋਇਆ ਕਰਦੀ ਹੈ।

*ਜਉ ਤੁਮ ਗਿਰਿਵਰ ਤਉ ਹਮ ਮੋਰਾ॥*
*ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ॥*
*ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ॥*
*ਤੁਮ ਸਿਉ ਤੋਰਿ ਕਵਨ ਸਿਉ ਜੋਰਹਿ॥*
*ਜਉ ਤੁਮ ਦੀਵਰਾ ਤਉ ਹਮ ਬਾਤੀ॥*
*ਜਉ ਤੁਮ ਤੀਰਥ ਤਉ ਹਮ ਜਾਤੀ॥*
*ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ॥*
*ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥*

*ਪੰਨਾ - 659*

ਸੱਚੀ ਪ੍ਰੀਤ ਜੋੜ ਲਈ ਹੈ, ਹੁਣ ਹੋਰ ਕੋਈ ਨਹੀਂ ਹੈ, ਚਾਹੇ ਮਾਰੋ, ਚਾਹੇ ਰੱਖੋ -

*ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ॥*
*ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ॥*
*ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ॥*
*ਪੰਨਾ - 757*

ਸੋ ਜਦੋਂ ਇਹੋ ਜਿਹਾ ਸੱਚਾ ਪਿਆਰ ਹੋ ਜਾਵੇ ਤਾਂ ਗੁਰੂ ਮਹਾਰਾਜ ਕਹਿੰਦੇ, ਸੁਣੋ ਦੁਨੀਆਂ ਦੇ ਲੋਕੋ, ਐਵੇਂ ਨਾ ਤਰਲੇ ਲਓ ਕਿ ਮੈਂ ਇਥੇ ਸੁਰਤ ਟਿਕਾਵਾਂ, ਏਹ ਕਰਾਂ, ਓਹ ਕਰਾਂ। ਕਹਿੰਦੇ ਸੱਚੀ ਗੱਲ ਸੁਣ ਲਓ -

*ਸਾਚ ਕਹੌਂ ਸੁਨ ਲੇਹੁ ਸਭੈ ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ॥*

*ਤ੍ਵਪ੍ਰਸਾਦਿ ਸ੍ਵਯੇ*

*ਧਾਰਨਾ - ਪ੍ਰਭ ਜੀ ਮਿਲ ਜਾਂਦੇ ਨੇ,*
*ਹੋਵੇ ਜੇ ਪ੍ਰੀਤ ਸੱਚੀ -2, 2.*
*ਹੋਵੇ ਜੇ ਪ੍ਰੀਤ ਸੱਚੀ -2, 2.*

*ਪ੍ਰਭ ਜੀ ਮਿਲ ਜਾਂਦੇ ਨੇ,......... -2, 2.*

*ਸਲਿਲ ਨਿਵਾਸ ਜੈਸੇ ਮੀਨ ਕੀ ਨ ਘਟੈ ਰੁਚਿ,*
*ਦੀਪਕ ਪ੍ਰਕਾਸ ਘਟੈ ਪ੍ਰੀਤ ਨ ਪਤੰਗ ਕੀ।*
*ਕੁਸਲ ਸੁਬਾਸ ਜੈਸੋ ਤ੍ਰਿਪਤ ਨ ਮਧੁਪ ਕੌ,*
*ਉਡਤ ਅਕਾਸ ਆਸ ਘਟੈ ਨ ਬਿਹੰਗ ਕੀ।*
*ਕਬਿੱਤ ਭਾਈ ਗੁਰਦਾਸ ਜੀ*

ਪੂਰਾ ਪਿਆਰ, ਜਾਨਵਰਾਂ ਦੀਆਂ ਮਿਸਾਲਾਂ ਦਿੰਦੇ ਨੇ ਕਿ ਉਨ੍ਹਾਂ ਦੇ ਅੰਦਰ ਕਿੰਨਾ ਪਿਆਰ ਹੈ।

ਮਹਾਰਾਜ ਕਹਿੰਦੇ ਨੇ ਕਿ ਮਨੁੱਖ ਵਿਚ ਤਾਂ ਪਿਆਰ ਬਹੁਤ ਘੱਟ ਹੈ -

*ਕੋਟਨ ਮੈ ਨਾਨਕ ਕੋਊ ਨਾਰਾਇਣੁ ਜਿਹ ਚੀਤਿ॥*
*ਪੰਨਾ - 1427*

ਚਿਤ ਉਥੇ ਰਿਹਾ ਕਰਦਾ ਹੈ ਜਿਸ ਦੇ ਨਾਲ ਪੂਰਾ ਪਿਆਰ ਹੋਵੇ। ਕ੍ਰੋੜਾਂ ਵਿਚ ਐਸਾ ਇਕ ਅੱਧਾ ਬੰਦਾ ਹੋਵੇ ਤਾਂ ਹੋਵੇ। ਮਹਾਰਾਜ ਕਹਿੰਦੇ, ਦੇਖੋ, ਭਾਈ ਗੁਰਦਾਸ ਜੀ ਜਿਨ੍ਹਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਦਾ ਦਰਜਾ ਪ੍ਰਾਪਤ ਹੈ, ਆਪ ਕਹਿੰਦੇ ਨੇ ਕਿ -

*ਸਲਿਲ ਨਿਵਾਸ ਜੈਸੇ ਮੀਨ ਕੀ ਨ ਘਟੈ ਰੁਚਿ,*
*ਦੀਪਕ ਪ੍ਰਕਾਸ ਘਟੈ ਪ੍ਰੀਤ ਨ ਪਤੰਗ ਕੀ।* *ਕਬਿੱਤ ਭਾਈ ਗੁਰਦਾਸ ਜੀ*

ਪਾਣੀ ਦੇ ਵਿਚ ਮੱਛੀ ਰਹਿੰਦੀ ਹੈ ਤੇ ਉਸ ਦੀ ਰੁਚੀ ਨਹੀਂ ਘਟਦੀ। ਐਨੀ ਰੁਚੀ ਜ਼ਿਆਦਾ ਹੈ ਕਿ ਪਾਣੀ ਤੋਂ ਬਗੈਰ ਉਹ ਸਾਹ ਨਹੀਂ ਲੈ ਸਕਦੀ ਤੇ ਉਹ ਮਰ ਹੀ ਜਾਇਆ ਕਰਦੀ ਹੈ, ਸਰੀਰ ਹੀ ਛੱਡ ਜਾਂਦੀ ਹੈ।

....... *ਦੀਪਕ ਪ੍ਰਕਾਸ ਘਟੈ ਪ੍ਰੀਤ ਨ ਪਤੰਗ ਕੀ॥* *ਕਬਿੱਤ ਭਾਈ ਗੁਰਦਾਸ ਜੀ*

ਦੀਵਾ ਜਲਦਾ ਹੈ, ਕੋਈ ਉਸ ਦਾ ਸਵਾਗਤ ਨਹੀਂ ਕਰਦਾ। ਦੀਵਾ ਪਤੰਗੇ ਦੇ ਫੰਘ ਜਾਲ ਦਿੰਦਾ ਹੈ ਤੇ ਉਹ ਧਰਤੀ ਤੇ ਗਿਰ ਕੇ ਤੜਫਦਾ ਹੈ। ਜੇ ਅਜੇ ਉਡਣ ਦੀ ਤਾਕਤ ਹੈ, ਦੁਬਾਰਾ ਫੇਰ ਆ ਜਾਂਦਾ ਹੈ, ਦੀਵੇ ਦੇ ਵਿਚ ਜਲ ਜਾਂਦਾ ਹੈ ਪਰ ਪਿੱਛੇ ਨਹੀਂ ਹਟਦਾ -

*ਕੁਸਲ ਸੁਬਾਸ ਜੈਸੋ ਤ੍ਰਿਪਤ ਨ ਮਧੁਪ ਕੌ...........॥* *ਕਬਿੱਤ ਭਾਈ ਗੁਰਦਾਸ ਜੀ*

ਭਵਰਾ ਫੁੱਲ ਦੇ ਵਿਚ ਬੈਠ ਜਾਂਦਾ ਹੈ, ਉਹ ਤ੍ਰਿਪਤ ਨਹੀਂ ਹੁੰਦਾ, ਉਸੇ ਤਰ੍ਹਾਂ ਬੈਠਾ ਸੁਗੰਧੀ ਲੈਂਦਾ ਰਹਿੰਦਾ ਹੈ, ਫੁੱਲ ਬੰਦ ਹੋ ਜਾਂਦਾ ਹੈ ਤੇ ਆਪਣੀ ਜਾਨ ਦੇ ਬੈਠਦਾ ਹੈ।

......... *ਉਡਤ ਅਕਾਸ ਆਸ ਘਟੈ ਨ ਬਿਹੰਗ ਕੀ॥* *ਕਬਿੱਤ ਭਾਈ ਗੁਰਦਾਸ ਜੀ*

ਪੰਛੀ ਉਡਦਾ ਫਿਰਦਾ ਹੈ ਆਕਾਸ਼ ਦੇ ਅੰਦਰ, ਉਸ ਦੀ ਆਸ ਨਹੀਂ ਘਟਦੀ, ਉਵੇਂ ਜਿਵੇਂ ਉਡੀ ਜਾਂਦਾ ਹੈ।

*ਘਟਾ ਘਨਘੋਰ ਮੋਰ ਚਾਤ੍ਰਿਕ ਰਿਦੈ ਉਲਾਸ .......॥* *ਕਬਿੱਤ ਭਾਈ ਗੁਰਦਾਸ ਜੀ*

ਜਿਉਂ ਜਿਉਂ ਬੱਦਲਾਂ ਦੀ ਘਨਘੋਰ ਸੁਣਦਾ ਹੈ, ਮੋਰ ਦਾ ਚਿਤ ਖਿੜ ਜਾਂਦਾ ਹੈ, ਨਾਲੇ ਅਵਾਜ਼ਾਂ ਦਿੰਦਾ ਹੈ, ਨਾਚ ਕਰਦਾ ਹੈ, ਪੈਲ ਪਾਉਂਦਾ ਹੈ।

*.......ਨਾਦ ਬਾਦ ਸੁਨਿ ਰਤਿ ਘਟੈ ਨ ਕੁਰੰਗ ਕੀ॥*
***ਕਬਿੱਤ ਭਾਈ ਗੁਰਦਾਸ ਜੀ***

ਜਦੋਂ ਘੰਡੇਹੇੜੇ ਦਾ ਸ਼ਬਦ ਹਿਰਨ ਸੁਣਦਾ ਹੈ, ਉਹ ਸਭ ਕੁਝ ਭੁੱਲ ਜਾਂਦਾ ਹੈ। ਉਸ ਨੂੰ ਕੋਈ ਪਤਾ ਨਹੀਂ ਕਿ ਮੈਨੂੰ ਸ਼ਿਕਾਰੀ ਨੇ ਫੜ ਕੇ ਮਾਰ ਕੇ ਖਾ ਲੈਣਾ ਹੈ। ਉਹ ਬਉਰਾ ਹੋ ਕੇ ਉਸ ਦੇ ਵਿਚ ਮਸਤ ਹੋਇਆ ਸਿੱਧਾ ਘੰਡੇਹੇੜੇ ਦੀ ਆਵਾਜ਼ ਦੀ ਸੇਧ ਲੈ ਕੇ ਪਹੁੰਚ ਜਾਂਦਾ ਹੈ ਜਿਥੇ ਸ਼ਿਕਾਰੀ ਬੈਠਾ ਖੜਕਾਇਆ ਕਰਦਾ ਹੈ ਉਸ ਨੂੰ –

*ਤੈਸੇ ਪ੍ਰਿਅ ਪ੍ਰੇਮ ਰਸ ਰਸਿਕ ਰਸਾਲ ਸੰਤ,*
*ਘਟਤ ਨ ਤ੍ਰਿਸਨਾ ਪ੍ਰਬਲ ਅੰਗ ਅੰਗ ਕੀ॥*
***ਕਬਿੱਤ ਭਾਈ ਗੁਰਦਾਸ ਜੀ***

ਇਸੇ ਤਰ੍ਹਾਂ ਭਾਈ ਗੁਰਦਾਸ ਜੀ ਲਿਖਦੇ ਨੇ ਕਿ ਇਹੋ ਜਿਹਾ ਹੀ ਪਿਆਰ ਪ੍ਰਮੇਸ਼ਰ ਦੇ ਪਿਆਰਿਆਂ ਦਾ ਪ੍ਰਭੂ ਨਾਲ ਹੋਇਆ ਕਰਦਾ ਹੈ। ਉਹ ਘਟਦਾ ਨਹੀਂ, ਕਦੇ ਫਿੱਕਾ ਨਹੀਂ ਪੈਂਦਾ, ਵਧਦਾ ਹੀ ਤੁਰਿਆ ਜਾਂਦਾ ਹੈ ਤੇ ਪਿਆਰ ਤੋਂ ਬਿਨਾਂ ਜੀਉਂਦੇ ਨਹੀਂ ਰਹਿ ਸਕਦੇ।

*ਆਖਾ ਜੀਵਾ ਵਿਸਰੈ ਮਰਿ ਜਾਉ॥*
*ਪੰਨਾ – 9*

ਜੇ ਆਖਦੇ ਨੇ ਤਾਂ ਪਿਆਰ ਰਹਿੰਦਾ ਹੈ। ਪਿਆਰ ਦੇ ਨਾਲ ਹੀ ਯਾਦ ਰਹਿੰਦੀ ਹੈ, ਫੇਰ ਤਾਂ ਜੀਉਂਦੇ ਨੇ। ਜੇ ਵਿਸਰ ਜਾਵੇ ਤਾਂ ਮੌਤ ਹੋ ਜਾਇਆ ਕਰਦੀ ਹੈ। ਸੋ ਮਹਾਰਾਜ ਕਹਿੰਦੇ ਨੇ, ਐਸਾ ਪਿਆਰ ਹੋਣਾ ਚਾਹੀਦਾ ਹੈ –

*ਸਾਚ ਕਹੌਂ ਸੁਨ ਲੇਹੁ ਸਭੈ*
*ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ॥*
*ਤ੍ਵਪ੍ਰਸਾਦਿ ਸ੍ਵਯੇ*

ਨਾਮਦੇਵ ਜੀ ਬਾਹਰ ਗਏ ਹੋਏ ਨੇ ਤੇ ਕਿਸੇ ਦੋਖੀ ਨੇ, ਜਿਸ ਝੌਂਪੜੀ ਦੇ ਵਿਚ ਆਪ ਪਰਿਵਾਰ ਸਮੇਤ ਰਹਿੰਦੇ ਸੀ ਨਾਨਾ ਜੀ ਨਾਲ, ਉਸ ਝੌਂਪੜੀ ਨੂੰ ਅੱਗ ਲਾ ਦਿੱਤੀ। ਨਾਮਦੇਵ ਜੀ ਨੂੰ ਖਬਰ ਮਿਲੀ ਕਿ ਆਪ ਦੀ ਝੌਂਪੜੀ ਨੂੰ ਅੱਗ ਲੱਗ ਗਈ, ਭਗਤ ਜੀ! ਬਚਾ ਲਓ ਜੇ ਕੁਝ ਬਚਾ ਹੁੰਦਾ ਹੈ। ਹਿੰਮਤ ਕਰਕੇ ਹਮਦਰਦੀਆਂ ਨੇ ਕੁਝ ਸਮਾਨ ਬਾਹਰ ਕੱਢ ਦਿੱਤਾ। ਜਦੋਂ ਆਪ ਆਏ, ਦ੍ਰਿਸ਼ਟੀ ਹੋਰ ਹੋਈ ਹੋਈ ਸੀ ਸੰਸਾਰ ਨਾਲੋਂ –

*ਆਪੇ ਪਾਵਕੁ ਆਪੇ ਪਵਨਾ॥ ਜਾਰੈ ਖਸਮੁ ਤ ਰਾਖੈ ਕਵਨਾ॥*
*ਪੰਨਾ – 329*

ਅੱਗ ਦੇ ਵਿਚ ਵੀ ਪ੍ਰਭੂ ਨਜ਼ਰ ਆਉਂਦੇ ਸੀ। ਜਿਹੜਾ ਸਮਾਨ ਪਿਆ ਸੀ ਬਾਹਰ, ਉਹ ਚੁੱਕ ਚੁੱਕ ਕੇ ਅੱਗ ਵਿਚ ਸੁਟਦੇ ਨੇ ਤੇ ਕਹਿੰਦੇ ਨੇ, ਪ੍ਰਭੂ! ਅੱਜ ਤੁਸੀਂ ਏਸ ਰੂਪ ਵਿਚ ਆਏ ਹੋ! ਇਸ ਨੂੰ ਵੀ ਭੋਗ ਲਾ ਲਓ, ਇਸ ਨੂੰ ਵੀ ਲਾ ਲਓ। ਸਾਰਾ ਹੀ ਸਮਾਨ ਜਾਲ ਦਿੱਤਾ ਤੇ ਆਪ ਮਸਤ ਹੋ ਕੇ ਬੈਠ ਗਏ। ਇਕ ਦਿਨ ਲੰਘ ਗਿਆ, ਦੋ ਦਿਨ ਲੰਘ ਗਏ, ਚਾਰ ਦਿਨ ਲੰਘ ਗਏ। 2-4 ਦਿਨ ਤਾਂ ਪੜੌਸੀਆਂ ਨੇ ਦੇ ਦਿੱਤਾ ਰੈਣ ਬਸੇਰਾ ਕਰਨ ਲਈ ਥਾਂ। ਨਾਨਾ ਜੀ ਕਹਿਣ ਲੱਗੇ ਕਿ ਬੇਟਾ, ਨਾਮਦੇਵ! ਝੌਂਪੜੀ ਤਾਂ ਆਪਾਂ ਨੂੰ ਪਾਉਣੀ ਹੀ ਪੈਣੀ ਹੈ ਤੇ ਆਹ 20/- ਰੁ: ਦਾ ਇੰਤਜਾਮ ਕਰਿਆ

ਹੈ ਤੇ ਤੁਸੀਂ ਇਹ ਲੈ ਕੇ ਜਾਓ। ਫੂਸ, ਪਨ੍ਹੇ ਤੇ ਹੋਰ ਸਮਾਨ ਘਰ ਦਾ ਜੋ ਵੀ ਚਾਹੀਦਾ ਹੈ, ਇਨ੍ਹਾਂ ਦੇ ਨਾਲ ਆ ਜਾਏਗਾ ਕਿਉਂਕਿ ਉਦੋਂ ਦੇ ਇਕ ਰੁਪਈਏ ਦੀ ਕੀਮਤ ਬਹੁਤ ਜ਼ਿਆਦਾ ਸੀ, ਹਜ਼ਾਰਾਂ ਰੁਪਿਆਂ ਦੇ ਬਰਾਬਰ ਸੀ। 12 ਮਣ ਛੋਲੇ ਆਇਆ ਕਰਦੇ ਸੀ ਇਕ ਰੁਪਏ ਦੇ।

ਸੋ ਆਪ ਜਾਂਦੇ ਨੇ, ਅੱਗੇ ਸਾਧੂਆਂ ਦੀ ਜਮਾਤ ਬੈਠੀ ਹੈ। ਆਪ ਵੀ ਸਾਧੂ ਸਨ। ਕਿਉਂਕਿ ਸੰਤਾਂ ਨੂੰ, ਸੰਤ ਦੇਖ ਕੇ ਚਾਓ ਚੜ੍ਹ ਜਾਂਦਾ ਹੈ। ਕਿਉਂਕਿ ਉਹ ਵੀ ਪ੍ਰਮੇਸ਼ਰ ਦੇ ਪਿਆਰੇ ਹੁੰਦੇ ਨੇ। ਸੋ ਜਦੋਂ ਆਪ ਗਏ, ਜਾ ਕੇ ਨਮਸ਼ਕਾਰ ਕੀਤੀ, ਬਚਨ ਬਿਲਾਸ ਹੋਏ। ਉਨ੍ਹਾਂ ਨੇ ਕਿਹਾ ਕਿ ਭਗਤ ਜੀ! ਕਿਸੇ ਸ਼ਾਹੂਕਾਰ ਦਾ ਛੇਤਰ (ਲੰਗਰ) ਨਹੀਂ ਇਥੇ ਚਲਦਾ? ਸੰਤ-ਮੰਡਲੀ ਸਾਰੀ ਕਈ ਦਿਨਾਂ ਤੋਂ ਨਿਰਾਹਾਰ ਹੈ, ਪ੍ਰਸ਼ਾਦਾ ਨਹੀਂ ਛਕਿਆ।

ਕਹਿਣ ਲੱਗੇ, "ਮਹਾਰਾਜ! ਉਨ੍ਹਾਂ ਨੂੰ ਕਾਹਨੂੰ ਟੋਲ੍ਹਦੇ ਹੋ? ਮੈਂ ਰਸਦ ਲਿਆ ਦਿੰਦਾ ਹਾਂ।"

20 ਰੁਪਏ ਦੀ ਰਸਦ ਲਿਆ ਦਿੱਤੀ ਆਪ ਨੇ। ਆਪ ਨਿਵੇਕਲੇ ਥਾਂ ਜਾ ਕੇ ਬੈਠ ਗਏ, ਹੁਣ ਬੱਲੀਆਂ ਕਿਸਨੇ ਖਰੀਦਣੀਆਂ ਸੀ? ਕਿਹਨੇ ਸਰਕੜਾ ਲੈਣਾ ਸੀ? ਕਿਹਨੇ ਹੋਰ ਸਮਾਨ ਲੈਣਾ ਸੀ? ਪ੍ਰਭੂ ਦੀ ਯਾਦ ਵਿਚ ਬੈਠ ਗਏ ਤੇ ਓਧਰ ਪ੍ਰਭੂ ਨੂੰ ਪੀੜਾ ਪਹੁੰਚਦੀ ਹੈ ਤੇ ਉਸ ਦੇ ਪਿਆਰਿਆਂ ਦੇ ਵਾਸਤੇ ਆਪ ਨੇ ਸਭ ਕੁਝ ਦੇ ਦਿੱਤਾ ਸੀ। ਸੋ ਪ੍ਰਭੂ ਦਰਸ਼ਨ ਦੇਣ ਆਏ ਤੇ ਪੁਛਦੇ ਨੇ, "ਨਾਮਦੇਵ! ਤੂੰ ਉਦਾਸ ਬੈਠਾ ਹੈਂ?"

ਕਹਿੰਦੇ, "ਪ੍ਰਭੂ! ਜਾਣਦੇ ਹੀ ਹੋ ਤੁਸੀਂ।"

ਕਹਿੰਦੇ, "ਜਾਹ! ਮੈਂ ਬਣਾ ਆਇਆ ਹਾਂ ਛੱਪਰੀ।"

ਕਰੋੜਾਂ ਬ੍ਰਹਿਮੰਡਾਂ ਦੇ ਰਚਣ ਵਾਲੇ ਨੂੰ ਇਕ ਛੱਪਰੀ ਬਣਾਉਣੀ ਕੀ ਔਖੀ ਸੀ? ਉਹ ਤਾਂ -

> ***ਹਰਨ ਭਰਨ ਜਾ ਕਾ ਨੇਤ੍ਰ ਫੋਰੁ॥***
> ***ਪੰਨਾ - 284***

ਇਕ ਅੱਖ ਝਮਕਣ ਨਾਲ ਕਰੋੜਾਂ ਬ੍ਰਹਿਮੰਡ ਬਣ ਜਾਂਦੇ ਨੇ, ਕਰੋੜਾਂ ਮਿਟ ਜਾਂਦੇ ਨੇ। ਪਿਆਰ ਦੇ ਵਸ ਆ ਕੇ ਮਨੁੱਖਾਂ ਵਰਗਾ ਨਾਟ ਕਰਦਾ ਹੈ ਪ੍ਰਭੂ। ਉਵੇਂ ਜਿਵੇਂ ਬਣਾਉਂਦਾ ਹੈ, ਉਵੇਂ ਜਿਵੇਂ ਬੱਲੀਆਂ ਫਿੱਟ ਕਰਦਾ ਹੈ, ਉਵੇਂ ਜਿਵੇਂ ਪੂਲੇ ਫਿੱਟ ਕਰਦਾ ਹੈ, ਸਮਾਨ ਚੁੱਕਦਾ ਹੈ, ਨੌਕਰ ਬਣ-ਬਣ ਕੇ ਕੰਮ ਕਰਦਾ ਹੈ। ਸੋ ਕਹਿੰਦੇ, "ਹੁਣ ਤੂੰ ਜਾਹ ਵਾਪਸ।"

ਜਦੋਂ ਵਾਪਸ ਆਇਆ ਤਾਂ ਭੀੜ ਲੱਗੀ ਹੋਈ ਹੈ। ਉਨ੍ਹਾਂ ਦੀ ਪੜੌਸਣ ਸੀ ਇਕ ਬੀਬੀ ਬਾਰ-ਬਾਰ ਛੱਪਰੀ ਨੂੰ ਦੇਖਦੀ ਹੈ। ਖੁੱਲ੍ਹਾ ਥਾਂ ਸੀ ਉਸ ਦੇ ਕੋਲ, ਕਹਿਣ ਲੱਗੀ, "ਆਹ! ਪੱਕੇ ਘਰ ਦੇ ਸਾਹਮਣੇ ਖੁੱਲ੍ਹੇ ਥਾਂ ਵਿਚ ਮੈਂ ਵੀ ਇਹੋ ਜਿਹੀ ਛੱਪਰੀ ਬਣਾਵਾਂ, ਇਸ ਦੇ ਵਿਚ ਤਾਂ ਜਾ ਕੇ ਚਿੱਤ ਬੜਾ ਟਿਕਦਾ ਹੈ। ਸਾਰੇ ਕਲ੍ਹਾ-ਕਲੇਸ਼ ਦੂਰ ਹੋ ਜਾਂਦੇ ਨੇ।"

ਹੋਣ ਕਿਉਂ ਨਾ ਸਾਧ ਸੰਗਤ ਜੀ! ਜਿਥੇ ਪ੍ਰਮੇਸ਼ਰ ਨੇ ਸਾਕਾਰ ਰੂਪ ਹੋ ਕੇ ਆਪਣਾ ਚਰਨ ਧਰਿਆ ਤੇ ਹਾਜ਼ਰੀ ਦਿੱਤੀ। ਜਦੋਂ ਨਾਮਦੇਵ ਜੀ ਆਏ ਤਾਂ ਉਸ ਨੇ ਨਾਮਦੇਵ ਜੀ ਨੂੰ ਕਿਹਾ ਕਿ ਨਾਮਦੇਵ! ਮੈਨੂੰ ਦੱਸੇਂਗਾ ਕਿ ਤੂੰ ਕਿਸ ਤੋਂ ਇਹ ਛੱਪਰੀ ਬਣਵਾਈ ਹੈ?

> ***ਪਾੜ ਪੜੋਸਣਿ ਪੂਛਿ ਲੇ ਨਾਮਾ ਕਾ ਪਹਿ ਛਾਨਿ ਛਵਾਈ ਹੋ॥***
> ***ਤੋ ਪਹਿ ਦੁਗਣੀ ਮਜੂਰੀ ਦੈਹਉ ਮੋ ਕਉ ਬੇਢੀ ਦੇਹੁ ਬਤਾਈ ਹੋ॥***
> ***ਪੰਨਾ - 657***

ਮੈਨੂੰ ਦੱਸ ਤੇ ਜਿੰਨੀ ਤੂੰ ਮਜ਼ਦੂਰੀ ਦਿੱਤੀ ਹੈ, ਮੈਂ ਤੈਥੋਂ ਦੁਗਣੀ ਦੇ ਦਿਆਂਗੀ ਤੇ ਮੈਂ ਬਿਲਕੁਲ ਇਹੋ ਜਿਹੀ ਛੱਪਰੀ ਬਣਵਾਉਣੀ ਚਾਹੁੰਦੀ ਹਾਂ। ਤਾਂ ਉਸ ਵੇਲੇ ਆਪ ਨੇ ਕਿਹਾ-

***ਰੀ ਬਾਈ ਬੇਢੀ ਦੇਨੁ ਨ ਜਾਈ॥***

***ਪੰਨਾ - 657***

"ਇਉਂ ਤਾਂ ਨਹੀਂ ਆਉਂਦਾ ਉਹ ਬੇਢੀ।"

ਕਹਿੰਦੀ, "ਕਿਥੇ ਰਹਿੰਦਾ ਹੈ?"

ਕਹਿੰਦੇ -

***ਦੇਖੁ ਬੇਢੀ ਰਹਿਓ ਸਮਾਈ॥***
***ਪੰਨਾ - 657***

ਨਾਮਦੇਵ ਜੀ ਕਹਿਣ ਲੱਗੇ, "ਬੀਬੀ! ਜਿਧਰ ਵੀ ਤੂੰ ਦੇਖਦੀ ਹੈਂ, ਉਹੀ ਹੈ।"

ਕਿਉਂਕਿ ਉਹ ਤਾਂ ਮੰਨਦੇ ਸੀ। ਅਸੀਂ ਸੁਣਦੇ ਹਾਂ, ਅਸੀਂ ਮੰਨਦੇ ਨਹੀਂ ਹਾਂ ਏਸ ਗੱਲ ਨੂੰ। ਲੱਖ ਸਾਲ ਸੁਣੀ ਜਾਈਏ ਤਾਂ ਵੀ ਨਹੀਂ ਅਸੀਂ ਮੰਨਦੇ ਕਿਉਂਕਿ ਮੰਨਣ ਦੀ ਅਵਸਥਾ ਛੇਵੇਂ ਸਾਧਨ ਦੀ ਹੈ। ਛੇਵਾਂ ਸਾਧਨ ਹੈ ਮੰਨਣ ਦਾ। ਜਦੋਂ ਤੱਕ ਪਹਿਲੇ ਬਹਿਰੰਗ (ਬਾਹਰਲੇ) ਸਾਧਨ ਨਹੀਂ ਕਰਦਾ, ਉਨੀਂ ਦੇਰ ਤੱਕ ਮੰਨਣ ਦੀ ਸਥਿਤੀ ਨਹੀਂ ਆਉਂਦੀ। ਜਦੋਂ ਸਥਿਤੀ ਆ ਜਾਂਦੀ ਹੈ ਤਾਂ ਮਹਾਰਾਜ ਕਹਿੰਦੇ -

***ਮੰਨੈ ਕੀ ਗਤਿ ਕਹੀ ਨ ਜਾਇ॥ ਜੇ ਕੋ ਕਹੈ ਪਿਛੈ ਪਛੁਤਾਇ॥***
***ਕਾਗਦਿ ਕਲਮ ਨ ਲਿਖਣਹਾਰੁ॥ ਮੰਨੇ ਕਾ ਬਹਿ ਕਰਨਿ ਵੀਚਾਰੁ॥***
***ਐਸਾ ਨਾਮੁ ਨਿਰੰਜਨੁ ਹੋਇ॥ ਜੇ ਕੋ ਮੰਨਿ ਜਾਣੈ ਮਨਿ ਕੋਇ॥***
***ਪੰਨਾ - 3***

ਜਿਨ੍ਹਾਂ ਨੇ ਮੰਨਿਆ ਹੈ ਉਨ੍ਹਾਂ ਦੇ ਨਾਉਂ ਲਏ ਜਾਂਦੇ ਨੇ, ਅੱਜ ਤੱਕ ਉਨ੍ਹਾਂ ਨੂੰ ਨਮਸ਼ਕਾਰਾਂ ਹੁੰਦੀਆਂ ਹਨ ਕਿਉਂਕਿ ਉਨ੍ਹਾਂ ਨੇ ਮੰਨ ਲਿਆ।

ਸੰਤ ਮਹਾਰਾਜ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲੇ ਹਜ਼ੂਰ ਸਾਹਿਬ ਤੋਂ ਵਾਪਸ ਆ ਰਹੇ ਨੇ। ਇਕ ਪ੍ਰੇਮੀ ਨਾਲ ਆ ਰਿਹਾ ਹੈ, ਵਿੰਧੀਆਚਲ ਪਰਬਤ ਜਦੋਂ ਲੰਘਣ ਲੱਗੇ, ਪੈਦਲ ਚਲੇ ਹੋਏ ਨੇ ਤੇ ਓਥੇ ਇਕ ਸ਼ੇਰ ਖੜ੍ਹਾ ਹੈ ਰਸਤੇ ਦੇ ਉੱਤੇ। ਉਹ ਪ੍ਰੇਮੀ ਦੇਖਦੀ ਸਾਰ ਘਬਰਾ ਗਿਆ, ਗਲਾ ਸੁੱਕ ਗਿਆ, ਬੋਲ ਨਹੀਂ ਹੁੰਦਾ, ਕੁਝ ਨਹੀਂ ਕਹਿ ਸਕਦਾ, ਨੱਠ ਕੇ ਦਰਖਤ ਤੇ ਚੜ੍ਹਨ ਦਾ ਯਤਨ ਕਰਦਾ ਹੈ, ਹੱਥ ਪੈਰ ਫੁੱਲੇ ਹੋਏ ਨੇ, ਚੜ੍ਹ ਨਹੀਂ ਹੁੰਦਾ। ਬਹੁਤ ਮੁਸ਼ਕਲ ਨਾਲ ਟਾਹਣੇ ਤੇ ਚੜ੍ਹ ਕੇ ਬੈਠਿਆ। ਕਹਿ ਨਹੀਂ ਸਕਿਆ ਮਹਾਂਪੁਰਸ਼ਾਂ ਨੂੰ ਕਿ ਮਹਾਰਾਜ! ਰੁਕ ਜਾਓ, ਸ਼ੇਰ ਹੈ ਅੱਗੇ। ਚੁਪ ਕਰਕੇ, ਡਉਰਾ-ਭਉਰਾ ਹੋ ਕੇ ਦੇਖੀ ਜਾਂਦਾ ਹੈ ਕਿ ਹੁਣ ਕੀ ਬਣੇਗਾ। ਅੱਗੇ ਆਪ ਜਾਂਦੇ ਨੇ, ਸ਼ੇਰ ਦੇ ਕੋਲ ਚਲੇ ਗਏ। ਸ਼ੇਰ ਨੇ ਸੁੰਘਿਆ, ਪੂਛ ਹਿਲਾਈ, ਉਸ ਤੋਂ ਬਾਅਦ ਛਾਲ ਮਾਰੀ, ਜੰਗਲ ਵਿਚ ਚਲਿਆ ਗਿਆ। ਆਪ ਉਸੇ ਤਰ੍ਹਾਂ ਨਾਲ ਜਾ ਰਹੇ ਨੇ। ਦੌੜ ਕੇ ਨਾਲ ਰਲਿਆ, ਸਾਹੋ-ਸਾਹ ਹੋਇਆ ਪਿਆ ਹੈ, ਕਹਿੰਦਾ, "ਮਹਾਰਾਜ! ਸ਼ੇਰ ਸੀ ਰਸਤੇ ਵਿਚ, ਬਚ ਗਏ ਤੁਸੀਂ ਤਾਂ।"

ਕਹਿੰਦੇ, "ਕਿਥੇ ਸੀ ਭਾਈ! ਸ਼ੇਰ?"

ਕਹਿੰਦਾ, "ਮਹਾਰਾਜ! ਓਥੇ, ਜਿਥੇ ਮੈਂ ਦਰਖਤ ਤੇ ਚੜ੍ਹਿਆ ਸੀ। ਮੈਥੋਂ ਤਾਂ ਬੋਲ ਵੀ ਨਹੀਂ ਹੋਇਆ, ਮੇਰਾ ਤਾਂ ਗਲ ਸੁੱਕਿਆ ਪਿਆ ਹੈ, ਦੇਖੋ ਤਾਂ ਸਹੀ ਹੱਥ ਲਾ ਕੇ ਮੇਰਾ ਕਲੇਜਾ ਕਿਵੇਂ ਧਕ-ਧਕ ਕਰਦਾ

ਹੈ, ਮੇਰਾ ਤਾਂ ਸਾਹ ਨਾਲ ਸਾਹ ਨਹੀਂ ਮਿਲ ਰਿਹਾ।"

ਮਹਾਂਪੁਰਸ਼ ਮੁਸਕਰਾ ਪਏ, ਕਹਿਣ ਲੱਗੇ, "ਪ੍ਰੇਮੀਆਂ! ਨਿਗ੍ਹਾ ਦਾ ਫਰਕ ਹੁੰਦਾ ਹੈ, ਦਿਮਾਗ ਦਾ ਫਰਕ ਹੁੰਦਾ ਹੈ। ਕੋਈ ਸਮਾਂ ਸੀ ਜਦੋਂ ਸਾਨੂੰ ਵੀ ਸ਼ੇਰ ਨਜ਼ਰ ਆਉਂਦਾ ਸੀ। ਹੁਣ ਤਾਂ ਜਿਧਰ ਅਸੀਂ ਦੇਖਦੇ ਹਾਂ ਗੁਰੂ ਨਾਨਕ ਤੋਂ ਬਗੈਰ ਹੋਰ ਕੋਈ ਦਿਸਦਾ ਹੀ ਨਹੀਂ, ਇਕੋ ਦ੍ਰਿਸ਼ਟੀਗੋਚਰਾ ਰਹਿ ਗਿਆ।"

ਸੋ ਆਪ ਕਹਿਣ ਲੱਗੇ ਕਿ –

***ਗੀ ਬਾਈ ਬੇਢੀ ਦੇਨੁ ਨ ਜਾਈ॥ ਦੇਖੁ ਬੇਢੀ ਰਹਿਓ ਸਮਾਈ॥***
***ਪੰਨਾ – 657***

ਜਿਧਰ ਵੀ ਤੂੰ ਦੇਖਦੀ ਹੈਂ ਓਧਰ ਬੇਢੀ ਹੀ ਬੇਢੀ ਹੈ। ਇਹ ਜਿਹੜਾ ਬੇਢੀ ਹੈ–

***ਹਮਾਰੈ ਬੇਢੀ ਪ੍ਰਾਨ ਅਧਾਰਾ॥***
***ਪੰਨਾ – 657***

ਉਹ ਤਾਂ ਮੇਰੇ ਪ੍ਰਾਣਾਂ ਦਾ ਅਧਾਰ ਹੈ। ਮੈਂ ਉਹਦੇ ਕਰਕੇ ਹੀ ਜੀਉਂਦਾ ਹਾਂ, ਨਹੀਂ ਤਾਂ ਮੈਂ ਮਰ ਜਾਵਾਂ। ਮੇਰੀ ਜ਼ਿੰਦਗੀ ਦਾ ਅਧਾਰ ਓਹੀ ਬੇਢੀ ਹੈ ਜਿਹੜਾ ਸਾਰੇ ਪਰੀਪੂਰਨ ਹੈ ਤੇ ਤੂੰ ਮਜ਼ਦੂਰੀ ਦੀ ਗੱਲ ਕਰਦੀ ਹੈਂ? ਮਜ਼ਦੂਰੀ ਦੇ ਲੈ। ਉਹ ਤਾਂ ਕਿਸੇ ਦੀ ਸਿਫਾਰਸ਼ ਦੇ ਨਾਲ ਨਹੀਂ ਆਉਂਦਾ, ਜਿਹੜਾ ਮਜ਼ਦੂਰੀ ਦੇ ਦੇਵੇ ਉਸ ਦੇ ਕੋਲ ਆ ਜਾਂਦਾ ਹੈ।"

ਕਹਿੰਦੀ, "ਫੇਰ ਮੈਨੂੰ ਦੱਸ, ਮਜ਼ਦੂਰੀ ਕੀ ਹੈ?"

ਸੋ ਆਪ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਮੰਗਦਾ ਹੈ ਬੇਢੀ ਪ੍ਰੀਤ ਮਜ਼ਦੂਰੀ –2, 2.***
***ਪ੍ਰੀਤ ਮਜ਼ਦੂਰੀ, ਬੇਢੀ ਪ੍ਰੀਤ ਮਜ਼ਦੂਰੀ –2, 2.***
***ਮੰਗਦਾ ਹੈ ਬੇਢੀ, .................. –2.***

ਕਹਿੰਦੇ–

***ਗੀ ਬਾਈ ਬੇਢੀ ਦੇਨੁ ਨਾ ਜਾਈ॥ ਦੇਖੁ ਬੇਢੀ ਰਹਿਓ ਸਮਾਈ॥***
***ਪੰਨਾ – 657***

ਸਾਰੇ ਥਾਵਾਂ ਦੇ ਉਤੇ ਸਮਾਇਆ ਹੋਇਆ ਹੈ।

***ਹਮਰੈ ਬੇਢੀ ਪ੍ਰਾਨ ਅਧਾਰਾ॥***
***ਪੰਨਾ – 657***

ਮੇਰੇ ਤਾਂ ਪ੍ਰਾਣਾਂ ਦਾ ਅਧਾਰ ਹੈ। ਜਦੋਂ ਤੂੰ ਪ੍ਰਾਣਾਂ ਦਾ ਅਧਾਰ ਬਣਾ ਲਏਂਗੀ, ਤੇਰੇ ਕੋਲ ਵੀ ਆ ਜਾਏਗਾ ਕਿਉਂਕਿ–

***ਬੇਢੀ ਪ੍ਰੀਤਿ ਮਜੂਰੀ ਮਾਂਗੈ ਜਉ ਕੋਊ ਛਾਨਿ ਛਵਾਵੈ ਹੋ॥ ਪੰਨਾ – 657***

ਫੇਰ ਇਕ ਛੰਨ ਕੀ, ਕੁਝ ਵੀ ਕਰਾ ਲਈਂ ਓਸ ਤੋਂ, ਉਹ ਤਾਂ ਅੱਗੇ–ਅੱਗੇ ਫਿਰਦਾ ਹੈ।"

ਕਬੀਰ ਸਾਹਿਬ ਦੇ ਨਾਲ ਦੋਖੀ ਦ੍ਵੈਸ਼ ਕਰ ਰਹੇ ਨੇ। ਬਹੁਤ ਤਰੀਕੇ ਕਰੇ ਕਿ ਇਸ ਨੂੰ ਬਦਨਾਮ ਕੀਤਾ ਜਾਵੇ। ਮੀਟਿੰਗਾਂ ਹੋਈਆਂ ਕਿਉਂਕਿ –

*ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ॥*
*ਪੰਨਾ - 145*

ਸੰਤਾਂ ਦਾ ਰੁਖ ਹੋਰ ਹੁੰਦਾ ਹੈ, ਸੰਸਾਰੀਆਂ ਦਾ ਰੁਖ ਹੋਰ, ਗੱਲਾਂ-ਬਾਤਾਂ ਹੋਰ, ਜੋੜ ਨਹੀਂ ਆਉਂਦਾ ਦੋਹਾਂ ਦਾ। ਮੀਟਿੰਗ ਕਰ ਲਈ ਵੱਡਿਆਂ-ਵੱਡਿਆਂ ਬ੍ਰਾਹਮਣਾਂ ਨੇ, ਵਿਦਵਾਨਾਂ ਨੇ ਕਿ ਦੇਖੋ! ਅਨਪੜ੍ਹ ਜੁਲਾਹਾ! ਨਾ ਸਾਸ਼ਤ੍ਰਾਰਥ ਦੇ ਵਿਚ ਸਾਥੋਂ ਨਿਰੁੱਤਰ ਹੁੰਦਾ ਹੈ, ਨਾ ਦਲੀਲ ਦੇ ਨਾਲ। ਕਿਸੇ ਗੱਲ ਦੇ ਨਾਲ ਇਹ ਕਾਬੂ ਨਹੀਂ ਆਉਂਦਾ। ਜੋਗੀ ਵੀ ਗੋਰਖਨਾਥ ਵਰਗੇ ਇਸ ਦੇ ਕੋਲ ਆ ਕੇ ਚਲੇ ਗਏ ਤੇ ਹੋਰ ਵਿਦਵਾਨ ਬਹੁਤ ਆਏ, ਤਰਕਸ਼ੀਲ ਜਿਹੜੇ ਬੰਦੇ ਸੀ ਉਹ ਵੀ ਆਏ, ਨਾਸਤਕ ਵੀ ਆਏ, ਵਾਮ ਮਾਰਗੀਏ ਆਏ, ਸਾਰਿਆਂ ਨੂੰ ਨਿਰੁੱਤਰ ਕਰ ਦਿੰਦਾ ਹੈ, ਸਗੋਂ ਇਸ ਦੀ ਜੈ-ਜੈਕਾਰ ਹੋ ਰਹੀ ਹੈ। ਕਿਉਂ ਨਾ ਅਸੀਂ ਕੋਈ ਐਸਾ ਤਰੀਕਾ ਸੋਚੀਏ ਕਿ ਇਸ ਦੀ ਇਕੋ ਵਾਰੀ ਸਾਰੇ ਭਾਰਤਵਰਸ਼ ਵਿਚ ਬਦਨਾਮੀ ਕਰਾ ਦੇਈਏ, ਆਪੇ ਲੋਕ ਹਟ ਜਾਣਗੇ ਇਸ ਦੇ ਕੋਲ ਆਉਣ ਤੋਂ। ਵਿਉਂਤਾਂ ਬਣਾਉਂਦੇ ਨੇ ਤੇ ਅਖੀਰ ਵਿਉਂਤ ਬਣਾਈ ਕਿ ਕਬੀਰ ਸਾਹਿਬ ਦੇ ਨਾਂ ਤੇ ਸੱਦੇ ਪੱਤਰ ਦੇ ਦਿਓ - ਵੱਡੇ-ਵੱਡੇ ਸਾਧੂਆਂ ਨੂੰ ਉਨ੍ਹਾਂ ਦੀਆਂ ਮੰਡਲੀਆਂ ਸਮੇਤ, ਵੱਡੇ-ਵੱਡੇ ਵਿਦਵਾਨਾਂ ਨੂੰ, ਵੱਡੇ-ਵੱਡੇ ਯੋਗੀਆਂ ਨੂੰ, ਮੱਠਾਂ ਵਾਲਿਆਂ ਨੂੰ, ਬੈਰਾਗੀਆਂ ਨੂੰ, ਹੋਰ ਅਨੇਕਾਂ ਸੰਪਰਦਾਵਾਂ ਨੂੰ, ਤੇ ਨਾਲ ਇਹ ਲਿਖੋ ਕਿ ਬੜਾ ਭਾਰਾ ਯੱਗ ਕਰਨਾ ਹੈ ਤੇ ਇਸ ਦੇ ਵਿਚ ਬਹੁਤ ਜ਼ਿਆਦਾ ਸਰੋਪੇ-ਬਸਤ੍ਰ ਵਗੈਰਾ ਵੀ ਦਾਨ ਕਰਨੇ ਨੇ, ਮੋਹਰਾਂ ਵੀ ਦਾਨ ਕਰਨੀਆਂ ਨੇ - ਦੱਛਣਾ ਵਜੋਂ। ਸੋ ਇਸ ਕਰਕੇ ਹੁੰਮ-ਹੁੰਮਾ ਕੇ ਜੱਗ ਦੇ ਵਿਚ ਆਓ, ਬਹੁਤ ਵੱਡਾ ਭੰਡਾਰਾ ਕਰਨਾ ਹੈ। ਹਜ਼ਾਰਾਂ ਦੀ ਤਦਾਦ ਵਿਚ ਸੱਦੇ ਪੱਤਰ ਇਨ੍ਹਾਂ ਨੇ ਜੁੰਡਲੀ ਬਣਾ ਕੇ ਵੰਡ ਦਿੱਤੇ-ਦੂਰ ਦਰਾਜ਼ ਤੱਕ ਜਿਥੇ ਕੋਈ ਸਾਧੂ ਸੁਣਦੇ ਸੀ, ਕੋਈ ਵਿਦਵਾਨ ਸੁਣਦੇ ਸੀ। ਸਾਰਿਆਂ ਨੂੰ ਬੜੀ ਖੁਸ਼ੀ ਹੋਈ ਕਿਉਂਕਿ ਨਾਉਂ ਤਾਂ ਉਨ੍ਹਾਂ ਦਾ ਬਹੁਤ ਉਚਾ ਸੀ ਕਿ ਕਬੀਰ ਸਾਹਿਬ ਨੇ ਸਾਨੂੰ ਯਾਦ ਕਰਿਆ ਹੈ। ਸੋ ਉਸ ਦੇ ਵਿਚ ਸਾਰੇ ਜਾਂਦੇ ਨੇ। ਤਰੀਕ ਮੁਕੱਰਰ ਹੋ ਗਈ। ਉਸ ਵੇਲੇ ਜਦੋਂ ਨੀਯਤ ਦਿਨ ਆਇਆ, ਥੋੜ੍ਹੇ ਜਿਹੇ ਬੰਦੇ ਆਏ, ਆ ਕੇ ਨਮਸ਼ਕਾਰ ਕਰੀ।

ਆਪ ਨੇ ਪੁਛਿਆ ਕਿ ਕਿਸ ਤਰ੍ਹਾਂ ਆਏ ਹੋ?

ਕਹਿਣ ਲੱਗੇ, "ਭਗਤ ਜੀ! ਅੱਜ ਤਾਂ ਬਹੁਤ ਵੱਡਾ ਭੰਡਾਰਾ ਹੈ ਆਪ ਦੇ।"

ਚਿੱਠੀ ਦਿਖਾਈ ਕਿ ਆਹ ਚਿੱਠੀ ਹੈ। ਉਸੇ ਵੇਲੇ ਸਮਝ ਗਏ ਕਿ ਚੰਗਾ, ਇਕ ਪਾਸੇ ਇਹ ਲੋਕ ਨੇ ਤੇ ਇਕ ਪਾਸੇ ਅਕਾਲਪੁਰਖ ਹੈ; ਜਿਵੇਂ ਓਸ ਦੀ ਮਰਜ਼ੀ ਹੈ। ਸੰਤ ਨਾ ਨਿੰਦਿਆ ਤੋਂ ਡਰਦੇ ਹੁੰਦੇ ਨੇ ਤੇ ਨਾ ਪ੍ਰਸੰਸਾ ਚਾਹੁੰਦੇ ਹੁੰਦੇ ਨੇ, ਆਹੀ ਸੰਤਾਂ ਦੀ ਵਿਸ਼ੇਸ਼ਤਾ ਹੁੰਦੀ ਹੈ। ਨਿੰਦਿਆ ਕਰਨ ਵਾਲੇ ਨਿੰਦਿਆ ਕਰੀ ਜਾਓ, ਉਨ੍ਹਾਂ ਨੂੰ ਵੀ ਪਿਆਰ ਕਰਦੇ ਨੇ ਕਿਉਂਕਿ ਉਹ ਇਕ ਵੱਡਾ ਭਾਰਾ ਕੰਮ ਕਰ ਰਿਹਾ ਹੈ ਜਿਹੜਾ ਹੋਰਾਂ ਤੋਂ ਨਹੀਂ ਹੋ ਰਿਹਾ। ਸਹਿਜ-ਸੁਭਾਅ ਚਲਦੇ ਆਦਮੀ ਤੋਂ ਕਈ ਗੱਲਾਂ ਐਸੀਆਂ ਹੋ ਜਾਂਦੀਆਂ ਹਨ ਜਿਨ੍ਹਾਂ ਨੂੰ ਪਾਪ ਕਿਹਾ ਜਾਂਦਾ ਹੈ। ਨਿੰਦਿਆ ਕਰਨ ਵਾਲੇ ਉਸ ਦੀ ਸਫਾਈ ਕਰਨ ਵਾਸਤੇ ਮੂੰਹ ਨਾਲ ਸਫਾਈ ਕਰਦੇ ਨੇ ਤੇ ਸੰਤਾਂ ਨੂੰ ਪਤਾ ਹੈ, ਪਰਤੀਤ ਨਾਲ ਪਤਾ ਹੈ ਕਿ ਇਹ ਨਿੰਦਕ ਹੈ ਪਰ ਕਹਿੰਦੇ -

*ਨਿੰਦਾ ਕਰੈ ਸੁ ਹਮਰਾ ਮੀਤੁ॥*
*ਪੰਨਾ - 339*

ਇਹ ਤਾਂ ਮਿੱਤਰ ਹੈ ਮੇਰਾ ਤੇ ਜਿਹੜੇ ਪੁੰਨ ਹੁੰਦੇ ਨੇ, ਉਹ ਵੀ ਉਨ੍ਹਾਂ ਨੂੰ ਬੰਧਨ ਰੂਪ ਹੋਇਆ ਕਰਦੇ ਨੇ ਕਿਉਂਕਿ -

*ਪੁੰਨ ਦਾਨੁ ਜੋ ਬੀਜਦੇ ਸਭ ਧਰਮ ਰਾਇ ਕੈ ਜਾਈ॥*
*ਪੰਨਾ - 1414*

ਤੇ ਉਨ੍ਹਾਂ ਤੋਂ ਖਲਾਸੀ ਪਾਉਣ ਵਾਸਤੇ ਜਿਹੜੇ ਵਡਿਆਈ ਕਰਦੇ ਨੇ, ਉਸਤਤ ਕਰਦੇ ਨੇ, ਸੇਵਾ ਕਰਦੇ ਨੇ, ਉਹ ਪੁੰਨ ਲੈ ਜਾਂਦੇ ਨੇ, ਜਿਹੜੇ ਪਾਪ ਨੇ ਉਹ ਨਿੰਦਕ ਲੈ ਜਾਂਦੇ ਨੇ। ਸੋ ਆਪ ਗੰਭੀਰ ਰਹੇ, ਕੋਈ ਬੁਰਾ ਨਹੀਂ ਮੰਨਿਆ। ਦੇਖ ਲਿਆ ਕਿ ਬੇਅੰਤ ਸੱਦੇ-ਪੱਤਰ ਦਿੱਤੇ ਹੋਣੇ ਨੇ, ਚਲੋ, ਪ੍ਰਮੇਸ਼ਰ ਦੀ ਯਾਦ ਵਿਚ ਕਿਤੇ ਬੈਠਦੇ ਹਾਂ, ਆਪੇ ਦੇਖੇਗਾ ਜਿਹੜਾ ਕੁਝ ਹੋਏਗਾ। ਨਿੰਦਿਆ ਹੋਏਗੀ ਤਾਂ ਵੀ ਚੰਗੀ ਚੀਜ਼ ਹੈ, ਨਹੀਂ ਹੋਏਗੀ ਤਾਂ ਵੀ ਚੰਗੀ ਚੀਜ਼ ਹੈ। ਸੋ ਆਪ ਘਰੋਂ ਗਏ ਤੇ ਜਾ ਕੇ ਕਿਤੇ ਦੂਰ-ਦਰਾਜ ਸਵੈ-ਸਰੂਪ ਦਾ ਧਿਆਨ ਰੱਖ ਕੇ ਪ੍ਰਮੇਸ਼ਰ ਦੇ ਚਰਨਾਂ ਦੇ ਨਾਲ ਜੁੜ ਕੇ ਆਪ ਬੈਠ ਗਏ।

ਇਧਰ ਸੰਤ ਆਉਣੇ ਸ਼ੁਰੂ ਹੋ ਗਏ। ਬਿਠਾਉਣ ਵਾਲੇ ਆ ਗਏ, ਬਿਠਾਈ ਜਾਂਦੇ ਨੇ, ਥਾਂ-ਥਾਂ ਤੇ ਤੰਬੂ ਲੱਗੇ ਹੋਏ ਨੇ। ਇਕ ਸਕਿੰਟ ਵਿਚ ਇੰਤਜ਼ਾਮ ਹੋ ਗਿਆ ਸਾਰਾ। ਸਾਰਿਆਂ ਨੂੰ ਯਥਾਸ਼ਕਤ ਥਾਂ ਦਿੱਤੇ ਜਾਂਦੇ ਨੇ। ਉਸ ਤੋਂ ਬਾਅਦ ਬੇਨਤੀ ਹੋਈ ਕਿ ਹੁਣ ਭੰਡਾਰਾ ਛਕਣ ਵਾਸਤੇ ਤਿਆਰ ਹੋਵੋ ਕਿਉਂਕਿ ਆ ਚੁੱਕੇ ਨੇ ਬਹੁਤ ਸਾਰੇ। ਉਸ ਵੇਲੇ ਐਸਾ ਵਚਿੱਤਰ ਭੰਡਾਰਾ ਹੋਇਆ, ਲੰਗਰ ਹੋਇਆ, ਬਸਤ੍ਰ ਦਿੱਤੇ, ਦਖਸ਼ਣਾ ਦਿੱਤੀਆਂ ਮੋਹਰਾਂ ਦੀਆਂ ਤੇ ਸਾਰੇ ਅਸ਼-ਅਸ਼ ਕਰਦੇ ਜਾਂਦੇ ਨੇ। ਜੇ ਜਲਦੇ ਨੇ ਤਾਂ ਕੇਵਲ ਉਹ ਜਲ ਰਹੇ ਨੇ ਜਿਨ੍ਹਾਂ ਨੇ ਇਹ ਸਾਜਿਸ਼ ਕਰੀ ਸੀ, ਹੈਰਾਨ ਹੋ ਰਹੇ ਨੇ, ਅੱਖਾਂ ਤੋਂ ਪੱਟੀ ਨਹੀਂ ਲਹਿ ਰਹੀ ਕਿ ਇਹ ਭਗਵਾਨ ਆਪ ਕਰ ਰਿਹਾ ਹੈ, ਉਲਟਾ ਇਹ ਕਹਿ ਰਹੇ ਨੇ ਕਿ ਇਹ ਕਰਾਮਾਤੀ ਹੈ, ਇਹ ਯੋਗ ਮਾਇਆ ਦੇ ਨਾਲ ਆਪਣਾ ਇਹ ਸਾਰਾ ਭੰਡਾਰਾ ਕਰ ਰਿਹਾ ਹੈ। ਧੰਨ-ਧੰਨ ਹੁੰਦੀ ਜਾਂਦੀ ਹੈ। ਕਬੀਰ ਸਾਹਿਬ ਦੇ ਕੋਲੋਂ ਦੀ ਕੋਈ ਜਥਾ ਜਾ ਰਿਹਾ ਹੈ ਤੇ ਬਚਨ ਉਚੀ-ਉਚੀ ਕਰਦੇ ਨੇ ਕਿ ਕਬੀਰ ਸਾਹਿਬ ਧੰਨ ਨੇ ਭਾਈ! ਕਿੰਨੀ ਦੁਨੀਆਂ, ਕਿੰਨੇ ਸਾਧੂ-ਸੰਤ, ਕੋਈ ਨਰਾਜ਼ ਨਹੀਂ ਗਿਆ, ਯਥਾਸ਼ਕਤ ਸਭ ਦੀ ਸੇਵਾ ਹੋਈ ਹੈ।

ਕਬੀਰ ਸਾਹਿਬ ਉਨ੍ਹਾਂ ਨੂੰ ਕਹਿਣ ਲੱਗੇ, "ਕਬੀਰ ਨੇ ਕਿਹੜਾ ਕੰਮ ਕਰ ਦਿੱਤਾ?"

ਕਹਿੰਦੇ, "ਤੈਨੂੰ ਨਹੀਂ ਪਤਾ? ਜੱਗ ਹੋ ਰਿਹਾ ਹੈ - ਬਹੁਤ ਵੱਡਾ। ਜਾਹ! ਤੂੰ ਵੀ ਛਕ ਆ।"

ਸੋ ਜਦੋਂ ਆਪ ਉਥੇ ਜਾਂਦੇ ਨੇ, ਉਸ ਵੇਲੇ ਨੂੰ ਪ੍ਰਭੂ ਨੇ ਸਾਰਾ ਕੰਮ ਨਿਪਟਾ ਕੇ ਸਾਰਾ ਖੇਲ੍ਹ ਸੰਕੋਚ ਦਿੱਤਾ। ਕਬੀਰ ਸਾਹਿਬ ਕੋਲ ਲੋਕ ਜੱਗ ਤੋਂ ਬਾਅਦ ਆਉਂਦੇ ਹਨ ਤੇ ਕਹਿੰਦੇ ਨੇ, "ਮਹਾਰਾਜ! ਐਡਾ ਵੱਡਾ ਜੱਗ ਤਾਂ ਰਾਜੇ-ਮਹਾਰਾਜੇ ਵੀ ਨਹੀਂ ਕਰ ਸਕਦੇ।"

ਆਪ ਫੁਰਮਾਨ ਕਰਦੇ ਨੇ -

***ਕਬੀਰ ਨਾ ਹਮ ਕੀਆ ਨ ਕਰਹਿਗੇ ਨ ਕਰਿ ਸਕੈ ਸਰੀਰੁ॥***
***ਕਿਆ ਜਾਨਉ ਕਿਛੁ ਹਰਿ ਕੀਆ ਭਇਓ ਕਬੀਰੁ ਕਬੀਰੁ॥***
***ਪੰਨਾ - 1367***

ਨਾਮਦੇਵ ਜੀ ਕਹਿੰਦੇ, "ਬੀਬੀ! ਇਕ ਛੱਪਰੀ ਦੀ ਕੀ ਗੱਲ ਕਰਦੀ ਹੈਂ, ਉਸ ਦੇ ਨਾਲ ਪਿਆਰ ਕਰਕੇ ਤਾਂ ਦੇਖ।"

ਕਹਿੰਦੀ, "ਨਾਮਦੇਵ! ਤੇਰਾ ਕੀ ਖਿਆਲ ਹੈ, ਅਸੀਂ ਪਿਆਰ ਹੀ ਨਹੀਂ ਕਰਦੇ ਰੱਬ ਨੂੰ? ਤੇਰਾ ਪਿਆਰ ਕੋਈ ਹੋਰ ਹੈ ਜਿਹੜਾ ਤੂੰ ਕਰਦਾ ਹੈਂ? ਕਿਹੜਾ ਹੈ ਦੁਨੀਆਂ ਦੇ ਅੰਦਰ ਜਿਹੜਾ ਰੱਬ ਨੂੰ ਪਿਆਰ ਨਹੀਂ ਕਰਦਾ ਜਾਂ ਫੇਰ ਮੈਨੂੰ ਦੱਸ, ਉਹ ਪਿਆਰ ਕਿਹੋ-ਜਿਹਾ ਹੈ ਜਿਹੜਾ ਤੂੰ ਕਰਦਾ ਹੈਂ?"

ਸੋ ਆਪ ਏਸ ਤਰ੍ਹਾਂ ਦਾ ਭਾਵ ਦਸਦੇ ਨੇ -

***ਧਾਰਨਾ - ਕਰ ਲੈ ਪ੍ਰੀਤ, ਜੈਸੇ ਚੰਦ ਤੇ ਚਕੋਰ ਦੀ -2, 2.***

*ਚੰਦ ਤੇ ਚਕੋਰ ਦੀ -4, 2.*
*ਕਰ ਲੈ ਪ੍ਰੀਤ ਜੈਸੇ, .. -2.*

*ਚੰਦ ਚਕੋਰ ਪਰੀਤ ਹੈ, ਲਾਇ ਤਾਰ ਨਿਹਾਲੇ।*
*ਚਕਵੀ ਸੂਰਜ ਹੇਤ ਹੈ, ਮਿਲਿ ਹੋਨਿ ਸੁਖਾਲੇ।*
*ਨੇਹੁ ਕਵਲ ਜਲ ਜਾਣੀਐ, ਖਿੜਿ ਮੁਹ ਵੇਖਾਲੇ।*
*ਮੋਰ ਬਬੀਹੇ ਬੋਲਦੇ, ਵੇਖਿ ਬਦਲ ਕਾਲੇ।*
*ਨਾਰਿ ਭਤਾਰ ਪਿਆਰੁ ਹੈ, ਮਾਂ ਪੁਤ ਸਮਾਲੇ।*
*ਪੀਰ ਮੁਰੀਦਾ ਪਿਰਹੜੀ ਓਹੁ ਨਿਬਹੈ ਨਾਲੇ।* *ਭਾਈ ਗੁਰਦਾਸ ਜੀ ਵਾਰ 27/4*

ਪਿਆਰ ਜੇ ਕਰਨਾ ਹੈ ਤਾਂ ਇਹੋ ਜਿਹਾ ਕਰ ਲੈ -

*ਚੰਦ ਚਕੋਰ ਪਰੀਤ ਹੈ ਲਾਇ ਤਾਰ ਨਿਹਾਲੇ।* *ਭਾਈ ਗੁਰਦਾਸ ਜੀ ਵਾਰ 27/4*

ਚੰਦ ਨੇ ਕਦੇ ਉਸ ਦੇ ਨਾਲ ਬਾਤ ਨਹੀਂ ਕਰੀ, ਕਦੇ ਬੁਲਾਇਆ ਨਹੀਂ ਚਕੋਰ ਨੂੰ, ਕਦੇ ਮਿਲਿਆ ਨਹੀਂ ਪਰ ਉਹ ਸਾਰੀ ਜ਼ਿੰਦਗੀ ਇਕ ਤਾਰ, ਇਕ ਟਕ ਚੰਦ ਵੱਲ ਵੇਖਦਾ ਰਹਿੰਦਾ ਹੈ।

*ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ॥* *ਭਾਈ ਗੁਰਦਾਸ ਜੀ ਵਾਰ 27/4*

ਰਾਤ ਨੂੰ ਵਿਛੋੜਾ ਹੋ ਜਾਂਦਾ ਹੈ ਜੋੜੇ ਦਾ; ਦਿਨ ਹੁੰਦਾ ਹੈ ਉਸ ਵੇਲੇ ਸਾਰਾ ਦਿਨ ਸੂਰਜ ਨੂੰ ਚਕਵੀ ਦੇਖਦੀ ਰਹਿੰਦੀ ਹੈ।

*ਨੇਹੁ ਕਵਲ ਜਲ ਜਾਣੀਐ ਖਿੜਿ ਮੁਹ ਵੇਖਾਲੇ॥* *ਭਾਈ ਗੁਰਦਾਸ ਜੀ ਵਾਰ 27/4*

ਪਾਣੀ ਜਿਹੜਾ ਹੈ ਲਹਿਰਾਂ ਦੇ ਨਾਲ ਪਛਾੜਦਾ ਹੈ - ਕੰਵਲ ਫੁੱਲ ਨੂੰ; ਕੋਸ਼ਿਸ਼ ਕਰਦਾ ਹੈ ਉਸ ਨੂੰ ਡੋਬਣ ਦੀ ਪਰ ਕਵਲ ਦੀ ਨਾਲੀ ਓਨੀ ਹੀ ਹੋਰ ਵਧ ਜਾਂਦੀ ਹੈ, ਜਿੰਨਾ ਪਾਣੀ ਉਪਰ ਵਧਦਾ ਹੈ ਤੇ ਮੂੰਹ ਇਸ ਦਾ ਖਿੜਿਆ ਹੀ ਰਹਿੰਦਾ ਹੈ ਤੇ ਖਿੜ ਕੇ ਦਿਖਾਉਂਦਾ ਹੈ। ਕਦੇ ਨਰਾਜ਼ੀ ਨਹੀਂ ਉਸ ਦੇ ਚਿੱਤ ਵਿਚ ਆਉਂਦੀ।

*ਮੋਰ ਬਬੀਹੇ ਬੋਲਦੇ ਵੇਖਿ ਬਦਲ ਕਾਲੇ॥* *ਭਾਈ ਗੁਰਦਾਸ ਜੀ ਵਾਰ 27/4*

ਬਬੀਹਾ ਵੇਖਦਾ ਹੈ, ਬੱਦਲਾਂ ਨੂੰ ਯਾਦ ਕਰਦਾ ਹੈ, ਪਿਰਹੁੰ-ਪਿਰਹੁੰ, ਦਿਨ ਰਾਤ ਇਕੋ ਰਟ ਲਾ ਰਖਦਾ ਹੈ। ਮੋਰ ਬੋਲਦੇ ਨੇ, ਬੱਦਲਾਂ ਨੂੰ ਦੇਖ ਕੇ ਖੇੜੇ ਵਿਚ ਆਉਂਦੇ ਨੇ।

*ਨਾਰਿ ਭਤਾਰ ਪਿਆਰੁ ਹੈ ਮਾਂ ਪੁਤ ਸਮਾਲੇ॥*
*ਪੀਰ ਮੁਰੀਦਾ ਪਿਰਹੜੀ ਓਹੁ ਨਿਬਹੈ ਨਾਲੇ॥* *ਭਾਈ ਗੁਰਦਾਸ ਜੀ ਵਾਰ 27/4*

ਕਹਿਣ ਲੱਗੇ, "ਬੀਬੀ! ਤੂੰ ਕਹਿੰਦੀ ਹੈਂ ਮੈਂ ਪਿਆਰ ਕਰਨਾ ਹੈ ਤੇ ਮੈਂ ਪਿਆਰ ਕਰਦੀ ਹਾਂ, ਤੇ ਕਹਿੰਦੀ ਹੈ ਕਿ ਨਾਮਦੇਵ! ਤੂੰ ਰੱਬ ਨੂੰ ਕਿਤੇ ਬਹੁਤਾ ਪਿਆਰ ਕਰਦਾ ਹੈਂ, ਅਸੀਂ ਨਹੀਂ ਕਰਦੇ? ਤੇ ਫੇਰ ਉਹ ਪੂਰਾ ਪਿਆਰ ਮੰਗਦਾ ਹੈ ਅਧੂਰਾ ਪਿਆਰ ਨਹੀਂ ਮੰਗਦਾ -

*ਧਾਰਨਾ - ਲੋਗ ਕੁਟੰਬ ਸਬਹੂੰ ਤੇ ਤੋੜੇ,*
*ਤਉ ਆਪਨ ਬੇਢੀ ਆਵੈ ਹੋ -2, 2.*

*ਆਪਨ ਬੇਢੀ ਆਵੇ ਹੋ - 4, 2.*
*ਲੋਗ ਕੁਟੰਬ ਸਬਹੂੰ ਤੇ ਤੋੜੈ, ........ -2.*

*ਬੇਢੀ ਪ੍ਰੀਤਿ ਮਜੂਰੀ ਮਾਂਗੈ ਜਉ ਕੋਊ ਛਾਨਿ ਛਵਾਵੈ ਹੋ॥ ਪੰਨਾ - 657*

ਇਕ 'ਛਾਨ' ਕੀ, ਫੇਰ ਤਾਂ ਉਹ ਕੰਮ ਕਰਦਾ ਫਿਰਦਾ ਹੈ, ਪਸ਼ੂ ਵੀ ਚਾਰੇ ਨੇ ਭਗਤਾਂ ਦੇ, ਹਰਟ ਵੀ ਹੱਕੇ ਨੇ, ਨੱਕੇ ਵੀ ਛੱਡੇ ਨੇ, ਹੋਰ ਅਨੇਕਾਂ ਕੰਮ ਕਰਦਾ ਹੈ ਪਰ ਇਹ ਹੈ ਕਿ-

*ਲੋਗ ਕੁਟੰਬ ਸਭਹੁ ਤੇ ਤੋਰੈ ...............॥*

*ਪੰਨਾ - 657*

ਵੰਡਿਆ ਹੋਇਆ ਪਿਆਰ ਨਾ ਕਰ, ਵਿਚੇ ਘਰਦਿਆਂ ਨਾਲ ਪਿਆਰ ਕਰੀ ਜਾਂਦਾ ਹੈ; ਉਸਨੂੰ ਫਰਜ਼ ਸਮਝ, ਉਹ ਪਿਆਰ ਸ਼ੁਧ ਨਹੀਂ ਹੁੰਦਾ। ਪਿਆਰ ਤਾਂ ਕੇਵਲ ਵਾਹਿਗੁਰੂ ਨਾਲ ਹੁੰਦਾ ਹੈ, ਬਾਕੀ ਪਿਆਰ ਜਿਹੜੇ ਨੇ ਇਹ ਫਸਾਉਣ ਵਾਲੇ ਪਿਆਰ ਨੇ, ਝੂਠੇ ਪਿਆਰ ਨੇ। ਇਹ ਸਾਰੇ ਤੋੜਨੇ ਪੈਂਦੇ ਨੇ। ਸੋ ਇਸ ਤਰ੍ਹਾਂ ਨਾਲ -

*ਐਸੋ ਬੇਢੀ ਬਰਨਿ ਨ ਸਾਕਉ ਸਭ ਅੰਤਰ ਸਭ ਠਾਂਈ ਹੋ॥*
*ਗੂੰਗੈ ਮਹਾ ਅੰਮ੍ਰਿਤ ਰਸੁ ਚਾਖਿਆ ਪੂਛੇ ਕਹਨੁ ਨ ਜਾਈ ਹੋ॥*
*ਬੇਢੀ ਕੇ ਗੁਣ ਸੁਨਿ ਰੀ ਬਾਈ ਜਲਧਿ ਬਾਂਧਿ ਧ੍ਰੂ ਥਾਪਿਓ ਹੋ॥*
*ਨਾਮੇ ਕੇ ਸੁਆਮੀ ਸੀਅ ਬਹੋਰੀ ਲੰਕ ਭਭੀਖਣ ਆਪਿਓ ਹੋ॥*

*ਪੰਨਾ - 657*

ਸੋ ਇਸ ਤਰ੍ਹਾਂ ਦੇ ਨਾਲ ਜਿਸ ਨੇ ਵੀ ਪਿਆਰ ਕਰਿਆ ਹੈ, ਉਥੇ ਪ੍ਰਭੂ ਹਾਜ਼ਰ ਹੋਇਆ ਕਰਦਾ ਹੈ। ਗੁਰੂ ਤੇ ਪ੍ਰਮੇਸ਼ਰ ਵਿਚ ਕੋਈ ਭੇਤ ਨਹੀਂ ਹੁੰਦਾ। ਇਹ ਤਾਂ ਸਭ ਜੁਗਾਂ ਨਾਲੋਂ ਕਲਜੁਗ ਦੇ ਵੱਡੇ ਭਾਗ ਨੇ ਸਾਧ ਸੰਗਤ ਜੀ! ਇਸ ਗੱਲ ਨੂੰ ਨਿਹਚੇ ਨਾਲ ਜਾਣੋ, ਇਹ ਕੋਈ ਖਿਚਾ-ਖਿਚੀ ਨਹੀਂ ਮੈਂ ਕਰਦਾ। ਇਸ ਜੁਗ ਦੇ ਅੰਦਰ, ਗੁਰੂ ਪ੍ਰਮੇਸ਼ਰ ਆਪ ਸਰੀਰ ਧਾਰ ਕੇ ਗੁਰੂ ਨਾਨਕ ਦੇਵ ਜੀ ਦੇ ਰੂਪ ਵਿਚ ਪ੍ਰਗਟ ਹੋ ਕੇ ਤੇ ਅੱਜ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਨੇ। ਬੇਕਦਰੀ ਹੈ ਦਿਲ ਦੇ ਅੰਦਰ ਤਾਂ ਕੁਝ ਨਹੀਂ ਮਿਲਣਾ; ਜੇ ਗੱਲ ਸਮਝ 'ਚ ਆ ਗਈ ਤਾਂ ਸਭ ਕੁਝ ਮਿਲਿਆ ਮਿਲਾਇਆ ਹੈ ਕਿਉਂਕਿ ਗੁਰੂ ਤੇ ਗੋਬਿੰਦ ਵਿਚ ਫਰਕ ਨਹੀਂ ਹੁੰਦਾ -

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥ ਪੰਨਾ - 442*

ਗੁਰੂ ਛੇਵੇਂ ਪਾਤਸ਼ਾਹ ਵੇਲੇ, ਇਕ ਪ੍ਰੀਤ ਕਹਾਣੀ ਸਾਡੀਆਂ ਅੱਖਾਂ ਖੋਲ੍ਹਣ ਵਾਸਤੇ ਹੈ। ਇਕ ਪਿੰਡ ਜਿਸ ਦਾ ਨਾਂ ਵੱਡਾ ਘਰ ਸੀ। ਉਥੇ ਇਕ ਗੁਰਸਿਖ ਜਿਸ ਨੇ ਗੁਰੂ ਚੌਥੇ ਪਾਤਸ਼ਾਹ ਤੋਂ ਗੁਰ ਉਪਦੇਸ਼ ਲਿਆ, ਗੁਰੂ ਪੰਜਵੇਂ ਪਾਤਸ਼ਾਹ ਦੇ ਵੇਲੇ ਵੀ ਰਿਹਾ, ਗੁਰੂ ਛੇਵੇਂ ਪਾਤਸ਼ਾਹ ਦੇ ਵੇਲੇ ਵੀ। ਆਪ ਦਾ ਨਾਉਂ ਭਾਈ ਆਕਲ ਸੀ, ਉਨ੍ਹਾਂ ਦੇ ਘਰ ਇਕ ਲੜਕੀ ਸੀ। ਜਦੋਂ ਲੜਕੀ ਸੱਤ ਸਾਲ ਦੀ ਹੋਈ, ਉਨ੍ਹਾਂ ਦਿਨਾਂ ਦੇ ਅੰਦਰ ਛੋਟੀ ਉਮਰ 'ਚ ਹੀ ਲੜਕੀਆਂ ਦੀ ਸ਼ਾਦੀ ਹੋਇਆ ਕਰਦੀ ਸੀ। ਸੋਲ੍ਹਾਂ ਸਾਲ ਬਾਅਦ ਤਾਂ ਭਾਈਚਾਰਾ ਓਸ ਘਰ ਤੋਂ ਪਾਣੀ ਪੀਣ ਤੋਂ ਹਟ ਜਾਂਦਾ ਸੀ ਜਿਹੜੇ ਘਰ ਵਿਚ 16 ਸਾਲ ਦੀ ਲੜਕੀ ਅਜੇ ਕੁਆਰੀ ਬੈਠੀ ਹੈ, ਬੁਰਾ ਮੰਨਦੇ ਸੀ ਲੋਕ।

ਸੋ ਆਪ ਨੇ ਲਾਗੀ ਬੁਲਾਏ, ਕਹਿਣ ਲੱਗੇ, "ਪੰਡਤ ਜੀ! ਕੋਈ ਸੋਹਣਾ ਵਰ ਦੇਖਿਓ - ਸੋਹਣਾ-ਸੁਨੱਖਾ, ਦੇਖੋ ਲੜਕੀ ਕਿੰਨੀ ਸੋਹਣੀ ਸੁਨੱਖੀ ਹੈ, ਬਿਲਕੁਲ ਇਸ ਦਾ ਮੇਚ ਮਿਲਾਓ, ਖਰਚਾ ਭਾਵੇਂ ਕਿੰਨਾ ਹੀ ਹੋ ਜਾਵੇ, ਖਰਚਾ ਲਓ, ਪੱਲੇ ਬੰਨ੍ਹੋ ਅਤੇ ਪਿੰਡ-ਪਿੰਡ ਫਿਰੋ।"

ਸੋ ਉਨ੍ਹਾਂ ਦਿਨਾਂ ਵਿਚ ਕਿਉਂਕਿ ਰਿਸ਼ਤੇ ਓਹੀ ਕਰਿਆ ਕਰਦੇ ਸੀ। ਬਹੁਤ ਸਾਰੇ ਪਹਿਲਾਂ ਹੀ ਨਿਗ੍ਹਾ ਵਿਚ ਰੱਖਿਆ ਕਰਦੇ ਸੀ ਤੇ ਉਹ ਪੰਡਤ ਜੀ ਫਿਰਦੇ ਫਿਰਾਉਂਦੇ ਇਕ ਪਿੰਡ ਵਿਚ ਚਲੇ ਗਏ। ਉਸ ਪਿੰਡ ਦਾ ਨਾਉਂ 'ਤੁਕਲਾਣੀ' ਸੀ। ਉਥੇ ਇਕ ਪਰਿਵਾਰ ਦੇਖਿਆ ਤੇ ਬੱਚਾ ਬੜਾ ਸੁੰਦਰ ਹਾਣ-ਪਰਮਾਣ ਮਿਲਾ ਕੇ ਤੇ ਪੰਡਤ ਜੀ ਨੇ ਦੱਸਿਆ ਕਿ ਮੈਂ ਤਾਂ ਰਿਸ਼ਤਾ ਕਰਨ ਆਇਆ ਹਾਂ। ਰਿਸ਼ਤੇ ਦੀ ਗੱਲ ਸੁਣੀ ਤਾਂ ਉਸ ਵੇਲੇ ਬੜਾ ਆਦਰ-ਸਤਿਕਾਰ ਉਨ੍ਹਾਂ ਦਾ ਕੀਤਾ, ਛਕਣ-ਛਕਾਉਣ ਨੂੰ ਵਧੀਆ ਦਿੱਤਾ, ਰਿਹਾਇਸ਼ ਵਧੀਆ ਦਿੱਤੀ, ਹੋਰ ਸੇਵਾ ਕੀਤੀ, ਅਨੇਕ ਬਚਨ ਕੀਤੇ। ਕਾਰੋਬਾਰ ਦੇਖਿਆ ਕਿ ਕਾਰੋਬਾਰ ਬਹੁਤ ਵਧੀਆ ਚਲਦਾ ਹੈ, ਚੰਗੀ ਇਜ਼ਤ ਹੈ, ਭਾਈਚਾਰੇ ਵਿਚ ਇਜ਼ਤ ਹੈ, ਮੰਨਿਆਂ-ਪ੍ਰਮੰਨਿਆਂ ਘਰ ਹੈ ਤੇ ਓਥੇ ਉਨ੍ਹਾਂ ਨੇ ਸ਼ਗਨ ਦੇ ਦਿੱਤਾ। ਵਾਪਸ ਆ ਗਏ, ਆ ਕੇ ਕਿਹਾ ਕਿ ਵਧਾਈਆਂ ਹੋਣ, ਭਾਈ ਆਕਲ ਜੀ! ਬਹੁਤ ਵਧਾਈਆਂ ਤੈਨੂੰ। ਐਸਾ ਚੰਦ ਵਰਗਾ ਮੁੰਡਾ ਲੱਭਿਆ ਹੈ ਕਿ ਦੇਖ-ਦੇਖ ਕੇ ਭੁਖ ਲਹਿੰਦੀ ਹੈ। ਇਕੱਲੀ ਸੁੰਦਰਤਾ ਹੀ ਨਹੀਂ ਹੈ, ਨਾਲ ਘਰ ਬਾਰ ਵੀ ਬਹੁਤ ਹੈ, ਕਾਰੋਬਾਰ ਬਹੁਤ ਚਲਦਾ ਹੈ। ਬੱਚਾ ਹੁਣ ਤੋਂ ਹੀ ਪਰਤੀਤ ਦਿੰਦਾ ਹੈ ਕਿ ਵੱਡਾ ਹੋ ਕੇ ਬਹੁਤ ਵੱਡਾ ਕਾਰੋਬਾਰੀ ਬੰਦਾ ਬਣੇਗਾ -

***ਹੋਣਹਾਰ ਬਿਰਵਾਨ ਕੇ ਚਿਕਨੇ ਚਿਕਨੇ ਪਾਤ॥***

ਤੇ 'ਤੁਲਕਾਣੀ' ਪਿੰਡ ਦੇ ਅੰਦਰ ਰਿਸ਼ਤਾ ਕਰ ਆਇਆ। ਆਪ ਦੇ ਚਿਹਰੇ ਉਤੇ ਖੁਸ਼ੀ ਨਹੀਂ ਆਈ, ਥੋੜ੍ਹੀ ਚਿੰਤਾ ਦੇ ਨਿਸ਼ਾਨ ਉਭਰ ਆਏ।

ਕਹਿਣ ਲੱਗੇ, "ਪੰਡਤ ਜੀ! ਇਹ ਤਾਂ ਗੱਲਾਂ ਸਾਰੀਆਂ ਠੀਕ ਨੇ। ਇਕ ਗੱਲ ਦਸੋ ਕਿ ਉਸ ਤੁਕਲਾਣੀ ਪਿੰਡ ਦੇ ਅੰਦਰ ਤਾਂ ਕੋਈ ਗੁਰਸਿਖ ਹੀ ਨਹੀਂ ਹੈ, ਉਹ ਤਾਂ ਪਿੰਡ ਸਾਰਾ ਹੀ ਸਰਵਰੀਆਂ ਦਾ ਹੈ ਤੇ ਸਾਡੇ ਘਰ ਦੇ ਅੰਦਰ ਸਿੱਖੀ ਹੈ, ਬੱਚੀ ਨੂੰ ਗੁਰੂ ਨਾਲ ਪਿਆਰ ਹੈ। ਹਰ 6 ਮਹੀਨੇ ਤੋਂ ਬਾਅਦ ਅਸੀਂ ਦਸਵੰਧ ਲੈ ਕੇ ਗੁਰੂ ਦੇ ਚਰਨਾਂ ਵਿਚ ਭੇਟ ਕਰਦੇ ਹਾਂ ਤੇ ਬੜਾ ਮੁਸ਼ਕਲ ਹੋ ਜਾਏਗਾ ਬੱਚੀ ਨੂੰ। ਉਨ੍ਹਾਂ ਨੇ ਕਹਿਣੈ ਕਿ ਮੁਕਾਮ ਨੂੰ ਮੱਥਾ ਟੇਕ। ਉਨ੍ਹਾਂ ਨੇ ਭਰਾਈ ਦਾ ਜੂਠਾ ਜੋ ਰੋਟ ਹੈ, ਉਹ ਛਕਾਉਣਾ ਹੈ ਤੇ ਮੇਰੀ ਬੱਚੀ ਨੇ ਤਾਂ ਛਕਣਾ ਨਹੀਂ, ਇਸ ਦਾ ਤਾਂ ਗੁਰੂ ਦੇ ਨਾਲ ਪਿਆਰ ਹੈ ਤੇ ਦੂਜਾ ਇਹ ਹੈ ਕਿ ਜਦੋਂ ਮਨਮੁਖਾਂ ਵਿਚ ਜਾਏਗੀ, ਉਸ ਵੇਲੇ ਜ਼ਰੂਰ ਮੈਲ ਪੈਣੀ ਹੈ ਇਸ ਦੇ ਮਨ ਦੇ ਉਤੇ, ਉਹ ਸਰਵਰੀਆਂ ਦਾ ਘਰ ਹੈ, ਉਸ ਘਰ ਦੇ ਅੰਦਰ ਨਾਮ ਦੀ ਧੁਨ ਨਹੀਂ ਹੈ, ਕੋਈ 'ਜਪੁਜੀ ਸਾਹਿਬ' ਦਾ ਉਚਾਰਨ ਨਹੀਂ ਹੁੰਦਾ ਤੇ ਉਸ ਦੀ ਮੈਲ ਮੇਰੀ ਬੱਚੀ ਨੂੰ ਲੱਗ ਜਾਣੀ ਹੈ ਤੇ ਬੱਚੀ ਦਾ ਜਨਮ ਤਾਂ ਖਰਾਬ ਹੋਣਾ ਹੀ ਹੈ ਪਰ ਅੱਗੇ ਜਿਹੜੀ ਔਲਾਦ ਹੋਣੀ ਹੈ, ਉਸ ਦਾ ਜਨਮ ਵੀ ਖਰਾਬ ਹੋ ਜਾਣਾ ਹੈ। ਇਹ ਤਾਂ ਪੁੰਨ ਦੀ ਥਾਂ ਤੇ ਆਪਾਂ ਪਾਪ ਕਰ ਬੈਠੇ। ਹੁਣ ਤੁਸੀਂ ਕਰ ਆਏ ਹੋ, ਕੋਈ ਬਾਤ ਨਹੀਂ ਹੈ ਪਰ ਯਾਦ ਰਖੋ ਕਿ -

***ਆਸਾ ਇਸਟ ਉਪਾਸਨਾ ਖਾਣ ਪੀਣ ਪਹਿਰਾਣ।***
***ਤੁਲਸੀ ਖਟ ਲੱਛਣ ਮਿਲੇ ਮਿਤ੍ਰਤਾ ਪਹਿਚਾਣ।***

6 ਗੱਲਾਂ ਜਿਥੇ ਨਾ ਮਿਲਦੀਆਂ ਹੋਣ, ਉਥੇ ਜਿਹੜੇ ਸਬੰਧ ਨੇ, ਉਹ ਮਹਿੰਗੇ ਪੈਂਦੇ ਨੇ, ਟੇਢੇ ਪੈਂਦੇ ਨੇ - ਇਕੋ ਜਿਹੇ ਨਹੀਂ ਰਿਹਾ ਕਰਦੇ। ਸੋ ਮਨਮੁਖ ਜਿਹੜੇ ਬੰਦੇ ਨੇ, ਉਨ੍ਹਾਂ ਦੀ ਤਾਂ ਸੰਗਤ ਕਰਨਾ ਹੀ ਸਾਨੂੰ ਵਿਵਰਜਿਤ ਹੈ।

***ਧਾਰਨਾ - ਕਾਲਖ ਲੱਗ ਜਾਂਦੀ ਹੈ,***
***ਮਨਮੁਖ ਦੀ ਸੰਗਤ ਕਰਕੇ -2, 2.***
***ਮਨਮੁਖ ਦੀ ਸੰਗਤ ਕਰਕੇ -2, 2.***
***ਕਾਲਖ ਲੱਗ ਜਾਂਦੀ ਹੈ, ............ -2.***

***ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ॥***
***ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ॥ ਪੰਨਾ - 1371***

ਕਹਿੰਦੇ, "ਚੰਗਾ! ਜੋ ਹੋ ਗਿਆ ਸੋ ਹੋ ਗਿਆ ਪਰ ਸਾਨੂੰ ਬਿਵਰਜਿਤ ਹੈ। ਚਿੱਟੇ ਕੱਪੜੇ ਪਾਏ ਹੋਣ, ਕਾਲੇ ਭਾਂਡੇ ਨੂੰ ਚੁੱਕੀ ਜਾਂਦਾ ਹੈ, ਜੇ ਕੱਪੜਾ ਹਵਾ ਨਾਲ ਉਡ ਕੇ ਇਕ ਵਾਰ ਵੀ ਲੱਗ ਗਿਆ ਤਾਂ ਦਾਗ ਲਗ ਜਾਏਗਾ।

ਕਹਿੰਦੇ, "ਮੁਸ਼ਕਲ ਹੋ ਗਿਆ ਪੰਡਤ ਜੀ! ਪੁਛ ਲੈਣਾ ਸੀ ਕਿ ਘਰ ਵਿਚ ਗੁਰੂ ਦੀ ਸਿੱਖੀ ਹੈ? ਗੁਰੂ ਦੀ ਸਿੱਖੀ ਹੋਵੇ, ਪੈਸਾ ਚਾਹੇ ਨਾ ਹੀ ਹੋਵੇ, ਸਭ ਕੁਝ ਹੋ ਜਾਂਦਾ ਹੈ ਉਹਦੇ ਕੋਲ। ਜੇ ਸਿੱਖੀ ਨਹੀਂ ਹੈ ਗੁਰੂ ਦਾ ਪਿਆਰ ਨਹੀਂ ਹੈ, ਸਾਰਾ ਕੁਝ ਹੁੰਦੇ ਹੋਏ ਵੀ ਉਸ ਕੋਲ ਕੁਝ ਨਹੀਂ ਹੈ ਕਿਉਂਕਿ ਐਸਾ ਫੁਰਮਾਨ ਹੋਇਆ ਹੋਇਆ ਹੈ –

***ਧਾਰਨਾ – ਦਿਸਦਾ ਉਜਾੜ ਹੈ,***
***ਪ੍ਰੀਤਮ ਦੇ ਪਿਆਰੇ ਬਾਝੋਂ –2, 2.***
***ਪ੍ਰੀਤਮ ਦੇ ਪਿਆਰੇ ਬਾਝੋਂ –2, 2.***
***ਦਿਸਦਾ ਉਜਾੜ ਜੀ, ............. –2.***

***ਕਬੀਰ ਜਹ ਜਹ ਹਉ ਫਿਰਿਓ ਕਉਤਕ ਠਾਓ ਠਾਇ॥***
***ਇਕ ਰਾਮ ਸਨੇਹੀ ਬਾਹਰਾ ਊਜਰੁ ਮੇਰੈ ਭਾਂਇ॥ ਪੰਨਾ – 1365***

ਮੇਲਾ ਲੱਗਿਆ ਹੋਇਆ ਹੈ, ਕਬੀਰ ਸਾਹਿਬ ਘੁੰਮ ਰਹੇ ਨੇ। ਵਾਪਸ ਆ ਕੇ ਸਭ ਆਪਣੀਆਂ ਆਪਣੀਆਂ ਗੱਲਾਂ ਸੁਣਾਉਂਦੇ ਨੇ ਕਿ ਮੈਂ ਆਹ ਦੇਖਿਆ, ਮੈਂ ਆਹ ਦੇਖਿਆ।

ਇਕ ਕਹਿੰਦਾ, "ਭਗਤ ਜੀ! ਤੁਸੀਂ ਕੀ ਦੇਖਿਆ?"

ਕਹਿੰਦੇ, "ਅਸੀਂ ਤਾਂ ਉਜਾੜ ਵਿਚ ਘੁੰਮ ਕੇ ਆਏ ਹਾਂ।"

ਕਹਿੰਦਾ, "ਉਥੇ ਤਾਂ ਬਹੁਤ ਮੇਲਾ ਸੀ, ਛਾਤੀ ਨਾਲ ਛਾਤੀ ਭਿੜਦੀ ਸੀ, ਲੰਘਣ ਨੂੰ ਰਾਹ ਨਹੀਂ ਸੀ ਲੱਭਦਾ।"

ਕਹਿੰਦੇ, "ਪ੍ਰੇਮੀਓ! ਜਿਥੇ ਕੋਈ ਪ੍ਰਮੇਸ਼ਰ ਦਾ ਪਿਆਰਾ ਨਾ ਹੋਵੇ, ਉਹ ਘੁੱਗ ਬਸਤੀਆਂ ਜਿਹੜੀਆਂ ਨੇ ਉਜਾੜ ਹੋਇਆ ਕਰਦੀਆਂ ਨੇ। ਜਿਸ ਘਰ ਦੇ ਅੰਦਰ ਪ੍ਰਮੇਸ਼ਰ ਦਾ ਪਿਆਰਾ ਨਾ ਹੋਵੇ, ਉਨ੍ਹਾਂ ਘਰਾਂ ਵਿਚ ਰਹਿਣ ਵਾਲੇ ਭੂਤ-ਪ੍ਰੇਤ ਹੋਇਆ ਕਰਦੇ ਨੇ –

***ਕਬੀਰ ਜਾ ਘਰ ਸਾਧ ਨ ਸੇਵੀਅਹਿ ਹਰਿ ਕੀ ਸੇਵਾ ਨਾਹਿ॥***
***ਤੇ ਘਰ ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ॥ ਪੰਨਾ – 1374***

ਸੋ ਇਸ ਤਰ੍ਹਾਂ ਜਿਥੇ ਪ੍ਰਮੇਸ਼ਰ ਦਾ ਪਿਆਰਾ ਹੀ ਨਹੀਂ ਹੈ, ਉਹ ਤਾਂ ਉਜਾੜ ਹੋਇਆ ਕਰਦਾ ਹੈ, ਕਿੱਡਾ ਹੀ ਕਾਰੋਬਾਰ ਹੋਵੇ, ਕਿੰਨਾ ਹੀ ਕੰਮ ਚਲਦਾ ਹੋਵੇ; ਜੇ ਪ੍ਰਮੇਸ਼ਰ ਦਾ ਪਿਆਰ ਨਹੀਂ ਤਾਂ ਉਹ ਉਜਾੜ ਨੇ।

***ਆਗਿ ਲਗਉ ਤਿਹ ਧਉਲਹਰ ਜਿਹ ਨਾਹੀ ਹਰਿ ਕੋ ਨਾਉ॥***
***ਪੰਨਾ – 1365***

ਵੱਡੀਆਂ-ਵੱਡੀਆਂ ਬਿਲਡਿੰਗਾਂ ਨੂੰ ਕਹਿੰਦੇ ਅੱਗ ਲੱਗ ਜਾਵੇ ਜਿਥੇ ਪ੍ਰਮੇਸ਼ਰ ਦਾ ਨਾਮ ਨਹੀਂ ਹੈ। ਕੀ ਨੇ, ਉਹ ਤਾਂ ਭੂਤਾਂ-ਪ੍ਰੇਤਾਂ ਦੇ ਰਹਿਣ ਦਾ ਥਾਂ ਹੈ। ਸੋ ਸਮਾਂ ਲੰਘਦਾ ਗਿਆ, ਬੱਚੀ ਜਵਾਨ ਹੋ ਗਈ। ਬੱਚੀ ਨੂੰ ਦੱਸ ਦਿੱਤਾ ਕਿ ਬੇਟਾ! ਤੇਰੀ ਸ਼ਾਦੀ ਹੈ ਥੋੜ੍ਹੇ ਦਿਨਾਂ ਦੇ ਅੰਦਰ। ਐਨਾ ਕਹਿ ਕੇ ਪਿਤਾ ਦੇ ਨੇਤਰਾਂ ਵਿਚੋਂ ਜਲ ਜਾਣ ਲੱਗ ਗਿਆ। ਲੜਕੀ ਨੇ ਮਹਿਸੂਸ ਕਰਿਆ ਤੇ ਕਿਹਾ, "ਪਿਤਾ ਜੀ! ਕੀ ਗੱਲ ਹੈ? ਕੋਈ ਗਲਤ ਗੱਲ ਹੋ ਗਈ?"

ਕਹਿੰਦੇ, "ਹਾਂ ਬੇਟਾ! ਮੇਰਾ ਮੂੰਹ ਕਹਿ ਨਹੀਂ ਸਕਦਾ।"

ਕਹਿੰਦੀ, "ਕੀ ਹੋਇਆ? ਮੈਨੂੰ ਦੱਸੋ ਤਾਂ ਸਹੀ।"

ਕਹਿੰਦੇ, "ਬੇਟਾ! ਤੇਰੇ ਹਿਰਦੇ ਅੰਦਰ ਗੁਰੂ ਦਾ ਪਿਆਰ ਹੈ। ਗੁਰੂ ਦੇ ਪਿਆਰ ਤੋਂ ਬਗੈਰ ਆਪਾਂ ਜੀਉਂਦੇ ਨਹੀਂ ਰਹਿ ਸਕਦੇ ਪਰ ਜਿਥੇ ਤੇਰਾ ਰਿਸ਼ਤਾ ਹੋਇਆ ਹੈ, ਡੋਲੀ ਜਾਣੀ ਹੈ ਉਹ ਘਰ ਗੁਰੂ ਦਾ ਘਰ ਨਹੀਂ - ਗੁਰੂ ਨਿੰਦਕਾਂ ਦਾ ਘਰ ਹੈ, ਗੁਰੂ ਦੋਖੀਆਂ ਦਾ ਘਰ ਹੈ, ਸਰਵਰੀਆਂ ਦਾ ਘਰ ਹੈ। ਉਨ੍ਹਾਂ ਨੇ ਮੁਕਾਮ ਨੂੰ ਮੱਥਾ ਟਿਕਾਉਣਾ ਹੈ, ਦੀਵੇ ਜਲਾਉਣੇ ਨੇ, ਤੈਨੂੰ ਰੋਟ ਭਰਾਈ ਦਾ ਜੂਠਾ ਕੀਤਾ ਹੋਇਆ ਖਿਲਾਉਣਾ ਹੈ, ਬੇਟਾ! ਮੈਂ ਜਦੋਂ ਇਹ ਸਾਰੀਆਂ ਚੀਜ਼ਾਂ ਦੇਖਦਾ ਹਾਂ, ਉਸ ਵੇਲੇ ਦਿਲ ਮੇਰਾ ਥਿਰ ਨਹੀਂ ਰਹਿੰਦਾ।"

ਲੜਕੀ ਦੇ ਉਤੇ ਵੀ ਬਹੁਤ ਅਸਰ ਹੋਇਆ। ਸੋ ਵਿਆਹ ਦੇ ਦਿਨ ਰੱਖ ਦਿੱਤੇ ਗਏ, ਬਰਾਤ ਆਉਂਦੀ ਹੈ ਤੇ ਬੱਚੀ ਦੇ ਹਰ ਵਕਤ ਚਿਤ ਦੇ ਵਿਚੋਂ ਇਸ ਤਰ੍ਹਾਂ ਦੀ ਅਰਦਾਸ ਨਿਕਲਦੀ ਹੈ -

***ਧਾਰਨਾ - ਨਿਭਾਈਂ ਦਾਤਿਆ, ਸਿੱਖੀ ਸਿਦਕ ਭਰੋਸਾ -2, 2.***
***ਸਿਦਕ ਭਰੋਸਾ, ਸਿੱਖੀ ਸਿਦਕ ਭਰੋਸਾ -2, 2.***
***ਨਿਭਾਈਂ ਦਾਤਿਆ,............ -2.***

***ਸਗਲ ਦੁਆਰ ਕਉ ਛਾਡਿ ਕੈ ਗਹਿਓ ਤੁਹਾਰੋ ਦੁਆਰ॥***
***ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ॥*** ***(ਰਹਿਰਾਸ ਸਾਹਿਬ)***

***ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ॥***
***ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ ਨ ਆਵਹੀ॥*** ***ਪੰਨਾ - 791***

ਵਾਰ-ਵਾਰ ਅਰਦਾਸਾਂ ਕਰਦੀ ਹੈ ਕਿ ਹੇ ਪ੍ਰਭੂ! ਕਿਵੇਂ ਮੈਂ ਤੇਰੇ ਨਾਲੋਂ ਟੁੱਟ ਜਾਵਾਂਗੀ? ਜੋ ਸੀਸ ਤੇਰੇ ਚਰਨਾਂ ਤੇ ਇਕ ਵਾਰੀ ਲੱਗ ਗਿਆ, ਉਹ ਮੈਂ ਮੜ੍ਹੀਆਂ-ਮਸਾਣੀਆਂ ਨੂੰ ਜਾ ਕੇ ਝੁਕਾਵਾਂ? ਹੇ ਪਾਤਿਸ਼ਾਹ! ਕਿਵੇਂ ਹੋਏਗਾ? ਮੈਂ ਗਰੀਬਣੀ ਹਾਂ, ਇਕੱਲੀ ਹੋਵਾਂਗੀ ਓਸ ਪਿੰਡ ਦੇ ਅੰਦਰ, ਓਸ ਘਰ ਦੇ ਅੰਦਰ, ਕੀ ਬਣੂੰ ਮੇਰੇ ਸਿੱਖੀ ਸਿਦਕ ਦਾ? ਹੇ ਪ੍ਰਭੂ! ਤੂੰ ਘਟ-ਘਟ ਦੀ ਜਾਨਣਹਾਰ ਹੈਂ, ਕਿਰਪਾ ਕਰ। ਸ਼ਾਦੀ ਹੋ ਜਾਂਦੀ ਹੈ। ਤਿੰਨ ਦਿਨ ਬਰਾਤ ਰਹੀ, ਬੜੀ ਸੇਵਾ ਕਰੀ।

ਜਾਣ ਵੇਲੇ ਫੇਰ ਪਿਤਾ ਕਹਿੰਦਾ ਹੈ, "ਬੇਟਾ! ਇਹ ਤੇਰਾ ਸੀਸ ਗੁਰੂ ਚਰਨਾਂ ਦੇ ਨਾਲ ਲੱਗ ਕੇ ਪਵਿੱਤਰ ਹੋ ਚੁਕਿਆ ਹੈ, ਦੇਖੀਂ ਕਿਤੇ ਇਹ ਮੁਕਾਮਾਂ ਦੇ ਅੱਗੇ ਨਾ ਝੁਕ ਜਾਵੇ। ਅਰਦਾਸ ਕਰੀਂ ਗੁਰੂ ਸਹਾਇਤਾ ਕਰੇਗਾ। ਜੂਠਾ ਰੋਟ ਨਾ ਖਾਣਾ - ਤੁਰਕ ਦਾ ਜੂਠਾ ਕੀਤਾ ਹੋਇਆ।"

ਕਿਉਂਕਿ ਇਹੀ ਤਰੀਕਾ ਹੁੰਦਾ ਹੈ। ਮੈਂ ਵੀ ਦੇਖਿਆ ਹੈ ਛੋਟੇ ਹੁੰਦੇ ਨੇ। ਸਾਡੇ ਪਿੰਡ (ਧਮੋਟ) ਇਕ ਲਾਲਾਂ ਵਾਲੇ ਦਾ ਮੁਕਾਮ ਬਣਿਆ ਹੋਇਆ ਹੈ, ਉਥੇ ਲੋਕ ਜਾਂਦੇ ਸੀ ਕਿਉਂਕਿ ਅਗਿਆਨਤਾ ਸੀ। ਸਿੱਖੀ ਦਾ ਪ੍ਰਚਾਰ ਕਦੇ ਹੋ ਜਾਂਦਾ ਹੈ, ਕਦੇ ਬਿਲਕੁਲ ਹੀ ਮੱਧਮ ਹੋ ਜਾਂਦਾ ਹੈ, ਖਤਮ ਹੋ ਜਾਂਦਾ ਹੈ। ਜਦੋਂ ਸਿੱਖ ਦਾ ਧਿਆਨ ਹੋਰ ਪਾਸੇ ਹੋ ਜਾਂਦਾ ਹੈ, ਇਹ ਨੇਤਾ ਲੋਕ ਕੁਰਸੀਆਂ ਦੇ ਪਿਛੇ ਪੈ ਕੇ ਸਿੱਖੀ ਦਾ ਪ੍ਰਚਾਰ ਨਹੀਂ ਕਰਦੇ, ਸਿੱਖੀ ਦਾ ਪ੍ਰਚਾਰ ਤਾਂ ਕੁਦਰਤੀ ਮਹਾਰਾਜ ਨੇ ਜਿਨ੍ਹਾਂ ਨੂੰ ਸੌਂਪਿਆ, ਓਹੀ ਕਰ ਰਹੇ ਨੇ - ਨਿਸ਼ਕਾਮ ਹੋ ਕੇ।

ਸੋ ਪਿੰਡਾਂ ਵਿਚ ਸਿੱਖੀ ਨਹੀਂ ਪਹੁੰਚਦੀ, ਨਾ ਸ਼ਹਿਰਾਂ ਵਿਚ ਹੈ। ਸ਼ਹਿਰਾਂ ਵਿਚ ਆਉਂਦੇ ਨੇ ਗੁਰਦਵਾਰੇ ਸਾਰੇ, ਕੀਰਤਨ ਵੀ ਸੁਣਦੇ ਨੇ ਲੇਕਿਨ ਜੇ ਗੱਲ ਪੁਛੋ ਤਾਂ ਕਿਸੇ ਨੂੰ ਨਹੀਂ ਪਤਾ; ਨਾ ਨਾਮ ਜਪਣ ਦਾ, ਨਾ ਕਿਸੇ ਹੋਰ ਗੱਲ ਦਾ। ਹੋਰ ਹੀ ਹੋਰ ਗੱਲਾਂ ਨੇ, ਉਪਰਲੀਆਂ-ਉਪਰਲੀਆਂ, ਚੁਭਵੀਆਂ-ਚੁਭਵੀਆਂ ਗੱਲਾਂ, ਪ੍ਰੀਤ-ਪਿਆਰ ਦੀ ਗੱਲ ਕੋਈ ਨਹੀਂ ਹੈ। ਸੋ ਪਿੰਡ ਦੇ ਲੋਕ ਜਾਂਦੇ ਸੀ,

ਮੰਨਿਆ ਕਰਦੇ ਸੀ। ਇਕ ਵਾਰ ਉਥੇ ਖੜ੍ਹਿਆ ਸੀ, ਛੋਟਾ ਜਿਹਾ ਸੀ ਮੈਂ, ਦੇਖਿਆ ਤਾਂ ਬਹੁਤ ਸਾਰੀਆਂ ਪਾਥੀਆਂ ਲਾ ਕੇ ਉਸ ਦੇ ਵਿਚ ਇਕ ਰੋਟ ਪੱਕ ਰਿਹਾ ਹੈ। ਮੋਟਾ ਸਾਰਾ ਹੈ ਕੋਈ ਤਿੰਨ ਚਾਰ ਉਂਗਲ ਦਾ। ਉਹ ਜਦੋਂ ਪੱਕ ਗਿਆ ਤਾਂ ਸਾਡੇ ਪਿੰਡ ਜੋ ਭਰਾਈ ਸੀ, ਉਹ ਢੋਲ ਵਜਾਈ ਜਾਂਦਾ ਸੀ। ਉਹ ਰੋਟ ਨੂੰ ਉਥੋਂ ਕੱਢ ਕੇ ਲੋਕਾਂ ਨੇ ਪਰਾਤ ਵਿਚ ਪਾ ਲਿਆ, ਵੱਡਾ ਸਾਰਾ ਸੀ, ਸਾਰੇ ਆਲੇ ਦੁਆਲੇ ਗੇੜਾ ਦਿਤਾ ਓਸ ਨੇ, ਚੁਕਿਆ ਤੇ ਇਕ ਪਾਸਿਓਂ ਚੱਕ ਮਾਰਿਆ ਮੂੰਹ ਨਾਲ। ਕਹਿੰਦੇ ਜੀ! ਭੋਗ ਲੱਗ ਗਿਆ ਪੀਰ ਨੂੰ। ਉਹ ਸਾਰਿਆਂ ਨੂੰ ਵੰਡਦੇ ਸੀ। ਸਾਡੇ ਘਰ ਵਿਚ ਸਿਖੀ ਸੀ। ਸਾਨੂੰ ਪਹਿਲਾਂ ਤੋਂ ਹੀ ਪਤਾ ਸੀ ਕਿ ਕਿਸੇ ਦਾ ਪ੍ਰਸ਼ਾਦ ਨਹੀਂ ਲੈਣਾ। ਸੋ ਇਹ ਬੜੀ ਭਾਰੀ ਸਮੱਸਿਆਂ ਸੀ, ਸਾਧ ਸੰਗਤ ਜੀ – ਉਨ੍ਹਾਂ ਦਿਨਾਂ ਵਿਚ।

ਸੋ ਬੀਬੀ ਅਰਦਾਸਾਂ ਕਰਦੀ ਹੈ। ਬਰਾਤ ਆ ਗਈ, ਫੇਰੇ ਹੋਏ ਤੇ ਤਿੰਨ ਦਿਨ ਬਰਾਤ ਰੱਖਣ ਤੋਂ ਬਾਅਦ ਵੱਡੇ ਤੜਕੇ ਬਰਾਤ ਤੋਰੀ ਕਿਉਂਕਿ 'ਤੁਕਲਾਣੀ' ਬੜੀ ਦੂਰ ਸੀ। ਤੁਕਲਾਣੀ ਜਾਣ ਵਾਸਤੇ ਰਸਤੇ ਵਿਚ 'ਡਰੌਲੀ' ਪਿੰਡ ਪੈਂਦਾ ਸੀ ਜਿਸ ਥਾਂ ਤੇ ਗੁਰੂ ਜੀ ਆਏ ਹੋਏ ਸੀ – ਆਪਣੀ ਰਿਸ਼ਤੇਦਾਰੀ ਦੇ ਅੰਦਰ, ਤੇ ਇਹ ਬੀਬੀ ਡੋਲੀ ਵਿਚ ਬੈਠੀ ਜਾ ਰਹੀ ਹੈ, ਅੰਮ੍ਰਿਤ ਵੇਲਾ ਹੈ, ਥੋੜ੍ਹਾ-ਥੋੜ੍ਹਾ ਪਹੁ ਫੁਟਾਲਾ ਹੋਇਆ ਹੈ। ਬਾਕੀ ਬਰਾਤ ਤਾਂ ਅੱਗੇ-ਅੱਗੇ ਜਾ ਰਹੀ ਹੈ ਤੇ ਭਾਈ ਸਾਧੂ ਜਿਸ ਨਾਲ ਇਸ ਦੀ ਸ਼ਾਦੀ ਹੋਈ ਸੀ, ਉਹ ਘੋੜੀ ਤੇ ਚੜ੍ਹਿਆ ਹੋਇਆ ਡੋਲੀ ਤੋਂ ਅੱਗੇ ਅੱਗੇ ਜਾ ਰਿਹਾ ਹੈ। ਕਹਾਰ (ਡੋਲੀ ਚੁੱਕਣ ਵਾਲੇ) ਬੀਬੀ ਦੇ ਪਿੰਡ ਦੇ ਨੇ। ਜਦੋਂ 'ਡਰੌਲੀ' ਆਈ ਤਾਂ 'ਆਸਾ ਜੀ ਦੀ ਵਾਰ' ਦੇ ਕੀਰਤਨ ਹੋ ਰਹੇ ਨੇ। ਉਸ ਕੀਰਤਨ ਦੀ ਆਵਾਜ਼ ਜਦੋਂ ਬੀਬੀ ਦੇ ਕੰਨ ਵਿਚ ਪਈ, ਸਮਝ ਗਈ ਕਿ ਮੇਰੇ ਸਤਿਗੁਰੂ ਪਾਤਿਸ਼ਾਹ ਇਥੇ ਹੀ ਨਿਵਾਸ ਰੱਖਦੇ ਨੇ ਤੇ ਉਨ੍ਹਾਂ ਦੇ ਹਜ਼ੂਰੀ ਕੀਰਤਨੀਆਂ ਵਲੋਂ ਕੀਰਤਨ ਦੀ ਆਵਾਜ਼ ਆ ਰਹੀ ਹੈ ਕਿਉਂਕਿ ਜਾਂਦੇ ਰਹਿੰਦੇ ਸੀ। ਸੋ ਪਛਾਣ ਸੀ ਆਵਾਜ਼ ਦੀ।

ਸੋ ਉਸ ਵੇਲੇ ਕਹਾਰਾਂ ਨੂੰ ਕਹਿਣ ਲੱਗੀ ਕਿ ਦੇਖੋ ਭਾਈ! ਮੈਂ ਹੁਣ ਸਰਵਰੀਆਂ ਦੇ ਘਰ ਚਲੀ ਜਾਣਾ ਹੈ। ਮੁੜ ਕੇ ਗੁਰੂ ਦੇ ਦਰਸ਼ਨ ਹੋਣ ਜਾਂ ਨਾ ਹੋਣ, ਇਹ ਤਾਂ ਵਾਹਿਗੁਰੂ ਜਾਣਦਾ ਹੈ ਤੇ ਮੈਂ ਅੱਜ ਦਰਸ਼ਨ ਕਰਕੇ ਜਾਣਾ ਹੈ। ਸੋ ਤੁਸੀਂ ਮੇਰੀ ਡੋਲੀ ਉਥੇ ਲੈ ਚਲੋ ਜਿਥੇ ਗੁਰੂ ਮਹਾਰਾਜ ਜੀ ਦੇ ਹਜ਼ੂਰ ਦੀਵਾਨ ਲੱਗਿਆ ਹੋਇਆ ਹੈ। ਸੋ ਆਪਣਾ ਕੰਗਣ ਲਾਹਿਆ ਤੇ ਕਹਾਰਾਂ ਨੂੰ ਫੜਾ ਦਿੱਤਾ ਤੇ ਕਹਿਣ ਲੱਗੀ ਕਿ ਲਓ! ਆਹ ਤੁਸੀਂ ਵਰਤ ਲਿਓ ਤੇ ਮੈਨੂੰ ਮਹਾਰਾਜ ਜੀ ਕੋਲ ਲੈ ਚੱਲੋ। ਉਸੇ ਵੇਲੇ ਡੋਲੀ ਦਾ ਰੁਖ ਡਰੌਲੀ ਵੱਲ ਨੂੰ ਕੀਤਾ। ਗਲੀਆਂ ਵਿਚੋਂ ਦੀ ਹੁੰਦੇ ਹੋਏ ਜਿਥੇ ਗੁਰੂ ਮਹਾਰਾਜ ਜੀ ਦਾ ਦੀਵਾਨ ਲੱਗਿਆ ਹੋਇਆ ਸੀ – ਖੁੱਲ੍ਹੀ ਥਾਂ ਤੇ, ਉਥੇ ਪਹੁੰਚ ਜਾਂਦੇ ਨੇ। ਜਾ ਕੇ ਡੋਲੀ ਰੱਖ ਦਿੱਤੀ। ਕੁਝ ਚਾਨਣਾ ਜਿਹਾ ਹੋ ਚੁੱਕਿਆ ਸੀ। ਮਹਾਰਾਜ ਜੀ ਦੇ ਧਿਆਨ ਵਿਚ ਆਈ। ਬੀਬੀ ਦੇ ਵਿਆਹੁਲੇ ਕੱਪੜੇ ਪਾਏ ਹੋਏ ਨੇ, ਡੋਲੀ 'ਚੋਂ ਬੀਬੀ ਨਿਕਲੀ ਤੇ ਬੜੇ ਪਿਆਰ ਨਾਲ ਰੋ-ਰੋ ਕੇ ਨਮਸ਼ਕਾਰ ਕੀਤੀ ਤੇ ਯਥਾ ਸਥਾਨ ਦੇਖ ਕੇ ਆਪ ਬੈਠ ਗਈ। ਉਸ ਤੋਂ ਬਾਅਦ 'ਆਸਾ ਜੀ ਦੀ ਵਾਰ' ਦਾ ਕੀਰਤਨ ਸਮਾਪਤ ਹੋਇਆ। ਮਹਾਰਾਜ ਜੀ ਦੀ ਪਹਿਲੀ ਦ੍ਰਿਸ਼ਟੀ ਬੀਬੀ ਤੇ ਪਈ। ਜਦੋਂ ਬੀਬੀ ਨੇ ਦੇਖਿਆ ਕਿ ਮਹਾਰਾਜ ਜੀ ਮੇਰੇ ਵੱਲ ਹੀ ਦੇਖ ਰਹੇ ਨੇ, ਉਸੇ ਵੇਲੇ ਅੱਖਾਂ 'ਚੋਂ ਧਾਰਾਂ ਚੱਲ ਪਈਆਂ ਹੰਝੂਆਂ ਦੀਆਂ। ਮਹਾਰਾਜ ਜੀ ਨੇ ਕੋਲ ਬੁਲਾ ਲਿਆ।

ਕਹਿਣ ਲੱਗੇ, "ਬੇਟਾ! ਸ਼ਗਨਾਂ ਦੇ ਕੱਪੜੇ ਪਾਏ ਹੋਏ ਨੇ। ਇਸ ਤੋਂ ਪ੍ਰਤੀਤ ਹੁੰਦਾ ਹੈ ਕਿ ਤੂੰ ਡੋਲੀ 'ਚ ਬੈਠੀ ਹੈਂ, ਤੂੰ ਸਸੁਰਾਲ ਨੂੰ ਜਾ ਰਹੀ ਹੈਂ ਤੇ ਐਨੀ ਚਿੰਤਾ ਕਿਸ ਗੱਲ ਦੀ ਹੈ?"

ਕਹਿਣ ਲੱਗੀ, "ਪਾਤਸ਼ਾਹ! ਆਪ ਅੰਤਰਜਾਮੀ ਹੋ, ਸਭ ਜਾਣਦੇ ਹੋ ਜੋ ਕੁਝ ਵੀ ਹੈ। ਆਪ ਤੋਂ ਕੋਈ ਚੀਜ਼ ਭੁੱਲੀ ਹੋਈ ਨਹੀਂ ਹੈ ਪਾਤਸ਼ਾਹ! ਮੇਰਾ ਰਿਸ਼ਤਾ ਮਨਮੁਖਾਂ ਦੇ ਘਰ ਵਿਚ ਹੋ ਗਿਆ, ਸਾਕਤਾਂ ਦੇ ਘਰ ਵਿਚ ਹੋ ਗਿਆ, ਮੇਰੀ ਸਿੱਖੀ ਕਿਵੇਂ ਨਿਭੇਗੀ? ਸੋ ਆਪ ਕਿਰਪਾ ਕਰੋ।"

ਉਸ ਵੇਲੇ ਮਹਾਰਾਜ ਜੀ ਕਹਿਣ ਲੱਗੇ, "ਬੇਟਾ! ਤੇਰੇ ਮੱਥੇ ਦੇ ਲੇਖ ਹੀ ਐਸੇ ਲਿਖੇ ਹੋਏ

ਨੇ। ਤੂੰ ਤਾਂ ਦਰਗਾਹ ਤੋਂ ਐਸੇ ਹੀ ਲੇਖ ਲਿਖਾ ਕੇ ਲਿਆਈ ਹੈਂ –

*ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ॥ ਪੰਨਾ – 74*

ਉਸੇ ਵੇਲੇ ਬੀਬੀ ਨੇ ਮਹਾਰਾਜ ਜੀ ਦੇ ਚਰਨ ਫੜ ਲਏ ਤੇ ਕਹਿਣ ਲੱਗੀ, "ਪਾਤਸ਼ਾਹ! ਓਥੇ ਲਿਖਣ ਵਾਲਾ ਕੌਣ ਹੈ? ਤੇ ਇਥੇ ਲਿਖਣ ਵਾਲਾ ਕੌਣ ਹੈ? ਉਥੇ ਵੀ ਤੁਸੀਂ ਹੀ ਹੋ ਤੇ ਇਥੇ ਵੀ ਤੁਸੀਂ ਹੀ ਹੋ। ਮੈਂ ਤਾਂ ਅੱਜ ਤੱਕ ਸੁਣਦੀ ਆਈ ਹਾਂ ਕਿ ਜਦੋਂ ਸਤਿਸੰਗ ਵਿਚ ਆ ਕੇ ਸੀਸ ਨਿਵਾਓ– ਸ਼ਰਧਾ ਦੇ ਨਾਲ ਤਾਂ ਜਿਹੜੇ ਮਾੜੇ ਲੇਖ ਨੇ, ਦੁਖ ਦੇਣ ਵਾਲੇ ਲੇਖ ਨੇ, ਉਹ ਮਿਟ ਜਾਂਦੇ ਨੇ। ਸਤਿਗੁਰੂ ਸਮਰੱਥ ਹੈ, ਲੇਖ ਮੇਟ ਦਿੰਦਾ ਹੈ।" ਏਸ ਤਰ੍ਹਾਂ ਬੇਨਤੀ ਕਰਦੀ ਹੈ –

*ਧਾਰਨਾ – ਸਤਿਗੁਰ ਜੀ ਮੇਟਦੇ, ਲਿਖੇ ਜੋ ਲੇਖ ਹਰੀ ਨੇ –2, 2.*
*ਲਿਖੇ ਜੋ ਲੇਖ ਹਰੀ ਨੇ –2, 2.*
*ਸਤਿਗੁਰ ਜੀ ਮੇਟਦੇ,.............. –2.*

ਸੋ ਕਹਿਣ ਲੱਗੀ ਕਿ ਪਾਤਸ਼ਾਹ! ਆਪ ਦਾ ਤਾਂ ਫੁਰਮਾਨ ਹੈ ਕਿ –

*ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ॥*
*ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ॥ ਪੰਨਾ – 1252*

ਆਪ ਤਾਂ ਸਮਰੱਥ ਗੁਰੂ ਪ੍ਰਮੇਸ਼ਰ ਹੋ। ਆਪ ਨੇ ਤਾਂ ਆਪਣੇ ਸੰਤਾਂ ਵਿਚ ਇਹ ਤਾਕਤ ਬਖਸ਼ੀ ਹੋਈ ਹੈ ਕਿ ਉਹ ਮੱਥੇ ਦੇ ਲੇਖ ਮੇਟ ਦਿਆ ਕਰਦੇ ਨੇ। ਆਪ ਕਿਰਪਾ ਕਰ ਦਿਓ, ਜੇ ਉਥੇ ਗਲਤ ਲਿਖੇ ਗਏ ਤਾਂ ਇਥੇ ਸਿੱਧੇ ਕਰ ਦਿਓ।

*ਅਪੁਸਟ ਬਾਤ ਤੇ ਭਈ ਸੀਧਰੀ ਦੂਤ ਦੁਸਟ ਸਜਨਈ॥ ਪੰਨਾ – 402*

ਪੁੱਠੀਆਂ ਗੱਲਾਂ ਸਿੱਧੀਆਂ ਹੋ ਜਾਂਦੀਆਂ ਨੇ ਜਦੋਂ ਗੁਰੂ ਦੀ ਕਿਰਪਾ ਹੋ ਜਾਵੇ। ਸੋ ਬੇਨਤੀ ਸੁਣੀ, ਮਹਾਰਾਜ ਜੀ ਗੰਭੀਰ ਹੋ ਗਏ ਤੇ ਫੁਰਮਾਉਣ ਲੱਗੇ –

*ਸ੍ਰੀ ਮੁਖ ਤੇ ਅੰਮ੍ਰਿਤ ਸਮ ਕਹਜੋ।*
*'ਤੇਰੋ ਲੇਖ ਇਸੀ ਬਿਧਿ ਲਹਜੋ। ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ– 3127*

ਬੇਟਾ! ਤੇਰਾ ਲੇਖ ਇਸੇ ਤਰ੍ਹਾਂ ਦਾ ਸੀ।

*ਚਲਿ ਆਈ ਸਤਿ ਸੰਗਤਿ ਸ਼ਰਨੀ। ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ– 3127*

ਹੁਣ ਤੂੰ ਸੰਗਤ ਦੀ ਸ਼ਰਨ ਵਿਚ ਆ ਗਈ। ਸੰਗਤ ਦੀ ਸ਼ਰਨ ਵਿਚ ਜਿਹੜਾ ਵੀ ਆਉਂਦਾ ਹੈ ਉਸ ਦੇ ਮਾੜੇ ਲੇਖ ਮਿਟਣੇ ਸ਼ੁਰੂ ਹੋ ਜਾਂਦੇ ਨੇ।

*ਲਿਖਹਿਂ ਲੇਖ ਅਬਿ ਜਿਉਂ ਸ਼ੁਭ ਕਰਨੀ। ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ– 3127*

ਹੁਣ ਤੇਰੇ ਲੇਖ ਮਿਟ ਗਏ ਤੇ ਸ਼ੁਭ ਹੋ ਗਏ।

*ਸਿੱਖੀ ਦਾਨ ਦੀਨਿ ਹਮ ਤੋਹੀ। ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ– 3127*

ਤੈਨੂੰ ਅਸੀਂ ਸਿੱਖੀ ਦਾ ਦਾਨ ਦੇ ਦਿੱਤਾ।

*ਅਧਿਕ ਸਿੱਖ ਸੁਤ ਤੇਰੋ ਹੋਹੀ। ਸ੍ਰੀ ਗੁਰ ਪ੍ਰਤਾਪ ਸੂਰਜ*

***ਗ੍ਰੰਥ, ਪੰਨਾ- 3127***

ਤੇਰੇ ਘਰ ਦੇ ਅੰਦਰ ਬਹੁਤ ਸਿੱਖੀ ਹੋਏਗੀ।

***ਪਤਿ ਭੀ ਸਿੱਖ ਹੋਇ ਹੈ ਭਲੇ।***
***ਗੁਰ ਸਿੱਖੀ ਕੇ ਮਾਰਗ ਚਲੇ।*** ***ਸ਼੍ਰੀ ਗੁਰ ਪ੍ਰਤਾਪ ਸੂਰਜ***
***ਗ੍ਰੰਥ, ਪੰਨਾ- 3127***

ਜਾਹ! ਤੇਰਾ ਪਤੀ ਵੀ ਸਿੱਖ ਹੋਏਗਾ ਤੇ ਗੁਰਸਿੱਖੀ ਦੇ ਮਾਰਗ ਚਲੇਗਾ। ਏਨੇ ਨੂੰ ਬਰਾਤ ਵਾਲਿਆਂ ਨੇ ਦੇਖਿਆ ਕਿ ਪਿਛੇ ਡੋਲੀ ਨਹੀਂ ਆ ਰਹੀ, ਕਿਥੇ ਚਲੀ ਗਈ ਤੇ ਭਾਈ ਸਾਧੂ ਤੁਰਿਆ ਹੀ ਜਾਂਦਾ ਹੈ, ਪਿਛੇ ਨਹੀਂ ਦੇਖਿਆ, ਬਰਾਤ ਰੁਕੀ ਪਈ ਹੈ, ਆਪ ਘਰ ਪਹੁੰਚ ਗਿਆ। ਉਨ੍ਹਾਂ ਨੇ ਪੁਛਿਆ ਕਿ ਡੋਲੀ?

ਕਹਿੰਦਾ, "ਪਿਛੇ ਆ ਰਹੀ ਸੀ।"

ਕਹਿੰਦੇ, "ਕਿਥੇ ਹੈ ਦਿਖਾ ਤਾਂ?"

ਥੋੜ੍ਹਾ ਦਿਨ ਚੜ੍ਹ ਗਿਆ। ਉਸ ਵੇਲੇ ਕਹਿੰਦੇ, ਜਾਹ! ਘੋੜਾ ਨਠਾ ਕੇ ਦੇਖ ਕਿਥੇ ਹੈ? ਘੋੜਾ ਨਠਾਇਆ ਤਾਂ ਕਿਤੇ ਨਜ਼ਰ ਨਹੀਂ ਆਉਂਦੀ। ਪਿੰਡ ਵਿਚ ਜਦੋਂ ਪਹੁੰਚਿਆ ਤਾਂ ਉਥੇ ਪਤਾ ਲੱਗਿਆ ਕਿ ਏਧਰ ਗੁਰੂ ਦਾ ਦਰਬਾਰ ਲੱਗਿਆ ਹੋਇਆ ਹੈ, ਹਰੀ ਦਾ ਜਸ ਹੋ ਰਿਹਾ ਹੈ ਉਥੇ ਹੈ ਡੋਲੀ। ਏਧਰ ਗੁਰੂ ਮਹਾਰਾਜ ਜੀ ਬਖਸ਼ਿਸ਼ ਕਰ ਰਹੇ ਨੇ ਤੇ ਏਧਰ ਇਹ ਵੀ ਆ ਗਿਆ ਤੇ ਦੇਖਦੀਸਾਰ ਤਰਕ ਨਾ ਕਰ ਸਕਿਆ ਤੇ ਸੀਸ ਨਿਵਾਉਣ ਦਾ ਅੰਦਰ ਉਤਸ਼ਾਹ ਪੈਦਾ ਹੋ ਗਿਆ, ਘੋੜੇ ਤੋਂ ਉਤਰਿਆ ਤੇ ਬੰਨ੍ਹ ਦਿੱਤਾ ਘੋੜੇ ਨੂੰ, ਤੇ ਜਾ ਕੇ ਗੁਰੂ ਮਹਾਰਾਜ ਜੀ ਦੇ ਹਜ਼ੂਰ ਮਸਤਕ ਨਿਵਾ ਦਿੱਤਾ। ਗੁਰੂ ਮਹਾਰਾਜ ਜੀ ਨੇ ਸੀਸ ਤੇ ਹੱਥ ਰੱਖ ਦਿੱਤਾ। ਹੱਥ ਰੱਖਣ ਦੀ ਦੇਰ ਸੀ, ਉਸੇ ਵੇਲੇ ਜਿਹੜੇ ਪੁੱਠੇ ਲੇਖ ਸੀ ਸਾਰੇ ਬਦਲ ਗਏ।

ਕਹਿਣ ਲੱਗੇ, "ਬੇਟਾ! ਇਹ ਬੇਟੀ ਹੈ ਸਾਡੀ, ਗੁਰਸਿੱਖੀ ਦੇ ਵਿਚ ਪਲੀ ਹੈ। ਤੂੰ ਹੁਣ ਗੁਰਸਿੱਖੀ ਧਾਰਨ ਕਰ ਤੇ ਅੱਜ ਤੋਂ ਬਾਅਦ ਓਸ ਮੁਕਾਮ ਨੂੰ ਮੱਥਾ ਨਹੀਂ ਟੇਕਣਾ ਤੇ ਜੂਠਾ ਰੋਟ ਨਹੀਂ ਖਾਣਾ। ਹਿੰਦੂ ਜਾਤ ਹੈ ਤੇਰੀ, ਤੇ ਐਨੀ ਸੁੱਚੀ ਜਾਤ ਹੁੰਦੇ ਹੋਏ ਫੇਰ ਕਿਹੜੇ ਕੰਮ ਵਿਚ ਪੈ ਗਿਆ ਤੂੰ?"

ਸੋ ਇਸ ਤੋਂ ਬਾਅਦ ਆਪ ਜੀ ਨੇ ਕਿਰਪਾ ਕੀਤੀ, ਅਸ਼ੀਰਵਾਦ ਦਿੱਤੀ, ਅਸੀਸ ਦਿੱਤੀ ਤੇ ਓਸੇ ਵੇਲੇ ਉਹ ਡੋਲੀ ਲੈ ਕੇ ਚਲੇ ਜਾਂਦੇ ਨੇ। ਜਦੋਂ ਘਰ ਪਹੁੰਚੇ ਤਾਂ ਤੇਲ ਚੋਇਆ, ਪਾਣੀ ਲਈ ਖੜ੍ਹੇ ਨੇ। ਬੜੇ ਸ਼ਗਨ ਕੀਤੇ ਤੇ ਪਹਿਲਾ ਹੀ ਕੰਮ ਇਹ ਕਰਿਆ ਕਿ ਡੋਲੀ ਉਤਰਦੀ ਨੂੰ ਪਹਿਲਾਂ ਪੀਰ ਦੇ ਮੁਕਾਮ ਤੇ ਮੱਥਾ ਟਿਕਾਇਆ ਜਾਵੇ ਜੋ ਘਰ ਵਿਚ ਬਣਾਇਆ ਹੋਇਆ ਸੀ। ਮੁਖੀ ਸੀ ਓਸ ਸਾਰੀ ਸੰਗਤ ਦੇ, ਤੇ ਜਦੋਂ ਉਥੇ ਲੈ ਕੇ ਗਏ ਤਾਂ ਕਹਿਣ ਲੱਗੇ ਕਿ ਬੀਬਾ! ਇਥੇ ਮੱਥਾ ਟੇਕ। ਭਾਈ ਸਾਧੂ ਨੂੰ ਵੀ ਕਿਹਾ ਕਿ ਤੂੰ ਮੱਥਾ ਕਿਉਂ ਨਹੀਂ ਟੇਕਦਾ। ਤੂੰ ਵਿਆਹ ਕਰਾ ਕੇ ਆਇਆ ਹੈਂ, ਪੀਰ ਨਰਾਜ਼ ਹੋ ਜਾਏਗਾ।

ਕਹਿੰਦਾ, "ਮੈਂ! ਮੈਂ ਜਿਥੇ ਮੱਥਾ ਟੇਕਣਾ ਸੀ ਟੇਕ ਦਿੱਤਾ। ਹੁਣ ਮੈਂ ਇਥੇ ਮੱਥਾ ਨਹੀਂ ਟੇਕਣਾ।"

ਲੱਤ ਮਾਰੀ ਪੀਰ ਦੇ। ਲੋਕ ਕਹਿੰਦੇ, ਓ ਲੋਹੜਾ ਆ ਗਿਆ; ਪੀਰ ਨਰਾਜ਼ ਹੋ ਜਾਏਗਾ, ਸਾਰਾ ਪਿੰਡ ਗਰਕ ਹੋ ਜਾਏਗਾ। ਇਸ ਨੇ ਇਹ ਕੀ ਕਰਿਆ? ਬੜਾ ਸਮਝਾਉਂਦੇ ਨੇ।

ਕਹਿੰਦਾ, "ਨਾ, ਨਹੀਂ ਟੇਕਣਾ। ਮੈਂ ਜਿਥੇ ਟੇਕਣਾ ਸੀ ਟੇਕ ਦਿੱਤਾ। ਹੁਣ ਮੇਰਾ ਮੱਥਾ ਹੋਰ ਥਾਂ ਨਹੀਂ ਨਿਵਣਾ, ਜਿਥੇ ਨਿਵਣਾ ਸੀ ਨਿਵ ਗਿਆ।"

ਸਿੱਖੀ ਆ ਗਈ ਘਰ ਦੇ ਅੰਦਰ। ਸੋ ਮਹਾਰਾਜ ਜੀ ਨੇ ਵਰ ਦਿੱਤਾ ਕਿ ਤੁਹਾਡੇ ਘਰ ਇਕ ਬਹੁਤ ਬੰਦਗੀ ਵਾਲਾ ਪੁੱਤਰ ਪੈਦਾ ਹੋਏਗਾ, ਜਾਓ ਬਖਸ਼ਿਸ਼ਾਂ ਗੁਰੂ ਨਾਨਕ ਸਾਹਿਬ ਦੀਆਂ। ਘਰ ਵਾਲੇ ਨਰਾਜ਼ ਹੋ ਰਹੇ ਨੇ, ਭਾਈਚਾਰਾ ਨਰਾਜ਼ ਹੋ ਰਿਹਾ ਹੈ ਪਰ ਕਿਸੇ ਦੀ ਪਰਵਾਹ ਨਹੀਂ ਕੀਤੀ। ਸਮਾਂ ਬੀਤਦਾ ਗਿਆ, ਸਿੱਖੀ ਆ ਗਈ। ਬਾਣੀ ਦਾ ਪਾਠ ਹੋਣਾ ਸ਼ੁਰੂ ਹੋ ਗਿਆ। ਛੇ ਮਹੀਨੇ ਤੋਂ ਬਾਅਦ ਕਿਰਤ ਕਮਾਈ ਕਰਕੇ ਗੁਰੂ ਦੇ ਦਰਸ਼ਨ ਕਰਨ ਜਾਂਦੇ ਨੇ, ਜਾ ਕੇ ਦਸਵੰਧ ਦਿੰਦੇ ਨੇ। ਵਾਪਸ ਆ ਜਾਂਦੇ ਨੇ ਗੁਰੂ ਦੀ ਸਿਖਿਆ ਲੈ ਕੇ, ਕਮਾਈ ਕਰਦੇ ਨੇ, ਬੰਦਗੀ ਕਰਦੇ ਨੇ, ਅੰਮ੍ਰਿਤ ਵੇਲੇ ਜਾਗਦੇ ਨੇ –

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*
*ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ॥*
*ਪੰਨਾ – 305*

ਸੋ ਪੂਰਾ ਗੁਰਸਿੱਖੀ ਦਾ ਰੰਗ ਲੱਗ ਗਿਆ ਤੇ ਬਹੁਤ ਸੁੰਦਰ ਬੱਚਾ ਪੈਦਾ ਹੋਇਆ। ਮਹਾਰਾਜ ਜੀ ਕੋਲ ਲੈ ਗਏ ਸਾਲ ਬਾਅਦ ਤੇ ਬੇਨਤੀ ਕੀਤੀ ਕਿ ਪਾਤਸ਼ਾਹ! ਇਕ ਸਾਲ ਦਾ ਹੋ ਗਿਆ, ਨਾਮ ਰੱਖੋ।

ਮਹਾਰਾਜ ਜੀ ਕਹਿਣ ਲੱਗੇ, "ਬੜਾ ਰੂਪਵੰਤ ਹੈ ਇਹ ਤਾਂ, ਇਸ ਦਾ ਨਾਮ ਹੀ ਰੂਪ ਚੰਦ ਰੱਖ ਦਿਓ। ਇਹ ਵੱਡਾ ਗੁਰਸਿੱਖ ਹੋਏਗਾ।"

ਸੋ ਹੌਲੀ-ਹੌਲੀ ਬੱਚੇ ਦੀ ਪਰਵ੍ਰਿਸ਼ ਹੋਈ, ਵੱਡਾ ਹੋ ਗਿਆ। ਬਾਣੀ ਦੇ ਨਾਲ ਜੁੜਿਆ ਰਿਹਾ, ਗੁਰੂ ਦੇ ਦਰਸ਼ਨ ਕਰਦਾ ਹੈ, ਗੁਰੂ ਦੇ ਨਾਲ ਪਿਆਰ ਪੈ ਗਿਆ ਸਾਰੇ ਪਰਿਵਾਰ ਦਾ। ਬੱਚੀ ਨੂੰ ਤਾਂ ਪਹਿਲਾਂ ਹੀ ਸੀ, ਹੁਣ ਇਨ੍ਹਾਂ ਨੂੰ ਵੀ ਪਿਆਰ ਹੋ ਗਿਆ। ਅੱਜ ਜੇਠ ਹਾੜ ਦਾ ਮਹੀਨਾ ਹੈ ਲਕੜੀਆਂ ਵੱਢਣ ਵਾਸਤੇ ਜੰਗਲ ਵਿਚ ਜਾਂਦੇ ਨੇ। ਪਿਤਾ ਨੇ ਕਿਹਾ 'ਕੂੰਨ੍ਹੇ' ਦੇ ਵਿਚ ਪਾਣੀ ਲੈ ਚੱਲ। ਉਥੇ ਨੇੜੇ-ਤੇੜੇ ਕਿਤੇ ਪਾਣੀ ਨਹੀਂ ਹੈ। ਮਿੱਸੇ ਪ੍ਰਸ਼ਾਦੇ ਛੱਕ ਲਏ ਤੇ ਪਿਆਸ ਆਪਾਂ ਨੂੰ ਲੱਗਣੀ ਹੈ, ਸੋ ਕੂੰਨਾ ਭਰ ਕੇ ਲੈ ਚੱਲ। ਕੂੰਨ੍ਹਾ ਭਰ ਕੇ ਲੈ ਗਏ ਤੇ ਅੱਗੇ ਜਾ ਕੇ ਦਰਖਤ ਦੇ ਨਾਲ ਟੰਗ ਦਿੱਤਾ ਤੇ ਆਪ ਲੱਕੜਾਂ ਵੱਢਣ ਲੱਗ ਗਏ। ਜਦੋਂ ਨੌ ਕੁ ਵੱਜੇ ਤਾਂ ਪਿਆਸ ਨੇ ਚੰਗਾ ਜ਼ੋਰ ਪਾਇਆ। ਭਾਈ ਸਾਧੂ ਨੇ ਆਪਣੇ ਪੁੱਤਰ ਰੂਪ ਚੰਦ ਨੂੰ ਕਿਹਾ ਕਿ ਬੇਟਾ ਰੂਪੇ! ਜਾਹ ਪਾਣੀ ਲਿਆ, ਪਿਆਸ ਬਹੁਤ ਲੱਗੀ ਹੋਈ ਹੈ। ਆਪ ਹਰ ਵਕਤ ਗੁਰੂ ਦੀ ਹਾਜ਼ਰੀ ਵਿਚ ਰਹਿੰਦੇ ਸੀ। ਜੇ ਕੰਮ ਵੀ ਕਰਦੇ ਨੇ ਤਾਂ ਚਿੱਤ ਗੁਰੂ ਵੱਲ ਰਹਿੰਦਾ ਸੀ। ਇਹ ਨਹੀਂ ਕਿ ਕੰਮ ਵਿਚ ਭੁੱਲ ਜਾਓ। ਕੰਮ ਕਰੋ, ਕੰਮ ਤੋਂ ਗੁਰੂ ਨੇ ਨਹੀਂ ਹਟਾਇਆ ਪਰ ਜਿਹੜੀ ਚੀਜ਼ ਤੋਂ ਹਟਾਇਆ ਹੈ ਉਹ ਇਹ ਹੈ ਕਿ ਕੰਮ ਦੇ ਵਿਚ ਰੁਲੋ ਨਾ; ਜੇ ਰੁਲਦੇ ਹਾਂ ਤਾਂ ਧਿਰਕਾਰ ਹੈ ਉਸ ਕੰਮ ਨੂੰ ਜਿਸ ਦੇ ਵਿਚ ਗੁਰੂ ਭੁੱਲ ਜਾਵੇ। ਗੁਰੂ ਨੂੰ ਯਾਦ ਰੱਖਣਾ ਹੈ। ਗੁਰੂ ਦੀ ਯਾਦ ਰੱਖਣੀ ਕੋਈ ਔਖੀ ਨਹੀਂ, ਏਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ –

*ਧਾਰਨਾ – ਚਿੱਤ ਹਰੀ ਦੇ ਨਾਮ ਨਾਲ ਲਾਈਏ,*
*ਹੱਥੀਂ ਪੈਰੀਂ ਕੰਮ ਕਰੀਏ –2, 2.*
*ਪਿਆਰੇ ਜੀ! ਹੱਥੀਂ ਪੈਰੀਂ ਕੰਮ ਕਰੀਏ –2, 2.*
*ਚਿੱਤ ਹਰੀ ਦੇ ਨਾਮ ਨਾਲ ਲਾਈਏ,.... –2.*

*ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ॥*
*ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥ ਪੰਨਾ – 1375*

ਕੰਮ ਪਿਆਰ ਵਿਚ ਰੁਕਾਵਟ ਪੈਦਾ ਨਹੀਂ ਕਰਦੇ। ਪਿਆਰ ਵਾਲਾ ਬੰਦਾ ਤਾਂ ਦੁੱਗਣਾ ਕੰਮ ਕਰਦਾ ਹੈ ਕਿਉਂਕਿ ਉਸ ਦੇ ਅੰਦਰ ਖੇੜਾ ਹੁੰਦਾ ਹੈ, ਮੁਰਝਾਹਟ ਨਹੀਂ ਹੁੰਦੀ। ਉਸ ਦੇ ਚਿਹਰੇ ਦੇ ਉਤੇ ਖੁਸ਼ੀ ਝਲਕਦੀ ਹੈ, ਹਸੂੰ-ਹਸੂੰ ਚਿਹਰਾ ਕਰਦਾ ਹੈ। ਬੈਰਾਗੀ ਦੇ ਅੰਦਰ ਹੁੰਦੀ ਹੈ ਝੁੰਜਲਾਹਟ। ਵੈਰਾਗ

ਜਿਸ ਨੂੰ ਲਗਦਾ ਹੈ, ਵੈਰਾਗ ਪਹਿਲਾ ਦਰਜਾ ਹੁੰਦਾ ਹੈ। ਪ੍ਰੇਮ ਆਖਰੀ ਦਰਜਾ ਹੁੰਦਾ ਹੈ। ਪ੍ਰੇਮੀ ਦਾ ਤਾਂ ਪੈਰ ਨਹੀਂ ਲਗਦਾ, ਲੂੰ-ਲੂੰ ਦੇ ਵਿਚ ਝਰਨ੍ਹਾਟਾਂ ਛਿੜਦੀਆਂ ਨੇ, ਵੱਧ ਕੰਮ ਕਰਦਾ ਹੈ, ਦੌੜਿਆ ਹੀ ਫਿਰਦਾ ਹੈ। ਸੋ ਇਸ ਤਰ੍ਹਾਂ ਕੰਮ ਕਰ ਰਹੇ ਨੇ। ਕੰਮ ਕਰਦਿਆਂ ਨੂੰ ਪਿਆਸ ਲਗਦੀ ਹੈ। ਪੁੱਤਰ ਨੂੰ ਕਿਹਾ ਕਿ ਬੇਟਾ! ਪਿਆਸ ਬੜੀ ਲੱਗੀ ਹੈ। ਉਹ ਜਲ ਨੂੰ ਜਾ ਕੇ ਛੂੰਹਦਾ ਹੈ। ਹੱਥ ਲਾਇਆ ਤਾਂ ਐਨਾ ਠੰਢਾ ਪਾਣੀ; ਗੁਰੂ ਤਾਂ ਪਹਿਲਾਂ ਹੀ ਹਿਰਦੇ ਦੇ ਅੰਦਰ ਹੈ; ਕਹਿਣ ਲੱਗਿਆ ਕਿ ਇਹ ਪਾਣੀ ਤਾਂ ਸਾਡੇ ਪੀਣ ਵਾਲਾ ਨਹੀਂ ਹੈ, ਇਹ ਤਾਂ ਮੇਰੇ ਸਤਿਗੁਰੂ ਦੇ ਪੀਣ ਵਾਲਾ ਹੈ। ਓਵੇਂ-ਜਿਵੇਂ ਹੱਥ ਲਾ ਕੇ ਵਾਪਸ ਆ ਗਏ। ਸਾਧ ਸੰਗਤ ਜੀ! ਪਿਆਰ ਦੀ ਰੀਤ ਜੋ ਹੈ, ਉਹ ਨਿਆਰੀ ਹੋਇਆ ਕਰਦੀ ਹੈ। ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਜੇ ਪਿਆਰ ਕਰਨਾ ਨਹੀਂ ਆਉਂਦਾ ਤਾਂ ਸਿੱਖ ਲੈ ਇਨ੍ਹਾਂ ਚੀਜ਼ਾਂ ਤੋਂ, ਏਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਸਬਕ ਪ੍ਰੇਮ ਦਾ, ਪੜ੍ਹ ਲੈ ਪਤੰਗੇ ਕੋਲੋਂ -2, 2.***
***ਪੜ੍ਹ ਲੈ ਪਤੰਗੇ ਕੋਲੋਂ -2, 2.***
***ਸਬਕ ਪ੍ਰੇਮ ਦਾ, .............. -2.***

***ਦਰਸਨੁ ਦੇਖਿ ਪਤੰਗ ਜਿਉ ਜੋਤੀ ਜੋਤਿ ਸਮਾਵੈ।***
***ਸਬਦ ਸੁਰਤਿ ਲਿਵ ਮਿਰਗ ਜਿਉ ਅਨਹਦ ਲਿਵ ਲਾਵੈ।***
***ਸਾਧ ਸੰਗਤਿ ਵਿਚਿ ਮੀਨੁ ਹੋਇ ਗੁਰਮਤਿ ਸੁਖ ਪਾਵੈ।***
***ਚਰਣ ਕਵਲ ਚਿਤਿ ਭਵਰੁ ਹੋਇ ਸੁਖ ਰੈਣਿ ਵਿਹਾਵੈ।***
***ਗੁਰ ਉਪਦੇਸੁ ਨ ਵਿਸਰੈ ਬਾਬੀਹਾ ਧਿਆਵੈ।***
***ਪੀਰ ਮੁਰੀਦਾਂ ਪਿਰਹੜੀ ਦੁਬਿਧਾ ਨ ਸੁਖਾਵੈ॥ ਭਾਈ ਗੁਰਦਾਸ ਜੀ ਦੀ ਵਾਰ 27/14***

ਕਹਿੰਦੇ, ਜੇ ਪਿਆਰ ਕਰਨ ਦਾ ਸਬਕ ਸਿਖਣਾ ਹੈ ਤਾਂ ਸਿਖ ਲੈ ਕਿ –

***ਦਰਸਨੁ ਦੇਖਿ ਪਤੰਗ ਜਿਉ ਜੋਤੀ ਜੋਤਿ ਸਮਾਵੈ॥ ਭਾਈ ਗੁਰਦਾਸ ਜੀ ਦੀ ਵਾਰ 27/14***

ਅਸੀਂ ਵੀ ਦਰਸ਼ਨ ਕਰਦੇ ਹਾਂ ਗੁਰੂ ਦਾ; ਜੋਤ ਦੇ ਵਿਚ ਤਾਂ ਕੀ ਸਮਾਉਣਾ ਹੈ ਅਸੀਂ ਤਾਂ ਮਾਮੂਲੀ ਹੁਕਮ ਵੀ ਨਹੀਂ ਮੰਨਦੇ ਉਨ੍ਹਾਂ ਦੇ। ਪਤੰਗਾ ਕਹਿੰਦੇ ਦੇਰ ਨਹੀਂ ਲਾਉਂਦਾ, ਇਕ ਦਮ ਲੋਅ ਦੇ ਵਿਚ ਸਮਾਅ ਜਾਂਦਾ ਹੈ। ਗੁਰੂ ਦੀ ਗੋਦ ਵਿਚ ਸਮਾਅ ਜਾਂਦਾ ਹੈ ਤੇ ਆਪਣੀ ਮਨਮਤਿ ਛੱਡ ਦਿੰਦਾ ਹੈ। ਕੋਈ ਫੁਰਨਾ, ਕੋਈ ਤਰਕ ਨਹੀਂ ਰੱਖਦਾ। ਕਹਿੰਦੇ ਜੇ ਪਿਆਰ ਕਰਨਾ ਹੈ ਗੁਰੂ ਦੇ ਨਾਲ, ਫੇਰ ਛੱਡ ਦੇ ਆਪਣੇ ਫੁਰਨੇ ਤੇ ਗੁਰੂ ਦੀ ਮਤਿ ਦੇ ਵਿਚ ਸਮਾਅ ਜਾ –

***ਸਬਦ ਸੁਰਤਿ ਲਿਵ ਮਿਰਗ ਜਿਉ...........॥ ਭਾਈ ਗੁਰਦਾਸ ਜੀ ਦੀ ਵਾਰ 27/14***

ਜੇ ਬੈਠਦਾ ਹੈ, ਸ਼ਬਦ-ਸੁਰਤਿ ਨਾਲ ਨਾਮ ਜਪਣ ਲਗਦਾ ਹੈ, ਫੇਰ ਕਹਿੰਦਾ ਹੈ ਕਿ ਮੇਰਾ ਮਨ ਨਹੀਂ ਟਿਕਦਾ, ਦੌੜਦਾ ਹੈ ਭੱਜਦਾ ਹੈ। ਤੂੰ ਤਾਂ ਅਜੇ ਸਿਖਿਆ ਹੀ ਨਹੀਂ। ਪੜ੍ਹ ਲੈ ਮਿਰਗ ਤੋਂ। ਜਦੋਂ ਇਕ ਵਾਰੀ ਉਸ ਨੂੰ ਅਵਾਜ਼ ਸੁਣ ਗਈ – 'ਘੰਡੇਹੇੜੇ' ਦੀ, ਫੇਰ ਸਾਰੇ ਫੁਰਨੇ ਛੱਡ ਦਿੰਦਾ ਹੈ। ਨਹੀਂ ਦੇਖਦਾ ਕਿ ਅੱਗੇ ਸ਼ਿਕਾਰੀ ਖੜ੍ਹੇ ਨੇ ਜਾਂ ਅੱਗੇ ਕੁੱਤੇ ਖੜ੍ਹੇ ਨੇ, ਮੈਨੂੰ ਫੜ ਲੈਣਗੇ; ਸਿੱਧਾ ਹੀ ਉਸ ਦੇ ਵਿਚ ਲਿਵਲੀਨ ਹੋ ਕੇ ਪਹੁੰਚ ਜਾਇਆ ਕਰਦਾ ਹੈ। ਇਸੇ ਤਰ੍ਹਾਂ ਜੇ ਤੂੰ ਬੰਦਗੀ ਕਰਦਾ ਹੈਂ ਪ੍ਰੇਮੀਆਂ! ਨਾਮ ਜਪਦਾ ਹੈਂ, ਆਪਣੇ ਪਿਆਰੇ ਨੂੰ ਪਿਆਰ ਕਰਦਾ ਹੈਂ, ਫੇਰ ਮਿਰਗ ਵਾਂਗ ਕਰ। ਇਕ ਵਾਰੀ ਉਸ ਦਾ ਧਿਆਨ ਆ ਗਿਆ, ਫੇਰ ਨਾ ਕੋਈ ਹੋਰ ਫੁਰਨਾ ਆਵੇ –

***ਸਬਦ ਸੁਰਤਿ ਲਿਵ ਮਿਰਗ ਜਿਉ ਅਨਹਦ ਲਿਵ ਲਾਵੈ॥***
***ਭਾਈ ਗੁਰਦਾਸ ਜੀ ਦੀ ਵਾਰ 27/14***

ਨਾਮ ਦੀ ਧੁਨ ਵਿਚ ਲਿਵ ਲਾ ਲੈ ਫੇਰ, ਫੇਰ ਨਾ ਆਪਣੀ ਸੁਰਤ ਨੂੰ ਕੱਢ।

***ਸਾਧ ਸੰਗਤਿ ਵਿਚਿ ਮੀਨੁ ਹੋਇ............॥*** ***ਭਾਈ ਗੁਰਦਾਸ ਜੀ ਦੀ ਵਾਰ 27/14***

ਸੰਗਤ ਵਿਚ ਬੈਠਾ ਹੈਂ ਤਾਂ ਮੱਛੀ ਵਾਂਗ ਹੋ ਜਾ। ਜੇ ਵਿਛੜ ਗਿਆ, ਉਠ ਗਿਆ, ਏਧਰ-ਓਧਰ ਨੂੰ ਝਾਕ ਲਿਆ ਤਾਂ ਇਸ ਤਰ੍ਹਾਂ ਸਮਝ ਕਿ -

***ਜਿਉ ਮਛੁਲੀ ਬਿਨ ਪਾਣੀਐ ਕਿਉ ਜੀਵਣੁ ਪਾਵੈ॥*** ***ਪੰਨਾ - 708***

ਮੇਰੀ ਮੌਤ ਹੋ ਜਾਏਗੀ, ਲੀਨ ਹੋ ਜਾ ਸੰਗਤ ਦੇ ਅੰਦਰ, ਸੰਗਤ ਨੂੰ ਨਾ ਛੱਡ। ਜਦੋਂ ਮਹਾਰਾਜ ਜੀ ਸੁਖ ਆਸਣ ਹੋ ਜਾਣਗੇ, ਅਰਦਾਸ ਹੋ ਜਾਏਗੀ ਫੇਰ ਜਾਓ ਭਾਈ। ਪਹਿਲਾਂ ਹੀ ਨਾ ਤੁਰ ਪਉ, ਘੜੀਆਂ ਨਾ ਦੇਖੋ। ਜੇ ਪਿਆਰ ਕਰਨਾ ਹੈ ਤਾਂ ਮੱਛੀ ਵਾਂਗ ਕਰੋ ਸਤਿਸੰਗ ਨੂੰ -

***ਸਾਧ ਸੰਗਤਿ ਵਿਚ ਮੀਨ ਹੋਇ ਗੁਰਮਤਿ ਸੁਖ ਪਾਵੈ॥***
***ਚਰਣ ਕਮਲ ਚਿਤਿ ਭਵਰੁ ਹੋਇ..............॥***
***ਭਾਈ ਗੁਰਦਾਸ ਜੀ ਦੀ ਵਾਰ 27/14***

ਤੇ ਭੰਵਰੇ ਵਾਂਗ ਚਰਨਾਂ ਦਾ ਧਿਆਨ ਧਰ-

***ਗੁਰ ਕੀ ਮੂਰਤਿ ਮਨ ਮਹਿ ਧਿਆਨੁ॥*** ***ਪੰਨਾ - 864***

ਜਿਵੇਂ ਭੰਵਰੇ ਨੇ ਧਿਆਨ ਧਰਿਆ ਹੋਇਆ ਹੈ, ਏਸ ਤਰ੍ਹਾਂ ਧਿਆਨ ਧਰ -

***................ ਸੁਖ ਰੈਣਿ ਵਿਹਾਵੈ॥*** ***ਭਾਈ ਗੁਰਦਾਸ ਜੀ ਦੀ ਵਾਰ 27/14***

ਸਾਰੀ ਰਾਤ ਉਸ ਦੇ ਵਿਚ ਹੀ ਰਹਿੰਦਾ ਹੈ।

***ਗੁਰ ਉਪਦੇਸੁ ਨ ਵਿਸਰੈ ਬਾਬੀਹਾ ਧਿਆਵੈ।*** ***ਭਾਈ ਗੁਰਦਾਸ ਜੀ ਦੀ ਵਾਰ 27/14***

ਬਬੀਹਾ ਬੱਦਲ ਨੂੰ ਦੇਖ ਲੈਂਦਾ ਹੈ, ਪਿਰਹੁੰ-ਪਿਰਹੁੰ ਦਿਨ ਰਾਤ ਕਰੀਂ ਜਾਂਦਾ ਹੈ। ਕਹਿੰਦੇ ਐਸ ਤਰ੍ਹਾਂ ਧਿਆਨ ਧਰ, ਗੁਰੂ ਦੇ ਉਪਦੇਸ਼ ਨੂੰ ਵਿਸਰ ਨਾ। ਓਸ ਨੂੰ ਭੁਲਿਆ ਹੀ ਰਹਿੰਦਾ ਹੈ -

***ਪੀਰ ਮੁਰੀਦਾਂ ਪਿਰਹੜੀ ਦੁਬਿਧਾ ਨ ਸਖਾਵੈ॥*** ***ਭਾਈ ਗੁਰਦਾਸ ਜੀ ਦੀ ਵਾਰ 27/14***

ਜਿਥੇ ਪਿਆਰ ਹੁੰਦਾ ਹੈ ਉਥੇ ਦੁਬਿਧਾ ਨਹੀਂ ਹੋਇਆ ਕਰਦੀ। ਸੋ ਇਸ ਤਰ੍ਹਾਂ ਕਹਿੰਦੇ ਜੇ ਸਿੱਖਣਾ ਹੈ ਤੂੰ ਪਿਆਰ ਤਾਂ ਬਬੀਹੇ ਦੇ ਪਾਸੋਂ ਸਿੱਖ, ਪਤੰਗੇ ਦੇ ਪਾਸੋਂ ਸਿੱਖ, ਮੱਛੀ ਤੋਂ ਸਿੱਖ।

ਇਤਿਹਾਸ ਵਿਚ ਐਸਾ ਜ਼ਿਕਰ ਆਉਂਦਾ ਹੈ ਕਿ ਗੁਰਦਾਸ ਨੰਗਲ ਦੀ ਗੜ੍ਹੀ ਦੇ ਅੰਦਰ ਬੰਦਾ ਸਿੰਘ ਬਹਾਦਰ ਨੂੰ ਘੇਰਿਆ ਹੋਇਆ ਹੈ, ਬੜਾ ਭਾਰਾ ਯੁੱਧ ਹੋ ਰਿਹਾ ਹੈ। ਕਈ ਮਹੀਨੇ ਘੇਰਾ ਪਏ ਨੂੰ ਹੋ ਗਏ ਤਾਂ ਐਸਾ ਛਲ ਕਰਿਆ ਕਿ ਕੁਝ ਸਿੰਘਾਂ ਨੂੰ ਪਾੜ ਲਿਆ। ਆਪਸ ਵਿਚ ਦੋ ਰਾਇਆਂ ਹੋ ਗਈਆਂ - ਇਕ ਤਾਂ ਕਹਿੰਦੇ ਕਿਲ੍ਹਾ ਛੱਡ ਚੱਲੀਏ, ਦੂਜੇ ਕਹਿੰਦੇ ਕਿ ਨਹੀਂ, ਆਖਰੀ ਦਮ ਤੱਕ ਇਥੇ ਹੀ ਡਟਣਾ ਹੈ। ਕਿਲ੍ਹਾ ਛੱਡਿਆਂ ਤੋਂ ਵੈਰੀ ਨੇ ਨਹੀਂ ਛੱਡਣਾ। ਉਹ ਕਹਿੰਦੇ ਕਿ ਨਹੀਂ, ਉਨ੍ਹਾਂ ਨੇ ਵਾਅਦੇ ਕੀਤੇ ਨੇ ਕਿ ਤੁਹਾਨੂੰ ਜਗੀਰਾਂ ਦਿੱਤੀਆਂ ਜਾਣਗੀਆਂ, ਫੌਜ ਵਿਚ ਰੱਖਿਆ ਜਾਏਗਾ, ਫੌਜ

ਇਸੇ ਤਰ੍ਹਾਂ ਰੱਖ ਸਕਦੇ ਹੋ। ਸਾਰੀਆਂ ਸ਼ਰਤਾਂ ਮੰਨਦੇ ਨੇ ਸਾਡੀਆਂ ਤੇ ਫੇਰ ਸਾਨੂੰ ਵੀ ਮੰਨਣੀਆਂ ਚਾਹੀਦੀਆਂ ਨੇ। ਦੂਸਰੇ ਕਹਿਣ ਲੱਗੇ ਕਿ ਇਹ ਸ਼ਰਤਾਂ ਤਾਂ ਗੁਰੂ ਦਸਮੇਸ਼ ਪਿਤਾ ਨਾਲ ਵੀ ਕੀਤੀਆਂ ਸਨ। ਕਿਲ੍ਹਾ ਛਡਦੀ ਸਾਰ ਹੱਲਾ ਕਰਕੇ ਕਿੰਨਾ ਬੁਰਾ ਹਾਲ ਕਰਿਆ। ਮਾਤਾਵਾਂ ਕਿਸੇ ਥਾਂ ਚਲੀਆਂ ਗਈਆਂ, ਛੋਟੇ ਸਾਹਿਬਜ਼ਾਦੇ ਕਿਤੇ ਚਲੇ ਗਏ, ਵੱਡੇ ਸ਼ਹੀਦ ਹੋ ਗਏ, ਦਰਿਆ ਦੇ ਵਿਚੋਂ ਸਿੰਘ ਲੰਘ ਨਾ ਸਕੇ। ਕਿਸੇ ਦਾ ਮੂੰਹ ਕਿਧਰ ਨੂੰ ਹੋ ਗਿਆ, ਕਿਸੇ ਦਾ ਕਿੱਧਰ ਨੂੰ ਹੋ ਗਿਆ। ਜੋ ਬਹੁਤ ਮਿਹਨਤ ਦੇ ਨਾਲ ਮਹਾਰਾਜ ਜੀ ਨੇ ਸਾਹਿਤ ਤਿਆਰ ਕਰਵਾਇਆ ਸੀ – ਇਕ ਸੌ ਦੋ ਲਿਖਾਰੀਆਂ ਤੋਂ, ਉਹ ਸਾਰਾ ਖੁਰਦ ਬੁਰਦ ਹੋ ਗਿਆ, ਸਰਸਾ ਨਦੀ ਵਿਚ ਰੁੜ੍ਹ ਗਿਆ।

ਉਸ ਵੇਲੇ ਐਨੀ ਖਲਾਫਤ ਵਧੀ, ਤੂੰ ਤੂੰ, ਮੈਂ ਮੈਂ ਤੇ ਆ ਗਏ, ਅਖੀਰ ਤਲਵਾਰਾਂ ਚੱਲ ਪਈਆਂ। ਇਕ ਦਲ ਨਿਕਲ ਗਿਆ ਜਿਸ ਨੂੰ 'ਤੱਤ ਖਾਲਸਾ' ਕਹਿੰਦੇ ਸੀ, ਦੂਸਰੇ ਰਹਿ ਗਏ ਉਥੇ। ਬੜਾ ਭਾਰੀ ਯੁੱਧ ਹੋਇਆ ਤੇ ਉਸ ਤੋਂ ਬਾਅਦ ਭੁੱਖੇ, ਜਦੋਂ ਤੁਰਨ ਫਿਰਨ ਤੋਂ ਵੀ ਰਹਿ ਗਏ, ਉਸ ਵੇਲੇ ਫੈਸਲਾ ਹੋਇਆ ਕਿ ਸ੍ਰੀ ਸਾਹਿਬਾਂ ਖਿੱਚ ਕੇ ਸ਼ਹੀਦੀ ਪ੍ਰਾਪਤ ਕਰੀਏ ਪਰ ਹੱਥ ਨਹੀਂ ਆਉਣਾ। ਉਸ ਵੇਲੇ ਕਿਲ੍ਹੇ ਤੋਂ ਬਾਹਰ ਆਏ, ਦਰਵਾਜ਼ੇ ਖੋਲ੍ਹ ਦਿਤੇ, ਬੜਾ ਭਾਰਾ ਯੁੱਧ ਹੋਣ ਤੋਂ ਬਾਅਦ ਬੇਅੰਤ ਬੰਦੇ ਮਾਰੇ ਗਏ ਤੇ ਬੰਦਾ ਸਿੰਘ ਬਹਾਦਰ ਸਮੇਤ ਚਾਰ ਸੌ ਸਿੰਘ ਗ੍ਰਿਫਤਾਰ ਕਰ ਲਏ। ਉਸ ਵੇਲੇ ਬੜੀਆਂ ਖੁਸ਼ੀਆਂ ਮਨਾਈਆਂ ਗਈਆਂ, ਦਿੱਲੀ ਨੂੰ ਕਾਫਲਾ ਤੋਰ ਲਿਆ। ਗੱਡਿਆਂ ਦੇ ਉਤੇ ਸਿੰਘ ਬਿਠਾ ਲਏ, ਕਾਲੇ ਮੂੰਹ ਕਰ ਦਿੱਤੇ, ਸਿਰਾਂ ਦੇ ਉਤੇ ਕਾਗਜ਼ਾਂ ਦੀਆਂ ਟੋਪੀਆਂ ਬਣਾ ਕੇ ਲਾ ਦਿੱਤੀਆਂ, ਹੱਥ ਪੈਰ ਬੰਨ੍ਹ ਦਿੱਤੇ, ਜਲੂਸ ਨਿਕਲਦਾ ਜਾਂਦਾ ਹੈ। ਸਾਧ ਸੰਗਤ ਜੀ! ਪਿਆਰ ਦਾ ਸਬਕ ਪਕਾਉਣਾ ਸੁਖਾਲਾ ਨਹੀਂ ਹੁੰਦਾ।

ਇਸ ਨੂੰ ਤਾਂ ਮਹਾਰਾਜ ਜੀ ਨੇ ਬਹੁਤ ਔਖਾ ਦੱਸਿਆ ਹੈ –

***ਧਾਰਨਾ – ਡੇਰਾ ਨੀ ਜਿੰਦੇ, ਸਿਰ ਤੋਂ ਪਰ੍ਹੇ ਹੈ ਪ੍ਰੇਮ ਦਾ -2, 2.***
***ਪਰ੍ਹੇ ਹੈ ਪ੍ਰੇਮ ਦਾ ਡੇਰਾ – 4 2.***
***ਡੇਰਾ ਨੀ ਜਿੰਦੇ,.............. -2.***

***ਜਉ ਤਉ ਪ੍ਰੇਮ ਖੇਲਣ ਕਾ ਚਾਉ॥***
***ਸਿਰੁ ਧਰਿ ਤਲੀ ਗਲੀ ਮੇਰੀ ਆਉ॥***
***ਇਤੁ ਮਾਰਗਿ ਪੈਰੁ ਧਰੀਜੈ॥***
***ਸਿਰ ਦੀਜੈ ਕਾਣਿ ਨ ਕੀਜੈ॥***
***ਪੰਨਾ – 1412***

ਜਲੂਸ ਕੱਢਿਆ ਹੋਇਆ ਹੈ। ਸਿੰਘ ਬਾਣੀ ਪੜ੍ਹਦੇ ਜਾ ਰਹੇ ਨੇ। ਕਿਸੇ ਨੂੰ ਕੋਈ ਸ਼ਿਕਵਾ ਨਹੀਂ ਹੈ, ਗੁਰੂ ਦੇ ਪਿਆਰ ਵਿਚ ਨੇ। ਪਤਾ ਹੈ ਕਿ ਸ਼ਹੀਦੀਆਂ ਹੋ ਜਾਣੀਆਂ ਨੇ। ਸੋ ਦਿੱਲੀ ਨੂੰ ਚਲੇ ਗਏ। ਸਿੰਘਾਂ ਨੂੰ, ਜਿਹੜੇ ਜਥੇਦਾਰ ਸੀ, ਪਿੰਜਰਿਆਂ ਵਿਚ ਬੰਦ ਕਰ ਦਿੱਤਾ। ਸਾਰਿਆਂ ਤੋਂ ਪਿਛੇ ਬੰਦਾ ਬਹਾਦਰ ਪਿੰਜਰੇ ਵਿਚ ਬੰਦ ਹੈ, ਨਾਲ ਘਰਵਾਲੀ ਹੈ ਤੇ ਇਕ ਬੱਚਾ ਹੈ। ਕੋਈ ਮੁਕੱਦਮਾ ਨਹੀਂ, ਕੋਈ ਸੁਣਾਈ ਨਹੀਂ ਹੈ ਤਾਂ ਉਸ ਵੇਲੇ ਇਕੋ ਹੀ ਗੱਲ ਕਹੀ ਜਾਂਦੀ ਹੈ ਕਿ ਜੇ ਬਚਣਾ ਚਾਹੁੰਦੇ ਹੋ ਤਾਂ ਇਸਲਾਮ ਦੇ ਵਿਚ ਆ ਜਾਓ, ਨਹੀਂ ਤਾਂ ਮਰਨ ਵਾਸਤੇ ਤਿਆਰ ਹੋ ਜਾਓ। ਖਾਫੀ ਖਾਨ ਲਿਖਦਾ ਹੈ ਕਿ ਅੱਡਾ ਗੱਡ ਲਿਆ ਗਿਆ, ਸੌ ਸੌ ਸਿੰਘ ਰੋਜ਼ ਲਿਆਉਂਦੇ ਨੇ, ਇਕੱਲੇ ਇਕੱਲੇ ਨੂੰ ਪੁਛਦੇ ਨੇ, ਵਧ ਚੜ੍ਹ ਕੇ ਛਾਲਾਂ ਮਾਰਦੇ ਜਾਂਦੇ ਨੇ। ਉਸ ਵੇਲੇ ਇਕ ਬੱਚਾ ਆ ਗਿਆ ਤਾਂ ਉਸ ਦੀ ਮਾਂ ਪਿਛੇ ਪਿਛੇ ਨਾਲ ਹੀ ਤੁਰੀ ਆਉਂਦੀ ਹੈ ਓਸ ਦੇ, ਨਾਲ ਹੀ ਘਰਵਾਲੀ ਹੈ ਉਸ ਦੀ। ਲਿਖਦੇ ਨੇ ਕਿ ਮਾਂ ਨੇ ਬਾਦਸ਼ਾਹ ਕੋਲ ਆ ਕੇ ਬਹੁਤ ਫਰਿਆਦ ਕਰੀ। ਕੋਈ ਸੁਣਵਾਈ ਨਾ ਹੋਈ ਤਾਂ ਇਕ ਦਿਨ

ਫਰਖਸੀਅਰ ਜਾ ਰਿਹਾ ਸੀ ਬਜ਼ਾਰ ਦੇ ਵਿਚ ਹਾਥੀ ਤੇ, ਤਾਂ ਇਹ ਉਸ ਦੇ ਅੱਗੇ ਗਿਰ ਗਈ। ਪੁਛਿਆ ਉਸ ਨੇ ਕਿ ਮਾਈ ਨੂੰ ਕੀ ਤਕਲੀਫ ਹੈ। ਉਹ ਕਹਿਣ ਲੱਗੀ, "ਬਾਦਸ਼ਾਹ ਸਲਾਮਤ! ਮੇਰਾ ਪੁੱਤਰ ਜਿਹੜਾ ਸੀ, ਇਕ ਵਾਰੀ ਸਿੱਖਾਂ ਨੇ ਸਾਡੇ ਪਿੰਡ ਤੇ ਹੱਲਾ ਕਰਿਆ ਤਾਂ ਉਹ ਮੇਰੇ ਪੁੱਤਰ ਨੂੰ ਫੜ ਕੇ ਲੈ ਗਏ, ਉਨ੍ਹਾਂ ਨੇ ਸਿੰਘ ਬਣਾ ਦਿੱਤਾ ਤੇ ਕਿਸੇ ਤਰੀਕੇ ਦੇ ਨਾਲ ਮੈਂ ਵਾਪਸ ਘਰ ਲੈ ਕੇ ਆਈ ਤੇ ਹੁਣ ਇਸ ਦੀ ਸ਼ਾਦੀ ਹੋਈ ਹੈ। ਆਹ ਮੇਰੀ ਨੂੰਹ ਮੇਰੇ ਨਾਲ ਹੈ, ਇਸ ਦਾ ਤਾਂ ਅਜੇ ਕੰਗਣਾ ਵੀ ਨਹੀਂ ਖੋਲ੍ਹਿਆ, ਅੰਦਰ ਵੀ ਨਹੀਂ ਗਈ ਤੇ ਤੇਰੇ ਸਿਪਾਹੀ ਉਸ ਨੂੰ ਫੜ ਲਿਆਏ।"

ਹੁਕਮ ਦੇ ਦਿੱਤਾ ਕਿ ਪਰਵਾਨਾ ਲਿਖੋ ਤੇ ਉਸ ਬੱਚੇ ਨੂੰ ਛੱਡ ਦਿਓ। ਉਥੇ ਆ ਜਾਂਦੀ ਹੈ ਜਿਥੇ ਸਿੰਘ ਸ਼ਹੀਦ ਕਰੇ ਜਾ ਰਹੇ ਨੇ। ਉਥੇ ਪਹੁੰਚੀ ਤਾਂ ਜਲਾਦ ਨੇ ਤਲਵਾਰ ਉਚੀ ਕਰੀ ਹੋਈ ਹੈ ਤੇ ਏਸ ਬੱਚੇ ਨੇ ਗਰਦਨ ਨੀਵੀਂ ਕਰੀ ਹੋਈ ਹੈ, ਇਕ ਸਕਿੰਟ ਦਾ ਫਰਕ ਹੈ, ਉਸੇ ਵੇਲੇ ਉਚੀ ਉਚੀ ਬੋਲ ਪਈ ਕਿ ਇਸ ਨੂੰ ਨਾ ਮਾਰੋ, ਇਹ ਸਿੱਖ ਨਹੀਂ ਹੈ, ਇਹ ਪਰਵਾਨਾ ਹੈ ਮੇਰੇ ਕੋਲ। ਜਲਾਦ ਰੁਕ ਗਏ, ਵੱਡੇ ਅਫਸਰ ਨੂੰ, ਜੋ ਉਥੇ ਸੀ, ਦਿਖਾਇਆ। ਏਨੇ ਨੂੰ ਫਰਖਸੀਅਰ ਵੀ ਆ ਕੇ ਬੈਠ ਗਿਆ। ਹੁਕਮ ਦੇ ਦਿੱਤਾ ਕਿ ਇਸ ਨੂੰ ਛੱਡ ਦਿਓ। ਬੱਚੇ ਨੂੰ ਛੱਡ ਦਿਤਾ। ਬੱਚਾ ਕੋਲ ਬੁਲਾ ਲਿਆ ਤੇ ਫਰਖਸੀਅਰ ਕਹਿਣ ਲੱਗਿਆ ਕਿ ਤੇਰੀ ਮਾਂ ਏਸ ਤਰ੍ਹਾਂ ਕਹਿੰਦੀ ਹੈ।

ਕਹਿੰਦਾ, "ਮਾਂ ਤਾਂ ਮੇਰੀ ਝੂਠੀ ਹੈ।" ਪਹਿਲਾਂ ਤੋਂ ਹੀ ਮਾਵਾਂ ਏਸ ਤਰ੍ਹਾਂ ਕਹਿੰਦੀਆਂ ਆਈਆਂ ਨੇ। ਨਾਮਦੇਵ ਨੂੰ ਗਊ ਜੀਉਂਦੀ ਕਰਨ ਵਾਸਤੇ ਸੰਗਲਾਂ ਨਾਲ ਬੰਨ੍ਹਿਆਂ ਹੋਇਆ ਹੈ। ਓਸ ਵੇਲੇ ਮਾਂ ਕਹਿੰਦੀ ਹੈ –

***ਰੁਦਨੁ ਕਰੈ ਨਾਮੇ ਕੀ ਮਾਇ॥***
***ਛੋਡਿ ਰਾਮੁ ਕੀ ਨ ਭਜਹਿ ਖੁਦਾਇ॥***
***ਪੰਨਾ – 1165***

ਕਿ ਬੇਟਾ! ਇਸਲਾਮ ਧਾਰਨ ਕਰ ਲੈ, ਜਾਨ ਤਾਂ ਬਚ ਜਾਏਗੀ।

ਨਾਮਦੇਵ ਜੀ ਕਹਿੰਦੇ, "ਮਾਤਾ! ਐਨੀ ਕਮਜ਼ੋਰ ਸਿੱਖਿਆ? ਜੇ ਤੂੰ ਇਹੋ ਜਿਹੀ ਮਾਂ ਹੈਂ ਤਾਂ ਮੈਂ ਤੇਰਾ ਪੁੱਤਰ ਨਹੀਂ ਹਾਂ –

***ਨ ਹਉ ਤੇਰਾ ਪੂੰਗੜਾ ਨ ਤੂ ਮੇਰੀ ਮਾਇ॥***
***ਪਿੰਡੁ ਪੜੈ ਤਉ ਹਰਿ ਗੁਨ ਗਾਇ॥***
***ਪੰਨਾ – 1165***

ਪ੍ਰਹਿਲਾਦ ਦੀ ਮਾਂ ਨੇ ਵੀ ਸਮਝਾਇਆ ਸੀ –

***ਮਾਤਾ ਉਪਦੇਸੈ ਪ੍ਰਹਿਲਾਦ ਪਿਆਰੇ॥***
***ਪੁਤ੍ਰ ਰਾਮ ਨਾਮੁ ਛੋਡਹੁ ਜੀਉ ਲੇਹੁ ਉਬਾਰੇ॥*** ***ਪੰਨਾ – 1133***

ਬਚਾ ਲੈ ਆਪਣੀ ਜਾਨ, ਤੇ ਛੱਡ ਦੇ ਰਾਮ ਦਾ ਨਾਮ।

***ਪ੍ਰਹਿਲਾਦ ਕਹੈ ਸੁਨਹੁ ਮੇਰੀ ਮਾਇ॥***
***ਰਾਮ ਨਾਮੁ ਨ ਛੋਡਾ ਗੁਰਿ ਦੀਆ ਬੁਝਾਇ॥*** ***ਪੰਨਾ – 1133***

ਕਹਿੰਦਾ, "ਮੈਂ ਰਾਮ ਦਾ ਨਾਮ ਛੱਡ ਦੇਵਾਂ? ਪਹਿਲਾਂ ਕਹਿੰਦੀ ਤਾਂ ਮੈਂ ਛੱਡ ਦਿੰਦਾ, ਹੁਣ ਤਾਂ ਰਾਮ ਦਾ ਨਾਮ ਮੇਰੇ ਰੋਮ-ਰੋਮ ਵਿਚ ਰਚ ਗਿਆ। ਹੁਣ ਰਾਮ ਦਾ ਨਾਮ ਮੈਨੂੰ ਨਹੀਂ ਛੱਡਦਾ, ਮੇਰੀ ਅੱਖ ਖੁੱਲ੍ਹ ਗਈ। ਹੁਣ ਤਾਂ ਮੈਂ ਜਿਧਰ ਵੀ ਦੇਖਦਾ ਹਾਂ ਮੈਨੂੰ ਤਾਂ ਰਾਮ ਤੋਂ ਬਿਨਾਂ ਕੋਈ ਨਜ਼ਰ ਹੀ ਨਹੀਂ ਆਉਂਦਾ। ਕੀ ਭੋਲੀਆਂ ਗੱਲਾਂ ਕਰਦੀ ਹੈਂ?"

ਸੋ ਏਸ ਮਾਤਾ ਨੇ ਵੀ ਕਿਹਾ। ਪੁੱਤਰ ਕਹਿਣ ਲੱਗਿਆ ਕਿ ਬਾਦਸ਼ਾਹ ਸਲਾਮਤ! ਇਹ ਮੇਰੀ ਮਾਂ ਨਹੀਂ ਹੈ। ਮੈਂ ਪਹਿਲਾਂ ਵੀ ਸਿੰਘ ਸੀ ਤੇ ਹੁਣ ਵੀ ਸਿੰਘ ਹੀ ਹਾਂ। ਮੈਂ ਆਪਣੇ ਗੁਰੂ ਦਾ ਪਿਆਰ ਛੱਡ ਕੇ ਜੀਉਣ ਵਾਸਤੇ ਇਸਲਾਮ ਧਾਰਨ ਕਰ ਲਵਾਂ? ਫੇਰ ਗਾਰੰਟੀ ਹੈ ਕਿ ਮੈਂ ਸਦਾ ਹੀ ਜੀਊਂਦਾ ਰਹਾਂਗਾ, ਮੈਂ ਫੇਰ ਨਹੀਂ ਮਰਨਾ? ਮੈਂ ਤਾਂ ਵਿਕ ਗਿਆ ਹਾਂ ਆਪਣੇ ਗੁਰੂ ਤੋਂ – ਤਨ ਵੀ ਦੇ ਦਿੱਤਾ ਹੈ, ਮਨ ਵੀ ਦੇ ਦਿੱਤਾ ਹੈ ਤੇ ਧਨ ਵੀ ਦੇ ਦਿੱਤਾ ਹੈ, ਮੇਰੇ ਕੋਲ ਤਾਂ ਕੁਝ ਬਕਾਇਆ ਨਹੀਂ ਹੈ ਤੇ ਮੇਰੀ ਤਾਂ ਜੇ ਕੋਈ ਅਰਦਾਸ ਹੈ ਤਾਂ ਇਕੋ ਹੈ –

***ਧਾਰਨਾ – ਸਿਰ ਜਾਵੇ ਤਾਂ ਜਾਵੇ,***
***ਮੇਰਾ ਸਿੱਖੀ ਸਿਦਕ ਨਾ ਜਾਵੇ –2, 2.***
***ਸਿੱਖੀ ਸਿਦਕ ਨਾ ਜਾਵੇ, –4, 2.***
***ਸਿਰ ਜਾਵੇ ਤਾਂ ਜਾਵੇ,.............. –2.***

ਕਹਿਣ ਲੱਗਿਆ, "ਬਾਦਸ਼ਾਹ! ਸਿੱਖੀ ਸਿਦਕ ਮੈਂ ਛੱਡ ਦੇਵਾਂ ਜਿਹੜਾ ਸਿਰ ਦੇ ਕੇ ਲਿਆ ਹੈ ਗੁਰੂ ਤੋਂ? ਏਸ ਸਰੀਰ ਨੇ ਤਾਂ ਜਾਣਾ ਹੀ ਜਾਣਾ ਹੈ, ਜੇ ਅੱਜ ਨਹੀਂ ਜਾਏਗਾ ਤਾਂ ਕੁਝ ਸਮੇਂ ਤੋਂ ਬਾਅਦ ਚਲਿਆ ਜਾਏਗਾ।"

ਬਾਦਸ਼ਾਹ ਕਹਿਣ ਲੱਗਿਆ, "ਦੇਖ ਬੱਚਾ! ਆਹ ਆਪਣੀ ਘਰਵਾਲੀ ਦੇਖ, ਮਹਿੰਦੀ ਲੱਗੀ ਹੋਈ ਹੈ, ਅਜੇ ਕੰਗਣਾ ਵੀ ਨਹੀਂ ਖੋਲ੍ਹਿਆ। ਚਾਈਂ-ਚਾਈਂ ਤੇਰੀ ਮਾਂ ਨੇ ਸ਼ਾਦੀ ਕਰੀ ਹੈ ਤੇਰੀ। ਫੇਰ ਇਹ ਕਹਿੰਦੀ ਹੈ ਕਿ ਇਸ ਦਾ ਪਿਤਾ ਨਹੀਂ ਹੈ, ਮੈਂ ਤਾਂ ਏਸ ਬੱਚੇ ਨੂੰ ਦੇਖ-ਦੇਖ ਕੇ ਜੀਊਂਦੀ ਹਾਂ। ਤੈਨੂੰ ਮਾਂ ਦਾ ਪਿਆਰ ਨਹੀਂ ਆਉਂਦਾ? ਘਰਵਾਲੀ ਦਾ ਪਿਆਰ ਨਹੀਂ ਆਉਂਦਾ?"

ਕਹਿਣ ਲੱਗਿਆ, "ਬਾਦਸ਼ਾਹ! ਇਹ ਤਾਂ ਸੰਜੋਗ ਦੇ ਨਾਲ ਇਕੱਠੇ ਹੋਏ ਨੇ।"

***ਬਿਰਖੈ ਹੇਠਿ ਸਭਿ ਜੰਤ ਇਕਠੇ॥***
***ਇਕਿ ਤਤੇ ਇਕਿ ਬੋਲਨਿ ਮਿਠੇ॥***
***ਅਸਤੁ ਉਦੋਤੁ ਭਇਆ ਉਠਿ ਚਲੇ***
***ਜਿਉ ਜਿਉ ਅਉਧ ਵਿਹਾਣੀਆ॥***
***ਪੰਨਾ – 1019***

ਸੰਜੋਗ ਦੇ ਨਾਲ ਅਸੀਂ ਇਕੱਠੇ ਹੋ ਗਏ ਹਾਂ ਤੇ ਜਦੋਂ ਵਿਜੋਗ ਨੇ ਆਉਣਾ ਹੈ ਉਸ ਵੇਲੇ ਕਿਸੇ ਨੇ ਅੱਗੇ ਕਿਸੇ ਨੇ ਪਿਛੇ ਜਾਣਾ ਹੀ ਹੈ ਸਾਰਿਆਂ ਨੇ। ਇਕੱਠੇ ਆਏ ਨਹੀਂ ਸੰਸਾਰ ਤੇ, ਸੋ ਇਕੱਠੇ ਜਾਣਾ ਨਹੀਂ। ਮੇਰਾ ਤਨ ਕਿਸੇ ਕੰਮ ਨਹੀਂ ਜੇ ਸਿੱਖੀ ਤੋਂ ਹੀਣਾ ਹੋ ਗਿਆ। ਮੈਨੂੰ ਖੁਸ਼ੀ ਹੈ, ਤੂੰ ਹੁਕਮ ਦੇਹ, ਮੇਰੇ ਸਾਥੀ ਉਡੀਕ ਰਹੇ ਨੇ, ਦੇਰ ਨਾ ਕਰ। ਜਹਾਜ਼ ਲੱਗਿਆ ਹੋਇਆ ਹੈ ਤੇ ਮੈਂ ਉਨ੍ਹਾਂ ਦੇ ਨਾਲ ਜਾਣਾ ਚਾਹੁੰਦਾ ਹਾਂ।

ਸੋ ਸਾਧ ਸੰਗਤ ਜੀ! ਇਹ ਜੋ ਪਿਆਰ ਹੈ ਇਹ ਕੋਈ ਐਵੇਂ ਗੱਲਾਂ ਬਾਤਾਂ ਨਾਲ ਨਹੀਂ ਹੋਇਆ ਕਰਦਾ, ਇਹ ਤਾਂ ਬਹੁਤ ਮਹਿੰਗਾ ਹੈ। ਏਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਗੱਲਾਂ ਨਾਲ ਨਾ ਪਿਆਰ ਕਦੇ ਮਿਲਦਾ,***
***ਡੇਰਾ ਉਸਦਾ ਸਿਰੋਂ ਪਾਰ ਹੈ –2, 2.***
***ਮੇਰੇ ਪਿਆਰੇ, ਡੇਰਾ ਉਸਦਾ ਸਿਰੋਂ ਪਾਰ ਹੈ –2, 2.***
***ਗੱਲਾਂ ਨਾਲ ਨਾ ਪਿਆਰ ਕਦੇ ਮਿਲਦਾ,.. 2.***

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥***

***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥*** ***ਪੰਨਾ - 1102***

***ਜਉ ਤਉ ਪ੍ਰੇਮ ਖੇਲਣ ਕਾ ਚਾਉ॥***
***ਸਿਰੁ ਧਰਿ ਤਲੀ ਗਲੀ ਮੇਰੀ ਆਉ॥***
***ਇਤੁ ਮਾਰਗਿ ਪੈਰੁ ਧਰੀਜੈ॥***
***ਸਿਰੁ ਦੀਜੈ ਕਾਣਿ ਨ ਕੀਜੈ॥*** ***ਪੰਨਾ - 1412***

ਕਹਿਣ ਲੱਗਿਆ, "ਬਾਦਸ਼ਾਹ! ਮੈਂ ਗੁਰੂ ਦੇ ਨਾਲ ਪਿਆਰ ਕਰਦਾ ਹਾਂ। ਆਹ ਕਿਹੜੀ ਕੱਚੀ ਗੱਲ ਤੁਸੀਂ ਕਹਿ ਦਿੱਤੀ ਕਿ ਜਾਨ ਬਚਾਉਣ ਵਾਸਤੇ, ਇਸਤਰੀ ਦੇ ਵਾਸਤੇ, ਮਾਂ ਦੇ ਵਾਸਤੇ ਮੈਂ ਬੇਮੁਖ ਹੋ ਕੇ ਜੀਉਂਦਾ ਰਹਾਂ? ਨਾ! ਮੈਨੂੰ ਜਲਦੀ ਸ਼ਹੀਦ ਕਰ।"

ਸ਼ਹੀਦ ਕਰ ਦਿੱਤਾ ਗਿਆ ਬੱਚਾ, ਹੋਰ ਵੀ ਸਾਰੇ ਸਿੰਘ ਸ਼ਹੀਦ ਕਰ ਦਿੱਤੇ। ਬੰਦਾ ਸਿੰਘ ਬਹਾਦਰ ਨੂੰ ਵੀ ਸ਼ਹੀਦ ਕਰ ਦਿੱਤਾ ਪਰ -

***ਰਤੇ ਸੇਈ ਜਿ ਮੁਖੁ ਨ ਮੋੜੰਨਿ੍ ਜਿਨ੍ੀ ਸਿਞਾਤਾ ਸਾਈ॥*** ***ਪੰਨਾ - 1425***

ਜਿਹੜੇ ਪਿਆਰ ਦੇ ਵਿਚ ਰੱਤੇ ਗਏ, ਉਹ ਕੋਈ ਗੱਲ ਨਹੀਂ ਸੋਚਿਆ ਕਰਦੇ। ਉਨ੍ਹਾਂ ਦਾ ਪਿਆਰ ਏਵੇਂ ਹੀ ਹੈ -

***ਦਰਸਨੁ ਦੇਖਿ ਪਤੰਗ ਜਿਉ ਜੋਤੀ ਜੋਤਿ ਸਮਾਵੈ॥*** ***ਭਾਈ ਗੁਰਦਾਸ ਜੀ ਦੀ ਵਾਰ 27/14***

ਉਹ ਤਾਂ ਜੋਤੀ ਵਿਚ ਸਮਾਉਣਾ ਹੀ ਚਾਹੁੰਦਾ ਹੈ -

***ਧਾਰਨਾ - ਮੁਖੜਾ ਨਾ ਮੋੜਦੇ ਰੱਤੇ ਜੋ ਨਾਲ ਗੁਰਾਂ ਦੇ -2, 2.***
***ਰੱਤੇ ਜੋ ਨਾਲ ਗੁਰਾਂ ਦੇ -2, 2.***
***ਮੁਖੜਾ ਨਾ ਮੋੜਦੇ,............ -2.***

***ਰਤੇ ਸੇਈ ਜਿ ਮੁਖੁ ਨ ਮੋੜੰਨਿ੍ ਜਿਨ੍ੀ ਸਿਞਾਤਾ ਸਾਈ॥***
***ਝੜਿ ਝੜਿ ਪਵਦੇ ਕਚੇ ਬਿਰਹੀ ਜਿਨ੍ਾ ਕਾਰਿ ਨ ਆਈ॥*** ***ਪੰਨਾ - 1425***

ਕੱਚੇ ਝੜ ਜਾਂਦੇ ਨੇ। ਜਿਨ੍ਹਾਂ ਨੇ ਪਿਆਰ ਪਾ ਲਿਆ ਗੁਰੂ ਦੇ ਨਾਲ, ਦੁਖ ਆ ਜਾਵੇ, ਸੁਖ ਆ ਜਾਵੇ, ਔਖ ਆ ਜਾਵੇ, ਸੁਖਾਲ ਆ ਜਾਵੇ, ਹਾਨੀ ਹੋ ਜਾਵੇ, ਲਾਭ ਹੋ ਜਾਵੇ, ਉਹ ਤਾਂ ਗੁਰੂ ਦੇ ਬਣੇ ਹੀ ਰਹਿੰਦੇ ਨੇ ਤੇ ਇਕੋ ਹੀ ਚੀਜ਼ ਚਾਹੁੰਦੇ ਨੇ ਕਿ ਗੁਰੂ ਦਾ ਪਿਆਰ ਚਾਹੀਦਾ ਹੈ, ਹੋਰ ਕਿਸੇ ਪਾਸੇ ਧਿਆਨ ਨਹੀਂ ਦਿੰਦੇ।

ਸੋ ਪੁੱਤਰ ਨੂੰ ਕਿਹਾ ਕਿ ਬੇਟਾ! ਪਿਆਸ ਲੱਗੀ ਹੋਈ ਹੈ, ਜਲ ਲਿਆ। ਜਾ ਕੇ ਹੱਥ ਲਾਇਆ ਪਾਣੀ ਨੂੰ। ਪਾਣੀ ਬਹੁਤ ਠੰਢਾ ਹੈ। ਗੁਰੂ ਹਰ ਦਮ ਯਾਦ ਰਹਿੰਦਾ ਹੈ ਉਸ ਦੇ। ਆਪ ਵੀ ਪਾਣੀ ਨਹੀਂ ਪੀਤਾ। ਉਸ ਵੇਲੇ ਆਪ ਕਹਿਣ ਲੱਗੇ ਕਿ ਪਿਤਾ ਜੀ! ਪਾਣੀ ਤਾਂ ਗੁਰੂ ਜੀ ਦੇ ਪੀਣ ਵਾਲਾ ਹੈ।

ਕਹਿੰਦਾ, "ਅੱਛਾ ਬੇਟਾ!"

ਵਾਪਸ ਆ ਗਿਆ, ਆਪ ਵੀ ਪਾਣੀ ਨਹੀਂ ਪੀਤਾ, ਬੁੱਲ੍ਹ ਸੁਕ ਗਏ, ਬੋਲ ਨਹੀਂ ਹੁੰਦਾ। ਪਿਤਾ ਨੇ ਕਿਹਾ ਕਿ ਮੈਂ ਦੇਖਾਂ ਜਾ ਕੇ, ਘੰਟਾ ਹੋਰ ਲੰਘ ਗਿਆ, ਦੁਪਹਿਰਾ ਹੋ ਗਿਆ ਤੇ ਜਾ ਕੇ ਜਦੋਂ ਪਾਣੀ ਨੂੰ ਹੱਥ ਲਾਇਆ ਤਾਂ ਕਹਿਣ ਲੱਗਿਆ ਕਿ ਇਹ ਤਾਂ ਸਚਮੁਚ ਹੀ ਗੁਰੂ ਮਹਾਰਾਜ ਜੀ ਦੇ ਪੀਣ ਵਾਲਾ ਹੈ। ਪੁੱਤਰ ਨੂੰ ਕਹਿਣ ਲੱਗੇ ਕਿ ਬੇਟਾ! ਆਪਾਂ ਤਾਂ ਗਰੀਬ ਆਦਮੀ ਹਾਂ, ਸਾਡੇ ਕੋਲ ਤਾਂ ਕੋਈ ਚੀਜ਼ ਹੈ ਨਹੀਂ ਜਿਹੜੀ ਅਸੀਂ ਗੁਰੂ ਨੂੰ ਭੇਟ ਕਰ ਸਕੀਏ।

*ਹਮ ਤੁਮ ਅਹੈਂ ਮਿਹਨਤੀ ਲੋਗ।*
*ਸ਼ੁਭ ਅਸ ਵਸਤੂ ਕੇ ਨਹਿਂ ਜੋਗ।* *ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ- 3131*

ਕਹਿੰਦੇ ਕਿ ਇਹੋ ਜਿਹੀ ਸੋਹਣੀ ਵਸਤੂ ਤਾਂ ਆਪਣੇ ਕੋਲ ਕੋਈ ਨਹੀਂ ਹੈ, ਆਪਾਂ ਤਾਂ ਮਿਹਨਤੀ ਬੰਦੇ ਹਾਂ।

*ਸਤਿਗੁਰ ਕੀ ਲਾਇਕ ਜਲ ਭਯੋ।*
*ਅਪਰ ਉਚਿਤ ਮੈਂ ਨਹਿਂ ਲਖਿ ਲਯੋ।* *ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ- 3131*

ਇਹ ਪਾਣੀ ਤਾਂ ਸਚਮੁਚ ਹੀ ਗੁਰੂ ਜੀ ਦੇ ਲਾਇਕ ਹੈ ਤੇ ਆਪਣੇ ਪੀਣ ਵਾਲਾ ਤਾਂ ਹੈ ਨਹੀਂ।

*ਜਲ ਕੋ ਤਜਿ ਬੈਠਯੋ ਸੁਤ ਪਾਸ।* *ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ- 3131*

ਪੁੱਤਰ ਪਹਿਲਾਂ ਹੀ ਬੈਠਾ ਸੀ ਤੇ ਪਿਓ ਵੀ ਉਸ ਦੇ ਕੋਲ ਬੈਠ ਗਿਆ।

*ਲਾਗੀ ਬਹੁ ਦੋਨਹੁਂ ਕੋ ਪਯਾਸ।* *ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ- 3131*

ਬਹੁਤ ਪਿਆਸ ਲੱਗ ਗਈ, ਬੁੱਲ੍ਹਾਂ ਤੇ ਜੀਭ ਫੇਰਦੇ ਨੇ। ਹੌਲੀ-ਹੌਲੀ ਜੀਭ ਸੁੱਕ ਗਈ।

*ਸ਼ੁਸ਼ਕ ਕੰਠ ਮੁਖ ਓਸ਼ਟ ਭਏ।* *ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ- 3131*

ਮੁਖ ਬਿਲਕੁਲ ਖੁਸ਼ਕ ਹੋ ਗਿਆ, ਜੀਭ ਪਿਛੇ ਨੂੰ ਮੁੜਨ ਲੱਗ ਗਈ ਤੇ ਕੰਠ ਵੀ ਖੁਸ਼ਕ ਹੋ ਗਿਆ।

*ਰਸਨਾ ਚਲਤਿ ਨ ਬਹੁ ਮੁਰਝਏ।* *ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ- 3131*

ਹੁਣ ਜੀਭ ਨਹੀਂ ਹਿਲਦੀ, ਮੁਰਝਾ ਗਈ। ਚਿਹਰੇ ਦੇ ਉਤੇ ਵੀ ਮੁਰਝਾਹਟ ਆ ਗਈ। ਉਸ ਵੇਲੇ ਬੇਹੋਸ਼ੀ ਦੀ ਹਾਲਤ ਹੁੰਦੀ ਜਾਂਦੀ ਹੈ ਤੇ ਉਨ੍ਹਾਂ ਦੇ ਹਿਰਦੇ 'ਚੋਂ ਐਸੀ ਅਰਦਾਸ ਨਿਕਲਦੀ ਹੈ -

*ਧਾਰਨਾ - ਨਿਭਾਈਂ ਮਾਲਕਾ,*
*ਮੇਰਾ ਪ੍ਰਣ ਪ੍ਰੇਮ ਵਾਲਾ -2, 2.*
*ਪ੍ਰਣ ਪ੍ਰੇਮ ਵਾਲਾ -4, 2.*
*ਨਿਭਾਈਂ ਮਾਲਕਾ,............ -2.*

ਬੇਨਤੀ ਕਰਦੇ ਨੇ ਕਿ ਹੇ ਪਾਤਸ਼ਾਹ! ਤੇਰਾ ਬਿਰਧ ਹੈ -

*ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ॥*
*ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥* *ਪੰਨਾ - 403*

*ਸਰਬ ਸ਼ਕਤਿ ਮਾਲਕ ਗੁਰ ਪੂਰਾ।*
*ਜਹਿਂ ਸਿਮਰੈ ਸਭਿ ਥਾਨ ਹਜ਼ੂਰਾ।* *ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ- 3131*

ਜਿਥੇ ਵੀ ਯਾਦ ਕਰੋ, ਗੁਰੂ ਵਾਸਤੇ ਕੋਈ ਦੂਰ ਨੇੜੇ ਜਗ੍ਹਾ ਨਹੀਂ ਹੁੰਦੀ, ਉਸੇ ਵੇਲੇ ਪਹੁੰਚ ਜਾਂਦੇ ਨੇ।

*ਹਮਰੋ ਪ੍ਰੇਮ ਪਰਣ ਨਿਰਬਾਹੈਂ।*
*ਪਾਨ ਹਰਹਿਂ ਲਾਯਕ ਨਿਜ ਚਾਹੈਂ। ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ- 3132*

ਪਾਤਸ਼ਾਹ! ਇਹ ਆ ਕੇ ਆਪ ਪਾਣੀ ਪੀਓ। ਇਹ ਪਾਣੀ ਹੁਣ ਸਾਡੇ ਪੀਣ ਵਾਲਾ ਨਹੀਂ ਕਿਉਂਕਿ ਐਨੇ ਠੰਢੇ ਦੇ ਅਸੀਂ ਲਾਇਕ ਨਹੀਂ, ਅਸੀਂ ਤਾਂ ਗਰੀਬ ਜਿਹੇ ਬੰਦੇ ਹਾਂ। ਇਹ ਜਲ ਤਾਂ ਆਪ ਦੇ ਲਾਇਕ ਹੋ ਗਿਆ। ਸੋ ਪਿਆਰ ਦੀਆਂ ਬਾਤਾਂ ਸਾਧ ਸੰਗਤ ਜੀ, ਅਜੀਬ ਹੀ ਹੁੰਦੀਆਂ ਨੇ। ਏਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਰੀਤ ਨਿਆਰੀ ਹੈ, ਪ੍ਰੇਮ ਦੀ ਦੁਨੀਆਂ ਨਾਲੋਂ -2, 2.*
*ਪ੍ਰੇਮ ਦੀ ਦੁਨੀਆਂ ਨਾਲੋਂ -2, 2.*
*ਰੀਤ ਨਿਆਰੀ ਹੈ,............ -2.*

*ਦੀਪਕ ਜਲੈ ਪਤੰਗ ਵਸੁ ਫਿਰਿ ਦੇਖਿ ਨ ਹਟੈ।*
*ਜਲ ਵਿਚਹੁ ਫੜਿ ਕਢੀਐ ਮਛ ਨੇਹੁ ਨ ਘਟੈ।*
*ਘੰਡਾ ਹੇੜੈ ਮਿਰਗ ਜਿਉ ਸੁਣਿ ਨਾਦੁ ਪਲਟੈ।*
*ਭਵਰੈ ਵਾਸੁ ਵਿਣਾਸੁ ਹੈ ਫੜਿ ਕਮਲ ਸੰਘਟੈ।*
*ਗੁਰਮੁਖਿ ਸੁਖ ਫਲੁ ਪਿਰਮ ਰਸੁ ਬਹੁ ਬੰਧਨ ਕਟੈ।*
*ਧੰਨੁ ਧੰਨੁ ਗੁਰ ਸਿੱਖ ਵੰਸ ਗੁਰਮਤਿ ਨਿਧਿ ਖਟੈ॥ ਭਾਈ ਗੁਰਦਾਸ ਜੀ, ਵਾਰ 27/23*

ਨਿਆਰੀ ਰੀਤ ਹੈ -

*ਦੀਪਕ ਜਲੈ ਪਤੰਗ ਵਸੁ ਫਿਰਿ ਦੇਖਿ ਨ ਹਟੈ। ਭਾਈ ਗੁਰਦਾਸ ਜੀ ਦੀ ਵਾਰ 27/23*

ਪਹਿਲਾਂ ਜਲਦਿਆਂ ਨੂੰ ਦੇਖਦਾ ਹੈ, ਫੇਰ ਨਹੀਂ ਹਟਦਾ, ਫੇਰ ਜਾ ਕੇ ਵਿਚ ਛਾਲ ਮਾਰਦਾ ਹੈ।

*ਜਲ ਵਿਚਹੁ ਫੜਿ ਕਢੀਐ ਮਛ ਨੇਹੁ ਨ ਘਟੈ। ਭਾਈ ਗੁਰਦਾਸ ਜੀ ਦੀ ਵਾਰ 27/23*

ਮੱਛੀ ਨੂੰ ਰਿੰਨ੍ਹ ਲੈਂਦੇ ਨੇ, ਖਾ ਲੈਂਦੇ ਨੇ, ਆਦਮੀ ਪਾਣੀ ਪਾਣੀ ਕਰਦਾ ਹੈ - ਮੱਛੀ ਖਾਣ ਵਾਲਾ ਕਿਉਂਕਿ ਪਾਣੀ ਨਾਲ ਮੱਛੀ ਦਾ ਪਿਆਰ ਹੈ।

*ਘੰਡਾ ਹੇੜੈ ਮਿਰਗ ਜਿਉ ਸੁਣਿ ਨਾਦੁ ਪਲਟੈ॥ ਭਾਈ ਗੁਰਦਾਸ ਜੀ ਵਾਰ 27/23*

ਮਿਰਗ ਨਾਦ ਸੁਣਦਾ ਹੈ, ਅਗੇ ਸ਼ਿਕਾਰੀਆਂ ਨੂੰ ਦੇਖਦਾ ਹੈ - ਫੜਨ ਵਾਲਿਆਂ ਨੂੰ। ਪਿਛੇ ਨਹੀਂ ਹਟਦਾ ਸਗੋਂ ਅੱਗੇ ਹੀ ਵਧਦਾ ਜਾਂਦਾ ਹੈ।

*ਭਵਰੈ ਵਾਸੁ ਵਿਣਾਸੁ ਹੈ ਫੜਿ ਕਵਲ ਸੰਘਟੈ। ਭਾਈ ਗੁਰਦਾਸ ਜੀ ਵਾਰ 27/23*

ਵਾਸ਼ਨਾ, ਸੁਗੰਧੀ ਦੇ ਨਾਲ ਭੰਵਰੇ ਦਾ ਪਿਆਰ ਹੈ, ਫੁਲ ਦੇ ਵਿਚ ਹੀ ਘੁਟਿਆ ਜਾਂਦਾ ਹੈ।

*ਗੁਰਮੁਖ ਸੁਖ ਫਲ ਪਿਰਮ ਰਸ ਬਹੁ ਬੰਧਨ ਕਟੈ॥*
*ਧੰਨੁ ਧੰਨੁ ਗੁਰ ਸਿੱਖ ਵੰਸੁ ਗੁਰਮਤਿ ਨਿਧਿ ਖਟੈ॥ ਭਾਈ ਗੁਰਦਾਸ ਜੀ*

*ਵਾਰ 27/23*

ਕਹਿੰਦੇ ਗੁਰਸਿੱਖਾਂ ਦੀ ਵੰਸ ਧੰਨ ਹੈ, ਧੰਨ ਹੈ, ਧੰਨ ਹੈ। ਗੁਰੂ ਦੇ ਨਾਲ ਪਿਆਰ ਪਾ ਲੈਂਦੇ ਨੇ, ਫੇਰ ਪਿਛੇ ਨਹੀਂ ਹਟਦੇ, ਚਾਹੇ ਜੀਉਂਦੇ ਰਹਿਣ, ਚਾਹੇ ਸਭ ਕੁਝ ਜਾਂਦਾ ਰਹੇ। ਇਹ ਵੰਸ ਹੈ।

ਸੋ ਏਸ ਤਰ੍ਹਾਂ ਦੇ ਨਾਲ ਨੀਮ ਬੇਹੋਸ਼ੀ ਵਿਚ ਹੋ ਗਏ ਆਪ। ਓਸ ਵੇਲੇ ਗੁਰੂ ਮਹਾਰਾਜ ਤੀਹ ਕੋਹ ਦੀ ਵਿਥ ਦੇ ਉਤੇ 'ਡਰੌਲੀ' ਨੇ। ਦੁਪਹਿਰਾ ਹੋਇਆ ਹੋਇਆ ਹੈ, ਖਸ ਦੀਆਂ ਟਟੀਆਂ ਲੱਗੀਆਂ ਹੋਈਆਂ ਨੇ, ਸੁਗੰਧੀਆਂ ਕੰਧਾਂ ਦੇ ਉਤੇ ਛਿੜਕੀਆਂ ਹੋਈਆਂ ਨੇ। ਬਹੁਤ ਸੁਗੰਧੀ ਆ ਰਹੀ ਹੈ ਤੇ ਬਹੁਤ ਸੋਹਣਾ ਬਿਸਤਰਾ ਹੈ ਜਿਸ ਦੇ ਉਤੇ ਆਪ ਬਿਰਾਜਮਾਨ ਨੇ ਤੇ ਬੀਬੀ ਰਾਮ ਕੌਰ ਜੋ ਰਿਸ਼ਤੇਦਾਰ ਸਨ ਇਨ੍ਹਾਂ ਦੇ, ਉਹ ਪੱਖਾ ਝੱਲ ਰਹੇ ਨੇ। ਕੋਈ ਜਲ ਛਿੜਕ ਰਿਹਾ ਹੈ ਕਿ ਗਰਦ ਨਾ ਅੰਦਰ ਜਾਵੇ। ਬਿਲਕੁਲ ਠੰਢਾ ਠਾਰ ਕਰਿਆ ਪਿਆ ਹੈ। ਬਾਰਾਂ ਵੱਜੇ ਨੇ ਉਸ ਵੇਲੇ, ਮਹਾਰਾਜ ਜੀ ਅਚਾਨਕ ਉਠ ਕੇ ਬੈਠ ਗਏ ਤੇ ਕਹਿਣ ਲੱਗੇ ਕਿ ਐਸ ਤਰ੍ਹਾਂ ਕਰੋ, ਘੋੜਾ ਮੰਗਾਓ, ਕਾਠੀ ਕੱਸੋ ਉਸ ਤੇ ਜਲਦੀ, ਅਸੀਂ ਕਿਤੇ ਜਾਣਾ ਹੈ। ਸਾਧ ਸੰਗਤ ਜੀ! ਜਾਣਾ ਕਿਉਂ ਹੈ? ਕਿਉਂਕਿ ਪਿਆਰ ਦੇ ਵਿਚ ਸ਼ਕਤੀ ਹੁੰਦੀ ਹੈ। ਐਸਾ ਫੁਰਮਾਨ ਹੈ –

*ਧਾਰਨਾ – ਰੱਬ ਵਸ ਭਗਤਾਂ ਨੇ ਕੀਤਾ,*
*ਪਾ ਕੇ ਤੇ ਪ੍ਰੇਮ ਡੋਰੀਆਂ –2, 2.*
*ਮੇਰੇ ਪਿਆਰੇ, ਪਾ ਕੇ ਤੇ ਪ੍ਰੇਮ ਡੋਰੀਆਂ–2, 2.*
*ਰੱਬ ਵਸ ਭਗਤਾਂ ਨੇ ਕੀਤਾ,............ –2.*

*ਨਾ ਤੂ ਆਵਹਿ ਵਸਿ ਬਹੁਤੁ ਘਿਣਾਵਣੇ॥*
*ਨਾ ਤੂ ਆਵਹਿ ਵਸਿ ਬੇਦ ਪੜਾਵਣੇ॥*
*ਨਾ ਤੂ ਆਵਹਿ ਵਸਿ ਤੀਰਥਿ ਨਾਈਐ॥*
*ਨਾ ਤੂ ਆਵਹਿ ਵਸਿ ਧਰਤੀ ਧਾਈਐ॥*
*ਨਾ ਤੂ ਆਵਹਿ ਵਸਿ ਕਿਤੈ ਸਿਆਣਪੈ॥*
*ਨਾ ਤੂ ਆਵਹਿ ਵਸਿ ਬਹੁਤਾ ਦਾਨੁ ਦੇ॥*
*ਸਭੁ ਕੋ ਤੇਰੈ ਵਸਿ ਅਗਮ ਅਗੋਚਰਾ॥*
*ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ॥*

*ਪੰਨਾ – 962*

ਵਸ ਕਰ ਲਿਆ, ਪ੍ਰੇਮ ਦੇ ਨਾਲ ਖਿਚ ਲਿਆ। ਗੁਰੂ ਮਹਾਰਾਜ ਜੀ ਕਿੰਨੇ ਅਰਾਮ ਵਿਚ ਬੈਠੇ ਨੇ।

*ਕਰੀ ਪ੍ਰੇਮ ਨੇ ਖੈਂਚ ਬਡੇਰੀ।*
*ਸਭਿ ਕਿਛ ਤਜਾਗ ਦੀਨਿ ਤਿਸ ਬੇਰੀ॥ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ– 3132*

ਉਹ air-conditioned ਵਰਗਾ ਠੰਢਾ ਬਣਿਆ ਹੋਇਆ ਘਰ, ਸੋਹਣਾ ਬਿਸਤਰਾ – ਸੁਗੰਧੀਆਂ ਵਾਲਾ, ਇਹ ਸਾਰਾ ਕੁਝ ਛੱਡ ਦਿੱਤਾ। ਖਿੱਚ ਲਏ ਓਸ ਵੇਲੇ ਪ੍ਰੇਮ ਨੇ। ਇਕ ਦਮ ਸਭ ਕੁਝ ਛੱਡ ਦਿੱਤਾ।

*ਕਹਤਿ ਸ਼ੀਘ੍ਰ ਹੀ ਜ਼ੀਨ ਪਵਾਯੋ। ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ– 3132*

ਛੇਤੀ ਘੋੜੇ ਦੇ ਉਤੇ ਕਾਠੀ ਪਵਾਓ।

*ਚਢਿਬੇ ਹੇਤੁ ਤੁਰੰਗ ਮੰਗਾਯੋ।*

***ਭਏ ਇਕਾਕੀ ਤਬਿ ਅਸਵਾਰ।*** ***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ- 3132***

ਦੇਖਿਆ ਹੀ ਨਹੀਂ, ਨਾ ਕਿਸੇ ਨਾਲ ਗੱਲ, ਨਾ ਕਿਸੇ ਨਾਲ ਬਾਤ। ਘੋੜਾ ਆ ਗਿਆ ਤੇ ਇਕ ਦਮ ਗੁਰੂ ਮਹਾਰਾਜ ਜੀ ਨੇ ਜਾ ਕੇ ਰਕਾਬ ਵਿਚ ਪੈਰ ਰੱਖਿਆ ਤੇ ਸਵਾਰ ਹੋ ਕੇ ਘੋੜਾ ਸਰਪਟ ਦੌੜਾ ਦਿੱਤਾ, ਹਵਾ ਨਾਲ ਗੱਲਾਂ ਕਰਦਾ ਜਾਂਦਾ ਹੈ।

***ਨਹਿੰ ਦਾਸਨਿ ਦੁਖ ਸਕੇ ਸਹਾਰ।*** ***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ- 3132***

ਕਿਉਂਕਿ ਆਪਣੇ ਦਾਸਾਂ ਦਾ ਗੁਰੂ ਨੂੰ ਦੁਖ ਸਹਾਰਨਾ ਬਹੁਤ ਔਖਾ ਹੋ ਜਾਂਦਾ ਹੈ।

***ਧਾਰਨਾ - ਸਤਿਗੁਰ ਦੁਖ ਮੰਨਦੇ ਨੇ,***
***ਸੇਵਕ ਦੇ ਦੁਖੀ ਹੋਣ ਤੋਂ -2, 2.***
***ਸੇਵਕ ਦੇ ਦੁਖੀ ਹੋਣ ਤੋਂ -2, 2.***
***ਸਤਿਗੁਰ ਦੁਖ ਮੰਨਦੇ ਨੇ,............ -2.***

***ਘਟ ਘਟ ਕੇ ਅੰਤਰ ਕੀ ਜਾਨਤ॥ ਭਲੇ ਬੁਰੇ ਕੀ ਪੀਰ ਪਛਾਨਤ॥***
***ਚੀਟੀ ਤੇ ਕੁੰਚਰ ਅਸਥੂਲਾ॥ ਸਭ ਪਰ ਕ੍ਰਿਪਾ ਦ੍ਰਿਸਟਿ ਕਰਿ ਫੂਲਾ॥***
***ਸੰਤਨ ਦੁਖ ਪਾਏ ਤੇ ਦੁਖੀ॥ ਸੁਖ ਪਾਏ ਸਾਧਨ ਕੇ ਸੁਖੀ॥***
***ਏਕ ਏਕ ਕੀ ਪੀਰ ਪਛਾਨੈ॥ ਘਟ ਘਟ ਕੇ ਪਟ ਪਟ ਕੀ ਜਾਨੈ॥***
***(ਚੌਪਈ ਸਾਹਿਬ)***

ਜਦੋਂ ਪਿਆਰਾ ਦੁਖੀ ਹੋ ਜਾਵੇ, ਉਸ ਵੇਲੇ ਗੁਰੂ ਨੂੰ ਉਹ ਪੀੜਾ ਪਹੁੰਚ ਜਾਇਆ ਕਰਦੀ ਹੈ।

***ਭਏ ਇਕਾਕੀ ਤਬਿ ਅਸਵਾਰ।***
***ਨਹਿੰ ਦਾਸਨਿ ਦੁਖ ਸਕੇ ਸਹਾਰ।*** ***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ- 3132***

ਕਹਿੰਦੇ ਦਾਸਾਂ ਦਾ ਦੁਖ ਨਹੀਂ ਸਹਾਰ ਸਕੇ।

***ਤੀਸ ਕੋਸ ਪਹੁੰਚੇ ਛਿਨ ਮਾਂਹੀ।***
***ਹੋਇ ਤ੍ਰਿਖਾਤੁਰ ਇਤ ਉਤ ਜਾਂਹੀ।*** ***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ- 3132***

ਐਨੀ ਪਿਆਸ ਲੱਗੀ ਹੋਈ ਹੈ ਗੁਰੂ ਮਹਾਰਾਜ ਜੀ ਨੂੰ, ਕਦੇ ਏਧਰ ਘੋੜਾ ਲਿਜਾਂਦੇ ਨੇ, ਕਦੇ ਓਧਰ ਲਿਜਾਂਦੇ ਨੇ, ਪਾਣੀ ਟੋਲ੍ਹਦੇ ਫਿਰਦੇ ਨੇ। ਓਧਰਲੇ ਪਾਸੇ ਦੋਵੇਂ ਬੇਹੋਸ਼ ਹੋਏ ਪਏ ਨੇ, ਧੁੱਪੇ ਹੀ ਗਿਰੇ ਪਏ ਨੇ, ਕੋਈ ਹੋਸ਼ ਨਹੀਂ ਹੈ। ਜ਼ੁਬਾਨਾਂ ਸੁਕ ਗਈਆਂ, ਇਕ ਦੂਜੇ ਨਾਲ ਬੋਲ ਨਹੀਂ ਸਕਦੇ, ਗਲ ਸੁਕ ਗਿਆ, ਕਮਜ਼ੋਰੀ ਆ ਗਈ ਸਰੀਰ ਦੇ ਅੰਦਰ, ਨੀਮ-ਬੇਹੋਸ਼ੀ ਹੋ ਗਈ। ਉਸ ਵੇਲੇ -

***ਦੇਖਿ ਦੂਰ ਤੇ ਦੋਇਨ ਦਾਸਾ।*** ***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ- 3132***

ਦੂਰੋਂ ਦੇਖਿਆ ਕਿ ਦੋ ਦਾਸ ਪਏ ਨੇ -

***ਊਚੇ ਸਤਿਗੁਰ ਬਾਕ ਪ੍ਰਗਾਸ਼ਾ।*** ***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ- 3132***

ਉਚੀ ਆਵਾਜ਼ ਵਿਚ ਆਪ ਬੋਲੇ -

***ਕੋ ਤੁਮ ਪਰੇ ਬਤਾਵਹੁ ਹਮੇ?*** ***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ-***

3132

ਦੱਸੋ ਭਾਈ! ਤੁਸੀਂ ਕੌਣ ਪਏ ਹੋ? ਏਸ ਤਰ੍ਹਾਂ ਪਏ ਹੋ ਤੁਸੀਂ ਧੁੱਪੇ? ਐਸ ਤਰ੍ਹਾਂ ਲਗਦਾ ਹੈ ਜਿਵੇਂ ਕਿਸੇ ਨੇ ਮਾਰ ਕੇ ਸੁੱਟ ਦਿਤੇ ਹੁੰਦੇ ਹੋ ਤੇ ਬੇਹੋਸ਼ੀ ਤੁਹਾਨੂੰ ਕਿਹੜੀ ਗੱਲ ਦੀ ਹੋ ਗਈ?

***ਤ੍ਰਿਖਾ ਬਿਖਾਦ ਦੇਤਿ ਇਹੁ ਸਮੈ।*** ***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ-3132***

ਓ ਪ੍ਰੇਮੀਓਂ! ਸਾਨੂੰ ਵੀ ਬਹੁਤ ਪਿਆਸ ਲੱਗੀ ਹੋਈ ਹੈ ਤੇ ਬੜਾ ਦੁਖ ਦੇ ਰਹੀ ਹੈ ਸਾਨੂੰ ਪਿਆਸ।

***ਜਲ ਜੰਗਲ ਮਹਿਂ ਨਾਂਹਿਨ ਪਾਵੈਂ।*** ***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ-3132***

ਅਸੀਂ ਟੋਲ੍ਹਿਆ, ਸਾਨੂੰ ਇਥੇ ਪਾਣੀ ਨਹੀਂ ਲੱਭਿਆ।

***ਖੋਜਤਿ ਫਿਰੈਂ ਹਾਥ ਨਹਿਂ ਆਵੈ।*** ***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ-3132***

ਬੜਾ ਅਸੀਂ ਖੋਜਿਆ ਪਰ ਸਾਡੇ ਹੱਥ ਨਹੀਂ ਆਇਆ, ਛੇਤੀ ਦਿਓ। ਜਦੋਂ ਅਵਾਜ਼ ਸੁਣੀ ਤਾਂ ਨੇਤਰ ਖੁੱਲ੍ਹ ਗਏ, ਦਰਸ਼ਨ ਦੇਖੇ, ਹੈਂ! ਇਹ ਤਾਂ ਗੁਰੂ ਮਹਾਰਾਜ ਜੀ ਆ ਪਹੁੰਚੇ। ਐਨਾ ਦੁਪਹਿਰਾ ਤੇ ਪਾਣੀ ਪਾਣੀ ਦੀ ਆਵਾਜ਼ ਦੇ ਰਹੇ ਨੇ। ਇਹ ਤਾਂ ਸਾਡੀ ਆਸ ਪੂਰੀ ਕਰਨ ਆਏ ਨੇ।

***ਤਰਫਤਿ ਇਕ ਪਰਮੇਸ਼ੁਰ ਆਸ।***
***ਹੁਇ ਜਲਧਰ ਗੁਰ ਪਹੁਂਚੇ ਪਾਸ।*** ***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ-3133***

ਕਹਿੰਦੇ ਕਿ ਇਹ ਤਾਂ ਬੱਦਲ ਬਣ ਕੇ ਆ ਗਏ ਹੁਣ।

***ਜਥਾ ਕਮਲ ਜੁਗ, ਘਾਮ ਤਪਾਏ।***
***ਜਲ ਬਿਹੀਨ ਹੁਇ ਕਰਿ ਮੁਰਝਾਏ।*** ***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ-3133***

ਧੁੱਪ ਨੇ ਸੁਕਾ ਦਿੱਤੇ ਤੇ ਜਲ ਤੋਂ ਵਿਹੂਣੇ ਹੋ ਕੇ, ਖਾਲੀ ਹੋ ਕੇ ਮੁਰਝਾ ਗਏ ਤੇ ਗੁਰੂ ਮਹਾਰਾਜ ਜੀ ਨੇ ਆ ਕੇ ਪਾਣੀ ਮੰਗ ਲਿਆ।

***ਬਾਰ ਬਾਰ ਬਚ ਬਦਨ ਬਖਾਨੇ।*** ***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ-3133***

ਬਾਰ-ਬਾਰ ਕਹਿੰਦੇ ਨੇ ਕਿ ਓ ਪ੍ਰੇਮੀਓਂ! ਪਾਣੀ ਪਿਲਾਓ ਸਾਨੂੰ, ਪਾਣੀ ਪਿਲਾਓ।

***ਹਮ ਕੋ ਲਾਗੀ ਤ੍ਰਿਖਾ ਮਹਾਨੇ।*** ***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ-3133***

ਸਾਨੂੰ ਤਾਂ ਬਹੁਤ ਪਿਆਸ ਲੱਗੀ ਹੋਈ ਹੈ। ਉਸੇ ਵੇਲੇ ਹੋਸ਼ 'ਚ ਆਏ, ਹੌਂਸਲਾ ਆ ਗਿਆ, ਗੁਰੂ ਮਹਾਰਾਜ ਜੀ ਨੂੰ ਦੇਖਦੀਸਾਰ ਸਰੀਰ ਦੇ ਅੰਦਰ ਬਿਜਲੀ ਵਰਗੀ ਤਾਕਤ ਆ ਗਈ। ਉਸ ਵੇਲੇ ਪੁੱਤਰ ਦੌੜਿਆ, ਜਾ ਕੇ 'ਕੂਨ੍ਹਾ' ਲਿਆਇਆ, ਲਿਆ ਕੇ ਪੱਤੇ ਦਾ ਡੂੰਨਾ ਬਣਾਇਆ ਤੇ ਉਸ ਦੇ ਵਿਚ ਪਾਣੀ ਪਾ ਕੇ ਮਹਾਰਾਜ ਜੀ ਨੂੰ ਦਿੱਤਾ। ਹਥੇਲੀ ਤੇ ਰੱਖਿਆ ਮਹਾਰਾਜ ਜੀ ਨੇ ਚੁੱਕ ਕੇ, ਜਦੋਂ ਪਾਣੀ ਪੀਤਾ ਤਾਂ ਕਹਿਣ ਲੱਗੇ ਕਿ ਪ੍ਰੇਮੀਓਂ! ਇਹ ਕੀ ਪਿਲਾਇਆ ਹੈ ਸਾਨੂੰ?

*ਜਲ ਐਸੋ ਕਬਿ ਪੀਯੋ ਨ ਆਗੇ।* *ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ- 3133*

ਅੱਜ ਤੱਕ ਤਾਂ ਅਸੀਂ ਇਹੋ ਜਿਹਾ ਪਾਣੀ ਪੀਤਾ ਨਹੀਂ, ਪਾਣੀ ਪੀਂਦਿਆਂ ਨੂੰ ਉਮਰ ਲੰਘ ਗਈ।

*ਕਿਨਹੂੰ ਨ ਦੀਨਸਿ ਕਰਿ ਅਨੁਰਾਗੇ।* *ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ- 3133*

ਐਨੇ ਪਿਆਰ ਨਾਲ ਸਾਨੂੰ ਅੱਜ ਤੱਕ ਕਿਸੇ ਨੇ ਪਾਣੀ ਨਹੀਂ ਦਿੱਤਾ। ਕ੍ਰਿਸ਼ਨ ਮਹਾਰਾਜ ਜੀ ਵੀ ਕਹਿੰਦੇ ਸਨ ਕਿ -

*ਖੀਰ ਸਮਾਨਿ ਸਾਗੁ ਮੈ ਪਾਇਆ ............॥* *ਪੰਨਾ - 1105*

ਕਹਿੰਦੇ ਕਿ ਤੂੰ ਦੁਖ ਕਹਿੰਦਾ ਹੈਂ? ਸਾਨੂੰ ਤਾਂ ਜਿਹੜਾ ਅਲੂਣਾ ਸਾਗ ਮਿਲਿਆ ਹੈ, ਉਹ ਦੁੱਧ ਤੋਂ ਵੀ ਸੁਆਦ ਸੀ-

*............... ਗੁਨ ਗਾਵਤ ਰੈਨਿ ਬਿਹਾਨੀ॥* *ਪੰਨਾ - 1105*

ਕਿਸੇ ਨੇ ਵੀ ਸਾਨੂੰ ਪਿਆਰ ਦੇ ਨਾਲ ਅੱਜ ਤੱਕ ਪਾਣੀ ਨਹੀਂ ਐਨਾ ਵਧੀਆ ਪਿਲਾਇਆ।

*ਹਿਮ ਅਰੁ ਸ਼ੋਰੇ ਮਹਿਂ ਧਰਿ ਰਾਖਾ।* *ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ- 3133*

ਤੁਸੀਂ ਬਰਫ ਦੇ ਵਿਚ ਰੱਖਿਆ ਹੋਇਆ ਸੀ ਸ਼ੋਰਾ ਪਾ ਕੇ?

*ਅਤਿ ਸੀਤਲ ਕਰਿਬੇ ਅਭਿਲਾਖਾ।* *ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ- 3133*

ਐਨਾ ਠੰਡਾ ਕਰਨ ਵਾਸਤੇ ਤੁਸੀਂ ਪਾਣੀ ਰੱਖਿਆ ਹੋਇਆ ਸੀ ਪ੍ਰੇਮੀਓ?

*ਇਸ ਜਲ ਸਮ ਹਮ ਕਬਹੂ ਨ ਪੀਓ।*
*ਬਰੰਬਾਰ ਸਰਾਹਿਨ ਕਿਯੋ।* *ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ- 3133*

ਬਾਰ-ਬਾਰ ਸਰਾਹੁੰਦੇ ਨੇ। ਆਪਣੇ ਹੱਥ ਦੇ ਨਾਲ ਦੋਹਾਂ ਨੂੰ ਪਾਣੀ ਪਿਲਾਇਆ। ਕਿੰਨੇ ਵਡਭਾਗੀ ਸੀ ਸਾਧ ਸੰਗਤ ਜੀ! ਕਿੰਨੇ ਭਾਗਾਂ ਵਾਲੇ ਸਨ ਉਹ ਜਿਨ੍ਹਾਂ ਨੇ ਗੁਰੂ ਮਹਾਰਾਜ ਜੀ ਦੇ ਹੱਥੋਂ ਜਲ ਪੀਤਾ ਤੇ ਤੀਹ ਕੋਹ ਤੋਂ ਗੁਰੂ ਮਹਾਰਾਜ ਜੀ ਨੂੰ ਖਿੱਚ ਲਿਆ ਕਿਉਂਕਿ ਪਿਆਰ ਸੱਚਾ ਸੀ। ਦੁਨੀਆਂ ਦੇ ਪਿਆਰ ਗਰਜ਼ ਦੇ ਹੁੰਦੇ ਨੇ ਪਰ ਗੁਰੂ ਦਾ ਪਿਆਰ ਸੱਚਾ ਹੁੰਦਾ ਹੈ।

*ਧਾਰਨਾ - ਹੋਰ ਪਿਆਰ ਦੁਨੀਆਂ ਦੇ ਕੂੜੇ,*
*ਸੱਚਾ ਪਿਆਰ ਨਾਲ ਗੁਰਾਂ ਦੇ -2, 2.*
*ਮੇਰੇ ਪਿਆਰੇ, ਸੱਚਾ ਪਿਆਰ ਨਾਲ ਗੁਰਾਂ ਦੇ -2, 2.*
*ਹੋਰ ਪਿਆਰ ਦੁਨੀਆਂ ਦੇ ਕੂੜੇ,............ -2.*

*ਲੇਲੈ ਮਜਨੂੰ ਆਸ਼ਕੀ ਚਹੁ ਚਕੀ ਜਾਤੀ।*
*ਸੋਰਠਿ ਬੀਜਾ ਗਾਵੀਐ ਜਸੁ ਸੁਘੜਾ ਵਾਤੀ।*
*ਸਸੀ ਪੁੰਨੂੰ ਦੋਸਤੀ ਹੋਇ ਜਾਤਿ ਅਜਾਤੀ।*
*ਮੇਹੀਵਾਲ ਨੋ ਸੋਹਣੀ ਨੈ ਤਰਦੀ ਰਾਤੀ।*
*ਰਾਂਝਾ ਹੀਰ ਵਖਾਣੀਐ ਓਹੁ ਪਿਰਮ ਪਰਾਤੀ।*
*ਪੀਰ ਮੁਰੀਦਾ ਪਿਰਹੜੀ ਗਾਵਨਿ ਪਰਭਾਤੀ॥* *ਭਾਈ ਗੁਰਦਾਸ ਜੀ ਦੀ*

***ਵਾਰ 27/1***

ਦੋ ਤਰ੍ਹਾਂ ਦਾ ਪਿਆਰ ਹੈ – ਇਕ ਗੁਰੂ ਦਾ ਪਿਆਰ, ਦੂਜਾ ਦੁਨੀਆਂ ਦਾ ਪਿਆਰ। ਇਸ਼ਕ-ਏ-ਮਜਾਜੀ ਤੇ ਇਸ਼ਕ-ਏ-ਹਕੀਕੀ। ਇਸ਼ਕ-ਏ-ਮਜਾਜੀ ਦੁਨੀਆਂ ਦਾ ਪਿਆਰ ਹੈ, ਦਰਗਾਹ 'ਚ ਇਸ ਦਾ ਕੋਈ ਵਾਸਤਾ ਨਹੀਂ ਹੈ। ਗੁਰੂ ਦਾ ਪਿਆਰ – ਏਥੇ ਵੀ ਪਿਆਰ ਤੇ ਦਰਗਾਹ ਵਿਚ ਵੀ ਪਿਆਰ। ਸੋ ਇਸ ਤਰ੍ਹਾਂ ਦੇ ਨਾਲ ਪਿਆਰ ਜਿਸ ਦੇ ਹਿਰਦੇ 'ਚ ਹੋ ਗਿਆ –

***ਸਾਚੁ ਕਹੌਂ ਸੁਨ ਲੇਹੁ ਸਭੈ***
***ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ।*** ***(ਤ੍ਵਪ੍ਰਸਾਦਿ ਸ੍ਵਯੇ)***

ਸੋ ਗੁਰੂ ਅੰਗਦ ਦੇਵ ਜੀ ਮਹਾਰਾਜ ਭਾਈ ਲਹਿਣਾ ਜੀ ਦੇ ਰੂਪ ਦੇ ਅੰਦਰ ਗੁਰਸਿੱਖੀ ਕਮਾਉਣ ਵਾਸਤੇ ਗੁਰੂ ਮਹਾਰਾਜ ਜੀ ਦੇ ਚਰਨਾਂ 'ਚ ਹਾਜ਼ਰ ਹੁੰਦੇ ਨੇ ਗੁਰੂ ਨਾਨਕ ਪਾਤਿਸ਼ਾਹ ਦੇ। ਦਿਨ ਰਾਤ ਇਕ ਕਰੀ ਹੋਈ ਹੈ, ਨਾ ਨੀਂਦ ਦਾ ਪਤਾ ਹੈ, ਨਾ ਭੁੱਖ ਦਾ ਪਤਾ ਹੈ, ਹਰ ਵਕਤ ਗੁਰੂ ਮਹਾਰਾਜ ਜੀ ਦੀ ਸੇਵਾ ਵਿਚ ਰਹਿ ਕੇ ਦੇਖਦੇ ਨੇ। ਆਪ ਇਸ਼ਨਾਨ ਕਰਨ ਜਾਂਦੇ ਨੇ ਤਾਂ ਗੁਰੂ ਅੰਗਦ ਦੇਵ ਜੀ ਨਾਲ ਜਾਂਦੇ ਨੇ। ਗੁਰੂ ਨਾਨਕ ਸੱਚੇ ਪਾਤਸ਼ਾਹ ਸਮਾਧੀ ਵਿਚ ਲੀਨ ਹੋ ਕੇ ਬੈਠਦੇ ਨੇ, ਆਪ ਦੇਖਦੇ ਰਹਿੰਦੇ ਨੇ।

ਸੋ ਐਸਾ ਪਿਆਰ ਪੈ ਗਿਆ ਜਿਹੜਾ ਦੱਸਿਆ ਨਹੀਂ ਜਾ ਸਕਦਾ, ਜਿਸ ਦੀ ਕੋਈ ਮਿਸਾਲ ਨਹੀਂ ਮਿਲਦੀ। ਪਿਆਰ ਦੀ ਵਾਰਤਾ ਆਪਾਂ ਕਰੀ ਹੈ ਤੇ ਸਾਰੇ ਪਿਆਰਾਂ ਨਾਲੋਂ ਗੁਰੂ ਅੰਗਦ ਮਹਾਰਾਜ ਜੀ ਦਾ ਪਿਆਰ ਕਿੰਨਾ ਵੱਡਾ ਹੋਏਗਾ ਜਿਸ ਦੇ ਉਤੇ ਗੁਰੂ ਨਾਨਕ ਪਾਤਿਸ਼ਾਹ ਰੀਝ ਗਏ। ਪਿਆਰ ਤਾਂ ਉਨ੍ਹਾਂ ਨੂੰ ਭਾਈ ਮਨਸੁਖ ਨੇ ਵੀ ਕਰਿਆ, ਭਾਈ ਭਗੀਰਥ ਨੇ ਵੀ ਕਰਿਆ, ਬਾਬਾ ਬੁੱਢਾ ਜੀ ਨੇ ਵੀ ਕਰਿਆ, ਭਾਈ ਸਧਾਰਨ ਨੇ ਵੀ ਕਰਿਆ, ਹੋਰ ਹਜ਼ਾਰਾਂ ਨੇ ਕਰਿਆ ਤੇ ਉਨ੍ਹਾਂ ਦਾ ਪਿਆਰ ਕੋਈ ਵਿਲੱਖਣ ਪਿਆਰ ਸੀ, ਜਿਸ ਤੋਂ ਸਾਨੂੰ ਸਬਕ ਸਿੱਖਣਾ ਚਾਹੀਦਾ ਹੈ। ਸੋ ਏਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ –

***ਧਾਰਨਾ – ਜਾਗਿਆ ਹਿਰਦੇ, ਸੱਚਾ ਪਿਆਰ ਗੁਰਾਂ ਦਾਂ -2.***
***ਪਿਆਰ ਗੁਰਾਂ ਦਾ, ਸੱਚਾ ਪਿਆਰ ਗੁਰਾਂ ਦਾ -2, 2.***
***ਜਾਗਿਆ ਹਿਰਦੇ,...... -2.***

ਸੱਚਾ ਪਿਆਰ, ਨਿਰਮਲ ਪਿਆਰ – ਬਗੈਰ ਕਿਸੇ ਕਾਮਨਾ ਤੋਂ ਕਿਉਂਕਿ ਇਹ ਬਾਤ ਔਖੀ ਹੈ ਸਾਧ ਸੰਗਤ ਜੀ! ਸਮਝਣੀ ਵੀ ਔਖੀ ਹੈ, ਸਮਝਾਉਣੀ ਵੀ ਔਖੀ ਹੈ। ਗੁਰੂ ਨਾਨਕ ਪਾਤਸ਼ਾਹ ਪਿਆਰ ਤੋਂ ਵਿਹੂਣੇ ਪੁਰਸ਼ ਨੂੰ ਮਰਿਆ ਹੋਇਆ ਬੰਦਾ ਕਹਿੰਦੇ ਨੇ –

***ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥***
***ਮਿਰਤਕ ਕਹੀਅਹਿ ਨਾਨਕ ਜਿਹ ਪ੍ਰੀਤਿ ਨਹੀ ਭਗਵੰਤ॥*** ***ਪੰਨਾ – 253***

ਸੋ ਪਿਆਰ ਜਾਗ ਪਿਆ –

***ਪਰਮ ਪ੍ਰੇਮ ਜਾਗਿਓ ਮਨ ਮਾਹੀ।***
***ਰੰਗਿਓ ਰੰਗ ਭਗਤਿ ਮਨ ਮਾਹੀ।***

ਹਰ ਵਕਤ ਭਗਤੀ ਕਰਦੇ ਨੇ। ਮਨ ਦੇ ਉਤੇ ਰੰਗ ਚੜ੍ਹ ਗਿਆ –

***ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ॥*** ***ਪੰਨਾ – 808***

***ਇਕ ਮਨ ਹੋਇ ਪੜੈ ਗੁਰਬਾਨੀ॥***

***ਸੁਨੈ ਗੁਨੈ ਕੀਰਤ ਚਿਤ ਆਨੀ॥***

ਜੇ ਬਾਣੀ ਪੜ੍ਹਦੇ ਨੇ ਤਾਂ ਇਕ ਮਨ ਹੋ ਕੇ ਪੜ੍ਹਦੇ ਨੇ, ਗੁਰਬਾਣੀ ਦਾ ਰੂਪ ਹੋ ਕੇ ਪੜ੍ਹਦੇ ਨੇ -

***ਵਾਹਿਗੁਰੂ ਕਉ ਸਿਮਰਨ ਕਰ ਹੀ॥***
***ਉਮੰਗ ਉਮੰਗ ਮੁਖ ਸੁਜਸ ਕਰਹੀ॥***

ਬਹੁਤ ਹੀ ਪਿਆਰ ਦੇ ਨਾਲ ਜਸ ਕਰਦੇ ਨੇ -

***ਚੀਤ ਪ੍ਰੀਤ ਕੀ ਗੀਤ ਨਿਆਰੀ॥***

ਗੀਤਾਂ ਨਿਆਰੀਆਂ ਨੇ ਭਾਈ ਪਿਆਰ ਦੀਆਂ -

***ਲਿਵ ਲਾਗੀ ਨਿਸਦਿਨ ਸੁਖਕਾਰੀ॥***

ਸੁੱਖਾਂ ਨੂੰ ਦੇਣ ਵਾਲੀ ਦਿਨ ਰਾਤ ਦੀ ਲਿਵ ਲੱਗ ਗਈ -

***ਕਰਤਵੋ ਸੇਵਾ ਸਮਾਂ ਬਿਤਾਵੈ॥***
***ਜਗ ਕਾਰਜ ਕਉ ਰਿਦੈ ਨ ਆਵੈ।***

ਸੇਵਾ ਕਰਦੇ ਨੇ, ਗੁਰੂ ਮਹਾਰਾਜ ਜੀ ਦੇ ਦਰਸ਼ਨ ਕਰਦੇ ਨੇ। ਪਿਆਰ ਦੇ ਵਿਚ ਦਿਨ ਲੰਘ ਜਾਂਦਾ ਹੈ, ਪਿਆਰ ਦੇ ਵਿਚ ਰਾਤ ਲੰਘ ਜਾਂਦੀ ਹੈ। ਕਦੇ ਭੁੱਲ ਕੇ ਵੀ ਪਿਛਲਾ ਖਿਆਲ ਨਹੀਂ ਆਇਆ ਕਿ ਘਰਵਾਲੇ ਕੀ ਕਰਦੇ ਹੋਣਗੇ? ਜੁਆਨ ਲੜਕੀ ਪਿਛੇ ਹੈ, ਕੁਆਰੀ ਹੈ, ਕਾਰੋਬਾਰ ਕਿਸ ਤਰ੍ਹਾਂ ਚਲਦਾ ਹੋਏਗਾ? ਕੀ ਹੋਏਗਾ, ਲੈਣ ਦੇਣ ਵਾਲਿਆਂ ਨਾਲ ਕਿਵੇਂ ਵਰਤਦੇ ਹੋਣਗੇ ਬੱਚੇ? ਕੋਈ ਪਤਾ ਨਹੀਂ ਦੁਨੀਆਂ ਛੱਡ ਦਿੱਤੀ ਸਾਰੀ। ਰੱਖਿਆ, ਤਾਂ ਕੇਵਲ ਗੁਰੂ ਮਹਾਰਾਜ ਜੀ ਦਾ ਪਿਆਰ ਰੱਖਿਆ। ਸੋ ਏਸ ਤਰ੍ਹਾਂ ਦੇ ਨਾਲ ਆਪ ਸਮਾਂ ਬਿਤਾ ਰਹੇ ਨੇ। ਇਸ ਤੋਂ ਅਗਲੀ ਵਿਚਾਰ ਮਹਾਰਾਜ ਜੀ ਨੇ ਚਾਹਿਆ ਤਾਂ ਸੰਗਰਾਂਦ ਵਾਲੇ ਦਿਨ ਰਤਵਾੜਾ ਸਾਹਿਬ ਕਰਾਂਗੇ। ਸੋ ਹੁਣ ਸਾਰੇ ਪ੍ਰੇਮੀ ਜਿਹੜੇ ਅਜੇ ਤੱਕ ਨਹੀਂ ਬੋਲੇ, ਉਹ ਵੀ ਆਪਣੀ ਰਸਨਾ ਪਵਿੱਤਰ ਕਰ ਲਓ, ਅਨੰਦ ਸਾਹਿਬ ਤੇ ਗੁਰਸਤੋਤਰ ਵਿਚ ਸਾਰੇ ਬੋਲੋ ਭਾਈ।

-ਅਨੰਦ ਸਾਹਿਬ-

-ਗੁਰ ਸਤੋਤਰ-

-ਅਰਦਾਸ-

## 9

ਸ਼ਾਨ ..................................।

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥* *ਪੰਨਾ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥* *ਪੰਨਾ - 289*

*ਧਾਰਨਾ - ਗਾਵੋ ਗੁਰਾਂ ਦੀ ਬਾਣੀ,*
*ਆਵੋ ਸਿੱਖੋ ਪਿਆਰਿਓ -2, 2.*
*ਸਿਖੋ ਪਿਆਰਿਓ, ਆਵੋ ਸਿੱਖੋ ਪਿਆਰਿਓ -2, 2.*
*ਗਾਵੋ ਗੁਰਾਂ ਦੀ ਬਾਣੀ, ............... -2.*

*ਆਵਹੁ ਸਿਖ ਸਤਿਗੁਰੂ ਕੇ ਪਿਆਰਿਹੁ ਗਾਵਹੁ ਸਚੀ ਬਾਣੀ॥*
*ਪੰਨਾ -920*

ਸਾਧ ਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਗੁਰੂ ਮਹਾਰਾਜ ਜੀ ਦੀ ਪ੍ਰੇਰਨਾ ਦੇ ਸਦਕੇ ਐਸੀ ਧੁੱਪ ਦੇ ਅੰਦਰ ਹਾੜ ਦੇ ਮਹੀਨੇ ਦੀ ਸੰਗਰਾਂਦ ਮਨਾਉਣ ਵਾਸਤੇ ਬਹੁਤ ਦੂਰ-ਦਰਾਜ਼ ਤੋਂ ਆਪ ਆਏ ਹੋ। ਬਹੁਤਿਆਂ ਨੂੰ ਨਹੀਂ ਪਤਾ ਕਿ ਸੰਗਤ ਕਿਥੋਂ-ਕਿਥੋਂ ਆਉਂਦੀ ਹੈ। ਪਾਉਂਟਾ ਸਾਹਿਬ ਤੋਂ ਲੈ ਕੇ ਅੰਬਾਲਾ, ਰੋਪੜ, ਰਾਜਪੁਰਾ, ਮਾਛੀਵਾੜਾ ਤੱਕ ਦੂਰ ਤੋਂ ਸੰਗਤ ਪਹੁੰਚਦੀ ਹੈ। ਕਿੱਡਾ ਵੱਡਾ ਤਪ ਹੈ ਇਹ, ਇੰਨੀ ਗਰਮੀ ਪੈ ਰਹੀ ਹੈ। ਉਹ ਪ੍ਰੇਮੀ ਜਿਹੜਾ ਪੰਜ ਧੂਣੀਆਂ ਤਾਪਦਾ ਹੈ; ਚਾਰ ਆਲੇ-ਦੁਆਲੇ ਲਾਉਂਦਾ ਹੈ, ਪੰਜਵਾਂ ਸੂਰਜ ਸਿਰ ਤੇ ਪੈਂਦਾ ਹੈ, ਅਸੀਂ ਕਹਿੰਦੇ ਹਾਂ ਕਿ ਉਹ ਬਹੁਤ ਤਪ ਕਰ ਰਿਹਾ ਹੈ। ਮਹਾਰਾਜ ਕਹਿੰਦੇ ਉਹ ਕੁਝ ਵੀ ਨਹੀਂ ਹੈ, ਉਹ ਜੇ 100 ਸਾਲ ਤਪ ਕਰੀ ਜਾਵੇ ਤੇ ਸਾਧ-ਸੰਗਤ ਜੀ! ਤੁਸੀਂ ਜੇ ਚਿਤ ਇਕਾਗਰ ਕਰਕੇ ਇਕ ਦੀਵਾਨ ਸਰਵਣ ਕਰ ਲਓ, ਇਸ ਦਾ ਫਲ 100 ਸਾਲ ਦੀ ਤਪਸਿਆ ਤੋਂ ਵੱਧ ਹੈ। ਇਹ ਕੋਈ ਐਸੀ ਬਾਤ ਨਹੀਂ, ਨਿਰਾਰਥਕ ਬਾਤ ਨਹੀਂ ਕਿਉਂਕਿ ਉਹ 'ਹਠ ਤਪ' ਹੈ ਤੇ ਇਹ 'ਸਹਿਜ ਤਪ' ਹੈ। ਸਹਿਜ ਤਪ ਦਾ, ਸਹਿਜ ਭਜਨ ਦਾ ਫਲ ਬੇਅੰਤ ਹੋਇਆ ਕਰਦਾ ਹੈ। ਸਿਰਫ ਇਸ ਦੇ ਵਿਚ ਇਹ ਹੁੰਦਾ ਹੈ ਕਿ ਚਿੱਤ ਨੂੰ ਇਕਾਗਰ ਕਰਕੇ ਫੁਰਨਿਆਂ ਨੂੰ ਰੋਕੋ, ਨੇਤਰ ਗੁਰੂ ਸਰੂਪ ਵੱਲ ਨੂੰ ਰੱਖੋ, ਕੰਨਾਂ ਦੇ ਨਾਲ ਬਾਣੀ ਸਰਵਣ ਕਰੋ, ਬੁੱਧੀ ਦੇ ਨਾਲ ਵਿਚਾਰ ਕਰੋ, ਰਸਨਾ ਦੇ ਨਾਲ ਗਾਓ, ਫੇਰ ਫਲ ਕਿੰਨਾ ਹੋ ਜਾਏਗਾ? ਮਹਾਰਾਜ ਕਹਿੰਦੇ ਹਨ-

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥* *ਪੰਨਾ - 546*

ਕਈ ਕਰੋੜ ਜੱਗਾਂ ਦਾ ਫਲ ਮਿਲਦਾ ਹੈ ਜਿਹੜੇ ਸੁਣਦੇ ਨੇ ਤੇ ਫੇਰ ਗਾਉਂਦੇ ਨੇ। ਕਿੰਨਾ ਸੁਖਾਲਾ ਕਰ ਦਿੱਤਾ ਮਹਾਰਾਜ ਗੁਰੂ ਨਾਨਕ ਪਾਤਿਸ਼ਾਹ ਨੇ। ਇਸ ਦਾ ਅਹਿਸਾਨ ਨਹੀਂ ਭੁੱਲਣਾ ਚਾਹੀਦਾ। ਇਹ ਤਾਂ ਸ਼ੁਕਰ ਹੈ ਜਿਹੜੇ ਇਸ ਘਰ 'ਚ ਪੈਦਾ ਹੋ ਗਏ। ਜੇ ਹੁਣ ਵੀ ਉਹ ਗਰੀਬੀ 'ਚ ਰਹਿਣ - ਰੂਹਾਨੀਅਤ ਦੀ ਗਰੀਬੀ 'ਚ, ਫੇਰ ਉਨ੍ਹਾਂ ਵਰਗਾ ਮੰਦਭਾਗੀ ਕੋਈ ਨਹੀਂ ਹੈ। ਇਕ ਤਾਂ ਕਲਜੁਗ 'ਚ ਜਨਮ ਮਿਲ ਗਿਆ। ਕਲਜੁਗ ਦੇ ਅੰਦਰ ਇਹ ਵਿਸ਼ੇਸ਼ਤਾ ਹੈ। ਪਿਛਲੀ ਵਾਰੀ ਇਹ ਦੱਸਿਆ ਸੀ ਕਿ ਸਤਜੁਗ ਦੇ ਅੰਦਰ ਇਕ ਲੱਖ ਸਾਲ ਕੋਈ ਆਦਮੀ ਤਪ ਕਰਦਾ ਹੈ, ਤ੍ਰੇਤੇ ਦੇ ਅੰਦਰ ਦਸ ਹਜ਼ਾਰ ਸਾਲ ਤਪ ਕਰਦਾ ਹੈ, ਦੁਆਪਰ ਜੁਗ ਦੇ ਅੰਦਰ ਹਜ਼ਾਰ ਸਾਲ ਕਰਦਾ ਹੈ, ਆਹ ਕਲਜੁਗ

ਦੇ ਅੰਦਰ ਇਕ ਸਤਿਸੰਗ ਕਰ ਲਓ – ਮਨ ਚਿਤ ਲਾ ਕੇ, ਉਸ ਤੋਂ ਵਧ ਫਲ ਹੋ ਜਾਏਗਾ। ਇਹ ਵੀ ਗੁਰੂ ਨਾਨਕ ਪਾਤਸ਼ਾਹ ਦੀ ਕਿਰਪਾ ਹੈ ਕਿਉਂਕਿ ਆਪ ਪ੍ਰਸੰਨ ਹੋ ਗਏ ਸੀ। ਗੁਰੂ ਨਾਨਕ ਪਾਤਸ਼ਾਹ ਕੋਈ ਐਵੇਂ ਮਾਮੂਲੀ ਅਵਤਾਰ ਨਹੀਂ ਸੀ। ਜਿਹੜੇ ਬੰਦੇ ਕਈ ਕਹਿ ਦਿੰਦੇ ਨੇ ਕਿ ਗੁਰੂ ਨਾਨਕ ਦੇਵ ਜੀ ਵਿਸ਼ਨੂੰ ਜੀ ਦਾ ਅਵਤਾਰ ਸੀ, ਪਤਾ ਨਹੀਂ ਵਿਸ਼ਨੂੰ ਜੀ ਨੂੰ ਉਹ ਕੀ ਸਮਝਦੇ ਨੇ। ਮਹਾਰਾਜ ਤਾਂ ਕਹਿੰਦੇ ਹਨ –

*ਕਿਸਨ ਬਿਸਨ ਕਬਹੂੰ ਨਹਿ ਧਿਆਊਂ॥* *(ਚੌਪਈ)*

ਅਸੀਂ ਤਾਂ ਧਿਆਨ ਵਿਚ ਨਹੀਂ ਲਿਆਉਂਦੇ ਕਿਉਂਕਿ ਗੁਰਸਿੱਖ ਵੀ ਜਿਹੜੇ ਨੇ ਇਨ੍ਹਾਂ ਦੇਵਤਿਆਂ ਤੋਂ ਉਪਰ ਲੰਘ ਜਾਂਦੇ ਨੇ, ਦੇਵਤੇ ਹੇਠਾਂ ਰਹਿ ਜਾਂਦੇ ਨੇ। ਬੜੀ ਵਾਰੀ ਇਹ ਗੱਲ ਦੱਸੀ ਹੈ। ਵਾਹਿਗੁਰੂ ਜੀ ਕਹਿੰਦੇ, ਮੈਂ ਤਾਂ ਹਾਂ ਪਾਰਬ੍ਰਹਮ ਪ੍ਰਮੇਸ਼ਰ, ਮੇਰਾ ਕੋਈ ਨਾ ਆਦਿ ਹੈ, ਨ ਅੰਤ ਹੈ, ਨਾ ਮੇਰਾ ਕੋਈ ਪਾਰਾਵਾਰ ਪਾ ਸਕਦਾ ਹੈ, ਨਾ ਮੇਰੇ ਬਾਰੇ ਕੋਈ ਜਾਣ ਸਕਦਾ ਹੈ। ਨਾ ਬ੍ਰਹਮਾ, ਨਾ ਵਿਸ਼ਨੂੰ, ਨਾ ਸ਼ਿਵ ਜੀ, ਮੇਰੇ ਬਾਰੇ ਨਹੀਂ ਜਾਣ ਸਕਦੇ –

*ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ॥*
*ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ॥*
*ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ॥*
*ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ॥*
*ਪੰਨਾ – 7*

ਕਹਿੰਦੇ ਅਸਚਰਜ ਇਹ ਹੈ ਕਿ ਵਾਹਿਗੁਰੂ ਜੀ ਤਾਂ ਦੇਖ ਰਹੇ ਨੇ ਤਿੰਨਾਂ ਦੇਵਤਿਆਂ ਨੂੰ, ਪਰ ਤਿੰਨਾਂ ਦੇਵਤਿਆਂ ਨੂੰ ਵਾਹਿਗੁਰੂ ਦਾ ਨਹੀਂ ਪਤਾ ਲਗਦਾ –

*ਨਾਰਦ ਸੇ ਚਤੁਰਾਨਨ ਸੇ,*
*ਰੁਮਨਾ ਰਿਖ ਸੇ, ਸਭ ਹੂ ਮਿਲਿ ਗਾਇਓ॥*
*ਬੇਦ ਕਤੇਬ ਨ ਭੇਦ ਲਖਿਓ,*
*ਸਭ ਹਾਰਿ ਪਰੇ ਹਰਿ ਹਾਥ ਨ ਆਇਓ॥*
*ਪਾਇ ਸਕੈ ਨਹੀ ਪਾਰ ਉਮਾਪਤਿ,*
*ਸਿੱਧ ਸਨਾਥ ਸਨੰਤਨ ਧਿਆਇਓ॥*
*ਧਿਆਨ ਧਰੋ ਤਿਹ ਕੋ ਮਨ ਮੈਂ,*
*ਜਿਹ ਕੋ ਅਮਿਤੋਜਿ ਸਭੈ ਜਗੁ ਛਾਇਓ॥* *(ਅਕਾਲ ਉਸਤਤਿ)*

ਕੋਈ ਵੀ ਜਾਣ ਨਹੀਂ ਸਕਦਾ। ਨੇਤ ਨੇਤ ਨੇਤ ਵੇਦ ਉਚਾਰਦੇ ਨੇ। ਸੋ ਉਹ ਗੁਰੂ ਨਾਨਕ ਪਾਤਸ਼ਾਹ ਨੂੰ ਕਹਿਣ ਲੱਗੇ, "ਹੇ ਨਾਨਕ! ਮੈਂ ਤਾਂ ਹਾਂ ਪਾਰਬ੍ਰਹਮ ਪ੍ਰਮੇਸ਼ਰ ਤੇ ਤੂੰ ਹੈਂ ਗੁਰੂ-ਪ੍ਰਮੇਸ਼ਰ।" ਹੁਣ ਗੁਰੂ ਪ੍ਰਮੇਸ਼ਰ ਨੇ ਸਾਡੇ ਉਤੇ ਤਰਸ ਕੀਤਾ ਕਿਉਂਕਿ ਕਲਜੁਗ ਹੈ, ਐਡਾ ਮਾੜਾ ਜੁਗ ਹੈ ਕਿ ਬੰਦਾ ਪ੍ਰਮੇਸ਼ਰ ਵੱਲ ਲੱਗ ਹੀ ਨਹੀਂ ਸਕਦਾ। ਮਹਾਰਾਜ ਕਹਿੰਦੇ ਕੋਈ ਨਾ, ਤੂੰ ਫਿਕਰ ਨਾ ਕਰ, ਤੈਨੂੰ ਅਸੀਂ ਚੰਗਾ ਬਣਾ ਦਿਆਂਗੇ। ਪਰ ਇਕ ਸ਼ਰਤ ਹੈ, ਮੇਰੇ ਸਿੱਖਾਂ ਨੂੰ ਤੰਗ ਨਾ ਕਰੀਂ। ਜਿਹੜੇ ਸਤਿਸੰਗ 'ਚ ਆ ਕੇ ਬਹਿ ਜਾਣਗੇ, ਉਥੇ ਨਾ ਤੂੰ ਗੜਬੜੀ ਮਚਾਈਂ। ਕਹਿੰਦੇ ਤੇਰੇ ਜੁਗ ਦੇ ਅੰਦਰ ਜਿਹੜਾ ਮਨੁੱਖਾ ਜਨਮ ਧਾਰਨ ਕਰ ਲਏਗਾ, ਜੇ ਇਕ ਵਾਰੀ ਵੀ ਉਸ ਦੇ ਮੂੰਹ ਤੋਂ ਵਾਹਿਗੁਰੂ, ਰਾਮ, ਅੱਲਾ ਨਿਕਲ ਜਾਵੇ- ਇਕ ਵਾਰੀ ਵੀ –

*ਏਕ ਚਿਤ ਜਿਹ ਇਕ ਛਿਨ ਧਿਆਇਓ॥*
*ਕਾਲ ਫਾਸ ਕੇ ਬੀਚ ਨ ਆਇਓ॥*

ਕਾਲ ਦੀ ਫਾਸੀ ਉਸ ਦੇ ਗਲ ਨਹੀਂ ਪਏਗੀ। ਕਿੱਡਾ ਚੰਗਾ ਜੁਗ ਹੈ, ਕਿੱਡੀ ਵੱਡੀ ਰਹਿਮਤ

ਸਾਡੇ ਤੇ ਕਰ ਦਿੱਤੀ। ਮਹਾਰਾਜ ਕਹਿੰਦੇ ਜਿਹੜੇ ਹੁਣ ਵੀ ਖੁੰਝ ਜਾਣਗੇ, ਉਨ੍ਹਾਂ ਵਰਗਾ ਮੰਦਭਾਗਾ ਦੁਨੀਆਂ ਤੇ ਕੋਈ ਨਹੀਂ। ਗੁਰੂ ਗ੍ਰੰਥ ਸਾਹਿਬ 'ਓਅੰਕਾਰ' ਦਾ ਸਰੂਪ ਨੇ। ਗੁਰੂ ਦਸਵੇਂ ਪਾਤਸ਼ਾਹ ਲਿਖਦੇ ਨੇ ਕਿ ਅਕਾਲ ਪੁਰਖ ਨੇ ਜਦੋਂ 'ਏਕੰਕਾਰ' ਦਾ ਸਰੂਪ ਧਾਰਿਆ, ਉਨ੍ਹਾਂ ਨੇ ਇਹ ਪਸਾਰਾ ਕਰਕੇ ਪ੍ਰਗਟ ਕਰਨਾ ਸ਼ੁਰੂ ਕਰ ਦਿਤਾ ਆਪਣੇ ਆਪ ਨੂੰ-

***ਨਿਰੰਕਾਰੁ ਆਕਾਰੁ ਹੋਇ ਏਕੰਕਾਰੁ ਅਪਾਰੁ ਸਦਾਇਆ॥***
***ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ ਬਣਾਇਆ॥***

***ਭਾਈ ਗੁਰਦਾਸ ਜੀ ਦੀ ਵਾਰ 26/2***

ਉਸ ਤੋਂ ਸ਼ਬਦ-ਧੁਨ ਹੋਈ, 'ਓਅੰਕਾਰ' ਦੀ ਸ਼ਬਦ ਧੁਨ ਹੋਈ -

***ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ ਬਣਾਇਆ॥***

***ਭਾਈ ਗੁਰਦਾਸ ਜੀ ਦੀ ਵਾਰ 26/2***

ਆਹ ਸਾਰੀਆਂ ਸ੍ਰਿਸ਼ਟੀਆਂ, ਸਾਰੀਆਂ ਦੁਨੀਆਂ ਇਕ ਸ਼ਬਦ ਦੇ ਨਾਲ ਹੋ ਗਈਆਂ।

***ਕੀਤਾ ਪਸਾਉ ਏਕੋ ਕਵਾਉ॥***
***ਤਿਸ ਤੇ ਹੋਏ ਲਖ ਦਰੀਆਉ॥*** ***ਪੰਨਾ - 3***

ਆਹ ਸਾਰੀ ਦੁਨੀਆਂ ਬਣ ਗਈ। ਕਿਤੋਂ ਨਹੀਂ ਇੱਟਾਂ ਆਈਆਂ, ਕਿਤੋਂ ਨਹੀਂ ਆਇਆ ਪਾਣੀ, ਕਿਤੋਂ ਨਹੀਂ ਆਈ ਅੱਗ, ਸਿਰਫ ਇਕ ਸ਼ਬਦ ਕਿਹਾ ਹੈ। ਮਹਾਰਾਜ ਗੁਰੂ ਦਸਵੇਂ ਪਾਤਸ਼ਾਹ ਕਹਿੰਦੇ ਨੇ-

***ਪ੍ਰਥਮ ਓਅੰਕਾਰ ਤਿਨ ਕਹਾ॥***
***ਸੋ ਧੁਨ ਪੂਰ ਜਗਤ ਮੋ ਰਹਾ॥***

ਸਾਰਿਆਂ ਤੋਂ ਪਹਿਲਾਂ ਇਕ ਸ਼ਬਦ ਬੋਲਿਆ ਅਕਾਲ ਪੁਰਖ ਨੇ -

ਓ.......... ਅੰ .........ਕਾ.........ਰ.........

ਆਹ ਸ਼ਬਦ ਬੋਲਿਆ। ਮੇਰਾ ਬੋਲਿਆ ਹੋਇਆ ਤਾਂ ਖਤਮ ਹੋ ਗਿਆ ਨਾ! ਨਿਰੰਕਾਰ ਦਾ ਬੋਲਿਆ ਹੋਇਆ ਖਤਮ ਨਹੀਂ ਹੋਇਆ। ਕਹਿੰਦੇ ਹੁਣ ਤੱਕ ਇਹ ਧੁਨ ਚਲ ਹੀ ਰਹੀ ਹੈ, ਨਾਲ ਦੀ ਨਾਲ ਬ੍ਰਹਿਮੰਡ ਬਣਦੇ ਤੁਰੇ ਜਾ ਰਹੇ ਨੇ। ਜਿਸ ਦਿਨ ਇਹ ਨਾਮ ਦੀ ਧੁਨ ਅਕਾਲ-ਪੁਰਖ ਨੇ ਬੰਦ ਕਰ ਲਈ, ਉਸ ਦਿਨ ਹੀ ਪਰਲੋਂ ਆ ਜਾਏਗੀ -

***ਉਤਪਤਿ ਪਰਲਉ ਸਬਦੇ ਹੋਵੈ॥*** ***ਪੰਨਾ - 117***

ਸ਼ਬਦ ਤੋਂ ਹੀ ਉਤਪਤੀ ਹੁੰਦੀ ਹੈ, ਸ਼ਬਦ ਤੋਂ ਹੀ ਪਰਲੋਂ ਹੁੰਦੀ ਹੈ। ਇਹ ਸ਼ਬਦ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਸਾਡੀ ਬੋਲੀ ਦੇ ਵਿਚ ਅੱਖਰਾਂ ਦਾ ਰੂਪ ਧਾਰ ਕੇ ਬੈਠ ਗਿਆ। ਇਨ੍ਹਾਂ ਅੱਖਰਾਂ ਨੂੰ ਜੇ ਅਸੀਂ ਸੰਭਾਲ ਲਈਏ, ਜਿਸ ਨੂੰ ਗੁਰਬਾਣੀ ਕਹਿੰਦੇ ਨੇ, ਜੇ ਇਸਨੂੰ ਸੰਭਾਲ ਲਈਏ ਅਸੀਂ ਨਿਰੰਕਾਰ ਤਕ ਪਹੁੰਚ ਸਕਦੇ ਹਾਂ ਕਿਉਂਕਿ ਪਉੜੀ ਹੈ ਇਹ, ਇਸ ਨੂੰ ਸਮਝਣ ਦਾ ਯਤਨ ਕਰੋ।

ਪ੍ਰਸੰਗ ਚਲ ਰਿਹਾ ਸੀ ਕਿ ਭਾਈ ਲਹਿਣਾ ਜੀ ਗੁਰੂ ਅੰਗਦ ਸਾਹਿਬ ਮਹਾਰਾਜ, ਗੁਰੂ ਨਾਨਕ ਪਾਤਸ਼ਾਹ ਦੀ ਸ਼ਰਨ ਵਿਚ ਆਉਂਦੇ ਨੇ। ਆਪ ਦਾ ਜੋ ਹਿਰਦਾ ਸੀ ਉਹ ਵਿੰਨ੍ਹਿਆ ਗਿਆ, ਉਨ੍ਹਾਂ ਦੇ ਦਰਸ਼ਨ ਕਰਕੇ ਉਥੇ ਹੀ ਰਹਿ ਗਏ, ਬਹੁਤ ਪਿਆਰ ਕਰਦੇ ਨੇ। ਅੱਜ ਵੀ ਆਪ ਗੁਰੂ ਨਾਨਕ ਪਾਤਸ਼ਾਹ ਦੇ ਚਰਨ ਦਬਾ ਰਹੇ ਨੇ ਤੇ ਮਹਾਰਾਜ ਬਿਰਾਜੇ ਹੋਏ ਨੇ ਤੇ ਅਚਾਨਕ ਕੀ ਦੇਖਦੇ ਨੇ ਕਿ ਮਹਾਰਾਜ ਜੀ ਦੀਆਂ ਲੱਤਾਂ, ਪਿੰਜਣੀਆਂ 'ਚੋਂ ਖ਼ੂਨ ਸਿੰਮਣ ਲੱਗ ਗਿਆ, ਝਰੀਟਾਂ ਪੈ ਗਈਆਂ। ਬੜੇ ਹੈਰਾਨ ਹੋਏ, ਖ਼ੂਨ ਵੀ ਨਿਕਲਣ ਲੱਗ ਗਿਆ, ਕਤਰੇ ਨਿਕਲਦੇ ਨੇ ਤੇ ਹੱਥ ਖ਼ੂਨ ਦੇ ਨਾਲ ਲਾਲ ਹੋ ਗਏ। ਬਹੁਤ ਚਿੰਤਾ ਹੋਈ ਕਿ ਇਹ ਹੋ ਕੀ ਗਿਆ? ਚੰਗੇ ਭਲੇ ਪਏ ਨੇ, ਕੋਈ ਚੀਜ਼ ਨਹੀਂ ਲੱਗ ਰਹੀ ਤੇ ਖ਼ੂਨ ਇਨ੍ਹਾਂ ਦੀਆਂ ਲੱਤਾਂ ਵਿਚੋਂ ਨਿਕਲ ਰਿਹਾ ਹੈ, ਝਰੀਟਾਂ ਆ ਰਹੀਆਂ ਨੇ, ਆਉਂਦੀਆਂ ਹੀ ਜਾਂਦੀਆਂ

ਨੇ। ਫੇਰ ਦੇਖਿਆ, ਚੋਲਾ ਵੀ ਫਟ ਰਿਹਾ ਹੈ, ਆਪਣੇ ਆਪ ਹੀ ਫਟੀ ਜਾਂਦਾ ਹੈ। ਜਦੋਂ ਗੁਰੂ ਨਾਨਕ ਪਾਤਸ਼ਾਹ ਸਾਵਧਾਨ ਹੋਏ, ਉਸ ਵੇਲੇ ਬੇਨਤੀ ਕਰੀ, "ਪਾਤਸ਼ਾਹ! ਕੋਈ ਚੀਜ਼ ਨਹੀਂ ਨਜ਼ਰ ਆਈ। ਆਹ ਚੋਲਾ ਵੀ ਆਪ ਦਾ ਫਟ ਗਿਆ ਤੇ ਲੱਤਾਂ ਦੇ ਉਤੇ ਝਰੀਟਾਂ ਵੀ ਆ ਗਈਆਂ - ਪਿੰਜਣੀਆਂ ਤੇ। ਸਮਝ ਨਹੀਂ ਆਈ, ਪਾਤਸ਼ਾਹ! ਦੇਖੋ ਤਾਂ ਸਹੀ। ਕਿਰਪਾ ਕਰੋ! ਆਪ ਮੇਰਾ ਇਹ ਸ਼ੰਕਾ ਦੂਰ ਕਰੋ ਕਿ ਇਸ ਤਰ੍ਹਾਂ ਕਿਉਂ ਹੋ ਗਿਆ?"

ਮਹਾਰਾਜ ਕਹਿੰਦੇ, "ਭਾਈ ਲਹਿਣਾ! ਬਹੁਤ ਗੱਲਾਂ ਗੁਪਤ ਹੁੰਦੀਆਂ ਹਨ ਪਰ ਇਹ ਗੱਲ ਦੱਸੀ ਹੋਈ ਸੰਸਾਰ ਦੇ ਭਲੇ ਵਾਸਤੇ ਕੰਮ ਆਏਗੀ। ਉਹ ਇਹ ਹੈ ਕਿ ਜਦੋਂ ਕੋਈ ਗੁਰਸਿੱਖ ਬਾਣੀ ਪੜ੍ਹਦਾ ਹੈ, ਜਦੋਂ ਪਿਆਰ ਨਾਲ ਪੜ੍ਹਦਾ ਹੈ, ਮੈਂ ਉਸੇ ਵੇਲੇ ਉਸਦੇ ਸੰਗ ਹੋ ਜਾਂਦਾ ਹਾਂ।" ਚਾਹੇ ਇਕ ਪੜ੍ਹਦਾ ਹੈ, ਚਾਹੇ ਹਜ਼ਾਰਾਂ ਪੜ੍ਹਦੇ ਨੇ, ਚਾਹੇ ਕਰੋੜਾਂ ਪੜ੍ਹਦੇ ਨੇ - ਗੁਰੂ ਮਹਾਰਾਜ ਦੇ ਸਰੂਪ ਨੂੰ। ਜਦੋਂ ਅਸੀਂ ਸਮਝਾਂਗੇ ਫੇਰ ਸਾਨੂੰ ਪਤਾ ਲਗਦਾ ਹੈ ਕਿ ਗੱਲ ਕੀ ਹੈ।

ਕਹਿਣ ਲੱਗੇ, "ਭਾਈ ਲਹਿਣਾ! ਜਦੋਂ ਕੋਈ ਪਿਆਰ ਦੇ ਨਾਲ ਗੁਰਬਾਣੀ ਪੜ੍ਹਦਾ ਹੈ, ਉਸ ਵੇਲੇ ਮੈਂ ਉਸ ਗੁਰਸਿਖ ਦੇ ਨਾਲ ਹੁੰਦਾ ਹਾਂ।" ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਹਨ -

***ਧਾਰਨਾ - ਜਦੋਂ ਪੜ੍ਹੀਏ ਗੁਰਾਂ ਦੀ ਬਾਣੀ,***
***ਸਤਿਗੁਰ ਹੁੰਦੇ ਨਾਲ ਸਿੱਖ ਦੇ -2, 2.***
***ਪਿਆਰਿਓ! ਸਤਿਗੁਰ ਹੁੰਦੇ ਨਾਲ ਸਿੱਖ ਦੇ -2, 2.***
***ਜਦੋਂ ਪੜ੍ਹੀਏ ਗੁਰਾਂ ਦੀ ਬਾਣੀ, ...... -2.***

ਮਹਾਰਾਜ ਕਹਿੰਦੇ, "ਭਾਈ ਲਹਿਣਾ! ਜਦੋਂ ਕੋਈ ਪਿਆਰ ਦੇ ਨਾਲ ਬਾਣੀ ਪੜ੍ਹਦਾ ਹੈ ਫੇਰ ਮੈਂ ਉਸ ਦੇ ਨਾਲ ਹੁੰਦਾ ਹਾਂ।"

ਕਹਿੰਦੇ, "ਸੱਚੇ ਪਾਤਸ਼ਾਹ! ਤੁਹਾਡਾ ਤਾਂ ਸਰੂਪ ਇਥੇ ਪਿਆ ਹੈ, ਇਥੇ ਹੀ ਬਿਰਾਜ ਰਹੇ ਸੀ ਤੁਸੀਂ।"

ਕਹਿੰਦੇ, "ਨਹੀਂ ਲਹਿਣਾ! ਤੂੰ ਦੇਖ, ਪਾਣੀ ਦੇ ਕਰੋੜ ਬਰਤਨ ਭਰੇ ਹੋਣ, ਸੂਰਜ ਚਮਕਦਾ ਹੋਵੇ, ਸਾਰੇ ਬਰਤਨਾਂ ਦੇ ਵਿਚ ਸੂਰਜ ਦਾ ਪਰਛਾਵਾਂ ਹੁੰਦਾ ਹੈ। ਇਸੇ ਤਰ੍ਹਾਂ ਨਾਲ ਗੁਰੂ ਰੂਪ ਸੂਰਜ ਜਿਹੜਾ ਹੈ ਉਹ ਸਾਰੇ ਗੁਰਸਿੱਖਾਂ ਦੇ ਨਾਲ ਹੋਇਆ ਕਰਦਾ ਹੈ ਜਦੋਂ ਕੋਈ ਪਿਆਰ ਦੇ ਨਾਲ ਬਾਣੀ ਪੜ੍ਹਦਾ ਹੈ।"

ਇਸ ਗੱਲ ਦੇ ਉਤੇ ਯਕੀਨ ਲਿਆਓ, ਸਾਧ ਸੰਗਤ ਜੀ! ਭਰੋਸਾ ਲਿਆਓ। ਜਦੋਂ ਤੱਕ ਭਰੋਸਾ ਨਹੀਂ ਆਉਂਦਾ, ਉਦੋਂ ਤੱਕ ਗੱਲ ਬਣਦੀ ਨਹੀਂ ਹੈ। ਇਹ ਸੁਣਨ ਵਾਲੀ ਗੱਲ ਨਹੀਂ ਹੈ, ਭਰੋਸਾ ਲਿਆਉਣ ਵਾਲੀ ਬਾਤ ਹੈ ਕਿਉਂਕਿ ਇਸ ਦੇ ਨਾਲ ਸਾਡੀ ਤਰੱਕੀ ਸਬੰਧਿਤ ਹੈ, ਬੰਨ੍ਹੀ ਹੋਈ ਹੈ। ਜਦੋਂ ਤੱਕ ਭਰੋਸਾ ਨਹੀਂ ਆਉਂਦਾ, ਓਨਾਂ ਚਿਰ ਵਾਹਿਗੁਰੂ ਨਹੀਂ ਯਾਦ ਆਉਂਦਾ-

***ਜਾ ਕੈ ਮਨਿ ਗੁਰ ਕੀ ਪਰਤੀਤਿ॥***
***ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥*** ***ਪੰਨਾ - 283***

ਮਹਾਰਾਜ ਕਹਿੰਦੇ, "ਭਾਈ ਲਹਿਣਾ! ਸਾਡਾ ਇਕ ਸਰੂਪ ਨਹੀਂ ਹੈ, ਅਸਲੀ ਸਰੂਪ ਸਾਡਾ ਹੋਰ ਹੈ।"

ਇਕ ਵਾਰੀ ਗੁਰੂ ਨਾਨਕ ਪਾਤਸ਼ਾਹ ਇਕ ਰਾਜੇ ਕੋਲ ਗਏ। ਜਦੋਂ ਮਹਾਰਾਜ ਜਾਣ ਲੱਗੇ ਤਾਂ ਉਸ ਰਾਜੇ ਨੇ ਇਕ ਗੱਲ ਕਹੀ।

ਕਹਿੰਦਾ, "ਸੱਚੇ ਪਾਤਸ਼ਾਹ! ਸੁਣਿਆ ਹੈ ਕਿ ਕ੍ਰਿਸ਼ਨ ਮਹਾਰਾਜ ਨੇ 16,108 ਸ਼ਾਦੀਆਂ ਕਰੀਆਂ ਹੋਈਆਂ ਸੀ; ਤੇ ਉਨ੍ਹਾਂ ਨੂੰ ਕੋਈ ਦੋਸ਼ ਨਹੀਂ ਲਗਦਾ - ਐਨੀਆਂ ਰਾਣੀਆਂ ਸੀ?"

ਮਹਾਰਾਜ ਕਹਿੰਦੇ, "ਜਿਹੜੇ ਸਰਬੱਗ ਪੁਰਸ਼ ਹੁੰਦੇ ਨੇ, ਉਨ੍ਹਾਂ ਦਾ ਕੋਈ ਆਪਣਾ ਫੁਰਨਾ ਨਹੀਂ ਹੋਇਆ ਕਰਦਾ, ਭਾਵਨਾ ਦੇ ਮੁਤਾਬਿਕ ਵਰਤਦੇ ਨੇ, ਨਾਲੇ ਉਹ ਸਰੀਰ ਨਹੀਂ ਹੁੰਦੇ। ਉਨ੍ਹਾਂ ਨੇ ਯੋਗ-

ਮਾਇਆ ਦਾ ਸਰੀਰ ਧਾਰਿਆ ਹੁੰਦਾ ਹੈ। ਦਿਸਦੇ ਹਨ ਪਰ ਹੁੰਦੇ ਨਹੀਂ।” ਬੜੀ ਅਜੀਬ ਗੱਲ ਹੈ ਕਿ ਨਜ਼ਰ ਆਉਂਦੇ ਨੇ, ਹੋਵੇ ਕੁਝ ਵੀ ਨਾ।

ਰਾਜਾ ਕਹਿਣ ਲੱਗਿਆ, “ਮਹਾਰਾਜ! ਮੇਰੀ ਸਮਝ ’ਚ ਨਹੀਂ ਆਉਂਦੀ ਕਿ ਦੇਖੋ! ਤੁਸੀਂ ਹੋਂ, ਤੁਸੀਂ ਕਿਹੜਾ ਘੱਟ ਹੋਂ ਤੇ ਤੁਸੀਂ ਹੁਣ ਦਿਸਦੇ ਵੀ ਹੋਂ ਤੇ ਨਾਲ ਮੈਂ ਤੁਹਾਡੇ ਚਰਨਾਂ ਨੂੰ ਵੀ ਹੱਥ ਲਾਉਂਦਾ ਹਾਂ। ਮਹਿਸੂਸ ਹੁੰਦਾ ਹੈ ਕਿ ਕੋਈ ਬੈਠਾ ਹੈ।”

ਮਹਾਰਾਜ ਕਹਿੰਦੇ, “ਨਹੀਂ ਪ੍ਰੇਮੀਆਂ! ਇਹ ਤੇਰੀ ਭਾਵਨਾ ਦਾ ਸਰੀਰ ਹੋਣ ਕਰਕੇ ਤੈਨੂੰ ਇਸ ਤਰ੍ਹਾਂ ਦਿਸਦਾ ਹੈ। ਅਸਲੀ ਸਾਡਾ ਸਰੀਰ ਇਹ ਨਹੀਂ ਹੈ। ਜਾਹ! ਓਹ ਪਰਨਾ ਲਿਆ ਸਾਡਾ ਜਿਹੜਾ ਤਾਰ ਤੇ ਪਾਇਆ ਹੈ।” ਪਰਨਾ ਲੈ ਆਇਆ।

ਮਹਾਰਾਜ ਕਹਿੰਦੇ, “ਸਾਡੇ ਲੱਕ ਨਾਲ ਬੰਨ੍ਹ ਦੇ।” ਜਦੋਂ ਲੱਕ ਨਾਲ ਬੰਨ੍ਹ ਕੇ ਗੰਢ ਦੇਵੇ, ਪਰਨਾ ਉਸ ਦੇ ਹੀ ਹੱਥ ਵਿਚ ਆ ਜਾਵੇ। ਫੇਰ ਲੱਕ ਦੇ ਦੁਆਲੇ ਦੀ ਵਲ੍ਹੇਟੇ, ਫੇਰ ਗੰਢ ਦੇਵੇ, ਫੇਰ ਹੱਥ ਵਿਚ ਆ ਜਾਵੇ, ਤਿੰਨ ਵਾਰੀ ਇਸ ਤਰ੍ਹਾਂ ਕਰਿਆ।”

ਕਹਿੰਦਾ, “ਸੱਚੇ ਪਾਤਸ਼ਾਹ! ਪਰਨਾ ਤਾਂ ਲੱਕ ਦੇ ਦੁਆਲੇ ਰਹਿੰਦਾ ਨਹੀਂ ਤੇ ਜਿਸ ਵਕਤ ਮੈਂ ਗੰਢ ਦਿੰਦਾ ਹਾਂ ਮੇਰੇ ਹੀ ਹੱਥ ਵਿਚ ਆ ਜਾਂਦਾ ਹੈ।”

ਕਹਿੰਦੇ, “ਰਾਜਨ! ਇਹ ਤਾਂ ਹੈ ਸਾਡਾ ਅਸਲੀ ਸਰੂਪ ਜਿਹੜਾ ਅਸੀਂ ਸਿੱਖਾਂ ਨਾਲ ਵਰਤਦੇ ਹਾਂ, ਉਹ ਦ੍ਰਿਸ਼ਟੀ ਨਹੀਂ ਆਉਂਦਾ। ਆਹ ਸਰੂਪ ਦੇ ਨਾਲ ਅਸੀਂ ਸਿੱਖਾਂ ’ਚ ਰਹਿੰਦੇ ਹਾਂ।”

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਜਦੋਂ ਨੰਦੇੜ ਸਾਹਿਬ ਆਖਰੀ ਵਾਰੀ ਸੰਗਤਾਂ ਨੂੰ ਮਿਲ ਕੇ ਕਨਾਤ ਦੇ ਅੰਦਰ ਜਾਣ ਲੱਗੇ ਕਿ ਹੁਣ ਅਸੀਂ ਸਰੀਰ ਛੱਡ ਦੇਣਾ ਹੈ, ਚਿਖਾ ਚਿਣ ਲਈ, ਕਨਾਤ ਤਾਣ ਲਈ, ਉਸ ਵੇਲੇ ਸਿੰਘਾਂ ਨੇ ਬਹੁਤ ਹੀ ਵੈਰਾਗ ਕਰਿਆ।

ਕਹਿੰਦੇ, “ਪਾਤਸ਼ਾਹ! ਕਿਹੜੀ ਉਮਰ ਹੈ ਤੁਹਾਡੀ? ਅਜੇ 42 ਸਾਲ ਦੀ ਤੁਹਾਡੀ ਉਮਰ ਤੇ ਤੁਹਾਡਾ ਐਨਾ ਤਕੜਾ ਸਰੀਰ, ਹੁਣੇ ਜਾ ਰਹੇ ਹੋ ਸਾਨੂੰ ਛੱਡ ਕੇ?”

ਕਹਿੰਦੇ, “ਗੁਰਸਿਖੋ! ਮੈਂ ਜਾ ਨਹੀਂ ਰਿਹਾ, ਮੈਂ ਤੁਹਾਨੂੰ ਨਹੀਂ ਛਡਦਾ –

***ਪੰਥ ਖਾਲਸਾ ਖੇਤੀ ਮੇਰੀ॥ ਕਰੋਂ ਸੰਭਾਲ ਮੈ ਤਿਸ ਕੇਰੀ॥***

ਮੈਂ ਤੁਹਾਡੇ ਵਿਚ ਹੀ ਰਹਿਣਾ ਹੈ, ਮੈਂ ਕਿਤੇ ਨਹੀਂ ਜਾਂਦਾ ਪਰ ਇਹ ਹੈ ਕਿ ਅੱਖਾਂ ਵਾਲਿਆਂ ਨੂੰ ਤਾਂ ਮੈਂ ਦਿਸਿਆ ਕਰਾਂਗਾ, ਅੰਨ੍ਹਿਆਂ ਨੂੰ ਨਹੀਂ ਦਿਸਣਾ, ਉਹ ਨੇਤਰ ਹੋਰ ਨੇ ਅੰਦਰਲੇ –

***ਨਾਨਕ ਸੇ ਅਖੜੀਆਂ ਬਿਅੰਨ ਜਿਨੀ ਡਿਸੰਦੋ ਮਾ ਪਿਰੀ॥***

***ਪੰਨਾ – 577***

ਇਹ ਨੇਤਰ ਉਦੋਂ ਖੁੱਲ੍ਹ ਜਾਣਗੇ, ਜਦੋਂ ਇਨ੍ਹਾਂ ਵਿਚ ਗਿਆਨ ਦਾ ਸੁਰਮਾ ਪਏਗਾ –

***ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥***
***ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥ ਪੰਨਾ – 293***

ਉਨ੍ਹਾਂ ਨੇਤਰਾਂ ਨਾਲ ਮੈਂ ਦਿਸਿਆ ਕਰਾਂਗਾ, ਉਹ ਨੇਤਰ ਹੋਰ ਨੇ, ਇਹ ਨੇਤਰ ਨਹੀਂ ਹਨ। ਇਹ ਤਾਂ ਮਿੱਟੀ ਦੇ ਬਣੇ ਹੋਏ ਨੇਤਰ ਨੇ, ਇਨ੍ਹਾਂ ਨਾਲ ਤਾਂ ਓਹੀ ਚੀਜ਼ ਦਿਸਦੀ ਹੈ ਜਿਸ ਦੇ ਉਤੇ ਚਾਨਣਾ ਪਏ, ਹਨ੍ਹੇਰੇ ਵਿਚ ਨਹੀਂ ਨਜ਼ਰ ਆਉਂਦੀ ਤੇ ਉਹ ਨੇਤਰ ਹੋਰ ਨੇ, ਅੰਦਰ ਨੇ, ਉਨ੍ਹਾਂ ਨੂੰ ‘ਦਿੱਬਜ-ਨੇਤਰ’ ਕਹਿੰਦੇ ਨੇ –

***ਗੁਰਹਿ ਦਿਖਾਇਓ ਲੋਇਨਾ॥***

***ਈਤਹਿ ਊਤਹਿ ਘਟਿ ਘਟਿ ਘਟਿ ਘਟਿ ਤੂੰਹੀ ਤੂੰਹੀ ਮੋਹਿਨਾ॥*** ***ਪੰਨਾ - 407***

ਸਭ ਪਾਸੇ ਵਾਹਿਗੁਰੂ ਹੀ ਵਾਹਿਗੁਰੂ ਦਿਸਦਾ ਹੈ ਜਦੋਂ ਉਹ ਨੇਤਰ ਖੁੱਲ੍ਹ ਜਾਂਦੇ ਹਨ। ਤੁਹਾਡੇ ਵੀ ਲੱਗੇ ਹੋਏ ਨੇ, ਮੇਰੇ ਵੀ ਲੱਗੇ ਹੋਏ ਨੇ। ਇਕਨਾਂ ਨੇ ਖੋਲ੍ਹ ਲਏ, ਕਿੰਨਿਆਂ ਨੂੰ ਪਤਾ ਹੀ ਨਹੀਂ ਕਿ ਸਾਡੇ ਅੰਦਰ ਹੋਰ ਵੀ ਅੱਖ ਹੈ ਜਿਸ ਦੇ ਨਾਲ ਨਾ ਦਿਸਣ ਵਾਲੀਆਂ ਚੀਜ਼ਾਂ ਦਿਸਦੀਆਂ ਹਨ। ਸਿੰਘਾਂ ਨੇ ਇਹ ਕਰ ਲਿਆ ਕਿ ਹੁਣ ਆਪਾਂ ਨੇ ਇਹੋ-ਜਿਹਾ ਜੱਫਾ ਮਾਰਨਾ ਹੈ, ਚਰਨਾਂ ਨੂੰ ਛੱਡਣਾ ਨਹੀਂ। ਕਿਵੇਂ ਛਡਾਉਣ, ਧੂਹ ਕੇ ਲੈ ਜਾਣ, ਚਿਖਾ ਤੱਕ ਜਾਂਦੇ ਵੀ ਨਹੀਂ ਛੱਡਣੇ। ਸਾਰਿਆਂ ਤੋਂ ਪਹਿਲਾਂ ਜਥੇਦਾਰ ਸੰਤੋਖ ਸਿੰਘ ਸੀ, ਨਾਲੇ ਤਾਂ ਉੱਚੀ-ਉੱਚੀ ਰੋਂਦੇ ਨੇ, ਪਾਤਸ਼ਾਹ! ਵਿਛੋੜੀਂ ਨਾ, ਵਿਛੋੜੀਂ ਨਾ, ਅਸੀਂ ਨਹੀਂ ਜੀਉਂਦੇ ਰਹਿ ਸਕਦੇ, ਵਿਛੋੜਾ ਨਾ ਦੇਵੀਂ। ਨੱਠ ਕੇ ਜਾ ਕੇ ਦੋਨੋਂ ਲੱਤਾਂ ਦੇ ਦੁਆਲੇ ਬਾਹਾਂ ਪਾ ਲਈਆਂ ਕਿ ਹੁਣ ਮੈਂ ਜੱਫਾ ਪਾ ਲਿਆ, ਹੁਣ ਮੈਂ ਜਾਣ ਨਹੀਂ ਦੇਣਾ। ਹੈਰਾਨ ਰਹਿ ਗਿਆ, ਬਾਹਾਂ ਛਾਤੀ ਨਾਲ ਆ ਲੱਗੀਆਂ, ਦੂਜੀ ਵਾਰੀ ਪਾਇਆ, ਤੀਜੀ ਵਾਰੀ ਪਾਇਆ, ਮਹਾਰਾਜ ਮੁਸਕਰਾਉਂਦੇ ਨੇ।

ਕਹਿੰਦੇ, "ਭਾਈ ਸੰਤੋਖ ਸਿੰਘਾ! ਫੇਰ ਫੜ ਲੈ ਸਾਨੂੰ ਜੇ ਫੜ ਸਕਦਾ ਹੈਂ। ਇਹ ਤਾਂ ਮਾਇਆ ਦਾ ਸਰੀਰ ਤੁਹਾਡੀ ਭਾਵਨਾ ਤੇ ਪ੍ਰਾਲਬਧ ਕਰਮਾਂ ਕਰਕੇ ਅਸੀਂ ਧਾਰਨ ਕਰਿਆ ਹੈ, ਸਾਡਾ ਸਰੂਪ ਤਾਂ ਮਾਇਆ ਤੋਂ ਰਹਿਤ ਹੈ, ਇਹ ਪਕੜਿਆ ਨਹੀਂ ਜਾਂਦਾ, ਇਹ ਤਾਂ ਨਿਰਾ ਹੀ ਨੂਰ (ਪ੍ਰਕਾਸ਼) ਦਾ ਸਰੀਰ ਹੈ।"

ਸੋ ਮਹਾਰਾਜ ਕਹਿੰਦੇ, "ਭਾਈ ਲਹਿਣਾ! ਸਾਡਾ ਸਰੀਰ ਇਹ ਹੁੰਦਾ ਹੈ, ਇਸ ਸਰੀਰ ਦੇ ਨਾਲ ਜਿਥੇ ਪਿਆਰ ਦੇ ਨਾਲ ਚਾਹੇ ਤਾਂ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਦਾ ਹੈ, ਚਾਹੇ ਕੋਈ ਮੂਲ ਮੰਤਰ ਦਾ ਕਰਦਾ ਹੈ, ਚਾਹੇ ਜਪੁਜੀ ਸਾਹਿਬ ਦਾ ਕਰਦਾ ਹੈ, ਚਾਹੇ ਪੰਜ ਬਾਣੀਆਂ ਦਾ ਕਰਦਾ ਹੈ, ਚਾਹੇ ਰਸਨਾ ਦੇ ਨਾਲ ਨਾਮ ਜਪਦਾ ਹੈ, ਚਾਹੇ ਸੁਆਸ ਦੇ ਨਾਲ ਨਾਮ ਜਪਦਾ ਹੈ, ਕਹਿੰਦੇ ਅਸੀਂ ਉਸ ਦੇ ਨਾਲ ਹੁੰਦੇ ਹਾਂ। ਸਾਡੇ ਸੰਤ ਇਹ ਭੇਦ ਖੋਲ੍ਹ ਦਿੰਦੇ ਨੇ ਸੰਗਤ 'ਚ, ਸਿੱਖਾਂ ਨੂੰ ਦੱਸ ਦਿੰਦੇ ਨੇ ਕਿ ਸਿੱਖਾ! ਤੂੰ ਬਾਣੀ ਪੜ੍ਹਨੀ ਹੈ ਤੇਰੇ ਨਾਲ ਗੁਰੂ ਨਾਨਕ ਬੈਠਾ ਹੋਣਾ ਹੈ, ਦੇਖੀਂ ਫੇਰ ਮਾੜੇ ਫੁਰਨੇ ਨਾ ਉਠਾਈਂ, ਉਸ ਨੂੰ ਪਤਾ ਲੱਗ ਜਾਣਾ ਹੈ। ਉਸਨੇ ਦੇਖ ਲੈਣਾ ਹੈ ਕਿ ਇਹ ਤਾਂ ਜਪੁਜੀ ਸਾਹਿਬ ਪੜ੍ਹਦਾ ਹੈ ਤੇ ਨਾਲੇ ਬੁਰੀਆਂ ਗੱਲਾਂ ਸੋਚਦਾ ਹੈ। ਗੁਰੂ ਤੋਂ ਗੁੱਝਾ (ਲੁੱਕਿਆ ਹੋਇਆ) ਨਹੀਂ ਹੈ ਕੁਝ -

***ਘਟ ਘਟ ਕੇ ਅੰਤਰ ਕੀ ਜਾਨਤ॥***
***ਭਲੇ ਬੁਰੇ ਕੀ ਪੀਰ ਪਛਾਨਤ॥*** ***(ਚੌਪਈ)***

ਕਹਿੰਦੇ, "ਸੱਚੇ ਪਾਤਸ਼ਾਹ! ਫੇਰ ਹੁਣ ਐਸ ਵੇਲੇ ਕੌਣ ਪੜ੍ਹ ਰਿਹਾ ਹੈ?"

ਮਹਾਰਾਜ ਕਹਿੰਦੇ, "ਭਾਈ ਲਹਿਣਾ! ਇਸ ਵੇਲੇ ਇਕ ਬੱਚਾ ਹੈ ਬੜਾ ਪ੍ਰੇਮੀ, ਛੋਟਾ ਜਿਹਾ ਬੱਚਾ ਹੈ, ਬਹੁਤਾ ਵੱਡਾ ਨਹੀਂ ਹੈ। ਉਹ ਬੱਕਰੀਆਂ ਚਾਰਨ ਗਿਆ ਹੋਇਆ ਹੈ। ਉਸ ਨੇ ਹੁਣ ਬੱਕਰੀਆਂ ਝਾੜਾਂ ਵਿਚ ਛੱਡ ਦਿੱਤੀਆਂ ਤੇ ਦੂਜੇ ਪਾਸੇ ਫਸਲ ਹੈ, ਉਹ ਉਹਨਾਂ ਨੂੰ ਮੋੜਨ ਵਾਸਤੇ ਝਾੜੀਆਂ ਦੇ ਵਿਚ ਦੀ ਲੰਘਦਾ ਹੈ, ਉਹ ਲੰਘਦਾ ਹੋਇਆ ਨਾਲ ਦੀ ਨਾਲ (ਕੀਰਤਨ) ਸੋਹਿਲਾ ਪੜ੍ਹਦਾ ਹੈ, ਬਹੁਤ ਪਿਆਰ ਦੇ ਨਾਲ ਪੜ੍ਹ ਰਿਹਾ ਹੈ, ਅਸੀਂ ਉਸ ਦੇ ਕੰਡੇ ਨਹੀਂ ਲਗਣ ਦੇ ਰਹੇ, ਇਹ ਕੰਡੇ ਸਾਰੇ ਸਾਡੇ ਸਰੀਰ ਨੂੰ ਲੱਗ ਰਹੇ ਨੇ।"

ਇਸ ਤਰ੍ਹਾਂ ਨਾਲ ਭਾਈ ਸੰਤੋਖ ਸਿੰਘ ਜੀ ਲਿਖ ਰਹੇ ਨੇ ਕਿ -

***ਏਕ ਅਯਾਲੀ ਅਜਾ ਚਰਾਈ॥*** ***ਸ਼੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ 1164***

ਅਯਾਲੀ (ਆਜੜੀ) ਬੱਕਰੀਆਂ ਚਰਾ ਰਿਹਾ ਹੈ।

***ਮਨ ਇਕਾਂਤਿ ਹ੍ਵੈ ਪ੍ਰੀਤਿ ਜੁਤ ਪਢਹਿ ਸੋਹਿਲਾ ਸੋਇ।***

***ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ 1165***

ਕਹਿੰਦੇ ਉਹ 'ਸੋਹਿਲਾ' ਪੜ੍ਹਦਾ ਹੈ - (ਕੀਰਤਨ) ਸੋਹਿਲਾ। ਜਦੋਂ ਕੋਈ ਸਿੱਖ (ਕੀਰਤਨ) ਸੋਹਿਲਾ ਪੜ੍ਹਦਾ ਹੈ ਰਾਤ ਨੂੰ, ਪੰਜ ਇਸ਼ਨਾਨਾ ਕਰਕੇ, ਚੌਂਕੜਾ ਮਾਰ ਕੇ ਬੈਠਦਾ ਹੈ, ਫੇਰ ਮੈਂ ਉਸ ਦੇ ਕੋਲ ਹੁੰਦਾ ਹਾਂ। ਰਾਤ ਨੂੰ ਫੇਰ ਕੋਈ ਦਬਾਅ ਨਹੀਂ ਆਉਣ ਦਿੰਦਾ।" ਇਥੇ ਮੈਨੂੰ ਬੀਬੀਆਂ ਕਹਿੰਦੀਆਂ ਜੀ ਦਬਾਅ ਆਉਂਦਾ ਹੈ। ਮੈਂ ਕਹਿੰਦਾਂ ਭਾਈ! ਤੁਸੀਂ ਬਾਣੀ ਪੜ੍ਹੋ, ਦਬਾਅ ਤਾਂ ਆਪੇ ਹਟ ਜਾਏਗਾ। ਕੋਈ ਕਹਿੰਦਾ ਜੀ! ਭੂਤ ਦਬਾਅ ਪਾਉਂਦੈ, ਭੂਤ ਆਉਂਦਾ ਹੈ। ਜੇ ਤੁਸੀਂ ਆਪ ਭੂਤ ਬਣੇ ਰਹਿਣਾ ਹੈ ਤਾਂ ਭੂਤ ਤਾਂ ਆਉਣੇ ਹੀ ਨੇ, ਇਨ੍ਹਾਂ ਨੂੰ ਤਾਂ ਕੋਈ ਹਟਾ ਨਹੀਂ ਸਕਦਾ। ਮਨੁੱਖ ਬਣੋ, ਗੁਰਸਿੱਖ ਬਣੋ, ਭੂਤ ਆਪੇ ਹਟ ਜਾਣਗੇ।

ਸੋ ਕਹਿੰਦੇ, ਜਦੋਂ ਕਿਸੇ ਨੇ -

***ਮਨ ਇਕਾਂਤਿ ਹ੍ਵੈ ਪ੍ਰੀਤਿ ਯੁਤ ਪਢਹਿ ਸੋਹਿਲਾ ਸੋਇ।***

***ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ 1165***

ਮਨ ਇਕਾਂਤ ਕਰਿਆ ਹੋਇਆ ਹੈ, ਪਿਆਰ ਦੇ ਨਾਲ ਸਾਡੇ ਚਰਨਾਂ ਦਾ ਧਿਆਨ ਧਰ ਕੇ ਉਹ ਸੋਹਿਲਾ ਪੜ੍ਹ ਰਿਹਾ ਹੈ।

***ਕੰਟਕ ਝਾਰ ਅਪਾਰ ਜਹਿ ਫਿਰਤਿ ਪ੍ਰੇਮ ਮਹਿਂ ਹੋਇ॥***

***ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ 1165***

ਝਾੜਾਂ ਦੇ ਵਿਚ, ਕੰਡਿਆਂ ਵਾਲੇ ਝਾੜਾਂ ਦੇ ਵਿਚ ਉਹ ਫਿਰ ਰਿਹਾ ਹੈ, ਉਸ ਨੂੰ ਕੋਈ ਪਤਾ ਨਹੀਂ, ਪ੍ਰੇਮ ਦੇ ਵਿਚ ਉਹ ਮਸਤ ਹੋਇਆ ਹੋਇਆ ਹੈ -

***ਹ੍ਵੈ ਸਮੀਪ ਬਿਚਰੋਂ ਤਿਹ ਸੰਗਾ। ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ 1165***

ਉਹ ਦੇ ਨਾਲ ਹੋ ਕੇ ਝਾੜਾਂ ਵਿਚ, ਮੈਂ ਵੀ ਤੁਰਿਆ ਫਿਰਦਾ ਹਾਂ।

***ਲਗਨੇ ਦੇਉਂ ਨ ਕੰਟਕ ਅੰਗਾ। ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ 1165***

ਮੈਂ ਅੱਗੇ ਹੋ ਜਾਂਦਾ ਹਾਂ ਉਸ ਤੋਂ। ਜਿਹੜੇ ਝਾੜੀ ਦੇ ਕੰਡੇ ਲਗਣੇ ਨੇ, ਮੈਂ ਲੱਤਾਂ ਤੇ ਰੋਕ ਲੈਂਦਾ ਹਾਂ, ਉਹ ਲੰਘ ਜਾਂਦਾ ਹੈ। ਉਸ ਨੂੰ ਨਹੀਂ ਪਤਾ ਕਿ ਮੈਂ ਕੰਡੇ ਰੋਕੀ ਜਾਂਦਾ ਹਾਂ।

***ਤਹਾਂ ਝਰੀਟ ਲਗੀ ਇਹੁ ਜਾਨਹੁ। ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ 1165***

ਇਹ ਜਿਹੜੀਆਂ ਝਰੀਟਾਂ ਸਾਡੇ ਲਗੀਆਂ ਨੇ, ਇਹ ਸਾਡੇ ਓਥੋਂ ਲੱਗੀਆਂ ਨੇ, ਇਸਨੂੰ ਤੁਸੀਂ ਨਿਸਚੇ ਪੂਰਵਕ ਜਾਣੋ।

***ਲਹਿਣੋ! ਸਾਚ ਬਚਨ ਮਮ ਮਾਨਹੁ। ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ 1165***

ਹੇ ਭਾਈ ਲਹਿਣਾ! ਜਿਹੜੇ ਬਚਨ ਅਸੀਂ ਕਰਦੇ ਹਾਂ, ਇਹ ਤੂੰ ਸੱਚ ਕਰਕੇ ਮੰਨ ਤੇ ਮੇਰਾ ਬਚਨ ਇਹ ਵੀ ਹੈ -

***ਪਢਹਿ ਸੋਹਿਲਾ ਜੋ ਕਿਤ ਕੋਊ। ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ 1165***

ਜਿਥੇ ਕੋਈ ਸੋਹਿਲਾ ਪੜ੍ਹੇਗਾ - ਕੀਰਤਨ ਸੋਹਿਲਾ -

***ਤਿਹ ਸਮੀਪ ਨਿਸ਼ਚੈ ਮੈਂ ਹੋਊਂ। ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ 1165***

ਮੈਂ ਜ਼ਰੂਰ ਉਸ ਦੇ ਨਾਲ ਹੁੰਦਾ ਹਾਂ, ਇਹ ਨਿਸ਼ਚੇ ਵਿਚ ਰਖੋ। ਉਸ ਵੇਲੇ ਭਾਈ ਲਹਿਣਾ ਜੀ ਨੇ ਪੁਛਿਆ, "ਪਾਤਸ਼ਾਹ! ਉਹ ਬੱਕਰੀਆਂ ਕਿਥੇ ਚਾਰਦਾ ਹੈ?"

ਕਹਿੰਦੇ ਫਲਾਣੇ ਥਾਂ ਚਾਰਦਾ ਹੈ ਇਸ ਪਾਸੇ। ਇਕ ਗੁਰਸਿਖ ਭੇਜ ਦਿਤਾ ਕਿ ਜਾਹ, ਬੱਚੇ ਨੂੰ

ਬੁਲਾ ਕੇ ਲਿਆ। ਬੱਚੇ ਨੂੰ ਬੁਲਾਇਆ। ਜਦੋਂ ਆ ਗਿਆ ਤਾਂ ਭਾਈ ਲਹਿਣਾ ਜੀ ਕਹਿਣ ਲੱਗੇ, "ਦੇਖ ਕਾਕਾ! ਤੂੰ (ਕੀਰਤਨ) ਸੋਹਿਲਾ ਪੜ੍ਹਦਾ ਸੀ?"

ਕਹਿੰਦਾ, "ਹਾਂ ਜੀ।"

ਕਹਿੰਦੇ, "ਕੰਡਿਆਂ 'ਚ ਘੁੰਮਦਾ ਫਿਰਦਾ ਸੀ?"

ਕਹਿੰਦਾ, "ਹਾਂ ਜੀ।"

ਕਹਿੰਦੇ, "ਆਹ ਦੇਖ! ਪਾਤਸ਼ਾਹ ਦੀਆਂ ਲੱਤਾਂ ਤੇ ਝਰੀਟਾਂ ਆ ਗਈਆਂ, ਤੇਰੇ ਨਾਲ-ਨਾਲ ਫਿਰਦੇ ਸੀ।"

ਬੇਨਤੀ ਕਰੀ ਕਿ ਪਾਤਸ਼ਾਹ! ਜੇ ਤੁਹਾਨੂੰ ਐਨਾ ਪਿਆਰ ਹੈ 'ਕੀਰਤਨ ਸੋਹਿਲਾ' ਪੜ੍ਹਨ ਵਾਲਿਆਂ ਨਾਲ ਤਾਂ ਫੇਰ ਜਦੋਂ ਇਹ ਮੰਜੇ ਤੇ ਬੈਠ ਜਾਣ, ਸੌਣਾ ਹੋਵੇ, ਉਸ ਵੇਲੇ ਤੁਹਾਡੀ ਛੋਹ ਪ੍ਰਾਪਤ ਕਰਕੇ ਸੌਂ ਜਾਣ, ਨਾ ਸੁਪਨੇ ਮਾੜੇ ਆਉਣ, ਨ ਕੋਈ ਦਬਾਅ ਪਵੇ, ਨਾ ਕੋਈ ਭੂਤ ਆਵੇ, ਨਾ ਪ੍ਰੇਤ ਆਵੇ, ਨਾ ਕੋਈ ਚੋਰ ਆਵੇ। ਪੜ੍ਹ ਕੇ ਦੇਖ ਲਿਓ।

ਇਕ ਵਾਰੀ ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਜੀ ਦੇ ਪਾਸ ਇਕ ਘੋੜਿਆਂ ਦਾ ਵਪਾਰੀ ਆਇਆ, ਸੌਦਾਗਰ ਆਇਆ। ਕਹਿਣ ਲੱਗਾ, "ਸੱਚੇ ਪਾਤਸ਼ਾਹ! ਮੈਂ ਆਪ ਦੀ ਗੁਰਸਿੱਖੀ ਧਾਰਨ ਕਰੀ ਹੋਈ ਹੈ ਪਰ ਜਦੋਂ ਮੈਂ ਘੋੜੇ ਵੇਚਣ ਵਾਸਤੇ ਲੈ ਜਾਂਦਾ ਹਾਂ ਮੰਡੀਆਂ ਵਿਚ, ਮੇਰੇ ਬਹੁਤ ਸਾਰੇ ਘੋੜੇ ਚੋਰੀ ਹੋ ਜਾਂਦੇ ਨੇ ਤੇ ਬਾਵਜੂਦ ਏਸ ਦੇ ਕਿ ਮੈਨੂੰ ਚੰਗਾ ਮੁਨਾਫਾ ਹੋਵੇ, ਗਰੀਬੀ ਆ ਰਹੀ ਹੈ, ਉਨ੍ਹਾਂ ਚੋਰਾਂ ਦਾ ਕੋਈ ਇਲਾਜ ਨਹੀਂ ਮੈਥੋਂ ਹੁੰਦਾ। ਪਤਾ ਨਹੀਂ ਉਨ੍ਹਾਂ ਕੋਲ ਕੀ ਬੂਟੀਆਂ ਨੇ, ਉਹ ਸੁੰਘਾਅ ਦਿੰਦੇ ਨੇ, ਪਹਿਰੇਦਾਰ ਵੀ ਸੌਂ ਜਾਂਦੇ ਨੇ, ਪਤਾ ਨਹੀਂ ਲਗਦਾ। ਸੱਚੇ ਪਾਤਸ਼ਾਹ! ਕਿਰਪਾ ਕਰੋ।"

ਮਹਾਰਾਜ ਕਹਿਣ ਲੱਗੇ, "ਦੇਖ ਪ੍ਰੇਮੀਆਂ! ਤੂੰ ਐਉਂ ਕਰ, ਤੂੰ ਕੀਰਤਨ ਸੋਹਿਲਾ ਪੜ੍ਹਿਆ ਕਰ। ਜਦੋਂ ਕੋਈ ਕੀਰਤਨ ਸੋਹਿਲਾ ਪੜ੍ਹਦਾ ਹੈ, ਉਸ ਵੇਲੇ ਉਸ ਦੀ ਰਾਖੀ ਗੁਰੂ ਕਰਿਆ ਕਰਦਾ ਹੈ ਪਰ ਉਸ ਦੇ ਨਾਲ ਪੰਜ ਸ਼ਬਦ ਲਾ ਲਿਆ ਕਰ।"

ਆਪ ਨੇ ਫੁਰਮਾਇਆ ਕਿ ਪੰਜ ਸ਼ਬਦ ਪਹਿਲਾਂ ਪੜ੍ਹ ਲਿਆ ਕਰ। ਪੰਜ ਇਸ਼ਨਾਨਾ ਕਰੋ, ਕੁਰਲਾ ਕਰੋ, ਸਾਫ ਬਿਸਤਰ ਤੇ ਬੈਠੋ, ਗੁਰੂ ਨਾਨਕ ਦੇ ਚਰਨਾਂ ਦਾ ਕਰੋ ਧਿਆਨ। ਉਸ ਤੋਂ ਬਾਅਦ ਪਹਿਲਾ ਸ਼ਬਦ ਇਹ ਪੜ੍ਹਨਾ ਹੈ - ਸੋਰਠਿ ਮਹਲਾ ੫

***ਗੁਰ ਕਾ ਸਬਦੁ ਰਖਵਾਰੇ॥ ਚਉਕੀ ਚਉਗਿਰਦ ਹਮਾਰੇ॥*** ***ਪੰਨਾ - 626***

ਦੂਸਰਾ ਸ਼ਬਦ - ਬਿਲਾਵਲੁ ਮਹਲਾ ੫॥

***ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ॥***
***ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ॥***

***ਪੰਨਾ - 819***

ਤੀਸਰਾ ਸ਼ਬਦ -

***ਜਹ ਸਾਧੂ ਗੋਬਿੰਦ ਭਜਨੁ ਕੀਰਤਨੁ ਨਾਨਕ ਨੀਤ॥***
***ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ॥*** ***ਪੰਨਾ - 256***

ਚੌਥਾ ਸ਼ਬਦ ਹੈ: ਸਲੋਕ ਮਹਲਾ ੫ -

***ਮਨ ਮਹਿ ਚਿਤਵਉ ਚਿਤਵਨੀ ਉਦਮੁ ਕਰਉ ਉਠਿ ਨੀਤ॥***
***ਹਰਿ ਕੀਰਤਨ ਕਾ ਆਹਰੋ ਹਰਿ ਦੇਹੁ ਨਾਨਕ ਕੇ ਮੀਤ॥*** ***ਪੰਨਾ - 519***

ਇਹ ਸਾਰਾ ਜਿਹੜਾ ਸਲੋਕ ਹੈ ਇਹ ਪੜ੍ਹ ਲਿਆ ਕਰੋ ਤੇ ਪੰਜਵਾਂ ਜਿਹੜਾ ਹੈ ਉਹ ਵੀ

ਸਲੋਕ ਹੈ - ਸੰਸਕ੍ਰਿਤੀ ਦੇ ਵਿਚ; ਉਹ ਹੈ -

*ਸਿਰ ਮਸ੍ਤਕ ਰਖ੍ਯਾ ਪਾਰਬ੍ਰਹਮੰ ਹਸ੍ਤ ਕਾਯਾ ਰਖ੍ਯਾ ਪਰਮੇਸ੍ਵਰਹ॥* *ਪੰਨਾ - 1358*

ਇਹ ਸਾਰਾ ਚਾਰ ਲਾਇਨਾਂ ਦਾ ਹੈ ਇਹ ਪੜ੍ਹ ਲਿਆ ਕਰੋ, ਉਸ ਤੋਂ ਬਾਅਦ ਫੇਰ ਕੀਰਤਨ ਸੋਹਿਲਾ ਪੜ੍ਹਿਆ ਕਰੋ।

ਕਹਿੰਦੇ, "ਤੂੰ ਇਹ ਪੜ੍ਹ ਲਿਆ ਕਰੀਂ, ਤੇਰੇ ਘੋੜਿਆਂ ਦੇ ਦੁਆਲੇ ਕਿਲ੍ਹਾ ਬਣ ਜਾਇਆ ਕਰੇਗਾ, ਚੋਰ ਨਹੀਂ ਆਉਣਗੇ।"

ਕਹਿੰਦਾ, "ਫੇਰ ਮਹਾਰਾਜ! ਕਿਲ੍ਹੇ ਦੇ ਅੰਦਰ ਅਸੀਂ ਦਾਖਲ ਹੋ ਜਾਵਾਂਗੇ?"

ਕਹਿੰਦੇ, "ਨਹੀਂ, ਕੋਈ ਵੀ ਨਹੀਂ ਦਾਖਲ ਹੋਏਗਾ; ਜਿਹੜੇ ਅੰਦਰ ਹਨ ਉਹ ਅੰਦਰ ਰਹਿਣਗੇ, ਬਾਹਰਲੇ ਬਾਹਰ ਰਹਿਣਗੇ।"

ਕਹਿੰਦੇ, "ਫੇਰ ਸਵੇਰੇ ਕਿਵੇਂ ਕਰੇ?"

ਕਹਿੰਦੇ, "ਇਸ ਦੀ ਚਾਬੀ ਹੈ - 'ਜਪੁਜੀ ਸਾਹਿਬ'। ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਕੇ ਜਦੋਂ ਘੋੜਿਆਂ ਦੇ ਕੋਲ ਤੂੰ ਤੇ ਤੇਰੇ ਨੌਕਰਾਂ ਨੇ ਜਾਣਾ ਹੋਵੇ, ਉਸ ਵੇਲੇ ਫੇਰ ਜਪੁਜੀ ਸਾਹਿਬ ਦਾ ਸ਼ੁੱਧ ਪਾਠ ਕਰੇ, ਉਸ ਦੇ ਨਾਲ ਇਹ ਕਿਲਾ ਹਟ ਜਾਇਆ ਕਰੇਗਾ ਤੇ ਘੋੜੇ ਓਵੇਂ-ਜਿਵੇਂ ਹੋ ਜਾਇਆ ਕਰਨਗੇ।"

ਬੜੀ ਖੁਸ਼ੀ ਹੋਈ ਕਿ ਮਹਾਰਾਜ ਜੀ ਨੇ ਐਡਾ ਵੱਡਾ ਮੰਤਰ ਦੇ ਦਿਤਾ। ਸਾਧ ਸੰਗਤ ਜੀ! ਬਾਣੀ ਐਵੇਂ ਹੀ ਨਹੀਂ ਹੈ। ਬਾਣੀ ਮਹਾਂ-ਮੰਤਰ ਹੈ। 'ਜਪੁਜੀ ਸਾਹਿਬ' ਦੇ ਮੁਕਾਬਲੇ ਤੇ ਕੋਈ ਮੰਤਰ ਦੁਨੀਆਂ ਦਾ ਪਹੁੰਚ ਹੀ ਨਹੀਂ ਸਕਦਾ - ਨਾ ਸਤਿਜੁਗ ਦਾ, ਨਾ ਦੁਆਪਰ ਦਾ, ਨਾ ਤ੍ਰੇਤੇ ਦਾ ਤੇ ਕਲਜੁਗ ਦੇ ਨੇ ਤਾਂ ਪਹੁੰਚਣਾ ਹੀ ਕੀ ਹੈ? ਹੁਣ ਐਡੇ-ਵੱਡੇ ਮਹਾਂਮੰਤ੍ਰ ਨੂੰ ਅਸੀਂ ਛੱਡੀ ਬੈਠੇ ਹਾਂ। ਪੁੱਛਦੇ ਨੇ, ਬਾਬਾ ਜੀ! ਬਿਮਾਰ ਹਾਂ।

ਮੈਂ ਕਹਿੰਦਾਂ, "ਬੀਬੀ! ਜਪੁਜੀ ਸਾਹਿਬ ਯਾਦ ਹੈ?"

ਕਹਿੰਦੀ, "ਨਾ ਜੀ! ਜਪੁਜੀ ਸਾਹਿਬ ਤਾਂ ਯਾਦ ਨਹੀਂ।"

ਬਈ ਦੱਸੋ ਹੁਣ ਬਾਬਾ ਜੀ ਕੀ ਕਰੇ, ਮੈਂ ਕਿਹੜਾ ਮੰਤਰ ਮਾਰਦਾ ਹਾਂ, ਮੈਂ ਦਸਦਾ ਹੀ ਹਾਂ, ਬਾਣੀ ਦੀ ਮਹਿਮਾ ਦਸਦਾ ਹਾਂ ਕਿ ਬਾਣੀ ਵਿਚ ਐਨੀ ਸ਼ਕਤੀ ਹੈ, ਆਹ ਤੁਹਾਡੇ ਕੋਲ ਦੇਖ ਲਓ ਕਿੰਨੇ ਰਾਜ਼ੀ ਹੋ ਕੇ ਜਾਂਦੇ ਨੇ। ਕਿਹੋ-ਜਿਹੇ ਰੋਗੀ ਰਾਜ਼ੀ ਹੋਏ ਨੇ ਜਿਨ੍ਹਾਂ ਦੀ ਉਮੀਦ ਹੀ ਨਹੀਂ ਸੀ। ਬਾਣੀ ਦੇ ਵਿਚ ਇਹ ਸ਼ਕਤੀ ਹੈ।

ਸੋ ਇਸੇ ਤਰ੍ਹਾਂ ਕਰਨ ਲੱਗ ਗਏ। ਕਰਦੇ-ਕਰਦੇ ਜਿਥੇ ਚੋਰ ਪਿਆ ਕਰਦੇ ਸੀ ਉਥੇ ਆਇਆ। ਹੁਣ ਨੇਮ ਨਾਲ (ਹਰ ਰੋਜ਼) ਕਰਦਾ ਹੈ ਤੇ ਚੋਰਾਂ ਦਾ ਦਾਅ ਨਹੀਂ ਲਗਦਾ; ਆਉਂਦੇ ਨੇ, ਮੱਥਾ ਥੜ੍ਹਾਕ ਦੇ ਕੇ ਲਗਦਾ ਹੈ; ਜਿਹੜਾ ਕਿਲ੍ਹਾ ਹੈ, ਅੱਖਾਂ ਨਾਲ ਨਜ਼ਰ ਨਹੀਂ ਆਉਂਦਾ ਕਿਉਂਕਿ ਮੰਤਰ ਦੇ ਵਿਚ ਸ਼ਕਤੀ ਹੁੰਦੀ ਹੈ।

ਇਕ ਵਾਰੀ ਮੈਂ ਸਿੰਧ ਵਿਚ ਸੀ। ਉਥੇ ਹੀ ਉਸ ਪਿੰਡ ਦੇ ਅੰਦਰ ਇਕ ਉਤਮ ਸਿੰਘ ਨਾਮ ਦਾ ਪ੍ਰੇਮੀ ਰਹਿੰਦਾ ਸੀ। ਉਸ ਦੀ ਲਾਗਬਾਜ਼ੀ ਹੋ ਗਈ ਪਿੰਡ ਦੇ ਵੱਡੇ ਜ਼ਿਮੀਦਾਰ ਨਾਲ। ਉਸ ਨੇ ਉਸ ਦਾ ਘਰ ਮੰਤਰ ਦਿਤਾ। ਜਿਹੜਾ ਅੰਦਰ ਵੜੇ, ਉਸ ਦੇ ਛਾਤੀ ਵਿਚ ਜ਼ੋਰ ਦੀ ਘਸੁੰਨ ਲੱਗੇ, ਹਾਏ-ਹਾਏ! ਕਰਦਾ ਬਾਹਰ ਆ ਜਾਵੇ। ਬੜਾ ਹੈਰਾਨ ਹੋਇਆ ਸਾਰਾ ਟੱਬਰ, ਅੰਦਰ ਕੋਈ ਨਾ ਵੜੇ। ਜਿਹੜਾ ਵੜੇ, ਉਦੋਂ ਹੀ ਘਸੁੰਨ ਪਵੇ। ਮੈਨੂੰ ਸਾਰੀ ਵਾਰਤਾ ਦੱਸੀ।

ਮੈਂ ਕਿਹਾ, "ਤੁਸੀਂ ਹੁਣ ਮੇਰੇ ਵੀ ਲਗਵਾਉਣੇ ਨੇ ਘਸੁੰਨ?" ਮੈਂ ਛੋਟਾ ਜਿਹਾ ਸੀ ਉਦੋਂ ਵੀਹ ਕੁ ਸਾਲ ਦਾ। ਮੈਂ ਕਿਹਾ, ਚਲੋ, ਮਹਾਰਾਜ ਦੀ ਬਾਣੀ ਹੈ, ਮੂਲ ਮੰਤਰ ਨਾਲੋਂ ਤਾਂ ਉਪਰ ਕੁਝ ਵੀ ਨਹੀਂ, ਹੈ। ਮੈਂ ਮੂਲ-ਮੰਤਰ ਪੜ੍ਹਿਆ, ਅੰਦਰ ਵੜ ਗਿਆ। ਮੈਂ ਕਿਹਾ ਇਥੇ ਤਾਂ ਕੋਈ ਹੈ ਹੀ ਨਹੀਂ, ਘਸੁੰਨ ਮਾਰਨ ਵਾਲਾ। ਉਹ ਕਿਥੇ ਚਲਿਆ ਗਿਆ?" ਅਖੀਰ ਉਸ ਬੰਦੇ ਨੂੰ ਫੜਿਆ, ਫੜ ਕੇ ਜਦੋਂ ਕੁਟਣ ਲੱਗੇ ਤਾਂ ਕਹਿੰਦਾ ਜੀ! ਮੈਂ ਖੋਲ੍ਹ ਦਿੰਦਾ ਹਾਂ। ਉਸ ਨੇ ਮੰਤਰ ਪੜ੍ਹ ਕੇ ਖੋਲ੍ਹ ਦਿੱਤਾ।

ਸੋ ਇਹ ਕੀਰਤਨ ਸੋਹਿਲਾ ਬਹੁਤ ਸ਼ਕਤੀਸ਼ਾਲੀ ਮੰਤਰ ਹੈ ਸਾਧ ਸੰਗਤਿ ਜੀ! ਘਰ ਦੀ ਵੀ ਰਾਖੀ ਹੁੰਦੀ ਹੈ, ਪਸ਼ੂਆਂ ਦੀ ਵੀ ਰਾਖੀ ਹੁੰਦੀ ਹੈ, ਆਪ ਦੀ ਵੀ ਰਾਖੀ ਹੁੰਦੀ ਹੈ। ਇਹ ਮੈਂ ਪ੍ਰਤਿਆ ਕੇ ਦੇਖੀ ਹੋਈ ਗੱਲ ਦਸਦਾ ਹਾਂ। ਆਪ ਦੀ ਰਾਖੀ ਹੁੰਦੀ ਹੈ ਭਾਵੇਂ ਉਜਾੜ 'ਚ ਪੈ ਜਾਓ, ਰੋਹੀ 'ਚ ਪੈ ਜਾਓ, ਕਿਤੇ ਪੈ ਜਾਓ। ਕੀਰਤਨ ਸੋਹਿਲਾ ਇਸ ਵਿਧੀ ਨਾਲ ਪੜ੍ਹ ਲਓ, ਮਜ਼ਾਲ ਨਹੀਂ ਹੈ ਕਿਸੇ ਦੀ, ਕੋਈ ਨੇੜੇ ਆ ਜਾਵੇ।

ਸੋ ਚੋਰ ਨਾਲ-ਨਾਲ ਤੁਰੇ ਜਾਂਦੇ ਨੇ ਕਿ ਕੋਈ ਕਲਾਮ ਪੜ੍ਹਦਾ ਹੈ, ਦਿਸਦਾ ਹੈ ਨਹੀਂ ਤੇ ਮੱਥਾ ਥੜਾਕ ਦੇ ਕੇ ਲਗਦਾ ਹੈ, ਕੋਈ ਇਹ ਜਾਦੂ ਕਰਦਾ ਹੈ। ਇਕ ਦਿਨ ਕੀਰਤਨ ਸੋਹਿਲਾ ਪੜ੍ਹਦਾ-ਪੜ੍ਹਦਾ ਵਿਚਾਲੇ ਰਹਿ ਗਿਆ, ਨੀਂਦ ਆ ਗਈ; ਉਹ ਊਂਘਣ ਲੱਗ ਗਿਆ, ਇਹ ਅੰਦਰ ਵੜ ਗਏ। ਜਦੋਂ ਘੋੜੇ ਖੋਲ੍ਹਣ ਲੱਗੇ, ਅਗਾੜੀਆਂ-ਪਿਛਾੜੀਆਂ ਖੋਲ੍ਹ ਕੇ ਲਗਾਮ ਦੇ ਦਿੱਤੀ ਮੂੰਹ ਦੇ ਵਿਚ, ਤੇ ਜਦੋਂ ਉਪਰ ਬੈਠਣ ਲੱਗੇ, ਉਸ ਵੇਲੇ ਉਸ ਨੂੰ ਜਾਗ ਆ ਗਈ। ਇਸ ਨੇ ਕੀਰਤਨ ਸੋਹਿਲਾ ਓਵੇਂ-ਜਿਵੇਂ ਫੇਰ ਪੜ੍ਹ ਦਿਤਾ। ਉਹ ਕਿਲ੍ਹਾ ਬਣ ਗਿਆ, ਅੰਦਰ ਹੀ ਬੈਠੇ ਰਹਿ ਗਏ, ਘੋੜਿਆਂ ਨੂੰ ਫੜ ਕੇ ਖੁਰਲੀ ਤੇ ਬੈਠ ਗਏ। ਸਵੇਰਾ ਹੋ ਗਿਆ ਤੇ ਜਦੋਂ 'ਜਪੁਜੀ ਸਾਹਿਬ' ਪੜ੍ਹ ਕੇ ਕਿਲਾ ਹਟਾ ਦਿੱਤਾ, ਉਸ ਵੇਲੇ ਅੰਦਰ ਬੈਠੇ ਨੇ। ਜਿਹੜੇ ਸੇਵਾਦਾਰ ਸੀ - ਇਸ ਦੇ ਨਾਲ ਨੌਕਰ-ਚਾਕਰ, ਉਨ੍ਹਾਂ ਨੇ ਚੋਰ ਫੜ ਲਏ। ਉਹ ਕਹਿੰਦੇ, ਫੜ ਲਓ, ਅਸੀਂ ਤਾਂ ਤੁਹਾਡੇ ਮਾਲਕ ਨਾਲ ਗੱਲ ਕਰਨੀ ਹੈ। ਮਾਲਕ ਕੋਲ ਆ ਗਏ, ਕਹਿਣ ਲੱਗੇ, "ਮਾਲਕ! ਅਸੀਂ ਤੇਰੇ ਬੜੇ ਘੋੜੇ ਚੋਰੀ ਕਰੇ ਨੇ, ਅਸੀਂ ਹੀ ਹਾਂ ਜਿਹੜੇ ਚੋਰੀ ਕਰਦੇ ਹਾਂ ਪਰ ਤੈਨੂੰ ਕੋਈ ਕਲਾਮ ਆਉਂਦੀ ਹੈ ਹੁਣ ਤੂੰ ਕਿਲ੍ਹਾ ਬਣਾ ਦਿੰਦਾ ਹੈਂ। ਅਸੀਂ ਦਸ ਦਿਨ ਦੇ ਤੇਰੇ ਮਗਰ ਲੱਗੇ ਹੋਏ ਹਾਂ। ਅੱਜ ਤੂੰ ਕਲਾਮ ਗਲਤ ਪੜ੍ਹ ਲਈ ਤੇ ਅਸਾਡਾ ਦਾਅ ਲੱਗ ਗਿਆ। ਹੁਣ ਸਾਨੂੰ ਭਾਵੇਂ ਮਾਰ-ਕੁਟ, ਜੋ ਕਰਨਾ ਹੈ, ਕਰ ਲੈ ਪਰ ਸਾਨੂੰ ਇਹ ਕਲਾਮ ਦੱਸ।"

ਉਹ ਕਹਿੰਦਾ, "ਇਹ ਕਲਾਮ ਮੇਰੀ ਨਹੀਂ ਹੈ, ਇਹ ਤਾਂ ਕਲਾਮ ਗੁਰੂ ਪੰਜਵੇਂ ਪਾਤਸ਼ਾਹ ਦੀ ਹੈ।"

ਕਹਿੰਦੇ, "ਸਾਨੂੰ ਓਥੇ ਲੈ ਜਾ।"

ਸੋ ਮੈਂ ਬੇਨਤੀ ਕਰੀ ਸੀ। ਇਸ ਤਰ੍ਹਾਂ ਪੰਜ ਸ਼ਬਦ ਪੜ੍ਹ ਕੇ, ਕੀਰਤਨ ਸੋਹਿਲਾ ਪੜ੍ਹ ਕੇ ਫੇਰ ਛੋਟੀ ਅਰਦਾਸ ਕਰੀਦੀ ਹੈ, ਨਾਲ ਇਹ ਕਹੀਦਾ ਹੈ ਕਿ ਸੱਚੇ ਪਾਤਸ਼ਾਹ! ਦੋ ਵਜੇ ਜਗਾ ਦੇਈਂ। ਘੜੀ ਰੱਖ ਕੇ ਦੇਖ ਲਿਉ, ਨਾ ਇਕ ਮਿੰਟ ਏਧਰ, ਨਾ ਓਧਰ, ਦੋ ਵਜੇ ਤੁਹਾਨੂੰ ਉਠਾ ਦਏਗਾ, ਇਕ ਦਮ ਤੜੱਕ ਦੇ ਕੇ ਜਾਗ ਆ ਜਾਏਗੀ।

ਜਦੋਂ ਮੈਂ ਪਟਿਆਲੇ ਹੁੰਦਾ ਸੀ, ਕੋਈ ਘੜੀ ਨਹੀਂ ਸੀ ਹੁੰਦੀ ਮੇਰੇ ਕੋਲ। ਉਥੇ ਸਾਡਾ ਇਕ ਫੌਜੀ ਸਰਦਾਰ ਸੀ, ਉਹ ਦੋ ਤਿੰਨ ਮੀਲ ਤੇ ਰਹਿੰਦਾ ਸੀ। ਮੈਨੂੰ ਕਹਿੰਦਾ ਇਥੇ ਹੀ ਰਹਿ। ਮੈਂ ਕਿਹਾ ਨਾ! ਮੈਂ ਤਾਂ ਆਪਣੀਆਂ ਛਾਉਣੀਆਂ ਵਿਚ ਰਹਾਂਗਾ। ਉਥੇ ਮੇਰੀ ਡਿਊਟੀ ਅਖੰਡ ਪਾਠ ਦੀ ਦੋ ਵਜੇ ਤੋਂ ਲਗਦੀ ਹੁੰਦੀ ਸੀ। ਰਾਣੀ ਨੇ ਕਿਹਾ ਹੋਇਆ ਸੀ ਕਿ ਮੈਂ ਪਾਠ ਸੁਣਨਾ ਹੈ। ਮੈਂ ਕਿਹਾ ਬੀਬੀ! ਜੇ ਪਾਠ ਸੁਣਨਾ ਹੈ ਮੇਰਾ ਤਾਂ ਦੋ ਵਜੇ ਜਾਗਿਆ ਕਰ, ਦੋ ਤੋਂ ਚਾਰ ਵਜੇ ਤੱਕ ਮੇਰੀ ਡਿਊਟੀ ਹੁੰਦੀ ਹੈ। ਪੰਜ ਵਜੇ ਤੱਕ ਮੈਂ ਲਾ ਲਿਆ ਕਰਾਂਗਾ। ਜੇ ਪਾਠ ਸੁਣਨ ਦਾ ਤੈਨੂੰ ਸ਼ੌਕ ਹੈ, ਪੜਦੇ ਹੁੰਦੇ ਸੀ ਉਨ੍ਹਾਂ ਦਿਨਾਂ ਵਿਚ, ਪੜਦੇ ਦੇ ਓਹਲੇ ਬੈਠ ਕੇ ਸੁਣ ਲਈਂ।

ਕਹਿਣ ਲੱਗੀ, "ਤੂੰ ਕਿਵੇਂ ਆ ਜਾਵੇਂਗਾ? ਤੇਰੇ ਕੋਲ ਘੜੀ ਹੈ?"

ਮੈਂ ਕਿਹਾ, "ਨਾ! ਮੇਰੇ ਕੋਲ ਅੰਦਰਲੀ ਘੜੀ ਹੈ।"

25 ਅਖੰਡਪਾਠ ਹੋਏ ਸੀ, ਤਿੰਨ ਮੀਲ ਜਾਣਾ, ਕਦੇ ਮੈਨੂੰ ਦੇਰੀ ਨਹੀਂ ਸੀ ਹੋਈ। ਕਹਿ ਕੇ ਪੈ ਜਾਣਾ ਕਿ ਸੱਚੇ ਪਾਤਸ਼ਾਹ ਇਕ ਵਜੇ ਜਗਾ ਦੇਈਂ। ਇਸ਼ਨਾਨ ਕਰਨਾ, ਉਸ ਤੋਂ ਬਾਅਦ ਸਾਈਕਲ ਤੇ ਹੀ ਚਲੇ ਜਾਣਾ। ਅੰਦਰ ਘੜੀ ਹੁੰਦੀ ਹੈ। ਗੁਰੂ ਸਾਹਿਬ ਨੂੰ ਕਹਿ ਦਿਓ ਅਰਦਾਸ ਕਰਕੇ ਕਿ ਐਨੇ ਵਜੇ ਜਾਗਣਾ ਹੈ, ਓਨੇ ਵਜੇ ਹੀ ਜਗਾ ਦਿੰਦੇ ਨੇ। ਆਪਣਾ ਆਪ ਸਾਰਾ ਗੁਰੂ ਨੂੰ ਸੌਂਪ ਦਿਓ।

ਸੋ ਇਸ ਬਾਣੀ ਨੂੰ ਪੜ੍ਹਨ-ਸੁਣਨ, ਵਿਚਾਰਨ ਤੇ ਧਾਰਨ ਕਰਨ ਵਾਸਤੇ ਸਾਡਾ ਜਨਮ ਹੋਇਆ ਹੈ ਇਸ ਤਰ੍ਹਾਂ ਫੁਰਮਾਉਂਦੇ ਨੇ –

***ਧਾਰਨਾ – ਸੁਣਨ-ਪੜ੍ਹਨ ਕਉ ਬਾਣੀ, ਆਇਓ,***
***ਸੁਣਨ ਪੜ੍ਹਨ ਕਉ ਬਾਣੀ -2, 2.***
***ਸੁਣਨ ਪੜ੍ਹਨ ਕਉ ਬਾਣੀ, ਆਇਓ,***
***ਸੁਣਨ ਪੜ੍ਹਨ ਕਉ ਬਾਣੀ -2.***

ਮਹਾਰਾਜ ਕਹਿੰਦੇ, ਤੂੰ ਮਕਾਨ ਬਣਾਉਣ ਵਾਸਤੇ, ਜ਼ਮੀਨਾਂ ਖਰੀਦ ਕੇ ਪੈਸੇ ਜਮ੍ਹਾਂ ਕਰਨ ਵਾਸਤੇ ਸੰਸਾਰ ਤੇ ਨਹੀਂ ਆਇਆ, ਕਿਤੇ ਭੁੱਲਿਆ ਨਾ ਫਿਰੀਂ –

***ਕਬੀਰ ਇਹੁ ਤਨੁ ਜਾਇਗਾ ਸਕਉ ਤ ਲੇਹੁ ਬਹੋਰਿ॥***
***ਨਾਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ॥ ਪੰਨਾ – 1365***

ਜਿਸ ਦੇ ਕੋਲ ਸੌ ਖਰਬ ਰੁਪਈਆ ਸੀ, ਉਹ ਵੀ ਖਾਲੀ ਹੱਥ ਗਏ ਨੇ। ਤੂੰ ਕਿਹੜੇ ਉਲਟੇ ਕੰਮ ਵਿਚ ਪੈ ਗਿਆ, ਤੂੰ ਤਾਂ ਆਇਆ ਹੀ ਬਾਣੀ ਸੁਣਨ ਵਾਸਤੇ ਤੇ ਪੜ੍ਹਨ ਵਾਸਤੇ ਹੈਂ, ਬਾਣੀ ਕਮਾਉਣ ਵਾਸਤੇ ਆਇਆ ਹੈਂ। ਪਹਿਲਾਂ ਬਾਣੀ ਸੁਣੀ ਜਾਂਦੀ ਹੈ। ਸੁਣਨ ਦਾ ਮਹਾਤਮ ਕਿੰਨਾ ਹੈ –

***ਨਾਨਕ ਭਗਤਾ ਸਦਾ ਵਿਗਾਸੁ॥ ਸੁਣਿਐ ਦੂਖ ਪਾਪ ਕਾ ਨਾਸੁ॥***
***ਪੰਨਾ – 2***

ਦੁਖਾਂ ਦਾ ਤੇ ਪਾਪਾਂ ਦਾ ਨਾਸ਼ ਹੋ ਜਾਂਦਾ ਹੈ। ਫੇਰ ਉਸ ਨੂੰ ਮੰਨਣਾ ਹੈ, ਮੰਨ ਕੇ ਫੇਰ ਉਸ ਦੀ ਕਮਾਈ ਕਰਨੀ ਹੈ। ਕਮਾਈ ਕਰਕੇ ਫੇਰ ਜਿਹੜੀ ਚੀਜ਼ ਬਾਣੀ ਕਹਿੰਦੀ ਹੈ, ਪ੍ਰਮੇਸ਼ਰ ਅੰਦਰ ਹੀ ਪ੍ਰਗਟ ਹੋ ਜਾਣਾ ਹੈ, ਬਾਹਰ ਨਹੀਂ ਹੋਇਆ ਕਰਦਾ। ਕਹਿੰਦੇ ਤੁਹਾਡਾ ਆਉਣਾ ਹੀ ਇਸ ਕਰਕੇ ਹੋਇਆ ਹੈ–

***ਆਇਓ ਸੁਨਨ ਪੜਨ ਕਉ ਬਾਣੀ॥ ਪੰਨਾ – 1219***

ਫੇਰ ਸਾਡੇ ਮਨ 'ਚ ਆਉਂਦਾ ਹੈ ਕਿ ਕਿਤੇ ਮਹਾਰਾਜ ਕਹਿੰਦੇ ਹਨ –

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥ ਪੰਨਾ – 12***

ਉਥੇ ਵੀ ਨਾਮ-ਬਾਣੀ ਹੀ ਹੁੰਦੀ ਹੈ। ਨਾਮ ਦੇ ਹਿੱਸੇ ਨੇ। ਪਹਿਲਾਂ ਬਾਣੀ ਹੁੰਦੀ ਹੈ – ਗੁਰੂ ਗ੍ਰੰਥ ਸਾਹਿਬ ਦਾ ਤੱਤ 'ਜਪੁਜੀ ਸਾਹਿਬ' ਹੈ, ਜਪੁਜੀ ਸਾਹਿਬ ਦਾ ਤੱਤ 'ਮੂਲ-ਮੰਤਰ' ਹੈ, ਮੂਲ ਮੰਤਰ ਦਾ ਜੋ ਤੱਤ ਹੈ ਉਹ 'ਵਾਹਿਗੁਰੂ' ਮੰਤਰ ਹੈ। ਉਹ ਬੀਜ ਹੈ ਸਾਰੀ ਗੁਰਬਾਣੀ ਦਾ ਜਿਹੜਾ ਵਾਹਿਗੁਰੂ ਮੰਤਰ ਹੈ। ਸਾਰੀ ਹੀ ਬਾਣੀ ਹੋਇਆ ਕਰਦੀ ਹੈ। ਸੋ ਆਪ ਦਾ ਫੁਰਮਾਨ ਹੈ –

***ਅਇਓ ਸੁਨਨ ਪੜਨ ਕਉ ਬਾਣੀ॥ ਪੰਨਾ – 1219***

ਪਰ ਹੋਇਆ ਕੀ?

*ਨਾਮੁ ਵਿਸਾਰਿ ਲਗਹਿ ਅਨ ਲਾਲਚਿ ਬਿਰਥਾ ਜਨਮ ਪਰਾਣੀ॥*

*ਪੰਨਾ - 1219*

ਨਾਮ ਨੂੰ ਤਾਂ ਭੁੱਲ ਗਿਆ, ਲਾਲਚਾਂ 'ਚ ਲੱਗ ਗਿਆ। ਜਨਮ ਨੂੰ ਕੀ ਹੋ ਗਿਆ? ਕਹਿੰਦੇ ਬਿਰਥਾ ਹੀ ਗਿਆ, ਬਰਬਾਦ ਹੋ ਗਿਆ ਜਨਮ ਇਸ ਕੰਮ ਤੋਂ ਬਗੈਰ –

*ਸਮਝੁ ਅਚੇਤ ਚੇਤਿ ਮਨ ਮੇਰੇ ..............॥* *ਪੰਨਾ - 1219*

ਕਹਿੰਦੇ, ਸਮਝ ਲੈ ਮੇਰੇ ਮਨਾ, ਸਮਝ ਲੈ। ਤੂੰ ਤਾਂ ਨਸ਼ੇ ਹੀ ਨਹੀਂ ਛੱਡਦਾ, ਅੱਗੇ ਵਾਲੀਆਂ ਗੱਲਾਂ ਕੀ ਕਰਨੀਆਂ ਨੇ ਤੂੰ? ਤੂੰ ਤਾਂ ਨਿੰਦਿਆ ਹੀ ਨਹੀਂ ਛੱਡਦਾ, ਚੁਗਲੀਆਂ ਹੀ ਨਹੀਂ ਛੱਡਦਾ, ਈਰਖਾ ਨਹੀਂ ਛੱਡਦਾ, ਵੈਰ ਨਹੀਂ ਛੱਡਦਾ, ਫੇਰ ਅੱਗੇ ਵਾਲੀ ਗੱਲ ਕਿਥੇ ਜਾਏਗੀ? ਤੂੰ ਤਾਂ ਪਸ਼ੂ ਬਣਿਆ ਹੋਇਆ ਹੈਂ –

*ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੈ ਪਸੁ ਢੋਰ॥*

*ਪੰਨਾ - 251*

ਕਹਿੰਦੇ ਤੂੰ ਤਾਂ ਪਸ਼ੂ ਹੈਂ। ਮਹਾਰਾਜ ਕਹਿੰਦੇ ਢੋਰ ਹੈਂ, ਗਧਾ ਹੈਂ ਗਧਾ। ਇਵੇਂ-ਜਿਵੇਂ ਤੂੰ ਉਲਟੇ ਕੰਮਾਂ ਵਿਚ ਪਿਆ ਹੋਇਆ ਹੈਂ –

*ਬੈਰ ਬਿਰੋਧ ਕਾਮ ਕ੍ਰੋਧ ਮੋਹ॥*
*ਝੂਠ ਬਿਕਾਰ ਮਹਾ ਲੋਭ ਧ੍ਰੋਹ॥* *ਪੰਨਾ - 267*

ਤੂੰ ਹੁਣ ਸਮਝ ਏਸ ਚੀਜ਼ ਨੂੰ, ਤੈਨੂੰ ਸੰਗਤ ਮਿਲ ਗਈ, ਗੁਰੂ ਨਾਨਕ ਦੀ ਸੰਗਤ ਮਿਲ ਗਈ। ਤੁਹਾਡੇ ਕੁਝ ਭਾਗ ਜਾਗ ਪਏ ਜਿਹੜੇ ਸੰਗਤ 'ਚ ਆ ਗਏ ਕਿਉਂਕਿ –

*ਬਿਨ ਭਾਗਾ ਸਤਿਸੰਗੁ ਨ ਲਭੈ ਬਿਨੁ ਸੰਗਤਿ ਮੈਲੁ ਭਰੀਜੈ ਜੀਉ॥*

*ਪੰਨਾ - 95*

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥* *ਪੰਨਾ - 642*

ਦੋ ਚੀਜ਼ਾਂ ਸਭ ਤੋਂ ਸ੍ਰੇਸ਼ਠ ਨੇ –

*ਕਹੁ ਨਾਨਕ ਤਿਸੁ ਭਇਓ ਪਰਾਪਤਿ..............॥*

*ਪੰਨਾ - 642*

ਪਰ ਮਿਲਦੀਆਂ ਕੀਹਨੂੰ ਨੇ?

*............... ਜਿਸੁ ਪੂਰਬ ਲਿਖੇ ਕਾ ਲਹਨਾ॥* *ਪੰਨਾ - 642*

ਕੋਈ ਨੇਕ ਕੰਮ ਤੁਹਾਡਾ ਕੀਤਾ ਹੋਇਆ ਹੈ ਜਿਸ ਦੇ ਬਦਲੇ ਤੁਸੀਂ ਸੰਗਤ ਵਿਚ ਆ ਗਏ। ਹੁਣ ਸੰਗਤ ਵਿਚ ਆ ਗਏ ਤਾਂ ਮਹਾਰਾਜ ਸਾਨੂੰ ਸਮਝਾਉਂਦੇ ਕਹਿੰਦੇ ਨੇ –

*ਸਮਝੁ ਅਚੇਤ ਚੇਤਿ ਮਨ ਮੇਰੇ ਕਥੀ ਸੰਤਨ ਅਕਥ ਕਹਾਣੀ॥*
*ਪੰਨਾ - 1219*

ਬਾਣੀ ਦੇ ਵਿਚ ਉਹ ਗੱਲ ਗੁਰੂ ਨਾਨਕ ਸਾਹਿਬ ਨੇ ਕਹਿ ਦਿੱਤੀ, ਜਿਹੜੀ ਕੋਈ ਦਸ ਹੀ ਨਹੀਂ ਸਕਦਾ –

*ਲਾਭੁ ਲੈਹੁ ਹਰਿ ਰਿਦੈ ਅਰਾਧਹੁ ...............॥*
*ਪੰਨਾ - 1219*

ਲਾਭ ਲਓ ਤੇ ਪ੍ਰਮੇਸ਼ਰ ਨੂੰ ਰਿਦੇ 'ਚ ਅਰਾਧਨਾ ਕਰੋ।

*................ ਛੁਟਕੈ ਆਵਣ ਜਾਣੀ॥* *ਪੰਨਾ - 1219*

ਫੇਰ ਆਉਣਾ-ਜਾਣਾ ਛੁਟ ਜਾਇਆ ਕਰਦਾ ਹੈ, ਜੰਮਣਾ-ਮਰਨਾ ਖਤਮ ਹੋ ਜਾਂਦਾ ਹੈ ਜਦੋਂ ਬਾਣੀ ਨੂੰ ਅਸੀਂ ਰਿਦੇ ਵਿਚ ਅਰਾਧਣਾ ਸ਼ੁਰੂ ਕਰ ਦਿੰਦੇ ਹਾਂ।

*ਉਦਮੁ ਸਕਤਿ ਸਿਆਣਪ ਤੁਮਰੀ ਦੇਹਿ ਤ ਨਾਮੁ ਵਖਾਣੀ॥*
*ਪੰਨਾ - 1219*

ਹੇ ਵਾਹਿਗੁਰੂ ਜੀ! ਮੈਨੂੰ ਕਿਰਪਾ ਕਰਕੇ ਉਦਮ ਵੀ ਦੇ ਦੇ ਤੇ ਸ਼ਕਤੀ ਵੀ ਦੇਹ ਤੇ ਸਿਆਣਪ ਵੀ ਦੇਹ; ਇਹ ਤਾਂ ਤੇਰੀਆਂ ਚੀਜ਼ਾਂ ਨੇ ਮੇਰੀਆਂ ਤਾਂ ਨਹੀਂ ਹਨ; ਮੈਨੂੰ ਦੇ ਦੇ, ਮੈਂ ਫੇਰ ਤੇਰਾ ਨਾਮ ਜਪਾਂ। ਮੈਂ ਕਮਲਾ ਹੋਇਆ ਹੋਇਆ ਹਾਂ।

*ਸੇਈ ਭਗਤ ਭਗਤਿ ਸੇ ਲਾਗੇ ਨਾਨਕ ਜੋ ਪ੍ਰਭ ਭਾਣੀ॥*
*ਪੰਨਾ - 1219*

ਸੋ ਇਸ ਤਰ੍ਹਾਂ ਦੇ ਨਾਲ ਮਨ, ਬਾਣੀ, ਸਰੀਰ ਕਰਕੇ ਨਾਮ ਜਪੋ। ਚਾਰ ਬਾਣੀਆਂ ਨੇ ਸਾਡੇ ਅੰਦਰ। ਪਹਿਲਾਂ ਤਾਂ ਜਿਵੇਂ ਮੈਂ ਬੋਲਦਾ ਹਾਂ ਇਸ ਨੂੰ 'ਬੈਖਰੀ' ਕਹਿੰਦੇ ਨੇ। ਇਸ ਦੇ ਨਾਲ ਵੀ ਬਾਣੀ ਪੜ੍ਹੋ, ਨਾਮ ਜਪੋ। ਦੂਸਰੀ ਹੋਇਆ ਕਰਦੀ ਹੈ 'ਮਧਮਾ' ਜਿਹੜੀ ਕੰਠ ਵਿਚ ਹੌਲੀ-ਹੌਲੀ ਬੋਲਦਾ ਹੈ। ਤੀਸਰੀ ਹੋਇਆ ਕਰਦੀ ਹੈ ਹਿਰਦੇ ਦੀ ਬਾਣੀ ਜਿਸ ਨੂੰ 'ਪਸੰਤੀ' ਬਾਣੀ ਕਹਿੰਦੇ ਨੇ; ਇਸ ਵਿਚ ਬੋਲਣਾ ਨਹੀਂ, ਚਲਣਾ ਨਹੀਂ, ਮੂੰਹ ਨਹੀਂ ਹਿਲਾਉਣਾ, ਬੁੱਲ ਨਹੀਂ ਹਿਲਾਉਣਾ, ਅੰਦਰ ਬੋਲਣਾ ਹੈ। ਅੰਦਰ ਬਾਣੀ ਸੁਣ ਰਿਹਾ ਹੈ, ਮਸਤ ਹੋ ਰਿਹਾ ਹੈ, ਝੂੰਮਣੀਆਂ ਆ ਰਹੀਆਂ ਹਨ, ਐਸ ਤਰ੍ਹਾਂ ਝੂੰਮਦਾ ਹੈ। ਜੇ ਉਸ ਨੂੰ ਪੁੱਛੇ, ਤੂੰ ਕਿਉਂ ਝੂੰਮਦਾ ਹੈਂ ਤਾਂ ਕਹਿੰਦਾ, ਅੰਦਰ ਮੈਂ ਬਾਣੀ ਸੁਣ ਰਿਹਾ ਹਾਂ, ਨਾਮ ਸੁਣ ਰਿਹਾ ਹਾਂ। ਉਸ ਤੋਂ ਬਾਅਦ 'ਪਰ੍ਹਾ ਬਾਣੀ' ਹੁੰਦੀ ਹੈ। ਪਰ੍ਹਾ ਬਾਣੀ, 'ਮੂਲ ਧਾਰ' ਚੱਕਰ ਜੋ ਹੈ ਰੀੜ੍ਹ ਦੀ ਹੱਡੀ ਵਿਚ ਸਭ ਤੋਂ ਹੇਠਾਂ, ਉਥੇ ਹੁੰਦੀ ਹੈ, ਏਥੇ ਡੂੰਘੀ ਚੁੱਪ ਹੁੰਦੀ ਹੈ, ਉਸ ਦੇ ਵਿਚ ਕੋਈ ਫੁਰਨਾ ਨਹੀਂ ਹੁੰਦਾ। ਮਹਾਰਾਜ ਕਹਿੰਦੇ ਚਾਰੇ ਬਾਣੀਆਂ ਨਾਲ ਹੀ ਤੂੰ ਅਰਾਧਨਾ ਕਰ।

ਪਹਿਲਾਂ ਬਾਹਰੋਂ ਜਪਣਾ ਪੈਂਦਾ ਹੈ। ਜਿਵੇਂ ਹੱਥ ਵਾਲੇ ਨਲਕੇ ਵਿਚੋਂ ਪਾਣੀ ਕੱਢਣਾ ਹੋਵੇ, ਨਲਕਾ ਲਾਉਣਾ ਹੋਵੇ, ਪਹਿਲਾਂ ਪਾਣੀ ਬਾਹਰੋਂ ਪਾਉਂਦੇ ਹਾਂ, ਫੇਰ ਅੰਦਰਲਾ ਪਾਣੀ ਆਉਂਦਾ ਹੈ। ਪਹਿਲਾਂ ਭਾਈ ਇਹ 'ਬੈਖਰੀ ਬਾਣੀ' ਨਾਲ ਗਾਉਣੀ ਪੈਂਦੀ ਹੈ, ਬਾਣੀ ਗਾਓ -

*ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ॥* *ਪੰਨਾ - 920*

ਇਸ ਨੂੰ ਗਾਓ ਜੀਅ ਭਰ ਕੇ, ਗਾਉਂਦੇ ਰਹੋ ਜਿੰਨਾ ਗਾ ਸਕਦੇ ਹੋ, ਪੜ੍ਹਦੇ ਰਹੋ ਜਿੰਨਾ ਪੜ੍ਹਦੇ ਹੋ, ਫੇਰ ਇਸ ਦੇ ਨਾਲ ਕੀ ਹੋਏਗਾ?

*ਇਹ ਬਾਣੀ ਜੋ ਜੀਅਹੁ ਜਾਣੈ ............॥* *ਪੰਨਾ - 797*

ਜਿਹੜਾ ਹਿਰਦੇ ਤੋਂ ਇਸ ਦੇ ਨਾਲ ਪਿਆਰ ਕਰੇਗਾ -

*............... ਤਿਸੁ ਅੰਤਰਿ ਰਵੈ ਹਰਿ ਨਾਮਾ॥*
*ਪੰਨਾ - 797*

ਉਸ ਦੇ ਅੰਦਰ ਨਾਮ ਪ੍ਰਗਟ ਹੋ ਜਾਏਗਾ, ਫੇਰ ਉਸ ਨਾਮ ਨੂੰ ਮਾਲਾ ਨਾਲ ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਕਰੋ, ਕਰੀ ਜਾਓ, ਕਰੀ ਜਾਓ, ਤੇਜੀ ਨਾਲ ਕਰੋ, ਹੌਲੀ ਕਰੋ ਪਰ ਘੰਟੇ ਬਹੁਤੇ ਲਾਓ। ਜਿਸ ਨੇ ਤਾਂ ਲੰਘਣਾ ਹੈ ਉਹ ਤਾਂ ਭਾਈ 8-10 ਘੰਟੇ ਰੋਜ਼ ਲਾਓ, ਜਿਸ ਨੇ ਇਹ ਕਹਿਣਾ ਹੈ ਕਿ ਐਤਕੀਂ ਤਾਂ ਕੰਮ ਜ਼ਿਆਦਾ ਹੈ, ਆਉਂਦੇ ਜਨਮ 'ਚ ਦੇਖਾਂਗੇ, ਉਹ ਢਾਈ ਘੰਟੇ ਤੋਂ ਘੱਟ ਨਾ ਲਾਓ। ਇਹ 8-10 ਘੰਟੇ ਲਾਉਣ ਨਾਲ ਵਾਹਿਗੁਰੂ-

ਵਾਹਿਗੁਰੂ ਕਰਦੇ-ਕਰਦੇ ਰਸਨਾ ਤੇ ਨਾਮ ਆ ਜਾਂਦਾ ਹੈ, ਫੇਰ ਬੁੱਲ੍ਹ ਵੀ ਨਹੀਂ ਹਿਲਦੇ, ਜੀਭ ਮਲ੍ਹਕ-ਮਲ੍ਹਕ ਹਿੱਲੀ ਜਾਂਦੀ ਹੈ ਅੰਦਰ ਆਪੇ ਹੀ, ਕਿਸੇ ਨੂੰ ਨਹੀਂ ਪਤਾ ਲਗਦਾ ਕਿ ਇਹ ਨਾਮ ਜਪਦਾ ਹੈ। ਫੇਰ ਉਸ ਤੋਂ ਬਾਅਦ ਜਦੋਂ ਰਸਨਾ ਦੇ ਨਾਲ ਲੰਘ ਜਾਣ ਦੋ-ਚਾਰ ਸਾਲ ਜਪਦੇ ਦੇ, ਫੇਰ ਰਸਨਾ ਬੰਦ ਹੋ ਜਾਂਦੀ ਹੈ, ਕੰਠ ਵਿਚ ਨਾਮ ਚਲਿਆ ਜਾਂਦਾ ਹੈ, ਆਪੇ ਹੀ ਸਾਹ ਕੱਟ-ਕੱਟ ਕੇ ਨਾਮ ਚਲਦਾ ਹੈ। ਉਸ ਨੂੰ ਸਾਹ ਇਸ ਤਰ੍ਹਾਂ ਨਹੀਂ ਆਉਂਦਾ ਜਿਸ ਤਰ੍ਹਾਂ ਅਸੀਂ ਲੈਂਦੇ ਹਾਂ, ਉਹ ਸਾਹ ਨਾਮ ਦਾ ਭਰਿਆ ਹੋਇਆ ਹੁੰਦਾ ਹੈ। ਚਾਹੇ ਇਕ ਸਾਹ ਵਿਚ 20 ਵਾਰੀ ਵਾਹਿਗੁਰੂ ਕਹਿ ਦੇਵੇ, ਚਾਹੇ 40 ਵਾਰੀ ਕਹਿ ਦੇਵੇ, ਚਾਹੇ ਅੱਧਾ ਕਹਿ ਦੇਵੇ, ਫਰਕ ਨਹੀਂ ਪੈਂਦਾ। ਉਸ ਤੋਂ ਬਾਅਦ ਫੇਰ ਇਹ ਹਿਰਦੇ ਵਿਚ ਚਲਿਆ ਜਾਂਦਾ ਹੈ, ਫੇਰ ਖਿੱਚ ਪੈਣੀ ਸ਼ੁਰੂ ਹੋ ਜਾਂਦੀ ਹੈ। ਫੇਰ ਨਾ ਬੁੱਲ੍ਹ ਹਿਲਦੇ ਨੇ, ਨਾ ਜੀਭ ਹਿਲਦੀ ਹੈ, ਫੇਰ ਹਰ ਵਕਤ ਨਾਮ ਦੇ ਵਿਚ ਧਿਆਨ ਰਹਿੰਦਾ ਹੈ; ਇਸ ਨੂੰ 'ਅਜਪਾ ਜਾਪ' ਕਹਿੰਦੇ ਨੇ -

***ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ॥***

***ਪੰਨਾ - 1291***

ਫੇਰ ਉਹ ਵਾਹਿਗੁਰੂ 'ਚ ਸਮਾਅ ਜਾਂਦਾ ਹੈ ਜਿਸ ਦਾ ਇਸ ਤਰ੍ਹਾਂ ਨਾਮ ਚੱਲ ਪਵੇ।

***ਧਾਰਨਾ - ਆਦਿ ਜੁਗਾਦਿ ਸਮਾਏ ਜੀ,***
***ਜਾਪ ਅਜਪਾ ਜਾਪ ਨ ਵੀਸਰੈ -2, 2.***
***ਜਾਪ-ਅਜਪਾ ਜਾਪ ਨਾ ਵੀਸਰੈ -2, 2.***
***ਆਦਿ ਜੁਗਾਦਿ ਸਮਾਏ ਜੀ,***
***ਜਾਪ ਅਜਪਾ ਜਾਪ ਨ ਵੀਸਰੈ -2.***

ਬਿਨਾ ਜਪਣ ਤੇ, ਬਿਨਾਂ ਬੁੱਲ੍ਹ ਹਿਲਾਉਣ ਤੇ, ਬਿਨਾਂ ਜੀਭ ਹਿਲਾਉਣ ਤੋਂ ਆਪੇ ਹੀ ਨਾਮ ਜਿਵੇਂ ਫੁਹਾਰਾ ਚਲਦਾ ਹੁੰਦਾ ਹੈ, ਆਪਣੇ ਆਪ ਚਲਦਾ ਹੈ, ਉਬਲ ਵਾਂਗੂ ਅੰਦਰੋਂ ਨਿਕਲਦਾ ਹੈ, ਇਸ ਨੂੰ ਅਜਪਾ-ਜਾਪ ਕਹਿੰਦੇ ਨੇ। ਇਸ ਦੇ ਬਾਰੇ ਫੁਰਮਾਨ ਹੈ ਕਿ -

***ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ॥***

***ਪੰਨਾ - 1291***

ਜਿਹੜਾ ਇਸ ਘਰ ਦੇ ਵਿਚ, ਜੋ ਸਾਡਾ ਅਸਲੀ ਘਰ ਹੈ - ਜੀਵ-ਆਤਮਾ ਦਾ - 'ਦਸਵਾ ਦੁਆਰਾ', ਜਿਹੜਾ ਇਹ ਦਿਖਾ ਦੇਵੇ ਉਹ ਕਹਿੰਦੇ ਸਤਿਗੁਰੂ ਕਹਾਉਂਦਾ ਹੈ। ਉਥੇ ਨਿਸ਼ਾਨੀਆਂ ਨੇ -

***ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ॥***

***ਪੰਨਾ - 1291***

ਪੰਜ ਸ਼ਬਦਾਂ ਦੀ ਉਥੇ ਧੁਨਕਾਰ ਪੈਂਦੀ ਹੈ, ਧੁਨ ਚਲਦੀ ਹੈ, ਉਥੇ ਨਿਸ਼ਾਨੀ ਹੈ ਮਹਾਰਾਜ ਕਹਿੰਦੇ ਪੰਜ ਸ਼ਬਦ ਵਜਦੇ ਹੋਣਗੇ। ਹੁਣ ਤਾਂ ਸਾਨੂੰ ਪਤਾ ਹੀ ਨਹੀਂ ਕਿ ਪੰਜ ਸ਼ਬਦ ਕੀ ਹੁੰਦੇ ਨੇ? ਕਿੱਥੇ ਵਜਦੇ ਨੇ? ਕਿਵੇਂ ਹੁੰਦਾ ਹੈ? ਬੜੇ ਅਣਜਾਣ ਬਣ ਗਏ, ਅਸੀਂ ਤਾਂ ਬਾਹਰਲੇ-ਬਾਹਰਲੇ ਸਿੱਖ ਬਣ ਗਏ, ਅੰਦਰ ਤਾਂ ਅਸੀਂ ਜਾਂਦੇ ਹੀ ਨਹੀਂ ਹਾਂ, ਉਤਲੇ-ਉਤਲੇ ਰਹਿ ਗਏ। ਪਹਿਲੀ ਜਮਾਤ ਤੋਂ ਦੂਸਰੀ ਵਿਚ ਨਹੀਂ ਦਾਖਲ ਹੁੰਦੇ, ਤਰੱਕੀ ਨਹੀਂ ਕਰਦੇ -

***ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ॥*** ***ਪੰਨਾ - 1291***

ਦੀਪਾਂ ਨੂੰ, ਲੋਆਂ ਨੂੰ, ਖੰਡਾਂ-ਬ੍ਰਹਿਮੰਡਾਂ ਨੂੰ ਜਦੋਂ ਦੇਖਦਾ ਹੈ ਵਾਹਿਗੁਰੂ ਦੀ ਸ੍ਰਿਸ਼ਟੀ ਨੂੰ, ਵਿਸਮਾਦ ਦੀ ਅਵਸਥਾ 'ਚ ਆ ਜਾਂਦਾ ਹੈ।

***ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ॥***

***ਪੰਨਾ - 1291***

ਉਥੇ ਬੇਅੰਤ ਕਿਸਮ ਦੇ ਰਾਗ ਹੋ ਰਹੇ ਨੇ -

***ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥***
***ਪੰਨਾ - 3***

ਮਹਾਰਾਜ ਨੇ ਦੱਸਿਆ ਹੈ ਕਿ ਐਨੇ ਗਾਉਂਦੇ ਨੇ, ਨਾਲ ਕਿਹਾ ਹੈ ਕਿ ਹੋਰ ਵੀ ਬੇਅੰਤ ਗਾਉਂਦੇ ਨੇ, ਉਹ ਚਿਤ ਨਹੀਂ ਆ ਰਹੇ। ਉਥੇ ਰਾਗ ਹੁੰਦਾ ਹੈ, ਨਾਦ ਹੁੰਦਾ ਹੈ - ਐਸੇ ਸਰੀਰ ਦੇ ਅੰਦਰ, ਤੇ ਇਸ ਦੇ ਵਿਚ ਹੀ ਵਾਹਿਗੁਰੂ ਹੈ -

............. ***ਸਾਚਿ ਤਖਤਿ ਸੁਲਤਾਨੁ॥***
***ਸੁਖਮਨ ਕੈ ਘਰਿ ਰਾਗੁ ਸੁਨਿ***...............॥ ***ਪੰਨਾ - 1291***

ਆਹ ਜਿਹੜਾ ਇੜਾ-ਪਿੰਗਲਾ ਦੋ ਨਾੜੀਆਂ ਨੇ, ਜਿਥੇ ਜਾ ਕੇ ਜੁੜਦੀਆਂ ਨੇ - ਉਸ ਨੂੰ ਸੁਖਮਨਾ ਕਹਿੰਦੇ ਨੇ ਵਿਚਕਾਰਲੀ ਨਾੜੀ ਨੂੰ। ਇਹ ਜਦੋਂ ਜਪਦਾ-ਜਪਦਾ ਇਥੇ ਬਿਰਤੀ ਇਕਾਗਰ ਕਰ ਲੈਂਦਾ ਹੈ ਉਥੇ ਫੇਰ ਇਹ ਰਾਗ ਸੁਣਦਾ ਹੈ, ਜਿਸ ਨੂੰ cosmic music, ਬ੍ਰਹਿਮੰਡੀ ਸੰਗੀਤ ਕਹਿੰਦੇ ਨੇ। ਬਿਨਾਂ ਵਜਾਏ ਵਾਜੇ ਵਜਦੇ ਨੇ; ਐਹ ਵਾਜੇ ਨਹੀਂ, ਇਨ੍ਹਾਂ ਨਾਲੋਂ ਤਾਂ ਕਰੋੜਾਂ ਗੁਣਾ ਸੋਹਣੇ, ਸੁਰੀਲੇ ਵਾਜੇ ਨੇ।

.............. ***ਸੁੰਨਿ ਮੰਡਲਿ ਲਿਵ ਲਾਇ॥*** ***ਪੰਨਾ - 1291***

ਜਿਥੇ ਅਫੁਰ ਅਵਸਥਾ ਹੈ, ਦਸਵਾਂ ਦੁਆਰ ਹੈ, ਉਥੇ ਲਿਵ ਲਾ ਕੇ ਸੁਣ।

***ਅਕਥ ਕਥਾ ਬੀਚਾਰੀਐ*** .............॥ ***ਪੰਨਾ - 1291***

ਇਹ ਜਿਹੜੀ ਗੱਲ ਤੁਹਾਨੂੰ ਦਸਦੇ ਹਾਂ, ਇਹ ਕਹਿਣ ਵਾਲੀ ਨਹੀਂ ਪਰ ਇਸ ਦੀ ਵਿਚਾਰ ਕਰ ਲਓ -

............ ***ਮਨਸਾ ਮਨਹਿ ਸਮਾਇ॥*** ***ਪੰਨਾ - 1291***

ਵਾਸ਼ਨਾਵਾਂ ਸਾਰੀਆਂ ਮਨ 'ਚ ਸਮਾਅ ਕੇ, ਮਨ ਮਰ ਜਾਏਗਾ ਤੇ ਅ-ਮਨ ਹੋ ਜਾਏਗਾ ਬ੍ਰਹਿਮੰਡੀ ਮਨ, ਵਾਹਿਗੁਰੂ ਦਾ ਮਨ ਬਣ ਜਾਏਗਾ ਇਸ ਸਰੀਰ 'ਚ।

***ਉਲਟਿ ਕਮਲੁ ਅੰਮ੍ਰਿਤਿ ਭਰਿਆ ਇਹੁ ਮਨੁ ਕਤਹੁ ਨ ਜਾਇ॥*** ***ਪੰਨਾ - 1291***

ਫੇਰ ਜਿਹੜੀ ਭਟਕਣਾ ਹੈ ਉਹ ਹਟ ਜਾਏਗੀ, ਸ਼ਾਂਤੀ ਆ ਜਾਏਗੀ, ਅੰਦਰ ਉਲਟਾ ਹੋਇਆ ਹੋਇਆ ਹਿਰਦਾ ਕਮਲ ਸਿਧਾ ਹੋ ਕੇ ਅੰਮ੍ਰਿਤ ਨਾਲ ਭਰ ਜਾਏਗਾ। ਇਹ ਮਨ ਫੇਰ ਕਿਤੇ ਨਹੀਂ ਜਾਂਦਾ। ਜੇ ਜਾਏਗਾ ਤਾਂ ਅੰਦਰ ਨੂੰ ਜਾਂਦਾ ਹੈ, ਕਾਰੋਬਾਰ ਸਾਰੇ ਕਰਦਾ ਹੈ -

***ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥***
***ਪੰਨਾ - 1376***

***ਅਜਪਾ ਜਾਪੁ ਨ ਵੀਸਰੈ***................॥ ***ਪੰਨਾ - 1291***

ਕਹਿੰਦੇ ਹੁਣ 24 ਘੰਟੇ ਹੀ ਨਹੀਂ ਵਾਹਿਗੁਰੂ ਵਿਸਰਦਾ, ਸਾਰਾ ਸਰੀਰ ਹੀ ਨਾਮ ਜਪਦਾ ਹੈ, ਅੱਖਾਂ ਵੀ ਨਾਮ ਜਪਦੀਆਂ ਨੇ, ਕੰਨ ਵੀ ਨਾਮ ਜਪਦੇ ਨੇ, ਸਾਰਾ ਸਰੀਰ ਨਾਮ ਜਪਦਾ ਹੈ। ਐਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਰੋਮ-ਰੋਮ ਹਰਿ ਧਿਆਵੇ, ਗੁਰਮੁਖ ਪਿਆਰੇ ਦਾ -2, 2.***
***ਰੋਮ ਰੋਮ ਹਰਿ ਧਿਆਵੇ, ਗੁਰਮੁਖ ਪਿਆਰੇ ਦਾ -2.***

***ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ॥*** ***ਪੰਨਾ - 941***

ਜਦੋਂ ਅਜਪਾ-ਜਾਪ ਦੀ ਅਵਸਥਾ ਆ ਜਾਂਦੀ ਹੈ, ਜਿਸ ਤਰ੍ਹਾਂ ਇਕ ਮਸ਼ਕ ਹੋਵੇ ਪਾਣੀ ਦੀ

ਭਰੀ ਹੋਈ, ਉਸ ਦੇ ਵਿਚ ਸੂਈ ਦੇ ਨਾਲ ਬਹੁਤ ਬਰੀਕ ਛੇਕ ਕਰ ਦਿਓ, ਪਾਣੀ ਭਰ ਦਿਓ, ਪਾਣੀ ਆਪਣੇ-ਆਪ ਨਹੀਂ ਨਿਕਲਦਾ ਬਰੀਕ ਛੇਕਾਂ ਵਿਚੋਂ; ਜਦੋਂ ਉਸ ਦੇ ਉਤੇ ਦਬਾਓ ਪਾਓਂਗੇ, ਸਾਰਿਆਂ ਦੇ ਵਿਚੋਂ ਪਾਣੀ ਨਿਕਲਣਾ ਸ਼ੁਰੂ ਹੋ ਜਾਏਗਾ। ਇਸੇ ਤਰ੍ਹਾਂ ਹਰ ਸਰੀਰ ਦੇ ਉਤੇ ਸਾਢੇ ਤਿੰਨ ਕਰੋੜ ਰੋਮ ਹੁੰਦਾ ਹੈ, ਇਹ ਮੁਸਾਮ ਨੇ, ਪਾਣੀ ਨਿਕਲਦਾ ਹੈ ਇਨ੍ਹਾਂ ਵਿਚੀਂ, ਮੈਲ ਨਿਕਲਦੀ ਹੈ ਤੇ ਜਦੋਂ ਨਾਮ ਦੀ ਧਾਰਾ ਵਧ ਜਾਂਦੀ ਹੈ, ਸਰੀਰ ਸਾਰਾ ਹੀ ਨਾਮ ਦਾ ਰੂਪ ਬਣ ਜਾਂਦਾ ਹੈ, ਉਸ ਵੇਲੇ ਹਰੇਕ ਰੋਮ ਦੇ ਵਿਚੋਂ ਨਾਮ ਦੀ ਧੁਨੀ ਨਿਕਲਦੀ ਹੈ। ਕੀ ਸੁਣਦੀ ਵੀ ਹੈ ਇਹ ਕਿਸੇ ਨੂੰ? ਜਿਨ੍ਹਾਂ ਮਹਾਂਪੁਰਸ਼ਾਂ ਨੇ ਬਹੁਤ ਬੰਦਗੀਆਂ ਕਰੀਆਂ ਹਨ, ਜਿਹੜੇ ਅਜੇ ਏਸ ਰਸਤੇ ਤੇ ਚਲੇ ਹੋਏ ਨੇ ਉਹ ਸੁਣ ਸਕਦੇ ਨੇ। ਉਨ੍ਹਾਂ ਨੂੰ ਪਤਾ ਲਗ ਜਾਂਦਾ ਹੈ ਕਿ ਇਸ ਦਾ ਤਾਂ ਰੋਮ-ਰੋਮ ਨਾਮ ਜਪ ਰਿਹਾ ਹੈ।

ਗੁਰੂ ਪੰਜਵੇਂ ਪਾਤਸ਼ਾਹ ਨੇ ਗੁਰਸਿੱਖਾਂ ਨੂੰ ਦੱਸਿਆ ਸੀ ਕਿ ਰੋਮ-ਰੋਮ ਨਾਲ ਨਾਮ ਕਿਵੇਂ ਜਪ ਹੁੰਦਾ ਹੈ। ਸੋ -

*ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ॥*
*ਪੰਨਾ - 1291*

ਇਹ ਵਾਹਿਗੁਰੂ 'ਚ ਜਾ ਕੇ ਸਮਾਅ ਜਾਂਦਾ ਹੈ -

*ਸਭਿ ਸਖੀਆ ਪੰਚੇ ਮਿਲੇ.............॥* *ਪੰਨਾ - 1291*

ਪੰਜ ਕਰਮ ਇੰਦਰੇ, ਪੰਜ ਗਿਆਨ ਇੰਦਰੇ, ਇਨ੍ਹਾਂ ਨੂੰ ਪੰਜ ਮਿਲ ਜਾਂਦੇ ਨੇ ਸ੍ਰੇਸ਼ਟ ਗੁਣ - ਸਤ, ਸੰਤੋਖ, ਦਇਆ, ਧਰਮ, ਧੀਰਜ -

*........... ਗੁਰਮੁਖਿ ਨਿਜ ਘਰਿ ਵਾਸੁ॥* *ਪੰਨਾ - 1291*

ਫੇਰ ਆਪਣੇ ਘਰ ਵਿਚ ਵਾਸਾ ਹੋ ਜਾਂਦਾ ਹੈ ਜਿਹੜਾ ਸਾਡਾ ਅਸਲੀ ਘਰ ਹੈ, ਜਿਥੋਂ ਭਟਕ ਕੇ ਅਸੀਂ ਘੁੰਮਦੇ ਫਿਰਦੇ ਹਾਂ, ਪਰ ਇਹ ਘਰ ਮਿਲਦਾ ਨਹੀਂ -

*ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ॥*
*ਪੰਨਾ - 1291*

ਜਿਸ ਨੂੰ ਇਹ ਮਿਲ ਜਾਵੇ, ਮਹਾਰਾਜ ਕਹਿੰਦੇ, ਮੈਂ ਦਾਸ ਹਾਂ ਭਾਈ ਉਸ ਦਾ ਕਿਉਂਕਿ ਉਹ ਬਹੁਤ ਉਚੀ ਅਵਸਥਾ ਵਿਚ ਪਹੁੰਚ ਗਿਆ। ਸੋ -

*ਲਾਭੁ ਲੈਹੁ ਹਰਿ ਰਿਦੈ ਅਰਾਧਹੁ..........॥* *ਪੰਨਾ - 1219*

ਜਦੋਂ ਰਿਦੇ 'ਚ ਅਰਾਧਦੇ ਹਾਂ, ਇਹ ਨਾਮ ਇਥੇ ਹੀ ਨਹੀਂ ਰੁਕਦਾ, ਇਸ ਤੋਂ ਅੱਗੇ ਵੀ ਚਲਦਾ ਹੈ। ਕੰਨ ਵੀ ਨਾਮ ਜਪਦੇ ਨੇ। ਜਦੋਂ ਹਰਟ ਘੂੰ-ਘੂੰ ਕਰਦਾ ਹੈ, ਸਾਨੂੰ ਵੀ ਘੂੰ-ਘੂੰ ਸੁਣਦਾ ਹੈ ਪਰ ਬੰਦਗੀ ਵਾਲੇ ਨੂੰ ਕੀ ਸੁਣਦਾ ਹੈ? ਉਸ ਨੂੰ ਸੁਣਦਾ ਹੈ ਤੂੰ-ਤੂੰ-ਤੂੰ -

*ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ॥* *ਪੰਨਾ - 1420*

ਉਹ ਵੀ ਤੂੰ-ਤੂੰ ਕਰਦਾ ਹੈ। ਜਦੋਂ ਪੰਛੀ ਬੋਲਦੇ ਨੇ ਉਹ ਵੀ ਉਸ ਨੂੰ ਪ੍ਰਮੇਸ਼ਰ ਦਾ ਨਾਮ ਹੀ ਜਪਦੇ ਨਜ਼ਰ ਆਉਂਦੇ ਨੇ। ਇਸ ਤਰ੍ਹਾਂ ਫੁਰਮਾਨ ਹੈ -

*ਧਾਰਨਾ - ਨਾਮ ਹਰੀ ਦਾ ਜਪਦੇ,*
*ਸਾਰੇ ਵਣਾਂ ਦੇ ਪੰਖੇਰੂ -2, 2.*
*ਵਣਾਂ ਦੇ ਪੰਖੇਰੂ, ਸਾਰੇ ਵਣਾਂ ਦੇ ਪੰਖੇਰੂ -2, 2.*
*ਨਾਮ ਹਰੀ ਦਾ ਜਪਦੇ,........... -2.*

*ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ*
*ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ॥* *ਪੰਨਾ - 1265*

ਸਾਨੂੰ ਕਿਉਂ ਨਹੀਂ ਸੁਣਦਾ ਕਿਉਂਕਿ ਸਾਡੇ 'ਦਿਬਯ ਕੰਨ' ਬੰਦ ਨੇ। ਮਹਾਰਾਜ ਕਹਿੰਦੇ ਸਾਰੀ ਸ੍ਰਿਸ਼ਟੀ ਨਾਮ ਜਪ ਰਹੀ ਹੈ।

*ਨਾਨਕ ਜਨ ਹਰਿ ਕੀਰਤਿ ਗਾਈ*
*ਛੂਟਿ ਗਇਓ ਜਮ ਕਾ ਸਭ ਸੋਰ॥* *ਪੰਨਾ - 1265*

ਤੇ ਇਸ ਤਰ੍ਹਾਂ ਦੇ ਨਾਲ ਜਦੋਂ ਪੜ੍ਹ ਕੇ, ਨਾਮ ਜਪ ਕੇ ਇਥੇ ਬਿਰਤੀ ਪਹੁੰਚਦੀ ਹੈ ਫੇਰ ਅੱਗੇ ਕੀ ਹੁੰਦਾ ਹੈ? ਅੱਖਾਂ ਖੁੱਲ੍ਹ ਜਾਂਦੀਆਂ ਹਨ। ਅੱਖਾਂ ਦੇਖਦੀਆਂ ਹਨ ਕਿ ਇਹ ਤਾਂ ਵਾਹਿਗੁਰੂ ਸਾਰਿਆਂ ਦੇ ਅੰਦਰ ਹੈ, ਵਾਹਿਗੁਰੂ ਤੋਂ ਬਗੈਰ ਤਾਂ ਕੋਈ ਹੈ ਹੀ ਨਹੀਂ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਰਾਮ ਬੋਲੇ ਰਾਮ ਬੋਲੇ ਰਾਮ ਬੋਲਦੈ,*
*ਸਾਰੀਆਂ ਘਟਾਂ ਦੇ ਵਿਚ ਰਾਮ ਬੋਲਦੈ -2, 2.*
*ਰਾਮ ਬੋਲੇ ਰਾਮ ਬੋਲੇ ਰਾਮ ਬੋਲਦੈ,*
*ਸਾਰੀਆਂ ਘਟਾਂ ਦੇ ਵਿਚ ਰਾਮ ਬੋਲਦੈ -2.*

*ਸਭੈ ਘਟ ਰਾਮੁ ਬੋਲੈ ਰਾਮਾ ਬੋਲੈ॥*
*ਰਾਮ ਬਿਨਾ ਕੋ ਬੋਲੈ ਰੇ॥*
*ਏਕਲ ਮਾਟੀ ਕੁੰਜਰ ਚੀਟੀ ਭਾਜਨ ਹੈਂ ਬਹੁ ਨਾਨਾ ਰੇ॥*
*ਅਸਥਾਵਰ ਜੰਗਮ ਕੀਟ ਪਤੰਗਮ ਘਟਿ ਘਟਿ ਰਾਮੁ ਸਮਾਨਾ ਰੇ॥*
*ਪੰਨਾ - 988*

ਸਾਰਿਆਂ ਦੇ ਵਿਚ ਪ੍ਰਮੇਸ਼ਰ ਬੋਲਦਾ ਨਜ਼ਰ ਆਉਂਦਾ ਹੈ। ਅਸੀਂ ਕਹਿੰਦੇ ਹਾਂ ਕਿ ਸਾਨੂੰ ਤਾਂ ਸੁਣਦਾ ਨਹੀਂ, ਰੱਬ ਬੋਲਦਾ ਵੀ ਹੈ? ਮਹਾਰਾਜ ਕਹਿੰਦੇ -

*ਦਿਲਾ ਕਾ ਮਾਲਕੁ ਕਰਹਿ ਹਾਕੁ॥* *ਪੰਨਾ - 897*

ਕਹਿੰਦੇ ਆਵਾਜ਼ ਦੇ ਰਿਹਾ ਹੈ ਜਦੋਂ ਤੋਂ ਤੂੰ ਪੈਦਾ ਹੋਇਆ ਹੈਂ ਨਾ; ਇਸ ਜਨਮ ਦੀ ਗੱਲ ਛੱਡ, ਤੂੰ ਪਸ਼ੂ ਵੀ ਰਿਹਾ ਹੈਂ, ਪੰਛੀ ਵੀ ਰਿਹਾ ਹੈਂ, ਸੱਪ ਵੀ ਬਣਿਆ ਹੈਂ, ਗੰਡੋਲਾ (ਗੰਡੋਆ) ਵੀ ਬਣਿਆ ਹੈਂ -

*ਕਈ ਜਨਮ ਭਏ ਕੀਟ ਪਤੰਗਾ॥*
*ਕਈ ਜਨਮ ਗਜ ਮੀਨ ਕੁਰੰਗਾ॥*
*ਕਈ ਜਨਮ ਪੰਖੀ ਸਰਪ ਹੋਇਓ॥*
*ਕਈ ਜਨਮ ਹੈਵਰ ਬ੍ਰਿਖ ਜੋਇਓ॥* *ਪੰਨਾ - 176*

ਦਰਖਤ ਵੀ ਬਣਿਆ, ਨਾਮ ਤਾਂ ਤੇਰੇ ਅੰਦਰ ਹਰ ਵਕਤ ਸੀ। ਉਹ ਚੀਜ਼ ਉਸੇ ਵੇਲੇ ਖਤਮ ਹੋ ਜਾਂਦੀ ਹੈ ਜਿਸ ਦੇ ਅੰਦਰ ਨਾਮ ਨਾ ਬੋਲਦਾ ਹੋਵੇ। ਇਹ ਓਅੰਕਾਰ ਦੀ ਧੁਨੀ ਸਾਰਿਆਂ ਦੇ ਅੰਦਰ ਬੋਲਦੀ ਹੈ। ਕਹਿੰਦੇ ਸੁਣਦੀ ਕਿਉਂ ਨਹੀਂ ਹੈ? ਅਸੀਂ ਤਾਂ ਕੰਨ ਬੰਦ ਕਰਕੇ ਵੀ ਸੁਣਦੇ ਹਾਂ, ਉਹ ਤਾਂ ਸੁਣਦੀ ਨਹੀਂ। ਸੁਣਦੀ ਤਾਂ ਨਹੀਂ ਸਾਧ ਸੰਗਤ ਜੀ ਕਿਉਂਕਿ -

*ਮਾਇਆਧਾਰੀ ਅਤਿ ਅੰਨਾ ਬੋਲਾ॥*
*ਸਬਦੁ ਨ ਸੁਣਈ ਬਹੁ ਰੋਲ ਘਚੋਲਾ॥* *ਪੰਨਾ - 313*

ਐਨਾ ਰੌਲਾ-ਘਚੌਲਾ ਮਨ ਵਿਚ ਪਿਆ ਹੋਇਆ ਹੈ। ਉਹ ਤਾਂ ਕਹਿੰਦੇ ਹਨ ਕਿ ਜਪੁਜੀ ਸਾਹਿਬ ਵਿਚ ਹੀ ਨਹੀਂ ਸਾਡਾ ਮਨ ਲਗਦਾ; ਨਾਮ ਕਿਥੇ ਸੁਣਨਾ ਹੈ ਸੂਖਸ਼ਮ ਚੀਜ਼। ਜਪੁਜੀ ਸਾਹਿਬ ਵਿਚ ਹੀ ਨਹੀਂ ਮਨ ਟਿਕਦਾ, ਦੌੜਿਆ ਹੀ ਫਿਰਦਾ ਹੈ - ਛਾਲਾਂ ਮਾਰਦਾ, ਪਤਾ ਹੀ ਨਹੀਂ ਕਿ ਕਿੰਨਾ ਕੁ ਪੜ੍ਹ ਲਿਆ, ਕਿੰਨਾ ਕੁ ਛੱਡ ਦਿਤਾ। ਪਤਾ ਹੀ ਉਦੋਂ ਲਗਦਾ ਹੈ ਜਦੋਂ -

*ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥*

*ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥* *ਪੰਨਾ - 6*

ਪੜ੍ਹ ਹੋ ਗਿਆ 'ਜਪੁਜੀ ਸਾਹਿਬ'? ਨਾਮ ਕਿਥੋਂ ਸੁਣਨਾ ਹੈ?

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ॥*
*ਸੁੰਨ ਸਮਾਧਿ ਅਨਹਤ ਤਹ ਨਾਦ॥*
*ਕਹਨੁ ਨ ਜਾਈ ਅਚਰਜ ਬਿਸਮਾਦ॥* *ਪੰਨਾ - 293*

ਇਥੇ ਹੀ ਨਹੀਂ, ਗੁਰੂ ਮਹਾਰਾਜ ਤਾਂ ਇਹ ਫੁਰਮਾਨ ਕਰਦੇ ਹਨ ਕਿ ਜਿਹੜੇ ਤੂੰ ਚੰਦ ਦੇਖਦਾ ਹੈਂ, ਸੂਰਜ ਦੇਖਦਾ ਹੈਂ, ਅਕਾਸ਼ ਦੇਖਦਾ ਹੈਂ, ਧਰਤੀ ਦੇਖਦਾ ਹੈ, ਪੌਣ ਦੇਖਦਾ ਹੈਂ, ਪਾਣੀ ਦੇਖਦਾ ਹੈਂ, ਬਸੰਤਰ ਤੈਨੂੰ ਨਜ਼ਰ ਆਉਂਦੀ ਹੈ, ਆਹ ਖੰਡ ਦੇਖਦਾ ਹੈਂ, ਦੀਪ ਦੇਖਦਾ ਹੈਂ, ਪਾਤਾਲ ਦੇਖਦਾ ਹੈਂ, ਪਾਤਾਲ ਦੀਆਂ ਪੁਰੀਆਂ ਦੇਖਦਾ ਹੈਂ, ਖਾਣੀਆਂ ਚਾਰੇ ਦੇਖਦਾ ਹੈਂ, ਅੰਡਜ, ਜੇਰਜ, ਸੇਤਜ ਉਤਭੁਜ ਤੇ ਬ੍ਰਹਮਾ, ਵਿਸ਼ਨੂੰ, ਮਹੇਸ਼ ਦੇਵਤਿਆਂ ਦਾ ਧਿਆਨ ਧਰਦਾ ਹੈਂ, ਦੇਵਤੇ ਦੇਖਦਾ ਹੈਂ 33 ਕਰੋੜ, ਜੱਖ ਦੇਖਦਾ ਹੈਂ, ਕਿੰਨਰ ਦੇਖਦਾ ਹੈਂ, ਦੈਂਤ ਦੇਖਦਾ ਹੈਂ, ਪਸ਼ੂ ਦੇਖਦਾ ਹੈਂ, ਪੰਖੀ, ਭੂਤ, ਪ੍ਰੇਤ, ਪਰਬਤ, ਵੇਲਾਂ, ਸੂਖਮ ਚੀਜ਼ਾਂ ਦੇਖਦਾ ਹੈਂ, ਸਥੂਲ ਚੀਜ਼ਾਂ ਦੇਖਦਾ ਹੈਂ, ਸਿਧ-ਸਾਧਕ ਦੇਖਦਾ ਹੈਂ, ਕਹਿੰਦੇ ਸਾਰਿਆਂ ਦੇ ਅੰਦਰ ਨਾਮ ਦੀ ਧੁਨੀ ਚੱਲ ਰਹੀ ਹੈ। ਉਹ ਨਾਮ ਦੀ ਧੁਨੀ ਦੇ ਆਸਰੇ ਹੀ ਉਨ੍ਹਾਂ ਦੇ ਸਰੀਰ ਕਾਇਮ ਨੇ ਤੇ ਉਨ੍ਹਾਂ ਦੀ ਯਾਦ ਵਿਚ ਹੈ ਸਾਰੀਆਂ ਚੀਜ਼ਾਂ ਦੇ ਪ੍ਰਮੇਸ਼ਰ -

*ਸਭੁ ਕੋ ਆਖੈ ਆਪਣਾ ਜਿਸੁ ਨਾਹੀ ਸੋ ਚੁਣਿ ਕਢੀਐ॥*
*ਪੰਨਾ - 473*

ਸੋ ਇਹ ਸਾਰੀ ਕੁਦਰਤ ਜਿੰਨੀ ਹੈ - ਇਕ ਮਨੁੱਖ ਤੋਂ ਬਿਨਾ, ਨਾਮ ਦੇ ਧਿਆਨ ਵਿਚ ਹੈ ਅਤੇ ਹੁਕਮ ਦਾ ਪਾਲਨ ਕਰਦੀ ਹੈ। ਸੂਰਜ ਦੀ ਮਜਾਲ ਨਹੀਂ ਹੈ ਕਿ ਜਰਾ ਕੁ ਏਧਰ ਨੂੰ ਹੋ ਜਾਵੇ। ਜੇ ਜਰਾ ਕੁ ਪੱਛੜ ਜਾਵੇ, ਉਸੇ ਵੇਲੇ ਬ੍ਰਹਿਮੰਡ ਦੇ ਵਿਚ ਵਿਸਫੋਟ ਹੋ ਜਾਵੇਗਾ, ਆਹ ਸਾਰੀ ਸ੍ਰਿਸ਼ਟੀ ਖਤਮ ਹੋ ਜਾਵੇਗੀ, ਐਨਾ ਹੁਕਮ ਦਾ ਬੰਨ੍ਹਿਆ ਹੋਇਆ ਚਲਦਾ ਹੈ। ਮਹਾਰਾਜ ਕਹਿੰਦੇ, ਸਾਰੇ ਨਾਮ ਦੀ ਧੁਨ ਦੇ ਨਾਲ ਜੁੜੇ ਹੋਏ, ਹੁਕਮ ਦੀ ਬੰਦਸ਼ ਵਿਚ ਨੇ -

*ਧਾਰਨਾ - ਨਾਮ ਹਰੀ ਦਾ ਜਪਦੀ,*
*ਕੁਦਰਤ ਸਾਰੀ-ਕੁਦਰਤ ਸਾਰੀ -2, 2.*
*ਨਾਮ ਹਰੀ ਦਾ ਜਪਦੀ*
*ਕੁਦਰਤ ਸਾਰੀ-ਕੁਦਰਤ ਸਾਰੀ -2.*

ਮਹਾਰਾਜ ਕਹਿੰਦੇ, ਪ੍ਰੇਮੀਓਂ! ਤੁਹਾਨੂੰ ਨਹੀਂ ਪਤਾ, ਸੰਸਾਰ ਦੀ ਕੋਈ ਚੀਜ਼ ਐਸੀ ਨਹੀਂ ਜਿਸ ਦੇ ਅੰਦਰ ਨਾਮ ਦੀ ਧੁਨ ਨਾ ਹੋਵੇ -

*ਪ੍ਰਥਮ ਓਅੰਕਾਰ ਤਿਨ ਕਹਾ॥ ਸੋ ਧੁਨ ਪੂਰ ਜਗਤ ਮੋ ਰਹਾ॥*

ਉਹ ਧੁਨ ਹਰੇਕ ਦੇ ਅੰਦਰ ਹੈ - ਦਰਖਤਾਂ ਦੇ ਅੰਦਰ ਵੀ ਹੈ, ਨਹੀਂ ਤਾਂ ਦਰਖਤ ਗਿਰ ਜਾਣ, ਕੁਝ ਵੀ ਨਾ ਰਹੇ। ਸੋ ਮਹਾਰਾਜ ਕਹਿੰਦੇ -

*ਸਿਮਰੈ ਧਰਤੀ ਅਰੁ ਆਕਾਸਾ॥ ਸਿਮਰਹਿ ਚੰਦ ਸੂਰਜ ਗੁਣਤਾਸਾ॥*
*ਪਉਣ ਪਾਣੀ ਬੈਸੰਤਰ ਸਿਮਰਹਿ ਸਿਮਰੈ ਸਗਲ ਉਪਾਰਜਨਾ॥*
*ਸਿਮਰਹਿ ਖੰਡ ਦੀਪ ਸਭਿ ਲੋਆ॥ ਸਿਮਰਹਿ ਪਾਤਾਲ ਪੁਰੀਆ ਸਚੁ ਸੋਆ॥*
*ਸਿਮਰਹਿ ਖਾਣੀ ਸਿਮਰਹਿ ਬਾਣੀ ਸਿਮਰਹਿ ਸਗਲੇ ਹਰਿ ਜਨਾ॥*
*ਸਿਮਰਹਿ ਬ੍ਰਹਮੇ ਬਿਸਨ ਮਹੇਸਾ॥ ਸਿਮਰਹਿ ਦੇਵਤੇ ਕੋੜਿ ਤੇਤੀਸਾ॥*
*ਸਿਮਰਹਿ ਜਖਿ ਦੈਤ ਸਭਿ ਸਿਮਰਹਿ ਅਗਨਤੁ ਨ ਜਾਈ ਜਸੁ ਗਨਾ॥*

***ਸਿਮਰਹਿ ਪਸੁ ਪੰਖੀ ਸਭਿ ਭੂਤਾ॥*** ***ਪੰਨਾ - 1078***

ਜਿੰਨੇ ਪੰਜ ਭੂਤ ਨੇ - ਪਉਣ, ਪਾਣੀ, ਆਕਾਸ਼ ਵਗੈਰਾ, ਇਹ ਸਾਰੇ ਹੀ ਸਿਮਰਦੇ ਨੇ। ਪਸ਼ੂ ਵੀ ਸਿਮਰਦੇ ਨੇ, ਪੰਛੀ ਸਿਮਰਦੇ ਨੇ। ਕਈਆਂ ਨੂੰ ਖਿਆਲ ਹੁੰਦਾ ਹੈ ਕਿ ਪਸ਼ੂਆਂ ਨੂੰ ਰੱਬ ਦਾ ਪਤਾ ਹੈ? ਸਾਧ ਸੰਗਤ ਜੀ! ਪਸ਼ੂਆਂ ਵਿਚ ਤਾਂ ਬਹੁਤੀ ਅਕਲ ਹੈ ਆਦਮੀ ਨਾਲੋਂ। ਕੁੱਤੇ ਨੂੰ ਕਿਤੇ ਲੈ ਜਾਓ, ਜਾ ਕੇ ਛੱਡ ਦਿਓ, ਉਹ ਆਪਣੇ ਘਰ ਵਾਪਸ ਆ ਜਾਏਗਾ, ਮਨੁੱਖ ਨਹੀਂ ਆ ਸਕਦਾ, ਮਨੁੱਖ ਨੂੰ ਪਤਾ ਹੀ ਨਹੀਂ ਲਗਦਾ। ਅੱਖਾਂ ਬੰਨ੍ਹ ਲਓ ਮਨੁੱਖ ਦੀਆਂ, ਕੁੱਤੇ ਦੀਆਂ ਵੀ ਬੰਨ੍ਹ ਲਓ, ਕੁੱਤੇ ਨੂੰ ਵੀ ਨਾਲ-ਨਾਲ ਅੱਖਾਂ ਬੰਨ੍ਹ ਕੇ ਲਈ ਜਾਓ, ਮਨੁੱਖ ਨੂੰ ਵੀ ਲਈ ਜਾਓ, ਜਾ ਕੇ ਕਿਤੇ ਪਰਦੇਸ ਛੱਡ ਦਿਓ; ਜੇ ਕਦੇ ਮਨੁੱਖ ਆ ਜਾਵੇ, ਕੁੱਤਾ ਆਪਣੇ ਆਪ ਆ ਜਾਂਦਾ ਹੈ। drug (ਨਸ਼ੀਲੀ ਦਵਾਈ) ਲੈ ਕੇ ਜਾਂਦੇ ਨੇ ਮਨੁੱਖ, ਚੋਰੀ ਕਰਦੇ ਨੇ, ਆਹ ਕੁੱਤੇ ਨੂੰ ਪਹਿਲਾਂ ਹੀ ਪਤਾ ਲੱਗ ਜਾਂਦਾ ਹੈ, ਕਿਤੇ ਵੀ ਲੁਕੋ ਲਓ, ਉਹ ਉਥੋਂ ਹੀ ਭੌਂਕਣ ਲੱਗ ਜਾਂਦਾ ਹੈ ਕਿ ਇਹਦੇ ਕੋਲ drug ਹੈ, drug ਲਈ ਜਾਂਦਾ ਹੈ ਇਹ। ਆਦਮੀ ਨੂੰ ਤਾਂ ਨਹੀਂ ਪਤਾ ਲਗਦਾ, ਕੁੱਤੇ ਦੀ ਮਦਦ ਲੈਂਦੇ ਨੇ। ਕਤਲ ਹੋ ਜਾਂਦੇ ਨੇ, ਚੋਰੀਆਂ ਹੋ ਜਾਂਦੀਆਂ ਨੇ, ਪੁਲਿਸ ਵਾਲੇ ਕੁੱਤੇ ਲੈ ਕੇ ਆਉਂਦੇ ਨੇ; ਆਪ ਕਿਉਂ ਨਹੀਂ ਜਾਂਦੇ? ਉਹ ਕੁੱਤਾ ਉਸੇ ਵੇਲੇ ਤੁਰ ਪੈਂਦਾ ਹੈ ਪਿਛੇ-ਪਿਛੇ, ਜਿਧਰ ਨੂੰ ਉਹ ਗਿਆ ਹੈ; ਕੱਪੜਾ ਸੁੰਘਾਅ ਦਿਓ ਕੁੱਤੇ ਨੂੰ, ਜਾ ਕੇ ਸੌ ਬੰਦਿਆਂ ਵਿਚੋਂ ਫੜ ਲਏਗਾ। ਉਨ੍ਹਾਂ 'ਚ ਕਿੰਨੀਆਂ ਚੀਜ਼ਾਂ ਦੀ ਅਕਲ ਸਾਡੇ ਨਾਲੋਂ ਜ਼ਿਆਦਾ ਹੈ। ਹਿਰਨ ਦਾ ਬੱਚਾ ਪੈਦਾ ਹੋਵੇ, ਮਨੁੱਖ ਦਾ ਬੱਚਾ ਪੈਦਾ ਹੋਵੇ, ਦੋਹਾਂ ਨੂੰ ਪਾਣੀ ਵਿਚ ਸੁੱਟ ਦਿਓ, ਹਿਰਨ ਦਾ ਬੱਚਾ ਕਦੇ ਨਹੀਂ ਡੁੱਬਦਾ। ਦੋ ਦਿਨਾਂ ਦੇ ਨੂੰ ਹੀ ਸੁੱਟ ਦਿਓ, ਇਸ ਨੂੰ ਦੋ ਸਾਲ ਦੇ ਨੂੰ ਸੁੱਟ ਦਿਓ, ਮਨੁੱਖ ਦਾ ਬੱਚਾ ਡੁੱਬ ਜਾਏਗਾ, ਹਿਰਨ ਦਾ ਨਹੀਂ ਡੁਬੇਗਾ ਕਿਉਂਕਿ ਜੰਮਦੇ ਨੂੰ ਹੀ ਪਤਾ ਹੈ। ਉਸ ਨੂੰ ਕੋਈ ਦਸਦਾ ਨਹੀਂ ਹੈ ਕਿ ਇਥੇ ਦੁੱਧ ਹੈ, ਆਪਣੇ ਆਪ ਹੀ ਦੁੱਧ ਨੂੰ ਟੋਲ੍ਹ ਲੈਂਦਾ ਹੈ। ਉਸ ਨੂੰ ਪਤਾ ਹੈ ਕਿ ਆਹ ਮੇਰੀ ਖੁਰਾਕ ਹੈ। ਮਨੁੱਖ ਨੂੰ ਤਾਂ ਪਤਾ ਹੀ ਨਹੀਂ ਹੈ, ਬੱਚੇ ਨੂੰ ਨਹੀਂ ਪਤਾ ਕਿ ਦੁੱਧ ਕਿਥੇ ਹੈ ਮਾਂ ਦਾ। ਸੋ ਇਸ ਦੇ ਵਿਚ ਐਨੀ ਅਕਲ ਨਹੀਂ। ਇਸ ਦੇ ਵਿਚ ਇਕ ਅਕਲ ਵੱਧ ਹੈ, ਉਹ ਇਹ ਹੈ ਕਿ ਇਸ ਨੂੰ ਬੁੱਧ ਦਿੱਤੀ ਹੋਈ ਹੈ ਪ੍ਰਮੇਸ਼ਰ ਨੇ, ਇਹ ਚੰਗੇ-ਮਾੜੇ ਦੀ ਤਮੀਜ਼ ਕਰ ਲੈਂਦਾ ਹੈ। ਚੰਗੇ ਮਾੜੇ ਦੀ ਤਮੀਜ਼ ਉਨ੍ਹਾਂ ਨੂੰ ਵੀ ਹੈ। ਹਰਿਆ ਪਸ਼ੂ ਹੋਵੇ, ਫਸਲ ਵਿਚ ਵੜਨਾ ਹੈ, ਪਹਿਲਾਂ ਮਾਲਕ ਨੂੰ ਦੇਖਦਾ ਹੈ ਕਿ ਇਸ ਦਾ ਖਿਆਲ ਮੇਰੇ ਵਿਚ ਹੈ ਜਾਂ ਕਿਸੇ ਹੋਰ ਪਾਸੇ ਹੈ। ਜੇ ਤਾਂ ਉਸ ਦੇ ਵੱਲ ਝਾਕਦੇ ਹਾਂ ਫੇਰ ਤਾਂ ਚੁੰਘੀ ਜਾਏਗਾ, ਜੇ ਕਿਤੇ ਹੋਰ ਖਿਆਲ ਹੋਵੇ ਤਾਂ ਨੱਠ ਕੇ ਜਾ ਕੇ ਫਸਲ 'ਚ ਵੜ ਜਾਂਦਾ ਹੈ, ਪਤਾ ਤਾਂ ਉਸ ਨੂੰ ਵੀ ਹੈ।

ਪੌਰਾਣਿਕ ਕਥਾ ਵਿਚ ਵਰਣਿਤ ਹਾਥੀ ਜਿਸ ਵਕਤ ਪਾਣੀ ਵਿਚ ਡੁੱਬਣ ਲਗਿਆ - ਤੰਦੂਏ ਦਾ ਫੜਿਆ ਹੋਇਆ, ਸਿਰਫ ਇਕ ਫੁੱਟ ਸੁੰਡ ਰਹਿ ਗਈ ਉਸ ਦੀ, ਉਸ ਵੇਲੇ ਉਸ ਨੇ ਰਾਮ ਨੂੰ ਯਾਦ ਕਰਿਆ -

***ਜਬ ਹੀ ਸਰਨਿ ਗਹੀ ਕਿਰਪਾ ਨਿਧਿ ਗਜ ਗਰਾਹ ਤੇ ਛੂਟਾ॥***
***ਪੰਨਾ - 632***

ਉਸ ਵੇਲੇ ਪ੍ਰਮੇਸ਼ਰ ਨੇ ਆ ਕੇ ਤੰਦੂਏ ਦੇ ਤੰਦ ਕੱਟ ਦਿੱਤੇ। ਜਾਨਵਰਾਂ ਦਾ ਵੀ ਹੈ ਰੱਬ, ਕਿਤੇ ਇਕੱਲੇ ਮਨੁੱਖਾਂ ਦਾ ਹੀ ਨਹੀਂ ਹੈ, ਪਸ਼ੂਆਂ ਦਾ ਵੀ ਹੈ। ਮਹਾਰਾਜ ਕਹਿੰਦੇ -

***ਹਾਥੀ ਕੀ ਪੁਕਾਰ ਪਲ ਪਾਛੈ ਪਹੁਚਤ ਤਾਹਿ***
***ਚੀਟੀ ਕੀ ਚਿਘਾਰ ਪਹਿਲੇ ਹੀ ਸੁਨੀਅਤ ਹੈ॥*** ***(ਅਕਾਲ ਉਸਤਤਿ)***

ਜੇ ਸੁਣਦਾ ਹੈ ਤਾਂ ਹੀ ਮਹਾਰਾਜ ਨੇ ਲਿਖਿਆ ਹੈ ਕਿ ਕੀੜੀਆਂ ਦੀ ਪੁਕਾਰ ਵੀ ਸੁਣ ਲੈਂਦਾ ਹੈ। ਜਿਹੜੇ ਖਾਂਦੇ ਨੇ ਮਾਰ-ਮਾਰ ਕੇ ਜਾਨਵਰਾਂ ਨੂੰ....., ਮਹਾਰਾਜ ਕਹਿੰਦੇ ਖਾ ਕੇ ਤੂੰ ਛੁਟ ਜਾਏਂਗਾ?

***ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ॥***
***ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ॥*** ***ਪੰਨਾ - 1374***

ਪਹਿਲਾਂ ਤੂੰ ਖਾਹ, ਫੇਰ ਤੈਨੂੰ ਖਾਣਗੇ ਇਹ। ਕਰਮ ਬੀਜ ਦਿਤਾ ਕਿਉਂਕਿ ਰੱਬ ਇਨ੍ਹਾਂ ਦਾ ਵੀ ਹੈ। ਮਨੁੱਖ ਜ਼ੋਰ ਕਰਦਾ ਹੈ –

*ਕਬੀਰ ਜੋਰੁ ਕੀਆ ਸੋ ਜੁਲਮੁ ਹੈ ਲੇਇ ਜਬਾਬੁ ਖੁਦਾਇ॥*
*ਪੰਨਾ – 1375*

ਬੱਕਰਾ ਆਪੇ ਹੀ ਕਹਿੰਦਾ ਹੈ ਆ ਕੇ ਕਿ ਮੇਰੀ ਗਰਦਨ ਵੱਢ ਲੈ? ਪਹਿਲਾਂ ਬੰਨ੍ਹਦਾ ਹੈ – ਇਕ ਜਣਾ ਉਧਰੋਂ ਫੜਦਾ ਹੈ, ਇਕ ਓਧਰੋਂ ਫੜਦਾ ਹੈ। ਕਹਿੰਦਾ ਮਾਰ ਹੁਣ ਗੰਡਾਸਾ; ਇਸ ਦਾ ਲੇਖਾ ਦੇਣਾ ਪਏਗਾ, ਉਸ ਵੇਲੇ ਔਖਾ ਹੋ ਜਾਏਂਗਾ; ਲੇਖਾ ਦੇਣਾ ਪਏਗਾ, ਮਾਸ ਖੁਆਉਣਾ ਪਏਗਾ ਕਿਉਂਕਿ ਰੱਬ ਸਭ ਦਾ ਹੈ। ਸੋ ਮਹਾਰਾਜ ਕਹਿੰਦੇ ਉਹ ਪਸ਼ੂਆਂ ਦਾ ਵੀ ਹੈ –

*ਸਿਮਰਹਿ ਪਸੁ ਪੰਖੀ ਸਭਿ ਭੂਤਾ॥*
*ਸਿਮਰਹਿ ਬਨ ਪਰਬਤ ਅਉਧੂਤਾ॥*
*ਲਤਾ ਬਲੀ ਸਾਖ ਸਭ ਸਿਮਰਹਿ.............॥* *ਪੰਨਾ – 1079*

ਕਹਿੰਦੇ ਆਹ ਵੇਲਾਂ ਵੀ ਵਾਹਿਗੁਰੂ ਦਾ ਨਾਮ ਯਾਦ ਰੱਖਦੀਆਂ ਹਨ, ਜਿਹੜੇ ਆਹ ਫੁੱਲ ਨੇ ਇਹ ਵੀ ਵਾਹਿਗੁਰੂ ਨੂੰ ਯਾਦ ਰਖਦੇ ਨੇ –

*............... ਰਵਿ ਰਹਿਆ ਸੁਆਮੀ ਸਭ ਮਨਾ॥*
*ਸਿਮਰਹਿ ਥੂਲ ਸੂਖਮ ਸਭਿ ਜੰਤਾ॥*
*ਸਿਮਰਹਿ ਸਿਧ ਸਾਧਿਕ ਹਰਿ ਮੰਤਾ॥*
*ਗੁਪਤ ਪ੍ਰਗਟ ਸਿਮਰਹਿ ਪ੍ਰਭ ਮੇਰੇ*
*ਸਗਲ ਭਵਨ ਕਾ ਪ੍ਰਭ ਧਨਾ॥* *ਪੰਨਾ – 1079*

ਕਿਉਂਕਿ ਉਹ ਸਾਰਿਆਂ ਦਾ ਹੈ, ਸਾਰਿਆਂ ਦੇ ਵਿਚ ਹੈ –

*ਸਿਮਰਹਿ ਨਰ ਨਾਰੀ ਆਸਰਮਾ॥* *ਪੰਨਾ – 1079*

ਚਾਰੇ ਆਸ਼ਰਮ –

*ਸਿਮਰਹਿ ਜਾਤਿ ਜੋਤਿ ਸਭਿ ਵਰਨਾ॥* *ਪੰਨਾ – 1079*

ਚਾਰੇ ਵਰਨ –

*ਸਿਮਰਹਿ ਗੁਣੀ ਚਤੁਰ ਸਭ ਬੇਤੇ*
*ਸਿਮਰਹਿ ਰੈਣੀ ਅਰੁ ਦਿਨਾ॥* *ਪੰਨਾ – 1079*

ਰਾਤ ਤੇ ਦਿਨ ਵੀ ਉਸ ਨੂੰ ਯਾਦ ਕਰਦੇ ਨੇ।

*ਸਿਮਰਹਿ ਘੜੀ ਮੂਰਤ ਪਲ ਨਿਮਖਾ॥* *ਪੰਨਾ – 1079*

ਆਹ ਪਲ ਵੀ, ਨਿਮਖ ਵੀ, ਸਕਿੰਟ ਵੀ, ਮਿੰਟ ਵੀ ਇਹ ਸਾਰੇ ਪ੍ਰਮੇਸ਼ਰ ਨੂੰ ਸਿਮਰ ਰਹੇ ਨੇ।

*ਸਿਮਰੈ ਕਾਲੁ ਅਕਾਲੁ ਸੁਚਿ ਸੋਚਾ॥* *ਪੰਨਾ – 1079*

ਕਾਲ ਵੀ ਉਸ ਨੂੰ ਸਿਮਰ ਰਿਹਾ ਹੈ।

*ਸਿਮਰਹਿ ਸਉਣ ਸਾਸਤ੍ਰ ਸੰਜੋਗਾ ...........॥* *ਪੰਨਾ – 1079*

ਆਹ ਜਿਹੜੇ ਸ਼ਗਨ ਨੇ ਨਾ, ਇਹ ਵੀ ਉਸ ਨੂੰ ਯਾਦ ਕਰਦੇ ਨੇ –

*............... ਅਲਖੁ ਨ ਲਖੀਐ ਇਕੁ ਖਿਨਾ॥*
*ਪੰਨਾ – 1079*

ਜੇ ਭੁਲਦਾ ਹੈ ਤਾਂ ਮਨੁੱਖ ਭੁਲਦਾ ਹੈ, ਇਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ - ਸਾਰੇ ਯਾਦ ਹਰੀ ਨੂੰ ਰਖਦੇ,***
***ਕਾਹਤੋਂ ਤੈਨੂੰ ਰਾਮ ਭੁੱਲਿਆ -2, 2.***
***ਮੇਰੇ ਪਿਆਰੇ, ਕਾਹਤੋਂ ਤੈਨੂੰ ਰਾਮ ਭੁਲਿਆ -2, 2.***
***ਸਾਰੇ ਯਾਦ ਹਰੀ ਨੂੰ ਰਖਦੇ,............... -2.***

ਬਿਰਖ (ਰੁੱਖ), ਵੇਲਾਂ, ਪਸ਼ੂ-ਪੰਛੀ, ਸਾਰਿਆਂ ਦੇ ਰੱਬ ਯਾਦ ਹੈ, ਜੇ ਭੁੱਲਿਆ ਹੋਇਆ ਹੈ ਤਾਂ ਇਹ ਮਨੁੱਖ ਨੂੰ ਭੁੱਲਿਆ ਹੋਇਆ ਹੈ। ਇਸ ਦੇ ਅੰਦਰ ਹਰ ਵਕਤ ਰੱਬ ਆਵਾਜ਼ਾਂ ਮਾਰ ਰਿਹਾ ਹੈ, ਹਰ ਵਕਤ -

***ਦਿਲ ਕਾ ਮਾਲਕੁ ਕਰਹਿ ਹਾਕੁ॥ ਪੰਨਾ - 897***

ਐਸੀ ਹਾਕ (ਅਵਾਜ਼) ਮਾਰੀ ਹੈ, ਜਿਸ ਦਿਨ ਦਾ ਵਿਛੜਿਆ ਹੈ ਉਸ ਦਿਨ ਦੀ ਹਾਕ ਆ ਰਹੀ ਹੈ। ਕੋਈ ਜਨਮ ਧਾਰ ਲਏ, ਕੋਈ ਸਰੀਰ ਧਾਰ ਲਏ, ਹਾਕ ਰੱਬ ਦੀ ਆਉਂਦੀ ਹੈ। ਸੁਣ ਤਾਂ ਸਹੀ ਅੰਦਰ ਕਦੇ, ਪੁਛ ਲੈ ਕਿਸੇ ਨੂੰ ਕਿ ਰੱਬ ਦੀ ਅਵਾਜ਼ ਕਿਵੇਂ ਸੁਣੀ ਜਾਂਦੀ ਹੈ। ਸੋ ਮਹਾਰਾਜ ਕਹਿੰਦੇ ਨੇ-

***ਜਲਿ ਥਲਿ ਮਹੀਅਲਿ ਸੁਆਮੀ ਸੋਈ॥***
***ਅਵਰੁ ਨ ਕਹੀਐ ਦੂਜਾ ਕੋਈ॥***
***ਗੁਰ ਗਿਆਨ ਅੰਜਨਿ ਕਾਟਿਓ ਭ੍ਰਮੁ ਸਗਲਾ***
***ਅਵਰੁ ਨ ਦੀਸੈ ਏਕ ਬਿਨਾ॥ ਪੰਨਾ - 1079***

ਕਹਿੰਦੇ ਉਹ ਸਾਰਿਆਂ ਦੇ ਅੰਦਰ ਹੈ। ਐਨੀ ਵੀ ਗੱਲ ਮੰਨ ਲਓ, ਇਕ ਗੱਲ ਮੰਨ ਲਓ ਕਿ ਰੱਬ ਸਾਰਿਆਂ ਦੇ ਅੰਦਰ ਹੈ; ਫੇਰ ਬਾਹਰ ਵੀ ਹੈ? ਕਹਿੰਦੇ ਬਾਹਰ ਵੀ ਹੈ। ਬਾਹਰ ਕਿਥੇ ਹੈ, ਕਿਸੇ ਥਾਂ ਖੜ੍ਹਾ ਹੈ? ਕਹਿੰਦੇ ਨਹੀਂ, ਸਾਰੇ ਪਰੀਪੂਰਨ ਹੈ ਜਿਵੇਂ ਆਹ ਹਵਾ ਹੈ, ਅਕਾਸ਼ ਹੈ, ਇਵੇਂ ਜਿਵੇਂ ਰੱਬ ਹੈ, ਤੁਹਾਡਾ ਹਰ ਕਦਮ ਰੱਬ ਦੇ ਵਿਚ ਹੈ, ਹਰ ਸਾਹ ਰੱਬ ਦੇ ਵਿਚ ਹੈ, ਯਾਦ ਤਾਂ ਕਰ ਲਓ ਉਸਨੂੰ। ਜੇ ਯਾਦ ਕਰ ਲਵੋਂ -

***ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥***
***ਕਲਿ ਕਲੇਸ ਤਨ ਮਾਹਿ ਮਿਟਾਵਉ॥ ਪੰਨਾ - 262***

ਫੇਰ ਸੁੱਖ ਆਪੇ ਹੀ ਦਰਵਾਜੇ ਤੇ ਆ ਗਏ ਜਦੋਂ ਉਸ ਨੂੰ ਯਾਦ ਕਰ ਲਿਆ। ਜਿਹੜਾ ਭੁੱਲਦਾ ਹੈ-

***ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ॥***
***ਪੰਨਾ - 524***

ਇਕ ਵਿਘਨ? ਕ੍ਰੋੜਾਂ ਵਿਘਨ ਲਗਦੇ ਨੇ। ਆ ਕੇ ਕਹਿੰਦੇ ਨੇ ਕਿ ਸਾਡੀ ਕਮਾਈ ਵਿਚ ਬਰਕਤ ਨਹੀਂ ਪੈਂਦੀ ਜੀ, ਘਾਟੇ ਪੈਂਦੇ ਨੇ ਜੀ ਸਾਨੂੰ। ਕਹਿੰਦੇ ਤੂੰ ਤਾਂ ਰੱਬ ਨੂੰ ਭੁਲਿਆ ਰਹਿੰਦਾ ਹੈਂ ਹਰ ਵਕਤ, ਫੇਰ ਤਾਂ ਘਾਟੇ ਹੀ ਪੈਣੇ ਨੇ ਪ੍ਰੇਮੀਆਂ! ਮਹਾਰਾਜ ਤਾਂ ਇਥੋਂ ਤੱਕ ਕਹਿੰਦੇ ਨੇ ਕਿ ਤੈਨੂੰ ਸੰਸਾਰ ਵਿਚ ਮਨੁੱਖ ਬਣਨ ਦਾ ਕੋਈ ਫਾਇਦਾ ਹੀ ਨਹੀਂ ਹੋਇਆ, ਇਸ ਦੇ ਨਾਲੋਂ ਤਾਂ ਪਸ਼ੂ ਬਣਿਆ ਰਹਿੰਦਾ, ਪਾਪ ਤਾਂ ਸਿਰ ਨਾ ਚੜ੍ਹਦੇ ਕਿਉਂਕਿ ਪਸ਼ੂਆਂ ਨੂੰ ਪਾਪ ਨਹੀਂ ਲਗਦਾ ਉਹ ਕਰਮ ਜੂਨੀਆਂ ਨੇ, ਕਰਮ ਭੋਗਦੇ ਨੇ। ਇਹ ਮਨੁੱਖ ਹੈ ਸੁਤੰਤਰ ਜੂਨੀ - ਇਕੱਲੀ ਹੀ। ਇਹ ਜਿਹੜੇ ਕਰਮ ਕਰਦਾ ਹੈ, ਉਨ੍ਹਾਂ ਦੀਆਂ ਗਠੜੀਆਂ ਬੰਨ੍ਹ ਲੈਂਦਾ ਹੈ -

***ਗੁਣਾ ਗਵਾਈ ਗੰਠੜੀ ਅਵਗਣ ਚਲੀ ਬੰਨਿ॥ ਪੰਨਾ - 23***

ਉਸ ਦੇ ਵਾਸਤੇ ਫੁਰਮਾਨ ਕਰਦੇ ਨੇ ਕਿ -

***ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ॥***
***ਬਿਧਵਾ ਕਸ ਨ ਭਈ ਮਹਤਾਰੀ॥ ਪੰਨਾ - 328***

ਜਿਸ ਘਰ ਦੇ ਅੰਦਰ ਪ੍ਰਮੇਸ਼ਰ ਦੇ ਨਾਮ ਲੈਣ ਵਾਲਾ ਨਹੀਂ, ਚੰਗਾ ਹੁੰਦਾ ਮਾਂ ਵਿਧਵਾ ਹੋ ਜਾਂਦੀ। ਇਹੋ ਜਿਹਾ ਕਪੁੱਤ ਤਾਂ ਪੈਦਾ ਨਾ ਹੁੰਦਾ, ਨਸ਼ੇ ਖਾਈ ਜਾਂਦਾ ਹੈ - ਆਪ ਵੀ ਦੁਖੀ, ਦੂਜੇ

ਵੀ ਦੁਖੀ। ਇਥੇ ਮੈਨੂੰ ਪੁਛਦੇ ਹਨ, "ਬਾਬਾ ਜੀ! ਮੁੰਡਾ ਥੋੜ੍ਹਾ ਜਿਹਾ ਖਾਂਦਾ ਹੈ, ਡੋਡੇ ਪੀਂਦਾ ਹੈ, ਮੰਗਣਾ ਕਰ ਦੇਈਏ?"

ਮੈਂ ਕਿਹਾ, "ਓਏ! ਕੁੜੀ ਰੋਏਗੀ।"

ਕਹਿੰਦੇ, "ਜ਼ਮੀਨ ਜਾਇਦਾਦ ਬਹੁਤ ਹੈ।" ਮੈਂ ਕਿਹਾ, "ਜ਼ਮੀਨ ਖਾਣੀ ਹੈ ਕੁੜੀ ਨੇ? ਉਹ ਸਾਰੀ ਜ਼ਮੀਨ ਉਸ ਨੇ ਗਹਿਣੇ ਕਰ ਦੇਣੀ ਹੈ, ਕੁਝ ਨਹੀਂ ਕੋਲ ਰਖਣਾ, ਨਸ਼ੇ ਪੀਂਦਾ ਹੈ, ਲੜਾਈਆਂ-ਝਗੜੇ ਫਸਾਦ ਕਰ ਲੈਣੇ ਨੇ; ਕੁੜੀ ਨੂੰ ਤਾਂ ਉਸ ਨੇ ਪੁਛਣਾ ਹੀ ਨਹੀਂ। ਜੇ ਨਰਕਾਂ 'ਚ ਸੁੱਟਣੀ ਹੈ ਤਾਂ ਦੇ ਦੇ। ਇਸ ਦੇ ਨਾਲੋਂ ਤਾਂ ਬੰਦਗੀ ਕਰਨ ਵਾਲੇ ਗਰੀਬ ਮਿਹਨਤੀ ਨੂੰ ਦੇ ਦੇ ਤੂੰ। ਉਹ ਅਰਾਮ ਨਾਲ ਬੈਠ ਕੇ ਦੋਵੇਂ ਇਕੱਠੇ ਹੋ ਕੇ ਰੋਟੀ ਤਾਂ ਖਾ ਲਿਆ ਕਰਨਗੇ, ਦੁਖ-ਸੁਖ ਤਾਂ ਕਰ ਲਿਆ ਕਰਨਗੇ।"

ਮਹਾਰਾਜ ਕਹਿੰਦੇ -

> ***ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ॥***
> ***ਬਿਧਵਾ ਕਸ ਨ ਭਈ ਮਹਤਾਰੀ॥*** ***ਪੰਨਾ - 328***

ਵਿਧਵਾ ਹੋ ਜਾਂਦੀ ਤਾਂ ਕਿ ਇਹੋ ਜਿਹਾ ਕਪੁੱਤ ਪੈਦਾ ਨਾ ਹੁੰਦਾ।

> ***ਜਿਹ ਨਰ ਰਾਮ ਭਗਤਿ ਨਹਿ ਸਾਧੀ॥***
> ***ਜਨਮਤ ਕਸ ਨ ਮੁਓ ਅਪਰਾਧੀ॥*** ***ਪੰਨਾ - 328***

ਕਹਿੰਦੇ ਚਲੋ ਪੈਦਾ ਤਾਂ ਹੋ ਗਿਆ; ਜੇ ਨਾਮ ਨਹੀਂ ਜਪਿਆ, ਜੇ ਬੰਦਗੀ ਨਹੀਂ ਕਰੀ, ਅਪਰਾਧੀਆ! ਫੇਰ ਤੂੰ ਜੰਮਦਾ ਹੀ ਮਰ ਜਾਂਦਾ ਤਾਂ ਚੰਗਾ ਸੀ, ਇਥੇ ਨਾ ਆਉਂਦਾ -

> ***ਧਾਰਨਾ - ਕਾਹਨੂੰ ਜੰਮਣਾ ਸੀ ਭਗਤੀ ਤੋਂ ਹੀਣਿਆਂ ਵੇ,***
> ***ਕਾਹਨੂੰ ਜੰਮਣਾ -2, 2.***
> ***ਕਾਹਨੂੰ ਜੰਮਣਾ ਸੀ ਭਗਤੀ ਤੋਂ ਹੀਣਿਆਂ ਵੇ,***
> ***ਕਾਹਨੂੰ ਜੰਮਣਾ -2.***

> ***ਜਿਨੀ ਐਸਾ ਹਰਿ ਨਾਮੁ ਨ ਚੇਤਿਓ ਸੇ ਕਾਹੇ ਜਗਿ ਆਏ ਰਾਮ ਰਾਜੇ॥***
> ***ਇਹੁ ਮਾਣਸ ਜਨਮੁ ਦੁਲੰਭੁ ਹੈ ਨਾਮ ਬਿਨਾ ਬਿਰਥਾ ਸਭੁ ਜਾਏ॥***
> ***ਹੁਣਿ ਵਤੈ ਹਰਿ ਨਾਮੁ ਨ ਬੀਜਿਓ ਅਗੈ ਭੁਖਾ ਕਿਆ ਖਾਏ॥***
> ***ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ॥*** ***ਪੰਨਾ - 450***

ਕੈਸਾ ਨਾਮ? ਜੇ ਇਕ ਵਾਰੀ ਵੀ ਜਪ ਲਿਆ ਜਾਵੇ, ਜਮਾਂ ਦੀ ਗਲ ਵਿਚ ਪਈ ਹੋਈ ਫਾਂਸੀ ਉਸੇ ਵੇਲੇ ਟੁੱਟ ਜਾਂਦੀ ਹੈ। ਜੇ ਇਸ ਗੱਲ ਦੀ ਸਾਰੀ ਜ਼ਿੰਦਗੀ ਸਮਝ ਹੀ ਨਹੀਂ ਆਈ, ਕਹਿੰਦੇ ਫੇਰ ਤੇਰੇ ਜੰਮਣ ਦਾ ਕੀ ਫਾਇਦਾ ਸੀ? ਕਾਹਨੂੰ ਮਾਂ ਨੂੰ ਤਕਲੀਫ ਦਿੱਤੀ? ਕਿੰਨਾ ਚਿਰ ਤੈਨੂੰ ਪਾਲਣ ਨੂੰ ਲੱਗਿਆ, ਕਿੰਨੀਆਂ ਤੇਰੇ ਤੇ ਕੁਰਬਾਨੀਆਂ ਕਰੀਆਂ, ਕਿੰਨੇ ਮਾਂ-ਬਾਪ ਦੁਖੀ ਹੋਏ? ਸਭ ਕੁਝ, ਜਾਇਦਾਦਾਂ ਬਣਾਉਂਦੇ ਹਨ ਕਿ ਸਾਡਾ ਪੁੱਤ ਇਸ ਦੇ ਵਿਚ ਸੁਖੀ ਰਹੇ। ਕਹਿੰਦੇ ਜੇ ਬੰਦਗੀ ਨਹੀਂ ਸੀ ਕਰਨੀ ਤਾਂ ਤੇਰੇ ਆਉਣ ਦਾ ਕੀ ਫਾਇਦਾ ਸੀ? ਕੋਈ ਫਾਇਦਾ ਨਹੀਂ ਸੀ। ਜੇ ਪਾਪ ਕਰੇਂਗਾ, ਸ਼ਰਾਬ ਪੀਣ ਲੱਗ ਗਿਆ; ਰਹਿਤਨਾਮੇ 'ਚ ਆਉਂਦਾ ਹੈ ਕਿ -

> ***ਤਨਕ ਤਮਾਕੂ ਸੇਵੀਐ ਦੇਵ ਪਿਤਰ ਤਜਿ ਜਾਇ॥***
> ***ਪਾਣੀ ਤਾ ਕੇ ਹਾਥ ਕਉ ਮਧਰਾ ਸਮ ਅਘਦਾਇ॥***
> ***ਮਦਰਾ ਦਹਤੀ ਸਪਤ ਕੁਲ ਭਾਂਗ ਦਹੈ ਤਨ ਏਕ॥***
> ***ਜਗਤ ਜੂਠ ਸ਼ਤ ਕੁਲ ਦਹੈ ਨਿੰਦਾ ਦਹੈ ਅਨੇਕ॥***

ਸ਼ਰਾਬ ਸੱਤ ਕੁਲਾਂ ਦਾ ਨਾਸ਼ ਕਰ ਦਿੰਦੀ ਹੈ। ਐਸਾ ਪੁੱਤਰ ਪੈਦਾ ਕਰ ਲਿਆ, ਸੱਤ ਕੁਲਾਂ ਦਾ ਫਾਹਾ ਵੱਢ ਲਿਆ ਆਪੇ ਹੀ, ਉਸ ਦੇ ਨਾਲੋਂ ਤਾਂ ਨਾ ਹੀ ਹੁੰਦਾ। ਮਾਂ ਬਾਪ ਨੂੰ ਕੁੱਟਦੇ ਨੇ। ਮਾਂ ਨੂੰ ਕੁਟਦੇ ਨੇ, ਮਾਂ ਨੂੰ ਕੁੱਟਣ ਦਾ, ਮਾਰਨ ਦਾ ਪਾਪ - ਇਕ ਲੱਖ ਹੱਤਿਆ ਕਰ ਦੇਵੇ, ਇਕ ਮਾਂ ਨੂੰ ਮਾਰ ਦੇਵੇ, ਐਡਾ ਪਾਪ ਹੈ। ਕਦੇ ਮੁੜ ਕੇ ਉਸ ਨੂੰ ਮਨੁੱਖ ਜਨਮ ਹੀ ਨਹੀਂ ਮਿਲਦਾ, ਨਰਕਾਂ 'ਚ ਰਹਿੰਦਾ ਹੈ। ਕੀ ਫਾਇਦਾ ਉਸ ਦੇ ਆਉਣ ਦਾ? ਉਹਦੇ ਨਾਲੋਂ ਤਾਂ ਨਾ ਹੀ ਆਉਂਦਾ -

***ਜਿਨੀ ਐਸਾ ਹਰਿ ਨਾਮੁ ਨ ਚੇਤਿਓ***
***ਸੇ ਕਾਹੇ ਜਗਿ ਆਏ ਰਾਮ ਰਾਜੇ॥*** ***ਪੰਨਾ - 450***

ਕਹਿੰਦੇ ਉਸ ਦੇ ਆਉਣ ਦਾ ਕੀ ਫਾਇਦਾ? ਉਸ ਨੇ ਤਾਂ ਪਾਪ ਬੰਨ੍ਹ ਲਏ। ਜੇ ਤੰਬਾਕੂ ਖਾਂਦਾ ਹੈ, ਜ਼ਰਦਾ ਖਾਂਦਾ ਹੈ ਤਾਂ ਰਖਸ਼ਕ, ਰੱਖਿਆ ਕਰਨ ਵਾਲੇ ਦੇਵਤੇ, ਬਜ਼ੁਰਗ ਜੋ ਸਵਰਗਾਂ 'ਚ ਬੈਠੇ ਕਹਿੰਦੇ ਸੀ ਕਿ ਸਾਡਾ ਪੜੋਤਾ, ਸਾਡਾ ਪੋਤਾ, ਇਸ ਦਾ ਕੰਮ ਵਧੇ, ਵਿਘਨਾਂ ਤੋਂ ਰੱਖਦੇ ਸੀ। ਇਹ ਐਵੇਂ ਨਹੀਂ ਮੈਂ ਗੱਲ ਕਰਦਾ। ਮੈਂ ਇੰਗਲੈਂਡ 'ਚ ਦੇਖੀ ਹੈ ਇਹ ਗੱਲ। ਉਥੇ ਸਾਡੀ ਲੜਕੀ ਦਾ ਕਾਰੋਬਾਰ ਚਲਦਾ ਸੀ। ਉਹ ਪੁਛਣ ਚਲੀ ਗਈ ਮੇਮ ਨੂੰ - Mrs. Vinter ਸੀ ਉਸ ਦਾ ਨਾਉਂ। ਸਮਾਂ ਲੈ ਲਿਆ, ਦੋ-ਦੋ ਮਹੀਨੇ ਬਾਅਦ ਸਮਾਂ ਮਿਲਦਾ ਹੈ। ਉਥੇ ਜਦੋਂ ਗਏ, ਉਹ ਕਹਿਣ ਲੱਗੀ ਕਿ ਰੂਹ ਆ ਰਹੀ ਹੈ ਸਾਹਮਣੇ, ਹੇਠਲੇ ਸਵਰਗ ਵਿਚ ਵਸਦੀ ਹੈ। ਲੜਕੀ ਕਹਿੰਦੀ ਕਿ ਕੀ ਨਿਸ਼ਾਨੀ ਹੈ? ਉਹ ਕਹਿੰਦੀ, ਮੈਨੂੰ ਇਹ ਦੱਸ ਰਹੀ ਹੈ ਕਿ ਇਹਨੂੰ ਇਹ ਨਿਸ਼ਾਨੀ ਦੇਹ ਕਿ 1966 ਵਿਚ ਜਦੋਂ ਇਸ ਦੀ ਦਾਦੀ ਮਰੀ ਸੀ ਤਾਂ ਮੈਂ ਸਾਰੀ ਹੀ ਚਿੱਠੀ ਕਵਿਤਾ ਵਿਚ ਲਿਖੀ ਸੀ - ਉਸੇ ਵੇਲੇ ਸਮਝ ਗਈ ਕਿ ਮੈਨੂੰ ਤਾਂ ਫਲਾਣੇ ਨੇ ਚਿਠੀ ਲਿਖੀ ਸੀ ਸਾਡੇ ਰਿਸ਼ਤੇਦਾਰ ਨੇ। ਫੇਰ ਉਦੋਂ ਹੀ ਕਹਿਣ ਲੱਗੀ ਕਿ ਉਸ ਤੋਂ ਬਹੁਤ ਉਚੀ ਇਕ ਹੋਰ ਰੂਹ ਹੈ, ਉਹ ਬੀਬੀ ਦੀ ਹੈ ਤੇ ਉਹ ਕਹਿੰਦੀ ਹੈ ਕਿ ਮੈਂ ਇਸ ਦੀ ਮਾਂ ਦੀ ਮਾਂ ਹਾਂ ਤੇ ਇਸ ਨੂੰ ਕਹਿ ਦਿਓ ਕਿ ਇਹ ਫਿਕਰ ਨਾ ਕਰੇ, ਇਸ ਦਾ ਕਾਰੋਬਾਰ ਬਹੁਤ ਵਧੀਆ ਚਲੇਗਾ, ਇਸ ਨੇ ਫੈਕਟਰੀ ਲਾਉਣੀ ਹੈ। ਥੋੜ੍ਹੇ ਦਿਨਾਂ ਬਾਅਦ ਹੀ ਲਾ ਲਈ ਫੇਰ।

ਉਹ ਰੂਹਾਂ ਗੰਧਰਵ ਲੋਕ ਵਿਚ, ਦੇਵ ਗੰਧਰਵ ਵਿਚ, ਸਵਰਗ ਵਿਚ, ਪਿੱਤਰ ਲੋਕ ਵਿਚ, ਇੰਦਰ ਲੋਕ ਵਿਚ, ਪਰਜਾਪਤਿ ਲੋਕ, ਕਰਮ ਦੇਵ ਲੋਕ, ਅਜਾਨਦੇਵ ਲੋਕ, ਬ੍ਰਹਮ ਲੋਕ, ਸ਼ਿਵ ਲੋਕ, ਬੈਕੁੰਠ ਧਾਮ, ਸਚਖੰਡ - ਉਥੇ ਤੱਕ ਬੈਠੀਆਂ ਮਦਦ ਕਰਦੀਆਂ ਨੇ ਕਿਉਂਕਿ ਖ਼ੂਨ ਦਾ ਸਬੰਧ ਹੁੰਦਾ ਹੈ, ਖ਼ੂਨ ਦਾ ਸਬੰਧ ਟੁੱਟਿਆ ਨਹੀਂ ਕਰਦਾ, ਦਰਗਾਹ ਵਿਚ ਜਾ ਕੇ ਵੀ ਨਾਲ ਜੁੜਿਆ ਰਹਿੰਦਾ ਹੈ। ਜਿਹੜੇ ਭੂਤ ਪ੍ਰੇਤ ਹੁੰਦੇ ਨੇ ਉਹ ਵੀ ਉਸੇ ਘਰ ਦੇ ਦੁਆਲੇ ਘੁੰਮਣ ਲੱਗ ਜਾਂਦੇ ਨੇ। ਉਨ੍ਹਾਂ ਨੂੰ ਸਮਝਦਾ ਨਹੀਂ। ਉਹ ਫੇਰ ਪਹਿਲਾਂ ਪਸ਼ੂ ਮਾਰਦੇ ਨੇ, ਫੇਰ ਬਿਮਾਰ ਕਰਦੇ ਨੇ ਨਿਆਣੇ (ਬੱਚੇ), ਫੇਰ ਮਾਰਨ ਲੱਗ ਜਾਂਦੇ ਨੇ। ਉਹ ਤਾਂ ਹਨ ਕ੍ਰੂਰ, ਮਾੜੇ ਨੇ। ਜਿਹੜੇ ਦੇਵ ਜੂਨੀਆਂ ਵਿਚ ਜਾਂਦੇ ਨੇ, ਉਹ ਮਦਦ ਕਰਦੇ ਨੇ ਪਰ ਜੇ ਤੰਬਾਕੂ ਪੀ ਲਵੇ ਕੋਈ ਬੰਦਾ -

***ਤਨਕ ਤਮਾਕੂ ਸੇਵੀਐ ਦੇਵ ਪਿਤਰ ਤਜਿ ਜਾਇ॥***

ਦੇਵਤੇ ਵੀ ਛਡ ਜਾਂਦੇ ਨੇ, ਪਿਤਰ ਵੀ ਛਡ ਜਾਂਦੇ ਨੇ -

***ਪਾਣੀ ਤਾ ਕੇ ਹਾਥ ਕਉ ਮਧਰਾ ਸਮ ਅਘਦਾਇ॥***

ਜਿਹੜਾ ਉਸ ਦੇ ਹੱਥ ਦਾ ਪਾਣੀ ਪੀਣਾ ਹੈ, ਸ਼ਰਾਬ ਪੀਣ ਜਿੰਨਾ ਦੋਸ਼ ਲਗਦਾ ਹੈ। ਸ਼ਰਾਬ ਦਾ ਦੋਸ਼ ਕਿੰਨਾ ਹੈ? ਕਹਿੰਦੇ-

***ਮਦਰਾ ਦਹਤੀ ਸਪਤ ਕੁਲ ਭਾਂਗ ਦਹੈ ਤਨ ਏਕ॥***

ਸੱਤ ਕੁਲਾਂ ਦਾ ਨਾਸ਼ ਕਰਦੀ ਹੈ -

***ਜਗਤ ਜੂਠ ਸ਼ਤ ਕੁਲ ਦਹੈ ਨਿੰਦਾ ਦਹੈ ਅਨੇਕ॥***

100 ਕੁਲ ਦਾ ਨਾਸ਼ ਤੰਬਾਕੂ ਪੀਣ ਵਾਲਾ ਕਰਦਾ ਹੈ -

ਹੁਣ ਤਾਂ ਟੀ.ਵੀ. ਤੇ ਤੰਬਾਕੂ ਦਾ ਦੇਖੋ ਕਿੰਨਾ ਜੋਰ ਨਾਲ ਆ ਰਿਹਾ ਹੈ ਕਿ ਪੀਣ ਵਾਲਿਆਂ ਨਾਲੋਂ ਜਿਹੜੇ ਧੂਆਂ ਲੈਂਦੇ ਨੇ, ਉਨ੍ਹਾਂ ਦਾ ਬਹੁਤਾ ਨੁਕਸਾਨ ਹੁੰਦਾ ਹੈ। ਉਹ ਵੀ ਮਰਦੇ ਨੇ, ਉਹ ਵੀ ਮਰਦੇ ਨੇ। ਅਮਰੀਕਾ ਵਿਚ ਤਾਂ ਬੰਦ ਕਰ ਦਿੱਤਾ, ਚਲਣ ਹੀ ਨਹੀਂ ਦਿੰਦੇ। ਹੁਣ ਆਹ ਸਾਡੇ ਰੌਲਾ ਪੈਣ ਲੱਗਿਆ ਹੈ। ਪਹਿਲਾਂ ਜਦੋਂ ਸਿੰਘ ਕਹਿੰਦੇ ਸੀ ਕਿ ਤੰਬਾਕੂ ਨਾ ਪੀਓ, ਨਾ ਪੀਓ, ਅੰਮ੍ਰਿਤਸਰ 'ਚ ਅਸੀਂ ਨਹੀਂ ਪੀਣ ਦੇਣਾ, ਇਥੇ ਸਾਡੇ ਭਰਾ ਆਉਂਦੇ ਨੇ ਦਰਸ਼ਨ ਕਰਨ ਵਾਸਤੇ, ਹਜ਼ਾਰਾਂ ਸੰਗਤਾਂ ਆਉਂਦੀਆਂ ਨੇ, ਤੁਸੀਂ ਧੂੰਆਂ ਦਿੰਦੇ ਹੋ, ਇਹ ਵਾਤਾਵਰਨ ਤੁਸੀਂ ਗਲਤ ਕਰ ਦਿੱਤਾ ਤੇ ਤੁਸੀਂ ਇਥੇ ਤੰਬਾਕੂ ਨਾ ਵਰਤੋ। ਸਾਡੇ ਅਖਬਾਰ ਲਿਖਦੇ ਸੀ, ਲਓ ਜੀ! ਜੇ ਸਿੱਖਾਂ ਦਾ ਜੋਰ ਚਲ ਗਿਆ, ਇਹ ਤੰਬਾਕੂ ਬੰਦ ਕਰ ਦੇਣਗੇ। ਹੁਣ ਇਨ੍ਹਾਂ ਨੂੰ ਪੁਛੋ ਕਿ ਤੁਸੀਂ ਕਿਉਂ ਬੰਦ ਕਰਦੇ ਹੋ? ਜਦੋਂ ਕੈਂਸਰ ਨਾਲ ਮਰਨ ਲੱਗੇ, ਫੇਰ ਆਪੇ ਹੀ ਕਹਿੰਦੇ ਨੇ ਜੀ ਤੰਬਾਕੂ ਬੰਦ ਕਰੋ, ਰੋਜ਼ ਕਹਿੰਦੇ ਨੇ। ਪਹਿਲਾਂ ਤੁਸੀਂ ਵਧਾ ਲਿਆ, ਬੀੜੀਆਂ ਹੀ ਬੀੜੀਆਂ ਪੀ ਲਈਆਂ। ਜਦੋਂ ਖ਼ਾਤਮਾ ਹੋਣ ਲੱਗਿਆ, ਹੁਣ ਕਹਿੰਦੇ ਬੰਦ ਕਰੋ। ਗੁਰੂ ਸਾਹਿਬ ਨੇ 500 ਸਾਲ ਪਹਿਲਾਂ ਕਿਹਾ ਸੀ; ਜੇ ਉਦੋਂ ਹੀ ਮੰਨ ਲੈਂਦੇ? ਇਕ ਤਾਂ ਇਹ ਕੁਲਾਂ ਦਾ ਨਾਸ਼ ਕਰਦਾ ਹੈ, ਦੂਜਾ ਸਰੀਰ ਦਾ ਨਾਸ਼ ਤਾਂ ਇਸ ਨੇ ਕਰਨਾ ਹੀ ਹੈ। ਇਕ ਇਹ ਰਕਤ ਨਾੜੀਆਂ ਵਿਚ ਜਾਂਦਾ ਹੈ, ਜਿਹੜਾ ਉਸ ਦਾ ਪੁੱਤਰ ਹੋਏਗਾ, ਉਹ ਰੋਗੀ ਪੈਦਾ ਹੋਏਗਾ - ਤੰਬਾਕੂ ਖਾਣ ਵਾਲੇ ਦਾ, ਕੈਂਸਰ ਹੋਏਗਾ ਉਸ ਨੂੰ, ਜੇ ਉਸ ਨੂੰ ਨਹੀਂ ਹੋਏਗਾ, ਉਸ ਦੇ ਪੋਤਰੇ ਨੂੰ ਹੋ ਜਾਏਗਾ। ਇਹ ਦਸਵੀਂ ਪੁਸ਼ਤ ਤੇ ਜਾ ਕੇ ਖਾਨਦਾਨ ਦਾ ਢਾਂਚਾ ਬਦਲਾਅ ਦੇਵੇਗਾ। ਨਹੀਂ ਤਾਂ ਦਸਵੀਂ ਪੁਸ਼ਤ ਜਿਹੜੀ ਹੁੰਦੀ ਹੈ, ਜਿਹੋ ਜਿਹਾ ਦਸਵਾਂ ਬਾਬਾ, ਉਹੋ ਜਿਹਾ ਹੀ ਸਰੂਪ ਦਸਵੇਂ ਪੋਤਰੇ ਦਾ ਹੋਇਆ ਕਰਦਾ ਹੈ। ਇਸ ਨੂੰ gene ਕਹਿੰਦੇ ਨੇ, gene ਵਿਗੜ ਜਾਂਦਾ ਹੈ ਤੰਬਾਕੂ ਦੇ ਨਾਲ। ਕਹਿੰਦੇ ਫੇਰ ਇਹੋ ਜਿਹੇ ਪੁੱਤਰ ਨੂੰ ਕੀ ਕਰਨਾ ਸੀ ਜਿਸ ਨੇ ਖਾਨਦਾਨ ਵੀ ਬਦਲ ਦਿੱਤਾ, ਬਜ਼ੁਰਗਾਂ ਨੂੰ ਵੀ ਗੁਨਹਗਾਰ ਬਣਾ ਦਿੱਤਾ, ਨਰਕਾਂ ਵਿਚ ਸੁੱਟ ਦਿਤਾ। ਮਹਾਰਾਜ ਕਹਿੰਦੇ ਇਹ ਆਉਣਾ ਹੀ ਨਹੀਂ ਸੀ ਚਾਹੀਦਾ -

*ਜਿਨੀ ਐਸਾ ਹਰਿ ਨਾਮੁ ਨ ਚੇਤਿਓ*
*ਸੇ ਕਾਹੇ ਜਗਿ ਆਏ ਰਾਮ ਰਾਜੇ॥* *ਪੰਨਾ - 450*

ਕਾਹਨੂੰ ਜੰਮਣਾ ਸੀ ਇਨ੍ਹਾਂ ਨੇ -

*ਇਹੁ ਮਾਣਸ ਜਨਮੁ ਦੁਲੰਭੁ ਹੈ ਨਾਮ ਬਿਨਾ ਬਿਰਥਾ ਸਭੁ ਜਾਏ॥*
*ਹੁਣਿ ਵਤੈ ਹਰਿ ਨਾਮੁ ਨ ਬੀਜਿਓ ਅਗੈ ਭੁਖਾ ਕਿਆ ਖਾਏ॥*
*ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ॥*
*ਪੰਨਾ - 450*

ਜੋ ਗੁਰਬਾਣੀ ਹੈ ਸਾਧ ਸੰਗਤਿ ਜੀ! ਇਹ ਧੁਰ ਦੀ ਬਾਣੀ ਹੈ - ਅਕਾਲ ਪੁਰਖ ਦੀ, ਇਹੀ ਗੁਰੂ ਹੈ। ਗੁਰੂ ਜਿਹੜੇ ਗੁਰੂ ਨਾਨਕ ਸਾਹਿਬ ਸੀ, ਪੰਜ ਭੂਤਕ ਚੋਲਾ ਬਹੁਤ ਸੋਹਣਾ ਦੇਖਣ ਨੂੰ ਲਗਦਾ ਸੀ, ਉਹ ਸ਼ਬਦ ਕਰਕੇ ਸੀ, ਸ਼ਬਦ ਸੀ ਉਨ੍ਹਾਂ ਦੇ ਅੰਦਰ। ਸੋ ਮਹਾਰਾਜ ਕਹਿੰਦੇ, ਜਿਹੜੀ ਬਾਣੀ ਹੈ ਇਸ ਨੂੰ ਤੂੰ ਗੁਰੂ ਰੂਪ ਕਰਕੇ ਮੰਨ ਲੈ। ਇਸ ਤਰ੍ਹਾਂ ਨਾਲ ਸਾਨੂੰ ਸਲਾਹ ਦਿੰਦੇ ਨੇ -

*ਧਾਰਨਾ - ਮੰਨ ਲੈ ਪਿਆਰਿਆ,*
*ਇਹੋ ਬਾਣੀ ਗੁਰੂ ਰੂਪ ਹੈ -2, 2.*
*ਬਾਣੀ ਗੁਰੂ ਰੂਪ ਹੈ, ਬਾਣੀ ਗੁਰੂ ਰੂਪ ਹੈ -2, 2.*
*ਮੰਨ ਲੈ ਪਿਆਰਿਆ, ........... -2.*

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥*
*ਗੁਰ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥*
*ਪੰਨਾ - 982*

ਜਦੋਂ ਬਾਣੀ ਮੰਨਣੀ ਹੀ ਨਹੀਂ ਹੈ, ਬਾਣੀ ਦਾ ਅਦਬ ਹੀ ਨਹੀਂ ਕਰਨਾ, ਸਤਿਕਾਰ ਨਹੀਂ

ਕਰਨਾ ਫੇਰ ਤਾਂ ਬੜੀ ਮੁਸ਼ਕਲ ਗੱਲ ਹੋ ਜਾਂਦੀ ਹੈ, ਨਿਸਤਾਰਾ ਹੋਇਆ ਨਹੀਂ ਕਰਦਾ। ਕਈ ਪ੍ਰੇਮੀਆਂ ਦਾ ਖਿਆਲ ਹੁੰਦਾ ਹੈ ਕਿ ਗੁਰੂ ਜਿਹੜਾ ਹੈ ਉਹ ਦੇਹਧਾਰੀ ਹੋਣਾ ਚਾਹੀਦਾ ਹੈ, ਠੀਕ ਹੈ ਆਪਣਾ-ਆਪਣਾ ਖਿਆਲ ਹੈ, ਸਾਡੇ ਤਾਂ ਜੋ ਗੁਰੂ ਦਸਮੇਸ਼ ਪਿਤਾ ਨੇ - ਜਿਹੜੀ ਜੋਤ ਸੀ ਗੁਰੂ ਨਾਨਕ ਪਾਤਸ਼ਾਹ ਦੀ, ਗੁਰੂ ਅੰਗਦ ਸਾਹਿਬ, ਗੁਰੂ ਅਮਰ ਦਾਸ ਜੀ, ਗੁਰੂ ਰਾਮ ਦਾਸ ਜੀ ਵਿਚ, ਗੁਰੂ ਅਰਜਨ ਸਾਹਿਬ ਵਿਚ, ਗੁਰੂ ਹਰਗੋਬਿੰਦ ਸਾਹਿਬ, ਗੁਰੂ ਹਰਿ ਰਾਇ ਸਾਹਿਬ, ਗੁਰੂ ਹਰਿ ਕ੍ਰਿਸ਼ਨ ਮਹਾਰਾਜ, ਗੁਰੂ ਤੇਗ ਬਹਾਦਰ ਸਾਹਿਬ, ਗੁਰੂ ਗੋਬਿੰਦ ਸਿੰਘ ਜੀ ਵਿਚ ਤੇ ਓਹੀ ਜੋਤ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਵੇਸ਼ ਕਰ ਗਈ। ਹੁਣ ਇਸ ਬਾਣੀ ਨੇ ਸਾਡਾ ਉਧਾਰ ਕਰਨਾ ਹੈ। ਜਦੋਂ ਤੱਕ ਅਸੀਂ ਮੰਨਦੇ ਨਹੀਂ ਹਾਂ, ਸਾਨੂੰ ਪਤਾ ਨਹੀਂ ਲਗਦਾ ਓਨਾਂ ਚਿਰ। ਦਸੇਗਾ ਕੌਣ? ਇਹ ਸੰਤਾਂ ਦਾ ਫਰਜ਼ ਹੁੰਦਾ ਹੈ -

***ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ॥***
***ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ॥*** ***ਪੰਨਾ - 1373***

ਸੰਤ ਗੁਰੂ ਬਣਨ ਵਾਸਤੇ ਨਹੀਂ ਹੁੰਦੇ, ਸੰਤ ਨਾਮ ਜਪਾਉਂਦੇ ਨੇ ਪਰ ਜੇ ਸੰਤਾਂ ਨਾਲ ਪਿਆਰ ਹੋਵੇ, ਹਿਰਦੇ 'ਚ ਸਤਿਕਾਰ ਹੋਵੇ, ਫੇਰ ਛੇਤੀ ਲੰਘ ਜਾਂਦਾ ਹੈ; ਜੇ ਨਾ ਹੋਵੇ, ਫੇਰ ਰੁਕ ਜਾਂਦਾ ਹੈ। ਸੋ ਇਸ ਕਰਕੇ ਬਾਣੀ ਪੜ੍ਹਨ ਦਾ ਤਰੀਕਾ ਹੁੰਦਾ ਹੈ। ਅਨੁਭਵੀ ਮਹਾਂਪੁਰਸ਼ ਦਸਦੇ ਨੇ ਕਿ -

***ਪਵਿਤ੍ਰ, ਮਨ ਤਨ, ਮੌਨ ਬਾਣੀ ਸੰਤੋਖ ਹਾਜਰ ਜਾਨਿ।***
***ਇਕਾਂਤ ਹੰ ਕਾਮ ਤਿਆਗੇ, ਨਿਸਚਾ ਅਭਿਆਸਿ ਠਾਨਿ।***

ਕਿੰਨੀਆਂ ਹੀ ਗੱਲਾਂ ਕਹਿ ਗਏ ਇਸ ਦੇ ਵਿਚ। ਕਹਿੰਦੇ ਜੇ ਬਾਣੀ ਪੜ੍ਹਨੀ ਹੈ, ਪਹਿਲਾਂ ਤਾਂ ਇਹ ਹੈ ਕਿ ਚਿਤ ਜਿਹੜਾ ਹੈ ਇਹ ਜਾਪ ਦੇ ਅਰਥ ਵਿਚ ਲੱਗਿਆ ਰਹੇ, ਜੁੜਿਆ ਰਹੇ। ਫੇਰ ਦੂਜੀ ਗੱਲ ਹੈ ਕਿ ਜੇ ਸਿਮਰਨ ਕਰਦਾ ਹੈ, ਥੋੜ੍ਹਾ ਜਿਹਾ ਅਨੰਦ ਆਉਂਦਾ ਹੈ, ਗੱਲਾਂ ਨਾ ਕਰੇ ਕਿ ਮੈਨੂੰ ਆਹ ਅਨੰਦ ਆਉਂਦਾ ਹੈ, ਮੈਨੂੰ ਆਹ ਰੌਸ਼ਨੀ ਦਿਸ ਗਈ, ਮੈਨੂੰ ਅਨਹਦ ਸੁਣ ਗਿਆ। ਇਸ ਨੂੰ ਗੁਪਤ ਰਖੇ, ਫੇਰ ਪਵਿੱਤਰਤਾ ਧਾਰੇ। ਪਵਿੱਤ੍ਰਤਾ ਕਿੰਨੀ ਕਿਸਮ ਦੀ ਹੁੰਦੀ ਹੈ - ਪਹਿਲਾਂ ਤਾਂ ਘਰ ਪਵਿੱਤਰ ਹੋਣਾ ਚਾਹੀਦਾ ਹੈ, ਗੰਦੇ-ਮੰਦੇ ਘਰ ਵਿਚ ਨਹੀਂ ਕਿ ਮੱਖੀਆਂ ਹੀ ਭਿਣ-ਭਿਣ ਕਰੀ ਜਾਣ; ਨਾਮ ਕਿਵੇਂ ਜਪ ਲਏਗਾ? ਸਾਫ-ਸੁਥਰਾ ਰਖੋ - 'ਸਫਾਈ ਦੂਸਰੀ ਖੁਦਾਈ ਹੈ। ਜਿਥੇ ਸਫਾਈ ਹੈ ਉਥੇ ਰੱਬ ਹੈ।

ਦੂਸਰਾ ਹੈ ਫੇਰ ਆਪਣੇ ਬਸਤ੍ਰ ਸਾਫ ਰੱਖਣੇ, ਤੀਸਰਾ ਹੈ ਆਪਣੇ ਸਰੀਰ ਨੂੰ ਸਾਫ ਸੁਥਰਾ, ਕੇਸਾਂ ਨੂੰ ਸਾਫ ਸੁਥਰਾ ਰੱਖਣਾ। ਫੇਰ ਇਸ ਤੋਂ ਬਾਅਦ ਹੁੰਦਾ ਹੈ ਮਨ ਨੂੰ ਪਵਿੱਤਰ ਰੱਖਣਾ। ਮਨ ਦੇ ਵਿਚ ਮੈਲ ਹੁੰਦੀ ਹੈ ਧਿਆਨ ਨਾਲ ਸੁਣਿਓ। ਹਿੰਸਾ - ਦੂਸਰੇ ਦਾ ਨੁਕਸਾਨ ਕਰਨਾ ਤੇ ਸੋਚਦੇ ਰਹਿਣਾ, ਇਹ ਮੈਲ ਲਗਦੀ ਹੈ। ਝੂਠ ਨਾਲ ਮੈਲ ਲਗਦੀ ਹੈ, ਚੋਰੀ ਨਾਲ ਮੈਲ ਲਗਦੀ ਹੈ, ਯਾਰੀ ਨਾਲ ਮੈਲ ਲਗਦੀ ਹੈ। ਈਰਖਾ ਨਾਲ ਇਸ ਦੀ ਵੀ ਮੈਲ ਲਗਦੀ ਹੈ, ਨਿੰਦਿਆ, ਬਖੀਲੀ, ਤ੍ਰਿਸ਼ਨਾ, ਰਾਗ, ਦ੍ਵੈਸ਼, ਪਾਖੰਡ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਰਾਜ, ਰੂਪ, ਜਾਤ, ਜੋਬਨ ਇਹ ਪੰਜ ਠੱਗ ਨੇ - ਇਨ੍ਹਾਂ ਦਾ ਅਭਿਮਾਨ; ਸ਼ਬਦ, ਸਪਰਸ਼, ਰੂਪ, ਰਸ, ਗੰਧ ਇਹ ਵਿਸ਼ੇ ਨੇ, ਵਾਸ਼ਨਾਵਾਂ ਬੇਅੰਤ ਕਿਸਮ ਦੀਆਂ ਨੇ। ਹਰ ਵਕਤ ਵਾਸ਼ਨਾ ਕਰਨਾ ਕਿ ਪੁੱਤਰ ਨਹੀਂ ਹੈ ਮੇਰੇ ਪੁੱਤਰ ਹੋ ਜਾਵੇ; ਮੇਰਾ ਕੰਮ ਬਣ ਜਾਵੇ, ਇਹ ਮੈਲ ਲਗਦੀ ਹੈ। ਇਹ ਮੈਲ ਕਿੰਨੀ ਹੋ ਜਾਂਦੀ ਹੈ, ਮਹਾਰਾਜ ਕਹਿੰਦੇ -

***ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ॥***
***ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ॥***
***ਪੰਨਾ - 651***

ਕਿੰਨੀ ਮੈਲ ਲਾ ਲਈ? ਕਹਿੰਦੇ ਸਰੀਰ ਤੇ ਮੈਲ ਨਾਲ ਬਹੁਤਾ ਫਰਕ ਨਹੀਂ ਪੈਂਦਾ, ਮਨ ਦੀ ਮੈਲ ਨਾਲ ਪੈਂਦਾ ਹੈ। ਪ੍ਰੇਮੀਆਂ! ਮਨ ਦੀ ਮੈਲ ਲਾਹੁਣ ਲਈ ਸਾਬਣ ਲੈ ਲੈ ਗੁਰੂ ਤੋਂ। ਸਾਬਣ ਵੀ ਮਿਲਦਾ ਹੈ? ਕਹਿੰਦੇ ਹਾਂ -

***ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥***

***ਪੰਨਾ - 4***

ਪਿਆਰ ਨਾਲ ਨਾਮ ਜਪੋ, ਪਿਆਰ ਨਾਲ ਬਾਣੀ ਪੜ੍ਹੋ, ਉਸ ਦੇ ਨਾਲ ਇਹ ਮੈਲ ਧੋ ਹੋ ਜਾਂਦੀ ਹੈ। ਸੋ ਇਸ ਤਰ੍ਹਾਂ ਮਨ ਨੂੰ ਪਵਿਤਰ ਕਰਨਾ ਹੈ।

ਫੇਰ ਹੁੰਦਾ ਹੈ ਤਨ ਨੂੰ ਪਵਿੱਤਰ ਕਰਨਾ। ਉਹ ਤੁਸੀਂ ਸਾਰੇ ਹੀ ਜਾਣਦੇ ਹੋ। ਸਰੀਰ ਨੂੰ ਸਾਫ ਸੁਥਰਾ ਰਖਣਾ, ਦੋ ਵੇਲੇ, ਤਿੰਨ ਵੇਲੇ ਜਿਵੇਂ ਵੀ ਮੌਕਾ ਮਿਲਦਾ ਹੈ, ਇਸ਼ਨਾਨ ਕਰੇ। ਅੰਮ੍ਰਿਤ ਵੇਲੇ ਉਠ ਕੇ ਪਹਿਲਾਂ ਇਸ਼ਨਾਨ ਕਰੇ। ਸਾਡੇ ਇਕ ਪ੍ਰੇਮੀ ਆ ਗਿਆ। ਮੈਂ ਕਿਹਾ, "ਇਸ਼ਨਾਨ ਕਰੇਂਗਾ?"

ਕਹਿੰਦਾ, "ਜੀ! ਮੈਨੂੰ ਦੋ ਵਜੇ ਜਗਾ ਦਿਓ।"

ਮੈਂ ਕਿਹਾ, "ਇਸ਼ਨਾਨ ਕਰੇਂਗਾ?"

ਕਹਿੰਦਾ, "ਇਸ਼ਨਾਨ ਤਾਂ ਨਹੀਂ, ਮੈਂ ਵੈਸੇ ਹੀ ਭਜਨ ਕਰਾਂਗਾ।"

ਮੈਂ ਕਿਹਾ, "ਸਾਡੇ ਤਾਂ ਗੁਰੂ ਮਹਾਰਾਜ ਇਹ ਕਹਿੰਦੇ ਨੇ ਕਿ ਇਸ਼ਨਾਨ ਜ਼ਰੂਰ ਕਰਨਾ ਚਾਹੀਦਾ ਹੈ।"

***ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ॥***
***ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥***

***ਪੰਨਾ - 146***

ਉਨ੍ਹਾਂ ਦੀ ਖੂਹਾਂ ਨਾਲ, ਦਰਿਆਵਾਂ ਨਾਲ, ਨਦੀਆਂ ਨਾਲ, ਨਲਕਿਆਂ ਨਾਲ ਦੋਸਤੀ ਹੈ ਕਿਉਂਕਿ ਉਨ੍ਹਾਂ ਨੇ ਉਠ ਕੇ ਇਸ਼ਨਾਨ ਕਰਨਾ ਹੈ। ਸੋ ਤਨ ਦਾ ਇਸ਼ਨਾਨ ਕਰਾਉਣਾ ਹੈ।

ਫੇਰ ਹੁੰਦਾ ਹੈ ਮੌਨ (ਚੁਪ ਕਰਨਾ)। ਬਾਣੀ ਪੜ੍ਹਦਾ ਹੈ ਤਾਂ ਗੱਲਾਂ ਨਾ ਮਾਰੇ, ਗੱਪਾਂ ਨਾ ਮਾਰੇ। ਕਈ ਤਾਂ ਬਾਣੀ ਪੜ੍ਹਦੇ ਵਿਚ ਹੀ ਹਾਕਾਂ (ਅਵਾਜ਼ਾਂ) ਮਾਰੀ ਜਾਂਦੇ ਨੇ। ਇਕ ਨੇ ਮੈਨੂੰ ਦੱਸਿਆ, ਕਹਿੰਦਾ, "ਜੀ! ਪਿਤਾ ਜੀ ਬਾਣੀ ਪੜ੍ਹਦੇ ਹਨ ਪਰ ਉਨ੍ਹਾਂ ਨੂੰ ਥੋੜ੍ਹਾ ਜਿਹਾ ਸਮਝਾਓ।"

ਮੈਂ ਕਿਹਾ, "ਕਿਉਂ?"

ਕਹਿੰਦਾ, "ਧੜੀ-ਧੜੀ ਦੀਆਂ ਗਾਲ੍ਹਾਂ ਕੱਢਦੇ ਨੇ ਸਾਨੂੰ। ਵਿਚ ਹੀ ਗੁਟਕਾ ਫੜਿਆ ਹੁੰਦਾ ਹੈ, ਮਾਂ ਭੈਣ ਤੋਂ ਥੱਲੇ ਗਾਲ੍ਹ ਕਢਦੇ ਹੀ ਨਹੀਂ।"

ਕਹਿੰਦਾ, "ਅਸੀਂ ਕਿਹਾ, ਗੁਟਕੇ ਦੇ ਉਤੇ ਹੀ ਤੂੰ ਗਾਲਾਂ ਕੱਢ ਜਾਂਦਾ ਹੈਂ ਬਾਪੂ।"

ਇਹ ਤਾਂ ਹੁੰਦਾ ਹੈ ਕਿਉਂਕਿ ਬਾਣੀ ਦੀ ਪਵਿੱਤਰਤਾ ਨਹੀਂ ਅਸੀਂ ਰਖਦੇ, ਮੌਨ ਨਹੀਂ ਰੱਖਦੇ।

ਫੇਰ ਹੁੰਦਾ ਹੈ ਮੌਨ ਬਾਣੀ - ਮਨ ਦੇ ਅੰਦਰ ਫੁਰਨਾ ਨਹੀਂ ਉਠਣ ਦਿੰਦੇ। ਫੇਰ ਹੁੰਦਾ ਹੈ ਮਨ ਦੇ ਅੰਦਰ ਸੰਤੋਖ ਧਾਰਨ ਕਰਨਾ - ਅੱਖਾਂ ਦਾ ਸੰਤੋਖ ਹੁੰਦਾ ਹੈ -

***ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ॥*** ***ਪੰਨਾ - 274***

ਕੰਨਾਂ ਦਾ ਹੁੰਦਾ ਹੈ -

***ਕਰਨ ਨ ਸੁਨੈ ਕਾਹੂ ਕੀ ਨਿੰਦਾ॥*** ***ਪੰਨਾ - 274***

ਹੱਥਾਂ ਦਾ ਹੁੰਦਾ ਹੈ -

ਮਾੜੇ ਕੰਮ ਵਲ ਨੂੰ ਹੱਥ ਨਾ ਵਧਣ; ਸੇਵਾ ਕਰਨ, ਫੇਰ ਹੱਥ ਪਵਿੱਤਰ ਹੁੰਦੇ ਹਨ। ਫੇਰ ਹੁੰਦਾ ਹੈ ਪੈਰਾਂ ਦਾ ਸੰਤੋਖ - ਚੱਲ ਕੇ ਤੁਸੀਂ ਸਤਿਸੰਗ 'ਚ ਆਏ ਹੋ, ਇਹ ਸੰਤੋਖ ਨੇ ਕੰਮ ਕਰਿਆ ਹੈ; ਜੇ ਨਾ ਆਉਂਦੇ, ਫੇਰ ਇਹ ਪਾਪ ਬਣ ਜਾਂਦਾ।

ਉਸ ਤੋਂ ਬਾਅਦ ਹੁੰਦਾ ਹੈ ਜਦੋਂ ਪਾਠ ਕਰਨ ਬੈਠੇ, ਪਹਿਲਾਂ ਇਹ ਦੇਖੋ ਕਿ ਗੁਰੂ ਨਾਨਕ ਸਾਹਿਬ ਮੇਰੇ ਨਾਲ ਨੇ, ਉਨ੍ਹਾਂ ਨੇ ਬਚਨ ਕਰਿਆ ਹੋਇਆ ਹੈ ਕਿ ਜਿਥੇ ਕੋਈ ਬਾਣੀ ਪੜ੍ਹੇਗਾ ਮੈਂ ਨਾਲ ਹੋਵਾਂਗਾ; ਇਹ ਗੱਲ ਤਾਂ ਮੰਨ ਲਓ। ਜੇ ਇਕ ਮੇਰੀ ਆਹ ਬੇਨਤੀ ਮੰਨ ਲਓ ਤਾਂ ਬਹੁਤ ਤਰੱਕੀ ਹੋ ਜਾਵੇ। ਪਹਿਲਾਂ ਇਹ ਦੇਖੋ ਕਿ ਗੁਰੂ ਸਾਹਿਬ ਮੇਰੇ ਨਾਲ ਖੜ੍ਹੇ ਨੇ, ਮੇਰੇ ਨਾਲ ਬੈਠੇ ਨੇ ਤੇ ਮੈਥੋਂ ਬਾਣੀ ਸੁਣ ਰਹੇ ਨੇ ਕਿਉਂਕਿ ਨਿਰੰਕਾਰ ਦੀ ਬਾਣੀ ਹੈ। ਸੋ –

***ਪਵਿਤ੍ਰ, ਮਨ ਤਨ, ਮੌਨ ਬਾਣੀ ਸੰਤੋਖ ਹਾਜਰ ਜਾਨਿ।***

ਪਹਿਲਾਂ ਹਾਜ਼ਰ ਜਾਣ ਉਸ ਨੂੰ – ਪ੍ਰਮੇਸ਼ਰ ਨੂੰ।

ਇਕਾਂਤ – ਫੇਰ ਫੁਰਨੇ ਨਾ ਉਠਣ ਦੇਈਂ। ਜਗ੍ਹਾ ਐਸੀ ਟੋਲ੍ਹ (ਲੱਭ), ਜਿਥੇ ਰੌਲਾ-ਗੌਲਾ ਘੱਟ ਹੋਵੇ। ਅੰਮ੍ਰਿਤ ਵੇਲੇ ਰੌਲਾ ਘੱਟ ਹੁੰਦਾ ਹੈ। ਸ਼ਹਿਰ ਦੇ ਅੰਦਰ ਤਾਂ ਬੁਰਾ ਹੀ ਹਾਲ ਹੈ। ਜੇ ਤਾਂ ਪਹਿਲਾਂ ਉਠ ਖੜ੍ਹੇ 2 ਵਜੇ ਤਾਂ ਦੋ ਘੰਟੇ ਨਾਮ ਜਪਣ ਨੂੰ ਮਿਲ ਜਾਂਦੇ ਨੇ, ਜੇ 4 ਵਜੇ ਉਠੋ, ਐਨਾ ਰੌਲਾ ਪਾਉਂਦੇ ਨੇ ਲਾਊਡ ਸਪੀਕਰ; ਨਾ ਸਮਝ 'ਚ ਆਉਂਦੇ ਨੇ, ਨਾ ਇਹ ਨਾਮ ਜਪਣ ਦੇਣ, ਕਿਰੜ-ਕਿਰੜ, ਕਿਰੜ-ਕਿਰੜ ਕਰੀਂ ਜਾਂਦੇ ਨੇ, ਉਹ ਤਾਂ ਆਪਣੀ ਜਾਣ 'ਚ ਕਹਿੰਦੇ ਹਨ ਕਿ ਅਸੀਂ ਬਾਣੀ ਸੁਣਾਉਂਦੇ ਹਾਂ ਪਰ ਇਨ੍ਹਾਂ ਨੂੰ ਪਤਾ ਨਹੀਂ ਹੈ – ਪ੍ਰਬੰਧਕਾਂ ਨੂੰ ਕਿ ਤੁਸੀਂ ਬਾਣੀ ਸੁਣਾਉਂਦੇ ਹੋਂ ਜਾਂ ਰੌਲਾ ਪਾਉਂਦੇ ਹੋ? ਸਮਝ ਤਾਂ ਕਿਸੇ ਦੇ ਆਉਂਦਾ ਨਹੀਂ ਹੈ, ਇਕਾਂਤ ਭੰਗ ਕਰ ਦਿੰਦੇ ਨੇ। ਸੋ ਫੁਰਨੇ ਰਹਿਤ ਹੋਵੇ, ਫੇਰ ਹਉਮੈ ਰਹਿਤ ਹੋਵੇ। ਫੇਰ ਕਾਮਨਾਵਾਂ, ਵਾਸ਼ਨਾਵਾਂ ਦਾ ਤਿਆਗ ਕਰੇ।

ਫੇਰ ਨਿਸਚਾ ਹੋਵੇ ਕਿ ਮੈਂ ਜ਼ਰੂਰ ਇਸੇ ਜਨਮ ਦੇ ਅੰਦਰ ਲੰਘਣਾ ਹੈ, ਫੇਰ –

..............***ਅਭਿਆਸਿ ਠਾਨਿ।***

ਅਭਿਆਸ ਦੀ ਮਨ ਦੇ ਅੰਦਰ ਲਗਨ ਹੋਵੇ, ਉਠ ਕੇ ਬੈਠ ਜਾਵੇ, ਆਲਸ ਨਾ ਕਰੇ ਕਿਉਂਕਿ ਸਮਾਂ ਲੰਘ ਜਾਣਾ ਹੈ, ਫੇਰ ਕੱਲ੍ਹ ਨੂੰ ਤਾਂ ਮਿਲਣਾ ਨਹੀਂ; ਜਿਹੜਾ ਲੰਘ ਗਿਆ, ਉਹ ਤਾਂ ਲੰਘ ਗਿਆ। ਸੋ ਇਸ ਤਰ੍ਹਾਂ ਦੇ ਨਾਲ ਜਦੋਂ ਅਸੀਂ ਪਾਠ ਕਰਾਂਗੇ, ਨਾਮ ਜਪਾਂਗੇ ਫੇਰ ਸਾਨੂੰ ਇਸ ਦਾ ਫਲ ਮਿਲਦਾ ਹੈ ਜੋ ਲਿਖਿਆ ਹੋਇਆ ਹੈ।

ਸੋ ਹੁੰਦਾ ਕੀ ਹੈ ਕਿ ਪੇਟ ਭਰ ਲਿਆ, ਫੇਰ ਸਵੇਰੇ ਉਠੇਗਾ ਕਿਹੜਾ? ਉਹ ਜਿਹੜਾ ਖਾਧਾ ਹੋਇਆ ਹੈ ਉਸ ਨੇ ਉਠਣ ਹੀ ਨਹੀਂ ਦੇਣਾ, ਮੁੜ-ਮੁੜ ਮੰਜੇ ਤੇ ਸੁਟੇਗਾ। ਜੇ ਉਠ ਵੀ ਗਿਆ, ਫੇਰ ਸੌਂ ਜਾਏਗਾ। ਨਾਮ ਜਪੇਗਾ ਜਾਂ ਝੂਟੇ ਲਏਗਾ? ਕਹਿੰਦੇ, ਨਾ! ਥੋੜ੍ਹਾ ਖਾਹ-

***ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਇਆ ਛਿਮਾ ਤਨ ਪ੍ਰੀਤ॥***

ਐਨਾ ਵੀ ਨਾ ਘਟਾ ਕਿ ਸਰੀਰ ਹੀ ਨਾ ਕੰਮ ਕਰੇ। ਇਕ ਰਾਜਾ ਸੀ ਉਸ ਦੇ ਤਿੰਨ ਪੁੱਤਰ ਸੀ। ਉਸ ਦੇ ਮਨ ਵਿਚ ਆਇਆ ਕਿ ਮੈਂ ਲਾਇਕ ਪੁੱਤਰ ਨੂੰ ਰਾਜ ਦੇਣਾ ਹੈ ਤੇ ਉਸ ਨੇ ਤਿੰਨੇ ਮੁੰਡੇ ਬੁਲਾ ਲਏ। ਕਹਿੰਦਾ, "ਦੇਖੋ ਬੇਟਾ! ਤੁਸੀਂ ਤੀਰਥ ਯਾਤਰਾ ਕਰ ਆਓ। ਕਿੰਨੇ ਤੀਰਥ ਨੇ?"

ਤਿੰਨੇ ਬੋਲ ਪਏ, "ਜੀ! 68 ਤੀਰਥ ਨੇ।"

ਕਹਿੰਦਾ, "ਫੇਰ ਤੁਸੀਂ ਇਹ ਗੱਲ ਕਰੋ ਕਿ ਤਿੰਨ ਘੋੜੇ ਲੈ ਲਓ, ਤੀਰਥ ਕਰ ਆਓ। ਜਿਹੜਾ ਸਾਰਿਆਂ ਨਾਲੋਂ ਪਹਿਲਾਂ ਆ ਜਾਏਗਾ ਮੈਂ ਉਸ ਨੂੰ ਰਾਜ ਦੇਣਾ ਹੈ। ਠੀਕ ਹੈ?"

ਕਹਿੰਦੇ, "ਹਾਂ ਜੀ।" ਘੋੜੇ ਦੇ ਦਿੱਤੇ। ਇਕ ਨੇ ਤਾਂ ਪਾਣੀ ਵੀ ਨਹੀਂ ਪੀਤਾ, ਰੋਟੀ ਨਹੀਂ ਖਾਧੀ। ਉਸੇ ਵੇਲੇ ਘੋੜੇ ਤੇ ਚੜ੍ਹ ਕੇ ਘੋੜੇ ਨੂੰ ਸਰਪਟ ਦੌੜਾਅ ਲਿਆ, ਦੌੜਾਈ ਗਿਆ, ਦੌੜਾਈ ਗਿਆ; ਇਕ ਤੀਰਥ ਕਰ ਲਿਆ, ਦੂਜਾ ਕਰ ਲਿਆ, ਤੀਸਰਾ ਕਰ ਲਿਆ, ਜਦੋਂ ਅੱਧ 'ਚ ਗਿਆ ਤਾਂ ਘੋੜਾ ਬਿਮਾਰ ਹੋ ਕੇ ਮਰ ਗਿਆ। ਉਥੋਂ ਪੈਦਲ ਤੁਰਿਆ ਆਉਂਦਾ ਹੈ।

ਦੂਜਾ ਜਿਹੜਾ ਸੀ ਉਸ ਨੇ ਕਿਹਾ ਕਿ ਸਫਰ ਹੈ ਲੰਮਾ - ਕਿੰਨੇ ਹਜ਼ਾਰ ਮੀਲ ਦਾ; ਘੋੜੇ ਨੂੰ ਜਰਾ ਕੁ ਤਕੜਾ ਕਰ ਲਈਏ, ਇਸ ਨੂੰ ਨਿਹਾਰੀਆ ਦੇ ਦੇਈਏ। ਜਿਉਂ ਤਕੜਾ ਕਰਨ ਲੱਗਿਆ, ਘੋੜਾ ਮੋਟਾ ਹੋ ਗਿਆ; ਮਾੜਾ ਜਿਹਾ ਤੁਰਦਾ ਹੈ, ਉਦੋਂ ਹੀ ਦਮ ਚੜ੍ਹ ਜਾਂਦਾ ਹੈ, ਲਿਦ ਕਰਨ ਲੱਗ ਜਾਂਦਾ ਹੈ, ਉਸੇ ਵੇਲੇ ਵੱਖੀਆਂ ਚੜ੍ਹਨ ਲੱਗ ਜਾਂਦੀਆਂ ਹਨ। ਉਸ ਤੋਂ ਵੀ ਕੁਝ ਨਾ ਬਣਿਆ।

ਤੀਸਰੇ ਨੇ ਨਕਸ਼ਾ ਲਿਆ ਤੇ time table (ਰੋਜ਼ ਨਾਮਚਾ) ਬਣਾ ਲਿਆ ਕਿ ਐਨੇ ਮੀਲ ਰੋਜ਼ ਚਲਣਾ ਹੈ, ਫੇਰ ਘੋੜੇ ਦੀ ਸੰਭਾਲ ਕਰਨੀ ਹੈ, ਐਨਾ ਖਾਣਾ ਦੇਣਾ ਹੈ, ਐਨਾ ਦਾਣਾ ਦੇਣਾ ਹੈ, ਐਨਾ ਮੈਂ ਅਰਾਮ ਕਰਨਾ ਹੈ ਤਾਂ ਕਿ ਮੇਰਾ ਵੀ ਸਰੀਰ ਠੀਕ ਰਹੇ ਤੇ ਘੋੜਾ ਵੀ ਠੀਕ ਰਹੇ। ਜਿਹੜਾ ਤੀਸਰਾ ਸੀ ਉਹ ਵਿਧੀ ਦੇ ਨਾਲ ਚੱਲ ਕੇ ਸਹੀ ਸਮੇਂ ਦੇ ਉਤੇ ਘੋੜੇ ਨੂੰ ਉਸੇ ਤਰ੍ਹਾਂ ਲੈ ਆਇਆ। ਜਿਹੜਾ ਪਹਿਲੇ ਨੰਬਰ ਵਾਲਾ ਸੀ, ਉਹ ਸਾਰਿਆਂ ਨਾਲੋਂ ਪਿਛੋਂ ਆਇਆ, ਤੁਰਿਆ ਆਉਂਦਾ ਹੈ। ਜਿਹੜਾ ਦੂਜਾ ਸੀ ਉਸ ਦਾ ਘੋੜਾ ਸਾਥ ਹੀ ਨਹੀਂ ਦਿੰਦਾ, ਬਹੁਤਾ ਮੋਟਾ ਕਰ ਲਿਆ, ਤਕੜਾ ਕਰ ਲਿਆ।

ਸੋ ਜਿਸ ਨੇ ਵਿਉਂਤ ਨਾਲ ਘੋੜੇ ਨੂੰ ਵੀ ਸਹੀ ਰੱਖਿਆ ਤੇ ਆਪਣੇ ਸਰੀਰ ਨੂੰ ਵੀ ਸਹੀ ਰੱਖਿਆ, ਉਸ ਨੂੰ ਰਾਜੇ ਨੇ ਰਾਜ ਦੇ ਦਿੱਤਾ।

ਇਸੇ ਤਰ੍ਹਾਂ ਪ੍ਰਮੇਸ਼ਰ ਨੇ ਸਾਨੂੰ ਆਹ ਸਰੀਰ ਰੂਪੀ ਘੋੜਾ ਦਿੱਤਾ ਹੈ। ਇਸ ਘੋੜੇ ਵਿਚ ਥੋੜ੍ਹੇ ਸਮੇਂ ਲਈ ਸਵਾਸ ਦਿੱਤੇ ਹੋਏ ਨੇ। ਜੇ ਤਾਂ 100 ਸਾਲ ਦੀ ਉਮਰ ਹੈ ਤਾਂ ਤੇ 88,66,00,000 (ਅਠਾਸੀ ਕਰੋੜ ਛਿਆਹਠ ਲੱਖ) ਸਵਾਸ ਹਨ। ਜੇ 75 ਸਾਲ ਦੀ ਉਮਰ ਦਿੱਤੀ ਹੋਈ ਹੈ ਤਾਂ 66,44,000,00 (ਛਿਆਹਠ ਕਰੋੜ, ਚੌਤਾਲੀ ਲੱਖ) ਸਵਾਸ ਹਨ। ਇਸ ਦੇ ਵਿਚ-ਵਿਚ ਅਸੀਂ ਰੱਬ ਨੂੰ ਮਿਲਣਾ ਹੈ।

ਇਕ ਤਾਂ ਉਹ ਨੇ ਜਿਹੜੇ ਇਕ ਦਮ ਵੈਰਾਗ 'ਚ ਆ ਕੇ ਇਕ ਦਮ ਲਗ ਜਾਂਦੇ ਨੇ। ਦਿਨੇ ਵੀ ਜਾਗਦੇ, ਰਾਤ ਨੂੰ ਵੀ ਜਾਗਦੇ ਹਨ, ਰੋਟੀ ਛੱਡ ਦਿੰਦੇ ਨੇ। ਨਤੀਜਾ ਕੀ ਹੁੰਦਾ ਹੈ - 'ਮਾਲੀ ਖੌਲੀਆ' ਇਕ ਬਿਮਾਰੀ ਹੋ ਜਾਂਦੀ ਹੈ, ਮਸਤਾਨਾ ਕਹਿੰਦੇ ਨੇ ਫੇਰ ਉਸ ਨੂੰ। ਜਾਗਣ ਨਾਲ ਦਿਮਾਗ ਦੇ ਵਿਚ ਬਿਮਾਰੀ ਹੋ ਜਾਂਦੀ ਹੈ। ਸਰੀਰ ਕਮਜ਼ੋਰ ਹੋ ਜਾਂਦਾ ਹੈ, ਖ਼ੂਨ ਘਟ ਜਾਂਦਾ ਹੈ ਫੇਰ ਨਾਮ ਨਹੀਂ ਜਪ ਹੁੰਦਾ, ਬਿਮਾਰੀਆਂ ਲੱਗ ਜਾਂਦੀਆਂ ਹਨ। ਮਹਾਰਾਜ ਕਹਿੰਦੇ, ਏਦਾਂ ਨਾ ਕਰ -

***ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ ਪਾਲਿ॥***

***ਪੰਨਾ - 554***

ਇਸ ਨੂੰ ਪਾਲ ਵੀ ਉਸੇ ਤਰੀਕੇ ਨਾਲ, ਇੰਜ ਵੀ ਨਾ ਕਰ ਕਿ ਇਸ ਨੂੰ ਪੇਟ ਭਰ-ਭਰ ਕੇ ਖੁਆ ਦੇ, ਸਵੇਰੇ ਜਾਗ ਹੀ ਨਾ ਆਵੇ, ਗੈਸ ਹੀ ਬਣੀ ਰਹੇ ਪੇਟ ਵਿਚ। ਇਸ ਨੂੰ ਸਹੀ ਰੱਖ, ਘੋੜੇ ਨੂੰ ਵੀ ਸਹੀ ਰੱਖ ਤੇ ਸਮਾਂ ਬੰਨ੍ਹ ਲੈ। ਅੰਮ੍ਰਿਤ ਵੇਲੇ ਜਦੋਂ 2 ਵਜਦੇ ਨੇ, ਉਠ ਕੇ ਬੈਠ ਜਾ। ਪਹਿਲਾਂ ਸੌਂ ਲੈ; 4 ਘੰਟੇ ਨੀਂਦ ਮਿਲ ਜਾਵੇ ਵਿਹਲੇ ਆਦਮੀ ਨੂੰ, ਬਹੁਤ ਹੁੰਦੀ ਹੈ, ਇਸ ਤੋਂ ਜ਼ਿਆਦਾ ਤਾਂ ਨੀਂਦ ਬਿਮਾਰੀ ਪੈਦਾ ਕਰਦੀ ਹੈ। ਜੇ ਕੰਮ ਕਰਨ ਵਾਲਾ ਹੈ ਤਾਂ ਉਸ ਨੂੰ 6 ਘੰਟੇ ਸੌਣਾ ਚਾਹੀਦਾ ਹੈ, ਬੀਬੀਆਂ ਦੀ ਇਕ ਘੰਟਾ ਵੱਧ ਨੀਂਦ ਹੁੰਦੀ ਹੈ, ਬੱਚਿਆਂ ਦੀ ਇਕ ਘੰਟਾ ਹੋਰ ਵੱਧ ਹੁੰਦੀ ਹੈ। ਸੋ ਉਸੇ ਤਰ੍ਹਾਂ ਦੇ ਨਾਲ ਪ੍ਰੋਗਰਾਮ ਬਣਾ ਕੇ ਅੰਮ੍ਰਿਤ ਵੇਲੇ ਜਾਗੋ, ਸਰੀਰ ਨੂੰ ਵੀ ਸਹੀ ਰੱਖੋ ਤੇ ਆਪਣਾ ਪ੍ਰੋਗਰਾਮ ਵੀ ਬਣਾਵੋ। ਫੇਰ ਇਸ ਤਰ੍ਹਾਂ ਦੇ ਨਾਲ ਵਿਚਾਰ ਕੇ ਪੜ੍ਹੋ ਬਾਣੀ। ਪਹਿਲਾਂ ਨਾਮ ਜਪੋ, ਫੇਰ ਬਾਣੀ ਪੜ੍ਹੋ। ਬਾਣੀ ਪੜ੍ਹਨ ਵਾਸਤੇ ਫੁਰਮਾਨ ਹੈ ਕਿ -

***ਅਰਥ ਬਿਚਾਰਿ ਕਰਹਿ ਉਰ ਮਾਂਹੀ॥*** ***ਸ਼੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ - 1206***

ਅਰਥ ਵਿਚਾਰ ਕੇ ਹਿਰਦੇ ਵਿਚ ਧਾਰਨ ਕਰਦਾ ਚਲਿਆ ਜਾਵੇ।

***ਮੁਕਤਿ ਹੋਇ ਸੋ ਸੰਸੇ ਨਾਂਹੀ॥*** ***ਸ਼੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ - 1206***

ਕਹਿੰਦੇ ਕੋਈ ਸੰਸਾ ਨਾ ਕਰੋ। ਜਿਹੜਾ ਅਰਥ ਵਿਚਾਰ ਕੇ ਹਿਰਦੇ 'ਚ ਬਾਣੀ ਨੂੰ ਧਾਰਨ ਕਰੇਗਾ, ਉਸ ਦੀ ਮੁਕਤੀ ਹੋ ਜਾਏਗੀ।

***ਜਪੁਜੀ ਸੇਵਨ ਪ੍ਰੀਤਿ ਸੁ ਜਾਂਹੀ॥*** ***ਸ਼੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ - 1206***

ਜਦੋਂ ਪਿਆਰ ਨਾਲ 'ਜਪੁਜੀ' ਪੜ੍ਹੇਗਾ; ਪਿਆਰ ਕਿਵੇਂ ਹੁੰਦਾ ਹੈ, ਇਕ ਵਿਚਾਰ ਨਾਲ ਸਮਝ 'ਚ ਆ ਜਾਏਗਾ।

ਕੋਈ ਬਹੁਤ ਪਿਆਰਾ ਮਾਂ ਦਾ ਲੜਕਾ, ਪਿਓ ਦਾ ਪੁੱਤਰ, ਕਿਸੇ ਦਾ ਮਿੱਤਰ ਬਾਹਰ ਗਿਆ ਹੋਇਆ ਹੈ। ਅਮਰੀਕਾ ਚਲਿਆ ਗਿਆ। ਉਹ ਚਿੱਠੀ ਪਾਉਂਦਾ ਹੈ। ਉਸ ਦੀ ਚਿੱਠੀ ਅਸੀਂ ਪੜ੍ਹ ਲਈ, ਪਿਆਰ ਜ਼ਿਆਦਾ ਹੈ, ਪੜ੍ਹ ਕੇ ਫੇਰ ਪੜ੍ਹਨ ਲੱਗ ਗਏ, ਫੇਰ ਪੜ੍ਹਨ ਲੱਗ ਗਏ, ਦੂਜੇ ਦਿਨ ਫੇਰ ਪੜ੍ਹਨ ਲੱਗ ਗਏ। ਜਿਸ ਦੇ ਨਾਲ ਪਿਆਰ ਹੋਏਗਾ, 10-10 ਵਾਰੀ ਚਿੱਠੀਆਂ ਪੜ੍ਹਦਾ ਹੈ ਉਸ ਦੀਆਂ, ਮੁੜ ਕੇ ਫੇਰ ਪੜ੍ਹਦਾ ਹੈ, ਫੇਰ ਪੜ੍ਹਦਾ ਹੈ, ਸਾਲ ਬਾਅਦ ਫੇਰ ਪੜ੍ਹਦਾ ਹੈ, ਚਿੱਠੀ ਰੱਖ ਲੈਂਦਾ ਹੈ ਕਿਉਂਕਿ ਪਿਆਰ ਹੈ ਉਸ ਦੇ ਨਾਲ। ਉਸ ਦੇ ਵਿਚੋਂ ਇਕ ਅੱਖਰ ਵੀ ਅਸੀਂ ਛੱਡਣਾ ਨਹੀਂ ਚਾਹੁੰਦੇ ਜਿਹੜਾ ਸਾਡੇ ਸਮਝ 'ਚ ਨਾ ਆਵੇ। ਫੇਰ ਕਹਿੰਦੇ ਹਾਂ ਆਹ ਗੱਲ ਕਹੀ ਹੈ, ਇਸ ਨੇ ਆਹ ਗੱਲ ਕਹੀ ਹੈ, ਫੇਰ ਯਾਦ ਕਰਦੇ ਹਾਂ। ਮਹਾਰਾਜ ਕਹਿੰਦੇ ਇਸ ਤਰ੍ਹਾਂ ਬਾਣੀ ਪੜ੍ਹਿਆ ਕਰੋ -

***ਜਪੁਜੀ ਸੇਵਨ ਪ੍ਰੀਤਿ ਸੁ ਜਾਂਹੀ॥***
***ਮਮ ਸਮੀਪ ਪ੍ਰਾਪਤਿ ਹੁਇ ਤਾਂਹੀ॥*** ***ਸ਼੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ - 1206***

ਐਸਾ ਗੁਰੂ ਅੰਗਦ ਸਾਹਿਬ ਨੂੰ ਗੁਰੂ ਨਾਨਕ ਪਾਤਸ਼ਾਹ ਦਸ ਰਹੇ ਹਨ। ਜਿਹੜੀਆਂ ਮੈਂ ਬੇਨਤੀਆਂ ਕਰੀਆਂ ਨੇ ਆਪ ਨੂੰ, ਇਹ ਸਾਰੀਆਂ ਸਮਝਾ ਰਹੇ ਨੇ ਕਿ ਪੁਰਖਾ! ਇਹ ਬਾਣੀ ਪੜ੍ਹਦਾ ਹੈ ਜਿਥੇ, ਉਥੇ ਮੈਂ ਨਾਲ ਤੁਰਿਆ ਫਿਰਦਾ ਹਾਂ। ਬਾਣੀ ਇੰਜ ਪੜ੍ਹਿਆ ਕਰੋ।

ਜੇ ਸਿੱਖ ਬਣ ਗਿਆ, ਸਿਖੀ ਧਾਰਨ ਕਰ ਲਈ, ਅੰਮ੍ਰਿਤ ਛਕ ਲਿਆ, ਗੁਰੂ ਦਾ ਸਿੱਖ ਬਣ ਗਿਆ, ਗੁਰੂ ਧਾਰਨ ਕਰ ਲਿਆ, ਕਹਿੰਦੇ ਜੇ 'ਜਪੁਜੀ' ਸਾਹਿਬ' ਨਹੀਂ ਯਾਦ ਕਰਿਆ......, ਬੀਬੀਆਂ ਤੇ ਭਾਈ ਕਹਿੰਦੇ ਜੀ! ਅਸੀਂ ਅਨਪੜ੍ਹ ਹਾਂ, ਅਸੀਂ ਕਿਵੇਂ ਕਰ ਸਕਦੇ ਹਾਂ। ਮੈਂ ਤੁਹਾਨੂੰ ਦਸਦਾ ਹਾਂ ਕਿ ਮੇਰਾ ਬਾਬਾ ਇਕ ਅੱਖਰ ਨਹੀਂ ਸੀ ਪੜ੍ਹਿਆ ਹੋਇਆ, ਬੜੇ ਹੀ ਪਿਆਰ ਨਾਲ 'ਜਪੁਜੀ ਸਾਹਿਬ' ਪੜ੍ਹਦਾ ਹੁੰਦਾ ਸੀ। ਬੀਬੀ ਜੀ ਦੀ ਮਾਤਾ ਜੀ ਇਕ ਅੱਖਰ ਨਹੀਂ ਸੀ ਜਾਣਦੀ, 'ਜਪੁਜੀ ਸਾਹਿਬ' ਜਾਪ ਸਾਹਿਬ, ਸਵੱਯੇ, ਰਹਿਰਾਸ, ਕੀਰਤਨ ਸੋਹਿਲਾ, ਆਸਾ ਜੀ ਦੀ ਵਾਰ, ਗੁਰੂ ਨੌਵੇਂ ਪਾਤਸ਼ਾਹ ਦੇ ਸਲੋਕ, 'ਸ਼ਬਦ ਹਜ਼ਾਰੇ, ਦੂਜੇ ਸਵੱਯੇ, ਸ਼ਬਦ; ਬੇਅੰਤ ਬਾਣੀਆਂ ਜ਼ੁਬਾਨੀ ਯਾਦ ਸਨ ਉਨ੍ਹਾਂ ਦੇ। ਦੋ ਵਜੇ ਉਠ ਕੇ ਉਸ ਨੇ ਬਹਿ ਜਾਣਾ ਬਨੇਰੇ ਦੇ ਕੋਲ। ਐਸੀ ਗਾ-ਗਾ ਕੇ ਬਾਣੀ ਪੜ੍ਹਨੀ, ਪਿੰਡ ਉਠ ਖੜ੍ਹਦਾ ਸੀ ਸਾਰਾ ਕਿ ਬੇਬੇ ਹਰਨਾਮ ਕੌਰ ਬਾਣੀ ਪੜ੍ਹਦੀ ਹੈ ਤੇ ਆਪਾਂ ਸੁੱਤੇ ਪਏ ਹਾਂ। ਉਠ ਕੇ ਮੱਲੋ-ਮੱਲੀ ਬਾਣੀ ਸੁਣਨ ਨੂੰ ਜੀਅ ਕਰਦਾ ਸੀ, ਐਨੀ ਰਸੀਲੀ ਪੜ੍ਹਦੀ ਸੀ ਪਰ ਪੜ੍ਹਨਾ ਲਿਖਣਾ ਇਕ ਅੱਖਰ ਨਹੀਂ ਸੀ ਜਾਣਦੀ। ਇਹ ਤਾਂ ਬਹਾਨੇ ਨੇ। ਬੀਬੀਆਂ ਨੂੰ ਪੁੱਛ ਲਓ, ਕਹਿੰਦੀਆਂ, ਮੈਂ ਪੜ੍ਹੀ ਹੋਈ ਨਹੀਂ; ਜਦੋਂ ਗੱਲਾਂ ਕਰਨ ਲਗਦੀਆਂ ਹਨ, ਤੂੰ ਫਲਾਣੇ ਵੇਲੇ ਇੰਝ ਕਿਹਾ, ਇੰਝ ਕਿਹਾ, ਭਾਵੇਂ ਸਾਰਾ ਚਿੱਠਾ ਖੁਲ੍ਹਾਅ ਲਓ, ਸਾਰਾ ਹੀ ਖੋਲ੍ਹੀ ਜਾਣਗੀਆਂ। ਉਹ ਕਿਵੇਂ ਯਾਦ ਰਹਿ ਜਾਂਦੀਆਂ ਨੇ - ਐਨੀਆਂ ਗੱਲਾਂ? ਭਾਵੇਂ 15 ਸਾਲ, 20 ਸਾਲ, 30 ਸਾਲ ਦੀਆਂ ਗੱਲਾਂ ਸੁਣ ਲਓ। ਫੇਰ 'ਜਪੁਜੀ ਸਾਹਿਬ' ਨਹੀਂ ਸੀ ਯਾਦ ਕਰਨਾ? ਕਹਿੰਦੇ ਜੇ 'ਜਪੁਜੀ ਸਾਹਿਬ' ਯਾਦ ਨਹੀਂ ਨਾ ਕਰਿਆ, ਫੇਰ ਤੇਰੇ ਸਿੱਖ ਬਣਨ ਦਾ ਕੋਈ ਫਾਇਦਾ ਨਹੀਂ ਹੈ; ਇੰਝ ਪੜ੍ਹ ਲਓ -

***ਧਾਰਨਾ – ਕਾਹਨੂੰ ਸਿੱਖ ਬਣਿਆ ਓਏ,***
***ਜਪੁਜੀ ਜੇ ਯਾਦ ਨਾ ਕੀਤਾ –2, 2.***
***ਜਪੁਜੀ ਜੇ ਯਾਦ ਨਾ ਕੀਤਾ –2, 2.***
***ਕਾਹਨੂੰ ਸਿੱਖ ਬਣਿਆ ਓਏ, ...... –2.***

ਗੁਰੂ ਨਾਨਕ ਪਾਤਸ਼ਾਹ 'ਜਪੁਜੀ' ਦੀ ਮਹੱਤਤਾ ਦਸਦੇ ਨੇ ਕਿ ਜਿਸ ਗੁਰਸਿਖ ਨੇ ਜਪੁਜੀ ਸਾਹਿਬ ਯਾਦ ਨਹੀਂ ਕੀਤਾ, ਉਸ ਦਾ ਸਿੱਖ ਬਣਨ ਦਾ ਫਾਇਦਾ ਕੀ ਹੈ ਫੇਰ?

***ਸਿਖ ਗੁਰੂ ਕੋ ਹੋਇ ਗਇਓ ਜਪੁ ਜੀ ਕੰਠ ਨ ਕੀਨ।***
***ਤੰਦੁਲ ਬਿਨ ਤੁਖ ਕਾਮ ਕਿਹ ਤੈਸੇ ਸਿਖ ਕੋ ਚੀਨ।***

ਕਹਿੰਦੇ ਜੇ ਚੌਲ ਨਹੀਂ ਹੈ ਛਿਲਕੇ ਦੇ ਅੰਦਰ, ਉਸ ਛਿਲਕੇ ਦਾ ਕੀ ਫਾਇਦਾ? ਚੌਲਾਂ ਦਾ ਛਿਲਕਾ ਕਿਸ ਕੰਮ ਆਏਗਾ? ਅੱਗ ਵਿਚ ਜਾਲਣ ਦੇ ਕੰਮ ਆਉਂਦਾ ਹੈ, ਹੋਰ ਤਾਂ ਕਿਸੇ ਦੀ ਭੁੱਖ ਨਹੀਂ ਮਿਟਾ ਸਕਦਾ ਤੇ ਇਸ ਦਾ ਮਹਾਤਮ ਦਸਦੇ ਨੇ –

***ਧਰਹਿ ਕਾਮਨਾ ਪਢਿ ਹੈ ਇਕ ਮਨ।***
***ਹੋਇ ਸਪੂਰਨ ਤਿਹ ਕੀ ਤਤਛਿਨ॥*** ***ਸ਼੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ – 1206***

ਇਕ ਮਨ ਹੋ ਕੇ 'ਜਪੁਜੀ ਸਾਹਿਬ' ਦਾ ਪਾਠ ਕਰ ਲਓ। ਮੈਂ ਕਹਿੰਦਾ ਹਾਂ 25 ਪਾਠ ਰੋਜ਼ ਦੇ ਕਰੋ, 42 ਦਿਨ ਕਰੀ ਜਾਓ, ਬਿਮਾਰੀਆਂ ਹਟ ਜਾਣਗੀਆਂ, ਕਾਰਜ ਸਿਧ ਹੋ ਜਾਣਗੇ, ਨੌਕਰੀਆਂ ਮਿਲ ਜਾਣਗੀਆਂ; ਜਿਹੜੇ ਕੰਮ ਨਹੀਂ ਹੁੰਦੇ, ਉਹ ਹੋ ਜਾਣਗੇ। ਬਾਬਾ ਜੀ ਨੇ ਤਾਂ ਕੁਝ ਨਹੀਂ ਕਰਨਾ ਬਚਨ ਕਰਕੇ। ਮੈਂ ਤਾਂ ਇਹ ਹੀ ਬਚਨ ਕਰਨਾ ਹੈ ਕਿ ਭਾਈ 'ਜਪੁਜੀ ਸਾਹਿਬ' ਦੇ ਪਾਠ ਕਰ – ਇਕ ਹਜ਼ਾਰ, ਕਈਆਂ ਨੂੰ ਮੈਂ ਕਹਿੰਦਾ ਹਾਂ 10,000 ਕਰ ਲੈ। ਇਥੇ ਇਕ ਬੀਬੀ ਆਈ ਸੀ, ਮੈਂ ਉਸਨੂੰ ਕਿਹਾ ਕਿ 10,000 ਪਾਠ ਕਰ ਤੂੰ, ਇਕ ਸਾਲ ਭਰ ਕਰੀ ਜਾਹ। ਛੇ ਬਿਮਾਰੀਆਂ ਸੀ ਉਸ ਨੂੰ। ਛੇਈਂ ਹਟ ਗਈਆਂ ਇਕੱਠੀਆਂ, ਰਾਜ਼ੀ ਹੋ ਕੇ ਗਈ। ਡਾਕਟਰ ਨਹੀਂ ਸੀ ਕਰ ਸਕਦੇ। ਹੁਣ ਉਹ ਭੁੱਲ ਗਈ, ਹੁਣ ਨਹੀਂ ਯਾਦ ਉਸ ਦੇ ਕਿਉਂਕਿ ਇਹ ਸਾਡੇ ਵਿਚ ਨੁਕਸ ਹੈ; ਜਦੋਂ ਅਸੀਂ ਫਸੇ ਹੁੰਦੇ ਹਾਂ ਉਦੋਂ ਤਾਂ ਕਹਿੰਦੇ ਹਾਂ ਕਿ ਭਾਵੇਂ ਕੁਝ ਕਰਾ ਲੈ; ਜਦੋਂ ਨਿਕਲ ਜਾਂਦੇ ਹਾਂ, ਫੇਰ ਸਭ ਭੁੱਲ ਜਾਂਦੇ ਹਾਂ। ਆਹ ਮੈਨੂੰ ਕੱਲ੍ਹ ਹੀ ਦੱਸ ਰਹੇ ਸੀ, ਇਥੇ ਇੱਕ ਪਿੰਡ ਹੈ, ਬੁਰਜ ਹੈ ਉਸਦਾ ਨਾਉਂ। ਉਥੇ ਹਰੇਕ ਸ਼ਨਿਚਰਵਾਰ ਨੂੰ ਪੜ੍ਹਿਆ-ਲਿਖਿਆ ਬੰਦਾ ਮਰਦਾ ਸੀ, ਜਦੋਂ ਮੈਂ ਇਥੇ ਕੀਰਤਨ ਕਰਦਾ ਫਿਰਦਾ ਹੁੰਦਾ ਸੀ। ਸਾਡੇ ਦੀਵਾਨ ਲੱਗੇ ਹੋਏ ਸੀ 'ਅਕਾਲਗੜ੍ਹ', ਉਸ ਪਿੰਡ ਦੀ ਪੰਚਾਇਤ ਆਈ।

ਕਹਿੰਦੇ, "ਸਾਡੇ ਸੱਤ ਬੰਦੇ ਤਾਂ ਮਰ ਗਏ। ਪਹਿਲਾ ਵਕੀਲ ਮਰਿਆ, ਦੂਜਾ ਹੈਡ ਮਾਸਟਰ ਮਰਿਆ, ਤੇ B.A, M.A. ਤੋਂ ਘੱਟ ਨਹੀਂ ਮਰਦੇ, ਪਤਾ ਨਹੀਂ ਸਾਡੇ ਪਿੰਡ ਤੇ ਕੀ ਕਰੋਪੀ ਹੋਈ ਹੋਈ ਹੈ।"

ਮੈਂ ਕਿਹਾ, "ਤੁਸੀਂ ਇਸ ਤਰ੍ਹਾਂ ਕਰੋ, ਤੁਹਾਡੇ ਅਸੀਂ ਦੀਵਾਨ ਲਾਵਾਂਗੇ, ਤੁਸੀਂ ਹੁਣੇ ਗੁਰਦਵਾਰੇ ਜਾਓ – ਨਹਾ-ਧੋ ਕੇ, ਕਹੋ ਕਿ ਸੱਚੇ ਪਾਤਿਸ਼ਾਹ! ਅਸੀਂ ਸਹਿਜ ਪਾਠ ਕਰਦੇ ਹਾਂ। ਅਖੰਡ ਪਾਠ ਵੀ ਨਹੀਂ ਮੈਂ ਦੱਸਿਆ। ਮੈਂ ਕਿਹਾ ਹੁਣੇ ਜਾਉ। ਉਥੇ ਚਲੇ ਗਏ, ਸਾਰੇ ਪਿੰਡ ਨੇ ਜਾ ਕੇ ਅਰਦਾਸ ਕਰੀ, ਸਹਿਜ ਪਾਠ ਸ਼ੁਰੂ ਕਰ ਲਿਆ। ਉਸ ਤੋਂ ਬਾਅਦ ਦੋ ਮਹੀਨੇ ਬਾਅਦ ਉਨ੍ਹਾਂ ਨੂੰ ਦੀਵਾਨਾਂ ਦਾ ਸਮਾਂ ਮਿਲਿਆ ਤੇ ਮੈਂ ਉਥੇ ਚਲਿਆ ਗਿਆ। ਇਹੋ ਜਿਹਾ ਸਖਤ ਦੀਵਾਨ ਸੀ ਕਿ ਐਨੀ ਹਨ੍ਹੇਰੀ ਆਈ, ਸ਼ਾਮਿਆਨੇ ਹੀ ਪਾੜ ਦਿਤੇ ਉਸ ਨੇ। ਲੱਗਭੱਗ ਡੇਢ ਸੌ ਦਰਖਤ ਰਾਹ 'ਚ ਗਿਰ ਗਿਆ, ਮਸਾਂ ਲੰਘ ਕੇ ਮੈਂ ਆਇਆ। ਦੂਜੇ ਦਿਨ ਫੇਰ ਇਵੇਂ ਹੀ ਕਰਿਆ। ਤੀਜੇ ਦਿਨ ਫੇਰ ਅਸੀਂ ਦੀਵਾਨ ਦਿਨ ਵਿਚ ਰੱਖ ਲਿਆ। ਮੈਂ ਕਿਹਾ ਕੋਈ ਸ਼ਕਤੀ ਹੈ ਜਬਰਦਸਤ ਜਿਹੜੀ ਇਹ ਰੋਕ ਪਾ ਰਹੀ ਹੈ ਪਰ ਉਹ ਦੀਵਾਨ ਤਾਂ ਅਸੀਂ ਪੂਰੇ ਕਰ ਦਿਤੇ, 150 ਪ੍ਰੇਮੀਆਂ ਨੇ ਅੰਮ੍ਰਿਤ ਵੀ ਛਕ ਲਿਆ। ਲੇਕਿਨ ਉਹ ਬੰਦੇ ਮਰ ਗਏ, ਉਸ ਤੋਂ ਬਾਅਦ ਉਹ ਮੈਨੂੰ ਵੀ ਭੁੱਲ ਗਏ, ਨਾ ਬਾਬਾ ਜੀ ਦਾ ਪਤਾ ਕਿ ਕੌਣ ਹੈ। ਕੱਲ੍ਹ ਫਿਲਮਾਂ ਦਿਖਾਉਣ ਗਿਆ ਇਕ ਪ੍ਰੇਮੀ, ਕਹਿੰਦੇ ਇਹ

ਦੇਖਿਆ ਤਾਂ ਹੈ ਸੀ, ਸਾਡੇ ਪਿੰਡ ਆਇਆ ਸੀ। ਸਭ ਭੁੱਲ ਗਏ, ਇਸ ਤਰ੍ਹਾਂ ਦਾ ਸੰਸਾਰ ਹੈ।

ਇਕ ਪਿੰਡ ਹੈ ਚਿੰਤਗੜ੍ਹ। ਮੈਂ ਕਿਹਾ ਇਸ ਦਾ ਨਾਉਂ ਚਿੰਤਗੜ੍ਹ ਨਾ ਰੱਖੋ, ਇਸ ਦਾ ਨਾਉਂ ਅਚਿੰਤ ਗੜ੍ਹ ਰੱਖੋ, 'ਅ' ਅੱਗੇ ਲਾ ਲਓ। ਉਥੇ ਹਰ ਸ਼ੁਕਰਵਾਰ ਨੂੰ 18 ਸਾਲ ਤੋਂ 24 ਸਾਲ ਦਾ ਮੁੰਡਾ ਮਰਦਾ ਸੀ। ਸਰਪੰਚ ਪੰਚਾਇਤ ਲੈ ਕੇ ਆਇਆ। ਮੈਂ ਕਿਹਾ, ਇਉਂ ਕਰੋ, ਮੇਰੇ ਕੋਲ ਜਾਦੂ ਤਾਂ ਹੈ ਨਹੀਂ, ਮੇਰੇ ਕੋਲ ਤਾਂ ਇਹ ਹੈ ਕਿ ਗੁਰਦਵਾਰੇ ਜਾਓ ਸਾਰੇ ਨਹਾ-ਧੋ ਕੇ, ਉਥੇ ਕਹੋ ਕਿ ਮਹਾਰਾਜ! ਨਾ ਅਸੀਂ ਜਰਦਾ ਖਾਈਏ, ਨਾ ਸ਼ਰਾਬ ਪੀਈਏ, ਨਾ ਅੰਡੇ ਖਾਈਏ, ਨਾ ਮਾਸ ਖਾਈਏ ਤੇ ਅਸੀਂ ਦੀਵਾਨ ਲਗਵਾਵਾਂਗੇ ਤੇ ਅਖੰਡ ਪਾਠ ਕਰਾਵਾਂਗੇ ਤੇ ਸਾਡੇ ਬੰਦੇ ਨਾ ਮਰਨ। ਉਸ ਵੇਲੇ ਫਿਕਰ ਇਹ ਸੀ ਕਿ ਅੱਜ ਕਿਸ ਦੀ ਵਾਰੀ ਹੈ; 6 ਮਰ ਚੁੱਕੇ ਸੀ। ਉਸ ਤੋਂ ਬਾਅਦ ਦੀਵਾਨ ਲਗਵਾਇਆ, ਅਖੰਡ ਪਾਠ ਕਰਵਾਇਆ। ਉਸ ਪਿੰਡ ਵਿਚੀਂ ਮੈਂ ਹਮੇਸ਼ਾ ਹੀ ਲੰਘਦਾ ਹਾਂ, ਕਿਸੇ ਨੂੰ ਨਹੀਂ ਪਤਾ ਕਿ ਇਹ ਬਾਬਾ ਜੀ ਸੀ ਜਿਸ ਨੇ ਸਾਡੇ ਦੀਵਾਨ ਲਾਇਆ ਸੀ। ਐਨਾ ਭੁੱਲਦੇ ਨੇ, ਮੈਂ ਇਹ ਗੱਲ ਦਸਦਾ ਹਾਂ ਕਿ ਬਿਲਕੁਲ ਆਦਮੀ ਭੁੱਲ ਜਾਂਦਾ ਹੈ।

***ਨੈ ਲੰਘੀ ਖੁਆਜਾ ਵਿਸਰਿਆ॥***

ਰੱਬ ਨੂੰ ਕੀ ਯਾਦ ਰੱਖਣਾ ਹੈ ਇਨ੍ਹਾਂ ਨੇ। ਉਹ ਤਾਂ ਦਿਸਦਾ ਨਹੀਂ ਹੈ। ਸੋ ਮਹਾਰਾਜ ਕਹਿੰਦੇ ਸਾਰੀਆਂ ਤੁਹਾਡੀਆਂ ਕਾਮਨਾਵਾਂ ਪੂਰੀਆਂ ਹੋ ਜਾਂਦੀਆ ਨੇ ਜੇ ਇਕ ਮਨ ਹੋ ਕੇ 'ਜਪੁਜੀ ਸਾਹਿਬ' ਦੇ ਪਾਠ ਕਰ ਲਓ। ਉਸੇ ਵੇਲੇ ਗੱਲ ਪੂਰਨ ਹੋ ਜਾਏਗੀ -

***ਜੰਤ੍ਰ ਮੰਤ੍ਰ ਪੁਨ ਤੰਤ੍ਰ ਮਹਾਨਾ॥ ਸ਼੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ - 1206***

ਕੋਈ ਜੰਤਰ, ਕੋਈ ਮੰਤਰ, ਕੋਈ ਤੰਤਰ 'ਜਪੁਜੀ ਸਾਹਿਬ' ਤੇ ਨਹੀਂ ਚਲਦਾ, ਇਹ ਸਾਰਿਆਂ ਨਾਲੋਂ ਵੱਡਾ ਮੰਤਰ ਹੈ, ਇਸ ਨੂੰ ਮਹਾਂਮੰਤਰ ਕਿਹਾ ਹੈ। ਇਸ ਦੇ ਉਪਰ ਕੋਈ ਮੰਤਰ ਨਹੀਂ ਹੈ, ਪਰ ਬੀਬੀਆਂ ਨੱਠੀਆਂ ਫਿਰਦੀਆਂ ਨੇ - ਸਿਆਣਿਆਂ ਤੋਂ ਮੰਤਰ ਲੈਣ ਵਾਸਤੇ। ਹੁਣ ਤਾਂ ਸਿੰਘਾਂ ਨੇ ਸਾਰੇ ਹੀ ਹਟਾ ਦਿੱਤੇ, ਕੁਝ ਤੋਰ ਦਿਤੇ ਅੱਗੇ ਨੂੰ (ਮਾਰ ਦਿਤੇ), ਕੁਝ ਹਟਾ ਦਿੱਤੇ। ਸਾਡੇ ਕੋਲ ਸਭ ਕੁਝ ਹੈ, ਕਿਉਂ ਘਰ ਛੱਡ ਕੇ ਬਿਗਾਨੇ ਥਾਉਂ ਜਾਂਦੇ ਹੋ? ਇਹ ਸਾਰਿਆਂ ਨਾਲੋਂ ਵੱਡਾ ਮੰਤਰ ਹੈ।

***ਜੰਤ੍ਰ ਮੰਤ੍ਰ ਪੁਨ ਤੰਤ੍ਰ ਮਹਾਨਾ।***
***ਭੂਤ ਜਿ ਪ੍ਰੇਤ ਦੈਤ ਬਲਵਾਨਾ। ਸ਼੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ - 1206***

ਭੂਤ, ਪ੍ਰੇਤ, ਦੈਂਤ, ਜਖ, ਇਹੋ ਜਿਹੇ ਜਿਹੜੇ ਬਹੁਤ ਔਖੇ ਨੇ ਖਬੀਸ, ਜਿੰਨ ਆਦਿ, ਮਹਾਰਾਜ ਕਹਿੰਦੇ-

***ਤਿਹ ਸਮੀਪ ਨਹਿੰ ਆਵੈ ਕੋਈ॥***
***ਪਠਨ ਪ੍ਰੀਤਿ ਨਿਤ ਨਰ ਜਿਹ ਹੋਈ॥ ਸ਼੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ - 1206***

ਜਿਹੜਾ 'ਜਪੁਜੀ ਸਾਹਿਬ' ਪੜ੍ਹਦਾ ਹੈ, ਉਸ ਦੇ ਨੇੜੇ ਨਹੀਂ ਆਉਂਦੇ। 'ਜਪੁਜੀ ਸਾਹਿਬ' ਪੜ੍ਹਨ ਲਗ ਜਾਓ, ਤਰੀਕੇ ਨਾਲ ਪੜ੍ਹਨ ਲੱਗ ਜਾਓ, ਜੁਗਤ ਨਾਲ ਪੜ੍ਹਨ ਲੱਗ ਜਾਓ, ਹਟ ਜਾਏਗਾ ਸਭ ਕੁਝ।

ਤੁਹਾਡੇ ਬੀਬੀ ਜੀ ਜਦੋਂ ਛੋਟੇ ਜਿਹੇ ਸੀ, ਸਾਡੇ ਪਿਛਲੇ ਪਾਸੇ ਇਕ ਭੂਤਨੀ ਆਉਂਦੀ ਸੀ। ਜਿਹੜਾ ਉਸ ਨੂੰ ਕਹਿ ਦੇਵੇ, ਉਸੇ ਵਿਚ ਆ ਜਾਂਦੀ ਸੀ ਇਹੋ ਜਿਹੀ ਤਕੜੀ ਸੀ। 9 ਬੀਬੀਆਂ ਵਿਚ ਦਿਨ ਬੰਨ੍ਹੇ ਹੋਏ ਸਨ ਕਿ ਅੱਜ ਫਲਾਣੀ ਵਿਚ ਆਉਣਾ, ਅੱਜ ਫਲਾਣੀ ਵਿਚ ਆਉਣਾ ਹੈ। ਬੀਬੀ ਜੀ ਵਿਚ ਖੜ੍ਹੀ ਸੀ। ਇਹ ਕਹਿੰਦੀ, "ਤੂੰ ਬੜਾ ਤੰਗ ਕਰਿਆ ਹੈ?"

ਬੇਬੇ ਦਾ ਨਾਉਂ ਲੈ ਕੇ ਕਹਿੰਦੀ, "ਅੱਛਾ! ਓਹਦੀ ਨੂੰਹ ਬੋਲਦੀ ਹੈਂ? ਮੈਂ ਹੁਣ ਤੇਰੇ ਹੀ ਆਉਣਾ ਹੈ, ਹੋ ਜਾ ਤਿਆਰ, ਕੱਲ੍ਹ ਨੂੰ ਤੇਰੇ ਆਉਣਾ ਹੈ।"

ਇਹ ਕਹਿੰਦੀ, "ਚਾਚੀ ਜੀ! ਆ ਜਾਈਂ ਫੇਰ, ਤੈਨੂੰ ਸੇਵੀਆਂ ਬਣਾ ਕੇ ਰੱਖੀਏ ਖੁਆਉਣ ਵਾਸਤੇ ਜਾ ਖੀਰ ਖਾਣੀ ਹੈ? ਤੂੰ ਆਉਣਾ ਹੈ, ਤੇਰਾ ਆਦਰ ਸਤਿਕਾਰ ਵੀ ਕਰੀਏ ਨਾ।"

ਕਹਿੰਦੀ, "ਗੱਲਾਂ ਆਉਂਦੀਆਂ ਨੇ, ਪਤਾ ਓਦੋਂ ਲਗੇਗਾ ਜਦੋਂ ਮੈਂ ਤੈਨੂੰ ਫੜਿਆ।"

ਦਿਨ ਲੰਘ ਗਏ ਕਿੰਨੇ ਹੀ, ਮੁੜ ਕੇ ਉਸੇ ਕੁੜੀ ਨੂੰ ਫੇਰ ਫੜ ਲਿਆ ਜਿਹੜੀ ਸਾਡੇ ਘਰ ਦੇ ਪਿਛੇ ਸੀ, ਇਹ ਫੇਰ ਚਲੇ ਗਏ।

ਇਹ ਜਾ ਕੇ ਕਹਿੰਦੀ, "ਚਾਚੀ! ਤੂੰ ਤਾਂ ਆਈ ਹੀ ਨਹੀਂ, ਮੈਂ ਤਾਂ ਸੇਵੀਆਂ ਬਣਾ ਕੇ ਰੱਖੀਆਂ ਸੀ।"

ਕਹਿੰਦੀ, "ਮੈਂ ਕਿਵੇਂ ਆਉਂਦੀ? ਸਾਰਾ ਦਿਨ ਤਾਂ ਗੁਣ-ਗੁਣ ਕਰੀ ਜਾਂਦੇ ਹੋ, ਬਾਣੀ ਪੜ੍ਹੀ ਜਾਂਦੇ ਹੋ, 'ਜਪੁਜੀ ਸਾਹਿਬ' ਪੜ੍ਹੀ ਜਾਂਦੇ ਹੋ, ਕਿਰਪਾਨ ਪਾਈ ਹੋਈ ਹੈ। ਮੇਰਾ ਬਲ ਹੀ ਨਹੀਂ ਚੱਲਿਆ, ਆਈ ਤਾਂ ਮੈਂ ਸੀ, ਦੇਹਲੀ ਤੋਂ ਮੁੜ ਗਈ, ਮੇਰਾ ਜ਼ੋਰ ਨਹੀਂ ਚਲਿਆ।"

ਸੋ ਐਨੀ ਇਸ ਦੇ ਵਿਚ ਸ਼ਕਤੀ ਹੈ। ਜਿਹੜਾ ਰੋਜ਼ 'ਜਪੁਜੀ ਸਾਹਿਬ' ਦਾ ਪਾਠ ਪਿਆਰ ਦੇ ਨਾਲ ਕਰਦਾ ਹੈ, ਉਸ ਦੇ ਨੇੜੇ ਕੋਈ ਭੂਤ-ਪ੍ਰੇਤ, ਜੰਤਰ, ਮੰਤਰ, ਤੰਤਰ ਨਹੀਂ ਆਉਂਦਾ। ਕੋਈ ਕਹਿੰਦਾ ਸਾਡੇ ਖ਼ੂਨ ਗਿਰਦਾ ਹੈ, ਕੋਈ ਕਹਿੰਦਾ ਇੱਟਾਂ ਪੈਂਦੀਆਂ ਹਨ। ਇਕ ਪ੍ਰੇਮੀ ਆਇਆ ਮੇਰੇ ਕੋਲ, ਕਹਿੰਦਾ ਇੱਟਾਂ ਪੈਂਦੀਆਂ ਹਨ ਸਾਡੇ।

ਮੈਂ ਕਿਹਾ, "ਉਥੇ ਬੈਠ ਕੇ ਪੰਜ ਪਾਠ ਜਪੁਜੀ ਸਾਹਿਬ ਦੇ ਕਰ ਦੇ ਵਿਹੜੇ ਵਿੱਚ।"

ਕਹਿੰਦਾ, "ਜੀ! ਜੇ ਸਿਰ ਵਿਚ ਆ ਲੱਗੀ?"

ਮੈਂ ਕਿਹਾ, "ਬਿਲਕੁਲ ਨਹੀਂ ਲਗਦੀ।" ਪਟਿਆਲੇ ਸੀ ਉਹ ਜਦੋਂ ਮੈਨੂੰ ਮਿਲਿਆ।

ਮੈਂ ਕਿਹਾ, "ਕਿਵੇਂ ਹੋਇਆ?"

ਕਹਿੰਦਾ, "ਜੀ! ਉਹ ਤਾਂ ਹਟ ਗਈਆਂ।"

ਮੈਂ ਕਿਹਾ, "ਕਾਹਦੇ ਨਾਲ?"

ਕਹਿੰਦਾ, "ਜਪੁਜੀ ਸਾਹਿਬ ਪੜ੍ਹਿਆ ਸੀ। ਅਸੀਂ ਤਾਂ ਥੱਕ ਗਏ ਸੀ, ਬੜੇ ਸਿਆਣੇ ਲਿਆਂਦੇ, ਬੜੇ ਪੈਸੇ ਖਰਚੇ।"

ਸੋ ਇਹ 'ਜਪੁਜੀ ਸਾਹਿਬ' ਕੋਈ ਐਵੇਂ ਚੀਜ਼ ਨਹੀਂ ਹੈ। ਜਿਹੜਾ ਨਰ ਪਿਆਰ ਦੇ ਨਾਲ ਬਾਣੀ ਪੜ੍ਹਦਾ ਹੈ।

***ਮਾਨੁਖ ਦੇਹਿ ਜੀਵ ਜਿਨ ਪਾਈ॥***     ***ਸ਼੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ - 1206***

ਕਹਿੰਦੇ ਜਿਹੜਾ ਮਨੁੱਖ ਬਣ ਗਿਆ, ਜੇ ਉਸ ਦੇ 'ਜਪੁਜੀ ਸਾਹਿਬ' ਯਾਦ ਨਹੀਂ -

***ਜਪੁ - ਬਿਹੀਨ ਹ੍ਵੈ ਬਾਦ ਗਵਾਈ॥***     ***ਸ਼੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ - 1206***

ਉਸ ਨੇ ਜ਼ਿੰਦਗੀ ਐਵੇਂ ਹੀ ਬਿਰਥਾ ਗਵਾ ਦਿਤੀ।

***ਸਿੱਖਨ ਯੋਗ ਮੰਤ੍ਰ ਗੁਰ ਕੇਰਾ।***
***ਇਤ ਉਤ ਨਿਤ ਸੁਖ ਦੇਤਿ ਘਨੇਰਾ॥***     ***ਸ਼੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ - 1206***

ਕਹਿੰਦੇ, ਸਿੰਘਾਂ ਵਾਸਤੇ ਇਹੀ ਮੰਤਰ ਹੈ। ਗੁਰੂ ਦਸਵੇਂ ਪਾਤਸ਼ਾਹ ਨੇ ਆਹੀ ਮੰਤਰ ਦੱਸਿਆ ਹੈ, ਇਹੀ ਸੀਨਾ-ਬ-ਸੀਨਾ ਤੁਰਿਆ ਆਉਂਦਾ ਹੈ। ਮੈਂ ਵੀ ਇਹੀ ਦਸਦਾ ਹਾਂ ਕਿ 'ਜਪੁਜੀ ਸਾਹਿਬ' ਪੜ੍ਹੋ ਰੋਜ਼, ਇਹੀ ਸੁਖ ਦਿੰਦਾ ਹੈ।

*ਹੋਇ ਸਿੱਖ-ਜਪੁ-ਕੰਠ ਨ ਕੀਨੋ॥* **ਸ਼੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ - 1206**

ਸਿਖ ਤਾਂ ਹੋ ਗਿਆ, 'ਜਪੁਜੀ ਸਾਹਿਬ' ਕੰਠ ਨਹੀਂ।

*ਨਾਉਂ ਧਰੀਕ ਬੇਖ ਧਰਿ ਲੀਨੋ॥* **ਸ਼੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ - 1206**

ਫੇਰ ਤਾਂ ਉਹ ਭੇਖੀ ਹੈ, ਮੂਰਖ ਹੈ। ਕੇਸ ਵੀ ਰੱਖ ਲਏ, ਦਾਹੜੀ ਵੀ ਰੱਖ ਲਈ, ਕਿਰਪਾਨ ਵੀ ਪਾ ਲਈ, ਕਛਹਿਰਾ ਵੀ ਪਾ ਲਿਆ, ਕੜਾ ਵੀ ਰੱਖ ਲਿਆ, ਕੰਘਾ ਵੀ ਰੱਖ ਲਿਆ ਪਰ ਜੇ 'ਜਪੁਜੀ' ਯਾਦ ਨਹੀਂ ਕਰਿਆ, ਤੇਰਾ ਭੇਖ ਤਾਂ ਬਣ ਗਿਆ, ਪਰ ਫਜ਼ੂਲ ਹੈ -

*ਇਸਤੇ ਔਰ ਨ ਕੋ ਬਿਧਿ ਊਚੀ॥*
*ਜਪੁ ਸੇਵਨ ਇਕ ਮਨਿ ਹੁਇ ਸੂਚੀ॥* **ਸ਼੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ - 1206**

ਇਸ ਤੋਂ ਹੋਰ ਉਚੀ ਵਿਧੀ ਕੋਈ ਨਹੀਂ ਹੈ। 'ਜਪੁਜੀ' ਦਾ ਪਾਠ ਕਰੋ ਇਕ ਮਨ ਹੋ ਕੇ -

*ਕਾਮਧੇਨੁ, ਚਿੰਤਾਮਨਿ, ਸੁਰਤਰੁ॥* **ਸ਼੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ - 1206**

ਤਿੰਨ ਚੀਜ਼ਾਂ ਸਵਰਗ ਦੀਆਂ ਮਸ਼ਹੂਰ ਨੇ। ਇਕ ਤਾਂ ਕਾਮਧੇਨ ਗਊ - ਕੋਈ ਚੀਜ਼ ਮੰਗ ਲਓ, ਮਿੰਟ ਵਿਚ ਦੇ ਦਿੰਦੀ ਹੈ।

ਚਿੰਤਾਮਨ - ਤੋਂ ਕੋਈ ਨਕਦ, ਸਿੱਕਾ, ਸੋਨਾ-ਚਾਂਦੀ ਮੰਗ ਲਓ, ਮਿਲ ਜਾਂਦਾ ਹੈ।

ਸੁਰਤਰ - ਜਿਹੜਾ ਦਰਖਤ ਹੈ, ਪਾਰਜਾਤ ਜਿਸ ਨੂੰ ਕਹਿੰਦੇ ਨੇ, ਕਹਿੰਦੇ ਇਹ ਤਿੰਨੇ ਚੀਜ਼ਾਂ ਜਪੁਜੀ ਸਾਹਿਬ ਹੈ -

*ਕਰਿ ਨਹਿਂ ਸਕੇ ਆਧਤਿਲ ਸਮਸਰ।* **ਸ਼੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ - 1206**

ਕਹਿੰਦੇ ਦੇਰ ਨਹੀਂ ਪੈਂਦੀ, ਉਸੇ ਵੇਲੇ ਮਿਲ ਜਾਂਦਾ ਹੈ। ਸਾਰਿਆਂ ਨਾਲੋਂ ਵੱਡਾ ਇਸ ਦਾ ਜੋ ਫਾਇਦਾ ਦਸਦੇ ਨੇ, ਉਹ ਇਸ ਤਰ੍ਹਾਂ ਪੜ੍ਹਿਓ -

***ਧਾਰਨਾ - ਕਟਦੀ ਜਮ ਫਾਸੀ ਜੀ,***
***ਜਪੁਜੀ ਦਾ ਪਾਠ ਕਰਕੇ -2, 2.***
***ਜਪੁਜੀ ਦਾ ਪਾਠ ਕਰਕੇ -2, 2.***
***ਕਟਦੀ ਜਮ ਫਾਸੀ ਜੀ,............ -2.***

*ਜਪੁਜੀ ਸੇਵ ਕਟਹਿ ਜਮਫਾਸੀ॥*
*ਬਹੁਰ ਮਿਲਹਿ ਪਦਵੀ ਅਬਿਨਾਸ਼ੀ।।* **ਸ਼੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ - 1207**

ਅਬਿਨਾਸ਼ੀ ਪਦਵੀ ਤਕ ਪਹੁੰਚ ਜਾਂਦਾ ਹੈ -

*ਅਸ ਸੰਜੋਗ ਰਹਿਤ ਹੈ ਸੋਈ॥*
*ਤੁਮ ਕਉ ਤਉ ਸਭਿ ਪ੍ਰਾਪਤਿ ਹੋਈ॥* **ਸ਼੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ - 1207**

ਕੋਈ ਆਸ ਕਰ ਲਓ, ਕੋਈ ਵਾਸ਼ਨਾ ਕਰ ਲਓ -

*ਐਸ ਸਮੈ ਤੇ ਜੋ ਚੁਕ ਜਾਈ॥*

***ਚੜਿ ਕਰਿ ਮੇਰੁ ਰਸਾਤਲ ਪਾਈ॥*** ***ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ - 1207***

ਜਿਹੜਾ ਹੁਣ ਚੁਕ ਜਾਏਗਾ! ਆਹ ਸੰਗਤ ਵਿਚ ਜਿੰਨੇ ਬੈਠੇ ਹੋ ਸਭ ਨੇ ਗਲ ਸੁਣੀ ਹੈ, ਬਚਨ ਸੁਣੇ ਨੇ, ਜਿਹੜਾ ਇਸ ਸਮੇਂ ਤੋਂ ਹੁਣ ਚੁਕ ਜਾਏਗਾ, ਸਮਝੋ ਪਹਾੜ ਦੀ ਚੋਟੀ ਤੇ ਚੜ੍ਹ ਕੇ ਖੱਡ ਵਿਚ ਗਿਰ ਗਿਆ।

***ਜਪੁਜੀ ਕੰਠ ਨਿਤਾਪ੍ਰਤਿ ਰਟੈ॥***
***ਜਨਮ ਜਨਮ ਕੇ ਕਲਮਲ ਕਟੈ॥*** ***ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ - 1207***

ਸਾਰੇ ਜਨਮਾਂ-ਜਨਮਾਂਤਰਾਂ ਦੇ ਪਾਪ ਕਟ ਜਾਣਗੇ।

ਇਕ ਪ੍ਰੇਮੀ ਸੀ ਸੰਗਰੂਰ ਦੇ ਰਹਿਣ ਵਾਲਾ, ਉਸ ਦਾ ਨਾਉਂ ਸੀ ਲਾਲ ਸਿੰਘ। ਉਹ ਚੜ੍ਹਾਈ ਕਰ ਗਿਆ ਤੇ ਜਦੋਂ ਉਸ ਨੂੰ ਲੈਣ ਵਾਸਤੇ ਆਏ, ਅੰਮ੍ਰਿਤ ਉਸ ਨੇ ਛਕਿਆ ਨਹੀਂ ਸੀ, ਕੇਵਲ ਜਪੁਜੀ ਸਾਹਿਬ ਪੜ੍ਹਦਾ ਹੁੰਦਾ ਸੀ। ਉਥੇ ਜਦੋਂ ਧਰਮਰਾਜ ਦੇ ਗਿਆ....., ਉਠ ਚਾਰਦਾ ਹੁੰਦਾ ਸੀ, ਜਪੁਜੀ ਸਾਹਿਬ ਪੜ੍ਹੀ ਜਾਂਦਾ ਹੁੰਦਾ, ਧਰਮਰਾਜ ਕਹਿੰਦਾ, ਇਹ ਲਾਲ ਸਿੰਘ ਨਹੀਂ ਸੀ ਲਿਆਉਣਾ, ਦੂਜਾ ਲਾਲ ਸਿੰਘ ਲਿਆਉਣਾ ਸੀ, ਜਾਓ ਮੋੜ ਆਓ ਇਸ ਨੂੰ। ਉਹ ਜਦੋਂ ਰਸਤੇ ਵਿਚ ਆਇਆ, ਉਸ ਨੇ ਇਕ ਕੌਤਕ ਦੇਖਿਆ ਕਮਾਲ ਦਰਜੇ ਦਾ। ਉਥੇ ਇਕ ਬੀਬੀ ਬੈਠੀ ਸੀ, ਉਹ ਕਹਿਣ ਲੱਗੀ, ਤੂੰ ਮਾਤ ਲੋਕ ਨੂੰ ਜਾ ਰਿਹਾ ਹੈਂ, ਮੇਰਾ ਇਕ ਸੁਨੇਹਾ ਲੈ ਜਾਵੀਂ। ਕਹਿੰਦੀ, ਉਥੇ ਮੇਰੇ ਪਤੀ ਗਏ ਹੋਏ ਨੇ। ਕਹਿੰਦਾ ਮੈਂ ਤਾਂ ਬੀਬੀ ਜਾਣਦਾ ਨਹੀਂ। ਕਹਿੰਦੀ ਉਹ ਸੰਤ ਮਸਤੂਆਣੇ ਵਾਲੇ ਕਹਾਉਂਦੇ ਨੇ। ਉਹ ਇਥੋਂ ਭੇਜ ਦਿਤੇ ਗਏ ਨੇ ਸੰਸਾਰ ਦਾ ਉਧਾਰ ਕਰਨ ਵਾਸਤੇ। ਮੈਂ ਇਥੇ ਇਕੱਲੀ ਹਾਂ, ਉਨ੍ਹਾਂ ਨੂੰ ਕਹਿ ਦਿਓ ਕਿ ਛੇਤੀ ਕੰਮ ਮੁਕਾ ਕੇ ਆ ਜਾਓ। ਉਹ ਜਿਸ ਵਕਤ ਇਥੇ ਆਇਆ, ਜੀਉਂਦਾ ਹੋ ਗਿਆ ਤਾਂ ਮਸਤੂਆਣੇ ਗਿਆ। ਮਹਾਰਾਜ ਜੀ ਨੂੰ ਜਾ ਕੇ ਸਾਰੀ ਬੇਨਤੀ ਕਰੀ ਕਿ ਸਚੇ ਪਾਤਸ਼ਾਹ! ਇਸ ਤਰ੍ਹਾਂ ਨਾਲ ਇਕ ਸੁਨੇਹਾ ਦਿਤਾ ਹੈ ਦਰਗਾਹ ਦੇ ਵਿਚੋਂ। ਉਹ ਕਹਿੰਦੇ, ਫੇਰ ਤੈਨੂੰ ਜਮਦੂਤਾਂ ਨੇ ਨਹੀਂ ਕੁਝ ਕਿਹਾ? ਕਹਿੰਦਾ, ਮਹਾਰਾਜ! ਅੰਮ੍ਰਿਤ ਤਾਂ ਮੈਂ ਛਕਿਆ ਨਹੀਂ ਸੀ ਪਰ ਮੈਂ ਜਪੁਜੀ ਸਾਹਿਬ ਪੜ੍ਹੀ ਜਾਂਦਾ ਸੀ। ਜਦੋਂ ਮੈਨੂੰ ਫੜਿਆ, ਕਹਿੰਦੇ, ਓਏ ਇਹ ਜਪੁਜੀ ਸਾਹਿਬ ਪੜ੍ਹਦਾ ਹੈ, ਇਸ ਨੂੰ ਹੱਥ ਨਾ ਲਾਇਓ, ਇਜ਼ਤ ਨਾਲ ਲੈ ਕੇ ਜਾਓ, ਗੁਰੂ ਨਾਨਕ ਦੀ ਬਾਣੀ ਪੜ੍ਹੀ ਹੈ ਇਸਨੇ।

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਤੀਸਰੇ ਪਾਤਸ਼ਾਹ ਮਹਾਰਾਜ ਨੇ ਜਦੋਂ ਬਾਉਲੀ ਸਾਹਿਬ ਦੀ ਰਚਨਾ ਕੀਤੀ,

ਕਹਿੰਦੇ, "ਕਿੰਨੀਆਂ ਪੌੜੀਆਂ ਬਣ ਗਈਆਂ ਪਿਆਰਿਓ?"

ਕਹਿੰਦੇ, "ਚੌਰਾਸੀ।"

ਕਹਿੰਦੇ, "ਜਾਉ, ਅੰਮ੍ਰਿਤ ਵੇਲੇ ਉਠ ਕੇ ਪਹਿਲਾਂ ਇਸ਼ਨਾਨ ਬਾਹਰ ਕਰੋ, ਫੁਰਨੇ ਰਹਿਤ ਹੋ ਕੇ ਸਣ ਕੇਸੀ ਟੁੱਭਾ ਮਾਰੋ। ਪਹਿਲੀ ਤੇ ਆ ਕੇ ਫੇਰ ਜਪੁਜੀ ਸਾਹਿਬ ਦਾ ਪਾਠ ਕਰੋ। ਫੇਰ ਚਲੇ ਜਾਓ, ਦੂਸਰਾ ਟੁੱਭਾ ਮਾਰੋ, ਇਸੇ ਤਰ੍ਹਾਂ 84 ਪੌੜੀਆਂ ਦੇ ਉਤੇ 84 ਪਾਠ ਜਿਹੜਾ ਕਰ ਲਏਗਾ, ਉਸ ਦੀ ਚੌਰਾਸੀ ਖਤਮ ਹੋ ਜਾਏਗੀ -

***ਬਾਰਿ ਚੁਰਾਸੀ ਕਰਹਿ ਸ਼ਨਾਨ।***
***ਇਤਨੇ ਜਪੁਜੀ ਪਾਠ ਬਖਾਨਿ।***
***ਸਤਿਗੁਰ ਮੂਰਤਿ ਕਰਿਕੈ ਧਯਾਨ।*** ***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 1572***

ਗੁਰੂ ਨਾਨਕ ਦੇ ਚਰਨਾਂ ਦਾ ਧਿਆਨ ਧਰ ਕੇ ਫੁਰਨੇ ਰਹਿਤ ਹੋ ਕੇ ਜਿਹੜਾ ਜਪੁਜੀ ਦੇ ਪਾਠ ਕਰ ਲਏਗਾ -

*ਮਿਟਹਿ ਚੁਰਾਸੀ ਆਵਨਿ ਜਾਨਿ॥* *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 1572*

ਉਸ ਦੀ ਚੌਰਾਸੀ ਖਤਮ ਹੋ ਜਾਏਗੀ।

*ਜਜੋਂ ਕਜੋਂ ਪਾਇ ਭਗਤਿ ਗੁਰ ਕੇਰੀ॥*
*ਮਿਟਹਿ ਜੂਨ ਤਿਹ ਭ੍ਰਮਨ ਕੁਫੇਰੀ॥* *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 1572*

ਸੋ ਜਦੋਂ ਗੁਰੂ ਨੌਵੇਂ ਪਾਤਸ਼ਾਹ ਮਹਾਰਾਜ ਸਰੀਰ ਛੱਡਣ ਲੱਗੇ ਤਾਂ ਆਪ ਨੇ ਜਲਾਦ ਨੂੰ ਕਿਹਾ ਕਿ ਮੈਂ ਹੁਣ 'ਜਪੁਜੀ ਸਾਹਿਬ' ਦਾ ਪਾਠ ਕਰਨਾ ਹੈ। ਤੁਹਾਡੀ ਜਿਹੜੀ ਤਲਵਾਰ ਹੈ ਇਹ ਕੱਚਾ ਧਾਗਾ ਨਹੀਂ ਕੱਟ ਸਕਦੀ। ਤੁਹਾਡੀ ਤਲਵਾਰ ਨਹੀਂ ਛੋਹ ਸਕਦੀ। ਅਸੀਂ 'ਜਪੁਜੀ ਸਾਹਿਬ' ਪੜ੍ਹਨਾ ਹੈ, ਪੜ੍ਹ ਕੇ ਜਦੋਂ ਅਸੀਂ ਸਿਰ ਨੀਵਾਂ ਕਰਾਂਗੇ, ਨਮਸ਼ਕਾਰ ਕਰਾਂਗੇ, ਉਸ ਤੋਂ ਬਾਅਦ ਜਦੋਂ ਅਸੀਂ ਉਪਰ ਉਠਾਂਗੇ, ਉਸ ਵੇਲੇ ਤੁਸੀਂ ਆਪਣੀ ਤਲਵਾਰ ਚਲਾ ਦਿਓ। ਆਹ ਕਾਗਜ਼ ਬੰਨ੍ਹ ਦਿਓ ਇਥੇ ਸਾਡੀ ਗਰਦਨ ਦੇ ਨਾਲ, ਤੇ ਨਾਲ ਧਾਗਾ ਬੰਨ੍ਹ ਦਿਓ, ਇਸ ਦੇ ਉਤੇ ਤਲਵਾਰ ਚਲਾਇਓ ਆਪਣੀ।"

ਧਾਗਾ ਬੰਨ੍ਹ ਦਿਤਾ ਤੇ ਮਹਾਰਾਜ ਜੀ ਨੇ 'ਜਪੁਜੀ ਸਾਹਿਬ' ਪੜ੍ਹਿਆ। ਪੜ੍ਹ ਕੇ ਜਦੋਂ -

*ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥*
*ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥* *ਪੰਨਾ - 6*

ਕਹਿ ਕੇ ਮਸਤਕ ਨਿਵਾਇਆ, ਇਸ ਤਰ੍ਹਾਂ ਉਪਰ ਹੋਏ, ਉਨ੍ਹਾਂ ਨੇ ਉਸ ਧਾਗੇ ਤੇ ਜਿਹੜਾ ਕਾਗਜ਼ ਬੰਨ੍ਹਿਆਂ ਹੋਇਆ ਸੀ ਉਸ ਦੇ ਉਤੇ ਤਲਵਾਰ ਚਲਾਈ ਤਾਂ ਸੀਸ ਭਾਈ ਜੈਤੇ ਦੀ ਗੋਦੀ ਵਿਚ ਚਲਿਆ ਗਿਆ - ਪਹਿਲਾਂ ਹੀ; ਤੇ ਹੈਰਾਨ ਹੋ ਗਏ ਕਿ ਸਾਡੀ ਤਲਵਾਰ ਨੇ ਤਾਂ ਕੱਚਾ ਧਾਗਾ ਨਹੀਂ ਕੱਟਿਆ ਤੇ ਸੀਸ ਕਿਵੇਂ ਕੱਟਿਆ ਗਿਆ?

ਸੋ ਜਪੁਜੀ ਸਾਹਿਬ ਦੀ ਮਹਾਨਤਾ ਮਹਾਰਾਜ ਨੇ ਬਹੁਤ ਦੱਸੀ ਹੈ। ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ - ਸੰਗਤਾਂ ਬੁਲਾ ਲਈਆਂ ਕਿ ਅਸੀਂ ਸਰੀਰ ਛੱਡਣਾ ਹੈ। ਸੰਗਤ ਉਦਾਸ ਹੋ ਗਈ ਕਿ ਬਾਬਾ ਜੀ! ਅਜੇ ਨਾ ਜਾਓ, ਅਜੇ ਨਾ ਜਾਓ। ਬਾਬਾ ਲਾਲ ਸਿੰਘ ਜੀ ਛੋਟੇ ਸੰਤ ਜਿਹੜੇ ਸੀ ਉਹ ਆ ਗਏ। ਕਹਿੰਦੇ, "ਬਾਬਾ ਜੀ! ਸੰਗਤਾਂ ਤੇ ਤਰਸ ਕਰੋ।"

ਕਹਿੰਦੇ, "ਭਾਈ ਲਾਲ ਸਿੰਘਾ! ਤਾਂ ਫੇਰ ਤੂੰ ਚਲਿਆ ਜਾਹ ਸਾਡੀ ਥਾਂ ਤੇ।"

*ਗੁਰਮੁਖਿ ਆਵੈ ਜਾਇ ਨਿਸੰਗੁ॥* *ਪੰਨਾ - 932*

ਤੇਰੇ ਦੋ ਸਾਲ, ਦੋ ਮਹੀਨੇ, ਦੋ ਦਿਨ ਰਹਿੰਦੇ ਨੇ, ਅਸੀਂ ਫੇਰ ਤੇਰੇ ਵੇਲੇ ਆ ਜਾਵਾਂਗੇ।"

ਕਹਿੰਦੇ, "ਠੀਕ ਹੈ ਮਹਾਰਾਜ।"

ਸਾਢੇ ਚਾਰ ਵਜੇ ਸਰੀਰ ਛੱਡਣਾ ਸੀ। ਚਾਰ ਵਜੇ ਬਾਬਾ ਲਾਲ ਸਿੰਘ ਜੀ ਆ ਗਏ, ਨਹਾ-ਧੋ ਕੇ, ਕਫਣ ਪਾ ਆਏ। ਉਥੇ ਬੈਠ ਕੇ ਬੜੇ ਵੈਰਾਗ ਦੇ ਸ਼ਬਦ ਪੜ੍ਹੇ, ਫੇਰ ਕਹਿਣ ਲਗੇ ਹੁਣ ਅਸੀਂ 'ਜਪੁਜੀ ਸਾਹਿਬ' ਦਾ ਪਾਠ ਕਰਦੇ ਹਾਂ। ਚੌਕੜਾ ਮਾਰ ਲਿਆ, 'ਜਪੁਜੀ ਸਾਹਿਬ' ਦਾ ਪਾਠ ਕਰਕੇ ਮ੍ਰਿਤਕ ਸਰੀਰ ਲਈ ਜੋ ਬਕਸਾ ਬਣਾਇਆ ਸੀ ਉਸ ਵਿਚ ਲੇਟ ਗਏ। ਉਸ ਬਕਸੇ ਨੂੰ ਮ੍ਰਿਤਕ ਸਰੀਰ ਸਮੇਤ ਜਲ ਪ੍ਰਵਾਹ ਕਰਨਾ ਸੀ।

*ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥*
*ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥* *ਪੰਨਾ - 6*

ਕਹਿ ਕੇ ਇਕ ਦਮ ਲੰਮੇ ਪੈ ਗਏ। ਬਾਬਾ ਕਰਮ ਸਿੰਘ ਜੀ ਕਹਿਣ ਲੱਗੇ, "ਦੇਖੋ ਭਾਈ!

ਲਾਲ ਸਿੰਘ ਹੋਰੀਂ ਚਲੇ ਗਏ ਜਾਂ ਹੈਂ ਅਜੇ।"

ਜਦੋਂ ਨਬਜ਼ ਨੂੰ ਹੱਥ ਲਾਇਆ, ਉਥੇ ਕੁਝ ਵੀ ਨਾ। ਸੋ ਇਹ ਜਪੁਜੀ ਸਾਹਿਬ ਅੰਤ ਸਮੇਂ ਸਹਾਇਤਾ ਕਰਦਾ ਹੈ, ਮਦਦ ਕਰਦੇ ਨੇ ਗੁਰੂ ਸਾਹਿਬ। ਜਿਹੜਾ ਸਿੱਖ ਗੁਰੂ ਦੀ ਮਦਦ ਹੀ ਨਹੀਂ ਚਾਹੁੰਦਾ, ਸਿੱਖ ਬਣਿਆ ਹੋਇਆ ਹੈ, ਉਸ ਦਾ ਕੀ ਫਾਇਦਾ।

***ਜਪੈ 'ਜਾਪ' ਤਨ ਤਾਪ ਖਪ........॥***

ਕਹਿੰਦੇ ਉਸ ਦੇ ਤਨ ਦੇ ਤਿੰਨੇ ਤਾਪ – ਆਧੀ, ਵਿਆਧੀ, ਉਪਾਧੀ, ਤਿੰਨੇ ਖਤਮ ਹੋ ਜਾਣਗੇ–

***..........ਆਰਬਲਾ ਵਧ ਜਾਇ॥***

ਉਮਰ ਵਧ ਜਾਏਗੀ ਉਸ ਦੀ।

***ਕਰਹਿ ਕਾਮਨਾ ਜਥਾ ਉਰ ਤਥਾ 'ਜਾਪ' ਤੇ ਪਾਇ।***

ਜਿਹੋ ਜਿਹਾ ਵੀ ਫੁਰਨਾ ਕਾਮਨਾ ਕਰਦਾ ਹੈ, ਉਹ ਜਾਪ ਕਰਨ ਦੇ ਨਾਲ ਮਿਲ ਜਾਏਗਾ।

***ਅਬ ਸੁਨੀਏ ਇਕ 'ਜਪ' ਪੜ੍ਹੈ, ਸਤਿਗੁਰ ਸਿਖ ਕੇ ਸੰਗ॥***
***ਭੁਗਤ ਮੁਕਤਿ ਬਖਸ਼ੀ ਗੁਰੂ, ਦਰਗਹਿ ਜਾਹਿ ਨਿਸੰਗ।***

ਜਦੋਂ 'ਜਪੁਜੀ ਸਾਹਿਬ' ਸ਼ੁਧ ਕਰਕੇ ਇਕ ਚਿੱਤ ਹੋ ਕੇ ਪੜ੍ਹ ਲਏਗਾ ਕਹਿੰਦੇ, ਨਿਸੰਗ ਹੋ ਕੇ ਦਰਗਾਹ 'ਚ ਜਾਂਦਾ ਹੈ ਤੇ ਗਤੀ ਕੀ ਪ੍ਰਾਪਤ ਹੁੰਦੀ ਹੈ –

***ਆਤਮ ਦਰਸੀ ਕੀ ਗਤੀ, ਪ੍ਰਾਪਤਿ ਤਿਸ ਕ ਹੋਇ।***

ਬ੍ਰਹਮਗਿਆਨੀ ਦੀ ਗਤੀ ਉਸ ਨੂੰ ਪ੍ਰਾਪਤ ਹੋ ਜਾਂਦੀ ਹੈ।

***ਰਹੈ ਸੰਗ ਤਿਹ ਸਤਿਗੁਰੂ..........॥***

ਗੁਰੂ ਉਸ ਦੇ ਨਾਲ ਹਮੇਸ਼ਾ ਹੀ ਰਹਿੰਦਾ ਹੈ।

***............. ਪਾਇ ਸਹਾਇਕ ਸੋਇ।***

ਸਹਾਇਕ ਮਿਲ ਗਿਆ ਨਾ ਗੁਰੂ –

***ਗੁਰੁ ਮੇਰੈ ਸੰਗਿ ਸਦਾ ਹੈ ਨਾਲੇ॥***
***ਸਿਮਰਿ ਸਿਮਰਿ ਤਿਸੁ ਸਦਾ ਸਮ੍ਾਲੇ॥*** ***ਪੰਨਾ – 394***

***ਜਿਉ ਧੰਨੇ ਕੀ ਧੇਨ ਕਉ ਠਾਕਰ ਚਾਰੇ ਨਿਤ॥***

ਜਿਵੇਂ ਗਊਆਂ ਚਾਰਦਾ ਸੀ ਵਾਹਿਗੁਰੂ ਧੰਨੇ ਦੀਆਂ –

***ਕਰਿ ਪ੍ਰਤੀਤ ਨਿਤ 'ਜਪ' ਪੜੇ, ਤਿਮ ਤਿਹ ਸਤਿਗੁਰ ਮਿਤ।***

ਜਿਹੜਾ ਪ੍ਰਤੀਤ ਕਰਕੇ, ਇਕ ਮਨ ਹੋ ਕੇ 'ਜਪੁਜੀ ਸਾਹਿਬ' ਪੜ੍ਹੇਗਾ, ਉਸ ਦੀਆਂ ਧੰਨੇ ਵਾਂਗ ਗਊਆਂ ਗੁਰੂ ਨਾਨਕ ਚਾਰੇਗਾ, ਸਾਰੇ ਕੰਮ ਗੁਰੂ ਨਾਨਕ ਕਰਨਗੇ ਉਨ੍ਹਾਂ ਦੇ।

***ਪੜੈ ਸੁਨੈ ਚਿਤ ਲਾਇ ਕੈ, ਜੋ ਲਿਖ ਦੇਯ ਸੁਪ੍ਰੀਤ।***

ਪ੍ਰੀਤ ਦੇ ਨਾਲ, ਚਿਤ ਲਾ ਕੇ ਜਿਹੜਾ ਪੜ੍ਹੇਗਾ –

***ਮਨ ਚਿੰਤਤ ਫਲ ਪਾਇ ਕੇ, ਤਰ ਹੈ ਸੁਖ ਭੈਭੀਤ॥***

ਆਪ ਵੀ ਤਰ ਜਾਏਗਾ ਤੇ ਦੂਜਿਆਂ ਨੂੰ ਵੀ ਤਾਰ ਦੇਵੇਗਾ। ਇਹ ਤਾਂ ਜਪੁਜੀ ਸਾਹਿਬ ਦੀ ਮੈਂ ਬੇਨਤੀ ਕਰੀ ਹੈ। ਜਿਹੜਾ ਨਿਤਨੇਮ ਕਰਦਾ ਹੈ, ਨਿਤਨੇਮ ਕਰਨਾ ਸਿਖ ਦੇ ਵਾਸਤੇ ਹੱਦ ਤੋਂ ਜ਼ਿਆਦਾ ਜ਼ਰੂਰੀ ਹੈ, ਨਹੀਂ ਤਾਂ ਮੈਲ ਪੈ ਜਾਇਆ ਕਰਦੀ ਹੈ ਤੇ ਉਸ ਦੇ ਬਾਰੇ ਇਸ ਤਰ੍ਹਾਂ ਫੁਰਮਾਨ ਹੈ –

***ਧਾਰਨਾ - ਕੱਟੇ ਜਾਣਗੇ ਚੌਰਾਸੀ ਵਾਲੇ ਗੇੜੇ,***
***ਨਿਤਨੇਮ ਕਰ ਲੈ ਬੰਦਿਆ -2, 2.***
***ਨਿਤਨੇਮ ਜੀ, ਕਰ ਲੈ ਪਿਆਰਿਆ -2, 2.***
***ਕੱਟੇ ਜਾਣਗੇ ਚੌਰਾਸੀ ਵਾਲੇ ਗੇੜੇ,...... -2.***

ਰਹਿਤਨਾਮੇ ਦੇ ਵਿਚ ਲਿਖਿਆ ਹੋਇਆ ਹੈ -

***ਵਾਹਿਗੁਰੂ ਪੁਨ ਮੰਤ੍ਰ ਸੁ ਜਾਪ।*** ***ਰਹਿਤਨਾਮਾ ਭਾਈ ਨੰਦ ਲਾਲ***

ਪਹਿਲਾਂ ਉਠ ਕੇ ਇਸਨਾਨ ਕਰੋ, ਉਸ ਤੋਂ ਬਾਅਦ ਵਾਹਿਗੁਰੂ ਮੰਤਰ ਜੋ ਪੰਜ ਪਿਆਰਿਆਂ ਨੇ ਦਿਤਾ ਹੈ ਉਸ ਦਾ ਜਾਪ ਸ਼ੁਰੂ ਕਰ ਲਓ।

***ਕਰ ਇਸਨਾਨ ਪੜ੍ਹੇ ਜਪੁ ਜਾਪੁ।*** ***ਰਹਿਤਨਾਮਾ ਭਾਈ ਨੰਦ ਲਾਲ***

'ਜਪੁਜੀ ਸਾਹਿਬ' ਤੇ 'ਜਾਪੁ ਸਾਹਿਬ' ਇਸ਼ਨਾਨ ਕਰਕੇ ਪੜ੍ਹੇ-

***ਸੰਧਿਆ ਸਮੇਂ ਸੁਨੇ ਰਹਿਰਾਸ।*** ***ਰਹਿਤਨਾਮਾ ਭਾਈ ਨੰਦ ਲਾਲ***

ਸ਼ਾਮ ਹੋ ਗਈ, ਸਾਰੇ ਕੰਮ ਛੱਡ ਕੇ 'ਰਹਿਰਾਸ' ਪੜ੍ਹੇ ਜਾਂ ਸੁਣੇ।

***ਕੀਰਤਨ ਕਥਾ ਸੁਨੈ ਹਰਿ ਜਾਸ।*** ***ਰਹਿਤਨਾਮਾ ਭਾਈ ਨੰਦ ਲਾਲ***

ਕੀਰਤਨ ਸੁਣੇ, ਕਥਾ ਹੁੰਦੀ ਹੈ ਕਥਾ ਸੁਣੇ।

***ਇਨ ਪੈ ਨੇਮ ਜੁ ਏਕ ਕਰਾਇ।*** ***ਰਹਿਤਨਾਮਾ ਭਾਈ ਨੰਦ ਲਾਲ***

ਇਕ ਵੀ ਨੇਮ ਜਿਹੜਾ ਇਨ੍ਹਾਂ ਵਿਚੋਂ ਕਰ ਲਏਗਾ -

***ਸੋ ਸਿਖ ਅਮਰਪੁਰੀ ਮਹਿ ਜਾਇ।*** ***ਰਹਿਤਨਾਮਾ ਭਾਈ ਨੰਦ ਲਾਲ***

ਉਹ ਗੁਰੂ ਦਸਵੇਂ ਪਾਤਸ਼ਾਹ ਪਾਸ ਜਾਏਗਾ ਤੇ ਜਿਹੜਾ ਨਹੀਂ ਕਰਦਾ -

***ਬਿਨਾ ਜਪੁ ਜਾਪੁ ਜਪੇ ਬਿਨੁ ਜੋ ਜੇਵਹਿ ਪ੍ਰਸਾਦਿ।*** ***ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ***

ਜਪੁਜੀ ਸਾਹਿਬ ਨਹੀਂ ਪੜ੍ਹਿਆ, ਜਾਪੁ ਸਾਹਿਬ ਨਹੀਂ ਪੜ੍ਹਿਆ, ਰੋਟੀ ਖਾਣ ਲੱਗ ਗਿਆ।

***ਸੋ ਬਿਸਟਾ ਕਾ ਕਿਰਮ ਹੁਇ, ਜਨਮ ਗਵਾਵੈ ਬਾਦ।***
***ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ***

ਕਹਿੰਦੇ ਗੰਦ ਦਾ ਕੀੜਾ ਹੈ ਉਹ। ਐਡਾ ਸਖਤ ਮਹਾਰਾਜ ਨੇ ਕਿਹਾ ਹੈ। ਸੋ ਇਸ ਦਾ ਮਹਾਤਮ ਕਿੰਨਾ ਹੈ ਸਾਧ ਸੰਗਤ ਜੀ! ਇਸ ਦੇ ਬਾਰੇ ਮੈਂ ਬੇਨਤੀ ਕਰਦਾ ਹਾਂ।

ਗੁਰੂ ਹਰਗੋਬਿੰਦ ਸਾਹਿਬ ਮਹਾਰਾਜ ਜਿਸ ਵਕਤ ਅੰਮ੍ਰਿਤਸਰ ਦਾ ਯੁੱਧ ਖਤਮ ਹੋ ਗਿਆ, ਉਸ ਵੇਲੇ ਆਪ ਨੇ ਭੀੜ-ਭਾੜ ਵਿਚੋਂ ਬਾਹਰ ਜਾਣ ਵਾਸਤੇ ਗੋਬਿੰਦਪੁਰਾ ਜਿਹੜਾ ਹੈ ਉਥੇ ਜਾਣ ਵਾਸਤੇ ਆਪ ਨੇ ਤਿਆਰੀ ਕਰ ਲਈ ਤੇ ਉਥੇ ਜਦੋਂ ਆਪ ਗਏ ਤਾਂ ਉਥੇ ਇਕ ਬੰਦਾ ਸੀ - ਭਗਵਾਨ ਦਾਸ ਕ੍ਰੇੜ। ਇਹ ਪਿੰਡ ਮਹਾਰਾਜ ਵਸਾ ਕੇ ਗਏ ਸੀ, ਇਸ ਨੇ ਮਹਾਰਾਜ ਜੀ ਦੀ ਗੈਰ-ਹਾਜਰੀ ਵਿਚ ਸਾਰੇ ਹੀ ਪਿੰਡ ਤੇ ਕਬਜ਼ਾ ਕਰ ਲਿਆ। ਮਹਾਰਾਜ ਉਥੇ ਚਲੇ ਗਏ। ਕਹਿੰਦਾ, "ਇਥੇ ਨਹੀਂ ਮੈਂ ਬੈਠਣ ਦੇਣਾ।"

ਮਹਾਰਾਜ ਕਹਿੰਦੇ, "ਭਾਈ! ਅਸੀਂ ਚੌਮਾਸਾ ਕਟਣਾ ਹੈ, ਸਾਡਾ ਪਿੰਡ ਹੈ, ਅਸੀਂ ਮੋਹੜੀ ਗੱਡੀ ਹੈ; ਤੂੰ ਇਹ ਕੀ ਕਰਦਾ ਹੈਂ?"

ਕਹਿੰਦਾ, "ਜੇ ਗੱਡੀ ਸੀ, ਤਾਂ ਮੈਂ ਪੱਟ ਦਿਤੀ। ਮੈਂ ਹੁਣ ਨਹੀਂ ਬੈਠਣ ਦੇਣਾ।"

ਅਹੰਕਾਰ ਬੜਾ ਜਬਰਦਸਤ ਸੀ ਉਸ ਦੇ ਮਨ ਵਿਚ ਕਿਉਂਕਿ ਅਬਦੁਲ ਖਾਂ ਦਾ ਸੂਬਾ ਜਲੰਧਰ ਜਿਹੜਾ ਸੀ ਉਸ ਦਾ ਮਿੱਤਰ ਸੀ। ਉਹ ਮਹਾਰਾਜ ਨੂੰ ਗਾਲ੍ਹਾਂ ਕੱਢਣ ਲੱਗ ਗਿਆ। ਸਿੰਘਾਂ ਨੂੰ ਆ

ਗਿਆ ਗੁੱਸਾ। ਪਹਿਲਾਂ ਤਾਂ ਜਿਵੇਂ ਕ੍ਰਿਸ਼ਨ ਮਹਾਰਾਜ 100 ਗਾਲ੍ਹਾਂ ਤੱਕ ਸ਼ਾਂਤ ਮਈ ਰਹੇ, ਮਹਾਰਾਜ ਚੁੱਪ ਕਰ ਰਹੇ, ਉਹ ਚਾਮ੍ਹਲਦਾ ਚਲਿਆ ਗਿਆ।

ਸਿੱਖ ਕਹਿੰਦੇ, "ਸੱਚੇ ਪਾਤਸ਼ਾਹ! ਗਾਲ੍ਹਾਂ ਕੱਢੀ ਜਾਂਦਾ ਹੈ।"

ਕਹਿੰਦੇ, "ਕੋਈ ਨਾ।" ਕਢਦਾ ਗਿਆ, ਕਢਦਾ ਗਿਆ, ਜਦੋਂ ਹਟਿਆ ਹੀ ਨਾ ਤਾਂ ਮਹਾਰਾਜ ਕਹਿੰਦੇ, "ਏਹਨੂੰ ਹਟਾਓ।"

ਐਨਾ ਹੀ ਕਹਿਣ ਦੀ ਦੇਰ ਸੀ, ਭਾਈ ਬਿਧੀ ਚੰਦ ਵਗੈਰਾ ਨੇ ਫੜ ਲਿਆ। ਜਿਉਂ-ਜਿਉਂ ਘਸੁੰਨ ਲਗਣ, ਤਿਉਂ ਤਿਉਂ ਗਾਲ੍ਹਾਂ ਹੋਰ ਕੱਢੇ। ਭਾਈ ਬਿਧੀ ਚੰਦ ਨੇ ਮੋਢੇ ਤੇ ਚੁਕਿਆ, ਵਗਾਹ ਕੇ ਦਰਿਆ ਵਿਚ ਮਾਰਿਆ। ਉਸ ਦਾ ਪੁੱਤਰ ਰਤਨ ਚੰਦ ਸੀ ਤੇ ਓਧਰਲੇ ਪਾਸੇ ਕਰਮ ਚੰਦ ਸੀ - ਚੰਦੂ ਦਾ ਪੁੱਤਰ, ਇਨ੍ਹਾਂ ਦੋਹਾਂ ਨੇ ਸਲਾਹ ਕਰੀ ਕਿ ਮੇਰੇ ਪਿਤਾ ਜੀ ਦਾ ਮਿੱਤਰ ਹੈ ਅਬਦੁਲ ਖਾਨ ਸੂਬਾ ਜਲੰਧਰ, ਉਸ ਕੋਲ ਚੱਲੀਏ। ਉਥੇ ਜਾ ਕੇ ਫਰਿਆਦੀ ਹੋਏ, 15,000 ਫੌਜ ਚਾੜ੍ਹ ਲਿਆਏ ਮਹਾਰਾਜ ਤੇ। ਇਕੋ ਹੀ ਦਿਨ ਵਿਚ ਮਹਾਰਾਜ ਨੇ ਸਾਰੀ ਹੀ ਫੌਜ ਨੂੰ ਖਤਮ ਕਰ ਦਿੱਤਾ - ਵਿਚ ਹੀ ਕਰਮ ਚੰਦ, ਵਿਚ ਹੀ ਰਤਨ ਚੰਦ, ਵਿਚ ਹੀ ਅਬਦੁਲ ਖਾਂ, ਚੁੱਕ ਕੇ ਦਰਿਆ ਵਿਚ ਸੁੱਟ ਦਿਤੇ।

ਉਸ ਤੋਂ ਬਾਅਦ ਜਿਹੜੇ ਮਰੇ ਹੋਏ ਸੀ ਮੁਸਲਮਾਨ, ਉਨ੍ਹਾਂ ਦੀਆਂ ਕਬਰਾਂ ਬਣਾ ਦਿੱਤੀਆਂ, ਹਿੰਦੂਆਂ ਦਾ ਸਸਕਾਰ ਕਰ ਦਿੱਤਾ ਤੇ ਉਸ ਦੇ ਉਤੇ ਦਮਦਮਾ ਬਣਾ ਦਿੱਤਾ ਮਹਾਰਾਜ ਨੇ। ਮਹਾਰਾਜ ਜੀ ਕਹਿਣ ਲੱਗੇ, "ਭਾਈ! ਰੂਹਾਂ ਭਟਕਦੀਆਂ ਨੇ, ਕੋਈ ਗੁਰਸਿੱਖ ਸੰਗਤ ਵਿਚੋਂ ਉਠੇ ਜਿਹੜਾ ਇਕ ਜਪੁਜੀ ਸਾਹਿਬ ਦਾ ਪਾਠ ਸਾਨੂੰ ਇਥੇ ਬੈਠ ਕੇ ਸੁਣਾ ਦੇਵੇ, ਸ਼ੁੱਧ ਪਾਠ ਹੋਵੇ।"

ਸ਼ੁਧ ਤੇ ਅਸ਼ੁਧ ਦਾ ਫਰਕ ਹੈ। ਬਾਣੀ ਅਸ਼ੁਧ ਪੜ੍ਹੀ ਸੀ ਗੁਰਸਿੱਖ ਨੇ -

***ਕਰਤੇ ਕੀ ਮਿਤਿ ਕਰਤਾ ਜਾਣੈ ਕੇ ਜਾਣੈ ਗੁਰੁ ਸੂਰਾ॥***
***ਪੰਨਾ - 930***

ਹੈ ਸੀ 'ਕੈ ਜਾਣੇ ਗੁਰ ਸੂਰਾ॥' ਉਸ ਦੇ ਚਪੇੜਾਂ ਪਈਆਂ। ਉਹ ਮਹਾਰਾਜ ਕੋਲ ਆ ਗਿਆ ਤੇ ਕਹਿੰਦਾ, "ਸੱਚੇ ਪਾਤਸ਼ਾਹ! ਤੇਰੀ ਬਾਣੀ ਸੁਣਿਆ ਹੈ, ਦਰਗਾਹ ਵਿਚ ਜਮਾਂ ਦੀ ਮਾਰ ਤੋਂ ਛੁਡਾਉਂਦੀ ਹੈ। ਮੈਨੂੰ ਤਾਂ ਇਥੇ ਦਖਣੀ ਓਅੰਕਾਰ ਪੜ੍ਹਦੇ ਨੂੰ ਤੇਰੇ ਸਿੱਖਾਂ ਨੇ ਚਪੇੜਾਂ ਮਾਰੀਆਂ।"

ਮਹਾਰਾਜ ਕਹਿੰਦੇ, "ਓ ਪਿਆਰਿਆ! ਇਹ ਬਾਣੀ ਤਾਂ ਮੇਰੇ ਅੰਗ ਨੇ, ਤੂੰ ਮੇਰੇ ਅੰਗ ਕਿੰਨੇ ਮਰੋੜੇ, ਤੂੰ ਮੇਰੇ ਅੰਗ ਕੱਟੇ, ਅਰਥ ਤੋਂ ਅਨਰਥ ਕੀਤਾ। ਜਿਹੜਾ ਤੂੰ ਪੜ੍ਹਦਾ ਸੀ - 'ਕਰਤੇ ਕੀ ਮਿਤਿ ਕਰਤਾ ਜਾਣੈ ਕੇ ਜਾਣੈ ਗੁਰੁ ਸੂਰਾ॥' ਇਸ ਦਾ ਮਤਲਬ ਹੈ, ਗੁਰੂ ਨੂੰ ਨਹੀਂ ਕਿਸੇ ਗੱਲ ਦਾ ਪਤਾ। ਲਿਖਿਆ ਹੋਇਆ ਹੈ -

.......... ***ਕੈ ਜਾਣੈ ਗੁਰੁ ਸੂਰਾ॥*** ***ਪੰਨਾ - 930'***

ਜਾਂ ਗੁਰੂ ਜਾਣਦਾ ਹੈ ਤੇ ਜਾਂ ਫੇਰ ਅਕਾਲ ਪੁਰਖ ਜਾਣਦਾ ਹੈ। ਜੇ ਗੁਰੂ ਹੀ ਨਹੀਂ ਜਾਣਦਾ, ਫੇਰ ਦੇਖ ਕਿੱਡਾ ਅਨਰਥ ਕਰ ਦਿੱਤਾ।"

ਮਹਾਰਾਜ ਕਹਿੰਦੇ ਕਿ ਸ਼ੁਧ ਪਾਠ ਸੁਣਾਓ। ਉਸ ਵੇਲੇ ਸੰਗਤ ਵਿਚੋਂ ਇਕ ਗੁਰਸਿਖ ਉਠਿਆ ਜਿਸ ਦਾ ਨਾਉ ਭਾਈ ਗੁਪਾਲਾ ਸੀ, ਫੈਜ਼ਾਬਾਦ ਦਾ ਰਹਿਣ ਵਾਲਾ ਸੀ। ਆ ਕੇ ਨਮਸ਼ਕਾਰ ਕਰ ਦਿੱਤੀ, ਪਾਤਸ਼ਾਹ! ਜੇ ਆਪ ਦਾ ਸਿਰ ਤੇ ਹੱਥ ਰਹੇ ਤਾਂ ਮੈਂ ਪਾਠ ਸੁਣਾਉਂਦਾ ਹਾਂ।

ਮਹਾਰਾਜ ਕਹਿੰਦੇ, "ਆ ਜਾ।" ਮਹਾਰਾਜ ਦਾ ਸਿੰਘਾਸਣ ਲੱਗਿਆ ਹੋਇਆ ਸੀ, ਮਹਾਰਾਜ ਕਹਿੰਦੇ, "ਗੁਰਸਿਖੋ! ਦੂਜਾ ਇਕ ਸਿੰਘਾਸਣ ਹੋਰ ਲਿਆਓ।" ਬਰਾਬਰ ਲਾ ਦਿੱਤਾ।

ਕਹਿੰਦੇ, "ਨਾ! ਇਸ ਨੂੰ ਸਾਥੋਂ ਉਚਾ ਕਰੋ, 2-2 ਇੱਟਾਂ ਰਖੋ ਇਸ ਦੇ ਥੱਲੇ।"

ਆਪ ਤੋਂ ਗਿੱਠ ਉਚਾ ਕਰਾ ਦਿਤਾ। ਕਹਿੰਦੇ ਇਸ ਦੇ ਉਤੇ ਬੈਠ ਕੇ ਇਸ ਨੇ ਗੁਰੂ ਨਾਨਕ ਦੀ ਬਾਣੀ ਪੜ੍ਹਨੀ ਹੈ। ਇਹ ਸਾਡੇ ਤੋਂ ਉਚਾ ਹੋਣਾ ਚਾਹੀਦਾ ਹੈ, ਬਾਣੀ ਦਾ ਅਦਬ ਸਿਖੋ। ਉਸ ਵੇਲੇ ਬਿਠਾ ਦਿੱਤਾ ਤੇ ਜਿਸ ਵਕਤ ਉਸ ਨੇ ਕਿਹਾ-

***ਪੂਰਬ ਕਹਿ 'ਇਕਿ ਓਅੰਕਾਰਾ'॥*** ***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 2981***

ਇਕਓਅੰਕਾਰ' ਜਿਸ ਵਕਤ ਉਸ ਨੇ ਕਿਹਾ।

***'ਸਤਿਨਾਮ' ਕੋ ਬਹੁਰ ਉਚਾਰਾ॥*** ***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 2981***

ਫੇਰ 'ਸਤਿਨਾਮ' ਕਿਹਾ।

***ਸ਼੍ਰੀ ਹਰਿਗੋਵਿੰਦ ਸੁਨਿ ਕਰ ਜੋਰਿ॥*** ***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 2981***

ਜਦੋਂ ਗੁਰੂ ਗਰਗੋਬਿੰਦ ਸਾਹਿਬ ਨੇ ਸੁਣਿਆ '੧ੴ ਸਤਿਨਾਮ' ਦੋਏ ਹੱਥ ਜੋੜ ਕੇ ਸਿੱਖ ਨੂੰ ਮੱਥਾ ਟੇਕ ਦਿੱਤਾ, ਨਮਸ਼ਕਾਰ ਕਰ ਦਿੱਤੀ ਕਿ ਸਿੱਖ ਹੁਣ ਬਾਣੀ ਪੜ੍ਹਨ ਲੱਗਿਆ ਹੈ।

***ਨਮਸਕਾਰ ਕੀਨੀ ਸਿਖ ਓਰਿ॥*** ***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 2981***

ਨਮਸ਼ਕਾਰ ਕਰ ਦਿੱਤੀ ਤੇ ਮਹਾਰਾਜ ਜਿਉਂ ਜਿਉਂ ਜਪੁਜੀ ਸਾਹਿਬ ਸੁਣਦੇ ਨੇ, ਸ਼ੁਧ ਉਚਾਰਨ, ਸ਼ੁੱਧ ਲਗਾਂ-ਮਾਤਰਾਂ, ਫੁਰਨੇ-ਰਹਿਤ ਪੜ੍ਹ ਰਿਹਾ ਹੈ, ਕੋਈ ਫੁਰਨਾ ਨਹੀਂ।

ਮਹਾਰਾਜ, ਵਾਹ! ਵਾਹ!! ਵਾਹ!!! ਵਾਹ!!!! ਕਰ ਰਹੇ ਨੇ ਤੇ ਜਿਸ ਵਕਤ ਪੂਰਾ ਜਪੁਜੀ ਸਾਹਿਬ ਪੜ੍ਹ ਕੇ 'ਕੇਤੀ ਛੁਟੀ ਨਾਲਿ' ਕਹਿਣ ਲੱਗਿਆ ਤਾਂ ਮਹਾਰਾਜ ਜੀ ਤਖਤ ਤੋਂ ਉਠ ਚਲੇ ਕਿ ਇਸ ਨੂੰ ਸਿਰੋਪਾ ਕੀ ਦੇਈਏ? ਪਹਿਲਾਂ ਮਹਾਰਾਜ ਨੇ ਸੋਚਿਆ ਕਿ ਇਸ ਨੂੰ ਮਾਇਆ ਦੇ ਦੇਈਏ ਬੇਅੰਤ ਪੁਸ਼ਤਾਂ ਤੱਕ। ਫੇਰ ਕਿਹਾ ਇਸ ਦੇ ਨਾਲ ਨਹੀਂ ਕੁਝ ਬਣਨਾ। ਇਸ ਨੂੰ ਰਿੱਧੀਆਂ-ਸਿਧੀਆਂ ਦੇ ਦੇਈਏ, ਕਹਿੰਦੇ ਇਸ ਦੇ ਨਾਲ ਵੀ ਕੁਝ ਨਹੀਂ ਬਣਨਾ। ਮਹਾਰਾਜ ਦੇ ਚਿਤ 'ਚ ਆਈ ਕਿ ਹੁਣ ਇਹ ਬੈਠਾ ਹੈ ਉਚੇ ਥਾਉਂ, ਅਸੀਂ ਉਤਰ ਜਾਂਦੇ ਹਾਂ ਤੇ ਇਸ ਨੂੰ ਨਮਸ਼ਕਾਰ ਕਰਕੇ ਗੁਰੂ ਨਾਨਕ ਦੀ ਗੱਦੀ ਦੇ ਦੇਈਏ। ਜਦੋਂ ਮਹਾਰਾਜ ਜੀ ਨੇ ਉਠ ਕੇ ਇਕ ਚਰਨ ਹੇਠਾਂ ਲਾਹ ਲਿਆ ਤੇ ਦੂਸਰਾ ਚੁੱਕਣ ਲੱਗੇ ਤਾਂ ਸਿੱਖ ਦੇ ਮਨ ਵਿਚ ਫੁਰਨਾ ਆਇਆ ਕਿ ਗੁਰੂ ਸਾਹਿਬ ਤਾਂ ਚੱਲੇ ਤੇ ਤਬੇਲੇ ਵਿਚ ਜਿਹੜਾ ਘੋੜਾ ਹੈ ਸਵਾ-ਲੱਖ ਦਾ ਉਸ ਦੇ ਉਤੇ ਕਾਠੀ ਵੀ ਸਾਰੀ ਸੋਨੇ ਦੀ ਹੈ ਤੇ ਉਪਰ ਝੁੱਲ ਵੀ ਸੋਨੇ ਦਾ ਹੈ, ਜੇ ਮਹਾਰਾਜ ਮੈਨੂੰ ਉਸ ਦਾ ਸਿਰੋਪਾ ਦੇ ਦੇਣ, ਫੇਰ ਠੀਕ ਹੈ। ਮਹਾਰਾਜ ਤਖਤ ਤੇ ਫੇਰ ਬੈਠ ਗਏ।

ਮਹਾਰਾਜ ਜੀ ਕਹਿਣ ਲੱਗੇ, "ਭਾਈ! ਘੋੜਾ ਖੋਲ੍ਹ ਕੇ ਲਿਆਓ, ਉਸ ਦੇ ਉਤੇ ਉਹ ਸਵਰਨ ਦੀ, ਸੋਨੇ ਦੀ ਕਾਠੀ ਤੇ ਝੁੱਲ ਪਾਓ ਤੇ ਇਸ ਗੁਰਸਿਖ ਨੂੰ ਦੇ ਦਿਓ।"

ਘੋੜਾ ਲੈ ਆਂਦਾ। ਕਹਿੰਦੇ, "ਗੁਰਸਿਖਾ! ਅਸੀਂ ਤੇਰੇ ਤੇ ਬਹੁਤ ਪ੍ਰਸੰਨ ਹਾਂ, ਬਹੁਤ ਪ੍ਰਸੰਨ ਹਾਂ ਕਿਉਂਕਿ ਤੂੰ 'ਜਪੁਜੀ ਸਾਹਿਬ' ਫੁਰਨੇ ਰਹਿਤ ਹੋ ਕੇ ਸ਼ੁਧ ਪੜ੍ਹਿਆ ਹੈ। ਅਸੀਂ ਤਾਂ ਤੈਨੂੰ ਗੁਰੂ ਨਾਨਕ ਪਾਤਸ਼ਾਹ ਦੀ ਗੱਦੀ ਦੇਣ ਲੱਗੇ ਸੀ ਪਰ ਤੇਰੀ ਕਿਸਮਤ ਵਿਚ ਹੈ ਨਹੀਂ ਸੀ, ਨਾ ਹੋਣ ਕਰਕੇ ਰਹਿ ਗਈ। ਅਸੀਂ ਤਾਂ ਤਖਤ ਛੱਡ ਦਿਤਾ ਸੀ ਆਪਣਾ, ਪੰਜ ਪੈਸੇ ਤੇ ਨਾਰੀਅਲ ਲਿਆ ਕੇ ਤੈਨੂੰ ਨਮਸ਼ਕਾਰ ਕਰ ਦੇਣੀ ਸੀ। ਸਿੱਖਾ! ਤੂੰ ਸ਼ੁੱਧ 'ਜਪੁਜੀ ਸਾਹਿਬ' ਪੜ੍ਹਿਆ ਹੈ ਤੇ ਤੈਨੂੰ ਅੱਜ ਹੁਣੇ ਗੁਰੂ ਨਾਨਕ ਬਣਾ ਦੇਣਾ ਸੀ।"

ਸੋ ਹੁਣ ਅਸੀਂ ਕਹਿੰਦੇ ਹਾਂ ਕਿ ਮੇਰੇ ਤਾਂ ਜਪੁਜੀ ਸਾਹਿਬ ਯਾਦ ਨਹੀਂ ਹੈ। ਕਿੰਨੀ ਵੱਡੀ ਗੱਲਤ ਗੱਲ ਹੈ। ਸੋ ਮਹਾਰਾਜ ਕਹਿੰਦੇ, ਯਾਦ ਕਰੋ, ਤੁਸੀਂ ਆਏ ਹੀ ਇਸ ਕੰਮ ਵਾਸਤੇ ਹੋ -

***ਧਾਰਨਾ - ਸੁਣਨ ਪੜ੍ਹਨ ਕੋ ਬਾਣੀ ਆਇਓ -2, 2.***

ਸੋ ਸਾਡਾ ਸੰਸਾਰ ਤੇ ਆਉਣਾ ਹੀ ਇਸ ਵਾਸਤੇ ਹੋਇਆ ਹੈ - ਬਾਣੀ ਪੜ੍ਹਨੀ, ਬਾਣੀ ਸੁਣਨੀ, ਬਾਣੀ ਦੀ ਵਿਚਾਰ ਕਰਨੀ, ਬਾਣੀ ਨੂੰ ਹਿਰਦੇ ਵਿਚ ਧਾਰਨ ਕਰਨਾ; ਦੇਵਤੇ ਤਾਂ ਕੀ, ਤੁਸੀਂ ਤਾਂ ਗੁਰੂ ਨਾਨਕ ਦਾ ਰੂਪ ਹੋ ਜਾਓਂਗੇ-

***ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ॥***
***ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ॥***

***ਪੰਨਾ - 1375***

ਸੋ ਬਾਣੀ ਹਾਜਰ ਨਾਜਰ ਜਾਣ ਕੇ ਪੜ੍ਹਨੀ ਚਾਹੀਦੀ ਹੈ, ਇਹੀ ਨਹੀਂ ਕਿ ਬਾਣੀ ਪੜ੍ਹ ਲਈ, ਫੇਰ ਵੀ ਗੁਰੂ ਨੂੰ ਹਰ ਵਕਤ ਯਾਦ ਰੱਖਣਾ ਚਾਹੀਦਾ ਹੈ ਕਿਉਂਕਿ ਬਾਣੀ ਦਸਦੀ ਹੈ-

***ਊਠਤ ਬੈਠਤ ਸੋਵਤ ਨਾਮ॥***
***ਕਹੁ ਨਾਨਕ ਜਨ ਕੈ ਸਦ ਕਾਮ॥*** ***ਪੰਨਾ - 286***

ਉਠਦੇ ਹੋਏ, ਬੈਠਦੇ ਹੋਏ, ਸੁੱਤੇ ਹੋਏ ਯਾਦ ਰੱਖਣਾ ਹੈ -

ਇਕ ਵਾਰੀ ਇਕ ਸੂਫੀ ਪੀਰ ਮਸਜਿਦ ਵਿਚ ਜਾ ਵੜਿਆ, ਉਥੇ ਨਿਵਾਜੀ ਨਿਵਾਜ ਪੜ੍ਹ ਰਹੇ ਸੀ। ਉਹ ਕੋਲ ਦੀ ਲੰਘਦਾ ਹੈ ਤੇ ਕਹਿੰਦਾ, ਕਾਫਰ ਨਿਵਾਜ਼ ਪੜ੍ਹਦੇ ਨੇ, ਕਾਫਰ ਨਿਵਾਜ਼ ਪੜ੍ਹਦੇ ਨੇ, ਕਹਿੰਦਾ-ਕਹਿੰਦਾ ਹੀ ਚਲਿਆ ਗਿਆ। ਉਥੇ ਬਾਦਸ਼ਾਹ ਵੀ ਨਿਮਾਜ਼ ਪੜ੍ਹਦਾ ਸੀ, ਸ਼ਾਹੀ ਮਸਜਿਦ ਸੀ। ਉਸ ਤੋਂ ਬਾਅਦ ਮੁਲਾਣਿਆਂ ਨੇ ਕਿਹਾ, ਬਾਦਸ਼ਾਹ ਸਲਾਮਤ! ਦੇਖਿਆ ਸੀ ਤੁਸੀਂ ਉਹ ਮਸਤਾਨਾ ਜਿਹਾ ਕਾਫਰ-ਕਾਫਰ ਕਹਿੰਦਾ ਗਿਆ ਸਾਨੂੰ? ਜਦੋਂ ਅਸੀਂ ਨਿਵਾਜ਼ ਪੜ੍ਹਦੇ ਹਾਂ ਫੇਰ ਅਸੀਂ ਕਾਫਰ ਕਿਉਂ ਹਾਂ? ਕਾਫਰ ਉਹ ਨੇ ਜਿਹੜੇ ਨਿਵਾਜ਼ ਨਹੀਂ ਪੜ੍ਹਦੇ।"

ਬਾਦਸ਼ਾਹ ਚੁੱਪ ਕਰ ਰਿਹਾ ਕਿ ਸੰਤਾਂ ਦੀ ਮੌਜ ਹੁੰਦੀ ਹੈ, ਪਤਾ ਨਹੀਂ ਕਿਉਂ ਕਿਹਾ ਹੈ। ਫੇਰ ਦੂਜੇ ਦਿਨ ਕੀ ਹੋਇਆ, ਇਕ ਮੁਰਦਾ ਆਉਂਦਾ ਹੈ, ਸਾਰੇ ਲੋਕ ਖੜ੍ਹੇ ਹੋ ਗਏ, ਮੱਥਾ ਟੇਕਣ ਲੱਗ ਗਏ ਕਿ ਸੰਸਾਰ 'ਚ ਇਸ ਦੀ ਯਾਤਰਾ ਖਤਮ ਹੋ ਗਈ, ਹੁਣ ਅੰਤਮ ਸਫਰ ਕਰ ਰਿਹਾ ਹੈ। ਇਹ ਲੰਮਾ ਪੈ ਗਿਆ। ਇਸ ਦੀ ਫੇਰ ਸ਼ਿਕਾਇਤ ਹੋ ਗਈ। ਕਹਿੰਦੇ ਜੀ! ਉਹ ਜਿਹੜਾ ਪੀਰ ਹੈ, ਸੂਫੀ ਫਕੀਰ ਹੈ, ਉਹ ਲੰਮਾ ਪੈ ਗਿਆ ਮੁਰਦੇ ਨੂੰ ਦੇਖ ਕੇ, ਜਦੋਂ ਕਿ ਖੜ੍ਹਾ ਹੋਣਾ ਚਾਹੀਦਾ ਸੀ। ਫੇਰ ਤੀਸਰੀ ਵਾਰੀ ਇਕ ਮੁਸਲਮਾਨ ਲੱਗਿਆ ਰੋਟੀ ਦੇਣ। ਉਹ ਕਹਿੰਦਾ, ਮੈਂ ਨਹੀਂ ਲੈਂਦਾ ਤੈਥੋਂ ਰੋਟੀ, ਭਿੱਟੀ ਹੋਈ ਰੋਟੀ ਹੈ। ਇਕ ਹਿੰਦੂ ਨੇ ਕਿਹਾ, ਪੀਰ ਜੀ! ਫਕੀਰ ਸਾਂਈ!! ਪ੍ਰਸ਼ਾਦਾ ਲੈ ਲਓ। ਦੋਏ ਹੱਥ ਕਰਕੇ ਲੈ ਲਿਆ।

ਚੌਥੀ ਵਾਰੀ ਕੀ ਹੋਇਆ, ਇਕ ਸੁਨਿਆਰੇ ਦੀ ਦੁਕਾਨ ਤੇ ਚਲਿਆ ਗਿਆ। ਉਥੇ ਜਾ ਕੇ ਉਂਗਲੀ ਅੱਗੇ ਕਰ ਲਈ, ਕਹਿੰਦਾ, "ਓ ਸੁਨਿਆਰਾ! ਖੁਦਾ ਕੀ ਚੀਚੀ ਸੇ ਮੁੰਦਰੀ ਨਿਕਾਲੋ।" ਉਥੇ ਬੈਠੇ ਸੀ ਮੁਲਾਣੇ, ਉਨ੍ਹਾਂ ਨੇ ਸੁਣ ਲਿਆ। ਕਹਿੰਦੇ ਮਹਾਰਾਜ! ਤੁਸੀਂ ਤਾਂ ਚੁਪ ਹੋ, ਉਹ ਤਾਂ ਬਿਲਕੁਲ ਹੀ ਕੁਫਰ ਬੋਲ ਰਿਹਾ ਹੈ।"

ਬਾਦਸ਼ਾਹ ਨੇ ਬੁਲਾ ਲਿਆ, ਕਹਿੰਦੇ, " ਫਕੀਰ ਸਾਈਂ! ਤੇਰੀ ਸ਼ਕਾਇਤ ਆਈ ਹੈ।"

ਕਹਿੰਦੇ, "ਕੀ ਸ਼ਕਾਇਤ ਆਈ ਹੈ?"

ਕਹਿੰਦੇ, "ਚਾਰ ਸ਼ਕਾਇਤਾਂ ਨੇ, ਇਕੱਲੀ-ਇਕੱਲੀ ਦਾ ਜਵਾਬ ਦੇਈ ਜਾ। ਪਹਿਲੀ ਸ਼ਕਾਇਤ ਹੈ ਕਿ

ਤੂੰ ਮਸਜਿਦ ਜਾ ਕੇ ਨਿਵਾਜੀਆਂ ਨੂੰ ਕਿਹਾ ਕਿ ਸਭ ਕਾਫਰ ਨੇ।"

ਕਹਿੰਦੇ, "ਹਾਂ, ਇਹ ਕਾਫਰ ਹੀ ਸੀ, ਤਾਂ ਹੀ ਕਿਹਾ ਹੈ।"

ਕਹਿੰਦਾ, "ਕਿਉਂ?"

ਕਹਿੰਦੇ, "ਬਾਦਸ਼ਾਹ! ਤੇਰੇ ਕਿੰਨੇ ਲੜਕੇ ਨੇ?"

ਕਹਿੰਦਾ, "ਮੇਰੇ ਦੋ ਲੜਕੇ ਨੇ।"

ਕਹਿੰਦੇ, "ਵੱਡਾ ਕਿੱਥੇ ਹੈ?"

ਕਹਿੰਦਾ, "ਵੱਡਾ ਤਾਂ ਪਰਦੇਸ ਵਿਚ ਹੈ।"

ਕਹਿੰਦੇ, "ਛੋਟਾ?"

ਕਹਿੰਦਾ, "ਛੋਟਾ ਮੇਰੇ ਕੋਲ ਹੈ।"

ਕਹਿੰਦੇ, "ਵੱਡੇ ਨੂੰ ਦਿਨ ਵਿਚ ਕਿੰਨੀ ਵਾਰੀ ਯਾਦ ਕਰਦਾ ਹੁੰਦਾ ਹੈਂ?"

ਕਹਿੰਦਾ, "ਦੋ ਵਾਰੀ, ਕਦੇ ਚਾਰ ਵਾਰੀ, ਕਦੇ ਪੰਜ ਵਾਰੀ।"

ਕਹਿੰਦੇ, "ਛੋਟੇ ਨੂੰ?"

ਕਹਿੰਦਾ, "ਜੇ ਇਹ ਅੱਖਾਂ ਤੋਂ ਓਹਲੇ ਹੋ ਜਾਵੇ, ਉਸੇ ਵੇਲੇ ਮੈਂ ਪਤਾ ਕਰਦਾ ਹਾਂ ਕਿ ਕਾਕਾ ਕਿਥੇ ਗਿਆ, ਸ਼ਹਿਜ਼ਾਦਾ ਕਿਥੇ ਗਿਆ ਦੇਖੋ। ਉਹ ਤਾਂ ਹਰ ਵਕਤ ਹੀ ਯਾਦ ਰਹਿੰਦਾ ਹੈ।"

ਕਹਿੰਦੇ, "ਫੇਰ ਮੈਂ ਏਹੀ ਕਿਹਾ ਹੈ ਕਿ ਤੁਸੀਂ ਪੰਜ ਵਾਰੀ ਖੁਦਾ ਨੂੰ ਯਾਦ ਕਰਦੇ ਹੋ; ਕਾਫਰੋ! ਸਾਰਾ ਦਿਨ ਯਾਦ ਕਰੋ।"

***ਊਠਤ ਬੈਠਤ ਸੋਵਤ ਨਾਮ॥***
***ਕਹੁ ਨਾਨਕ ਜਨ ਕੈ ਸਦ ਕਾਮ॥*** ***ਪੰਨਾ - 286***

ਕਹਿੰਦੇ, "ਇਹ ਤਾਂ ਕਾਫਰ ਨੇ, ਭੁੱਲੇ ਰਹਿੰਦੇ ਨੇ; ਨਿਵਾਜ਼ ਕਿੰਨੇ ਕੁ ਚਿਰ ਲਈ ਹੈ?"

ਸੋ ਇਸੇ ਤਰ੍ਹਾਂ ਪੰਜ ਬਾਣੀਆਂ ਤਾਂ ਅਸੀਂ ਪੜ੍ਹ ਲਈਆਂ, ਬਾਕੀ ਦਿਨ ਅਸੀਂ ਰੱਬ ਨੂੰ ਭੁੱਲੇ ਰਹੇ, ਇਹ ਵੀ ਗੱਲ ਅੱਛੀ ਨਹੀਂ ਹੈ।

ਦੂਸਰਾ ਕਹਿੰਦੇ, "ਤੂੰ ਮੁਰਦੇ ਦੇ ਆਏ ਤੇ ਲੇਟ ਕਿਉਂ ਗਿਆ?"

ਕਹਿੰਦੇ, "ਬਾਦਸ਼ਾਹ! ਫਕੀਰ ਜਿਹੜਾ ਹੁੰਦਾ ਹੈ ਇਹ ਮੁਰਦਾ ਹੁੰਦਾ ਹੈ, ਇਸ ਨੇ ਕਫਨੀ ਪਹਿਨੀ ਹੁੰਦੀ ਹੈ। ਮੇਰੇ ਆਹ ਕਫਨ ਪਾਇਆ ਹੋਇਐ, ਮੈਂ ਵੀ ਮੁਰਦਾ ਹਾਂ। ਮੁਰਦੇ ਦੇ ਸਿਰ ਤੇ ਟੋਪੀ ਹੁੰਦੀ ਹੈ, ਮੇਰੇ ਸਿਰ ਤੇ ਵੀ ਟੋਪੀ ਹੈ। ਇਹ ਜਦੋਂ ਮੁਰਦਾ ਆਇਆ, ਮੈਂ ਕਿਹਾ, ਓਏ ਮੁਰਦਿਆ! ਤੂੰ ਤਾਂ ਜਾਗਦਾ ਹੈਂ, ਗੱਲਾਂ ਮਾਰਦਾ, ਗਪੌੜੇ ਮਾਰਦਾ ਹੈਂ, ਆਹ ਦੇਖ ਤੂੰ ਅਰਥੀ ਤੇ ਪਿਆ ਹੈਂ। ਇਸ ਨੂੰ ਦੇਖ ਕੇ ਮੈਂ ਵੀ ਪੈ ਗਿਆ ਕਿ ਮੈਂ ਵੀ ਮੁਰਦਾ ਹਾਂ। ਮੈਂ ਤਾਂ ਆਪਣੇ ਆਪ ਨੂੰ ਧ੍ਰਿਕਾਰ ਪਾਈ ਕਿ ਤੂੰ ਜੀਉਂਦਾ ਬਣਿਆ ਫਿਰਦਾ ਹੈਂ, ਤੂੰ ਪਾਈ ਹੋਈ ਹੈ ਕਫਨੀ; ਕਫਨੀ ਪਹਿਨ ਕੇ ਤੂੰ ਫੇਰ ਜੀਉਂਦਾ ਹੈਂ, ਤਾਂ ਮੈਂ ਪੈ ਗਿਆ।"

ਕਹਿੰਦੇ, "ਹਿੰਦੂ ਤੋਂ ਰੋਟੀ ਲੈ ਲਈ, ਮੁਸਲਮਾਨ ਤੋਂ ਨਾ ਲਈ?"

ਕਹਿੰਦੇ, "ਮੁਸਲਮਾਨ ਦਾ ਰਾਜ ਹੈ, ਹੰਕਾਰੀ ਹੋਏ ਹੋਏ ਨੇ, ਹੰਕਾਰਿਆ ਹੋਇਆ ਬੰਦਾ ਹੈ।"

***ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ॥***
***ਪੰਨਾ - 1089***

ਕਹਿੰਦੇ, "ਉਹ ਤਾਂ ਰੱਬ ਨੂੰ ਨਹੀਂ ਭਾਉਂਦਾ। ਇਹ ਗਰੀਬ ਨੇ, ਰੱਬ ਨੂੰ ਯਾਦ ਕਰਦੇ ਨੇ, ਇਸ ਕਰਕੇ ਮੈਂ ਰੋਟੀ ਲੈ ਲਈ।"

ਕਹਿੰਦੇ, "ਫੇਰ ਸੁਨਿਆਰ ਨੂੰ ਤੂੰ ਕਿਉਂ ਕਿਹਾ ਕਿ ਖੁਦਾ ਦੀ ਚੀਚੀ ਵਿਚੋਂ ਮੁੰਦਰੀ ਕੱਢ ਲੈ?"

ਕਹਿੰਦੇ, "ਬਾਦਸ਼ਾਹ! ਇਹ ਰਾਜ ਕਿਸ ਦਾ ਹੈ?"

ਕਹਿੰਦਾ, "ਖੁਦਾ ਦਾ।"

ਕਹਿੰਦੇ, "ਆਹ! ਰਾਣੀਆਂ ਵਗੈਰਾ ਕਿਸ ਦੀਆਂ ਹਨ?"

ਕਹਿੰਦਾ, "ਖੁਦਾ ਦੀਆਂ।"

ਕਹਿੰਦੇ, "ਤੇਰਾ ਸਰੀਰ ਕਿਸ ਦਾ ਹੈ?"

ਕਹਿੰਦਾ, "ਖੁਦਾ ਦਾ।"

ਕਹਿੰਦੇ, "ਤੇਰਾ ਹੱਥ ਕਿਸ ਦਾ ਹੈ?"

ਕਹਿੰਦਾ, "ਖੁਦਾ ਦਾ।"

ਕਹਿੰਦੇ, "ਉਂਗਲੀ ਕਿਸ ਦੀ ਹੈ?"

ਕਹਿੰਦਾ, "ਖੁਦਾ ਦੀ।"

ਕਹਿੰਦੇ, "ਫੇਰ ਮੈਂ ਏਹੀ ਗੱਲ ਕਹੀ ਸੀ ਕਿ ਖੁਦਾ ਕੀ ਉਂਗਲੀ ਸੇ ਮੁੰਦਰੀ ਨਿਕਾਲੋ।"

ਸੋ ਕਹਿੰਦੇ ਵੱਡੀ ਗੱਲ ਬਾਦਸ਼ਾਹ ਯਾਦ ਰੱਖਣ ਦੀ ਹੁੰਦੀ ਹੈ, ਹਰ ਵਕਤ ਯਾਦ ਰਖੋ। ਜਦੋਂ ਹਰ ਵਕਤ ਯਾਦ ਰਖਦਾ ਹੈ ਉਸ ਵੇਲੇ ਪਾਠ ਦਾ ਪੂਰਾ ਫਲ ਮਿਲਿਆ ਕਰਦਾ ਹੈ।

ਗੁਰੂ ਦਸਵੇਂ ਪਾਤਸ਼ਾਹ ਦੇ ਪਾਸ ਸੰਗਤ ਆਈ ਤੇ ਕੁਝ ਸਿੱਖਾਂ ਨੇ ਬੇਨਤੀ ਕਰੀ। ਕਹਿਣ ਲੱਗੇ, "ਪਾਤਸ਼ਾਹ! ਅਸੀਂ ਸੁਣਿਆ ਹੈ ਕਿ ਬਾਣੀ ਵਿਚ ਅਮਲ ਹੈ ਪਰ ਸਾਨੂੰ ਤਾਂ ਹੁੰਦਾ ਨਹੀਂ।"

ਮਹਾਰਾਜ ਕਹਿੰਦੇ, "ਤੁਸੀਂ ਬਾਣੀ ਪੜ੍ਹਦੇ ਨਹੀਂ ਹੋ।"

ਕਹਿੰਦੇ, "ਮਹਾਰਾਜ! ਇਕ ਨਹੀਂ, ਨੌਂ-ਨੌਂ ਬਾਣੀਆਂ ਪੜ੍ਹਦੇ ਹਾਂ।"

ਮਹਾਰਾਜ ਕਹਿੰਦੇ, "ਤੁਸੀਂ ਪੜ੍ਹਦੇ ਨਹੀਂ ਭਾਈ! ਜਿਵੇਂ ਗੁਰੂ ਨਾਨਕ ਪਾਤਸ਼ਾਹ ਨੇ ਦੱਸਿਆ ਹੈ, ਉਵੇਂ ਨਹੀਂ ਤੁਸੀਂ ਪੜ੍ਹਦੇ। ਗੁਰੂ ਨਾਨਕ ਪਾਤਸ਼ਾਹ ਤਾਂ ਇਹ ਕਹਿੰਦੇ ਨੇ ਕਿ ਜਿਹੜਾ 'ਜਪੁਜੀ ਸਾਹਿਬ' ਇਕ ਚਿਤ ਹੋ ਕੇ ਪਿਆਰ ਨਾਲ ਪੜ੍ਹ ਲਏਗਾ, ਪੰਜ ਬਾਣੀਆਂ ਤਾਂ ਦੂਰ ਰਹੀਆਂ, ਉਸ ਨੂੰ ਵੀ ਨਸ਼ਾ ਚੜ੍ਹ ਜਾਂਦਾ ਹੈ।"

***ਧਾਰਨਾ - ਚੜ੍ਹੀ ਰਹੇ ਦਿਨ ਰਾਤ,***
***ਨਾਮ ਖੁਮਾਰੀ, ਨਾਮ ਖੁਮਾਰੀ -2, 2.***
***ਚੜ੍ਹੀ ਰਹੇ ਦਿਨ ਰਾਤ,***
***ਨਾਮ-ਖੁਮਾਰੀ, ਨਾਮ ਖੁਮਾਰੀ -2, 2.***

***ਪੋਸਤ ਮਦ ਅਫੀਮ ਭੰਗ ਉਤਰ ਜਾਏ ਪਰਭਾਤਿ॥*** ***ਜਨਮ ਸਾਖੀ***

ਇਹ ਚਾਰ ਨਸ਼ੇ ਨੇ ਜੋ ਰਾਤ ਦੇ ਪੀਤੇ ਹੋਏ ਸਵੇਰੇ ਤੋੜ ਲਾਉਂਦੇ ਨੇ।

***ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ॥***

ਕਹਿੰਦੇ, "ਤੁਸੀਂ ਕਹਿੰਦੇ ਹੋ ਰਸ ਨਹੀਂ ਆਉਂਦਾ। ਤੁਸੀਂ ਬਾਣੀ ਨਹੀਂ ਪੜ੍ਹਦੇ।"

ਕਹਿੰਦੇ, "ਪਾਤਸ਼ਾਹ! ਅਸੀਂ ਤਾਂ ਅੱਠ-ਅੱਠ, ਨੌਂ-ਨੌਂ ਬਾਣੀਆਂ ਪੜ੍ਹਦੇ ਹਾਂ।"

ਮਹਾਰਾਜ ਨੇ ਜੁਗਤ ਨਾਲ ਸਮਝਾਉਣ ਵਾਸਤੇ ਲਾਂਗਰੀ ਨੂੰ ਕਿਹਾ ਕਿ ਇਕ ਬਾਲਟੀ ਸੁਖ-ਨਿਧਾਨ ਦੀ ਲੈ ਆ, ਨਾਲ ਬਾਟੇ ਲੈ ਆਈਂ ਵੱਡੇ ਤੇ ਕੁਝ ਛੋਟੇ। ਵੱਡਿਆਂ ਨੂੰ ਭਰ ਦਿੱਤੇ, ਛੋਟਿਆਂ ਨੂੰ ਦੋ-ਦੋ ਘੁਟਾਂ ਪੁਆ ਦਿੱਤੀਆਂ। ਛੋਟਿਆਂ ਨੂੰ ਕਹਿੰਦੇ ਉਥੇ ਬੈਠ ਕੇ ਪੀ ਲਓ। ਵੱਡਿਆਂ ਨੂੰ ਕਹਿੰਦੇ, ਉਥੇ ਚਲੇ ਜਾਓ, ਕੁਰਲੀਆਂ ਕਰੀ ਜਾਓ, ਦੇਖਿਓ ਇਕ ਕਤਰਾ ਨਾ ਅੰਦਰ ਜਾਵੇ। ਜਦੋਂ ਕੰਮ ਖਤਮ ਕਰਕੇ ਆ ਗਏ, ਕਹਿੰਦੇ –

"ਕਿਉਂ ਭਾਈ! ਨਸ਼ਾ ਹੋਇਆ?"

ਕਹਿੰਦੇ, "ਸੱਚੇ ਪਾਤਸ਼ਾਹ! ਨਸ਼ਾ ਕਾਹਦਾ? ਤੁਸੀਂ ਤਾਂ ਕਿਹਾ ਸੀ ਕੁਰਲੀਆਂ ਕਰ ਲਓ।"

ਦੂਜਿਆਂ ਨੂੰ ਕਹਿੰਦੇ, "ਕਿਉਂ ਬਈ! ਤੁਸੀਂ 2-2 ਘੁੱਟ ਪੀਤੇ ਸੀ, ਤੁਹਾਨੂੰ ਨਸ਼ਾ ਹੋਇਆ?"

ਕਹਿੰਦੇ, "ਹਾਂ ਮਹਾਰਾਜ! ਸਾਡੇ ਤਾਂ ਸਿਰ ਘੁੰਮਣ ਲੱਗ ਗਏ।"

ਮਹਾਰਾਜ ਕਹਿੰਦੇ, "ਪ੍ਰੇਮੀਓ! ਦੇਖੋ, ਇਨ੍ਹਾਂ ਨੇ ਦੋ ਘੁਟ ਪੀਤੇ ਨੇ, ਇਸ ਦੇ ਨਾਲ ਇਨ੍ਹਾਂ ਨੂੰ ਸਰੂਰ ਜਿਹਾ ਹੁੰਦਾ ਜਾਂਦਾ ਹੈ। ਤੁਸੀਂ ਬਾਟੇ ਦੀਆਂ ਕੁਰਲੀਆਂ ਕਰੀਆਂ ਹਨ। ਤੁਸੀਂ ਇਸੇ ਤਰ੍ਹਾਂ ਬਾਣੀ ਦੀਆਂ ਕੁਰਲੀਆਂ ਕਰਦੇ ਹੋ, ਪਿਆਰ ਨਾਲ ਨਹੀਂ ਪੜ੍ਹਦੇ। ਫਾਹਾ ਵਢਦੇ ਹੋ ਬਾਣੀ ਦਾ ਕਿ ਇਕ ਖਤਮ ਹੋ ਗਈ, ਹੁਣ ਆਹ ਮੁਕ ਗਈ, ਹੁਣ ਆਹ ਮੁਕ ਗਈ। ਇਵੇਂ ਨਹੀਂ ਗੱਲ ਬਣਨੀ। ਚਿਤ ਇਕਾਗਰ ਕਰਕੇ ਜਦੋਂ ਬਾਣੀ ਪੜ੍ਹੋਂਗੇ ਫੇਰ ਬਾਣੀ ਆਪਣਾ ਫਲ ਦਿੰਦੀ ਹੈ।" ਮੈਂ 25 ਪਾਠ ਕਿਉਂ ਦਸਦਾ ਹਾਂ। ਮੈਂ ਕਿਹਾ ਇਕ ਅੱਧੇ ਪਾਠ ਵਿਚ ਤਾਂ ਇਨ੍ਹਾਂ ਦਾ ਚਿਤ ਲੱਗ ਹੀ ਜਾਏਗਾ। ਇਕ ਪੜ੍ਹ ਲਓ ਚਿਤ ਲਾ ਕੇ, ਚਾਹੇ 25 ਪੜ੍ਹ ਲਓ, ਗੱਲ ਇਕੋ ਹੀ ਹੈ। 'ਜਪੁਜੀ ਸਾਹਿਬ' ਦਾ ਫਲ ਤਾਂ ਬੇਅੰਤ ਹੈ। ਸੋ ਬਾਣੀ ਦਾ ਫਲ ਜਦੋਂ ਅਸੀਂ ਨਾਮ ਜਪਦੇ ਹਾਂ, ਬਾਣੀ ਪੜ੍ਹਦੇ ਹਾਂ, ਇਹ ਅਕਾਲ ਪੁਰਖ ਕੋਲ ਸਾਨੂੰ ਲੈ ਕੇ ਜਾਂਦੀ ਹੈ। ਫੇਰ ਅਸੀਂ ਜਾਂਦੇ ਕਿਉਂ ਨਹੀਂ ਹਾਂ ਕਿਉਂਕਿ ਅਸੀਂ ਪੜ੍ਹਦੇ ਨਹੀਂ ਹਾਂ। ਜੇ ਪੜ੍ਹਦੇ ਹਾਂ ਤਾਂ ਪੂਰੀ ਵਿਧੀ ਨਾਲ ਨਹੀਂ ਪੜ੍ਹਦੇ।

ਗੁਰੂ ਦਸਵੇਂ ਪਾਤਸ਼ਾਹ ਦਾ ਦੀਵਾਨ ਲਗਿਆ ਹੋਇਆ ਹੈ। ਸਾਰੇ ਕੀ ਦੇਖਦੇ ਨੇ ਕਿ ਇਕ ਅਜੀਬ ਕਿਸਮ ਦਾ ਬੰਦਾ ਆ ਰਿਹਾ ਹੈ। ਇਕ ਗੋਦੜੀ ਜਿਹੀ ਲਈ ਹੋਈ ਹੈ – ਕਪੜਾ ਜਿਹਾ, ਟਾਕੀਆਂ ਜਿਹੀਆਂ ਵਾਲਾ, ਹੋਰ ਹੀ ਤਰ੍ਹਾਂ ਦਾ ਰੰਗ ਬਰੰਗਾ ਜਿਹਾ। ਮਹਾਰਾਜ ਜੀ ਦੇ ਕੋਲ ਆਇਆ, ਕੁਝ ਬਚਨ ਕੀਤੇ ਤੇ 5 ਖੰਭ ਮੱਥਾ ਟੇਕ ਦਿੱਤੇ। ਕੁਝ ਬਚਨ ਹੋਏ, ਸੁਖ-ਸਾਂਦ ਪੁੱਛੀ।

ਕਹਿੰਦੇ, "ਸੁਣਾਓ ਮੁਨੀ ਜੀ! ਤੁਸੀਂ ਕਿਸ ਤਰ੍ਹਾਂ ਆਏ?"

ਕਹਿੰਦੇ, "ਸੱਚੇ ਪਾਤਸ਼ਾਹ! ਮੈਂ ਬੈਕੁੰਠ ਧਾਮ ਦੇ ਵਿਚ ਵਿਸ਼ਨੂੰ ਭਗਵਾਨ ਜੀ ਦੇ ਕੋਲ ਬਚਨ ਕਰ ਰਿਹਾ ਸੀ ਤੇ ਉਨ੍ਹਾਂ ਨੇ ਇਹ ਦੱਸਿਆ ਕਿ ਇਸ ਵੇਲੇ ਕਲਜੁਗ ਦੀ ਜਿਹੜੀ ਮਾਲਕੀ ਹੈ, ਗੁਰੂ ਨਾਨਕ ਜੀ ਪਾਸ ਹੈ ਤੇ ਗੁਰੂ ਨਾਨਕ ਜੀ ਦਾ ਦਸਵਾਂ ਸਰੂਪ ਇਸ ਵੇਲੇ ਸੰਸਾਰ ਦਾ ਉਧਾਰ ਕਰ ਰਿਹਾ ਹੈ ਤੇ ਮੈਂ ਜੰਗਾਂ ਜੁੱਧਾਂ ਬਾਰੇ ਵੀ ਸੁਣਿਆ ਤੇ ਮੈਂ ਦਰਸ਼ਨ ਕਰਨ ਆਇਆ ਸੀ ਕਿਉਂਕਿ ਇਸੇ ਤਰ੍ਹਾਂ ਕ੍ਰਿਸ਼ਨ ਭਗਵਾਨ ਵੀ ਸ਼ਸਤ੍ਰਧਾਰੀ ਸਨ, ਸ੍ਰੀ ਰਾਮ ਚੰਦਰ ਜੀ ਵੀ ਸ਼ਸਤਰਧਾਰੀ ਸਨ। ਸੋ ਮੈਂ ਦੇਖਣ ਆਇਆ ਸੀ। ਮਹਾਰਾਜ! ਦਰਸ਼ਨ ਕਰਕੇ ਮਨ ਬੜਾ ਪ੍ਰਸੰਨ ਹੋਇਆ। ਹੁਣ ਸਾਨੂੰ ਛੁੱਟੀਆਂ ਦਿਓ।"

ਛੁੱਟੀ ਦਿੱਤੀ ਮਹਾਰਾਜ ਨੇ, ਦੇਖਦੇ ਦੇਖਦੇ ਗਾਇਬ ਹੋ ਗਿਆ। ਸਾਰੇ ਹੈਰਾਨ ਹੋਏ ਕਿ ਛਾਈਂ-ਮਾਈਂ ਹੋ ਗਿਆ ਇਹ ਤਾਂ। ਮਹਾਰਾਜ ਜੀ ਨੂੰ ਪੁੱਛਿਆ। ਮਹਾਰਾਜ ਕਹਿੰਦੇ, "ਭਾਈ! ਨਾਰਦ ਆਇਆ ਸੀ ਬੈਕੁੰਠ ਧਾਮ ਤੋਂ। ਚਲੋ ਹੁਣ ਮਸ਼ਕ (practice) ਕਰਾਂਗੇ ਤੀਰ-ਅੰਦਾਜ਼ੀ ਦੀ।"

ਉਹ ਫੰਗ (ਖੰਭ) ਭੇਜ ਦਿਤੇ ਮਿਸਤ੍ਰੀਆਂ ਕੋਲ ਕਿ ਇਨ੍ਹਾਂ ਨੂੰ ਚੰਗੀ ਤਰ੍ਹਾਂ ਜੜ ਦਿਓ ਤੀਰਾਂ ਦੇ ਨਾਲ। ਸ਼ਾਮ ਦਾ ਮੌਕਾ ਹੋ ਗਿਆ, ਚਾਰ ਵਜੇ ਗਏ। ਮਹਾਰਾਜ ਕਹਿੰਦੇ, "ਇਉਂ ਕਰੋ! ਅਸੀਂ ਬਾਣ ਚਲਾਵਾਂਗੇ, ਦੂਰ ਤੱਕ ਖੜ੍ਹ ਜਾਇਓ ਤੇ ਇਹ ਬਾਣ ਸਾਨੂੰ ਵਾਪਸ ਲਿਆ ਕੇ ਦਿਓ।" ਪਹਿਲਾਂ ਮਹਾਰਾਜ ਦਾ ਪਰਸ਼ਾਦੀ ਹਾਥੀ ਲਿਆਇਆ ਕਰਦਾ ਸੀ ਜਿਹੜੇ ਤੀਰ ਚਲਾਏ ਜਾਂਦੇ ਸੀ। ਦੌੜ ਕੇ ਜਾਣਾ ਉਸ ਨੇ, ਬਾਣ ਚੁਕ ਕੇ ਮਹਾਰਾਜ ਜੀ ਨੂੰ ਮੋੜ ਕੇ ਲਿਆ ਦੇਣੇ। ਉਸ ਦਿਨ ਸਿੰਘ ਖੜ੍ਹੇ ਕਰ ਦਿੱਤੇ। ਮਹਾਰਾਜ ਨੇ ਬਾਣ ਚਲਾਇਆ, ਬੜੀ ਤੁਣਕਾਰ ਹੋਈ, ਦੇਖਦੇ ਨੇ ਤੀਰ ਉਪਰ ਨੂੰ ਜਾਂਦਾ ਹੈ, ਦੇਖਦੇ-ਦੇਖਦੇ ਅੱਖਾਂ ਤੋਂ ਓਝਲ ਹੋਇਆ, ਥੱਲ੍ਹੇ ਆਇਆ ਹੀ ਨਾ। ਦੂਜਾ ਚਲਾਇਆ, ਤੀਜਾ, ਚੌਥਾ, ਪੰਜਵਾਂ, ਕੋਈ ਨਾ ਥੱਲੇ ਆਇਆ। ਸਾਰੇ ਹੈਰਾਨ ਹੋ ਗਏ, ਪਾਤਸ਼ਾਹ! ਦੂਰ-ਦੂਰ ਤੱਕ ਅਸੀਂ ਟੋਲ੍ਹ ਲਏ ਪਰ ਬਾਣ ਤਾਂ ਤੁਹਾਡਾ ਹੇਠਾਂ ਆਇਆ ਨਹੀਂ। ਕੀ ਕਾਰਨ ਹੈ?"

ਮਹਾਰਾਜ ਕਹਿੰਦੇ, "ਦੇਖੋ ਪ੍ਰੇਮੀਓਂ! ਇਹ ਨਾਰਦ 'ਅਨਲ ਪੰਛੀ' ਦੇ ਫੰਗ ਲੈ ਕੇ ਆਇਆ ਸੀ। ਇਹ ਪੰਛੀ ਅਕਾਸ਼ ਵਿਚ ਘੁੰਮਦਾ ਰਹਿੰਦਾ ਹੈ, ਉਥੇ ਹੀ ਬੱਚੇ ਦਿੰਦਾ ਹੈ, ਉਥੇ ਹੀ ਪਾਲਦਾ ਹੈ। ਇਸ ਦੇ ਫੰਗਾਂ ਵਿਚ ਇਹ ਤਾਸੀਰ ਹੈ ਕਿ ਜਿਹੜੀ ਚੀਜ਼ ਇਸ ਦੇ ਨਾਲ ਲਾ ਦਿਓ, ਉਸ ਨੂੰ ਲੈ ਕੇ ਉਹ ਆਪਣੇ ਦੇਸ਼ ਵਿਚ ਪਹੁੰਚ ਜਾਇਆ ਕਰਦੇ ਨੇ।

ਕਹਿੰਦੇ, "ਪ੍ਰੇਮੀਓਂ! ਤੁਹਾਨੂੰ ਦ੍ਰਿਸ਼ਟਾਂਤ ਦੇ ਨਾਲ ਗੱਲ ਸਮਝਾਈ ਹੈ। ਗੁਰੂ ਨਾਨਕ ਜੀ ਦੀ ਜਿਹੜੀ ਬਾਣੀ ਹੈ, ਇਹ ਬਾਣੀ ਇਸ ਮੰਡਲ ਦੀ ਨਹੀਂ ਹੈ। ਇਹ ਓਸ ਮੰਡਲ ਦੀ ਬਾਣੀ ਹੈ ਤੇ ਓਸ ਮੰਡਲ ਤੋਂ ਆਈ ਹੋਈ ਹੈ। ਜਿਸ ਦਾ ਮਨ ਇਸ ਦੇ ਨਾਲ ਲੱਗ ਜਾਏਗਾ, ਉਸ ਨੂੰ ਸੱਚਖੰਡ ਵਿਚ ਲੈ ਜਾਏਗੀ।" ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਇਹ ਧੁਰ ਕੀ ਬਾਣੀ ਆਈ -2, 2.***
***ਜਿਨ ਸਗਲੀ ਚਿੰਤ ਮਿਟਾਈ......2***
***ਸਗਲੀ ਚਿੰਤ ਮਿਟਾਈ***
***ਜਿਨ ਸਗਲੀ ਚਿੰਤ ਮਿਟਾਈ -2, 2.***
***ਇਹ ਧੁਰ ਕੀ ਬਾਣੀ ਆਈ,***
***ਜਿਨ ਸਗਲੀ ਚਿੰਤ ਮਿਟਾਈ -2.***

***ਧੁਰ ਕੀ ਬਾਣੀ ਆਈ॥***
***ਤਿਨਿ ਸਗਲੀ ਚਿੰਤ ਮਿਟਾਈ॥*** ***ਪੰਨਾ - 628***

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ, ਇਹ ਸਚਖੰਡ ਦੀ ਬਾਣੀ ਹੈ; ਜਿਸ ਦਾ ਮਨ ਇਸ ਦੇ ਨਾਲ ਲਗ ਜਾਏਗਾ ਉਸ ਨੂੰ ਕੋਈ ਕਰਮ, ਧਰਮ, ਕਿਰਿਆ, ਜਾਪ, ਹੋਰ ਕੁਝ ਕਰਨ ਦੀ ਲੋੜ ਨਹੀਂ ਹੈ। ਇਸ ਬਾਣੀ ਨੇ ਸੱਚਖੰਡ ਵਿਚ ਲੈ ਜਾਣਾ ਹੈ। ਸੋ ਇਸ ਕਰਕੇ -

***ਅੰਮ੍ਰਿਤ ਬਚਨ ਸਾਧ ਕੀ ਬਾਣੀ॥***
***ਜੋ ਜੋ ਜਪੈ ਤਿਸ ਕੀ ਗਤਿ ਹੋਵੈ***
***ਹਰਿ ਹਰਿ ਨਾਮੁ ਨਿਤ ਰਸਨ ਬਖਾਨੀ॥*** ***ਪੰਨਾ - 744***

ਸੋ ਇਸ ਬਾਣੀ ਦੇ ਨਾਲ ਜਿਸ ਦਾ ਚਿਤ ਲੱਗ ਗਿਆ, ਉਹ ਸਚਖੰਡ ਚਲਿਆ ਜਾਏਗਾ। ਸੋ ਇਹ ਹੁਕਮ ਹੈ ਗੁਰੂ ਦਾ, ਮੰਨੋ ਸਾਧ ਸੰਗਤ ਜੀ ਇਸ ਨੂੰ -

***ਧਾਰਨਾ - ਮੰਨ ਪਿਆਰਿਆ,***
***ਸੱਚਾ ਹੁਕਮ ਗੁਰਾਂ ਦਾ -2, 2.***
***ਹੁਕਮ ਗੁਰਾਂ ਦਾ, ਸੱਚਾ ਹੁਕਮ ਗੁਰਾਂ ਦਾ -2, 2.***
***ਮੰਨ ਪਿਆਰਿਆ,............ -2.***

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥* *ਪੰਨਾ - 305*

ਸੱਚਾ ਸਿਖ ਕਹਾਉਂਦਾ ਹੈਂ?

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥* *ਪੰਨਾ - 305*

ਫੇਰ ਪਹਿਰ ਰਾਤ ਰਹਿੰਦੀ ਉਠਿਆ ਕਰ, ਫੇਰ ਨਾ ਸੌਂਇਆ ਕਰ।

*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ...............॥*
*ਪੰਨਾ - 305*

ਫੇਰ ਜਿਹੜਾ ਪੰਜ ਪਿਆਰਿਆਂ ਨੇ ਨਾਮ ਦਿੱਤਾ ਹੈ ਉਸ ਨੂੰ ਜਪ। ਫਲ ਕੀ ਹੋਏਗਾ?

*............... ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥*
*ਪੰਨਾ - 305*

ਜਿੰਨੇ ਪਾਪ ਤੈਥੋਂ ਭੁਲ-ਭੁਲੇਖੇ ਹੋ ਗਏ ਪਹਿਲਾਂ, ਸਭ ਲਹਿ ਜਾਣਗੇ -

*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ॥*
*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥*
*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥* *ਪੰਨਾ - 305*

ਸੋ ਹੁਕਮ ਮੰਨ ਲੈ -

*ਸਤਿਗੁਰ ਕਾ ਜੋ ਸਿਖ ਅਖਾਵੈ॥*
*ਅੰਮ੍ਰਿਤ ਵੇਲੇ ਉਠ ਕਰ ਨਾਵੈ॥*
*ਪਠ ਗੁਰ ਮੰਤ੍ਰ ਸਮਾਧ ਲਗਾਵੈ॥*
*ਗੁਰ ਮੂਰਤ ਹਿਰਦੈ ਮਹਿ ਲਿਆਵੈ॥*

ਗੁਰੂ ਨਾਨਕ ਜੀ ਦੀ ਮੂਰਤ ਹਿਰਦੇ ਵਿਚ ਲੈ ਆ।

*ਦਿਵਸੁ ਚਰ ਜਪੁਜੀ ਕਾ ਪਾਠ॥*
*ਆਸਾ ਵਾਰ ਸੁਨੈ ਸਭ ਠਾਠ॥*

ਫੇਰ ਆਸਾ ਦੀ ਵਾਰ ਸੁਣ 'ਜਪੁਜੀ ਸਾਹਿਬ' ਦਾ ਪਾਠ ਕਰਕੇ।

*ਸਗਰ ਦਿਵਸ ਕ੍ਰਿਤ ਧਰਮ ਕਰਾਵੈ॥*

ਦਿਨ ਵਿਚ ਧਰਮ ਦੀ ਕਿਰਤ ਕਰ।

*ਸੋਦਰੁ ਸਮੇ ਸੰਧਿਆ ਗਾਵੈ॥*

ਜਦੋਂ ਸੂਰਜ ਦੀ ਅੱਧੀ ਟਿੱਕੀ ਬਾਹਰ ਹੋਵੇ, ਉਸ ਤੋਂ ਪਹਿਲਾਂ ਪ੍ਰੇਮੀਆ! ਫੇਰ ਤੂੰ ਰਹਿਰਾਸ ਪੜ੍ਹ ਲਿਆ ਕਰ।

*ਪੁਨਾ ਆਰਤੀ ਪੜ ਹਿਤ ਲਾਵੈ॥*

ਫੇਰ ਆਰਤੀ ਪੜ੍ਹਿਆ ਕਰ –

*ਕਥਾ ਸੁਨੈ ਪੀਛੈ ਮਨ ਭਾਵੈ॥*

ਫੇਰ ਗੁਰੂ ਦਾ ਇਤਿਹਾਸ ਸੁਣਿਆ ਕਰ।

*ਸੋਹਿਲਾ ਪਠ ਪੁਨ ਸੈਨ ਕਰਾਵੈ॥*

ਫੇਰ ਕੀਰਤਨ ਸੋਹਿਲਾ ਪੜ੍ਹਿਆ ਕਰ, ਫੇਰ ਤੂੰ ਸੌਂ ਜਾਇਆ ਕਰ। ਜਿਹੜਾ ਇਹੋ ਜਿਹਾ ਸਿੱਖ ਹੈ –

*ਸੋ ਸਿਖ ਜਮਪੁਰ ਨਹਿ ਜਾਵੈ॥*

ਉਹ ਜਮਾਂ ਦੀ ਪੁਰੀ ਨਹੀਂ ਜਾਏਗਾ, ਸਿੱਧਾ ਗੁਰੂ ਨਾਨਕ ਕੋਲ ਜਾਏਗਾ। ਸੋ ਇਸ ਕਰਕੇ ਸਾਧ ਸੰਗਤ ਜੀ! ਜਿੰਨੀਆਂ ਬੇਨਤੀਆਂ ਕਰੀਆਂ ਹਨ ਇਨ੍ਹਾਂ ਨੂੰ ਹਿਰਦੇ ਵਿਚ ਵਸਾਓ। ਇਹ ਜਨਮ ਬੜਾ ਅਮੋਲਕ ਹੈ –

*ਧਾਰਨਾ – ਸੌਂ ਕੇ ਨਾ ਗਵਾ ਲਈਂ,*
*ਤੇਰਾ ਜਨਮ ਅਮੋਲ ਹੈ –2, 2.*
*ਜਨਮ ਅਮੋਲ ਹੈ, ਤੇਰਾ ਜਨਮ ਅਮੋਲ ਹੈ –2, 2.*
*ਸੌਂ ਕੇ ਨਾ ਗਵਾ ਲਈਂ,.............. –2.*

*ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ॥*
*ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ॥*
*ਪੰਨਾ – 1366*

*ਝਾਲਾਘੇ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ॥*
*ਕਾਰਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ॥*
*ਪੰਨਾ – 255*

ਬੜਾ ਅਮੋਲਕ ਜਨਮ ਹੈ, ਇਸ ਨੂੰ ਕਿਸੇ ਲੇਖੇ ਵਿਚ ਲਾ ਲੈ–

*ਅੰਮ੍ਰਿਤ ਵੇਲੇ ਉਠਿਕੈ ਜਾਇ ਅੰਦਰਿ ਦਰਿਆਇ ਨ੍ਹਵੰਦੇ।*
*ਸਹਜਿ ਸਮਾਧਿ ਅਗਾਧਿ ਵਿਚ ਇਕ ਮਨਿ ਹੋਇ ਗੁਰ ਜਾਪੁ ਜਪੰਦੇ।*
*ਮਥੈ ਟਿਕੇ ਲਾਲ ਲਾਇ ਸਾਧ ਸੰਗਤਿ ਚਲਿ ਜਾਇ ਬਹੰਦੇ।*

*ਭਾਈ ਗੁਰਦਾਸ ਜੀ ਦੀ ਵਾਰ 6/3*

ਉਹ ਗੁਰਸਿਖ ਜਿਨ੍ਹਾਂ ਨੇ ਜਨਮ ਸਫਲਾ ਕਰਨਾ ਹੈ, ਉਨ੍ਹਾਂ ਦੀ ਰਹਿਤ ਦਸਦੇ ਨੇ –

*ਸਬਦੁ ਸੁਰਤਿ ਲਿਵਲੀਣੁ ਹੋਇ ਸਤਿਗੁਰ ਬਾਣੀ ਗਾਵਿ ਸੁਣੰਦੇ।*
*ਭਾਇ ਭਗਤਿ ਭੈ ਵਰਤਮਾਨ ਗੁਰ ਸੇਵਾ ਗੁਰਪੁਰਬ ਕਰੰਦੇ।*
*ਸੰਝੈ ਸੋਦਰੁ ਗਾਵਣਾ ਮਨ ਮੇਲੀ ਕਰਿ ਮੇਲਿ ਮਿਲੰਦੇ।*
*ਰਾਤੀ ਕੀਰਤਿ ਸੋਹਿਲਾ ਕਰਿ ਆਰਤੀ ਪਰਸਾਦੁ ਵੰਡੰਦੇ।*
*ਗੁਰਮੁਖਿ ਸੁਖ ਫਲੁ ਪਿਰਮ ਚਖੰਦੇ॥ ਭਾਈ ਗੁਰਦਾਸ ਜੀ ਦੀ ਵਾਰ 6/3*

ਸੋ ਭਾਈ ਲਹਿਣਾ ਜੀ! ਇਹ ਹੈ ਬਾਣੀ ਦੀ ਮਹੱਤਤਾ। ਜਿਥੇ ਕੋਈ ਗੁਰਸਿਖ 'ਜਪੁਜੀ ਸਾਹਿਬ' ਪੜ੍ਹਦਾ ਹੋਏਗਾ, 'ਕੀਰਤਨ ਸੋਹਿਲਾ' ਪੜ੍ਹੇਗਾ, ਬਾਣੀ ਪੜ੍ਹੇਗਾ, ਭਾਈ ਲਹਿਣਾ! ਮੈਂ ਓਸ ਥਾਂ ਦੇ ਉਤੇ ਗੁਰਸਿਖ ਦੇ ਨਾਲ-ਨਾਲ ਹੋਵਾਂਗਾ।

ਕਹਿੰਦੇ, "ਬੇਟਾ! ਬਹੁਤ ਪਿਆਰ ਦੇ ਨਾਲ ਤੂੰ ਬਾਣੀ ਪੜ੍ਹਦਾ ਸੀ ਬੱਕਰੀਆਂ ਚਾਰਦਾ। ਹੁਣ ਇਓਂ ਕਰਿਆ ਕਰ, ਜਦੋਂ ਬਾਣੀ ਪੜ੍ਹੇਂ – 'ਕੀਰਤਨ ਸੋਹਿਲਾ' ਖਾਸ ਕਰਕੇ, ਉਸ ਵੇਲੇ ਮੰਜੇ ਤੇ ਬੈਠ

ਕੇ, ਪੰਜ ਇਸ਼ਨਾਨਾ ਕਰਕੇ ਪਹਿਲਾਂ ਪੰਜ ਸ਼ਬਦ ਪੜ੍ਹੋ, ਫੇਰ ਕੀਰਤਨ ਸੋਹਿਲਾ ਪੜ੍ਹੋ।"

ਇਸ ਦੇ ਨਾਲ ਰਾਖੀ ਹੋਏਗੀ, ਘਰ ਦੀ, ਬਾਹਰ ਦੀ, ਭੂਤਾਂ-ਪ੍ਰੇਤਾਂ ਤੋਂ, ਦਬਾਅ ਨਹੀਂ ਪਏਗਾ। ਜੇ ਸਰੀਰ ਛੁਟ ਜਾਵੇ ਸੁਤੇ ਪਏ ਦਾ, ਸਿੱਧਾ ਹੀ ਦਰਗਾਹ ਵਿਚ ਜਾਏਗਾ, ਗੁਰੂ ਨਾਨਕ ਜੀ ਵਲੋਂ ਰਾਖੀ ਹੋਏਗੀ। ਸੋ ਇਸ ਕਰਕੇ ਸਾਧ ਸੰਗਤ ਜੀ! ਜੋ ਬਚਨ ਮਹਾਰਾਜ ਨੇ ਗੁਰੂ ਅੰਗਦ ਸਾਹਿਬ ਜੀ ਨਾਲ ਕੀਤੇ, ਜਦੋਂ ਆਪ ਸਿਖ ਦੇ ਰੂਪ ਵਿਚ ਸੇਵਾ ਕਰਦੇ ਸੀ, ਉਨ੍ਹਾਂ ਦੀ ਵਿਚਾਰ ਕੀਤੀ ਹੈ। ਸਾਡੇ ਵਾਸਤੇ ਵੀ ਇਹ ਚਾਨਣ-ਮੁਨਾਰਾ ਹੈ। ਅਸੀਂ ਵੀ ਇਨ੍ਹਾਂ ਨੂੰ ਧਾਰਨ ਕਰਕੇ ਵਿਸ਼ਵਾਸ ਲਿਆਈਏ ਬਾਣੀ ਦੇ ਉਤੇ। ਰੋਟੀ ਨਾ ਖਾਓ ਜਿਸ ਦਿਨ ਨਿਤਨੇਮ ਨਹੀਂ ਹੁੰਦਾ ਪਰ ਨਿਤਨੇਮ ਨਾ ਖੁੰਝਾਓ ਕਿਉਂਕਿ ਇਹ ਆਤਮਿਕ ਖੁਰਾਕ ਹੈ। ਜਿਹੜਾ ਵੀ ਗੁਰਸਿਖ ਕਰ ਲਏਗਾ, ਬਾਣੀ ਨੂੰ ਮੰਨ ਲਏਗਾ, ਬਾਣੀ ਦੇ ਮੁਤਾਬਕ ਜੀਵਨ ਢਾਲ ਲਏਗਾ, ਉਸ ਦੀ ਫੇਰ ਇਥੋਂ ਜੈ-ਜੈਕਾਰ ਹੁੰਦੀ ਜਾਏਗੀ, ਖੁਸ਼ੀ-ਖੁਸ਼ੀ ਜਾਏਗਾ।

***ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰ॥***
***ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰ॥*** ***ਪੰਨਾ - 1367***

***ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ॥***
***ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥***
***ਪੰਨਾ - 1365***

***ਕਬੀਰ ਸੰਤ ਮੂਏ ਕਿਆ ਰੋਈਐ ਜੋ ਅਪੁਨੇ ਗ੍ਰਿਹਿ ਜਾਇ॥***
***ਪੰਨਾ - 1365***

ਉਹ ਤਾਂ ਆਪਣੇ ਘਰ ਨੂੰ, ਗੁਰੂ ਨਾਨਕ ਪਾਤਸ਼ਾਹ ਪਾਸ ਜਾ ਰਿਹਾ ਹੈ ਦਰਗਾਹ ਦੇ ਵਿਚ, ਸਚਖੰਡ ਵਿਚ - ਜਿਸਨੇ ਬਾਣੀ ਪੜ੍ਹੀ ਹੈ ਸਾਰੀ ਜ਼ਿੰਦਗੀ -

***ਰੋਵਹੁ ਸਾਕਤ ਬਪੁਰੇ............॥*** ***ਪੰਨਾ - 1365***

ਜੇ ਰੋਣਾ ਹੈ ਤਾਂ ਪਿੱਟੋ ਸਾਕਤ ਨੂੰ ਕਿਉਂਕਿ ਉਸ ਨੇ ਜੰਮਣ ਮਰਨ ਵਿਚ ਫਿਰਨਾ ਹੈ, ਧੱਕੇ ਖਾਣੇ ਨੇ -

***............ ਜੁ ਹਾਟੈ ਹਾਟ ਬਿਕਾਇ॥*** ***ਪੰਨਾ - 1365***

ਕਦੇ ਕੁੱਤਾ ਬਣਨਾ ਹੈ, ਕਦੇ ਬਿੱਲਾ ਬਣਨਾ ਹੈ, ਕਦੇ ਸੱਪ ਬਣਨਾ ਹੈ, ਰੋਵੋ ਉਸ ਨੂੰ ਕਿਉਂਕਿ ਮਾਨਸ ਜਨਮ ਗਵਾ ਕੇ ਤੁਰ ਗਿਆ।

ਸੋ ਇਸ ਤਰ੍ਹਾਂ ਦੇ ਨਾਲ ਸਾਧ ਸੰਗਤ ਜੀ! ਇਹ ਜੋ ਵਿਚਾਰਾਂ ਆਪ ਦੇ ਚਰਨਾਂ ਵਿਚ ਭੇਟਾ ਕੀਤੀਆਂ ਹਨ, ਸਮਝੋ ਇਸ ਚੀਜ਼ ਨੂੰ। ਵਾਰ-ਵਾਰ ਮੈਨੂੰ ਮਿਲਦੇ ਨੇ, ਮੈਂ ਕਹਿੰਦਾ ਹਾਂ ਕਿ ਬਾਣੀ ਪੜ੍ਹੋ। ਕਹਿੰਦੇ ਜੀ! ਬਾਣੀ ਯਾਦ ਨਹੀਂ, ਮੂਲ ਮੰਤ੍ਰ ਯਾਦ ਨਹੀਂ। ਫੇਰ ਤੇਰੇ ਆਉਣ ਦਾ ਕੀ ਫਾਇਦਾ ਸੰਸਾਰ ਦੇ ਅੰਦਰ? ਫੇਰ ਖਾਹ ਧੱਕੇ। ਬਿਮਾਰ ਹੈਂ ਬਿਮਾਰ ਰਹਿ। ਜਿਸ ਘਰ ਵਿਚ ਬਾਣੀ ਨਹੀਂ ਪੜ੍ਹੀ ਜਾਂਦੀ, ਉਥੇ ਭੂਤਾਂ ਦਾ ਵਾਸਾ ਹੁੰਦਾ ਹੈ।

***ਕਬੀਰ ਜਾ ਘਰ ਸਾਧ ਨ ਸੇਵੀਅਹਿ ਹਰਿ ਕੀ ਸੇਵਾ ਨਾਹਿ॥***
***ਤੇ ਘਰ ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ॥***
***ਪੰਨਾ - 1374***

ਜਿਵੇਂ ਦੱਸਿਆ ਜਾਂਦਾ ਹੈ, ਬੇਨਤੀ ਕੀਤੀ ਹੈ ਪੰਜ ਪਿਆਰਿਆਂ ਨੇ ਦੱਸਿਆ ਸੀ ਕਿ ਭੂਤਾਂ

ਤੋਂ ਦੇਵਤੇ ਬਣ ਜਾਓ; ਜੇ ਫੇਰ ਓਥੇ ਹੀ ਰਹਿਣਾ ਹੈ, ਫੇਰ ਤਾਂ ਕੋਈ ਫਾਇਦਾ ਨਹੀਂ। ਅੰਮ੍ਰਿਤ ਛਕ ਲਿਆ; ਇਕੱਲੇ ਅੰਮ੍ਰਿਤ ਨੇ ਕੀ ਕਰਨਾ ਹੈ। ਜੇ ਬਾਣੀ ਨਹੀਂ ਪੜ੍ਹਨੀ, ਹੁਕਮ ਨਹੀਂ ਮੰਨਣਾ। ਫੇਰ ਬਾਣੀ ਯਾਦ ਕਰੋ; ਜੇ ਪੜ੍ਹੇ ਹੋਏ ਨਹੀਂ ਭਾਈ! ਕਿਸੇ ਪੜ੍ਹੇ ਹੋਏ ਤੋਂ ਇਕ-ਇਕ ਤੁਕ ਯਾਦ ਕਰਾ ਲਓ। ਫਲ ਕਿੰਨਾ ਹੈ, ਜਿਹੜਾ ਯਾਦ ਕਰਾਉਂਦਾ ਹੈ -

***ਜੈਸੇ ਸਤ ਮੰਦਰ ਕੰਚਨ ਕੇ ਉਸਾਰ ਦੀਨੇ***
***ਤੈਸਾ ਪੁਨ ਸਿਖ ਕਉ ਇਕ ਸਬਦ ਸਿਖਾਏ ਕਾ॥***

***673 ਕਬਿੱਤ ਸਵੱਯੇ, ਭਾਈ ਗੁਰਦਾਸ ਜੀ***

ਜਿਹੜਾ ਇਕ ਸ਼ਬਦ ਵੀ ਸਿੱਖ ਨੂੰ ਸਿਖਾ ਦੇਵੇ ਪੜ੍ਹਿਆ ਹੋਇਆ, ਉਸ ਨੂੰ 7 ਸੋਨੇ ਦੇ ਮੰਦਰ ਬਣਾ ਕੇ ਦਾਨ ਕਰਨ ਜਿੰਨਾ ਪੁੰਨ ਮਿਲ ਜਾਂਦਾ ਹੈ। ਬਾਣੀ ਅਨਪੜ੍ਹਾਂ ਨੂੰ ਯਾਦ ਕਰਾਓ। ਮੈਂ ਸਿੰਧ ਵਿਚ ਸੀ, ਗੰਨਾ ਗੁਡਦੇ ਸੀ, ਮੈਂ ਵੀ ਗੁੱਡਣ ਲੱਗ ਗਿਆ। ਉਹ ਕਹਿੰਦੇ, "ਨਾ ਜੀ! ਤੁਹਾਡੇ ਕੋਲੋਂ ਨਹੀਂ ਗੁਡਾਉਣਾ।"

ਮੈਂ ਕਿਹਾ, "ਮੈਂ ਜ਼ਰੂਰ ਗੁਡਣਾ ਹੈ। ਤੁਹਾਡੇ ਕੋਲੋ ਦਿਹਾੜੀ ਲੈਣੀ ਹੈ ਅੱਜ।"

ਕਹਿੰਦੇ, "ਕੀ ਲੈਣੀ ਹੈ?"

ਮੈਂ ਕਿਹਾ, "ਪੈਸੇ ਨਹੀਂ ਲੈਣੇ, ਮੈਂ ਤੁਹਾਨੂੰ ਕੁਝ ਗੱਲ ਸਿਖਾਉਣੀ ਹੈ।"

ਪਹਿਲਾ ਕਿਆਰਾ ਗੁਡਿਆ, ਸਾਰਿਆਂ ਨੂੰ ਮੈਂ ਕਹਾਈ ਗਿਆ -

***ੴ ਸਤਿਨਾਮੁ ਕਰਤਾ ਪੁਰਖੁ...........***

ਸਿਰੇ ਤੱਕ ਜਾਂਦੇ-ਜਾਂਦੇ 'ਗੁਰਪ੍ਰਸਾਦਿ॥' ਤੱਕ ਯਾਦ ਕਰਾ ਦਿਤਾ। ਦੂਜਾ ਗੁੱਡਿਆ 'ਆਦਿ ਸਚੁ ਜੁਗਾਦਿ ਸਚੁ' ਤੋਂ ਲੈ ਕੇ ਪਹਿਲੀ ਪਉੜੀ ਅੱਧੀ ਕਰਾ ਦਿਤੀ। ਗੁਡਦੇ-ਗੁਡਦੇ ਦੁਪਹਿਰੇ ਤੱਕ ਮੈਂ ਪੰਜ ਪਉੜੀਆਂ ਸਾਰਿਆਂ ਦੇ ਯਾਦ ਕਰਾ ਦਿਤੀਆਂ ਜਿੰਨੇ ਗੁਡਾਰੇ ਸੀ, ਨਾਲੇ ਪੁੱਛ ਲਿਆ ਕਰਾਂ ਕਿ ਹੁਣ ਮੈਨੂੰ ਮੁਢ ਤੋਂ ਸੁਣਾ।

ਕਹਿੰਦੇ, "ਜੀ! ਮਜੂਰੀ?"

ਮੈਂ ਕਿਹਾ, "ਮਜੂਰੀ ਆਹੀ ਲੈਣੀ ਸੀ ਤੁਹਾਡੇ ਕੋਲੋਂ - ਬਾਣੀ ਯਾਦ ਕਰਵਾਉਣ ਦੀ।"

ਜੇ ਕਰਵਾਉਣਾ ਚਾਹੇ ਤਾਂ ਅਨਪੜ੍ਹ ਨੂੰ ਆਦਮੀ ਬਾਣੀ ਯਾਦ ਕਰਵਾ ਸਕਦਾ ਹੈ। ਅਨਪੜ੍ਹ ਜੇ ਚਾਹੇ ਕਿ ਮੈਂ ਗੁਰੂ ਨਾਲ ਕਿਵੇਂ ਜੁੜਾਂਗਾ, ਗੁਰੂ ਤਾਂ ਮੇਰਾ ਬਾਣੀ ਹੈ, ਗੁਰੂ ਗ੍ਰੰਥ ਸਾਹਿਬ ਨੂੰ ਮੱਥੇ ਟੇਕ ਕੇ ਥੋੜ੍ਹਾ ਲੰਘ ਜਾਏਂਗਾ? ਸਤਿਗੁਰੂ ਨੂੰ ਦੇਖਣ ਨਾਲ ਮੁਕਤੀ ਨਹੀਂ ਹੁੰਦੀ -

***ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵਿਚਾਰੁ॥***

***ਪੰਨਾ - 594***

ਜਿੰਨਾ ਚਿਰ ਸ਼ਬਦ ਦੀ ਵਿਚਾਰ ਨਹੀਂ ਕਰਦਾ, ਦੇਖਣ ਨਾਲ ਮੁਕਤੀ ਨਹੀਂ ਹੋਣੀ। ਸੋ ਬਾਣੀ ਯਾਦ ਕਰੋ, ਜਿੰਨੀ ਯਾਦ ਹੁੰਦੀ ਹੈ ਕਰੋ। ਇਸ ਸੰਸਾਰ ਤੇ ਰਹਿਣਾ ਨਹੀਂ, ਇਥੋਂ ਚਲੇ ਜਾਣਾ ਹੈ। ਜਦੋਂ ਫੇਰ ਬਾਣੀ ਵਾਲਾ ਜਾਂਦਾ ਹੈ -

***ਧੰਨਿ ਧੰਨਿ ਕਹੈ ਸਭ ਕੋਇ॥***
***ਮੁਖ ਊਜਲ ਹਰਿ ਦਰਗਹ ਸੋਇ॥***
***ਇਹੁ ਵਾਪਾਰੁ ਵਿਰਲਾ ਵਾਪਾਰੈ॥***

*ਨਾਨਕ ਤਾ ਕੈ ਸਦ ਬਲਿਹਾਰੈ॥* *ਪੰਨਾ - 283*

ਸੋ ਹੁਣ ਸਾਰੇ ਪ੍ਰੇਮੀ ਗੁਰ ਸਤੋਤਰ ਵਿਚ ਬੋਲੋ ਭਾਈ! ਜਿਹੜੇ ਹਾਲੇ ਤੱਕ ਨਹੀਂ ਬੋਲੇ, ਉਹ ਵੀ ਆਪਣੀ ਰਸਨਾ ਪਵਿਤ੍ਰ ਕਰ ਲਓ -

-ਅਨੰਦ ਸਾਹਿਬ-

-ਗੁਰ ਸਤੋਤਰ-

-ਅਰਦਾਸ-

## 10

ਸ਼ਾਨ ......................................।

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥* *ਪੰਨਾ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥* *ਪੰਨਾ - 289*

*ਧਾਰਨਾ - ਸ਼ਰਨ ਪਰਿਓ ਦਰਬਾਰੇ - 4, 2.*
*ਸ਼ਰਨ ਪਰਿਓ ਦਰਬਾਰੇ ਸੁਆਮੀ-4.*

*ਧਾਰਨਾ - ਹਰਿ ਕੇ ਸੇਵਕ ਜੋ ਹਰਿ ਭਾਏ,*
*ਤਿਨ ਕੀ ਕਥਾ ਨਿਰਾਰੀ ਰੇ -2, 2.*
*ਤਿਨ ਕੀ ਕਥਾ ਨਿਰਾਰੀ ਰੇ -4, 2.*
*ਹਰਿ ਕੇ ਸੇਵਕ ਜੋ ਹਰਿ ਭਾਏ,.... -2.*

*ਹਰਿ ਕੇ ਸੇਵਕ ਜੋ ਹਰਿ ਭਾਏ ਤਿਨ ਕੀ ਕਥਾ ਨਿਰਾਰੀ ਰੇ॥*
*ਆਵਹਿ ਨ ਜਾਹਿ ਨ ਕਬਹੂ ਮਰਤੇ ਪਾਰਬ੍ਰਹਮ ਸੰਗਾਰੀ ਰੇ॥*
*ਪੰਨਾ - 855*

ਸਾਧ ਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ ਵਿਚ ਪਹੁੰਚੇ ਹੋ, ਧੁੱਪ ਵੀ ਪੂਰੇ ਜ਼ੋਰਾਂ ਤੇ ਹੈ ਪਰ ਗੁਰੂ ਮਹਾਰਾਜ ਜੀ ਨੇ ਸਾਨੂੰ ਤਪ ਤੇ ਤਤੀਕਸ਼ਾ ਕਰਨਾ, ਜਿਸ ਨੂੰ ਘਾਲ ਆਖਦੇ ਨੇ, ਉਹ ਪਰਵਾਨ ਕੀਤਾ ਹੈ। ਥੋੜ੍ਹੀ ਜਿਹੀ ਸਾਵਧਾਨੀ ਨਾਲ ਜਦੋਂ ਅਸੀਂ ਹਰੀ ਦਾ ਜਸ ਕਰਾਂਗੇ, ਉਸ ਵੇਲੇ ਸਾਨੂੰ ਪੂਰਾ ਪੂਰਾ ਲਾਭ ਪ੍ਰਾਪਤ ਹੁੰਦਾ ਹੈ। ਧੂਣੀਆਂ ਤਾਪਣ ਦੇ ਨਾਲ, ਨਿਰਾਰਥਕ ਤਪ ਕਰਨ ਦੇ ਨਾਲ ਮਨ ਛਿੱਥਾ ਪੈ ਜਾਂਦਾ ਹੈ, ਕ੍ਰੋਧ ਵਧ ਜਾਇਆ ਕਰਦਾ ਹੈ, ਤਮੋ ਗੁਣ ਵਧ ਜਾਂਦਾ ਹੈ ਪਰ ਇਹੀ ਤਪ ਜਦੋਂ ਹਰੀ ਦੇ ਜਸ ਵੱਲ, ਪ੍ਰਮੇਸ਼ਰ ਦੇ ਪਿਆਰ ਵੱਲ ਲੱਗ ਜਾਵੇ ਤਾਂ ਇਹ ਸੋਨੇ ਉਤੇ ਸੁਹਾਗੇ ਦਾ ਕੰਮ ਦਿੰਦਾ ਹੈ। ਸੋ ਸੰਗਤ ਵਿਚ ਆਉਂਦੇ ਹੋ, ਨਮਸ਼ਕਾਰ ਕਰੋ ਸ਼ਰਧਾ ਭਾਵਨਾ ਦੇ ਨਾਲ, ਜਿਥੇ ਥਾਂ ਮਿਲਦੀ ਹੈ ਬੈਠਣ ਦਾ ਯਤਨ ਕਰੋ।

ਪਿਛਲੇ ਕਿੰਨਿਆਂ ਦਿਨਾਂ ਤੋਂ ਗੁਰੂ ਅੰਗਦ ਸਾਹਿਬ ਮਹਾਰਾਜ ਜੀ ਦੀ ਕਥਾ ਚੱਲ ਰਹੀ ਹੈ ਕਿ ਉਹ ਗੁਰੂ ਨਾਨਕ ਪਾਤਿਸ਼ਾਹ ਦੀ ਸੰਗਤ ਵਿਚ ਕਿਸ ਤਰ੍ਹਾਂ ਆਏ। ਭਾਵੇਂ ਧੁਰ ਤੋਂ ਹੀ ਆਪ ਆਏ ਹੋਏ ਸਨ ਪਰ ਗੁਰਸਿੱਖ ਦਾ ਨਮੂਨਾ ਉਨ੍ਹਾਂ ਨੇ ਬਣ ਕੇ ਦੱਸਣਾ ਸੀ ਤੇ ਸਿੱਖ ਵੀ ਐਨਾ ਉਚਾ ਜਿਸ ਦੇ ਅੱਗੇ ਗੁਰੂ ਨਾਨਕ ਪਾਤਿਸ਼ਾਹ ਵਰਗਾ ਪਾਰਬ੍ਰਹਮ ਪ੍ਰਮੇਸ਼ਰ ਝੁਕ ਜਾਵੇ। ਬਹੁਤ ਵੱਡੀ ਬਾਤ ਹੈ ਸਾਧ ਸੰਗਤ ਜੀ! ਅਕਾਲ ਪੁਰਖ ਨੇ ਕਿਹਾ, ਹੇ ਨਾਨਕ! ਮੈਂ ਪਾਰਬ੍ਰਹਮ ਪ੍ਰਮੇਸ਼ਰ ਤੇ ਤੂੰ ਗੁਰੂ ਪ੍ਰਮੇਸ਼ਰ।

ਪਹਿਲਾਂ ਗੁਰੂ ਮਹਾਰਾਜ ਜੀ ਨੂੰ ਪੁਛਿਆ, "ਹੇ ਨਾਨਕ! ਤੂੰ ਸੰਸਾਰ ਦੇ ਅੰਦਰ ਜਿਸ ਕਾਰਜ ਵਾਸਤੇ ਗਿਆ ਸੀ, ਉਹ ਅਜੇ ਤੱਕ ਕੰਮ ਸ਼ੁਰੂ ਨਹੀਂ ਕਰਿਆ।"

ਮਹਾਰਾਜ ਜੀ ਕਹਿਣ ਲੱਗੇ, "ਨਿਰੰਕਾਰ ਜੀ! ਆਪ ਦੀ ਮਰਿਆਦਾ ਬੰਨ੍ਹੀ ਹੋਈ ਹੈ ਕਿ ਜਦੋਂ ਤੱਕ ਗੁਰੂ ਧਾਰਨ ਨਾ ਕੀਤਾ ਜਾਵੇ, ਓਨੀ ਦੇਰ ਤੱਕ ਆਦਮੀ ਨਿਗੁਰਾ ਰਹਿੰਦਾ ਹੈ। ਸੋ ਮੈਂ ਸਾਰੇ

ਸੰਸਾਰ ਦੇ ਅੰਦਰ ਨਿਗ੍ਹਾ ਮਾਰ ਕੇ ਦੇਖੀ, ਬਰਫਾਨੀ ਪਹਾੜਾਂ ਦੀਆਂ ਚੋਟੀਆਂ ਤੇ, ਸਮੁੰਦਰ ਦੇ ਕੰਢਿਆਂ ਤੇ, ਦਰਿਆਵਾਂ ਦੇ ਕੰਢਿਆਂ ਤੇ, ਦੁਨੀਆਂ ਦੇ ਸਾਰੇ ਤੀਰਥਾਂ ਤੇ, ਸਾਰੇ ਮੱਠਾਂ ਮੰਦਰਾਂ ਤੇ, ਮਕਬਰਿਆਂ ਤੇ, ਮਸਜਿਦਾਂ ਤੇ, ਕੋਈ ਥਾਂ ਨਹੀਂ ਮੈਂ ਛੱਡੀ ਪਰ ਮੈਨੂੰ -

***ਬੀਜਉ ਸੂਝੈ ਕੋ ਨਹੀ ਬਹੈ ਦੁਲੀਚਾ ਪਾਇ॥*** ***ਪੰਨਾ - 936***

ਐਸਾ ਕੋਈ ਵੀ ਸੰਸਾਰ ਵਿਚ ਨਜ਼ਰ ਨਹੀਂ ਆਇਆ ਜਿਹੜਾ ਸਾਹਮਣੇ ਦਲੀਚਾ ਪਾ ਕੇ, ਆਸਣ ਲਾ ਕੇ ਬੈਠ ਸਕੇ।"

ਜੇ ਗੁਰੂ ਨਾਨਕ ਪਾਤਿਸ਼ਾਹ ਛੋਟੀ ਉਮਰ ਵਿਚ ਸੰਤ ਰੇਣ ਨੂੰ ਵੀ ਮਿਲੇ, ਸੱਚਾ ਸੌਦਾ, ਖਰਾ ਸੌਦਾ ਕਰਨ ਵਾਸਤੇ, ਮਹਾਰਾਜ ਜੀ ਜਦੋਂ ਉਨ੍ਹਾਂ ਦੇ ਸਨਮੁਖ ਖੜ੍ਹੇ ਹੋਏ ਤਾਂ ਉਨ੍ਹਾਂ ਨੇ ਇਹ ਗੱਲ ਕਹੀ ਕਿ ਅਸੀਂ ਆਪੇ ਹੀ ਸਭ ਕੁਝ ਕਰ ਲਵਾਂਗੇ, ਹੁਣ ਤੁਸੀਂ ਚਲੇ ਜਾਓ ਏਥੋਂ। ਬਾਅਦ ਵਿਚ ਸਾਧੂਆਂ ਨੇ ਪੁਛਿਆ ਕਿ ਮਹਾਰਾਜ! ਐਨੇ ਪ੍ਰੇਮ ਦੇ ਨਾਲ ਇਸ ਬਾਲਕੇ ਨੇ ਸੇਵਾ ਕਰੀ ਹੈ ਤੇ ਤੁਸੀਂ ਦੋ ਮਿੰਟ ਵੀ ਉਨ੍ਹਾਂ ਨੂੰ ਇਥੇ ਬੈਠਣ ਨਹੀਂ ਦਿੱਤਾ।

ਉਹ ਕਹਿੰਦੇ, "ਪ੍ਰੇਮੀਓਂ! ਤੁਹਾਨੂੰ ਨਹੀਂ ਪਤਾ, ਕਿੰਨਾ ਤੇਜ ਜਲਾਲ ਸੀ ਉਨ੍ਹਾਂ ਦੇ ਅੰਦਰ, ਮੈਂ ਸਹਿ ਨਹੀਂ ਸੀ ਸਕਦਾ ਤੇ ਮੈਂ ਸ੍ਰੀ ਮਹੰਤ ਹੁੰਦਾ ਹੋਇਆ ਉਚੀ ਥਾਂ ਤੇ ਬੈਠਾ ਸੀ ਤੇ ਜੇ ਮੈਂ ਹੇਠਾਂ ਬੈਠਦਾ ਤੇ ਉਨ੍ਹਾਂ ਨੂੰ ਉਪਰ ਬਿਠਾਉਂਦਾ, ਫੇਰ ਤਾਂ ਠੀਕ ਸੀ। ਇਹ ਬੇਅਦਬੀ ਸੀ, ਇਸ ਕਰਕੇ ਮੈਂ ਛੇਤੀ ਛੁੱਟੀ ਮੰਗ ਲਈ।"

ਸੋ ਗੁਰੂ ਮਹਾਰਾਜ ਜੀ ਨੂੰ ਸੰਸਾਰ ਦੇ ਅੰਦਰ ਕੋਈ ਨਹੀਂ ਸੀ ਮਿਲਿਆ ਜਿਹੜਾ ਗੁਰਮੰਤ੍ਰ ਦੇ ਸਕਦਾ। ਸੋ ਅਕਾਲ ਪੁਰਖ ਦੇ ਦਰ ਤੇ ਆਪ ਪਹੁੰਚੇ। ਉਥੇ ਅਕਾਲ ਪੁਰਖ ਨੇ ਬਚਨ ਕਰੇ, "ਹੇ ਨਾਨਕ! ਤੂੰ ਮੇਰੇ ਨਾਂ ਦਾ ਅੰਮ੍ਰਿਤ ਪਿਆਲਾ ਪੀਤਾ ਹੈ। ਤੂੰ ਮੇਰੇ ਹੁਕਮ ਦੀ ਸੋਝੀ ਪਾਈ ਹੈ। ਮੈਂ ਪਾਰਬ੍ਰਹਮ ਪ੍ਰਮੇਸ਼ਰ, ਜਿਸ ਦਾ ਕੋਈ ਪਾਰਾਵਾਰ ਨਹੀਂ ਹੁੰਦਾ, ਨਾ ਕੋਈ ਆਦਿ, ਨਾ ਕੋਈ ਅੰਤ, ਨਾ ਕੋਈ ਪਾਸਾ, ਨਾ ਕੋਈ ਦਿਸ਼ਾ, ਤੇ ਤੂੰ ਗੁਰੂ ਪ੍ਰਮੇਸ਼ਰ।"

ਸੋ ਗੁਰੂ ਪ੍ਰਮੇਸ਼ਰ ਸੰਸਾਰ ਦੇ ਅੰਦਰ ਆ ਕੇ ਕਿਸੇ ਅੱਗੇ ਝੁਕ ਜਾਵੇ, ਉਹ ਤਾਂ ਫੇਰ ਕਰਾਮਾਤ ਹੀ ਹੋਈ। ਗੁਰੂ ਨਾਨਕ ਸਾਹਿਬ ਸਾਰੀ ਜ਼ਿੰਦਗੀ ਦੇ ਅੰਦਰ ਜੇ ਕਿਸੇ ਅੱਗੇ ਝੁੱਕੇ ਨੇ ਤਾਂ ਗੁਰੂ ਅੰਗਦ ਸਾਹਿਬ ਅੱਗੇ ਝੁਕੇ ਨੇ। ਕਿੱਡੇ ਵੱਡੇ ਗੁਰ ਸਿਖ ਸਨ। ਗੁਰਿਆਈ ਮਿਲਣ ਤੋਂ ਪਹਿਲਾਂ ਆਪ ਦਾ ਨਾਮ ਭਾਈ ਲਹਿਣਾ ਸੀ। ਕਿਹੋ ਜਿਹੀ ਘਾਲ ਉਨ੍ਹਾਂ ਨੇ ਘਾਲੀ, ਇਹ ਸਾਡੇ ਵਾਸਤੇ ਇਕ ਬੜਾ ਜਬਰਦਸਤ ਨਮੂਨਾ ਹੈ। ਜਿਨ੍ਹਾਂ ਦੇ ਮਨਾਂ ਵਿਚ ਸ਼ੌਕ ਹੈ ਉਚੇ ਉਠਣ ਦਾ, ਉਨ੍ਹਾਂ ਲਈ ਬੜੇ ਵਿਸਥਾਰ ਨਾਲ ਆਪਾਂ ਨੇ ਵਿਚਾਰ ਕੀਤੀ ਹੈ ਕਿ ਗੁਰਸਿਖ ਕਿਸ ਤਰ੍ਹਾਂ ਸਨੇ-ਸਨੇ ਤਰੱਕੀ ਕਰਦਾ ਹੈ ਤੇ ਕਿਸ ਤਰ੍ਹਾਂ ਉਚੀ ਮੰਜ਼ਲ ਤੇ ਪਹੁੰਚਦਾ ਹੈ।

ਸੋ ਆਪ ਸੇਵਾ ਕਰ ਰਹੇ ਨੇ ਦਿਨ ਰਾਤ। ਸੇਵਾ ਵੀ ਐਸੀ ਜਿਸ ਦਾ ਸਾਨੀ ਵੀ ਕੋਈ ਨਹੀਂ ਸੀ ਤੇ ਗੁਰੂ ਮਹਾਰਾਜ ਜੀ ਬਹੁਤ ਪ੍ਰਸੰਨ ਹੁੰਦੇ ਜਾ ਰਹੇ ਸੀ। ਸੋ ਸੇਵਕ ਜੋ ਹੁੰਦਾ ਹੈ ਉਹ ਜਦੋਂ ਤੱਕ ਸਿਰ ਲਾਹ ਕੇ ਨਹੀਂ ਰੱਖਦਾ, ਓਨੀ ਦੇਰ ਤੱਕ ਸੇਵਾ ਪਰਵਾਣ ਨਹੀਂ ਹੋਇਆ ਕਰਦੀ। ਸਰੀਰ ਦਾ ਸਿਰ ਨਹੀਂ ਲਾਹੁਣਾ, ਹੰਕਾਰ ਦਾ ਸਿਰ ਲਾਹੁਣਾ ਹੈ - ਆਪਣੇ ਆਪ ਦਾ, ਜਿਸ ਨੂੰ ਅਸੀਂ 'ਮੈਂ' ਬਣਾਇਆ ਹੋਇਆ ਹੈ ਕਿ 'ਮੈਂ' ਹਾਂ। ਉਸ 'ਮੈਂ' ਨੂੰ ਖਤਮ ਕਰਨਾ ਹੈ ਤੇ ਉਸ ਸੇਵਕ ਦੇ ਗੁਣ ਦੱਸਣ ਵਾਸਤੇ ਭਾਈ ਗੁਰਦਾਸ ਜੀ ਨੇ ਏਸ ਤਰ੍ਹਾਂ ਦੇ ਨਾਲ ਫੁਰਮਾਨ ਕੀਤਾ ਹੈ -

***ਧਾਰਨਾ - ਮੁਰਦਾ ਹੋਇ ਕੈ ਮੁਰੀਦ ਬਣ ਜਾਵਣਾ -2, 2.***

## *ਮੁਰਦਾ ਹੋਇ ਕੈ ਮੁਰੀਦ ਬਣ ਜਾਵਣਾ -4.*

ਮੁਰੀਦ ਤਿੰਨ ਕਿਸਮ ਦਾ ਹੁੰਦਾ ਹੈ। ਇਕ 'ਮੁਰੀਦ' ਹੁੰਦਾ ਹੈ। ਇਕ 'ਮੁਰੀਦ-ਏ-ਸਾਦਕ' ਹੁੰਦਾ ਹੈ। ਇਕ 'ਮੁਰੀਦ-ਏ-ਫਿਦਾਈ' ਹੋਇਆ ਕਰਦੀ ਹੈ। ਸਿੱਖਾਂ ਵਿਚ ਇਕ 'ਸਨਮੁਖ ਸਿੱਖ', ਇਕ 'ਮਰਜੀਵੜਾ ਸਿੱਖ'। ਜੋ ਮੁਰੀਦ-ਏ-ਫਿਦਾਈ ਤੇ 'ਮਰਜੀਵੜਾ ਸਿੱਖ' ਹੈ ਇਹ ਸਿੱਖੀ ਦੀ ਪ੍ਰਮੁੱਖ, ਸਭ ਤੋਂ ਉਚੀ ਮੰਜ਼ਲ ਹੋਇਆ ਕਰਦੀ ਹੈ। ਅਸੀਂ ਵੀ ਸਿੱਖ ਬਣੇ ਹੋਏ ਹਾਂ; ਕਿਥੇ ਦੋਸ਼ ਹੈ ਸਾਡੇ ਵਿਚ? ਸਾਡੇ ਅੰਦਰ ਨਾ 'ਨਾਮ' ਚਲਦਾ ਹੈ, ਨਾ ਸਾਨੂੰ ਉਚਾ ਜੀਵਨ ਪ੍ਰਾਪਤ ਹੋ ਰਿਹਾ ਹੈ, ਨਾ ਅੰਦਰ ਰਸ ਆ ਰਿਹਾ ਹੈ, ਉਦਾਸੀ ਦੇ ਵਿਚ ਹਾਂ ਤੇ ਮਹਾਰਾਜ ਜੀ ਇਹ ਕਹਿੰਦੇ ਨੇ ਕਿ ਤਨ ਦੇ ਤਿੰਨ ਤਾਪ ਹੁੰਦੇ ਨੇ - ਆਧੀ, ਵਿਆਧੀ, ਉਪਾਧੀ। ਮੋਹ ਮਿਟ ਜਾਵੇ, ਮੋਹ ਦੀ ਸਾਰੀ ਸੈਨਾ - ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਈਰਖਾ, ਨਿੰਦਿਆ, ਚੁਗਲੀ, ਬਖੀਲੀ, ਇਹ ਸਭ ਜੇ ਸਰੀਰ ਵਿਚੋਂ ਖਤਮ ਹੋ ਜਾਣ ਤਾਂ ਸਮਝ ਲਓ ਕਿ ਇਸ ਨੂੰ ਗੁਰੂ ਲੱਗ ਗਿਆ, ਨਹੀਂ ਤਾਂ ਲੱਗਿਆ ਨਹੀਂ ਅਜੇ। ਸੋ -

***ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।*** ***ਭਾਈ ਗੁਰਦਾਸ ਜੀ ਦੀ ਵਾਰ 3/18***

ਗੱਲਾਂ ਨਾਲ ਤਾਂ ਸਿੱਖ ਨਹੀਂ ਬਣਿਆ ਕਰਦਾ, ਨਾ ਮੁਰੀਦ ਬਣਿਆ ਕਰਦਾ ਹੈ। ਜੇ ਮੁਰਦਾ ਹੋਵੇ ਤਾਂ ਬਣਿਆ ਕਰਦਾ ਹੈ। ਕਈਆਂ ਦੇ ਮਨਾਂ 'ਚ ਇਹ ਸ਼ੰਕਾ ਹੁੰਦਾ ਹੈ ਕਿ ਮੁਰਦਾ ਤਾਂ ਕੁਝ ਵੀ ਨਹੀਂ ਕਰਦਾ। ਜਿਥੇ ਮੁਰਦਾ ਅੱਖਰ ਵਰਤਿਆ ਗਿਆ, ਮੁਰਦੇ ਦੇ ਕਈ ਅਰਥ ਨੇ ਸਾਧ ਸੰਗਤ ਜੀ! ਇਕ ਤਾਂ ਉਹ ਹੈ ਜਿਸ ਦੇ ਵਿਚੋਂ ਚੇਤਨ ਕਲਾ ਨਿਕਲ ਜਾਵੇ, ਸਰੀਰ ਫੇਰ ਮੁਰਦਾ ਹੋ ਜਾਂਦਾ ਹੈ। ਇਕ ਮੁਰਦੇ ਉਹ ਹੁੰਦੇ ਨੇ ਜੋ ਖਾਂਦੇ ਨੇ, ਪੀਂਦੇ ਦੇ, ਹੰਢਾਉਂਦੇ ਨੇ, ਸੋਹਣਿਆਂ ਮਕਾਨਾਂ ਵਿਚ ਰਹਿੰਦੇ ਨੇ, ਚੰਗੀਆਂ-ਚੰਗੀਆਂ ਪਦਵੀਆਂ ਤੇ ਨੇ, ਵੱਡੇ-ਵੱਡੇ ਕਾਰੋਬਾਰ ਚਲਦੇ ਨੇ, ਬਹੁਤ ਜ਼ਿਆਦਾ ਦੁਨੀਆਂ ਵਿਚ ਮਸ਼ਹੂਰੀ ਹੈ ਲੇਕਿਨ ਨਾਮ ਦੀ ਤਰੰਗ ਉਨ੍ਹਾਂ ਦੇ ਅੰਦਰ ਨਹੀਂ ਚੱਲ ਰਹੀ, ਨਾਮ ਤੋਂ ਹੀਣੇ ਨੇ -

***ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥***
***ਨਾਨਕ ਅਵਰੁ ਨ ਜੀਵੈ ਕੋਇ॥*** ***ਪੰਨਾ - 142***

ਇਕ ਮੁਰਦੇ ਉਹ ਨੇ ਜਿਨ੍ਹਾਂ ਦੇ ਅੰਦਰ ਰੁੱਖਾਪਨ ਹੈ। ਭੁੱਲ ਕੇ ਵੀ ਕਿਸੇ ਨੂੰ ਪਿਆਰ ਨਹੀਂ ਕਰਦੇ, ਨਾ ਪਿਆਰ ਦੇ ਬਾਰੇ ਕੋਈ ਗੱਲ ਜਾਣਦੇ ਨੇ। ਸਦਾ ਹੀ ਆਪਣੇ ਹਿਤ ਦੇ ਵਿਚ ਰਹਿੰਦੇ ਹਨ-

***ਬੈਰ ਬਿਰੋਧ ਕਾਮ ਕ੍ਰੋਧ ਮੋਹ॥ ਝੂਠ ਬਿਕਾਰ ਮਹਾ ਲੋਭ ਧ੍ਰੋਹ॥***
***ਪੰਨਾ - 267***

ਇਨ੍ਹਾਂ ਸਿਫਤਾਂ ਦੇ ਅੰਦਰ, ਮਾੜੀਆਂ ਗੱਲਾਂ ਦੇ ਅੰਦਰ ਆਪਣਾ ਜੀਵਨ ਜਿਨ੍ਹਾਂ ਨੇ ਗਰਕ ਕਰ ਲਿਆ, ਮਹਾਰਾਜ ਜੀ ਕਹਿੰਦੇ, ਉਹ ਪਿਆਰ ਤੋਂ ਹੀਣੇ ਕਿੰਨੇ ਹੀ ਪੈਸੇ ਵਾਲੇ ਹੋਣ, ਕਿੰਨੀਓਂ ਉਨ੍ਹਾਂ ਦੇ ਸਰੀਰ ਦੀ ਸੁੰਦਰਤਾ ਹੋਵੇ, ਕਿੰਨੀ ਹੀ ਗੱਲਬਾਤ ਕਰ ਸਕਦੇ ਹੋਣ, ਕਿੰਨੇ ਹੀ ਸਿਆਣੇ ਹੋਣ, ਕਿੰਨੀਓਂ ਉਚੀ ਕੁਲ ਦੇ ਨਾਲ ਸਬੰਧ ਰੱਖਦੇ ਹੋਣ, ਕਹਿੰਦੇ ਜੇ ਪਿਆਰ ਨਹੀਂ ਉਨ੍ਹਾਂ ਦੇ ਅੰਦਰ ਤਾਂ ਉਹ ਮੁਰਦੇ ਹੋਇਆ ਕਰਦੇ ਨੇ -

***ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥***
***ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥***
***ਪੰਨਾ - 253***

ਇਹ ਜਿਹੜੇ ਮੁਰਦੇ ਨੇ, ਇਹ ਹਮੇਸ਼ਾ ਹੀ ਘਾਟੇ ਵੱਲ ਨੂੰ ਜਾਂਦੇ ਨੇ। ਇਨ੍ਹਾਂ ਨੂੰ ਸੰਸਾਰ ਦੇ

ਅੰਦਰ ਕੋਈ ਰੂਹਾਨੀ ਲਾਭ ਪ੍ਰਾਪਤ ਨਹੀਂ ਹੋਇਆ ਕਰਦਾ।

ਇਕ ਉਹ ਹੈ ਜਿਹੜਾ ਮੁਰਦਾ ਹੋ ਕੇ ਫੇਰ ਜੀਉਂਦਾ ਹੁੰਦਾ ਹੈ, ਆਪਾ ਮਾਰ ਕੇ ਫੇਰ ਜੀਉਂਦਾ ਹੋ ਜਾਂਦਾ ਹੈ। ਉਸ ਦੇ ਵਾਸਤੇ ਇਥੇ ਇਸ਼ਾਰਾ ਹੈ ਜਿਹੜੇ ਆਪਣੀ ਹਉਮੈ ਨੂੰ ਮਾਰਨਾ ਪ੍ਰਵਾਣ ਕਰ ਲੈਂਦੇ ਨੇ, ਮਾਰ ਲੈਂਦੇ ਨੇ, 'ਮੈਂ' ਨੂੰ ਮਾਰ ਲੈਂਦੇ ਨੇ। ਕਹਿੰਦੇ 'ਮੈਂ' ਨੂੰ ਮਾਰ ਕੇ ਜਿਹੜਾ ਸਿੱਖ ਬਣਿਆ ਹੈ ਉਹ ਸਹੀ ਸਿੱਖ ਹੈ, ਨਹੀਂ ਤਾਂ ਗੱਲਾਂ ਨਾਲ ਸਿੱਖੀ ਨਹੀਂ ਆਇਆ ਕਰਦੀ, ਭੇਖ ਨਾਲ ਸਿੱਖੀ ਨਹੀਂ ਆਇਆ ਕਰਦੀ–

***ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ। ਭਾਈ ਗੁਰਦਾਸ ਜੀ ਦੀ ਵਾਰ 3/18***

ਦੂਸਰੀ ਸਿਫਤ ਉਸ ਦੇ ਅੰਦਰ ਹੁੰਦੀ ਹੈ –

***ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ। ਭਾਈ ਗੁਰਦਾਸ ਜੀ ਦੀ ਵਾਰ 3/18 ਵਾਰ***

ਚਾਰ ਗੱਲਾਂ ਹੋ ਗਈਆਂ, ਨੋਟ ਕਰੀ ਜਾਇਓ। ਪੰਜਵੀਂ ਹੁੰਦੀ ਹੈ –

***ਗੋਲਾ ਮੁਲ ਖਰੀਦੁ ਕਾਰੇ ਜੋਵਣਾ। ਭਾਈ ਗੁਰਦਾਸ ਜੀ ਦੀ ਵਾਰ 3/18***

ਗੁਲਾਮ ਬਣ ਗਿਆ ਗੁਰੂ ਦਾ, ਸੰਗਤ ਦਾ ਗੁਲਾਮ ਬਣ ਗਿਆ, ਮਹਾਂਪੁਰਸ਼ਾਂ ਦਾ ਗੁਲਾਮ ਬਣ ਗਿਆ। ਕਿਤੇ ਲਾ ਦਿਓ, ਗੁਲਾਮ ਨੇ ਤਾਂ ਇਤਰਾਜ਼ ਨਹੀਂ ਕਰਨਾ। ਅੱਧੀ ਰਾਤ ਉਠਾ ਲਓ, ਸਾਰੀ ਰਾਤ ਨਾ ਸੌਣ ਦਿਓ, ਭੁੱਖਾ ਰੱਖ ਲਓ, ਕੁਝ ਕਰ ਲਓ, ਗੁਲਾਮ ਕਿਉਂਕਿ ਵਿਕ ਚੁਕਿਆ ਹੈ, ਉਸ ਦਾ ਆਪਣੇ ਤਨ ਦੇ ਉਤੇ ਕੋਈ ਅਧਿਕਾਰ ਨਹੀਂ ਹੈ। ਉਸ ਦੀ ਕੋਈ ਸ਼ਿਕਾਇਤ ਕਿਸੇ ਕਚਹਿਰੀ ਨੇ ਨਹੀਂ ਸੁਣਨੀ ਕਿਉਂਕਿ ਪਸ਼ੂਆਂ ਵਾਂਗ ਵਿਕ ਚੁਕਿਆ ਹੈ ਤੇ ਉਸ ਦੀ ਹਾਲਤ ਕੀ ਹੁੰਦੀ ਹੈ ਕਿ –

***ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ। ਭਾਈ ਗੁਰਦਾਸ ਜੀ ਦੀ ਵਾਰ 3/18***

ਨੀਂਦ ਦਾ ਵੀ ਉਸ ਦੇ ਨਾਲ ਕੋਈ ਲਿਹਾਜ਼ ਨਹੀਂ, ਨਾ ਭੁਖ, ਨਾ ਖਾਣਾ, ਨਾ ਸੌਣਾ –

***ਪੀਹਣਿ ਹੋਇ ਜਦੀਦ ਪਾਣੀ ਢੋਵਣਾ। ਭਾਈ ਗੁਰਦਾਸ ਜੀ ਦੀ ਵਾਰ 3/18***

ਪੀਹਣਾ ਹੈ ਜਾਂ ਹੋਰ ਕੋਈ ਕੰਮ ਕਰਨਾ ਹੈ, ਪਾਣੀ ਢੋਣਾ ਹੈ, ਢੋਈ ਜਾਣਾ ਹੈ ਉਸ ਨੇ।

***ਪਖੇ ਦੀ ਤਾਗੀਦ ਪਗ ਮਲਿ ਧੋਵਣਾ। ਭਾਈ ਗੁਰਦਾਸ ਜੀ ਦੀ ਵਾਰ 3/18***

ਪੱਖਾ ਝੱਲਦਾ ਹੈ, ਚਰਨ ਧੋਂਦਾ ਹੈ, ਹੋਰ ਇਸ਼ਨਾਨ ਆਦਿ ਕਰਾਉਂਦਾ ਹੈ।

***ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ। ਭਾਈ ਗੁਰਦਾਸ ਜੀ ਦੀ ਵਾਰ 3/18***

ਹਸਣਾ ਤੇ ਰੋਣਾ ਮਨ੍ਹਾ ਹੈ, ਦੋਇ ਚੀਜ਼ਾਂ ਨਹੀਂ ਕਰਨੀਆਂ। ਰੋਣਾਂ ਵੀ ਮਨ੍ਹਾਂ ਹੈ ਤੇ ਹੱਸਣਾ ਵੀ ਮਨ੍ਹਾ ਹੈ। ਸੋ ਇਸ ਤਰ੍ਹਾਂ ਦੇ ਨਾਲ –

***ਦਰ ਦਰਵੇਸ ਰਸੀਦ ਪਿਰਮ ਰਸ ਭੋਵਣਾ॥ ਭਾਈ ਗੁਰਦਾਸ ਜੀ ਦੀ ਵਾਰ 3/18***

ਪਿਆਰ ਦੇ ਰਸ ਦੇ ਅੰਦਰ ਗਲਤਾਨ ਰਹਿੰਦਾ ਹੈ। ਜਦੋਂ ਇਹ ਪੁੱਗ ਜਾਂਦਾ ਹੈ –

***ਚੰਦ ਮੁਮਾਰਖ ਈਦ ਪੁਗ ਖਲੋਵਣਾ॥*** ***ਭਾਈ ਗੁਰਦਾਸ ਜੀ ਦੀ ਵਾਰ 3/18***

ਫੇਰ ਮੁਬਾਰਕਾਂ ਮਿਲਦੀਆਂ ਨੇ।

ਮਿਸਾਲਾਂ ਮਹਾਂਪੁਰਖਾਂ ਦੀਆਂ ਜਦੋਂ ਅਸੀਂ ਦਿੰਦੇ ਹਾਂ ਤਾਂ ਬੇਅੰਤ ਥਾਵਾਂ ਤੋਂ ਫੁੱਲ ਚੁਗਣੇ ਪੈਂਦੇ ਨੇ, ਇਸ ਗੱਲ ਨੂੰ ਸਮਝਾਉਣਾ ਪੈਂਦਾ ਹੈ। ਆਪਣੇ ਇਤਿਹਾਸ ਵਿਚੋਂ ਹੋਰ ਚੰਗੇ-ਚੰਗੇ ਬੰਦਿਆਂ ਦੇ ਜੀਵਨ ਦੇਖਣੇ ਪੈਂਦੇ ਨੇ ਤਾਂ ਕਿ ਗੱਲ ਚੰਗੀ ਤਰ੍ਹਾਂ ਸਮਝ ਆ ਜਾਵੇ ਕਿ ਕਿਥੇ ਜਾ ਕੇ ਗੱਲ ਕਰ ਰਹੇ ਨੇ-

***ਮਨੁ ਬੇਚੈ ਸਤਿਗੁਰ ਕੈ ਪਾਸਿ॥ ਤਿਸੁ ਸੇਵਕ ਕੇ ਕਾਰਜ ਰਾਸਿ॥***

***ਪੰਨਾ - 286***

ਕਾਰਜ ਰਾਸ ਤਾਂ ਹੋਣਾ ਹੈ ਜਦੋਂ ਅਸੀਂ ਮਨ ਗੁਰੂ ਨੂੰ ਵੇਚ ਦੇਣਾ ਹੈ। ਜਦੋਂ ਮਨ ਵੇਚ ਦਿੱਤਾ, ਫੇਰ ਮਨ ਨੇ ਕੋਈ ਫੁਰਨਾ ਨਹੀਂ ਕਰਨਾ। ਫੇਰ ਕੀ ਰਹਿ ਜਾਂਦਾ ਹੈ? ਫੇਰ ਤਾਂ ਰਜ਼ਾਅ ਦੇ ਵਿਚ ਸਰੀਰ ਚਲਦਾ ਹੈ, ਰਜ਼ਾਅ ਵਿਚ ਰਾਜ਼ੀ ਰਹਿੰਦਾ ਹੈ, ਹੁਕਮ ਵਿਚ ਰਾਜ਼ੀ, ਭਾਣੇ ਵਿਚ ਰਾਜ਼ੀ, ਫੇਰ ਕਾਰਜ ਰਾਸ ਹੋ ਜਾਇਆ ਕਰਦਾ ਹੈ।

ਆਹ ਥੋੜ੍ਹਾ ਸਮਾਂ ਪਹਿਲਾਂ – ਕੋਈ ਸੌ ਕੁ ਸਾਲ ਦੀ ਗੱਲ ਹੈ, ਧੂਰੀ ਦੇ ਨੇੜੇ ਹੀ ਇਕ ਸਟੇਸ਼ਨ ਹੈ – ਛੀਟਾਂ ਵਾਲਾ। ਉਨ੍ਹਾਂ ਦਿਨਾਂ ਵਿਚ ਨਾਭਾ ਰਿਆਸਤ ਵਿਚ ਪਿਆ ਕਰਦਾ ਸੀ। ਉਥੇ ਇਕ ਪਿੰਡ ਦੇ ਵਿਚ ਇਕ ਮਹਾਤਮਾ ਰਿਹਾ ਕਰਦੇ ਸੀ ਨੇੜੇ ਹੀ। ਇਕ ਵਾਰੀ ਡਾਕੂਆਂ ਦਾ ਟੋਲਾ ਆਇਆ। ਉਨ੍ਹਾਂ ਨੇ ਸਰਕਾਰੀ ਚੋਰੀ ਕਰ ਲਈ ਤੇ ਸਰਕਾਰ ਨੇ ਪਿਛੇ ਪੈੜੂਏ ਲਾ ਦਿੱਤੇ, ਪੁਲਿਸ ਲਾ ਦਿੱਤੀ। ਬਾਕੀ ਦੇ ਤੁਰ ਗਏ ਤੇ ਜਿਹੜਾ ਇਨ੍ਹਾਂ ਦਾ ਸਰਦਾਰ ਸੀ ਉਹ ਕਿਰਿਆ ਕਰਨ ਵਾਸਤੇ, ਜੰਗਲ ਦਿਸ਼ਾ ਜਾਣ ਵਾਸਤੇ ਇਨ੍ਹਾਂ ਨਾਲੋਂ ਅੱਡ ਹੋ ਗਿਆ। ਉਸ ਤੋਂ ਬਾਅਦ ਉਸ ਨੇ ਦੇਖਿਆ ਉਚੇ ਥਾਂ ਤੋਂ ਕਿ ਪੁਲਿਸ ਤਾਂ ਨੇੜੇ ਹੀ ਆ ਗਈ, ਹੁਣ ਨੱਠਿਆਂ ਨੂੰ ਤਾਂ ਇਨ੍ਹਾਂ ਨੇ ਜਾਣ ਨਹੀਂ ਦੇਣਾ ਤੇ ਹੁਣ ਕੀ ਕੀਤਾ ਜਾਵੇ। ਜੇ ਹੱਥ ਆ ਗਏ ਤਾਂ ਮਾਰ-ਮਾਰ ਕੇ ਬਹੁਤ ਬੁਰਾ ਹਾਲ ਕਰ ਦੇਣਗੇ, ਫੇਰ ਸਜਾਵਾਂ ਮਿਲਣਗੀਆਂ, ਪਹਿਲੇ ਗੁਨਾਹ ਵੀ ਮੰਨਣੇ ਪੈਣਗੇ। ਸੋ ਉਸ ਥਾਂ ਦੇ ਨੇੜੇ ਹੀ ਮਹਾਤਮਾ ਬੰਦਗੀ ਕਰਿਆ ਕਰਦੇ ਸੀ, ਉਨ੍ਹਾਂ ਦੇ ਆਸ਼ਰਮ ਵਿਚ ਚਲਿਆ ਗਿਆ।

ਮਹਾਂਪੁਰਸ਼ਾਂ ਨੂੰ ਜਾ ਕੇ ਕਹਿਣ ਲਗਿਆ ਕਿ ਮਹਾਰਾਜ ਮੇਰੀ ਰੱਖਿਆ ਕਰੋ।

ਮਹਾਂਪੁਰਖ ਕਹਿਣ ਲੱਗੇ, "ਕੀ ਗੱਲ?"

ਕਹਿੰਦਾ, "ਮਹਾਰਾਜ! ਮੈਂ ਡਾਕੂ ਹਾਂ ਤੇ ਡਾਕੂਆਂ ਦਾ ਸਰਦਾਰ ਹਾਂ। ਮੇਰੇ ਨਾਲ ਦੇ ਸਾਰੇ ਨਿਕਲ ਗਏ, ਹੁਣ ਵਾਹੋ-ਦਾਹੀ ਮੇਰੇ ਮਗਰ ਪੁਲਿਸ ਆ ਰਹੀ ਹੈ ਤੇ ਤੁਸੀਂ ਮੇਰੇ ਤੇ ਕਿਰਪਾ ਕਰੋ। ਏਸ ਵੇਲੇ ਮੈਨੂੰ ਬਚਾ ਲਓ।"

ਮਹਾਤਮਾ ਕਹਿੰਦੇ, "ਦੇਖ ਪ੍ਰੇਮੀਆਂ!

***ਚੋਰ ਕੀ ਹਾਮਾ ਭਰੇ ਨ ਕੋਇ॥***
***ਚੋਰੁ ਕੀਆ ਚੰਗਾ ਕਿਉ ਹੋਇ॥*** ***ਪੰਨਾ - 662***

ਚੋਰੀ ਕਰਨੀ, ਡਾਕੇ ਮਾਰਨੇ ਕੋਈ ਚੰਗੀਆਂ ਗੱਲਾਂ ਨਹੀਂ ਹੁੰਦੀਆਂ। ਚੰਗਾ! ਤੂੰ ਸ਼ਰਣ ਆਇਆ ਹੈਂ, ਆਹ ਮਾਲਾ ਚੁੱਕ ਲੈ, ਉਥੇ ਬਹਿ ਜਾ, ਤੇ ਵਾਹਿਗੁਰੂ ਵਾਹਿਗੁਰੂ ਕਰੀ ਜਾ! ਅੱਖ ਨਾ ਖੋਲ੍ਹੀਂ,

ਕੋਈ ਆ ਜਾਵੇ ਚਾਹੇ।"

ਉਸ ਤੋਂ ਬਾਅਦ ਪੈੜੂਏ ਆ ਗਏ, ਪੁਲਿਸ ਆ ਗਈ। ਪੈੜੂਏ ਨੇ ਕਿਹਾ ਕਿ ਇਸ ਟੋਭੇ ਦੇ ਦੁਆਲੇ ਘੁੰਮਿਆ ਹੋਇਆ ਹੈ ਇਹ ਬੰਦਾ, ਏਧਰ ਗਿਆ, ਫੇਰ ਜੰਗਲ ਦਿਸ਼ਾ ਵੱਲ ਤੇ ਇਥੇ ਆ ਕੇ ਪਾਣੀ ਵਰਤਿਆ ਹੈ ਤੇ ਆਹ ਪੈੜ ਲਗਦੀ ਹੈ ਮੈਨੂੰ। ਉਹ ਪੈੜ ਅੱਗੇ ਸੰਤਾਂ ਦੇ ਆਸ਼ਰਮ ਵਿਚ ਆ ਗਈ।

ਸੰਤਾਂ ਕੋਲ ਆ ਗਏ, ਕਹਿੰਦੇ, "ਮਹਾਰਾਜ! ਇਥੇ ਕੋਈ ਡਾਕੂ ਆਇਆ ਹੈ?"

ਮਹਾਤਮਾ ਕਹਿੰਦੇ,

***ਚੋਰ ਸਾਧ ਸਭ ਬ੍ਰਹਮ ਪਛਾਨੋ॥***

ਸੰਤਾਂ ਨੂੰ ਨਾ ਕੋਈ ਡਾਕੂ ਹੁੰਦਾ ਹੈ ਤੇ ਨਾ ਕੋਈ ਰਾਜਾ ਹੁੰਦਾ ਹੈ, ਸਾਰੇ ਹੀ ਇਕੋ ਪ੍ਰਮੇਸ਼ਰ ਦਾ ਰੂਪ ਹੁੰਦਾ ਹੈ। ਆਹ ਛੋਟਾ ਜਿਹਾ ਆਸ਼ਰਮ ਹੈ ਤੇ ਨਿੱਕੀ ਜਿਹੀ ਕੁਟੀਆ ਹੈ, ਇਸ ਦੇ ਵਿਚ ਦੇਖ ਲਓ ਤੁਸੀਂ ਫਿਰ ਤੁਰ ਕੇ, ਸਾਡੀ ਦ੍ਰਿਸ਼ਟੀ ਵਿਚ ਕੋਈ ਚੋਰ ਨਹੀਂ ਹੈ, ਕੋਈ ਮਾੜਾ ਬੰਦਾ ਨਹੀਂ।

***ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ॥***
***ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ॥***

***ਪੰਨਾ - 610***

ਪੁਲਿਸ ਦੇਖਦੀ ਫਿਰਦੀ ਹੈ। ਇਕੋ ਹੀ ਬੰਦਾ ਹੈ ਉਹ ਮਾਲਾ ਫੇਰ ਰਿਹਾ ਹੈ। ਉਹ ਕਹਿੰਦੇ ਕਿ ਹੋਰ ਤਾਂ ਕੋਈ ਨਹੀਂ, ਆਹ ਇਕ ਸਾਧੜਾ ਜਿਹਾ ਬੈਠਾ ਹੈ, ਹੋਰ ਬੰਦਾ ਹੀ ਨਹੀਂ ਕੋਈ। ਹੋ ਸਕਦਾ ਹੈ ਕਿ ਗਲਤੀ ਲੱਗ ਗਈ ਹੋਵੇ ਪੈੜੂਏ ਨੂੰ। ਸੋ ਛੱਡ ਕੇ ਚਲੇ ਗਏ। ਜਦੋਂ ਪੁਲਿਸ ਚਲੀ ਗਈ ਉਸ ਵੇਲੇ ਮਹਾਤਮਾ ਕਹਿਣ ਲੱਗੇ, "ਓ ਪ੍ਰੇਮੀਆਂ! ਤੂੰ ਡਾਕੇ ਮਾਰਦਾ ਹੈਂ, ਦੂਜਿਆਂ ਦਾ ਕਮਾਇਆ ਹੋਇਆ ਧਨ ਜ਼ੋਰ ਨਾਲ ਖੋਂਹਦਾ ਹੈਂ। ਤੈਨੂੰ ਪਤਾ ਹੈ ਕਿ ਇਸ ਸੰਸਾਰ ਤੋਂ ਚਲਿਆ ਜਾਣਾ ਹੈ; ਜਾਣਦਾ ਹੈਂ ਜਾਂ ਨਹੀਂ? "ਕੀ ਤੇਰਾ ਪਿਓ ਏਥੇ ਰਿਹਾ ਹੈ?"

ਕਹਿੰਦਾ, "ਨਹੀਂ ਜੀ, ਉਹ ਮਰ ਗਿਆ।"

ਕਹਿੰਦੇ, "ਦਾਦਾ?"

ਕਹਿੰਦਾ, "ਉਹ ਵੀ ਮਰ ਗਿਆ।"

"ਪੜਦਾਦਾ?" ਸੰਤਾਂ ਨੇ ਕਿਹਾ।

ਕਹਿੰਦਾ, "ਉਹ ਵੀ ਮਰ ਗਿਆ।"

ਕਹਿੰਦੇ, "ਹੁਣ ਤੂੰ ਰਹੇਂਗਾ ਕਿ ਤੂੰ ਵੀ ਜਾਣਾ ਹੈ?"

ਕਹਿੰਦਾ, "ਮਹਾਂਪੁਰਸ਼ੋ! ਇਹ ਤਾਂ ਰੀਤ ਹੀ ਬਣੀ ਹੋਈ ਹੈ ਸੰਸਾਰ ਦੀ। ਆਦਮੀ ਇਥੇ ਆਉਂਦਾ ਹੈ, ਥੋੜ੍ਹੇ ਦਿਨ ਰਹਿ ਕੇ ਇਸ ਸੰਸਾਰ ਵਿਚੋਂ ਚਲਿਆ ਜਾਂਦਾ ਹੈ ਤੇ ਜਾਣ ਦਾ ਵੀ ਕੋਈ ਪੱਕਾ ਸਮਾਂ ਨਹੀਂ ਹੁੰਦਾ ਕਿ ਐਨੀ ਦੇਰ ਬਾਅਦ ਇਸ ਨੇ ਜਾਣਾ ਹੈ।"

ਮਹਾਰਾਜ ਜੀ ਕਹਿੰਦੇ, ਇਸ ਦੀ ਕੋਈ ਮਿਆਦ ਹੀ ਨਹੀਂ ਹੈ।

***ਧਾਰਨਾ - ਇਥੇ ਕੀ ਮੁਨਿਆਦਾਂ ਤੇਰੀਆਂ,***
***ਪਾਣੀ ਦਿਆ ਬੁਲਬੁਲਿਆ -2, 2.***
***ਪਾਣੀ ਦਿਆ ਜੀ, ਬੁਲਬੁਲਿਆ -2, 2.***

*ਇਥੇ ਕੀ ਮੁਨਿਆਦਾਂ ਤੇਰੀਆਂ,..... -2.*

*ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ॥*
*ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ॥*
*ਪੰਨਾ - 1427*

*ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ॥*
*ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ॥*

*ਪੰਨਾ - 254*

ਕਹਿੰਦੇ, "ਪ੍ਰੇਮੀਆਂ! ਪਾਣੀ ਤੇ ਬੁਲਬੁਲਾ ਦੇਖਿਆ ਹੈ?"

ਕਹਿੰਦਾ, "ਹਾਂ ਜੀ।"

ਕਹਿੰਦੇ, "ਛੋਟੇ-ਵੱਡੇ।"

ਕਹਿੰਦਾ, "ਹਾਂ, ਦੇਖੇ ਨੇ।"

ਕਹਿੰਦੇ, "ਫੇਰ ਕੋਈ ਮੁਨਿਆਦ ਹੁੰਦੀ ਹੈ ਕਿ ਛੋਟਾ ਪਹਿਲਾਂ ਫਟਦਾ ਹੈ ਜਾਂ ਵੱਡਾ; ਐਨਾ ਹੀ ਹੈ ਸੰਸਾਰ ਦੇ ਅੰਦਰ ਆਦਮੀ ਦਾ ਸਫਰ -

*ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ॥*
*ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ॥*

*ਪੰਨਾ - 254*

"ਮੰਨਦਾ ਹੈਂ ਨਾ ਏਸ ਗੱਲ ਨੂੰ?"

ਕਹਿੰਦਾ, "ਹਾਂ ਜੀ।"

ਕਹਿੰਦੇ, "ਫੇਰ ਤੈਨੂੰ ਨਾਮ ਨੇ ਬਚਾਅ ਦਿੱਤਾ ਇਥੇ, ਮਾਲਾ ਨੇ ਬਚਾਅ ਲਿਆ। ਅਜੇ ਤੂੰ ਪਖੰਡੀ ਹੈਂ, ਤੈਨੂੰ ਪਤਾ ਨਹੀਂ ਹੈ। ਇਸ ਨਾਮ ਦੀ ਬਹੁਤ ਵੱਡੀ ਬਰਕਤ ਹੈ। ਜਦੋਂ ਇਸ ਸੰਸਾਰ ਤੋਂ ਤੂੰ ਜਾਏਂਗਾ, ਨਾ ਤੇਰੇ ਨਾਲ ਤੇਰਾ ਲੁੱਟਿਆ ਹੋਇਆ ਪੈਸਾ ਜਾਣਾ ਹੈ, ਨਾ ਕੋਈ ਹੋਰ ਚੀਜ਼ ਜਾਣੀ ਹੈ, ਤੇਰੇ ਪਾਪਾਂ ਦੀ ਗੱਠੜੀ ਤੇਰੇ ਸਿਰ ਤੇ ਰੱਖੀ ਜਾਏਗੀ ਤੇ ਬਹੁਤ ਔਖਾ ਰਸਤਾ ਹੈ ਜਿਥੇ ਰੋ-ਰੋ ਕੇ ਲੰਘਣਾ ਹੈ -

*ਬਾਰਿ ਵਿਡਾਨੜੈ ਹੁੰਮਸ ਧੁੰਮਸ ਕੂਕਾ ਪਈਆ ਰਾਹੀ॥*

*ਪੰਨਾ - 520*

ਕੂਕਾਂ ਮਾਰਦਾ ਆਦਮੀ ਜਾਂਦਾ ਹੈ, ਪਛਤਾਉਂਦਾ ਜਾਂਦਾ ਹੈ ਕਿ ਮੈਨੂੰ ਮਾਨਸ ਜਨਮ ਮਿਲਿਆ ਸੀ, ਮੈਂ ਕੀ ਕਰ ਬੈਠਿਆ, ਕਿੰਨਾ ਗਲਤ ਕੰਮ ਕਰ ਲਿਆ। ਸੋ ਉਹ ਪਛਤਾਵਾ ਫੇਰ ਕੁਝ ਨਹੀਂ ਕਰਦਾ। ਜੇ ਬੰਦਗੀ ਕੀਤੀ ਹੋਵੇ, ਨਾਮ ਜਪਿਆ ਹੋਵੇ ਤਾਂ -

*ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ॥*
*ਹਰਿ ਕਾ ਨਾਮੁ ਊਹਾ ਸੰਗਿ ਤੋਸਾ॥*
*ਜਿਹ ਪੈਡੈ ਮਹਾ ਅੰਧ ਗੁਬਾਰਾ॥*
*ਹਰਿ ਕਾ ਨਾਮੁ ਸੰਗਿ ਉਜਿਆਰਾ॥*
*ਜਹਾ ਪੰਥਿ ਤੇਰਾ ਕੋ ਨ ਸਿਞਾਨੂ॥*
*ਹਰਿ ਕਾ ਨਾਮੁ ਤਹ ਨਾਲਿ ਪਛਾਨੂ॥*
*ਜਹ ਮਹਾ ਭਇਆਨ ਤਪਤਿ ਬਹੁ ਘਾਮ॥*

*ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ॥*
*ਜਹਾ ਤ੍ਰਿਖਾ ਮਨ ਤੁਝੁ ਆਕਰਖੈ॥*
*ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ॥* *ਪੰਨਾ - 264*

ਨਾਮ ਨੇ ਨਾਲ ਜਾਣਾ ਹੈ, ਉਸ ਨੇ ਜਾ ਕੇ ਸਹਾਇਤਾ ਕਰਨੀ ਹੈ, ਹੋਰ ਕੋਈ ਚੀਜ਼ ਤੇਰੀ ਸਹਾਇਤਾ ਕਰਨ ਨੂੰ ਸਮਰਥ ਨਹੀਂ ਹੈ - ਨਾ ਮਾਂ, ਨਾ ਭਾਈ, ਨਾ ਕੋਈ ਰਿਸ਼ਤੇਦਾਰ -

*ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ॥*
*ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ॥*
*ਪੰਨਾ - 1281*

ਉਥੇ ਹੋਰ ਕੋਈ ਨਹੀਂ ਸਹਾਇਤਾ ਕਰ ਸਕਦਾ, ਕੇਵਲ ਨਾਮ ਕਰਦਾ ਹੈ।"

*ਧਾਰਨਾ - ਤੇਰੀ ਨਾਮ ਨੇ ਸਹਾਇਤਾ ਕਰਨੀ,*
*ਔਖੀ ਵੇਲਾ-ਔਖੀ ਵੇਲਾ -2, 4.*

ਕਹਿਣ ਲੱਗੇ, "ਪ੍ਰੇਮੀਆਂ! ਗੁਰੂ ਦੀ ਬਾਤ ਸੁਣ -

*ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ॥*
*ਹਰਿ ਕਾ ਨਾਮੁ ਊਹਾ ਸੰਗਿ ਤੋਸਾ॥*
*ਜਿਹ ਪੈਡੈ ਮਹਾ ਅੰਧ ਗੁਬਾਰਾ॥*
*ਹਰਿ ਕਾ ਨਾਮੁ ਸੰਗਿ ਉਜਿਆਰਾ॥*
*ਜਹਾ ਪੰਥਿ ਤੇਰਾ ਕੋ ਨ ਸਿਞਾਨੂ॥*
*ਹਰਿ ਕਾ ਨਾਮੁ ਤਹ ਨਾਲਿ ਪਛਾਨੂ॥* *ਪੰਨਾ - 264*

ਇਥੇ ਵੀ ਨਾਮ ਨੇ ਸਹਾਇਤਾ ਕਰਨੀ ਹੈ -

*ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ॥*
*ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ॥*
*ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ॥*
*ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ॥*
*ਸਾਹਿਬੁ ਨਿਤਾਣਿਆ ਕਾ ਤਾਣੁ॥*
*ਆਇ ਨ ਜਾਈ ਥਿਰੁ ਸਦਾ ਗੁਰ ਸਬਦੀ ਸਚੁ ਜਾਣੁ॥*
*ਜੇ ਕੋ ਹੋਵੈ ਦੁਬਲਾ ਨੰਗ ਭੁਖ ਕੀ ਪੀਰ॥*
*ਦਮੜਾ ਪਲੈ ਨ ਪਵੈ ਨਾ ਕੋ ਦੇਵੈ ਧੀਰ॥*
*ਸੁਆਰਥੁ ਸੁਆਉ ਨ ਕੋ ਕਰੇ ਨਾ ਕਿਛੁ ਹੋਵੈ ਕਾਜੁ॥*
*ਚਿਤਿ ਆਵੈ ਓਸੁ ਪਾਰਬ੍ਰਹਮੁ ਤਾ ਨਿਹਚਲੁ ਹੋਵੈ ਰਾਜੁ॥*
*ਪੰਨਾ - 70*

ਇਥੇ ਵੀ ਨਾਮ ਸਹਾਇਤਾ ਕਰਦਾ ਹੈ ਤੇ ਦਰਗਾਹ ਵਿਚ ਵੀ ਸਹਾਇਤਾ ਕਰਦਾ ਹੈ ਤੇ ਤੂੰ ਨਾਮ ਤਾਂ ਜਪਿਆ ਨਹੀਂ ਹੈ।"

ਕਹਿੰਦਾ, "ਫੇਰ ਮਹਾਰਾਜ! ਮੇਰਾ ਕੀ ਹਾਲ ਹੋਏਗਾ?"

ਕਹਿੰਦੇ, "ਤੇਰਾ ਹਾਲ ਬਹੁਤ ਔਖਾ ਹੋਏਗਾ।"

*ਧਾਰਨਾ - ਘਾਣੀ ਪੀੜਨੀ ਨਿਮਾਣੀ ਤੇਰੀ ਜਿੰਦੜੀ,*
*ਦਰਗਹ ਵਿਚ ਧਰਮਰਾਜ ਨੇ -2, 2.*

*ਮੇਰੇ ਪਿਆਰੇ, ਦਰਗਹ ਵਿਚ ਧਰਮਰਾਜ ਨੇ -2, 2.*
*ਘਾਣੀ ਪੀੜਨੀ ਨਿਮਾਣੀ ਤੇਰੀ ਜਿੰਦੜੀ,.......... -2.*

*ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ॥*
*ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ॥*
*ਸੰਨ੍ਹੀ ਦੇਨਿ੍ ਵਿਖੰਮ ਥਾਇ ਮਿਠਾ ਮਦੁ ਮਾਣੀ॥*
*ਕਰਮੀ ਆਪੋ ਆਪਣੀ ਆਪੇ ਪਛੁਤਾਣੀ॥*
*ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ॥* *ਪੰਨਾ - 315*

ਭੈ ਭੀਤ ਹੋ ਗਿਆ ਕਿਉਂਕਿ ਕਮਾਏ ਹੋਏ ਬਚਨ ਮਹਾਂਪੁਰਸ਼ਾਂ ਦੇ ਮੁਖ ਤੋਂ ਨਿਕਲ ਰਹੇ ਸੀ ਤੇ ਨਾਲ ਪ੍ਰਤੱਖ ਦੇਖ ਲਿਆ ਕਿ ਐਨੀ ਪੁਲਿਸ ਦੇ ਹੁੰਦੇ ਹੋਏ ਵੀ ਮੇਰੀ ਰੱਖਿਆ ਇਸ ਮਾਲਾ ਨੇ ਕਰ ਦਿੱਤੀ।

ਕਹਿਣ ਲੱਗਿਆ, "ਮਹਾਂਪੁਰਸ਼ੋ! ਫੇਰ ਤਾਂ ਮੈਂ ਬਹੁਤ ਪਾਪੀ ਹਾਂ, ਮੈਨੂੰ ਕੋਈ ਪ੍ਰਾਸ਼ਚਿਤ ਦਸੋ। ਜੇ ਹੁਕਮ ਹੋਵੇ ਤਾਂ ਮੈਂ ਬਰਫਾਂ ਵਿਚ ਜਾ ਕੇ ਬੈਠ ਜਾਵਾਂ ਤੇ ਆਪਣਾ ਸਰੀਰ ਗਾਲ ਦੇਵਾਂ, ਜੇ ਹੁਕਮ ਹੋਵੇ ਤਾਂ ਮੈਂ ਕਿਸੇ ਸੁੱਕੇ ਦਰਖਤ ਵਿਚ ਖੋਲ ਬਣਾ ਕੇ ਬੈਠ ਜਾਵਾਂ ਤੇ ਉਸ ਨੂੰ ਅੱਗ ਲਾ ਕੇ ਜੀਊਂਦਾ ਹੀ ਜਲ ਜਾਵਾਂ। ਕੋਈ ਪ੍ਰਾਸ਼ਚਿਤ ਮੈਨੂੰ ਦੱਸੋ। ਪ੍ਰਾਸ਼ਚਿਤ ਕਰਮ ਮੈਂ ਸੁਣੇ ਹੋਏ ਨੇ ਕਿ ਜੇ ਕੋਈ ਗਲਤੀ ਹੋ ਜਾਵੇ ਤੇ ਜੇ ਉਸ ਦਾ ਪ੍ਰਾਸ਼ਚਿਤ ਕਰ ਲਏ ਤਾਂ ਉਹ ਗਲਤੀ ਮਾਫ ਹੋ ਜਾਇਆ ਕਰਦੀ ਹੈ।"

ਮਹਾਤਮਾ ਕਹਿੰਦੇ, "ਪ੍ਰੇਮੀਆਂ! ਇਹ ਚੀਜ਼ਾਂ ਪਾਪਾਂ ਨੂੰ ਦੂਰ ਨਹੀਂ ਕਰ ਸਕਦੀਆਂ। ਪਾਪਾਂ ਨੂੰ ਦੂਰ ਕਰਨ ਵਾਲੀ ਇਕੋ ਇਕ ਚੀਜ਼ ਹੈ, ਉਹ ਹੈ ਸੰਤਾਂ ਦੀ ਸੇਵਾ, ਸੰਤਾਂ ਦੀ ਸੰਗਤ। ਸੰਤਾਂ ਦੀ ਸੰਗਤ ਵਿਚ ਜਾ ਕੇ ਪਾਪਾਂ ਦਾ ਨਾਸ਼ ਹੋ ਜਾਂਦਾ ਹੈ, ਸੇਵਾ ਕਰਨ ਦੇ ਨਾਲ ਨਾਮ ਦੀ ਪ੍ਰਾਪਤੀ ਹੋ ਜਾਇਆ ਕਰਦੀ ਹੈ। ਸੋ ਇਹ ਸੇਵਾ ਭਾਗਾਂ ਨਾਲ ਮਿਲਿਆ ਕਰਦੀ ਹੈ।

ਜਿਸ ਦੇ ਮੱਥੇ ਦੇ ਵਿਚ ਲੇਖ ਲਿਖਿਆ ਹੋਇਆ ਹੈ ਉਹ ਆ ਕੇ ਸੇਵਾ ਕਰ ਸਕਦਾ ਹੈ ਗੁਰੂ ਦੀ -

*ਗੁਰੁ ਮੇਰੀ ਜੀਵਨਿ ਗੁਰੁ ਆਧਾਰੁ॥*
*ਗੁਰੁ ਮੇਰੀ ਵਰਤਣਿ ਗੁਰੁ ਪਰਵਾਰੁ॥*
*ਗੁਰੁ ਮੇਰਾ ਖਸਮੁ ਸਤਿਗੁਰ ਸਰਣਾਈ॥*
*ਨਾਨਕ ਗੁਰੁ ਪਾਰਬ੍ਰਹਮੁ ਜਾ ਕੀ ਕੀਮ ਨ ਪਾਈ॥* *ਪੰਨਾ - 1270*

ਸੋ ਕਹਿੰਦੇ, "ਤੂੰ ਇਉਂ ਕਰ, ਮੈਂ ਤਾਂ ਨਹੀਂ ਕੁਝ ਕਰ ਸਕਦਾ। ਇਕ ਬ੍ਰਹਮ ਬੇਤਾ ਮਹਾਂਪੁਰਸ਼ ਛੀਟਾਂ ਵਾਲੇ ਰਹਿੰਦੇ ਨੇ, ਉਥੇ ਚਲਿਆ ਜਾਹ। ਉਸ ਦੇ ਬਾਰੇ ਪਹਿਲਾਂ ਤੈਨੂੰ ਮੈਂ ਸਮਝਾ ਦਿੰਦਾ ਹਾਂ ਕਿ ਉਥੇ ਜਾ ਕੇ ਤੂੰ ਆਪਣੇ ਆਪ ਨੂੰ ਐਉਂ ਸਮਝ ਲਈਂ ਕਿ ਮੈਂ ਅੱਜ ਤੋਂ ਮਰ ਗਿਆ। ਜੇ ਲੰਘਣਾ ਹੈ ਫੇਰ ਤਾਂ ਤੈਨੂੰ ਏਵੇਂ ਹੀ ਸਮਝਣਾ ਪਏਗਾ ਕਿਉਂਕਿ ਜਿੰਨਾਂ ਚਿਰ ਜੀਊਂਦਾ ਹੈ ਬੰਦਾ, ਆਪਣੇ ਆਪ ਨੂੰ ਜੀਊਂਦਾ ਸਮਝਦਾ ਹੈ, ਸੇਵਾ ਦਾ ਫਲ ਨਹੀਂ ਮਿਲਿਆ ਕਰਦਾ।" ਇਸ ਤਰ੍ਹਾਂ ਫੁਰਮਾਨ ਕਰਦੇ ਨੇ-

*ਧਾਰਨਾ - ਮਾਣ ਛੱਡ ਕੇ ਸੰਤਾਂ ਦੀ ਸੇਵਾ ਕਰ ਲੈ,*
*ਜੇ ਤੈਂ ਲੈਣਾ ਫਲ ਬੰਦਿਆ -2, 2.*

*ਪੈਰੀ ਪੈ ਪਾਖਾਕ ਹੋਇ ਛਡਿ ਮਣੀ ਮਨੂਰੀ।*
*ਪਾਣੀ ਪਖਾ ਪੀਹਣਾ ਨਿਤ ਕਰੈ ਮਜੂਰੀ।*
*ਤ੍ਰਪੜ ਝਾੜਿ ਵਿਛਾਇਦਾ ਚੁਲਿ ਝੋਕਿ ਨ ਝੂਰੀ।*
*ਮੁਰਦੇ ਵਾਂਗਿ ਮੁਰੀਦੁ ਹੋਇ ਕਰਿ ਸਿਦਕ ਸਬੂਰੀ।*
*ਚੰਦਨੁ ਹੋਵੈ ਸਿੰਮਲਹੁ ਫਲ ਵਾਸੁ ਹਜੂਰੀ।*

***ਪੀਰ ਮੁਰੀਦਾ ਪਿਰਹੜੀ ਗੁਰਮੁਖਿ ਮਤਿ ਪੂਰੀ॥ ਭਾਈ ਗੁਰਦਾਸ ਜੀ ਦੀ ਵਾਰ 27/19***

ਸੁਗੰਧੀ ਆਏਗੀ। ਜਿਸ ਤਰ੍ਹਾਂ ਸਿੰਬਲ ਦਾ ਰੁੱਖ ਕੋਈ ਗੁਣ ਨਹੀਂ ਰੱਖਦਾ ਪਰ ਜਦੋਂ ਚੰਦਨ ਦੇ ਨੇੜੇ ਲੱਗ ਜਾਂਦਾ ਹੈ ਤਾਂ ਉਸ ਦੇ ਵਿਚ ਸੁਗੰਧੀ ਆ ਜਾਂਦੀ ਹੈ –

ਸੋ ਕਹਿੰਦੇ, ਜੇ ਸੇਵਾ ਕਰਨੀ ਹੈ ਪ੍ਰੇਮੀਆਂ! ਤਾਂ ਜਿਵੇਂ ਤੈਨੂੰ ਦੱਸਿਆ ਹੈ ਕਿ –

***ਪੈਰੀ ਪੈ ਪਾਖਾਕ ਹੋਇ ਛਡਿ ਮਣੀ ਮਨੂਰੀ। ਭਾਈ ਗੁਰਦਾਸ ਜੀ ਦੀ ਵਾਰ 27/19***

ਉਥੇ ਮਾਣ ਨਾ ਕਰੀਂ। ਤੂੰ ਮਜ਼ਬੂਤ ਬੰਦਾ ਹੈਂ, ਡਾਕੇ ਮਾਰੇ ਹੋਏ ਨੇ। ਤੇਰੇ ਵਿਚ ਹਉਮੈ ਬਹੁਤ ਜਬਰਦਸਤ ਹੈ; ਮੁਰਦਾ ਬਣ ਜਾਵੀਂ, ਮਾਣ ਨਾ ਕਰੀਂ ਬਿਲਕੁਲ –

***ਪਾਣੀ ਪਖਾ ਪੀਹਣਾ ਨਿਤ ਕਰੈ ਮਜੂਰੀ। ਭਾਈ ਗੁਰਦਾਸ ਜੀ ਦੀ ਵਾਰ 27/19***

ਇਹ ਸਾਰੀਆਂ ਸੇਵਾਵਾਂ ਕਰਨੀਆਂ ਹਨ।

***ਤੂਪੜ ਝਾੜਿ ਵਿਛਾਇਦਾ ਚੁਲਿ ਝੋਕਿ ਨ ਝੂਰੀ। ਭਾਈ ਗੁਰਦਾਸ ਜੀ ਦੀ ਵਾਰ 27/19***

ਦਰੀਆਂ ਝਾੜਨ ਵੇਲੇ ਚੰਗੇ ਕੱਪੜਿਆਂ ਵਾਲਾ ਬੰਦਾ ਇਤਰਾਜ਼ ਕਰਦਾ ਹੈ ਕਿ ਗਰਦ ਪੈ ਜਾਏਗੀ। ਇਹ ਗਰਦ ਨਹੀਂ ਹੁੰਦੀ, ਇਹ ਤਾਂ ਅਕਸੀਰ ਹੈ, ਬਿਮਾਰੀਆਂ ਦੂਰ ਕਰਦੀ ਹੈ, ਵਾਸ਼ਨਾਵਾਂ ਪੂਰੀਆਂ ਕਰਦੀ ਹੈ। ਜਿਥੇ ਪ੍ਰਮੇਸ਼ਰ ਦੇ ਪਿਆਰੇ ਬੈਠ ਕੇ ਹਰੀ ਦਾ ਜਸ ਕਰ ਲੈਣ, ਉਸ ਧਰਤੀ ਦਾ ਤਾਂ ਕਣ-ਕਣ ਪਵਿੱਤਰ ਹੋ ਜਾਇਆ ਕਰਦਾ ਹੈ, ਉਹ ਤਾਂ ਭਾਗਾਂ ਵਾਲਿਆਂ ਨੂੰ ਮਿਲਦੀ ਹੈ।

ਗੁਰੂ ਦਸਮੇਸ਼ ਪਿਤਾ ਨੇ ਇਕ ਅਮੀਰ ਬੱਚੇ ਨੂੰ ਦੱਸਿਆ ਸੀ ਕਿ ਬੇਟਾ! ਤੂੰ ਸੇਵਾ ਨਹੀਂ ਕਰੀ, ਤੂੰ ਮੁਰਦਾ ਹੈਂ। ਤੇਰਾ ਜੀਵਨ ਕਿਸੇ ਕੰਮ ਨਹੀਂ ਹੈ। ਸੋ –

***ਤੂਪੜ ਝਾੜਿ ਵਿਛਾਇਦਾ ਚੁਲਿ ਝੋਕਿ ਨ ਝੂਰੀ। ਭਾਈ ਗੁਰਦਾਸ ਜੀ ਦੀ ਵਾਰ 27/19***

ਚੁੱਲ੍ਹੇ 'ਚ ਝੋਕਾ ਦਿੰਦਾ ਹੈ, ਧੂੰਆਂ ਵੀ ਅੱਖਾਂ ਵਿਚ ਪੈਂਦਾ ਹੈ, ਗਰਮੀ ਵੀ ਲਗਦੀ ਹੈ ਤੇ ਉਥੇ ਕਹਿੰਦੇ ਝੂਰੀਂ ਨਾ, ਇਉਂ ਨਾ ਕਹੀਂ ਕਿ ਮੈਨੂੰ ਕਿਸੇ ਨੇ ਛੱਡਿਆ ਹੀ ਨਹੀਂ। ਸੋ ਉਥੇ ਗੁਰੂ ਦਾ ਸ਼ੁਕਰ ਕਰੀਂ ਕਿ ਮੈਥੋਂ ਸੇਵਾ ਲੈ ਰਹੇ ਨੇ, ਤਪ ਕਰਾ ਰਹੇ ਨੇ ਮੈਥੋਂ –

***ਮੁਰਦੇ ਵਾਂਗਿ ਮੁਰੀਦੁ ਹੋਇ ਕਰਿ ਸਿਦਕ ਸਬੂਰੀ। ਭਾਈ ਗੁਰਦਾਸ ਜੀ ਦੀ ਵਾਰ 27/19***

ਸਿਦਕ ਵੀ ਤੇ ਸਬਰ ਵੀ ਰੱਖਣਾ ਹੈ। ਸਬਰ ਦੇ ਨਾਲ 'ਮੁਰਦੇ ਵਾਂਗ ਮੁਰੀਦ' ਹੋ ਜਾਵੇ।

***ਚੰਦਨੁ ਹੋਵੈ ਸਿੰਬਲਹੁ .............॥ ਭਾਈ ਗੁਰਦਾਸ ਜੀ ਦੀ ਵਾਰ 27/19***

ਫੇਰ ਕੀ ਹੋਏਗਾ, ਸਿੰਬਲ ਜਿਹੜਾ ਹੈ ਉਹ ਚੰਦਨ ਬਣ ਜਾਏਗਾ –

***................ ਫਲੁ ਵਾਸੁ ਹਜੂਰੀ॥ ਭਾਈ ਗੁਰਦਾਸ ਜੀ ਦੀ ਵਾਰ 27/19***

ਉਸ ਦੇ ਵਿਚ ਚੰਦਨ ਦੇ ਨੇੜੇ ਰਹਿਣ ਕਰਕੇ ਵਾਸ਼ਨਾ ਆ ਜਾਏਗੀ, ਸੁਗੰਧੀ ਆ ਜਾਏਗੀ।

***ਪੀਰ ਮੁਰੀਦਾ ਪਿਰਹੜੀ ਗੁਰਮਖਿ ਮਤਿ ਪੂਰੀ॥    ਭਾਈ ਗੁਰਦਾਸ ਜੀ ਦੀ ਵਾਰ 27/19***

ਸੋ ਇਸ ਤਰ੍ਹਾਂ ਦੇ ਨਾਲ ਸਮਝਾਅ ਕੇ, ਮਹਾਂਪੁਰਸ਼ਾਂ ਕੋਲ ਭੇਜ ਦਿੱਤਾ।

ਕਹਿੰਦੇ, "ਉਹ ਪੂਰੇ ਨੇ, ਦੇਖੀਂ ਉਥੇ ਖੁੰਝੀਂ ਨਾ ਸੇਵਾ ਕਰਦਾ ਹੋਇਆ।"

***ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।    ਭਾਈ ਗੁਰਦਾਸ ਜੀ ਦੀ ਵਾਰ 3/18***

ਮੁਰਦਾ ਬਣਨਾ ਪੈਂਦਾ ਹੈ। ਸੋ ਉਥੇ ਚਲਿਆ ਗਿਆ। ਨਾਲ ਸੰਤਾਂ ਨੇ ਇਕ ਗੱਲ ਦੱਸ ਦਿੱਤੀ ਕਿ ਉਥੇ ਜਿਹੜੇ ਸ੍ਰੀ ਮਾਨ ਨੇ, ਉਥੇ ਇਕ ਪਾਰਟੀ ਬਣੀ ਹੋਈ ਹੈ ਮਹਾਤਮਾ ਦੇ ਕੋਲ ਬ੍ਰਾਹਮਣਾਂ ਦੀ, ਉਹ ਕਿਸੇ ਨਵੇਂ ਆਏ ਬੰਦੇ ਨੂੰ ਟਿਕਣ ਨਹੀਂ ਦਿੰਦੇ। ਕੋਈ ਬੰਦਾ ਟਿਕ ਨਹੀਂ ਸਕਦਾ ਉਨ੍ਹਾਂ ਦੇ ਅੱਗੇ। ਜੇ ਕਿਤੇ ਮਹਾਂਪੁਰਸ਼ਾਂ ਦਾ ਰੁਖ ਦੇਖ ਲੈਣ ਕਿ ਇਸ ਨੂੰ ਪਿਆਰ ਕਰਦੇ ਨੇ, ਫੇਰ ਤਾਂ ਉਹ ਬਿਲਕੁਲ ਹੀ ਟਿਕਣ ਨਹੀਂ ਦਿੰਦੇ। ਜੇ ਤੂੰ ਉਨ੍ਹਾਂ ਵਿਚ ਕਟ ਗਿਆ ਤਾਂ ਬਣ ਜਾਏਂਗਾ ਸਭ ਕੁਝ; ਜੇ ਨਾ ਕੱਟਿਆ, ਫੇਰ ਵਿਚਾਲੇ ਰਹਿ ਜਾਏਂਗਾ ਪਰ ਫੇਰ ਤੈਨੂੰ ਦੱਸ ਦਿੰਦੇ ਹਾਂ ਕਿ ਦਰਖਤ ਵਿਚ ਬੈਠ ਕੇ ਅੱਗ ਲਾ ਕੇ ਜਲਣ ਨਾਲੋਂ ਇਹ ਫੇਰ ਵੀ ਸੁਖਾਲਾ ਹੈ। ਹਿਮਾਲੀਆ ਪਰਬਤ ਤੇ ਜਾ ਕੇ ਬਰਫਾਂ ਵਿਚ ਗਲਣ ਨਾਲੋਂ ਇਹ ਫੇਰ ਸੁਖਾਲਾ ਤੇ ਸੁਖ ਦੇਣ ਵਾਲਾ ਹੈ।

ਸੋ ਉਸ ਵੇਲੇ ਇਰਾਦਾ ਕਰ ਲਿਆ। ਇਹ ਜ਼ਰੂਰੀ ਨਹੀਂ ਹੁੰਦਾ ਕਿ ਮਾੜੇ ਬੰਦੇ ਸਦਾ ਹੀ ਮਾੜੇ ਰਹਿੰਦੇ ਹੋਣ। ਬਾਲਮੀਕ ਜੋ ਪਹਿਲਾਂ –

***ਵਾਟੈ ਮਾਣਸ ਮਾਰਦਾ ਬੈਠਾ ਬਾਲਮੀਕ ਬਟਵਾੜਾ।    ਭਾਈ ਗੁਰਦਾਸ ਜੀ ਦੀ ਵਾਰ 10/19***

ਫੇਰ ਕਿੱਡਾ ਵੱਡਾ ਪੂਜ ਹੋ ਗਿਆ। ਗਨਕਾ ਜੋ ਮਾੜੀ ਸੀ, ਤੇ ਜਦੋਂ ਉਸ ਨੂੰ ਰਸਤਾ ਮਹਾਤਮਾ ਨੇ ਦੱਸ ਦਿੱਤਾ ਤੇ ਫੇਰ ਉਹ ਕਿੱਡੀ ਉਚੀ ਹੋ ਗਈ। ਗੁਰੂ ਗ੍ਰੰਥ ਸਾਹਿਬ ਵਿਚ ਨਾਉਂ ਆਉਂਦਾ ਹੈ ਉਸ ਦਾ। ਸੋ ਇਸ ਤਰ੍ਹਾਂ ਦੇ ਨਾਲ ਜਦੋਂ ਇਰਾਦਾ ਕਰ ਲਵੇ ਮਾੜਾ ਬੰਦਾ; ਕੋਈ ਸ਼ਰਾਬੀ ਹੈ, ਉਹ ਸ਼ਰਾਬ ਪੀਈ ਜਾਂਦਾ ਹੈ, ਪੈਸੇ ਬਰਬਾਦ ਕਰੀ ਜਾਂਦਾ ਹੈ। ਜੇ ਉਹ ਮਜ਼ਬੂਤੀ ਨਾਲ ਇਰਾਦਾ ਕਰ ਲਵੇ, ਫੇਰ ਇਧਰ ਵੀ ਅੱਗੇ ਹੀ ਲੰਘ ਜਾਇਆ ਕਰਦਾ ਹੈ। ਉਹ ਨਾਮ ਦੀ ਸ਼ਰਾਬ ਤੱਕ ਪਹੁੰਚ ਜਾਂਦਾ ਹੈ। ਵਿਚ-ਵਿਚਾਲੇ ਦੇ ਬੰਦੇ ਕਿਸੇ ਕੰਮ ਦੇ ਨਹੀਂ ਹੋਇਆ ਕਰਦੇ, ਨਾ ਓਧਰ ਨਾ ਏਧਰ, ਵਿਚੇ ਜਿਹੇ ਰਹਿੰਦੇ ਨੇ।

ਸੋ ਏਸ ਤਰ੍ਹਾਂ ਕਰਕੇ ਇਰਾਦਾ ਕਰ ਲਿਆ ਕਿ ਭਾਵੇਂ ਕੁਝ ਹੋ ਜਾਵੇ, ਮੈਂ ਨਹੀਂ ਜਾਣਾ। ਉਹ ਕਹਿੰਦੇ 12 ਸਾਲ ਕੱਟ ਜਾਈਂ। ਸੰਤ ਬਾਰ੍ਹੀਂ ਸਾਲੀਂ ਬੋਲਦੇ ਹੁੰਦੇ ਨੇ। ਬਾਰ੍ਹਾਂ ਸਾਲ ਜਦੋਂ ਲੰਘ ਜਾਣ ਫੇਰ ਸੰਤ ਬੋਲਿਆ ਕਰਦੇ ਨੇ। ਤੂੰ ਬਾਰਾਂ ਸਾਲ ਕੱਟ ਲਈਂ। ਸੋ ਉਥੇ ਜਾ ਕੇ ਸੇਵਾ ਕਰਿਆ ਕਰੇ। ਆਪਣਾ ਪੈਸਾ ਸੀ ਕੁਝ ਰੱਖਿਆ ਹੋਇਆ, ਉਸ ਦੇ ਵਿਚੋਂ ਪ੍ਰਸ਼ਾਦੇ ਛਕੀ ਜਾਇਆ ਕਰੇ ਤੇ ਹੋਰ ਸੰਤਾਂ ਨੂੰ ਛਕਾਈ ਜਾਇਆ ਕਰੇ, ਕੱਪੜੇ ਲੀੜੇ ਲੈ ਕੇ ਭੇਟਾ ਕਰੀ ਜਾਇਆ ਕਰੇ। ਤਿੰਨ ਸਾਲ ਤੱਕ ਉਸ ਦੀ ਕਮਾਈ ਚਲਦੀ ਰਹੀ ਆਪਣੀ, ਤੇ ਉਸ ਤੋਂ ਬਾਅਦ ਪੈਸਾ ਕੋਲ ਕੋਈ ਨਾ ਰਿਹਾ ਤੇ ਉਧਰਲੇ ਪਾਸੇ ਸਾਰੀਓ ਸੇਵਾ ਕਰਦਾ ਹੈ। ਕਦੇ ਨਹੀਂ ਦੇਖਿਆ ਕਿ ਕਿਥੇ ਬੈਠਾ ਹੈ। ਜੋ ਵੀ ਸੇਵਾ ਹੈ – ਝਾੜੂ ਦੇਣਾ, ਪਾਣੀ ਭਰਨਾ, ਤੱਪੜ ਝਾੜਨੇ, ਹੋਰ ਸਬਜ਼ੀਆਂ ਵਗੈਰਾ ਗੁਡਾਈ ਕਰਨੀ, ਮਹਾਂਪੁਰਸ਼ਾਂ ਦੇ ਪਸ਼ੂਆਂ ਨੂੰ ਸਾਂਭਣਾ, ਚਾਰੇ ਵੱਢਣੇ; ਕੋਈ ਸੇਵਾ ਐਸੀ ਨਹੀਂ ਸੀ ਜਿਹੜੀ ਉਹ ਕਰਦਾ ਨਹੀਂ ਸੀ। ਉਹ ਵਿਹਲਾ ਨਹੀਂ ਸੀ ਰਹਿੰਦਾ। ਇਸ ਤਰ੍ਹਾਂ ਤਿੰਨ ਸਾਲ ਲੰਘ ਗਏ।

ਉਸ ਤੋਂ ਬਾਅਦ ਸੰਤਾਂ ਨੇ ਕਿਹਾ ਕਿ ਪ੍ਰੇਮੀਆਂ! ਪ੍ਰਸ਼ਾਦਾ ਕਿਥੇ ਛਕਦਾ ਹੁੰਦਾ ਹੈਂ?"

ਕਹਿੰਦਾ, "ਮਹਾਰਾਜ! ਮੈਂ ਤਾਂ ਬਾਹਰੋਂ ਹੀ ਛਕਦਾ ਹੁੰਦਾ ਹਾਂ।"

ਕਹਿੰਦੇ, "ਨਾ! ਲੰਗਰ 'ਚੋਂ ਛਕਿਆ ਕਰ। ਸੇਵਾ ਦਿਨ ਰਾਤ ਇਥੇ ਕਰਦਾ ਹੈਂ, ਪ੍ਰਸ਼ਾਦਾ ਬਾਹਰੋਂ ਛਕਦਾ ਹੈਂ; ਇਥੇ ਹੀ ਛਕਿਆ ਕਰ।"

ਸੋ ਇਥੇ ਹੀ ਪ੍ਰਸ਼ਾਦਾ ਛਕਣ ਲੱਗ ਗਿਆ। ਥੋੜ੍ਹੇ ਦਿਨਾਂ ਵਿਚ ਬ੍ਰਾਹਮਣਾਂ ਨੇ ਦੇਖਿਆ ਕਿ ਇਸ ਦੇ ਉਤੇ ਤਾਂ ਸੰਤ ਕੁਝ ਮਿਹਰਵਾਨ ਜਿਹੇ ਹੁੰਦੇ ਲਗਦੇ ਨੇ ਤੇ ਇਸ ਨੂੰ ਹੁਣੇ ਨਠਾ ਦੇਈਏ। ਕਿਤੇ ਐਸਾ ਨਾ ਹੋਵੇ ਕਿ ਫੇਰ ਹਿੱਲੇ ਹੀ ਨਾ ਇਹ। ਉਨ੍ਹਾਂ ਨੇ ਜਦੋਂ ਉਸ ਦਾ ਪ੍ਰਸ਼ਾਦਾ ਪਕਾਉਣਾ ਤਾਂ ਜਿਹੜਾ ਛਾਣ ਹੁੰਦਾ, ਉਹ ਸਾਰਾ ਹੀ ਛਾਣ ਉਸ ਦੇ ਪੇੜੇ ਵਿਚ ਪਾ ਦੇਣਾ - ਜਿੰਨੇ ਵੀ ਦੋ-ਚਾਰ ਉਹ ਪ੍ਰਸ਼ਾਦੇ ਛਕਦਾ ਸੀ। ਉਸ ਨੂੰ ਵੀ ਪਤਾ ਲੱਗ ਗਿਆ। ਫੇਰ ਦਾਲ-ਸਬਜ਼ੀ ਘੱਟ ਦੇਣੀ, ਉਹ ਪਾਣੀ ਨਾਲ ਘੁਟਾਂ ਭਰ ਕੇ ਲੰਘਾਂਦਾ ਰਿਹਾ। ਇਸੇ ਤਰ੍ਹਾਂ ਤਿੰਨ ਸਾਲ ਲੰਘ ਗਏ ਤੇ ਅਪਮਾਨਜਨਕ ਬਚਨ ਹਰ ਵਕਤ ਉਨ੍ਹਾਂ ਨੇ ਬੋਲਦੇ ਰਹਿਣਾ, ਬਹੁਤ ਘਟੀਆ ਕਿਸਮ ਦਾ ਵਰਤਾਓ ਕਰਨਾ। ਜੇ ਕਿਤੇ ਖੜ੍ਹਾ ਹੈ ਤਾਂ ਗਾਲ੍ਹਾਂ ਕੱਢਣੀਆਂ। ਸਭ ਕੁਝ ਸਹਿਨ ਕਰੀ ਗਿਆ। ਸ਼ਬਦ ਦੇ ਬਾਣ ਨੂੰ ਸਹਿਣਾ ਬਹੁਤ ਔਖਾ ਹੈ; ਕੋਈ ਵਿਰਲਾ ਸੂਰਮਾ ਹੈ ਜਿਹੜਾ ਨਿਰਾਦਰ ਦੇ ਵਾਕ ਸਹਿ ਜਾਵੇ, ਹਰ ਬੰਦਾ ਨਹੀਂ ਸਹਿ ਸਕਿਆ ਕਰਦਾ। ਛੇ ਸਾਲ ਲੰਘ ਗਏ। ਉਨ੍ਹਾਂ ਨੇ ਕਿਹਾ ਕਿ ਇਹ ਤਾਂ ਜਾਂਦਾ ਹੀ ਨਹੀਂ। ਉਹ ਰੇਤਾ ਪਾ ਕੇ ਪ੍ਰਸ਼ਾਦੇ ਲਾਹੁਣ ਲੱਗ ਗਏ ਤੇ ਦਾਲ ਵਿਚ ਵੀ ਪਾ ਦਿੰਦੇ। ਇਹ ਪੋਲੇ-ਪੋਲੇ ਦੰਦਾਂ ਨਾਲ ਖਾ ਲਿਆ ਕਰੇ; ਇਸ ਨੂੰ ਪਤਾ ਲੱਗ ਗਿਆ ਕਿ ਰੇਤਾ ਪਾਉਣ ਲੱਗ ਗਏ। ਤਿੰਨ ਸਾਲ ਫੇਰ ਕੱਢ ਦਿੱਤੇ, ਬਹੁਤ ਕਮਜ਼ੋਰ ਹੋ ਗਿਆ, ਜਾਣ ਦਾ ਨਾਮ ਨਹੀਂ ਲੈਂਦਾ, ਦਿਨ ਰਾਤ ਸੇਵਾ ਕਰਦਾ ਹੈ। ਸੰਤ ਦੇਖਦੇ ਨੇ ਕਿ ਤਾਅ ਲੱਗ ਰਹੇ ਨੇ ਅੱਗ ਦੇ ਇਸ ਨੂੰ, ਇਹ ਪੱਕਾ ਹੋ ਰਿਹਾ ਹੈ। ਜਿਹੜੇ ਪਾਪ ਮੜ੍ਹੇ ਹੋਏ ਸੀ ਉਹ ਫੁਕ ਰਹੇ ਨੇ, ਸੜ ਰਹੇ ਨੇ ਕਿਉਂਕਿ ਇਹ ਵੀ ਇਕ ਤਪ ਹੋਇਆ ਕਰਦਾ ਹੈ ਤੇ ਜਦੋਂ 9 ਸਾਲ ਲੰਘ ਗਏ, ਕਹਿੰਦੇ, ਸੰਤ ਤਾਂ ਇਸ ਦੇ ਵੱਲ ਕਾਫੀ ਨਿਗ੍ਹਾ ਰੱਖਦੇ ਨੇ, ਜ਼ਿਆਦਾ ਹੀ ਪਿਆਰ ਕਰਦੇ ਨੇ ਤੇ ਇਹ ਹਿਲਦਾ ਹੀ ਨਹੀਂ ਕਿਸੇ ਤਰੀਕੇ ਨਾਲ। ਇਕੱਠੇ ਹੋ ਕੇ ਸਲਾਹ ਕਰੀ। ਸ਼ੇਰ ਦੇ ਵਾਲ ਲੈ ਆਂਦੇ, ਉਨ੍ਹਾਂ ਨੂੰ ਛੋਟੇ-ਛੋਟੇ ਕਰਕੇ ਆਟੇ ਵਿਚ ਪਾਉਣ ਲੱਗ ਗਏ। ਜਦੋਂ ਪ੍ਰਸ਼ਾਦਾ ਇਸ ਨੇ ਛਕਿਆ ਤੇ ਵਾਲ ਆਇਆ ਤਾਂ ਪਛਾਣ ਲਿਆ ਕਿ ਇਹ ਤਾਂ ਸ਼ੇਰ ਦਾ ਵਾਲ ਹੈ। ਇਹ ਬਹੁਤ ਖਤਰਨਾਕ ਹੁੰਦਾ ਹੈ। ਜੇ ਅੰਦਰ ਲੰਘ ਜਾਵੇ ਤਾਂ ਸਾਰੀਆਂ ਨਾੜਾਂ ਦੇ ਅੰਦਰ ਸੋਜ਼ਸ਼ ਪੈਦਾ ਕਰ ਦਿੰਦਾ ਹੈ ਤੇ ਨਿਕਲਦਾ ਨਹੀਂ। ਸੋ ਇਸ ਨੇ ਰੋਟੀ ਰੱਖ ਕੇ ਬਿਲਕੁਲ ਸੁਕਾਅ ਲੈਣੀ, ਸੁਕਾਅ ਕੇ ਕੂੰਡੇ ਵਿਚ ਕੁੱਟ ਲੈਣੀ ਤੇ ਕਪੜਛਾਣ ਕਰਕੇ ਪਾਣੀ ਦਿਆਂ ਘੁੱਟਾਂ ਨਾਲ ਲੰਘਾ ਲੈਣੀ। ਬਾਰਾਂ ਸਾਲ ਲੰਘ ਗਏ। ਇਹ ਕੋਈ ਸੁਖਾਲੀ ਗੱਲ ਨਹੀਂ ਸਾਧ ਸੰਗਤ ਜੀ! ਬਹੁਤ ਔਖੀ ਹੈ। ਇਉਂ ਪੜ੍ਹ ਲਓ -

***ਧਾਰਨਾ - ਜੀਉਂਦੇ ਮਰ ਜਾਵਣਾ, ਸਿੱਖੀ ਕਮਾਉਣੀ ਔਖੀ -2, 2.***
***ਸਿੱਖੀ ਕਮਾਉਣੀ ਔਖੀ -2, 2.***
***ਜੀਉਂਦੇ ਮਰ ਜਾਵਣਾ,................ -2.***

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥***
***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥ ਪੰਨਾ - 1102***

ਮਰਨਾ ਕਬੂਲ ਕਰ ਲੈ ਤੇ ਆਪਣੇ ਆਪ ਨੂੰ ਸਾਰਿਆਂ ਤੋਂ ਹੇਠਲੇ ਨੰਬਰ ਤੇ ਸਮਝ ਲੈ। ਸੋ ਫੇਰ ਤਾਂ ਇਹ ਕਮਾਈ ਜਾਂਦੀ ਹੈ, ਨਹੀਂ ਤਾਂ ਕਮਾਅ ਨਹੀਂ ਹੁੰਦੀ। ਭਾਈ ਗੁਰਦਾਸ ਜੀ ਲਿਖਦੇ ਨੇ ਕਿ -

***ਪੈਰੀ ਪੈ ਪਾਖਾਕੁ ਮੁਰੀਦੈ ਥੀਵਣਾ।*** ***ਭਾਈ ਗੁਰਦਾਸ ਜੀ ਦੀ ਵਾਰ 3/19***

ਪੈਰਾਂ ਦੀ ਖਾਕ ਬਣ ਕੇ ਮੁਰੀਦ ਬਣਦਾ ਹੈ -

***ਗੁਰ ਮੂਰਤਿ ਮੁਸਤਾਕੁ ਮਰਿ ਮਰਿ ਜੀਵਣਾ।***
***ਪਰਹਰਿ ਸਭੇ ਸਾਕ ਸੁਰੰਗ ਰੰਗੀਵਣਾ।*** ***ਭਾਈ ਗੁਰਦਾਸ ਜੀ ਦੀ ਵਾਰ 3/19***

ਸਾਰੇ ਸਾਕ-ਰਿਸ਼ਤੇ ਛੱਡ ਕੇ ਗੁਰੂ ਦੇ ਨਾਲ ਰਿਸ਼ਤਾ ਪਾ ਕੇ ਫੇਰ ਗੁਰੂ ਪਿਆਰ ਦੇ ਵਿਚ ਜੀਉਣਾ ਹੁੰਦਾ ਹੈ।

***ਹੋਰ ਨ ਝਖਣੁ ਝਾਕ ਸਰਣਿ ਮਨੁ ਸੀਵਣਾ।***
***ਪਿਰਮ ਪਿਆਲਾ ਪਾਕ ਅਮਿਅ ਰਸੁ ਪੀਵਣਾ।***
***ਦਸ ਅਉਰਾਤਿ ਤਲਾਕ .................।*** ***ਭਾਈ ਗੁਰਦਾਸ ਜੀ ਦੀ ਵਾਰ 3/19***

ਦਸੇ ਇੰਦ੍ਰੇ - ਪੰਜ ਗਿਆਨ ਇੰਦ੍ਰੇ, ਪੰਜ ਕਰਮ ਇੰਦ੍ਰੇ ਸਾਰੇ ਇਨ੍ਹਾਂ ਵਿਸ਼ਿਆਂ ਨੂੰ ਤਲਾਕ ਦੇ ਦੇਣਾ-

***................ ਸਹਜਿ ਅਲੀਵਣਾ॥*** ***ਭਾਈ ਗੁਰਦਾਸ ਜੀ ਦੀ ਵਾਰ 3/19***

ਸਹਿਜ ਅਵਸਥਾ ਵਿਚ ਰਹਿਣਾ ਹੈ।

***ਸਾਵਧਾਨ ਗੁਰ ਵਾਕ ਨ ਮਨ ਭਰਮੀਵਣਾ॥*** ***ਭਾਈ ਗੁਰਦਾਸ ਜੀ ਦੀ ਵਾਰ 3/19***

ਗੁਰੂ ਦੇ ਵਾਕ ਦੇ ਉਤੇ ਪੂਰਾ ਸਾਵਧਾਨ ਰਹਿਣਾ ਹੈ, ਮਨ ਦੇ ਵਿਚ ਕਿਸੇ ਕਿਸਮ ਦਾ ਨਾ ਕਿੰਤੂ, ਨਾ ਕੋਈ ਤਰਕ, ਨਾ ਕੋਈ ਭਰਮ ਲਿਆਉਣਾ ਹੈ।

ਇਥੇ ਇਕ ਪ੍ਰੇਮੀ ਆਇਆ, ਉਸ ਨੂੰ ਮੈਂ ਕਿਹਾ ਤੂੰ ਇਉਂ ਕਰ, ਤੇਰਾ ਜੀਵਨ ਐਵੇਂ ਬਿਰਥਾ ਜਾਂਦਾ ਹੈ, ਤੂੰ ਗੁਰੂ ਧਾਰਨ ਕਰ ਲੈ, ਅੰਮ੍ਰਿਤ ਛਕ ਲੈ।

ਕਹਿੰਦਾ, "ਜੀ! ਬਾਕੀ ਆਹ ਦੁਨੀਆਂ ਜਿੰਨੀ ਵੀ ਹੈ ਉਹ ਤਾਂ ਅੰਮ੍ਰਿਤ ਨਹੀਂ ਛਕਦੀ।"

ਮੈਂ ਕਿਹਾ, "ਤੂੰ ਤਾਂ ਗੁਰੂ ਸਾਹਿਬ ਨੂੰ ਮੱਥਾ ਟੇਕਦਾ ਹੈਂ ਨਾ, ਉਨ੍ਹਾਂ ਦੀ ਗੱਲ ਤੂੰ ਛੱਡ।"

ਕਹਿੰਦਾ, "ਫੇਰ ਉਨ੍ਹਾਂ ਦਾ ਕਿਵੇਂ ਉਧਾਰ ਹੋਏਗਾ? ਫਲਾਣੇ ਧਰਮ ਦਾ, ਫਲਾਣੇ ਧਰਮ ਦਾ।"

ਮੈਂ ਕਿਹਾ, " ਤੇਰਾ ਕਿਹਦੇ ਨਾਲ ਸੰਬੰਧ ਹੈ?"

ਕਹਿੰਦਾ, "ਗੁਰੂ ਨਾਲ।"

ਮੈਂ ਕਿਹਾ, "ਫੇਰ ਗੁਰੂ ਤਾਂ ਇਸੇ ਤਰ੍ਹਾਂ ਕਹਿੰਦਾ ਹੈ -

***ਗੁਰ ਮੰਤ੍ਰ ਹੀਣਸ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥***
***ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ॥***
***ਪੰਨਾ - 1356***

ਕੁੱਤਾ ਬਿੱਲਾ ਹੈ ਜਿਸ ਨੇ ਗੁਰਮੰਤ੍ਰ ਨਹੀਂ ਲਿਆ, ਉਹ ਸੂਰ ਹੈ, ਸੱਪ ਹੈ, ਗਧਾ ਹੈ। ਜਦੋਂ ਤੱਕ ਪੰਜ ਪਿਆਰਿਆਂ ਦੇ ਪੇਸ਼ ਹੋ ਕੇ ਅੰਮ੍ਰਿਤ ਨਹੀਂ ਛਕਦਾ, ਓਨਾਂ ਚਿਰ ਪੰਜ ਪਿਆਰੇ ਮੰਤਰ ਨਹੀਂ ਦਿੰਦੇ।" ਸੋ ਹੋਰ ਹੀ ਗੱਲਾਂ ਕਰਨੀਆਂ - ਦੂਜੇ ਧਰਮਾਂ ਦੀਆਂ। ਆਪਣੇ ਹੀ ਮੰਤਕ ਲਈ ਜਾਣਾ ਤੇ

ਗੁਰੂ ਦੀ ਬਾਣੀ ਨੂੰ, ਗੁਰੂ ਦੇ ਵਾਕ ਨੂੰ ਨਹੀਂ ਮੰਨਣਾ। ਸੋ ਕਹਿੰਦੇ –

***ਸਾਵਧਾਨ ਗੁਰ ਵਾਕ ਨ ਮਨ ਭਰਮੀਵਣਾ॥ ਭਾਈ ਗੁਰਦਾਸ ਜੀ ਦੀ ਵਾਰ 3/19***

ਮਨ ਨੂੰ ਭਰਮ ਵਿਚ ਨਹੀਂ ਪਾਉਣਾ, ਸਾਵਧਾਨ ਰਹਿਣਾ ਹੈ।

***ਸਬਦ ਸੁਤਤਿ ਹੁਸਨਾਕ ਪਾਰਿ ਪਰੀਵਣਾ॥ ਭਾਈ ਗੁਰਦਾਸ ਜੀ ਦੀ ਵਾਰ 3/19***

ਏਸ ਤਰ੍ਹਾਂ ਦੇ ਨਾਲ ਮੁਰਦਾ ਬਣਨਾ ਪੈਂਦਾ ਹੈ। ਜੇ ਭੋਰਾ-ਕੁ ਵੀ ਅਭਿਮਾਨ ਹੋਵੇ ਤਾਂ ਗੱਲ ਬਣਿਆ ਨਹੀਂ ਕਰਦੀ। ਵੱਡੇ-ਵੱਡੇ ਮਹਾਂਪੁਰਸ਼ਾਂ ਦੇ ਜੀਵਨਾਂ ਵਿਚ ਐਸੇ ਮੌਕੇ ਆਉਂਦੇ ਨੇ ਜਦੋਂ ਉਹ ਖੁੰਝ ਗਏ। ਰਹਿਤ ਜ਼ਰਾ-ਕੁ ਛੱਡੀ, ਉਸ ਵੇਲੇ ਉਨ੍ਹਾਂ ਦਾ ਪਤਨ ਹੋ ਗਿਆ।

ਇਕ ਪਿੰਡ ਹੈ ਪਾਂਡੋ। ਕਸੂਰ ਤੇ ਲਾਹੌਰ ਦੀ ਸੜਕ ਤੇ ਦਰਮਿਆਨ ਵਿਚ ਉਹ ਪਿੰਡ ਸੀ ਤੇ ਉਥੇ ਇਕ ਸਯਦ ਰਹਿੰਦਾ ਸੀ। ਉਸ ਦਾ ਨਾਮ ਬੁੱਲੇ ਸ਼ਾਹ ਸੀ। ਉਹ ਸੋਭਤ ਕਰਿਆ ਕਰਦਾ ਸੀ ਚੰਗੇ ਮਹਾਂਪੁਰਸ਼ਾਂ ਦੀ – ਚਾਹੇ ਹਿੰਦੂ ਹੋਵੇ, ਚਾਹੇ ਮੁਸਲਮਾਨ ਹੋਵੇ। ਸੰਗਤ ਕਰਦੇ ਕਰਦੇ ਉਸ ਨੂੰ ਇਹ ਪਤਾ ਲੱਗ ਗਿਆ ਕਿ ਜਦੋਂ ਤੱਕ ਕੋਈ ਪੂਰਾ ਮੁਰਸ਼ਦ ਨਹੀਂ ਮਿਲਦਾ – ਮੁਰਸ਼ਦ-ਏ-ਕਾਮਲ, ਓਨੀ ਦੇਰ ਤੱਕ ਪਾਰ ਨਹੀਂ ਲੰਘ ਹੁੰਦਾ ਕਿਉਂਕਿ ਮੁਰਸ਼ਦ-ਏ-ਕਾਮਲ ਦੇ ਹੱਥ ਵਿਚ ਪ੍ਰਮੇਸ਼ਰ ਨੇ ਚਾਬੀ ਫੜਾਈ ਹੋਈ ਹੈ ਤੇ ਜਿੰਨਾਂ ਚਿਰ ਚਾਬੀ ਨਹੀਂ ਮਿਲਦੀ, ਓਨਾਂ ਚਿਰ ਅੰਦਰਲਾ ਤਾਲਾ ਨਹੀਂ ਖੁੱਲ੍ਹਦਾ। ਜਦੋਂ ਤੱਕ ਤਾਲਾ ਨਹੀਂ ਖੁੱਲ੍ਹਦਾ, ਸਾਨੂੰ ਅੰਦਰਲਾ ਭੇਤ ਨਹੀਂ ਆਉਂਦਾ; ਜਿਥੇ ਪ੍ਰਮੇਸ਼ਰ ਰਹਿੰਦਾ ਹੈ, ਉਥੇ ਅਸੀਂ ਪਹੁੰਚ ਨਹੀਂ ਸਕਦੇ। ਸੋ ਉਹ ਮਹਾਂਪੁਰਖਾਂ ਦੀ ਖੋਜ ਕਰਦਾ ਕਰਦਾ ਭ੍ਰਮਣ ਕਰ ਰਿਹਾ ਹੈ। ਮਹਾਰਾਜ ਜੀ ਕਹਿੰਦੇ ਨੇ ਕਿ –

***ਗੁਰਮੁਖਿ ਧਰਤੀ ਗੁਰਮੁਖਿ ਪਾਣੀ॥***<br>
***ਗੁਰਮੁਖਿ ਪਵਣੁ ਬੈਸੰਤਰੁ ਖੇਲੈ ਵਿਡਾਣੀ॥***<br>
***ਸੋ ਨਿਗੁਰਾ ਜੋ ਮਰਿ ਮਰਿ ਜੰਮੈ ਨਿਗੁਰੇ ਆਵਣ ਜਾਵਣਿਆ॥ ਪੰਨਾ – 117***

ਨਿਗੁਰਾ ਪੁਰਸ਼ ਜੋ ਹੈ, ਉਹ ਜੰਮੇਗਾ ਮਰੇਗਾ ਤੇ ਮਰਦਾ ਹੀ ਰਹੇਗਾ।

***ਸਤਿਗੁਰ ਬਾਝਹੁ ਗੁਰੁ ਨਹੀ ਕੋਈ..........॥ ਪੰਨਾ – 435***

ਹੋਰ ਕੋਈ ਗੁਰੂ ਨਹੀਂ ਬਣ ਸਕਦਾ। ਜੇ ਕਿਸੇ ਮਕੈਨਿਕ ਨੂੰ ਜਾ ਕੇ ਗੁਰੂ ਧਾਰ ਲਓ ਕਿ ਮੈਂ ਗੁਰੂ ਧਾਰ ਲਿਆ ਮਕੈਨਿਕ ਨੂੰ, ਉਹ ਤਾਂ ਮਕੈਨਿਕੀ ਦਾ ਕੰਮ ਜਾਣਦਾ ਹੈ, ਰੂਹਾਨੀਅਤ ਦੀ ਸੋਝੀ ਤਾਂ ਉਸ ਨੂੰ ਹੈ ਨਹੀਂ। ਯੂ.ਪੀ. ਵਿਚ ਚਲੇ ਜਾਓ ਉਥੇ ਸਕੂਲ ਵਿਚ ਮਾਸਟਰ ਨੂੰ ਗੁਰੂ ਕਹਿੰਦੇ ਨੇ। ਸਾਰੇ ਬੱਚੇ ਕਹਿਣਗੇ ਸਾਡੇ ਗੁਰੂ ਜੀ ਨੇ ਇਉਂ ਕਿਹਾ, ਸਾਡੇ ਗੁਰੂ ਜੀ ਨੇ ਇਉਂ ਕਿਹਾ। ਉਹ ਰੂਹਾਨੀ ਗੁਰੂ ਨਹੀਂ ਹੈ, ਉਹ ਤਾਂ ਵਿਦਿਆ ਪੜ੍ਹਾਉਣ ਵਾਲਾ ਗੁਰੂ ਹੈ।

ਸੋ ਇਸ ਤਰ੍ਹਾਂ ਇਹ ਤਲਾਸ਼ ਕਰਦਾ ਫਿਰਦਾ ਹੈ। ਅਖੀਰ ਫਿਰਦੇ-ਫਿਰਦੇ ਪਤਾ ਲੱਗਿਆ ਕਿ ਇਕ ਅਰਾਈਂ ਹੈ ਜਿਸ ਦਾ ਨਾਂ ਅਨਾਇਤ ਸ਼ਾਹ ਕਾਦਰੀ ਹੈ। ਉਹ ਪੂਰਾ ਪਹੁੰਚਿਆ ਹੋਇਆ ਪੁਰਸ਼ ਹੈ। ਫੇਰ ਦੇਖਿਆ ਕਿ ਮੇਰੀ ਜਾਤ ਸੱਯਦ ਹੈ ਤੇ ਉਹ ਅਰਾਈਂ ਹੈ। ਜਾਤ-ਪਾਤ ਦਾ ਵੀ ਬੜਾ ਫਰਕ ਸੀ। ਇਹ ਉਚੀ ਜਾਤ, ਮੁਹੰਮਦ ਸਾਹਿਬ ਦੀ ਕੁਲ ਨਾਲ ਸੰਬੰਧ ਰੱਖਣ ਵਾਲਾ ਬੰਦਾ ਤੇ ਉਹ ਇਕ ਮਾਮੂਲੀ ਵਿਚਾਰਾ ਸਬਜ਼ੀਆਂ ਬੀਜ ਕੇ ਵੇਚਣ ਵਾਲੇ ਬੰਦੇ ਨੂੰ ਮੈਂ ਗੁਰੂ ਧਾਰਨਾ ਹੈ। ਮਨ ਪੱਕਾ ਕਰ ਲਿਆ ਕਿ ਚੀਜ਼ ਲੈਣੀ ਹੈ, ਕਿਸੇ ਵੀ ਤਰੀਕੇ ਨਾਲ ਮਿਲ ਜਾਵੇ।

ਸੋ ਜਾਂਦਾ ਜਾਂਦਾ ਜਿਸ ਵਕਤ ਉਸ ਦੇ ਕੋਲ ਗਿਆ ਤਾਂ ਉਹ ਪਿਆਜ ਲਾਉਂਦੇ ਸਨ। ਪੌਦ ਪੁੱਟ ਕੇ ਨਾਲ ਹੀ ਕਿਆਰੇ ਸੀ ਜਿਥੇ ਪਿਆਜ ਲਾਏ ਜਾ ਰਹੇ ਸਨ। ਇਸ ਨੂੰ ਦੇਖਿਆ ਤੇ ਸੋਚਿਆ ਕਿ ਕੋਈ ਭਲਾ ਪੁਰਸ਼ ਆਇਆ ਹੈ, ਚੰਗੇ ਖਾਨਦਾਨ ਨਾਲ ਸੰਬੰਧ ਰੱਖਣ ਵਾਲਾ ਆਇਆ ਹੈ। ਇਹ ਵੀ ਆ ਕੇ ਉਥੇ ਬੈਠ ਗਿਆ ਤੇ ਨਮਸ਼ਕਾਰ ਕਰੀ।

ਕਹਿਣ ਲੱਗੇ, "ਕੀ ਨਾਉਂ ਹੈ?"

ਕਹਿੰਦਾ, "ਮਹਾਰਾਜ! ਮੇਰਾ ਨਾਉਂ ਬੁੱਲ੍ਹਾ ਹੈ।"

ਕਹਿੰਦੇ, "ਕਿਸ ਤਰ੍ਹਾਂ ਆਇਆ ਹੈਂ?"

ਕਹਿੰਦਾ, "ਮਹਾਰਾਜ! ਮੈਂ ਰੱਬ ਨੂੰ ਪਾਉਣਾ ਹੈ।"

ਕਹਿੰਦੇ, "ਦੇਖ ਬੁੱਲ੍ਹਿਆ! ਰੱਬ ਪਾਉਣਾ ਤਾਂ ਔਖਾ ਨਹੀਂ ਹੈ। ਰੱਬ ਪਾਉਣਾ ਤਾਂ ਹੈ ਸੁਖਾਲਾ। ਪਰ ਇਉਂ ਕਰਨਾ ਹੈ।" ਏਧਰੋਂ ਗੰਢਾ ਪੱਟ ਲਿਆ ਤੇ ਓਧਰ ਲਾ ਦਿੱਤਾ।

ਕਹਿੰਦੇ, "ਏਧਰੋਂ ਪੁਟਣਾ ਤੇ ਏਧਰ ਲਾਉਣਾ।"

ਸੰਸਾਰ ਵਲੋਂ ਪੱਟ ਕੇ ਰੂਹਾਨੀਅਤ ਦੇ ਵਿਚ ਲਾਉਣਾ, ਕਹਿੰਦੇ ਫੇਰ ਪ੍ਰਮੇਸ਼ਰ ਮਿਲ ਜਾਇਆ ਕਰਦਾ ਹੈ।

ਸੋ ਉਸ ਤੋਂ ਬਾਅਦ ਸੇਵਾ ਕਰਨ ਲੱਗ ਗਿਆ। ਸੇਵਾ ਕਰਨ ਲਈ ਸਾਰੇ ਧਰਮਾਂ ਦੇ ਵਿਚ ਤਾਕੀਦ ਹੈ। ਸਾਰੇ ਹੀ ਸੇਵਾ ਕਰਦੇ ਨੇ, ਇਕ ਤੋਂ ਇਕ ਚੜ੍ਹਦੀ ਸੇਵਾ ਕਰਦੇ ਨੇ। ਬਾਬੇ ਫਰੀਦ ਦੀ ਸੇਵਾ ਬਾਰੇ ਜੇ ਆਪ ਜਾਣੋ, ਚੌਦਾਂ ਸਾਲ ਆਪਣੇ ਮੁਰਸ਼ਦ ਦੀ ਸੇਵਾ ਆਪ ਨੇ ਕਰੀ ਤੇ ਬਹੁਤ ਕਰੜੀ ਸੇਵਾ ਸੀ। ਸਾਰਾ ਦਿਨ ਪਾਣੀ ਢੋਣਾ, ਝਾੜੂ ਦੇਣਾ, ਪ੍ਰਸ਼ਾਦੇ ਲਾਹੁਣੇ, ਬਰਤਨ ਮਾਂਜਣੇ ਤੇ ਅੰਮ੍ਰਿਤ ਵੇਲੇ ਉਠ ਕੇ ਇਕ ਵਜੇ ਪਾਣੀ ਗਰਮ ਕਰਨਾ ਤੇ ਫੇਰ ਆਪਣੇ ਮੁਰਸ਼ਦ ਦਾ ਇਸ਼ਨਾਨ ਕਰਾਉਣਾ। ਚੌਦਾਂ ਸਾਲ ਕੱਢ ਲਏ। ਚੌਦਵੇਂ ਸਾਲ ਜਦੋਂ ਗੁਰੂ ਨੇ ਦੇਖਿਆ ਕਿ ਇਸ ਦਾ ਇਮਤਿਹਾਨ ਤਾਂ ਲਈਏ, ਕਿਉਂਕਿ ਫੇਰ ਇਮਤਿਹਾਨ ਦਾ ਪਰਚਾ ਪੈਂਦਾ ਹੈ। ਉਸ ਵੇਲੇ ਬਹੁਤ ਸਖਤ ਪਰਚਾ ਪਾਇਆ ਜਿਸ ਦੇ ਵਿਚ ਇਹ ਪਾਸ ਹੋ ਗਏ। ਸੋ ਸੇਵਾ ਬਹੁਤ ਵੱਡੀ ਚੀਜ਼ ਹੈ, ਗੁਰੂ ਘਰ ਵਿਚ ਐਸਾ ਫੁਰਮਾਨ ਹੈ -

***ਧਾਰਨਾ - ਹੋਰ ਨਿਹਫਲ ਕਰਨੀ ਜੀ -2, 2.***
***ਬਿਨ ਸੇਵਾ ਧ੍ਰਿਗ ਹੱਥ ਪੈਰ -2, 2.***
***ਹੋਰ ਨਿਹਫਲ ਕਰਨੀ ਜੀ,........... -2.***

***ਧ੍ਰਿਗੁ ਸਿਰੁ ਜੋ ਗੁਰ ਨਾ ਨਿਵੈ ਗੁਰ ਲਗੈ ਨ ਚਰਣੀ।***
***ਧ੍ਰਿਗੁ ਲੋਇਣ ਗੁਰ ਦਰਸ ਵਿਣੁ ਵੇਖੈ ਪਰ ਤਰਣੀ।***
***ਧ੍ਰਿਗੁ ਸਰਵਣਿ ਉਪਦੇਸ ਵਿਣੁ ਸੁਣਿ ਸੁਰਤਿ ਨ ਧਰਣੀ।***
***ਧ੍ਰਿਗੁ ਜਿਹਬਾ ਗੁਰ ਸਬਦ ਵਿਣੁ ਹੋਰ ਮੰਤ੍ਰ ਸਿਮਰਣੀ।***
***ਵਿਣੁ ਸੇਵਾ ਧ੍ਰਿਗ ਹਥ ਪੈਰ ਹੋਰ ਨਿਹਫਲ ਕਰਣੀ॥***
***ਪੀਰ ਮੁਰੀਦਾਂ ਪਿਰਹੜੀ ਸੁਖ ਸਤਿਗੁਰ ਸਰਣੀ॥ ਭਾਈ ਗੁਰਦਾਸ ਜੀ ਦੀ ਵਾਰ 27/10***

ਏਸ ਤਰ੍ਹਾਂ ਦੇ ਨਾਲ ਉਸ ਨੇ ਸੇਵਾ ਕਰਨੀ ਸ਼ੁਰੂ ਕਰ ਦਿੱਤੀ ਜਿਵੇਂ ਮੁੱਲ ਖਰੀਦਿਆਂ ਹੋਇਆ ਗੁਲਾਮ ਹੋਵੇ। ਬੱਚਿਆਂ ਦੀ ਸੇਵਾ ਕਰਦਾ ਹੈ, ਪਸ਼ੂਆਂ ਦੀ ਸੇਵਾ ਕਰਦਾ ਹੈ, ਖੇਤੀ-ਬਾੜੀ ਵਿਚ ਸੇਵਾ ਕਰਦਾ ਹੈ, ਪੀਰ ਦੀ ਸੇਵਾ ਕਰਦਾ ਹੈ, ਦਿਨ ਰਾਤ ਸੇਵਾ ਕਰਦਾ ਹੈ ਤੇ ਨਾਲ ਲੋਕ ਮਿਹਣੇ-ਤਾਹਨੇ

ਦਿੰਦੇ ਨੇ ਕਿ ਦੇਖੋ ਇਸ ਦੀ ਮੱਤ ਮਾਰੀ ਗਈ ਕਿ ਸੱਯਦ ਹੋ ਕੇ, ਮੁਹੰਮਦ ਸਾਹਿਬ ਦੇ ਖਾਨਦਾਨ ਨਾਲ ਸੰਬੰਧ ਰੱਖਣ ਵਾਲਾ ਬੰਦਾ, ਇਕ ਅਰਾਈਂ ਦੇ ਕੋਲ ਆ ਕੇ ਗੁਲਾਮਾਂ ਵਾਂਗ ਕੰਮ ਕਰ ਰਿਹਾ ਹੈ। ਸੋ ਮੁਰਦਾ ਬਣਨਾ ਪੈਂਦਾ ਹੈ ਸਾਧ ਸੰਗਤ ਜੀ! ਜੇ ਕੁਝ ਲੈਣਾ ਹੈ ਕਿਸੇ ਨੇ।

ਸੋ ਉਸ ਤੋਂ ਬਾਅਦ ਜਦੋਂ ਕਾਫੀ ਸਮਾਂ ਹੋਇਆ, ਇਹ ਪੀਰ ਇਸ ਤੇ ਪ੍ਰਸੰਨ ਹੋਣ ਲੱਗ ਗਿਆ। ਹੁੰਦੇ-ਹੁੰਦੇ ਇਕ ਦਿਨ ਵਿਆਹ ਆ ਗਿਆ ਉਨ੍ਹਾਂ ਦੇ ਰਿਸ਼ਤੇ ਵਿਚ। ਬੱਚੇ ਕਹਿੰਦੇ, ਅਸੀਂ ਜਾਣਾ ਹੈ ਤੂੰ ਘਰੇ ਰਹਿ, ਆਪਣੇ ਪਿਤਾ ਨੂੰ ਕਹਿੰਦੇ।

ਉਹ ਕਹਿੰਦੇ, "ਮੈਨੂੰ ਇਹ ਲੁੱਟ ਲਏਗਾ, ਮੈਂ ਇਕੱਲਾ ਹਾਂ, ਮੈਨੂੰ ਲੁੱਟ ਲਏਗਾ।" ਉਹ ਸਮਝਣ ਹੀ ਨਾ। ਉਹ ਕਹਿੰਦੇ, "ਕੋਈ ਨਹੀਂ ਲੁੱਟਦਾ, ਤੇਰੇ ਕੋਲ ਹੈ ਕੀ ਜਿਹੜਾ ਇਹ ਲੁੱਟ ਲਏਗਾ।"

ਉਹ ਫੇਰ ਕਹਿੰਦੇ, "ਇਹ ਲੁੱਟ ਲਏਗਾ।"

ਜਦੋਂ ਨਾ ਹੀ ਸਮਝੇ ਤੇ ਚਲੇ ਗਏ ਤਾਂ ਪਿਛੋਂ ਬੁੱਲ੍ਹਾ ਬਹੁਤ ਸੇਵਾ ਕਰਦਾ ਹੈ। ਇਕ ਦਿਨ ਮਨ ਵਿਚ ਆਇਆ, ਕਹਿੰਦਾ, "ਬੁਲ੍ਹਿਆ! ਆਹ ਪਾਣੀ ਦਾ ਗਿਲਾਸ ਲਿਆ।"

ਉਸ ਨੇ ਪਾਣੀ ਦਾ ਗਿਲਾਸ ਲੈ ਆਂਦਾ। ਅੱਧਾ ਆਪ ਪੀ ਕੇ ਬਾਕੀ ਅੱਧੇ ਨੂੰ ਕਹਿੰਦੇ, "ਲੈ! ਤੂੰ ਆਹ ਪੀ ਲੈ।" ਪੀਂਦੇ ਸਾਰ ਬੁੱਲ੍ਹੇ ਨੂੰ ਪਤਾ ਲੱਗ ਗਿਆ ਕਿ ਮੇਰੇ ਵਿਚ ਤਾਂ ਅਲੌਕਿਕ ਸ਼ਕਤੀਆਂ ਆ ਗਈਆਂ। ਬੁੱਲ੍ਹਾ ਬਹੁਤ ਸ਼ਕਤੀਸ਼ਾਲ ਹੋ ਗਿਆ - ਦੂਰਦ੍ਰਿਸ਼ਟੀ ਹੋ ਗਈ, ਅਵਾਜ਼ਾਂ ਸੁਣਨ ਲੱਗ ਗਈਆਂ, ਲੋਕਾਂ ਦੇ ਦਿਲਾਂ ਦੀਆਂ ਗੱਲਾਂ ਸੁਣਨ ਲੱਗ ਗਈਆਂ। ਜਦੋਂ ਉਹ ਵਾਪਸ ਆਏ ਤਾਂ ਕਹਿੰਦੇ, "ਮੈਨੂੰ ਤਾਂ ਲੁੱਟ ਲਿਆ ਇਸ ਨੇ।"

ਉਹ ਫੇਰ ਵੀ ਨਾ ਸਮਝਣ ਕਿ ਕੀ ਲੁੱਟ ਲਿਆ। ਕਾਫੀ ਸਮੇਂ ਤੋਂ ਬਾਅਦ ਉਸ ਦੇ ਮਨ ਵਿਚ ਆਇਆ ਕਿ ਰੂਹਾਨੀ ਅਸੂਲ ਇਹ ਹੈ ਕਿ -

***ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ੍ ॥***
***ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ ॥*** ***ਪੰਨਾ - 1365***

ਮੈਂ ਇਸ ਨੂੰ ਐਡੀ ਵੱਡੀ ਦਾਤ ਦੇ ਦਿੱਤੀ ਤੇ ਇਹ ਗਾਹਕ ਵੀ ਹੈ? ਪਾਤਰ ਵੀ ਹੈ ਕਿ ਕੁਪਾਤਰ ਹੈ? ਮਨ ਵਿਚ ਆਇਆ ਕਿ ਇਸ ਦਾ ਇਮਤਿਹਾਨ ਲਈਏ, ਕਸਵੱਟੀ ਤੇ ਲਾ ਕੇ ਦੇਖੀਏ।

ਕਹਿਣ ਲੱਗੇ, "ਬੇਟਾ ਬੁੱਲ੍ਹੇ! ਇਥੇ ਮੇਰੇ ਮਿਲਣ ਵਾਲੇ ਇਕ ਪੀਰ ਰਹਿੰਦੇ ਨੇ। ਤੂੰ ਉਥੇ ਜਾਹ ਪਰ ਸ਼ਾਮ ਨੂੰ ਘਰ ਜ਼ਰੂਰ ਆ ਜਾਵੀਂ।"

ਬੁੱਲ੍ਹਾ ਚਲਿਆ ਗਿਆ ਤੇ ਜਾਂਦੇ ਨੂੰ ਤੀਜਾ ਪਹਿਰ ਹੋ ਗਿਆ। ਉਥੇ ਬਹੁਤ ਭੀੜ ਸੀ। ਇਹ ਮਿਲ ਨਾ ਸਕਿਆ, ਥੋੜ੍ਹਾ ਜਿਹਾ ਸਮਾਂ ਰਹਿ ਗਿਆ। ਜਿਸ ਵੇਲੇ ਮਿਲਿਆ, ਉਸ ਨੇ ਸੋਚਿਆ ਕਿ ਪੀਰ ਜੀ ਨੇ ਕਿਹਾ ਕਿ ਘਰ ਆ ਜਾਈਂ ਤੇ ਹੁਣ ਮੈਂ ਕੀ ਕਰਾਂ? ਉਥੇ ਇਕ ਕੰਧ ਸੀ, ਉਸ ਤੇ ਚੜ੍ਹ ਕੇ ਬੈਠ ਗਿਆ। ਕਹਿੰਦਾ, ਚਲ ਘੋੜੇ ਦੀ ਚਾਲ ਤੇ। ਕੰਧ ਨੂੰ ਹੀ ਨਠਾ ਕੇ ਲੈ ਆਇਆ। ਜਦੋਂ ਪੀਰ ਨੇ ਪੁਛਿਆ ਕਿ ਕਿਵੇਂ ਆਇਆ ਹੈਂ, ਤਾਂ ਸਾਰੀ ਗੱਲ ਦੱਸੀ। ਉਹ ਕਹਿੰਦੇ ਇਹ ਤਾਂ ਸ਼ਕਤੀਆਂ ਦਿਖਾਉਣ ਲੱਗ ਗਿਆ ਹੁਣੇ।

ਕਈ ਪ੍ਰੇਮੀਆਂ ਦੇ ਖਿਆਲ ਨੇ ਕਿ ਐਸਾ ਹੋ ਵੀ ਜਾਂਦੈ ਕਿ ਨਿਰੀਆਂ ਕਹਾਣੀਆਂ ਨੇ? ਬੁੱਲ੍ਹੇ ਦੀ ਤਾਂ ਅਜੇ ਕੱਲ੍ਹ ਦੀ ਹੀ ਗੱਲ ਹੈ, ਮਹਾਰਾਜ ਰਣਜੀਤ ਸਿੰਘ ਵੇਲੇ ਹੋਇਆ ਹੈ - ਥੋੜ੍ਹਾ ਚਿਰ ਪਹਿਲਾਂ।

ਸਾਡੇ ਨੇੜੇ ਇਕ ਪਿੰਡ ਜਰਗ ਹੈ। ਉਥੇ ਇਕ ਮਹਾਤਮਾ ਰਹਿੰਦੇ ਸਨ, ਉਹ ਸ਼ੇਰ ਦੀ ਸਵਾਰੀ

ਕਰਿਆ ਕਰਦੇ ਸਨ। ਜਿਹੜਾ ਸਾਡੇ ਪਿੰਡ ਧਮੋਟ ਵਾਲਾ ਸਾਧੂ ਸੀ, ਉਹ ਵੀ ਚੰਗੀ ਕਰਨੀ ਕਮਾਈ ਵਾਲਾ ਸੀ। ਇਕ ਦਿਨ ਉਹ ਮਿਲਣ ਆਉਂਦਾ ਹੈ, ਇਹ ਦਾਤਣ ਕਰਦਾ ਸੀ ਕੰਧ ਤੇ ਬੈਠਾ। ਉਹ ਉਧਰੋਂ ਸ਼ੇਰ ਤੇ ਸਵਾਰੀ ਕਰਕੇ ਆ ਰਿਹਾ ਸੀ। ਇਧਰੋਂ ਇਸ ਨੇ ਵੀ ਥਾਪੀ ਦਿੱਤੀ, ਕਹਿੰਦਾ, "ਔਹ ਸੰਤ ਆਉਂਦੇ ਨੇ, ਅੱਗੇ ਚੱਲ ਕੇ ਲੈਣਾ ਚਾਹੀਦਾ ਹੈ।" ਉਹ ਕੰਧ ਸਮੇਤ ਖੇਤਾਂ ਵਿਚ ਆ ਗਿਆ। ਉਥੇ ਉਤਰ ਕੇ ਦੋਵੇਂ ਮਿਲੇ। ਜਦੋਂ ਅਸੀਂ ਛੋਟੇ ਹੁੰਦੇ ਸੀ, ਉਹ ਕੰਧ ਓਵੇਂ-ਜਿਵੇਂ ਖੜ੍ਹੀ ਸੀ, ਹੁਣ ਮੁਰੱਬੇਬੰਦੀ ਹੋਣ ਕਰਕੇ ਪਤਾ ਨਹੀਂ ਉਨ੍ਹਾਂ ਨੇ ਪੁੱਟ ਦਿੱਤੀ ਜਾਂ ਉਥੇ ਹੀ ਹੋਵੇ। ਸੋ ਇਸ ਤਰ੍ਹਾਂ ਦੀਆਂ ਆਮ ਗੱਲਾਂ ਹੋ ਜਾਇਆ ਕਰਦੀਆਂ ਸਨ।

ਸੋ ਉਨ੍ਹਾਂ ਨੇ ਕਿਹਾ ਕਿ ਇਹ ਤਾਂ ਸ਼ਕਤੀਆਂ ਦਿਖਾਉਣ ਲੱਗ ਗਿਆ। ਉਸੇ ਵੇਲੇ ਆਪਣੇ ਨੇੜੇ ਲਾ ਲਿਆ, ਜਫੀ ਪਾ ਲਈ, ਸਾਰੀ ਸ਼ਕਤੀ ਖਿੱਚ ਲਈ, ਉਹ ਖਾਲੀ ਹੋ ਗਿਆ। ਉਸ ਤੋਂ ਬਾਅਦ ਉਹ ਬੜੀ ਸੇਵਾ ਕਰਦਾ ਰਿਹਾ। ਫੇਰ ਮਨ ਵਿਚ ਆਇਆ ਕਿ ਇਸ ਨੂੰ ਸ਼ਕਤੀ ਦੇ ਦੇਈਏ, ਹੁਣ ਤਾਂ ਇਹ ਪਾਤਰ ਹੋ ਗਿਆ ਹੋਵੇਗਾ। ਉਨ੍ਹਾਂ ਨੇ ਦੁਬਾਰਾ ਫੇਰ ਦੇ ਦਿੱਤੀ।

ਕਹਿੰਦੇ, "ਲੈ ਭਾਈ ਬੁੱਲ੍ਹਿਆ! ਹੁਣ ਤੇਰਾ ਤੇ ਮੇਰਾ ਇਕੱਠਿਆਂ ਦਾ ਵਾਸਾ ਨਹੀਂ ਹੈ ਤੇ ਹੁਣ ਤੂੰ ਕਸੂਰ ਆਪਣੇ ਪਿੰਡ ਚਲਿਆ ਜਾਹ, ਓਥੇ ਜਾ ਕੇ ਰਹਿ ਤੇ ਉਥੇ ਉਪਦੇਸ਼ ਦੇਹ। ਤੈਨੂੰ ਮੈਂ ਸਾਰੀਆਂ ਸ਼ਕਤੀਆਂ ਦੇ ਦਿੱਤੀਆਂ, ਗਿਆਨ ਦੇ ਦਿੱਤਾ।"

ਸੋ ਉਥੇ ਆਪਣੇ ਨਗਰ ਵਿਚ ਜਾ ਕੇ ਰਹਿਣ ਲੱਗ ਗਿਆ। ਪਿਛੋਂ ਇਨ੍ਹਾਂ ਨੂੰ ਖਿਆਲ ਆ ਗਿਆ ਕਿ ਦੇਖੀਏ ਬੁੱਲ੍ਹਾ ਅੱਗੇ ਲੰਘ ਗਿਆ ਜਾਂ ਵਿਚਾਲੇ ਹੀ ਫਿਰਦਾ ਹੈ। ਆਪਣਾ ਮੁੰਡਾ ਭੇਜ ਦਿੱਤਾ ਕਿ ਜਾਹ! ਬੁੱਲ੍ਹੇ ਨੂੰ ਮਿਲ ਕੇ ਆ। ਜਿਸ ਵਕਤ ਪੁੱਤਰ ਗਿਆ, ਉਸ ਨੇ ਇਸ ਦੀ ਬਹੁਤ ਸੇਵਾ ਕੀਤੀ। ਇਹ ਕਈ ਦਿਨ ਰਿਹਾ ਤੇ ਉਹ ਬਹੁਤ ਸੇਵਾ ਕਰਦਾ ਰਿਹਾ, ਉਚੇ ਆਸਣ ਤੇ ਬਿਠਾਉਂਦਾ ਰਿਹਾ ਤੇ ਜਿਸ ਵਕਤ ਇਸ ਨੇ ਵਾਪਸ ਆਉਣਾ ਸੀ, ਉਦੋਂ ਉਸ ਕੋਲ ਸੰਗਤ ਬਹੁਤ ਆਈ ਹੋਈ ਸੀ, ਇਸ ਕਰਕੇ ਇਸ ਨੂੰ ਉਠ ਕੇ ਛੱਡਣ ਨਾ ਆਇਆ। ਉਥੇ ਗੱਦੀ ਤੇ ਬੈਠੇ-ਬੈਠੇ ਨੇ ਹੀ ਕਹਿ ਦਿੱਤਾ, "ਅੱਛਾ! ਪੀਰ ਜੀ ਨੂੰ ਮੇਰਾ ਨਮਸ਼ਕਾਰ ਕਰਨਾ, ਮੱਥਾ ਟੇਕਣਾ ਤੇ ਬੇਨਤੀ ਕਰਨੀ। ਯਥਾਯੋਗ ਭੇਟਾ ਦਿਤੀ ਤੇ ਵਿਦਾ ਕਰ ਦਿੱਤਾ।

ਅਨਾਇਤਸ਼ਾਹ ਨੇ ਕਿਹਾ, "ਜਾ ਆਇਆ?"

ਕਹਿੰਦਾ, "ਹਾਂ ਜੀ।"

ਕਹਿੰਦੇ, "ਸੇਵਾ ਕਰੀ ਉਸ ਨੇ ਤੇਰੀ?"

ਕਹਿੰਦਾ, "ਬਹੁਤ ਸੇਵਾ ਕਰੀ।"

ਕਹਿੰਦੇ, "ਇਉਂ ਦੱਸ, ਜਦੋਂ ਤੂੰ ਗਿਆ ਤਾਂ ਉਥੇ ਕੌਣ ਬੈਠਾ ਸੀ?"

ਕਹਿੰਦਾ, "ਸੰਗਤ ਬੈਠੀ ਸੀ ਉਸ ਦੀ।"

ਕਹਿੰਦੇ, "ਕਿਵੇਂ ਮਿਲਿਆ?"

ਕਹਿੰਦਾ, "ਮਹਾਰਾਜ! ਉਠ ਕੇ ਮਿਲਿਆ ਸੀ।"

ਪੀਰ ਜੀ ਕਹਿੰਦੇ, "ਜਦੋਂ ਤੂੰ ਵਾਪਸ ਆਇਆ, ਉਦੋਂ ਤੈਨੂੰ ਉਠ ਕੇ ਛੱਡਣ ਆਇਆ ਬਾਹਰ?"

ਕਹਿੰਦਾ, ਨਹੀਂ ਜੀ! ਉਦੋਂ ਉਸ ਨੇ ਗੱਦੀ ਤੇ ਬੈਠੇ-ਬੈਠੇ ਨੇ ਹੀ ਮੈਨੂੰ ਤੋਰ ਦਿੱਤਾ।"

ਕਹਿੰਦੇ, "ਅੱਛਾ! ਐਡਾ ਅਭਿਮਾਨ ਉਸ ਦੇ ਵਿਚ ਹੋ ਗਿਆ ਕਿ ਗੁਰੂ ਪੁੱਤਰ ਦਾ ਉਸ ਨੇ ਆਦਰ ਨਹੀਂ ਕਰਿਆ?"

ਉਸੇ ਵੇਲੇ ਬਾਂਹ ਉਚੀ ਕਰੀ, ਸਾਰੀ ਸ਼ਕਤੀ ਫੇਰ ਖਿੱਚ ਲਈ, ਬੁੱਲਾ ਬੈਠਾ-ਬੈਠਾ ਹੀ ਖਾਲੀ ਹੋ ਗਿਆ ਤੇ ਜਿਸ ਵਕਤ ਬੁੱਲਾ ਫੇਰ ਪੀਰ ਕੋਲ ਆਇਆ ਤਾਂ ਪੀਰ ਜੀ ਕਹਿੰਦੇ ਕਿ ਬੁਲ੍ਹਿਆ! ਹੁਣ ਸਾਡੇ ਮੱਥੇ ਨਾ ਲੱਗੀਂ, ਸਾਡੇ ਨੇੜੇ ਨਹੀਂ ਆਉਣਾ ਤੂੰ ਬਿਲਕੁਲ। ਬੁੱਲ੍ਹੇ ਦਾ ਪੀਰ ਸਾਲ ਬਾਅਦ ਇਕ ਸਮਾਗਮ ਕਰਿਆ ਕਰਦਾ ਸੀ। ਉਸ ਦੇ ਵਿਚ ਇਕ ਨਰਤਕੀ ਤੋਂ ਨਾਚ ਤੇ ਕਵਾਲੀਆਂ ਸੁਣਿਆ ਕਰਦਾ ਸੀ ਤੇ ਬੜਾ ਉਸ ਤੇ ਖੁਸ਼ ਰਹਿੰਦਾ ਸੀ। ਬੁੱਲ੍ਹਾ ਉਸ ਦੇ ਕੋਲ ਚਲਿਆ ਗਿਆ ਤੇ ਜਾ ਕੇ ਸਾਰੀ ਗੱਲ ਦੱਸੀ। ਬਾਰਾਂ ਸਾਲ ਪੀਰ ਤੋਂ ਦੂਰ ਰਿਹਾ, ਮੱਥੇ ਨਹੀਂ ਲੱਗਿਆ। ਇਕ ਡੇਢ ਫਰਲਾਂਗ ਤੇ ਰਹਿੰਦਾ ਹੈ। ਇਸ ਨੇ ਕੱਵਾਲੀਆਂ ਗਾਈ ਜਾਣੀਆਂ ਪੀਰ ਦੀ ਯਾਦ ਦੇ ਵਿਚ। ਫੇਰ ਜਾ ਕੇ ਕਿਤੇ ਪੀਰ ਨੂੰ ਤਰਸ ਆਇਆ ਤੇ ਬੁੱਲ੍ਹੇ ਤੇ ਮਿਹਰ ਕਰੀ। ਸੋ ਇਸ ਤਰ੍ਹਾਂ ਦੇ ਨਾਲ ਸਾਧ ਸੰਗਤ ਜੀ -

***ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ॥ ਭਾਈ ਗੁਰਦਾਸ ਜੀ ਦੀ ਵਾਰ 3/18***

ਸਾਨੂੰ ਤਾਂ ਇਨ੍ਹਾਂ ਗੱਲਾਂ ਦਾ ਪਤਾ ਹੀ ਨਹੀਂ ਕਿ ਸਾਡਾ ਇਮਤਿਹਾਨ ਵੀ ਹੁੰਦਾ ਹੈ। ਪੈਰ-ਪੈਰ ਤੇ ਸਾਡੀ ਪ੍ਰੀਖਿਆ ਹੋ ਰਹੀ ਹੈ ਤੇ ਪੈਰ ਪੈਰ ਤੇ ਅਸੀਂ ਫੇਲ੍ਹ ਹੋ ਰਹੇ ਹਾਂ। ਅਸੀਂ ਮੁਰਦੇ ਨਹੀਂ ਨਾਂ ਬਣਦੇ, ਆਪਣੇ ਆਪ ਨੂੰ ਮੁਰਦਾ ਨਹੀਂ ਬਣਾਉਂਦੇ, ਏਸ ਕਰਕੇ ਸਾਡਾ ਬਣਦਾ ਨਹੀਂ ਕੁਝ।

ਸੋ ਇਹ ਜੋ ਡਾਕੂ ਸੀ, ਹੁਣ ਜਗਿਆਸੂ ਬਣ ਕੇ ਮਹਾਂਪੁਰਸ਼ਾਂ ਦੇ ਪਾਸ ਸੇਵਾ ਕਰਦਾ ਹੈ। ਸੇਵਾ ਕਰਦੇ-ਕਰਦੇ ਬਾਰਾਂ ਸਾਲ ਲੰਘ ਗਏ, ਕਮਜ਼ੋਰ ਐਨਾ ਹੋ ਗਿਆ ਕਿ ਤੁਰਨਾ ਵੀ ਔਖਾ ਹੋ ਗਿਆ ਪਰ ਸੇਵਾ ਤੋਂ ਪਿਛੇ ਨਹੀਂ ਹਟਿਆ। ਉਥੇ ਇਕ ਦਿਨ ਲਕੜਾਂ ਲੈਣ ਜਾਂਦਾ ਹੈ, ਲਕੜਾਂ ਦਾ ਭਰਾ ਚੁਕਿਆ ਹੋਇਆ ਹੈ ਤੇ ਰਸਤੇ ਵਿਚ ਇਕ ਨਾਲਾ ਪੈਂਦਾ ਸੀ ਛੋਟਾ ਜਿਹਾ। ਜਦੋਂ ਉਸ ਨੂੰ ਟੱਪਣ ਲੱਗਿਆ ਤਾਂ ਵਿਚ ਗਿਰ ਗਿਆ। ਵਿਚ ਗਿਰਿਆ ਹੋਇਆ ਕਹਿਣ ਲੱਗਿਆ, ਮਨਾ! ਅਜੇ ਬਣਿਆ ਤਾਂ ਕੁਝ ਨਹੀਂ ਪਰ ਸਿਹਤ ਤਾਂ ਮੇਰੀ ਗਈ ਤੇ ਹੁਣ ਕੀ ਪਤਾ, ਕਾਲ ਕਿਹੜੇ ਵੇਲੇ ਆ ਜਾਵੇ ਤੇ ਕੋਈ ਗੱਲ ਤਾਂ ਅਜੇ ਬਣੀ ਨਹੀਂ ਹੈ। ਸੋ ਉਸ ਵੇਲੇ ਫੇਰ ਭਰਾ ਚੁਕਿਆ ਤੇ ਉਦਾਸ ਹੋਇਆ ਤੁਰਿਆ ਆਉਂਦਾ ਹੈ ਤੇ ਮਹਾਂਪੁਰਸ਼ ਅੱਗੇ ਵਧ ਕੇ ਮਿਲੇ। ਸੇਵਾਦਾਰ ਨਾਲ ਲਿਆ, ਕਹਿਣ ਲੱਗੇ, ਭਰ੍ਹਾ ਫੜ ਲੈ ਇਸ ਤੋਂ, ਤੇ ਉਸ ਨੂੰ ਬੁਕਲ ਵਿਚ ਲੈ ਲਿਆ ਤੇ ਨਾਲ ਲੈ ਗਏ।

ਡੇਰੇ ਆ ਕੇ ਕਹਿਣ ਲੱਗੇ, "ਇਹ ਦੱਸ ਜਦੋਂ ਤੂੰ ਉਥੇ ਗਿਰਿਆ ਸੀ ਤਾਂ ਕੀ ਕਿਹਾ ਸੀ ਤੂੰ? ਸੱਚੋ ਸੱਚ ਦੱਸ।"

ਕਹਿੰਦਾ, "ਮਹਾਰਾਜ! ਤੁਸੀਂ ਸਭ ਕੁਝ ਜਾਣਦੇ ਹੋ।"

ਕਹਿਣ ਲੱਗੇ, "ਦੱਸ ਸਾਨੂੰ।"

ਉਸੇ ਵੇਲੇ ਉਸ ਨੇ ਸਾਰੀ ਗੱਲ ਦੱਸ ਦਿੱਤੀ ਕਿ ਮਹਾਰਾਜ! ਇਸ ਤਰ੍ਹਾਂ ਸਰੀਰ ਕਮਜ਼ੋਰ ਹੋ ਗਿਆ ਤੇ ਮੈਥੋਂ ਭਰਾ ਨਹੀਂ ਚੁਕ ਹੋਇਆ ਤੇ ਮੈਂ ਗਿਰ ਗਿਆ ਤੇ ਮੈਂ ਕਿਹਾ ਕਿ ਅਜੇ ਬਣਿਆ ਤਾਂ ਮੇਰਾ ਕੁਝ ਨਹੀਂ, ਪਤਾ ਨਹੀਂ ਸਰੀਰ ਹੀ ਨਾ ਛੁਟ ਜਾਵੇ।

ਉਸੇ ਵੇਲੇ ਮਹਾਂਪੁਰਸ਼ਾਂ ਨੇ ਉਸ ਤੇ ਕਿਰਪਾ ਕਰ ਦਿੱਤੀ, ਚਿੱਠੀਆਂ ਲਿਖ ਦਿਤੀਆਂ ਸਾਰਿਆਂ ਨੂੰ, ਸਾਰੀ ਸੰਗਤ ਬੁਲਾ ਲਈ। ਬਸਤ੍ਰ ਸੋਹਣੇ ਪਹਿਨਾਅ ਦਿੱਤੇ ਤੇ ਇਕ ਤਖਤਪੋਸ਼ ਹੋਰ ਲਗਵਾ ਲਿਆ, ਇਕ ਤੇ ਆਪ ਬੈਠੇ ਨੇ ਤੇ ਦੂਜੇ ਤੇ ਉਸ ਨੂੰ ਬਿਠਾਅ ਦਿੱਤਾ ਤੇ ਉਠ ਕੇ ਨਮਸ਼ਕਾਰ ਕਰ ਦਿੱਤੀ। ਕਹਿੰਦੇ, "ਆਓ ਸਾਧ ਸੰਗਤ! ਹੁਣ ਸਾਰੇ ਤੁਸੀਂ ਮੱਥਾ ਟੇਕਿਓ ਇਸ ਨੂੰ।" ਸਾਰਿਆਂ ਤੋਂ ਮੱਥਾ

ਟਿਕਾਅ ਕੇ ਆਪਣੀ ਥਾਂ ਤੇ ਬਿਠਾਅ ਦਿੱਤਾ ਉਸ ਨੂੰ ਤੇ ਆਪ ਦੂਸਰੇ ਦਿਨ ਸਰੀਰ ਛੱਡ ਗਏ। ਸੋ ਇਸ ਤਰ੍ਹਾਂ ਦੇ ਨਾਲ –

*ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ॥ ਭਾਈ ਗੁਰਦਾਸ ਜੀ ਦੀ ਵਾਰ 3/18*

ਜਦੋਂ ਮੁਰਦਾ ਹੋ ਕੇ ਬਣਿਆਂ, ਉਸ ਵੇਲੇ ਫੇਰ ਵਾਸ਼ਨਾ (ਖੁਸ਼ਬੂ) ਆ ਗਈ ਉਸ ਦੇ ਅੰਦਰ – ਮਹਾਂਪੁਰਸ਼ਾਂ ਵਾਲੀ –

*ਚੰਦਨੁ ਹੋਵੈ ਸਿੰਮਲਹੁ ਫਲੁ ਵਾਸੁ ਹਜੂਰੀ॥ ਭਾਈ ਗੁਰਦਾਸ ਜੀ ਦੀ ਵਾਰ 27/19*

ਸੋ ਇਸ ਤਰ੍ਹਾਂ ਗੁਰੂ ਅੰਗਦ ਸਾਹਿਬ ਮਹਾਰਾਜ ਸੇਵਾ ਕਰ ਰਹੇ ਨੇ। ਦੁਨੀਆਦਾਰਾਂ ਦੀਆਂ ਗੱਲਾਂ ਤੇ ਸੰਤਾਂ ਦੀਆਂ ਗੱਲਾਂ ਵਿਚ, ਸਾਧ ਸੰਗਤ ਜੀ, ਫਰਕ ਹੁੰਦਾ ਹੈ। ਏਸ ਤਰ੍ਹਾਂ ਫੁਰਮਾਨ ਕਰਦੇ ਨੇ –

*ਧਾਰਨਾ – ਚਾਲ ਨਿਰਾਲੀ ਹੈ, ਸੰਤਾਂ ਦੀ ਦੁਨੀਆਂ ਨਾਲੋਂ –2, 2.*
*ਸੰਤਾਂ ਦੀ ਦੁਨੀਆਂ ਨਾਲੋਂ –2, 2.*
*ਚਾਲ ਨਿਰਾਲੀ ਹੈ,........... –2.*

*ਭਗਤਾ ਕੀ ਚਾਲ ਨਿਰਾਲੀ॥ ਪੰਨਾ – 918*

ਨਿਆਰੀ ਹੈ, ਸੰਸਾਰ ਦੀ ਚਾਲ ਹੋਰ ਹੈ। ਸੰਸਾਰ ਹਿਤਾਂ ਵਾਸਤੇ ਜੀਉਂਦਾ ਹੈ, ਹਿਤਾਂ ਵਾਸਤੇ ਸੰਬੰਧ ਪਾਉਂਦਾ ਹੈ, ਹਿਤਾਂ ਦੀ ਜ਼ਿੰਦਗੀ ਵਿਚ ਜੀਊਂਦਾ ਹੈ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੇ ਸਾਏ ਵਿਚ ਜੀਊਂਦਾ ਹੈ।

*ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ॥*
*ਪੰਨਾ – 918*

ਬਹੁਤ ਔਖਾ ਰਸਤਾ ਹੈ, ਪੈਰ-ਪੈਰ ਤੇ ਤਿਲ੍ਹਕਣ ਦਾ ਡਰ ਹੈ। ਜੇ ਤਿਲ੍ਹਕ ਜਾਣ ਤਾਂ ਕੁਝ ਨਹੀਂ ਬਚਦਾ।

*ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ..............॥*
*ਪੰਨਾ – 918*

ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ – ਪੰਜੇ ਚੋਰ, ਸ਼ਬਦ, ਸਪਰਸ਼, ਰੂਪ, ਰਸ, ਗੰਧ, ਰਾਜ, ਮਾਲ, ਰੂਪ, ਜਾਤ, ਜੋਬਨ ਇਨ੍ਹਾਂ ਸਾਰਿਆਂ ਨਾਲੋਂ ਸੰਬੰਧ ਤੋੜ ਕੇ ਅੱਗੇ ਫੇਰ ਤ੍ਰਿਸ਼ਨਾ, ਨਿੰਦਿਆ, ਈਰਖਾ, ਚੁਗਲੀ, ਸੰਸਾਰ ਆਦਿ ਇਸ ਸਾਰੇ ਕੁਝ ਨੂੰ ਛਡਦਾ ਹੈ ਅਤੇ –

*............. ਬਹੁਤੁ ਨਾਹੀ ਬੋਲਣਾ॥ ਪੰਨਾ – 918*

ਬੇਅੰਤ ਗੱਲਾਂ ਨਹੀਂ ਕਰਦੇ, ਮਤਲਬ ਦੀ ਗੱਲ ਕਰਦੇ ਨੇ।

*ਖੰਨਿਅਹੁ ਤਿਖੀ ਵਾਲਹੁ ਨਿਕੀ...........॥ ਪੰਨਾ – 918*

ਇਹ ਚਾਲੀ ਖੰਡੇ ਤੋਂ ਤਿੱਖੀ ਹੈ, ਵਾਲ ਤੋਂ ਬਰੀਕ ਹੈ।

*.............. ਏਤੁ ਮਾਰਗਿ ਜਾਣਾ॥ ਪੰਨਾ – 918*

ਇਸ ਦੇ ਉਤੇ ਦੀ ਤੁਰਨਾ ਹੈ –

***ਗੁਰ ਪਰਸਾਦੀ ਜਿਨੀ ਆਪੁ ਤਜਿਆ....॥*** ***ਪੰਨਾ - 918***

ਜਿਸ ਨੇ 'ਮੈਂ' ਨੂੰ ਮਾਰ ਲਿਆ, ਉਸ ਦੇ ਵਿਚ ਹਰੀ ਦੇ ਨਾਮ ਦੀ ਵਾਸ਼ਨਾ ਸਮਾਅ ਜਾਇਆ ਕਰਦੀ ਹੈ।

***.......... ਹਰਿ ਵਾਸਨਾ ਸਮਾਣੀ॥***
***ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ॥*** ***ਪੰਨਾ - 918***

ਪਹਿਲਾਂ ਤੋਂ ਹੀ - ਕਬੀਰ ਸਾਹਿਬ ਨੂੰ ਦੇਖ ਲਓ, ਨਾਮਦੇਵ ਜੀ ਨੂੰ ਦੇਖ ਲਓ, ਹੋਰ ਮਹਾਤਮਾ ਨੂੰ ਦੇਖ ਲਓ; ਤ੍ਰੇਤੇ ਜੁਗ ਦੇ ਅੰਦਰ ਵਸ਼ਿਸ਼ਟ ਜੀ ਹੋਏ ਨੇ ਤੇ ਵਿਸ਼ਵਾਮਿਤਰ ਜੀ - ਦੋਹਾਂ ਦਾ ਹੀ ਸ੍ਰੀ ਰਾਮ ਚੰਦਰ ਜੀ ਨਾਲ ਸੰਬੰਧ ਸੀ। ਵਿਸ਼ਵਾਮਿਤਰ ਉਨ੍ਹਾਂ ਦੇ ਸ਼ਸਤਰ ਗੁਰੂ ਸਨ ਤੇ ਵਸ਼ਿਸ਼ਟ ਜੀ ਉਨ੍ਹਾਂ ਦੇ ਅਧਿਆਤਮਕ ਗੁਰੂ ਸਨ। ਵਸ਼ਿਸ਼ਟ ਜੀ ਦੇ ਪਾਸ ਜਦੋਂ ਵੀ ਵਿਸ਼ਵਾਮਿਤਰ ਜੀ ਆਉਂਦੇ ਤਾਂ ਇਹ 'ਰਾਜ ਰਿਸ਼ੀ' ਕਹਿ ਕੇ ਸੰਬੋਧਨ ਕਰਦੇ ਸਨ। ਉਹ ਇਸ ਗੱਲ ਦਾ ਗੁੱਸਾ ਕਰਦੇ ਸਨ ਕਿ ਮੈਨੂੰ 'ਬ੍ਰਹਮਰਿਸ਼ੀ' ਕਿਉਂ ਨਹੀਂ ਕਹਿੰਦੇ? ਉਸ ਨੇ ਗੁੱਸੇ ਵਿਚ ਆ ਕੇ ਵਸ਼ਿਸ਼ਟ ਜੀ ਦਾ ਇਕ ਪੁੱਤਰ ਮਾਰ ਜਾਣਾ। 100 ਪੁੱਤਰ ਵਸ਼ਿਸ਼ਟ ਜੀ ਦਾ ਉਸ ਨੇ ਮਾਰ ਦਿੱਤਾ ਤੇ ਇਕ ਦਿਨ ਵਸ਼ਿਸ਼ਟ ਜੀ ਕਹਿਣ ਲੱਗੇ, "ਆਓ! ਬ੍ਰਹਮ ਰਿਸ਼ੀ ਜੀ।"

ਉਹ ਕਹਿੰਦੇ, "ਇਹੀ ਗੱਲ ਤੁਸੀਂ ਪਹਿਲਾਂ ਨਾ ਕਹੀ?"

ਕਹਿੰਦੇ, "ਪਹਿਲਾਂ ਤੁਸੀਂ ਹੋਰ ਵੇਸ ਵਿਚ ਆਉਂਦੇ ਸੀ, ਰਾਜਿਆਂ ਦੇ ਵੇਸ ਵਿਚ ਸ਼ਾਸਤਰਧਾਰੀ ਹੋ ਕੇ ਆਉਂਦੇ ਸੀ। ਸੋ ਇਸ ਕਰਕੇ ਮੈਂ ਤੁਹਾਨੂੰ ਰਾਜ ਰਿਸ਼ੀ ਕਹਿੰਦਾ ਸੀ।"

ਇਸ ਦੇ ਮਨ ਵਿਚ ਬਹੁਤ ਪਛਤਾਵਾ ਹੋਇਆ। ਕਿਸੇ ਤਰੀਕੇ ਨਾਲ ਉਹ ਦੋਸ਼ ਨਿਕਲੇ ਨਾ, ਜਿਹੜੇ ਬੱਚੇ ਮਾਰੇ ਸਨ ਇਨ੍ਹਾਂ ਦੇ, ਤੇ ਸਾਰੀ ਰੂਹਾਨੀਅਤ ਖਤਮ ਹੋ ਗਈ ਤੇ ਵਸ਼ਿਸ਼ਟ ਜੀ ਨੂੰ ਗੁਰੂ ਧਾਰਨ ਕਰਨ ਵਾਸਤੇ ਉਨ੍ਹਾਂ ਦੀ ਚਰਨ ਸ਼ਰਨ ਵਿਚ ਗਿਆ। ਪਹਿਲਾਂ ਤਾਂ ਉਨ੍ਹਾਂ ਨੇ ਜਵਾਬ ਦੇ ਦਿੱਤਾ ਪਰ ਜਦੋਂ ਇਹ ਬਹੁਤ ਜ਼ਿਆਦਾ ਸੇਵਾ ਕਰਨ ਲੱਗ ਗਿਆ, ਬਹੁਤ ਸੇਵਾ ਕਰਦਾ ਰਿਹਾ, ਇਕ ਦਿਨ ਇਸ ਨੇ ਫੇਰ ਬੇਨਤੀ ਕੀਤੀ ਕਿ ਮਹਾਰਾਜ! ਮੈਂ ਤੁਹਾਨੂੰ ਗੁਰੂ ਧਾਰਨਾ ਚਾਹੁੰਦਾ ਹਾਂ।

ਉਹ ਕਹਿੰਦੇ, "ਗੁਰੂ ਧਾਰਨਾ ਚਾਹੁੰਦਾ ਹੈਂ?"

ਕਹਿੰਦੇ, "ਹਾਂ ਮਹਾਰਾਜ! ਮੈਂ ਖੀਰ ਲਿਆਇਆ ਹਾਂ ਅੱਜ ਤੁਹਾਡੇ ਖਾਣ ਵਾਸਤੇ।" ਉਹ ਖੜ੍ਹਾ ਸੀ।

ਕਹਿੰਦੇ, "ਚੰਗਾ! ਅਸੀਂ ਆਵਾਂਗੇ ਤੇ ਛਕ ਲਵਾਂਗੇ।"

ਐਸਾ ਲਿਖਿਆ ਹੈ ਕਿ ਸੌ ਸਾਲ ਉਥੇ ਹੀ ਖੜ੍ਹਾ ਰਿਹਾ, ਫੇਰ ਆ ਕੇ ਖੀਰ ਛਕੀ। ਦੁਨੀਆਂ ਤਾਂ ਇਹ ਗੱਲ ਨਹੀਂ ਕਰਦੀ, ਦੁਨੀਆਂ ਨਾਲੋਂ ਭਗਤਾਂ ਦੀਆਂ ਬਾਤਾਂ ਸਾਰੀਆਂ ਹੀ ਅੱਡ ਹੋਇਆ ਕਰਦੀਆਂ ਨੇ। ਸੋ ਇਸ ਤਰ੍ਹਾਂ ਦੇ ਨਾਲ -

***ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ॥*** ***ਭਾਈ ਗੁਰਦਾਸ ਜੀ ਦੀ ਵਾਰ 3/18***

ਅਸੀਂ ਗੱਲਾਂ ਦੇ ਨਾਲ ਤਾਂ ਸਿੱਖ ਬਣੇ ਹੋਏ ਹਾਂ, ਪਰ ਅਸਲੀਅਤ ਸਾਡੇ ਵਿਚ ਹੈ ਨਹੀਂ। ਇਸ ਤਰ੍ਹਾਂ ਮਹਾਰਾਜ ਜੀ ਫੁਰਮਾਨ ਕਰਦੇ ਨੇ-

***ਧਾਰਨਾ - ਗਲੀਂ ਅਸੀਂ ਚੰਗੀਆਂ -2, 2.***
***ਆਚਾਰੀਂ ਬੁਰੀਆਂਹ -2, 2.***

*ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ॥*
*ਰੀਸਾ ਕਰਿਹ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ॥*
*ਨਾਲਿ ਖਸਮੈ ਰਤੀਆ ਮਾਣਹਿ ਸੁਖਿ ਰਲੀਆਹ॥*
*ਹੋਦੈ ਤਾਣਿ ਨਿਤਾਣੀਆ ਰਹਹਿ ਨਿਮਾਨਣੀਆਹ॥*
*ਨਾਨਕ ਜਨਮੁ ਸਕਾਰਥਾ ਜੇ ਤਿਨ ਕੈ ਸੰਗਿ ਮਿਲਾਹ॥* *ਪੰਨਾ - 85*

ਜੋ ਦਿਨ ਰਾਤ ਕਦੇ ਵੀ ਇਕ ਸਕਿੰਟ ਵਾਸਤੇ ਪ੍ਰਮੇਸ਼ਰ ਨੂੰ ਨਹੀਂ ਭੁਲਦੇ, ਉਨ੍ਹਾਂ ਦੀਆਂ ਅਸੀਂ ਰੀਸਾਂ ਕਰਦੇ ਹਾਂ। ਸਾਧ ਸੰਗਤ ਜੀ! ਅਸੀਂ ਤਾਂ ਬਹੁਤ ਪਿਛੇ ਗਏ ਹੋਏ ਹਾਂ। ਨਿੰਦਿਆ ਸਾਥੋਂ ਜਿੰਨੀ ਮਰਜ਼ੀ ਕਰਾ ਲਓ, ਕਿਸੇ ਨੂੰ ਛੋਟਾ, ਮੰਦਾ ਕਹਾਉਣਾ ਹੈ ਜਿੰਨਾਂ ਮਰਜ਼ੀ ਕਹਾ ਲਉ। ਗੱਲਾਂ ਨਾਲ ਸਿੱਖ ਬਣੇ ਹੋਏ ਹਾਂ।

*ਰੀਸਾ ਕਰਿਹ ਤਿਨਾੜੀਆ ਜੋ ਸੇਵਹਿ ਦਰਿ ਖੜੀਆਹ॥* *ਪੰਨਾ - 85*

ਜਿਹੜੇ ਦਰ ਖੜ੍ਹੇ ਸੇਵਦੇ ਨੇ, ਹਰ ਵਕਤ ਡਿਊਟੀ ਤੇ ਹਾਜ਼ਰ ਰਹਿੰਦੇ ਨੇ, ਜਿਨ੍ਹਾਂ ਨੇ ਤਨ, ਮਨ, ਧਨ ਆਪਣਾ ਦੇ ਦਿੱਤਾ ਤੇ ਅਵਜ਼ਾਨੇ ਵਿਚ ਕੁਝ ਨਹੀਂ ਚਾਹੁੰਦੇ। ਅਸੀਂ ਕੀ ਕਰਦੇ ਹਾਂ? ਅਸੀਂ ਤਾਂ ਹਰੇਕ ਚੀਜ਼ ਦਾ ਪੈਸਾ ਚਾਹੁੰਦੇ ਹਾਂ। ਪਾਠ ਕਰਨਾ ਹੈ ਤਾਂ ਸਾਨੂੰ ਪੈਸਾ ਦਿਓ, ਗੁਰੂ ਘਰ ਦੀ ਸੇਵਾ ਕਰਨੀ ਹੈ ਤਾਂ ਸਾਨੂੰ ਐਨੀ ਤਨਖਾਹ ਦਿਓ, ਕੀਰਤਨ ਕਰਨਾ ਹੈ ਤਾਂ 1000 ਰੁਪਿਆ ਪ੍ਰਤੀ ਘੰਟਾ, 2000 ਰੁਪਿਆ ਪ੍ਰਤੀ ਘੰਟਾ ਲਵਾਂਗੇ, ਫੇਰ ਰੀਸ ਉਨ੍ਹਾਂ ਦੀ ਕਰ ਰਹੇ ਹਾਂ ਜਿਨ੍ਹਾਂ ਨੇ ਤਨ, ਮਨ, ਧਨ ਦੇ ਦਿੱਤਾ।

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਕਹਿੰਦੇ, ਦੁਨੀਆਂ ਬਥੇਰੀ ਹੈ ਪਰ ਪ੍ਰਮੇਸ਼ਰ ਦਾ ਸੇਵਕ ਕੋਈ-ਕੋਈ ਹੈ।

*ਧਾਰਨਾ - ਗੱਲਾਂ ਵਾਲੇ ਹੈਨ ਘਨੇਰੇ, ਚਾਕਰ ਕੋਈ ਕੋਈ ਹੈ -2, 2.*
*ਚਾਕਰ ਕੋਈ ਕੋਈ ਹੈ -4, 2.*
*ਗੱਲਾਂ ਵਾਲੇ ਹੈਨ ਘਨੇਰੇ,............ -2.*

*ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ॥* *ਪੰਨਾ - 474*

ਗੱਲਾਂ ਨਾਲ ਅਸੀਂ ਪੂਰੇ ਗੁਰਸਿਖ ਬਣੇ ਫਿਰਦੇ ਹਾਂ, ਪੂਰੇ ਸੇਵਕ ਬਣੇ ਫਿਰਦੇ ਹਾਂ ਪਰ ਉਹ ਗੱਲ ਤਾਂ ਹੈ ਨਹੀਂ -

*ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ॥*
*ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ॥* *ਭਾਈ ਗੁਰਦਾਸ ਜੀ ਦੀ ਵਾਰ 3/18*

ਇਹ ਤਿੰਨ ਗੱਲਾਂ ਬਹੁਤ ਸਮਝਣ ਨਾਲ ਸੰਬੰਧ ਰੱਖਦੀਆਂ ਹਨ - ਸਾਬਰ ਹੋਣਾ, ਸਿਦਕੀ ਹੋਣਾ ਤੇ ਸ਼ਹੀਦ ਹੋਣਾ।

*ਗੋਲਾ ਮੁਲ ਖਰੀਦੁ ਕਾਰੇ ਜੋਵਣਾ॥* *ਭਾਈ ਗੁਰਦਾਸ ਜੀ ਦੀ ਵਾਰ 3/18*

ਇਕ ਮਹਾਤਮਾ ਹੋਏ ਨੇ, ਉਨ੍ਹਾਂ ਦਾ ਨਾਮ ਸਰਮੱਦ ਸੀ। ਆਪ ਰੁਮਾਨੀਆਂ ਦੇ ਰਹਿਣ ਵਾਲੇ ਸਨ। ਵਪਾਰ ਕਰਿਆ ਕਰਦੇ ਸੀ ਜਵਾਨੀ ਦੇ ਵਿਚ, ਤੇ ਭਾਰਤਵਰਸ਼ ਵਿਚੋਂ ਚੀਜ਼ਾਂ ਲੈ ਜਾਂਦੇ ਤੇ ਈਰਾਨ ਜਾ ਕੇ ਵੇਚ ਦੇਣੀਆਂ। ਈਰਾਨ ਤੋਂ ਰੁਮਾਨੀਆਂ ਲੈ ਜਾਣੀਆਂ ਤੇ ਯਹੂਦੀ ਮੱਤ ਦਾ ਇਨ੍ਹਾਂ ਤੇ ਕੁਝ ਅਸਰ ਸੀ ਪਰ ਦਰਅਸਲ ਇਨ੍ਹਾਂ ਦਾ ਕੋਈ ਧਰਮ ਨਹੀਂ ਸੀ। ਇਥੇ ਜਦੋਂ ਆਉਣਾ ਤਾਂ ਸਤਿਸੰਗ ਬਹੁਤ ਕਰਦੇ ਸਨ। ਇਕ ਠੱਟਾ ਪਿੰਡ ਸਿੰਧ ਦੇ ਅੰਦਰ ਹੈ, ਇਥੇ ਜਦੋਂ ਆਏ ਤਾਂ ਇਥੇ ਹੀ ਰਹਿਣਾ ਸ਼ੁਰੂ ਕਰ ਦਿੱਤਾ। ਮਨ ਦੇ ਵਿਚ ਇਹ ਲਗਨ ਹੈ ਕਿ ਕੋਈ ਪੂਰਾ ਮਿਲ ਜਾਵੇ, ਕੋਈ ਰੰਗਿਆ ਹੋਇਆ

ਮਿਲ ਜਾਵੇ ਤੇ ਮੇਰਾ ਵੀ ਉਧਾਰ ਹੋ ਜਾਵੇ।

ਸੋ ਇਨ੍ਹਾਂ ਨੇ ਸੰਤਾਂ ਮਹਾਂਪੁਰਸ਼ਾਂ ਦੀ ਬਹੁਤ ਸੇਵਾ ਸ਼ੁਰੂ ਕਰ ਦਿੱਤੀ। ਮੰਡਲੀਆਂ ਦੀਆਂ ਮੰਡਲੀਆਂ ਸਾਰੇ ਧਰਮਾਂ ਦੀਆਂ - ਸੂਫੀ ਵੀ, ਹਿੰਦੂ ਸੰਤ ਵੀ ਤੇ ਹੋਰ ਵੀ ਬੇਅੰਤ ਮਹਾਤਮਾ ਇਨ੍ਹਾਂ ਦੇ ਕੋਲ ਜਾਇਆ ਕਰਦੇ ਸਨ। ਇਹ ਬਹੁਤ ਸੇਵਾ ਕਰਿਆ ਕਰਦੇ ਸਨ। ਸੇਵਾ ਕਰਨ ਤੋਂ ਬਾਅਦ ਜਦੋਂ ਮਹਾਤਮਾ ਨੇ ਜਾਣਾ ਤਾਂ ਆਪ ਛੱਡਣ ਜਾਂਦੇ ਸੀ ਦੂਰ ਤੱਕ। ਜਦੋਂ ਵਿਦਾ ਕਰਨੇ ਤਾਂ ਉਸ ਵੇਲੇ ਚਰਨਾਂ ਤੇ ਨਮਸ਼ਕਾਰ ਕਰਕੇ ਕਹਿਣਾ ਕਿ ਮਹਾਂਪੁਰਸ਼ੋ! ਮੇਰਾ ਇਕ ਸਵਾਲ ਹੈ ਤੇ ਏਸ ਤਰ੍ਹਾਂ ਦੇ ਨਾਲ ਇਨ੍ਹਾਂ ਨੇ ਸਵਾਲ ਕਰਨਾ -

***ਧਾਰਨਾ - ਮੈਨੂੰ ਦੱਸਿਓ ਸੁਹਾਗਣ ਸਹੀਓ,***
***ਕਿਵੇਂ ਤੁਸੀਂ ਗਾਵਿਆ ਰਾਮ ਪਿਆਰਾ -2, 2.***
***ਗਾਵਿਆ ਰਾਮ ਪਿਆਰਾ ਕਿਵੇਂ ਤੁਸੀਂ -2, 2.***
***ਮੈਨੂੰ ਦੱਸਿਓ ਸੁਹਾਗਣ ਸਹੀਓ,.......... -2.***

ਸਵਾਲ ਕਰ ਦੇਣਾ ਕਿ ਮਹਾਂਪੁਰਸ਼ੋ! ਮੈਨੂੰ ਇਹ ਦੱਸੋ ਕਿ ਤੁਹਾਨੂੰ ਪ੍ਰਮੇਸ਼ਰ, ਅੱਲਾ-ਤਾਲਾ, ਵਾਹਿਗੁਰੂ ਕਿਵੇਂ ਮਿਲਿਆ, ਮੈਨੂੰ ਵੀ ਦੱਸੋ।

***ਦੇਹੁ ਸੰਦੇਸਰੋ ਕਹੀਅਉ ਪ੍ਰਿਅ ਕਹੀਅਉ॥***
***ਬਿਸਮੁ ਭਈ ਮੈ ਬਹੁ ਬਿਧਿ ਸੁਨਤੇ ਕਹਹੁ ਸੁਹਾਗਨਿ ਸਹੀਅਉ॥***
***ਕੋ ਕਹਤੋ ਸਭ ਬਾਹਰਿ ਬਾਹਰਿ ਕੋ ਕਹਤੋ ਸਭ ਮਹੀਅਉ॥ ਪੰਨਾ - 700***

ਕਈ ਮਹਾਂਪੁਰਸ਼ ਤਾਂ ਕਹਿੰਦੇ ਕਿ ਪ੍ਰਭੂ ਦੂਰ ਰਹਿੰਦਾ ਹੈ, ਬੈਕੁੰਠ ਵਿਚ ਰਹਿੰਦਾ ਹੈ, ਕੋਈ ਕੁਝ ਕਹਿੰਦਾ ਹੈ, ਕੋਈ ਕੁਝ ਕਹਿੰਦਾ ਹੈ।

***ਬਰਨੁ ਨ ਦੀਸੈ ਚਿਹਨੁ ਨ ਲਖੀਐ ਸੁਹਾਗਨਿ ਸਾਤਿ ਬੁਝਹੀਅਉ॥***
***ਪੰਨਾ - 700***

ਤੇ ਦਿਸਦਾ ਨਹੀਂ ਹੈ, ਕੋਈ ਚਕ੍ਰ-ਚਿਹਨ, ਬਰਨ ਉਸਦਾ ਹੈ ਨਹੀਂ, ਤੇ ਉਨ੍ਹਾਂ ਨੇ ਬੁੱਝਿਆ ਹੋਇਆ ਹੈ।

***ਸਰਬ ਨਿਵਾਸੀ ਘਟਿ ਘਟਿ ਵਾਸੀ ਲੇਪੁ ਨਹੀ ਅਲਪਹੀਅਉ॥***
***ਪੰਨਾ - 700***

ਉਸ ਨੂੰ ਕੋਈ ਲੇਪ ਨਹੀਂ ਹੈ, ਸਾਰਿਆਂ ਦੇ ਅੰਦਰ ਵਸਦਾ ਹੈ।

***ਨਾਨਕੁ ਕਹਤ ਸੁਨਹੁ ਰੇ ਲੋਗਾ ਸੰਤ ਰਸਨ ਕੋ ਬਸਹੀਅਉ॥***
***ਪੰਨਾ - 700***

ਸੋ ਇਹ ਸਵਾਲ ਕਰ ਦੇਣਾ। ਮਹਾਤਮਾ ਨੇ ਕੋਈ ਯਥਾ ਯੋਗ ਉਤਰ ਦੇਣਾ ਪਰ ਉਸ ਦੀ ਤਸੱਲੀ ਨਾ ਹੋਣੀ। ਸੇਵਾ ਕਰਦਾ ਗਿਆ ਕਿ ਕੋਈ ਨਾ ਕੋਈ ਤਾਂ ਆਏਗਾ ਹੀ ਕਦੇ ਨ ਕਦੇ।

ਸੋ ਇਕ ਦਿਨ ਇਕ ਮਹਾਂਪੁਰਸ਼ ਪਹੁੰਚੇ ਹੋਏ ਉਸ ਦੇ ਕੋਲ ਆ ਗਏ। ਕਈਆਂ ਦਾ ਖਿਆਲ ਹੈ ਕਿ ਸੰਤ ਭੀਖਾ ਜੀ ਆ ਗਏ, ਕਈਆਂ ਦਾ ਨਾਉਂ ਲੈਂਦੇ ਨੇ ਪਰ ਕੋਈ ਮਹਾਂਪੁਰਸ਼ ਸੀ - ਤਤ-ਬੇਤਾ ਬ੍ਰਹਮਗਿਆਨੀ ਮਹਾਂਪੁਰਸ਼। ਜਦੋਂ ਉਨ੍ਹਾਂ ਦੇ ਕੋਲ ਸਵਾਲ ਕੀਤਾ, ਉਹ ਕਹਿਣ ਲੱਗੇ ਕਿ ਸਰਮੱਦ! ਤੂੰ ਪਹਿਲਾਂ ਵੀ ਕਿਸੇ ਮਹਾਂਪੁਰਸ਼ ਤੋਂ ਪੁਛਿਆ ਸੀ?

ਕਹਿੰਦਾ, "ਹਾਂ ਮਹਾਰਾਜ! ਮੇਰੀ ਤਸੱਲੀ ਨਹੀਂ ਹੋਈ।"

ਕਹਿੰਦੇ, "ਦੇਖ! ਪ੍ਰਮੇਸ਼ਰ ਨੂੰ ਮਿਲਣ ਦਾ ਰਸਤਾ ਬੜਾ ਹੀ ਸੁਖਾਲਾ ਹੈ, ਕੋਈ ਔਖਾ ਨਹੀਂ ਹੈ। ਪਹਿਲਾਂ ਤਾਂ ਉਹ ਤੇਰੇ ਅੰਦਰ ਰਹਿੰਦਾ ਹੈ, ਬਾਹਰ ਕਿਤੇ ਨਹੀਂ ਹੈ, ਉਸ ਨੂੰ ਬਾਹਰ ਨਾ ਢੂੰਡ –

***ਸਭ ਕਿਛੁ ਘਰ ਮਹਿ ਬਾਹਰਿ ਨਾਹੀ॥***
***ਬਾਹਰਿ ਟੋਲੈ ਸੋ ਭਰਮਿ ਭੁਲਾਹੀ॥***
***ਪੰਨਾ – 102***

ਬਾਹਰ ਢੂੰਡਣ ਵਾਲਾ ਭਰਮਾਂ ਵਿਚ ਭੁੱਲ ਜਾਂਦਾ ਹੈ ਪਰ ਇਸ ਦੇ ਵਿਚ ਇਕ ਰੁਕਾਵਟ ਬੜੀ ਜਬਰਦਸਤ ਹੈ ਕਿ ਇਹ 'ਮੈਂ' ਬਣਿਆ ਹੋਇਆ ਹੈ।

***ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ॥***
***ਪੰਨਾ – 624***

ਹੈ ਤਾਂ ਦੇਸ਼ ਨੇੜੇ ਹੀ ਬਿਲਕੁਲ, ਪਰ ਜਿਹੜੀ ਤੂੰ 'ਮੈਂ' ਦੀ ਕੰਧ ਬਣਾ ਲਈ ਕਿ ਮੈਂ ਹਾਂ, ਮੈਂ ਫਲਾਣਾ ਸਿੰਘ ਹਾਂ; ਇਸ ਦਾ ਐਨ੍ਹ ਪੱਕਾ ਅਧਿਆਸ ਹੋ ਗਿਆ ਹੈ। ਦਰਅਸਲ ਅਸੀਂ ਕੁਝ ਵੀ ਨਹੀਂ, ਐਵੇਂ ਹੀ ਇਕ ਕੰਧ ਬਣਾਈ ਹੋਈ ਹੈ –

***ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ॥*** ***ਪੰਨਾ – 624***

ਪਤਲਾ ਜਿਹਾ ਪੜਦਾ ਪਾਇਆ ਹੋਇਆ ਹੈ। ਇਹ ਜੇ ਜਾਂਦਾ ਰਹੇ ਤਾਂ ਉਸ ਦੀ ਪ੍ਰਾਪਤੀ ਹੋ ਜਾਂਦੀ ਹੈ।

***ਧਾਰਨਾ – ਆਪ ਗਵਾਈਐ, ਤਾਂ ਸਹੁ ਪਾਈਐ –2, 2.***

ਕਹਿਣ ਲੱਗੇ, "ਸਰਮੱਦ! ਇਸ ਦੇ ਵਿਚ ਇਕ ਚੀਜ਼ ਹੈ ਜਿਸ ਨੂੰ ਹਉਮੈ ਕਹਿੰਦੇ ਨੇ –

***ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ॥***
***ਗੁਰਿ ਪੂਰੈ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ॥***
***ਪੰਨਾ – 1263***

ਇਸ ਦੇ ਵਿਚ 'ਮੈਂ' ਬਣਿਆ ਹੋਇਆ ਹੈ, ਇਕ ਖਾਹਮਖਾਹ ਦਾ ਪੜਦਾ ਜੀਵ ਨੇ ਆਪ ਹੀ ਪਾਇਆ ਹੋਇਆ ਹੈ, ਹੈ ਨਹੀਂ ਇਸ ਦੀ ਹਸਤੀ। ਇਹ ਤਾਂ ਇਸ ਦੇ ਚਿਤ ਵਿਚ ਪ੍ਰਕਾਸ਼ ਪੈਂਦਾ ਹੈ ਪਰਮ ਚੇਤਨ ਦਾ। ਜਦੋਂ ਚੇਤੰਨਤਾ ਆਉਂਦੀ ਹੈ ਉਦੋਂ ਇਹ 'ਮੈਂ' ਬਣ ਕੇ ਖੜ੍ਹਾ ਹੋ ਜਾਂਦਾ ਹੈ ਤੇ 'ਮੈਂ' ਕਰਕੇ ਇਸ ਦਾ ਪ੍ਰਮੇਸ਼ਰ ਨਾਲੋਂ ਵਿਛੋੜਾ ਹੋ ਗਿਆ –

***ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ॥*** ***ਪੰਨਾ – 722***

ਫੇਰ ਦੂਸਰੀ ਗੱਲ ਹੈ ਕਿ –

***ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ ਕਾਮਣਿ ਨਉ ਨਿਧਿ ਪਾਈ॥***
***ਪੰਨਾ – 722***

ਹੈ ਤਾਂ ਇਥੇ ਵਾਹਿਗੁਰੂ ਹੀ, ਲੇਕਿਨ ਝੂਠੀ 'ਮੈਂ' ਨੇ ਪ੍ਰਮੇਸ਼ਰ ਨੂੰ ਢਕ ਲਿਆ। ਜਿਵੇਂ ਜੇ ਪਾਣੀ ਦੇ ਉਤੇ ਬੂਰ ਆ ਜਾਵੇ ਤਾਂ ਇਹ ਪਾਣੀ ਨੂੰ ਢਕ ਲੈਂਦਾ ਹੈ, ਇਸੇ ਤਰ੍ਹਾਂ ਇਸ ਝੂਠੀ 'ਮੈਂ' ਦੇ ਅਸਰ ਨੇ ਪ੍ਰਮੇਸ਼ਰ ਦੀ ਜੋਤ ਨੂੰ ਢਕ ਲਿਆ –

***ਹਉਮੈ ਕਰੀ ਤਾ ਤੂ ਨਾਹੀ ਤੂ ਹੋਵਹਿ ਹਉ ਨਾਹਿ॥*** ***ਪੰਨਾ – 1092***

ਜਦੋਂ ਮੈਂ 'ਮੈਂ' ਬਣ ਜਾਂਦਾ ਹਾਂ ਤਾਂ ਤੂੰ ਉਥੋਂ ਖਤਮ ਹੋ ਜਾਂਦਾ ਹੈ। ਜੇ ਤੂੰ ਹੋਵੇਂ ਤਾਂ ਮੈਂ ਨਹੀਂ ਹੋਇਆ ਕਰਦਾ –

***ਬੂਝਹੁ ਗਿਆਨੀ ਬੂਝਣਾ ਏਹ ਅਕਥ ਕਥਾ ਮਨ ਮਾਹਿ॥ ਪੰਨਾ - 1093***

ਬੁੱਝੋ, ਕਹਿੰਦੇ, ਬੁੱਝਣ ਦਾ ਯਤਨ ਕਰੋ –

***ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ॥***
***ਅਨਲ ਅਗਮ ਜੈਸੇ ਲਹਰਿ ਮਇ ਓਦਧਿ ਜਲ ਕੇਵਲ ਜਲ ਮਾਂਹੀ॥***
***ਪੰਨਾ - 657***

ਸੋ ਕਹਿਣ ਲੱਗੇ, "ਸਰਮੱਦ! ਇਸ ਦੇ ਵਾਸਤੇ ਸ਼ਿੰਗਾਰ ਬਣਾਉਣਾ ਪੈਂਦਾ ਹੈ।"

ਕਈ ਭੇਖ ਦਾ ਸਿੰਗਾਰ ਬਣਾਉਂਦੇ ਨੇ, ਕੋਈ ਭਗਵੇਂ ਕੱਪੜੇ ਪਾਉਂਦਾ ਹੈ, ਕੋਈ ਕਾਲੇ ਪਾਉਂਦਾ ਹੈ, ਕੋਈ ਗਲ ਵਿਚ ਮਾਲਾ ਪਾਉਂਦਾ ਹੈ, ਕਈ ਹੋਰ ਕਿਸਮ ਦੇ ਭੇਖ ਬਣਾਉਂਦੇ ਨੇ। ਇਹ ਜਿਹੜੇ ਭੇਖ ਨੇ, ਇਹ ਪ੍ਰਮੇਸ਼ਰ ਨੂੰ ਨਹੀਂ ਭਾਇਆ ਕਰਦੇ। ਉਸ ਨੂੰ ਭਾਉਣ ਵਾਲਾ ਜਿਹੜਾ ਭੇਖ ਹੈ ਉਹ ਇਸ ਤਰ੍ਹਾਂ ਦਾ ਹੈ –

***ਧਾਰਨਾ – ਭੈ ਕੀਆ ਦੇਹ ਸਲਾਈਆਂ ਨੈਣੀ,***
***ਭਾਵ ਕਾ ਕਰ ਸੀਗਾਰੋ –2, 2.***
***ਭਾਵ ਕਾ ਕਰ ਸੀਗਾਰੋ ਜੀ –4, 2.***
***ਭੈ ਕੀਆ ਦੇਹ ਸਲਾਈਆਂ ਨੈਣੀ,.... –2.***

ਕਹਿੰਦੇ, "ਸਰਮੱਦ! ਭੈ ਦੀਆਂ ਸਲਾਈਆਂ ਨੇਤਰਾਂ ਵਿਚ ਪਾ। ਜਿਸ ਨੇ ਸ਼ਿੰਗਾਰ ਕਰਨਾ ਹੁੰਦਾ ਹੈ ਉਹ ਸੁਰਮਾ ਨੇਤਰਾਂ ਵਿਚ ਪਾਉਂਦੇ ਨੇ ਪਰ ਅਦਬ ਦਾ ਸੁਰਮਾ ਤੂੰ ਨੇਤਰਾਂ ਵਿਚ ਪਾ। ਭੈ ਦੋ ਤਰ੍ਹਾਂ ਦਾ ਹੁੰਦਾ ਹੈ। ਇਕ ਤਾਂ ਚੋਰ ਡਾਕੂ, ਅੱਗ, ਸੱਪ, ਸ਼ੇਰ ਆਦਿ ਦਾ ਭੈ ਹੈ। ਇਕ ਅਦਬ (ਸਤਿਕਾਰ) ਦਾ ਹੈ। ਪਿਆਰ ਕਰਨ ਵਾਲਾ ਅਦਬ ਵਿਚ ਰਹਿੰਦਾ ਹੈ, ਗੁਸਤਾਖ ਨਹੀਂ ਹੋਇਆ ਕਰਦਾ। ਸੋ ਅਦਬ ਦਾ ਨੇਤਰਾਂ ਵਿਚ ਸੁਰਮਾਂ ਪਾ ਲੈ ਤੇ ਭਾਵ, ਪਿਆਰ ਵਿਚ, ਹਰ ਵਕਤ ਖਿੱਚ ਵਿਚ ਰਹਿ। ਹਰ ਵਕਤ ਤੈਨੂੰ ਮਿਲਣ ਦੀ ਤਾਂਘ ਰਹੇ।"

***ਇਆਨੜੀਏ ਮਾਨੜਾ ਕਾਇ ਕਰੇਹਿ॥***
***ਆਪਨੜੈ ਘਰਿ ਹਰਿ ਰੰਗੋ ਕੀ ਨ ਮਾਣੇਹਿ॥ ਪੰਨਾ - 722***

ਉਹ ਹੈ ਤਾਂ ਅੰਦਰ, ਪਰ ਤੂੰ ਪਿਆਰ ਕਿਉਂ ਨਹੀਂ ਮਾਣਦਾ?

***ਸਹੁ ਨੇੜੈ ਧਨ ਕੰਮਲੀਏ ਬਾਹਰੁ ਕਿਆ ਢੂਢੇਹਿ॥ ਪੰਨਾ - 722***

ਸੋ ਇਸ ਤਰ੍ਹਾਂ ਜਦੋਂ ਤੁਸੀਂ ਯਾਦ ਕਰੋਗੇ ਉਹ ਆ ਜਾਏਗਾ ਕਿਉਂਕਿ ਉਹ ਪ੍ਰੇਮ ਦਾ ਭੁੱਖਾ ਹੈ।

***ਸਾਚੁ ਕਹੌਂ ਸੁਨ ਲੇਹੁ ਸਭੈ***
***ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ॥***
***(ਤ੍ਵਪ੍ਰਸਾਦਿ ਸ੍ਵਯੇ)***

ਪਿਆਰ ਦੇ ਬਦਲੇ ਉਹ ਪਿਆਰ ਦਿੰਦਾ ਹੈ। ਤੇਰੇ ਅੰਦਰ ਖਿੱਚ ਹੋਏਗੀ ਉਸ ਦੀ ਤੇ ਓਧਰੋਂ ਵੀ ਖਿੱਚ ਹੋ ਜਾਏਗੀ, ਫੇਰ ਤੁਹਾਡਾ ਮੇਲ ਹੋ ਜਾਏਗਾ।"

ਸੋ ਇਸ ਤਰ੍ਹਾਂ ਮਹਾਂਪੁਰਸ਼ ਉਪਦੇਸ਼ ਦੇ ਕੇ ਚਲੇ ਗਏ, ਪਹਿਲਾਂ ਹੀ ਬ੍ਰਹਮ ਗਿਆਨ ਵਿਚ ਪਹੁੰਚਾਅ ਦਿੱਤਾ। ਐਸਾ ਪਿਆਰ ਲੱਗਿਆ ਕਿ ਸਾਰੀ ਦੌਲਤ, ਬੜਾ ਪੈਸਾ ਸੀ, ਸੰਤਾਂ ਦੀ ਸੇਵਾ ਤੇ ਖਰਚ ਕਰਕੇ ਦਿੱਲੀ ਆ ਗਿਆ। ਦਿੱਲੀ ਰਹਿੰਦਾ ਹੈ, ਬਹੁਤ ਦੁਨੀਆਂ ਉਸ ਕੋਲ ਆਉਣੀ ਸ਼ੁਰੂ ਹੋ ਗਈ। ਗੁਰੂ ਤੇਗ ਬਹਾਦਰ ਜੀ ਤੋਂ ਪਹਿਲਾਂ ਇਹ ਔਰੰਗਜ਼ੇਬ ਨੇ ਸ਼ਹੀਦ ਕਰਿਆ ਸੀ। ਇਥੇ ਇਹ

ਆਪਣੀ ਬੇਪਰਵਾਹੀ ਵਿਚ ਰਹਿੰਦਾ ਹੈ, ਰੰਗ ਲੱਗ ਗਿਆ, ਪ੍ਰਮੇਸ਼ਰ ਦੇ ਪਿਆਰ ਵਿਚ ਹਰ ਵਕਤ ਰਹਿੰਦਾ ਹੈ। ਇਥੋਂ ਤੱਕ ਹੋ ਗਿਆ ਕਿ ਸਰੀਰ ਦੀ ਸੁਧ-ਬੁਧ ਭੁਲ ਗਿਆ, ਕੱਪੜੇ ਪਾਉਣੇ ਭੁਲ ਗਿਆ ਤੇ ਬ੍ਰਹਿਨਾ ਰਹਿਣਾ ਸ਼ੁਰੂ ਕਰ ਦਿੱਤਾ, ਨੰਗਾ ਰਹਿਣਾ ਇਸ ਨੇ, ਤੇ ਔਰੰਗਜੇਬ ਨੂੰ ਸ਼ਿਕਾਇਤਾਂ ਹੋਈਆਂ ਕਿ ਇਕ ਫਕੀਰ ਇਥੇ ਨੰਗਾ ਰਹਿੰਦਾ ਹੈ। ਉਸ ਨੂੰ ਬਹੁਤ ਵਾਰੀ ਕਿਹਾ ਕਿ ਉਹ ਕੱਪੜਾ ਪਾਇਆ ਕਰੇ ਪਰ ਉਹ ਪਾਉਂਦਾ ਨਹੀਂ। ਔਰੰਗਜੇਬ ਨੇ ਵੱਡੇ ਕਾਜ਼ੀ ਨੂੰ, ਜਿਸ ਦਾ ਨਾਂ 'ਕਵੀ' ਸੀ, ਉਸ ਨੂੰ ਭੇਜ ਦਿੱਤਾ ਕਿ ਜਾਹ! ਤੂੰ ਉਸ ਨੂੰ ਜਾ ਕੇ ਕਹਿ ਕਿ ਕੱਪੜੇ ਪਾ ਲੈ।"

ਉਹ ਉਥੇ ਚਲਿਆ ਗਿਆ ਤੇ ਜਾ ਕੇ ਕਹਿੰਦਾ, "ਸਰਮੱਦ! ਬਾਦਸ਼ਾਹ ਦਾ ਹੁਕਮ ਹੈ ਕਿ ਤੂੰ ਕੱਪੜੇ ਪਾ ਲੈ। ਤੂੰ ਕਿਉਂ ਨਹੀਂ ਕੱਪੜੇ ਪਾਉਂਦਾ?"

ਕਹਿੰਦਾ, "ਕਾਹਦੇ ਕੱਪੜੇ ਪਾਵਾਂ, ਕਾਜ਼ੀ ਵੀ ਸ਼ੈਤਾਨ ਹੋ ਗਿਐ।"

ਸੋ ਕਾਜ਼ੀ ਨੇ ਬੜਾ ਗੁੱਸਾ ਖਾਧਾ ਕਿ ਇਹ ਮੈਨੂੰ ਹੀ ਸ਼ੈਤਾਨ ਕਹਿੰਦਾ ਹੈ ਜਦਕਿ ਸਭ ਤੋਂ ਮੈਂ ਵੱਡਾਂ ਹਾਂ - ਸਾਰੇ ਫੈਸਲੇ ਕਰਨ ਵਾਲਾ। ਔਰੰਗਜ਼ੇਬ ਕੋਲ ਆ ਕੇ ਫੇਰ ਸ਼ਿਕਾਇਤ ਕਰੀ। ਉਸ ਨੇ ਗੌਲੀ ਨਾ। ਉਸ ਤੋਂ ਬਾਅਦ ਔਰੰਗਜ਼ੇਬ ਇਕ ਦਿਨ ਜਾਮਾ ਮਸਜਿਦ ਨੂੰ ਜਾਂਦਾ ਹੈ ਤੇ ਨਾਲ ਕਾਜ਼ੀ ਬੈਠਾ ਹੈ। ਉਹ ਕਹਿੰਦਾ, ਔਹ ਦੇਖੋ ਜੀ! ਸਾਹਮਣੇ ਨੰਗਾ ਖੜ੍ਹਾ ਹੈ।"

ਔਰੰਗਜ਼ੇਬ ਨੇ ਇਕ ਦੋ ਗਜ਼ ਦਾ ਕੱਪੜਾ ਉਸ ਤੇ ਵਗਾਹ ਕੇ ਮਾਰਿਆ - ਹਾਥੀ ਤੇ ਜਾਂਦੇ ਨੇ, ਤੇ ਕਹਿੰਦਾ, "ਫਕੀਰ ਸਾਈਂ! ਆਹ ਕੱਪੜਾ ਪਹਿਨ ਲੈ, ਨੰਗਾ ਚੰਗਾ ਨਹੀਂ ਲਗਦਾ।"

ਇਸ ਨੇ ਚੁੱਕ ਕੇ ਸਿਰ ਤੇ ਬੰਨ੍ਹ ਲਿਆ। ਜਦੋਂ ਉਹ ਮੁੜ ਕੇ ਆਇਆ, ਇਹ ਫੇਰ ਉਵੇਂ ਹੀ ਨੰਗਾ ਖੜ੍ਹਾ ਹੈ। ਔਰੰਗਜ਼ੇਬ ਕਹਿੰਦਾ -

"ਮੈਂ ਤੈਨੂੰ ਕੱਪੜਾ ਦਿੱਤਾ ਸੀ ਤੇ ਤੂੰ ਸਿਰ ਤੇ ਬੰਨ੍ਹ ਲਿਆ, ਤੇ ਤੇੜ ਕਿਉਂ ਨਹੀਂ ਪਹਿਨਿਆ?"

"ਔਰੰਗਜ਼ੇਬ! ਤੂੰ ਸਿਰੋਪਾ ਦਿੱਤਾ ਹੈ ਤੇ ਸਿਰੋਪੇ ਸੀਸ ਤੇ ਬੰਨ੍ਹੀਦੇ ਹੁੰਦੇ ਨੇ, ਲੱਕ ਨਾਲ ਨਹੀਂ ਬੰਨ੍ਹੀਦੇ, ਬੇ-ਅਦਬੀ ਹੁੰਦੀ ਹੈ ਉਸ ਦੀ।"

ਉਸ ਨੂੰ ਜਵਾਬ ਨਹੀਂ ਆਇਆ। ਏਸ ਤਰ੍ਹਾਂ ਅੰਦਰੋਂ ਕੁਝ ਕਰਨਾ ਚਾਹੁੰਦਾ ਹੈ। ਇਕ ਦਿਨ ਨਮਾਜ਼ ਤੇ ਜਾਣ ਲੱਗਿਆਂ ਉਥੇ ਹਾਥੀ ਖੜ੍ਹਾਅ ਦਿੱਤਾ ਤੇ ਕਹਿੰਦਾ, "ਇਸ ਦੇ ਨਾਲ ਤਾਂ ਗੱਲ ਕਰੋ ਚੰਗੀ ਤਰ੍ਹਾਂ ਨਾਲ। ਇਥੋਂ ਨਮਾਜ਼ੀ ਲੰਘਦੇ ਨੇ ਤੇ ਇਹ ਇਥੇ ਬ੍ਰਹਿਨਾ (ਨੰਗਾ) ਬੈਠਾ ਹੈ, ਤਮਾਸ਼ਾ ਕਰਿਆ ਹੋਇਆ ਹੈ ਇਸ ਨੇ।"

ਸੋ ਔਰੰਗਜ਼ੇਬ ਹਾਥੀ ਤੋਂ ਉਤਰ ਕੇ ਥੱਲੇ ਆ ਗਿਆ ਤੇ ਕਹਿੰਦਾ, "ਫਕੀਰ ਸਾਈਂ! ਤੂੰ ਕੰਬਲ ਕਿਉਂ ਨਹੀਂ ਲੈਂਦਾ ਉਤੇ ਜਦੋਂ ਤੇਰੇ ਕੋਲ ਪਿਆ ਹੈ? ਤੂੰ ਨੰਗਾ ਕਿਉਂ ਬੈਠਾ ਹੈਂ? ਚੰਗਾ ਲਗਦਾ ਹੈ? ਸਾਰੇ ਨਮਾਜ਼ੀ ਆਉਂਦੇ ਨੇ ਇਥੇ।"

ਉਹ ਕਹਿੰਦਾ, "ਤੂੰ ਦੇ ਦੇ, ਮੈਨੂੰ ਫੁਰਸਤ ਨਹੀਂ ਹੈ ਕੰਬਲ ਲੈਣ ਦੀ।"

ਜਿਸ ਵਕਤ ਕੰਬਲ ਚੁੱਕ ਕੇ ਉਪਰ ਦੇਣ ਲੱਗਿਆ ਤਾਂ ਕੀ ਦੇਖਦੈ ਕਿ ਕੰਬਲ ਦੇ ਥੱਲੇ ਉਸ ਦੇ ਪਿਓ ਦਾ ਸਿਰ ਪਿਆ ਹੈ, ਭਰਾਵਾਂ ਦੇ ਸਿਰ ਪਏ ਨੇ; ਹੋਰ ਬੇਅੰਤ ਸਿਰ ਪਏ ਨੇ, ਜਿੰਨੇ ਕਤਲ ਕਰੇ ਸੀ ਸਭ ਦੇ ਸਿਰ ਪਏ ਨੇ।

ਕਹਿੰਦਾ, "ਦੇਹ ਕੰਬਲ, ਦਿੰਦਾ ਕਿਉਂ ਨਹੀਂ, ਰੱਖ ਕਿਉਂ ਦਿੱਤਾ? ਤੇਰੇ ਪਾਪ ਢਕਾਂ ਜਾਂ ਆਪਣਾ

ਤਨ ਢਕਾਂ।" ਸੋ ਐਸਾ ਮਹਾਂਪੁਰਸ਼ ਸੀ।

ਇਕ ਦਿਨ ਇਕ ਖਤਰੀਆਂ ਦਾ ਲੜਕਾ ਸੀ, ਉਸ ਦੇ ਮਾਂ ਬਾਪ ਨੇ ਕਿਹਾ ਕਿ ਤੇਰਾ ਵਿਆਹ ਕਰਨਾ ਹੈ ਤੇ ਤੂੰ ਪੀਰ ਜੀ ਨੂੰ ਕਹੀਂ ਕਿ ਸਾਡੇ ਵਾਸਤੇ ਕੁਝ ਕਰਨ, ਸਾਡੇ ਕੋਲ ਪੈਸਾ ਨਹੀਂ ਹੈ। ਉਹ ਪੀਰ ਕੋਲ ਆ ਗਿਆ –

ਕਹਿੰਦਾ, "ਪੀਰ ਜੀ! ਮੇਰਾ ਵਿਆਹ ਹੈ, ਦਸ ਹਜ਼ਾਰ ਰੁਪਿਆ ਚਾਹੀਦਾ ਹੈ।"

"ਦਸ ਹਜ਼ਾਰ ਤਾਂ ਬਹੁਤਾ ਹੁੰਦਾ ਹੈ।"

"ਜੀ! ਐਨਾ ਹੀ ਕਿਹਾ ਹੈ।"

ਕਹਿੰਦਾ, "ਫੇਰ ਕਾਨੇ ਤੋੜ ਕੇ ਲਿਆ।"

ਉਹ ਕਾਨੇ ਤੋੜ ਕੇ ਲਿਆਇਆ ਤੇ ਪੀਰ ਨੇ ਪਲੰਘ ਬਣਾ ਦਿੱਤਾ ਉਸ ਦਾ – ਛੋਟਾ ਜਿਹਾ – ਧਾਗੇ ਨਾਲ ਬੁਣ ਕੇ।

ਕਹਿੰਦੇ, ਇਸ ਨੂੰ ਸਿਰ ਤੇ ਚੁੱਕ ਲੈ ਤੇ ਇਥੋਂ ਕਹਿੰਦਾ ਚਲਿਆ ਜਾਹ ਕਿ ਔਰੰਗਜ਼ੇਬ ਦਾ ਤਖਤ ਦਸ ਹਜ਼ਾਰ ਨੂੰ ਵਿਕਦਾ ਹੈ।

ਜਦੋਂ ਉਹ ਹੋਕਾ ਦਿੰਦਾ ਹੈ ਬਜ਼ਾਰ ਵਿਚ, ਤਾਂ ਰੌਲਾ ਪੈ ਗਿਆ ਕਿ ਸਰਮੱਦ ਨੇ ਔਰੰਗਜ਼ੇਬ ਦਾ ਤਖਤ ਵਿਕਾਉਣਾ ਕਰ ਦਿੱਤਾ। ਉਸੇ ਵੇਲੇ ਇਕ ਮੀਰ ਜੁਮਲਾ ਉਸਦਾ ਹਾਕਮ ਸੀ, ਉਸ ਨੇ ਦਸ ਹਜ਼ਾਰ ਰੁਪਈਆ ਦਿੱਤਾ ਤੇ ਉਹ ਚੀਜ਼ ਲੈ ਲਈ। ਸੋ ਐਸੀਆਂ ਗੱਲਾਂ ਦੇਖ-ਦੇਖ ਇਸ ਦੇ ਮਨ ਵਿਚ ਆਇਆ ਕਿ ਮੈਂ ਇਸ ਨੂੰ ਕੈਦ ਕਰ ਲਵਾਂ। ਸੋ ਉਸ ਨੂੰ ਕੈਦ ਕਰ ਦਿੱਤਾ। ਉਹ ਪਰਵਾਹ ਨਹੀਂ ਕਰਦਾ–

***ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ॥***
***ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ॥*** ***ਪੰਨਾ – 473***

ਪ੍ਰਮੇਸ਼ਰ ਤੋਂ ਬਗੈਰ ਸਾਧੂ ਕਿਸੇ ਦੁਨੀਆਂਦਾਰ ਦੀ ਪਰਵਾਹ ਨਹੀਂ ਕਰਿਆ ਕਰਦਾ, ਉਹ ਬੇ-ਪਰਵਾਹ ਹੁੰਦਾ ਹੈ। ਸੋ ਉਸ ਵੇਲੇ ਇਸ ਨੇ ਹੁਕਮ ਦੇ ਦਿੱਤਾ ਕਿ ਇਸ ਦੇ ਹਥਕੜੀਆਂ ਵੀ ਲਾਓ, ਬੇੜੀਆਂ ਵੀ ਪਾਓ ਤੇ ਗਲ ਵਿਚ ਤੌਕ ਪਾਓ ਭਾਰਾ ਤਾਂਕਿ ਇਸ ਦੀ ਗਰਦਨ ਹੇਠਾਂ ਨੂੰ ਮੁੜੀ ਰਹੇ। ਸੋ ਇਸ ਤਰ੍ਹਾਂ ਦੀ ਸਖਤ ਸਜ਼ਾ ਦੇ ਦਿੱਤੀ। ਫੇਰ ਰਿਪੋਰਟ ਮੰਗਵਾਈ। ਉਹ ਕਹਿੰਦੇ, ਉਸ ਤੇ ਤਾਂ ਕੁਝ ਵੀ ਅਸਰ ਨਹੀਂ ਹੁੰਦਾ, ਉਹ ਓਵੇਂ ਜਿਵੇਂ ਹੈ। ਏਨੇ ਨੂੰ ਫਾਰਸ (ਈਰਾਨ) ਦੇਸ਼ ਦਾ ਇਕ ਰਾਜਦੂਤ ਆ ਗਿਆ। ਉਸ ਨੇ ਆ ਕੇ ਔਰੰਗਜ਼ੇਬ ਨੂੰ ਬੇਨਤੀ ਕਰੀ ਕਿ ਤੇਰੇ ਦਰਬਾਰ ਦੇ ਅੰਦਰ ਚੌਦਾਂ ਸੌ ਪੜ੍ਹੇ ਲਿਖੇ ਬੰਦੇ ਨੇ, ਜਿਨ੍ਹਾਂ ਨੂੰ ਉਲਮਾ ਕਹਿੰਦੇ ਨੇ, ਤੇ ਮੇਰੇ ਬਾਦਸ਼ਾਹ ਨੇ ਸਿਫਾਰਸ਼ ਭੇਜੀ ਹੈ ਕਿ ਉਥੇ 'ਸਬਰ' ਤੇ 'ਸ਼ੁਕਰ' ਦੇ ਮਾਇਅਨੇ ਪਤਾ ਕਰਕੇ ਆ, ਤੇ ਤੇਰੇ ਕੋਲ ਮੈਂ ਪੁੱਛਣ ਆਇਆ ਹਾਂ। ਦੂਜੇ ਦਿਨ ਉਸ ਨੇ ਸਭਾ ਲਾਈ ਤੇ ਸਾਰਿਆਂ ਨੂੰ ਦੱਸਿਆ ਕਿ 'ਸਬਰ' ਅਤੇ 'ਸ਼ੁਕਰ' ਦੇ ਅਰਥ ਕਰੋ। ਸਾਰੇ ਉਲਮਾਂ ਅਰਥ ਕਰਦੇ ਨੇ ਪਰ ਉਸ ਦੀ ਤਸੱਲੀ ਨਹੀਂ ਹੁੰਦੀ। ਉਹ ਕਹਿੰਦਾ ਕਿ ਮੈਨੂੰ ਇਹ ਦੱਸਿਆ ਗਿਆ ਹੈ ਕਿ ਤੇਰੀ ਕੈਦ ਦੇ ਅੰਦਰ ਇਕ ਪੀਰ ਹੈ – ਸਰਮੱਦ, ਉਹ ਦੱਸ ਸਕਦਾ ਹੈ ਇਸ ਚੀਜ਼ ਨੂੰ। ਇਜਾਜ਼ਤ ਲੈ ਲਈ ਤੇ ਉਹ ਸਰਮੱਦ ਦੇ ਕੋਲ ਗਿਆ। ਸਰਮੱਦ ਕਹਿਣ ਲੱਗਿਆ ਕਿ ਇੰਜ ਕਰ, ਮੈਨੂੰ ਨ੍ਹਾਤੇ ਨੂੰ ਬੜੀ ਦੇਰ ਹੋ ਗਈ, ਦੋ ਗਜ਼ ਤਹਿਮਤ ਵਾਸਤੇ ਕੱਪੜਾ ਲਿਆ ਤੇ ਇਕ ਮਸ਼ਕ ਪਾਣੀ ਦੀ ਲਿਆ। ਦੂਸਰੇ ਦਿਨ ਪਾਣੀ ਵੀ ਲੈ ਗਿਆ ਤੇ ਕੱਪੜਾ ਵੀ ਲੈ ਗਿਆ; ਇਸ਼ਨਾਨ ਕਰਿਆ

ਤੇ ਉਸ ਤੋਂ ਬਾਅਦ ਤਹਿਮਤ ਬੰਨ੍ਹ ਲਈ।

ਕਹਿੰਦੇ, "ਹਾਂ! ਹੁਣ ਪੁੱਛ ਕੀ ਪੁਛਦਾ ਹੈਂ?"

ਕਹਿੰਦਾ, "ਜੀ! ਮੈਂ 'ਸਬਰ' ਤੇ 'ਸ਼ੁਕਰ' ਦਾ ਮਾਇਨਾ ਪੁਛਦਾ ਹਾਂ।" ਕਿਉਂਕਿ ਵਾਰ-ਵਾਰ ਆਉਂਦਾ ਹੈ -

***ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ॥*** ***ਭਾਈ ਗੁਰਦਾਸ ਜੀ ਦੀ ਵਾਰ 3/18***

ਜੇ ਮੁਰੀਦ ਬਣਨਾ ਹੈ ਤਾਂ 'ਸਾਬਰ' ਹੋਣਾ ਚਾਹੀਦਾ ਹੈ - ਸ਼ੁਕਰ ਵਿਚ ਰਹਿਣ ਵਾਲਾ, ਸੰਤੋਖ ਵਿਚ ਰਹਿਣ ਵਾਲਾ, ਤੇ ਇਸ ਦੇ ਅਰਥ ਸਾਨੂੰ ਨਹੀਂ ਪਤਾ ਲਗਦੇ ਕਿ ਇਹ ਕੀ ਹੁੰਦਾ ਹੈ।

ਕਹਿੰਦੇ, "ਹੁਣੇ ਦੱਸ ਦਿੰਦੇ ਹਾਂ।" ਕੁਝ ਦੇਰ ਚੁਪ ਰਹੇ, ਇੰਨੇ ਨੂੰ ਕੋਰੜੇ ਮਾਰਨ ਵਾਲਾ ਆ ਗਿਆ। ਸੌ ਕੋਰੜਾ ਹਰ ਰੋਜ਼ ਇਸ ਦੇ ਮਾਰਦੇ ਸੀ। ਇਹ ਖੜ੍ਹਾ ਹੋ ਗਿਆ ਤੇ ਉਹ ਨਾਲੇ ਕੋਰੜੇ ਮਾਰਦਾ ਹੈ ਤੇ ਨਾਲੇ ਗਿਣਦਾ ਹੈ। ਇਨ੍ਹਾਂ ਨੇ ਇਕ ਉਂਗਲੀ ਉਪਰ ਚੁੱਕੀ ਹੋਈ ਹੈ ਤੇ ਨਾਂਹ ਵਿਚ ਹਿਲਾ ਰਹੇ ਨੇ। ਪਰ ਇਸ ਦੇ ਸਮਝ ਵਿਚ ਨਹੀਂ ਆਇਆ। ਸਰਮੱਦ ਦੇ 50 ਕੋਰੜੇ ਲੱਗ ਲਏ। ਜੱਲਾਦ ਪਾਸੇ ਹਟ ਗਿਆ।

ਇਹ ਕਹਿਣ ਲੱਗੇ ਰਾਜਦੂਤ ਨੂੰ, "ਤੇਰੇ ਸਮਝ 'ਚ ਆਏ ਅਰਥ?"

ਕਹਿੰਦਾ, "ਨਾ ਜੀ! ਮੈਨੂੰ ਤਾਂ ਸਮਝ ਨਹੀਂ ਆਏ। ਮੈਂ ਤਾਂ ਕੋਰੜੇ ਲੱਗਦੇ ਦੇਖਦਾ ਹਾਂ ਤੁਹਾਡੇ, ਇਹ ਤਾਂ ਬੜੇ ਜ਼ਾਲਮ ਨੇ।"

ਕਹਿੰਦੇ, "ਚੰਗਾ! ਹੁਣ ਤੈਨੂੰ ਸਮਝਾ ਦਿਆਂਗੇ, ਦਿਖਾ ਦਿਆਂਗੇ।"

ਉਸ ਵੇਲੇ ਹੱਥ ਮਾਰਿਆ, ਨੇਤਰ ਖੋਲ੍ਹ ਦਿੱਤੇ। ਜਿਹੜੇ ਗੁਪਤ ਚੀਜ਼ਾਂ ਨੂੰ ਦੇਖਦੇ ਨੇ। ਕੀ ਦੇਖ ਰਿਹਾ ਹੈ ਕਿ ਅਵਾਜ਼ਾਂ ਆ ਰਹੀਆਂ ਨੇ। ਜਿਸ ਤਖਤ ਦੇ ਉਤੇ ਔਰੰਗਜ਼ੇਬ ਬੈਠਾ ਹੈ, ਫਰਿਸ਼ਤਾ ਕਹਿੰਦਾ, ਮੈਨੂੰ ਹੁਕਮ ਦੇਹ, ਮੈਂ ਇਸ ਦਾ ਤਖਤ ਉਲਟਾ ਦਿਆਂ, ਮੈਂ ਇਸ ਦਾ ਮਹੱਲ ਗਰਕ ਕਰ ਦਿਆਂ। ਬੜੇ ਫਰਿਸ਼ਤੇ ਦੇਖੇ, ਸਾਰਿਆਂ ਨੂੰ ਇਹ ਨਾਂਹ-ਨਾਂਹ ਕਹੀ ਜਾਂਦਾ ਹੈ। ਜਦੋਂ ਸੌ ਕੋਰੜਾ ਲੱਗ ਗਿਆ, ਕਹਿੰਦੇ, "ਹੁਣ ਤੇਰੇ ਅਰਥ ਸਮਝ 'ਚ ਆਇਆ?"

ਕਹਿੰਦਾ, "ਨਾ ਜੀ!"

ਕਹਿੰਦੇ, "ਦੇਖ! ਐਨੀ ਤਾਕਤ ਦਾ ਮਾਲਕ ਹਾਂ ਕਿ ਜੇ ਮੈਂ ਇਕ ਵਾਰੀ ਕਹਿ ਦਿਆਂ ਤਾਂ ਦਿੱਲੀ ਨੂੰ ਹੁਣੇ ਗਰਕ ਕਰ ਦਿਆਂ। ਐਨੀਆਂ ਸ਼ਕਤੀਆਂ ਦਾ ਮਾਲਕ ਹੁੰਦਾ ਹੋਇਆ ਮੈਂ ਸਬਰ ਦੇ ਵਿਚ ਹਾਂ ਤੇ ਆਹ ਕੋਰੜੇ ਖਾ ਰਿਹਾ ਹਾਂ। ਇਸ ਨੂੰ 'ਸਬਰ' ਕਹਿੰਦੇ ਨੇ ਕਿ ਤਾਕਤ ਕੋਲ ਹੋਵੇ ਤੇ ਫੇਰ ਦੁਖ ਸਹੀ ਜਾਵੇ।"

ਕਹਿੰਦਾ, "ਜੀ! 'ਸ਼ੁਕਰ' ਦਾ ਅਰਥ?"

ਕਹਿੰਦੇ, "ਤੈਨੂੰ ਉਹ ਵੀ ਦੱਸ ਦਿੰਦਾ ਹਾਂ।"

ਐਨੇ ਨੂੰ ਇਕ ਪਿਆਲਾ ਪਾਣੀ ਦਾ ਆ ਗਿਆ, ਨਮਕ ਹੀ ਨਮਕ ਪਾਇਆ ਹੋਇਐ ਪਾਣੀ ਵਿਚ। ਇਹ ਪੀ ਕੇ ਕਹਿਣ ਲਗਿਆ, "ਅੱਲ੍ਹਾ-ਤਾਲਾ ਤੇਰਾ ਸ਼ੁਕਰ ਹੈ, ਤੂੰ ਮੇਰੇ ਵਾਸਤੇ ਵੀ ਪਾਣੀ ਭੇਜਦਾ ਹੈਂ, ਚਾਹੇ ਨਮਕ ਵਾਲਾ ਹੀ ਭੇਜਦਾ ਹੈਂ।"

ਉਸ ਵੇਲੇ ਇਸ ਦੀ ਨਿਗ੍ਹਾ ਖੋਲ੍ਹ ਦਿੱਤੀ। ਕੀ ਦੇਖਦੇ ਨੇ ਕਿ ਬੇਅੰਤ ਪਦਾਰਥ ਫਰਿਸ਼ਤੇ ਲੈ ਕੇ ਖੜ੍ਹੇ ਨੇ ਖਾਣ ਵਾਸਤੇ ਕਿ ਅੰਗੀਕਾਰ ਕਰ ਫਕੀਰ ਸਾਈਂ। ਉਹ ਕਹਿੰਦਾ ਕਿ ਨਹੀਂ, ਜੋ ਅੱਲ੍ਹਾ-ਤਾਲਾ ਦਿੰਦਾ ਹੈ ਉਸ ਤੇ ਹੀ ਮੇਰਾ ਸ਼ੁਕਰ ਹੈ। ਸੋ ਇਸ ਨੂੰ ਸਬਰ ਤੇ ਸ਼ੁਕਰ ਕਹਿੰਦੇ ਨੇ ਸਾਧ ਸੰਗਤ

ਜੀ-

> ***ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।***
> ***ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ॥***

***ਭਾਈ ਗੁਰਦਾਸ ਜੀ ਦੀ ਵਾਰ 3/18***

ਦੂਜਾ ਸਿਦਕ ਹੈ। ਗੁਰੂ ਛੇਵੇਂ ਪਾਤਿਸ਼ਾਹ ਮਹਾਰਾਜ ਕਸ਼ਮੀਰ ਵਿਚ ਚਲੇ ਗਏ। ਉਥੇ ਗੁਰਸਿਖ ਨਾਲ ਜਾ ਰਹੇ ਨੇ। ਇਕ ਦਿਨ ਆਪ ਜੰਗਲ ਵਿਚ ਵੜ ਗਏ ਤੇ ਉਥੇ ਭਾਈ ਨਿਹਾਲਾ ਨਾਲ-ਨਾਲ ਜਾ ਰਿਹਾ ਹੈ। ਮਹਾਰਾਜ ਜੀ ਨੇ ਅਚਾਨਕ ਪਿਛੇ ਮੁੜਨਾ ਸ਼ੁਰੂ ਕਰਿਆ ਤਾਂ ਉਨ੍ਹਾਂ ਨੇ ਦੱਸਿਆ ਕਿ ਮਹਾਰਾਜ! ਅੱਗੇ ਸ਼ੇਰ ਵਗੈਰਾ ਬਹੁਤ ਬੈਠੇ ਨੇ, ਉਹ ਉਚੇ ਥਾਵਾਂ ਤੋਂ ਛਾਲਾਂ ਮਾਰਦੇ ਨੇ। ਇਕ ਹੋਰ ਰਸਤਾ ਹੈ, ਉਧਰੋਂ ਦੀ ਲੰਘ ਚਲਦੇ ਹਾਂ।

ਮਹਾਰਾਜ ਜੀ ਕਹਿੰਦੇ, "ਲੈ ਭਾਈ ਨਿਹਾਲਾ! ਤੂੰ ਇਥੇ ਹੀ ਖੜ੍ਹਨਾ, ਜਦੋਂ ਤੱਕ ਅਸੀਂ ਆਉਂਦੇ ਨਹੀਂ। ਅਸੀਂ ਆਏ ਦੂਜੇ ਰਸਤੇ ਦੀ ਹੋ ਕੇ।"

ਉਥੋਂ ਮਹਾਰਾਜ ਜੀ ਫਿਰ ਤੁਰ ਕੇ ਆਪਣੇ ਡੇਰੇ ਨੂੰ ਆ ਗਏ, ਦੂਜੇ ਦਿਨ ਵੀ ਨਾ ਗਏ, ਤੀਜੇ ਦਿਨ ਵੀ ਨਾ ਗਏ ਤੇ ਚੌਥੇ ਦਿਨ ਪੁਛਿਆ, ਕਹਿੰਦੇ, "ਭਾਈ ਨਿਹਾਲਾ ਨਜ਼ਰ ਨਹੀਂ ਆਉਂਦਾ।"

ਕਹਿੰਦੇ, "ਸੱਚੇ ਪਾਤਸ਼ਾਹ! ਤੁਸੀਂ ਉਥੇ ਖੜ੍ਹਾਇਆ ਸੀ, ਹੁਕਮ ਦਿੱਤਾ ਸੀ। ਉਸ ਤੋਂ ਬਾਅਦ ਤਾਂ ਦੇਖਿਆ ਨਹੀਂ, ਪਤਾ ਨਹੀਂ ਕੋਈ ਸ਼ੇਰ ਖਾ ਗਿਆ ਜਾਂ ਕੀ ਹੋਇਆ।"

ਮਹਾਰਾਜ ਉਸੇ ਵੇਲੇ ਘੋੜੇ ਤੇ ਚੜ੍ਹ ਕੇ ਇਕ ਦਮ ਉਸ ਥਾਂ ਤੇ ਗਏ। ਉਥੇ ਭਾਈ ਨਿਹਾਲੇ ਦੀ ਸੁਰਤੀ ਲੱਗੀ ਹੋਈ ਹੈ ਤੇ ਆਵਾਜ਼ ਆ ਰਹੀ ਹੈ -

ਸਤਿਨਾਮ-ਵਾਹਿਗੁਰੂ, ਸਤਿਨਾਮ-ਵਾਹਿਗੁਰੂ॥

ਜਿਥੇ ਖੜ੍ਹਾ ਕੀਤਾ ਸੀ ਉਥੇ ਹੀ ਖੜ੍ਹਾ ਹੈ। ਤਿੰਨ ਦਿਨ, ਤਿੰਨ ਰਾਤਾਂ ਹੋ ਗਈਆਂ। ਸੋ ਇਹ ਸਿਦਕੀ ਸਿੱਖ ਹੋਇਆ ਕਰਦੇ ਨੇ। ਪੰਜ ਕਿਸਮ ਦੀ ਸਿੱਖੀ ਹੋਇਆ ਕਰਦੀ ਹੈ - ਇਕ ਹੁੰਦੀ ਹੈ ਭੇਖ ਧਾਰਨ ਕਰ ਲੈਣਾ। ਸੋਹਣਾ ਲਗਦਾ ਹੈ, ਲੋਕ 'ਸਤਿ ਸ੍ਰੀ ਅਕਾਲ' ਬੁਲਾਉਣ ਲੱਗ ਜਾਂਦੇ ਨੇ। ਵਿਚ ਕੁਝ ਨਹੀਂ ਹੁੰਦਾ, ਖਾਲੀ ਹੁੰਦੇ ਨੇ।

ਦੂਸਰੀ ਹੋਇਆ ਕਰਦੀ ਹੈ ਹਿਰਸ ਦੀ ਸਿੱਖੀ। ਲੋਭ ਦੇ ਵਾਸਤੇ ਸਿੱਖੀ ਧਾਰਨ ਕਰਨੀ। ਉਸ ਜਮਾਤ ਵਿਚ ਵੜ ਜਾਣਾ ਕਿ ਮੇਰਾ ਵਪਾਰ ਚਲੇਗਾ।

ਤੀਸਰੀ ਸਿੱਖੀ ਹੋਇਆ ਕਰਦੀ ਹੈ ਪਿਛੇ ਮੁੜ-ਮੁੜ ਦੇਖਦੀ। ਸਾਧੂ ਤਾਂ ਬਣ ਗਿਆ, ਸੰਤਾਂ ਦੇ ਕੋਲ ਵੀ ਚਲਿਆ ਗਿਆ, ਫੇਰ ਪਿਛੇ ਨੂੰ ਝਾਕਦਾ ਹੈ। ਜਿਹੜਾ ਵੀ ਆਉਂਦਾ ਹੈ ਉਸੇ ਨੂੰ ਪੁਛਦਾ ਹੈ ਕਿ ਫਲਾਣੇ ਦਾ ਕੀ ਹਾਲ ਹੈ? ਮਾੜ੍ਹਾ-ਜਿਹਾ ਸੁਨੇਹਾ ਆ ਜਾਵੇ, ਉਸੇ ਵੇਲੇ ਛੱਡ ਕੇ ਨੱਠ ਜਾਂਦਾ ਹੈ।

ਚੌਥੀ ਹੋਇਆ ਕਰਦੀ ਹੈ ਸਿਦਕ ਦੀ ਸਿੱਖੀ। ਪੰਜਵੀਂ ਹੋਇਆ ਕਰਦੀ ਹੈ ਭਾਵਨੀ ਦੀ।

ਸਿਦਕ ਦੀ ਸਿੱਖੀ ਉਹ ਹੈ ਕਿ ਸਿਰ ਬੇਸ਼ਕ ਚਲਿਆ ਜਾਵੇ ਪਰ ਸਿਦਕ ਨਾ ਜਾਵੇ। ਭਾਵਨੀ ਹੁੰਦੀ ਹੈ - ਗੁਰੂ ਨੂੰ ਪ੍ਰਮੇਸ਼ਰ ਸਮਝਣਾ। ਸੋ ਇਸ ਤਰ੍ਹਾਂ ਦੇ ਨਾਲ ਸਿਦਕ ਤੇ ਭਾਵਨੀ ਦੀ ਸਿਖੀ ਧਾਰਨ ਕਰਕੇ ਭਾਈ ਲਹਿਣਾ ਜੀ ਗੁਰੂ ਨਾਨਕ ਪਾਤਿਸ਼ਾਹ ਜੀ ਦੀ ਸੇਵਾ ਦਿਨ ਰਾਤ ਕਰ ਰਹੇ ਨੇ।

ਤਿੰਨ ਸਾਲ ਲੰਘ ਗਏ, ਬਹੁਤ ਘਾਲ ਕਮਾਈ ਕਰੀ ਜਿਸ ਦਾ ਵਰਣਨ ਨਹੀਂ ਕੀਤਾ ਜਾ ਸਕਦਾ। ਜਿਵੇਂ ਗੁਰੂ ਅਮਰਦਾਸ ਮਹਾਰਾਜ ਜੀ ਨੇ ਕਮਾਈ ਕਰੀ ਸੀ, ਇਸੇ ਤਰ੍ਹਾਂ ਆਪ ਦਿਨ ਰਾਤ ਗੁਰੂ ਨਾਨਕ ਪਾਤਿਸ਼ਾਹ ਜੀ ਦੀ ਸੇਵਾ ਵਿਚ ਰਹਿੰਦੇ ਨੇ। ਇਕ ਦਿਨ ਗੁਰੂ ਨਾਨਕ ਪਾਤਿਸ਼ਾਹ ਨੇ ਕਿਹਾ, "ਭਾਈ ਲਹਿਣਾ! ਤੁਹਾਨੂੰ ਤਿੰਨ ਸਾਲ ਹੋ ਗਏ ਇਥੇ ਆਇਆਂ ਨੂੰ ਤੇ ਘਰ-ਬਾਰ, ਬਾਲ-ਬੱਚੇ, ਤੁਹਾਡਾ ਕਾਰੋਬਾਰ ਬੜਾ ਫੈਲਿਆ ਹੋਇਆ ਹੈ, ਤੁਸੀਂ ਕਦੇ ਜਾ ਕੇ ਨਹੀਂ ਦੇਖਿਆ।"

ਕਹਿੰਦੇ, "ਸੱਚੇ ਪਾਤਿਸ਼ਾਹ! ਮੈਨੂੰ ਤਾਂ ਕਦੇ ਫੁਰਨਾ ਹੀ ਨਹੀਂ ਆਇਆ ਪਿਛਲਾ। ਜਦੋਂ ਦਾ ਆਪ ਦੇ ਚਰਨਾਂ ਵਿਚ ਆਇਆ ਹਾਂ, ਮੇਰੇ ਵਾਸਤੇ ਤਾਂ ਸਾਰੀ ਦੁਨੀਆਂ ਤੁਸੀਂ ਰਹਿ ਗਏ, ਮੈਨੂੰ ਹੋਰ ਕੋਈ ਨਹੀਂ ਰਿਹਾ।"

ਉਸ ਵੇਲੇ ਹੁਕਮ ਦਿਤਾ ਆਪ ਨੇ ਕਿ ਭਾਈ! ਜਾਓ, ਜੋ ਕਾਰਜ ਅਧੂਰੇ ਨੇ ਉਨ੍ਹਾਂ ਕਾਰਜਾਂ ਨੂੰ ਤੁਸੀਂ ਪੂਰਾ ਕਰੋ। ਹੁਣ ਵਿਛੜਨਾ ਨਹੀਂ ਚਾਹੁੰਦੇ ਪਰ ਹੁਕਮ ਮੰਨ ਰਹੇ ਨੇ। ਉਸ ਵੇਲੇ ਨੈਣਾਂ ਦੇ ਅੰਦਰ ਜਲ ਜਾ ਰਿਹਾ ਹੈ, ਹੱਥ ਬੰਨ੍ਹੇ ਹੋਏ ਨੇ, ਚਰਨਾਂ ਤੇ ਨਮਸ਼ਕਾਰ ਕਰਕੇ ਪਿਛਲੇ ਪੈਰੀਂ ਆਪ ਤੁਰੇ ਜਾਂਦੇ ਨੇ। ਜਿੰਨਾ ਦੇਖ ਸਕਦੇ ਨੇ ਓਨਾਂ ਗੁਰੂ ਨਾਨਕ ਪਾਤਿਸ਼ਾਹ ਦੇ ਦਰਸ਼ਨ ਕਰਦੇ ਨੇ। ਅਖੀਰ ਘਰ ਆ ਗਏ। ਹੁਣ ਘਰ ਆ ਕੇ ਚਿੱਤ ਨਹੀਂ ਲਗਦਾ, ਹਰ ਵਕਤ ਖਿੱਚ ਰਹਿੰਦੀ ਹੈ। ਜਿਨ੍ਹਾਂ ਦੇ ਵਿਚ ਪਿਆਰ ਹੁੰਦਾ ਹੈ ਸਾਧ ਸੰਗਤ ਜੀ! ਉਹ ਪਿਆਰੇ ਤੋਂ ਬਗੈਰ ਜੀਉਂਦੇ ਨਹੀਂ ਹੋਇਆ ਕਰਦੇ, ਐਸ ਤਰ੍ਹਾਂ ਮਹਾਰਾਜ ਜੀ ਦਾ ਫੁਰਮਾਨ ਹੈ -

*ਧਾਰਨਾ - ਜੀਊਣਾ ਔਖਾ ਹੈ, ਪਿਆਰੇ, ਗੁਰਾਂ ਤੋਂ ਵਿਛੜ ਕੇ -2, 2.*
*ਗੁਰਾਂ ਤੋਂ ਵਿਛੜ ਕੇ -4, 2.*
*ਜੀਊਣਾ ਔਖਾ ਹੈ, ................ -2.*

ਜਿਨ੍ਹਾਂ ਦਾ ਪਿਆਰ ਲੱਗ ਗਿਆ ਗੁਰੂ ਦੇ ਨਾਲ, ਉਹ ਜੀਉਂ ਨਹੀਂ ਸਕਿਆ ਕਰਦੇ -

*ਜਾਂ ਸਹੁ ਦੇਖਨਿ ਆਪਣਾ ਨਾਨਕ ਥੀਵਨਿ ਭੀ ਹਰੇ॥*
*ਪੰਨਾ - 1422*

ਜਿਵੇਂ ਮੁਰਝਾਏ ਹੋਏ ਬੂਟੇ ਦੇ ਅੰਦਰ ਜੇ ਪਾਣੀ ਪੈ ਜਾਵੇ ਤਾਂ ਉਹ ਇਕ ਦਮ ਹਰਾ ਭਰਾ ਹੋ ਜਾਂਦਾ ਹੈ, ਤਿਵੇਂ ਸਿੱਖ ਦਾ ਪਿਆਰ ਗੁਰੂ ਦੇ ਨਾਲ ਹੋਇਆ ਕਰਦਾ ਹੈ। ਗੁਰੂ ਦਾ ਵਿਛੋੜਾ ਸਿੱਖ ਨਹੀਂ ਸਹਿ ਸਕਦਾ ਤੇ ਐਸਾ ਵੀ ਫੁਰਮਾਨ ਆਉਂਦਾ ਹੈ ਕਿ ਜਿਸ ਤਰ੍ਹਾਂ ਮੱਛੀ ਪਾਣੀ ਤੋਂ ਬਿਨਾ ਜੀਊਂਦੀ ਨਹੀਂ ਰਹਿੰਦੀ, ਇਸੇ ਤਰ੍ਹਾਂ ਗੁਰਸਿਖ ਗੁਰੂ ਤੋਂ ਵਿਛੜ ਕੇ ਜੀਊਂਦਾ ਨਹੀਂ ਰਹਿੰਦਾ -

*ਧਾਰਨਾ - ਗੁਰਸਿਖ ਮਰ ਜਾਵੇ, ਬਾਝ ਗੁਰਾਂ ਦੇ ਦਰਸ਼ ਤੋਂ -2, 2.*
*ਗੁਰਸਿਖ ਮਰ ਜਾਵੇ, ਬਾਝ ਗੁਰਾਂ ਦੇ ਦਰਸ਼ ਤੋਂ 4.*

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥*
*ਪੰਨਾ - 708*

ਸੋ ਏਸ ਤਰ੍ਹਾਂ ਦੇ ਨਾਲ ਜੇ ਗੁਰੂ ਦਾ ਦਰਸ਼ਨ ਨਹੀਂ ਹੁੰਦਾ ਤਾਂ ਗੁਰਸਿਖ ਦੀ ਮੌਤ ਹੋ ਜਾਇਆ ਕਰਦੀ ਹੈ। ਦੋ ਤਰ੍ਹਾਂ ਦੀ ਮੌਤ ਹੋਇਆ ਕਰਦੀ ਹੈ - ਇਕ ਸਰੀਰ ਦੀ ਮੌਤ ਹੋ ਜਾਣੀ, ਇਕ ਪਿਆਰ

ਦੀ ਮੌਤ ਹੋ ਜਾਣੀ।

ਮਹਾਂਪੁਰਸ਼ ਐਸਾ ਫੁਰਮਾਉਂਦੇ ਨੇ ਕਿ ਜਿਸ ਮਹਾਂਪੁਰਸ਼ ਨਾਲ ਪਿਆਰ ਹੈ, ਉਸ ਦਾ ਸਤਿਸੰਗ ਆਦਮੀ ਨੂੰ ਜ਼ਰੂਰ ਕਰਨਾ ਚਾਹੀਦਾ ਹੈ। ਜੇ ਹਫਤੇ ਵਿਚ ਇਕ ਵਾਰੀ ਨਹੀਂ ਕਰ ਸਕਦਾ ਤਾਂ ਦੋ ਹਫਤਿਆਂ ਵਿਚ ਇਕ ਵਾਰੀ ਕਰੇ, ਜੇ ਫੇਰ ਨਹੀਂ ਕਰ ਸਕਦਾ ਤਾਂ ਮਹੀਨੇ ਵਿਚ ਇਕ ਵਾਰੀ ਕਰੇ। ਇਹ ਵੀ ਨਹੀਂ ਹੋ ਸਕਦਾ, ਦੂਰ ਦਰਾਜ ਰਹਿੰਦਾ ਹੈ ਤਾਂ ਦੋ ਮਹੀਨਿਆਂ 'ਚ ਇਕ ਵਾਰੀ ਜ਼ਰੂਰ ਕਰੇ। ਜ਼ਿਆਦਾ ਦੂਰ ਰਹਿੰਦਾ ਹੈ ਤਾਂ ਤਿੰਨ ਮਹੀਨਿਆਂ 'ਚ ਇਕ ਵਾਰੀ ਕਰੇ। ਜੇ ਫੇਰ ਨਹੀਂ ਕਰ ਸਕਦਾ ਤਾਂ ਸਾਲਾਨਾ ਜਿਹੜਾ ਵੱਡਾ ਭੰਡਾਰਾ ਹੁੰਦਾ ਹੈ ਉਥੇ ਜ਼ਰੂਰ ਜਾਵੇ। ਸੋ –

*ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ॥*
*ਪੰਨਾ – 757*

ਜਿਨ੍ਹਾਂ ਦੇ ਅੰਦਰ ਪਿਆਰ ਹੈ, ਭਾਵੇਂ ਮੀਂਹ ਪਵੇ, ਝੱਖੜ ਆਵੇ, ਉਨ੍ਹਾਂ ਨੇ ਤਾਂ ਜਾ ਕੇ ਮਿਲਣਾ ਹੀ ਮਿਲਣਾ ਹੈ –

*ਸਮੁੰਦੁ ਸਾਗਰੁ ਹੋਵੈ ਬਹੁ ਖਾਰਾ*
*ਗੁਰਸਿਖੁ ਲੰਘਿ ਗੁਰ ਪਹਿ ਜਾਈ॥*
*ਜਿਉ ਧਰਤੀ ਸੋਭ ਕਰੇ ਜਲੁ ਬਰਸੈ*
*ਤਿਉ ਸਿਖੁ ਗੁਰ ਮਿਲਿ ਬਿਗਸਾਈ॥* *ਪੰਨਾ – 757*

ਜਿਵੇਂ ਧਰਤੀ ਤੇ ਮੀਂਹ ਪੈ ਜਾਵੇ ਤਾਂ ਆਹ ਸਾਰੇ ਬੂਟਿਆਂ ਨੂੰ ਹੋਸ਼ ਆ ਜਾਏਗੀ, ਸਾਰੀ ਬਨਸਪਤੀ ਨੂੰ ਹੋਸ਼ ਆ ਜਾਏਗੀ। ਇਸੇ ਤਰ੍ਹਾਂ ਜਦੋਂ ਸਿੱਖ ਨੂੰ ਗੁਰੂ ਮਿਲਦਾ ਹੈ ਤਾਂ ਉਸ ਦੇ ਅੰਦਰ ਚਾਅ, ਪਿਆਰ ਦੀਆਂ ਲਹਿਰਾਂ ਉਠਣੀਆਂ ਸ਼ੁਰੂ ਹੋ ਜਾਇਆ ਕਰਦੀਆਂ ਨੇ।

*ਸੇਵਕ ਕਾ ਹੋਇ ਸੇਵਕੁ ਵਰਤਾ ਕਰਿ ਕਰਿ ਬਿਨਉ ਬੁਲਾਈ॥*
*ਨਾਨਕ ਕੀ ਬੇਨੰਤੀ ਹਰਿ ਪਹਿ ਗੁਰ ਮਿਲਿ ਗੁਰ ਸੁਖੁਪਾਈ॥* *ਪੰਨਾ – 758*

ਸਿੱਖ ਗੁਰੂ ਕੋਲ ਜਾ ਕੇ ਉਚਾ ਨਹੀਂ ਬਣਦਾ। ਸਿੱਖ ਸਗੋਂ ਨਿਮਰਤਾ ਵਿਚ ਰਹੇ। ਸੋ ਇਸ ਤਰ੍ਹਾਂ ਆਪ ਆ ਗਏ ਹੁਕਮ ਦੇ ਬੰਨ੍ਹੇ ਹੋਏ। ਲੋਕ ਮਾਨਤਾ ਕਰਦੇ ਨੇ ਕਿ ਗੁਰੂ ਮਹਾਰਾਜ ਜੀ ਦੀ ਸੇਵਾ ਕਰਕੇ ਆਇਆ ਹੈ। ਪਿੰਡ ਦਾ ਚੌਧਰੀ ਮਾਨਤਾ ਕਰਦਾ ਹੈ। ਚੌਧਰੀ ਆ ਕੇ ਜਦੋਂ ਭਾਈ ਲਹਿਣਾ ਜੀ ਨੂੰ ਮਿਲਿਆ, ਆਪ ਨੇ ਕਿਹਾ, "ਚੌਧਰੀ ਜੀ! ਏਧਰ ਆਓ ਮੰਜੇ ਤੇ ਬੈਠੋ।"

ਉਹ ਕਹਿੰਦਾ, "ਹੁਣ ਮੈਂ ਚੌਧਰੀ ਨਹੀਂ ਰਿਹਾ ਤੁਹਾਡੇ ਸਾਹਮਣੇ। ਤੁਸੀਂ ਗੁਰੂ ਨਾਨਕ ਮਹਾਰਾਜ ਜੀ ਦੀ ਸੇਵਾ ਕਰਕੇ ਆਏ ਹੋ ਤੇ ਤੁਸੀਂ ਉਚੀ ਪਦਵੀ ਤੇ ਹੋ ਤੇ ਮੈਂ ਛੋਟਾ ਹਾਂ।"

ਸਭ ਪਾਸੇ ਸੋਭਾ ਹੁੰਦੀ ਹੈ, ਆਦਰ ਸਤਿਕਾਰ ਹੋ ਰਿਹਾ ਹੈ, ਘਰ ਵਿਚ ਬਹੁਤ ਪਿਆਰ ਕਰ ਰਹੇ ਨੇ ਪਰ ਆਪ ਦਾ ਮਨ ਉਸ ਥਾਂ ਤੇ ਲੱਗਿਆ ਹੀ ਨਹੀਂ। ਪ੍ਰਸ਼ਾਦਾ ਪਾਣੀ ਘੱਟ ਕਰ ਦਿੱਤਾ, ਰਾਤ ਨੂੰ ਨੀਂਦ ਨਹੀਂ ਆਉਂਦੀ, ਹਉਕੇ ਆਉਂਦੇ ਰਹਿੰਦੇ ਨੇ, ਖਿੱਚ ਪੈਂਦੀ ਰਹਿੰਦੀ ਹੈ, ਜੀਅ ਕਰਦਾ ਹੈ ਕਿ ਹੁਣੇ ਹੀ ਚਲਿਆ ਜਾਵਾਂ ਪਰ ਉਧਰੋਂ ਹੁਕਮ ਕਰੜਾ ਹੈ। ਹੁਕਮ ਦੇ ਅੰਦਰ ਬੰਨ੍ਹੇ ਹੋਏ ਬੈਠੇ ਨੇ। ਐਸੀ ਜਿਸ ਦੀ ਅਵਸਥਾ ਹੋਇਆ ਕਰਦੀ ਹੈ, ਸੰਸਾਰ ਨੂੰ ਨਹੀਂ ਇਸ ਦੀ ਸਮਝ ਆਉਂਦੀ। ਕੋਈ ਵੈਰਾਗੀ ਪੁਰਸ਼ ਹੋਵੇ ਜਿਸ ਨੇ ਬਿਰਹੁ ਦੀ ਚੋਟ ਖਾਧੀ ਹੋਵੇ, ਉਹੀ ਜਾਣਦਾ ਹੈ, ਦੂਜੇ ਨੂੰ ਨਹੀਂ ਪਤਾ –

*ਧਾਰਨਾ - ਜਿਸ ਤਨ ਲੱਗੀਆਂ ਸੋਈ ਤਨ ਜਾਣੇ,*
*ਕਿਸੇ ਦੀ ਲੱਗੀ ਕੌਣ ਜਾਣਦਾ -2, 2.*
*ਮੇਰੇ ਪਿਆਰੇ, ਕਿਸੇ ਦੀ ਲੱਗੀ ਕੌਣ ਜਾਣਦਾ -2, 2.*
*ਜਿਸ ਤਨ ਲੱਗੀਆਂ ਸੋਈ ਤਨ ਜਾਣੇ,. -2.*

***ਲਾਗੀ ਹੋਇ ਸੁ ਜਾਨੈ ਪੀਰ॥ ਰਾਮ ਭਗਤਿ ਅਨੀਆਲੇ ਤੀਰ॥***
***ਪੰਨਾ - 327***

ਅਣੀਆਂ ਵਾਲੇ ਤੀਰ ਹੋਇਆ ਕਰਦੇ ਨੇ।

***ਹਰਿ ਪ੍ਰੇਮ ਭਗਤਿ ਜਨ ਬੇਧਿਆ ਸੇ ਆਨ ਕਤ ਜਾਹੀ॥***
***ਪੰਨਾ - 1122***

ਜਿਸ ਦਾ ਮਨ ਪਿਆਰੇ ਦੀ ਭਗਤੀ ਨਾਲ ਵਿੰਨ੍ਹਿਆਂ ਗਿਆ ਉਹ ਹੋਰ ਕਿਤੇ ਜਾ ਨਹੀਂ ਸਕਦਾ -

***ਮੀਨੁ ਬਿਛੋਹਾ ਨਾ ਸਹੈ ਜਲ ਬਿਨੁ ਮਰਿ ਪਾਹੀ॥*** ***ਪੰਨਾ - 1122***

ਮੱਛੀ ਪਾਣੀ ਦਾ ਵਿਛੋੜਾ ਨਹੀਂ ਸਹਿੰਦੀ, ਪਾਣੀ ਨਾ ਹੋਵੇ ਤਾਂ ਮਰ ਜਾਂਦੀ ਹੈ।

***ਹਰਿ ਬਿਨੁ ਕਿਉ ਰਹੀਐ ਦੂਖ ਕਿਨਿ ਸਹੀਐ***
***ਚਾਤ੍ਰਿਕ ਬੂੰਦ ਪਿਆਸਿਆ॥*** ***ਪੰਨਾ - 1122***

ਆਹ ਸਵੇਰ ਵੇਲੇ, ਹੁਣ ਧਿਆਨ ਨਾਲ ਸੁਣਿਓ ਅੰਮ੍ਰਿਤ ਵੇਲੇ, ਕਿਸ ਤਰ੍ਹਾਂ ਪਪੀਹਾ 'ਪਿਰਓ-ਪਿਰਓ-ਪਿਰਓ' ਤੜਕੇ ਕਈ ਵਾਰ ਤਿੰਨ ਵਜੇ ਹੀ ਕਰਨ ਲੱਗ ਜਾਂਦਾ ਹੈ, ਹਟਦਾ ਹੀ ਨਹੀਂ ਦਿਨ ਚੜ੍ਹੇ ਤੱਕ ਕਿਉਂਕਿ ਉਸ ਨੂੰ ਬੂੰਦ ਨਹੀਂ ਮਿਲੀ -

***ਹਰਿ ਬਿਨ ਕਿਉ ਰਹੀਐ...........॥*** ***ਪੰਨਾ - 1122***

ਜਿਹੜਾ ਪਿਆਰ ਕਰਦਾ ਹੈ ਗੁਰੂ ਨਾਲ, ਵਾਹਿਗੁਰੂ ਨਾਲ, ਉਹ ਵੀ ਇਸੇ ਤਰ੍ਹਾਂ ਹੀ ਕਰਦਾ ਹੈ।

***ਕਬ ਰੈਨਿ ਬਿਹਾਵੈ ਚਕਵੀ ਸੁਖੁ ਪਾਵੈ ..........॥***
***ਪੰਨਾ - 1122***

ਚਕਵੀ ਲੋਚਦੀ ਹੈ ਕਿ ਰਾਤ ਖਤਮ ਹੋਵੇ ਤੇ ਕਦੋਂ ਦਿਨ ਚੜ੍ਹੇ ਤੇ ਕਦੋਂ ਮੈਂ ਸੂਰਜ ਦਾ ਦਰਸ਼ਨ ਕਰਾਂ -

***............... ਸੂਰਜ ਕਿਰਣਿ ਪ੍ਰਗਾਸਿਆ॥***
***ਹਰਿ ਦਰਸਿ ਮਨੁ ਲਾਗਾ ਦਿਨਸੁ ਸਭਾਗਾ***
***ਅਨਦਿਨੁ ਹਰਿ ਗੁਣ ਗਾਹੀ॥***
***ਨਾਨਕ ਦਾਸੁ ਕਹੈ ਬੇਨੰਤੀ***
***ਕਤ ਹਰਿ ਬਿਨੁ ਪ੍ਰਾਣ ਟਿਕਾਹੀ॥*** ***ਪੰਨਾ - 1122***

ਕਿਥੇ ਪ੍ਰਾਣ ਟਿਕਾਈਏ ਹਰੀ ਤੋਂ ਬਗੈਰ। ਸੋ ਇਸੇ ਨਕਸ਼ੇ ਨੂੰ ਖਿੱਚਣ ਵਾਸਤੇ ਭਾਈ ਸੰਤੋਖ ਸਿੰਘ ਜੀ ਨੇ ਗੁਰੂ ਨਾਨਕ ਪ੍ਰਕਾਸ਼ ਵਿਚ ਇਸੇ ਤਰ੍ਹਾਂ ਵਰਣਨ ਕੀਤਾ ਹੈ ਕਿ -

***ਕਬ ਇਕ ਛਿਨ ਪਰਚਤ ਨਾਹੀ॥***

ਅੱਖ ਦੇ ਝਮਕੇ ਜਿੰਨਾ ਚਿਰ ਵੀ ਪਰਵਾਰ ਵਿਚ ਨਹੀਂ ਪਰਚਦੇ। ਉਦਾਸ ਹੋਏ ਬੈਠੇ ਨੇ। ਹਰ ਵਕਤ ਗੁਰੂ ਨਾਨਕ ਪਾਤਿਸ਼ਾਹ ਜੀ ਦੀ ਮੋਹਣੀ ਸੂਰਤ ਹਿਰਦੇ ਵਿਚ ਵਸਾਈ ਹੋਈ ਹੈ ਤੇ ਵਿਛੋੜਾ ਅਨੁਭਵ ਕਰ ਰਹੇ ਨੇ -

*ਕਬ ਆਂਙਨ ਕਬ ਬਾਹਰ ਜਾਹੀਂ॥*

ਕਦੇ ਵਿਹੜੇ ਵਿਚ ਜਾ ਬੈਠਦੇ ਨੇ, ਕਦੇ ਅੰਦਰ ਵੜ ਜਾਂਦੇ ਨੇ।

*ਗੁਰ ਪਦ ਪੰਕੁਜ ਢਿਗ ਮਨ ਛੋਰਾ॥*

ਮਨ ਦੇ ਅੰਦਰ ਗੁਰੂ ਨਾਨਕ ਪਾਤਿਸ਼ਾਹ ਜੀ ਦੇ ਚਰਨਾਂ ਦਾ ਧਿਆਨ ਧਰਿਆ ਹੋਇਆ ਹੈ।

*ਤਨ ਆਇਓ ਥੋ ਘਰ ਕੀ ਓਰਾ॥*

ਸਰੀਰ ਤਾਂ ਇਥੇ ਆ ਗਿਆ ਪਰ ਮਨ ਨੂੰ ਉਥੇ ਹੀ ਛੱਡ ਆਏ, ਹਿਰਦੇ ਨੂੰ ਉਥੇ ਹੀ ਛੱਡ ਆਏ, ਦਿਲ ਉਥੇ ਹੀ ਛੱਡ ਆਏ –

*ਕੈਸੇ ਹੋਇ ਚੈਨ ਮਨ ਮਾਹੀ॥*
*ਚੰਦ ਚਕੋਰ ਚੀਤ ਚਿਤ ਚਾਹੀ॥*

ਜਿਵੇਂ ਚਕੋਰ ਚੰਦ ਨੂੰ ਚਾਹੁੰਦਾ ਹੈ, ਤਿਵੇਂ ਲੋਚਾ ਲੱਗੀ ਹੋਈ ਹੈ ਕਿ ਕਿਵੇਂ ਮਨ ਨੂੰ ਚੈਨ ਆ ਜਾਵੇ –

*ਲੋਚਨ ਕਮਲ ਰਹੇ ਅਲਸਾਏ॥*

ਨੇਤਰਾਂ ਦੇ ਅੰਦਰੋਂ ਜਲ ਜਾਂਦਾ ਹੈ, ਗਿੱਲੇ ਹੋਏ ਪਏ ਨੇ –

*ਬਿਨ ਅਪਨੇ ਪ੍ਰੀਤਮ ਰਵਿ ਪਾਏ॥*
*ਕਿਸ ਸੋਂ ਕਹੈ ਨ ਰਹੈ ਉਦਾਸਾ॥*
*ਕਰਤ ਨ ਸੁਧ ਉਰ ਕਾਜ ਅਵਾਸਾ॥*
*ਰਹੇ ਅਲਪ ਦਿਨ ਬਚੀ ਖਡੂਰੇ॥*
*ਮਨਿ ਚਹਿ ਚਲਯੋ ਨਿਕਟ ਗੁਰ ਪੂਰੇ॥*

ਕਿਸੇ ਨੂੰ ਨਹੀਂ ਕਹਿੰਦੇ, ਆਪਣੇ ਦਿਲ ਦਾ ਭੇਤ ਨਹੀਂ ਦਿੰਦੇ ਤੇ ਉਦਾਸੀ ਧਾਰਨ ਕਰੀ ਹੋਈ ਹੈ। ਘਰ ਦੇ ਕੰਮ ਵਾਸਤੇ ਕੋਈ ਧਿਆਨ ਨਹੀਂ ਦਿੰਦੇ ਜਿਸਦੇ ਵਾਸਤੇ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਘਰ ਵਿਚ ਭੇਜੇ ਸੀ। ਥੋੜ੍ਹੇ ਦਿਨ ਖਡੂਰ ਵਿਚ ਰਹੇ। ਹਰ ਵਕਤ ਹੀ ਮਨ ਵਿਚ ਇਹ ਰਹਿੰਦਾ ਹੈ ਕਿ ਮਹਾਰਾਜ ਜੀ ਨੇ ਹੁਕਮ ਤਾਂ ਦੇ ਦਿੱਤਾ ਸੀ ਤੇ ਮੈਂ ਹੁਣ ਛੇਤੀ ਨਾਲ ਗੁਰੂ ਮਹਾਰਾਜ ਜੀ ਦੇ ਕੋਲ ਚਲਿਆ ਜਾਵਾਂ ਕਿਉਂਕਿ ਸੁਰਤ ਉਥੇ ਗੱਡੀ ਹੋਈ ਹੈ –

*ਧਾਰਨਾ – ਸੁਰਤਾਂ ਉਸ ਦਿਸ ਗੱਡੀਆਂ ਜੀ,*
*ਜਿਸ ਧਰਤੀ ਗੁਰੂ ਨਾਨਕ ਵਸਦਾ –2, 2.*
*ਜਿਸ ਧਰਤੀ ਗੁਰੂ ਨਾਨਕ ਵਸਦਾ –4, 2.*
*ਸੁਰਤਾਂ ਉਸ ਦਿਸ ਗੱਡੀਆਂ ਜੀ,..... –2.*

*ਚੈਨ ਨ ਆਵੇ ਇਸ ਮਨ ਮੇਰੇ ਰਾਤੀ ਹੋਈਆਂ ਵਡੀਆਂ॥*
*ਵਤਨ ਵਿਦੇਸ਼ ਓਪਰ ਅੰਙਣ ਤਾਘਾਂ ਗੁਰ ਦਿਸ ਗਡੀਆਂ॥*
*ਦਰਸ਼ਨ ਖੈਰ ਮਿਲੇ ਹਰ ਵੇਲੇ ਹੋਰ ਮੰਗਾ ਸਭ ਛਡੀਆਂ॥*

ਸਭ ਮੰਗਾਂ ਛੱਡ ਕੇ ਇਕ ਮੰਗ ਮੰਗ ਲਈ ਕਿ ਮੈਨੂੰ ਹਰ ਵੇਲੇ ਦਰਸ਼ਨ ਦਿਓ, ਇਕ ਮਿੰਟ ਵਾਸਤੇ ਵੀ ਪਾਤਿਸ਼ਾਹ ਮੈਂ ਆਪ ਤੋਂ ਵਿਛੜਾਂ ਨਾ –

*ਬਾਹ ਹੁਲਾਰਾਂ ਹਕਲਾਂ ਮਾਰਾਂ ਤਕਾਂ ਚਾ ਚਾ ਅੱਡੀਆਂ।*
*ਜਿਤ ਵਲ ਪ੍ਰੀਤਮ ਵਸੇ ਪਿਆਰਾ ਅੱਖੀਂ ਉਸ ਵੱਲ ਟੱਡੀਆਂ।*

### *ਜਿਤ ਧਰਤੀ ਗੁਰ ਨਾਨਕ ਵਸਦਾ ਸੁਰਤਾਂ ਉਸ ਵੱਲ ਗੱਡੀਆ*

ਕਰਤਾਰ ਪੁਰ ਗੁਰੂ ਨਾਨਕ ਪਾਤਿਸ਼ਾਹ ਹਰ ਵਕਤ ਅੱਖਾਂ ਦੇ ਸਾਹਮਣੇ ਨਜ਼ਰ ਆਉਂਦੇ ਨੇ- ਹੁਣ ਮਹਾਰਾਜ ਜੀ ਏਧਰ ਨੂੰ ਜਾਂਦੇ ਨੇ, ਆਹ ਕਰਦੇ ਨੇ, ਹੁਣ ਸੰਗਤ ਨੂੰ ਦਰਸ਼ਨ ਦੇ ਰਹੇ ਨੇ। ਇਕ ਸਕਿੰਟ ਵਾਸਤੇ ਵੀ ਨਹੀਂ ਭੁੱਲਦੇ -

*ਚਲੋ ਸਹੀਓ ਹੁਣ ਛੇਤੀ ਚੱਲੀਏ ਮਾਰ ਉਲਾਂਘਾਂ ਵੱਡੀਆਂ।*
*ਜਾਨ ਜਾਨ ਵਿਚ ਤਦੋਂ ਆਵਸੀ ਚਰਨੀ ਜਾ ਜਦ ਲੱਗੀਆਂ।*

ਜਿਨ੍ਹਾਂ ਨੂੰ ਪਿਆਰ ਦੀ ਸੋਝੀ ਹੈ, ਕਦੇ ਬਿਰਹੋਂ ਦੀ ਚੋਟ ਖਾਧੀ ਹੈ, ਉਹ ਏਸ ਦਰਦ ਨੂੰ ਜਾਣਦੇ ਨੇ, ਬਾਕੀ ਸੰਸਾਰ ਨਹੀਂ ਜਾਣਦਾ। ਗੁਰੂ ਨਾਨਕ ਪਾਤਿਸ਼ਾਹ ਨੇ ਆਪਣੇ ਸਿੱਖਾਂ ਨੂੰ ਏਸ ਤਰ੍ਹਾਂ ਦਾ ਤਿਆਗੀ ਨਹੀਂ ਬਣਾਇਆ ਕਿ ਘਰ-ਬਾਰ ਛੱਡ ਦਿਓ। ਉਨ੍ਹਾਂ ਨੇ ਪਰਵਾਣ ਗ੍ਰਿਹਸਤ ਉਦਾਸ ਦਾ ਮਾਰਗ ਚਲਾਇਆ ਹੈ। ਗ੍ਰਿਹਸਤ ਵਿਚ ਰਹੋ ਪਰ ਪਕੜ ਕੋਈ ਨਾ ਰੱਖੋ। ਜੇ ਡੇਰੇਦਾਰ ਡੇਰੇ ਵਿਚ ਪਕੜ ਰੱਖਦਾ ਹੈ ਤਾਂ ਉਸ ਦੇ ਨਾਲੋਂ ਮੰਦੇ ਭਾਗ ਕਿਸੇ ਹੋਰ ਦੇ ਨਹੀਂ ਹਨ ਕਿਉਂਕਿ ਪਕੜ ਵਿਚ ਆ ਗਿਆ, ਉਸ ਦੇ ਨਾਲੋਂ ਤਾਂ ਫੇਰ ਗ੍ਰਿਹਸਤੀ ਹੀ ਚੰਗਾ ਹੁੰਦਾ ਹੈ। ਸੋ ਪਰਵਾਣ ਗ੍ਰਿਹਸਤ ਉਦਾਸ ਮਾਰਗ ਹੈ। ਗ੍ਰਿਹਸਤ ਵਿਚ ਰਹਿੰਦੇ ਹੋਏ ਵਰਤਣ ਰੱਖਣੀ ਹੈ ਵੈਰਾਗ ਦੀ। ਹਰ ਵਕਤ ਬਿਸਤਰਾ ਬੰਨ੍ਹ ਕੇ ਰੱਖਣਾ ਕਿ ਜਿਸ ਵੇਲੇ ਸੱਦਾ ਆ ਗਿਆ ਉਸੇ ਵੇਲੇ ਤੁਰ ਜਾਣਾ ਹੈ। ਵੈਰਾਗ ਦੇ ਨਾਲ ਰਹਿਣਾ ਹੈ, ਕਿਸੇ ਨਾਲ ਲੰਮੇ ਝਗੜੇ ਨਹੀਂ ਪਾਉਣੇ -

*ਜਿਨੀ ਚਲਣੁ ਜਾਣਿਆ ਸੇ ਕਿਉ ਕਰਹਿ ਵਿਥਾਰ॥*
*ਪੰਨਾ - 787*

ਸੰਸਾਰ ਤੋਂ ਚਲੇ ਜਾਣਾ ਹੈ, ਕੋਈ ਲੜਾਈਆਂ ਝਗੜੇ ਫਸਾਦ ਨਹੀਂ ਖੜ੍ਹੇ ਕਰਨੇ, ਵੈਰਾਗ ਵਿਚ ਰਹਿਣਾ ਕਿ ਇਹ ਕਿਸੇ ਚੀਜ਼ ਨੇ ਮੇਰੇ ਨਾਲ ਨਹੀਂ ਜਾਣਾ, ਮੇਰੇ ਨਾਲ ਤਾਂ ਮੇਰੇ ਪਿਆਰੇ ਦਾ ਪਿਆਰ ਜਾਣਾ ਹੈ।

ਸੋ ਦੂਸਰਾ ਹੁੰਦਾ ਹੈ ਮੁਖ ਭਗਤੀ। ਭਗਤੀ ਦੇ ਵਿਚ ਰਹਿਣਾ ਹੈ। ਭਗਤੀ ਨੌਂ ਤਰ੍ਹਾਂ ਦੀ ਹੁੰਦੀ ਹੈ - ਕੀਰਤਨ ਭਗਤੀ ਹੈ, ਸਿਮਰਨ ਭਗਤੀ, ਸਰਵਣ ਭਗਤੀ, ਨਮਸ਼ਕਾਰ ਭਗਤੀ ਹੈ, ਅਰਚਣ ਭਗਤੀ ਹੈ, ਪੂਜਾ ਭਗਤੀ ਹੈ, ਮਿੱਤਰ ਭਗਤੀ ਹੈ, ਇਸਤਰੀ ਤੇ ਪਤੀ ਵਾਲੀ ਭਗਤੀ ਹੈ, ਤੇ ਦਾਸਾ-ਭਾਵ ਭਗਤੀ ਹੈ। ਇਨ੍ਹਾਂ ਸਾਰੀਆਂ ਭਗਤੀਆਂ ਨੂੰ ਪ੍ਰੇਮ ਦਾ ਫਲ ਲਗਦਾ ਹੈ। ਉਸ ਨੂੰ 'ਪ੍ਰੇਮਾ ਭਗਤੀ' ਕਹਿੰਦੇ ਨੇ। ਪ੍ਰੇਮਾ ਭਗਤੀ ਤੋਂ ਬਾਅਦ ਫੇਰ ਪਰ੍ਹਾ ਭਗਤੀ ਹੁੰਦੀ ਹੈ ਕਿ ਮੇਰਾ ਕੁਝ ਨਹੀਂ, ਹੇ ਸਤਿਗੁਰੂ! ਸਭ ਕੁਝ ਤੇਰਾ ਹੈ, ਬੱਚੇ ਵੀ ਤੇਰੇ, ਜ਼ਮੀਨ ਜਾਇਦਾਦ ਵੀ ਤੇਰੀ, ਸਰੀਰ ਵੀ ਤੇਰਾ ਹੈ। ਇਸ ਤੋਂ ਬਾਅਦ 'ਅਪਰਾ ਭਗਤੀ' ਹੁੰਦੀ ਹੈ - ਆਪਣਾ ਆਪ ਖਤਮ ਕਰ ਦੇਣਾ। ਜਿਧਰ ਵੀ ਦੇਖਣਾ, ਗੁਰੂ ਹੀ ਗੁਰੂ ਨਜ਼ਰ ਆਉਣਾ, ਹੋਰ ਕੋਈ ਨਜ਼ਰ ਵਿਚ ਰਹਿਣਾ ਹੀ ਨਹੀਂ। ਸੋ ਇਹ ਮੁਖ ਭਗਤੀ ਹੈ।

ਤੀਸਰਾ ਇਹ ਹੈ ਕਿ ਨਿਹਚੇ ਵਿਚ ਗਿਆਨ ਰਹਿਣਾ। ਘਰ ਵਿਚ ਰਹਿਣਾ ਹੈ, ਘਰ ਦੇ ਵਿਚ ਪਕੜ ਨਹੀਂ ਪਾਉਣੀ, ਕਿਸੇ ਕਿਸਮ ਦਾ ਵੀ ਫਰਜ਼ ਪੂਰਾ ਕਰਨਾ ਹੈ। ਨਾਮ ਜਪਣਾ ਹੈ, ਧਰਮ ਦੀ ਕਿਰਤ ਕਰਨੀ ਹੈ। ਉਹ ਕਿਰਤ ਕਰਨੀ ਹੈ ਜਿਸ ਦੇ ਵਿਚ ਨਾਮ ਵਧੇ। ਬੇਇਮਾਨੀ, ਠੱਗੀ, ਛਲ, ਫਰੇਬ ਧੋਖੇ ਦੀ ਕਿਰਤ ਨਹੀਂ ਕਰਨੀ। ਫੇਰ ਜਿਹੜਾ ਕੁਝ ਆ ਗਿਆ, ਉਸ ਨੂੰ ਵੰਡ ਕੇ ਛਕ ਕੇ ਪ੍ਰਸੰਨ ਰਹਿਣਾ। ਗੁਰੂ ਮਹਾਰਾਜ ਜੀ ਨੇ ਆਪ ਖੇਤੀ ਕਰਕੇ ਸਾਨੂੰ ਦੱਸਿਆ ਹੈ ਕਿ ਖੇਤੀ ਕਰੀਦੀ ਹੈ। ਖੇਤੀ ਕਰ ਲੈਣੀ, ਅਨਾਜ ਹੋ ਜਾਣਾ, ਸਾਰਾ ਹੀ ਲੰਗਰ ਵਿਚ ਪਾ ਦੇਣਾ। ਲੰਗਰ ਹੀ ਚਲਦਾ ਸੀ। ਮਹਾਰਾਜ ਜੀ ਕਿਸੇ ਤੋਂ ਭੇਟਾ ਨਹੀਂ ਸੀ ਲੈਂਦੇ - ਗੁਰੂ ਨਾਨਕ ਪਾਤਿਸ਼ਾਹ। ਮਹਾਰਾਜ ਜੀ ਕਹਿੰਦੇ

ਸਨ ਕਿ ਸਾਥੋਂ ਮਾਇਆ ਬਾਰਾਂ ਕੋਹ ਬਾਹਰ ਹੈ। ਭਾਈ ਲਹਿਣਾ! ਤੈਥੋਂ ਛੇ ਮੀਲ ਦੂਰ ਰਹਿਣੀ ਹੈ। ਤੀਸਰੇ ਤਖਤ, ਪਾਤਿਸ਼ਾਹ ਵੇਲੇ ਇਕ ਮੀਲ ਦੂਰ ਰਹਿਣੀ ਹੈ ਤੇ ਚੌਥੇ ਵੇਲੇ ਦਰਵਾਜਾ ਭੰਨ ਕੇ ਅੰਦਰ ਆ ਵੜਨਾ ਹੈ। ਫੇਰ ਬਥੇਰਾ ਕੁਝ ਹੋਏਗਾ, ਸਵਰਨ ਮੰਦਰ ਵੀ ਬਣਨਗੇ, ਫੌਜਾਂ ਵੀ ਆਉਣਗੀਆਂ, ਸਭ ਕੁਝ ਹੋਏਗਾ।

ਸੋ ਖੇਤੀ ਕਰਨੀ ਤੇ ਸਾਰਾ ਕੁਝ ਲੰਗਰ ਵਿਚ ਪਾ ਦੇਣਾ, ਆਪਣੇ ਵਾਸਤੇ ਨਹੀਂ ਰੱਖਣਾ ਕਿ ਬੱਚਿਆਂ ਵਾਸਤੇ ਰੱਖੀਏ। ਉਹ ਕਿਰਤ ਦਾ ਅਸੂਲ ਸਾਨੂੰ ਦਿਖਾ ਰਹੇ ਸੀ। ਮਹਾਰਾਜ ਜੀ ਬਾਹਰ ਮੁਖੀ ਤਿਆਗ ਵਿਚ ਵਿਸ਼ਵਾਸ ਨਹੀਂ ਰਖਦੇ ਕਿ ਬਾਹਰੋਂ ਚੀਜ਼ ਛੱਡ ਦਿਤੀ ਤੇ ਅੰਦਰੋਂ ਦਿਲ ਕਰੀ ਗਿਆ। ਉਹ ਕਹਿੰਦੇ ਅੰਦਰੋਂ ਛੱਡੋ ਉਸ ਚੀਜ਼ ਨੂੰ।

ਸੋ ਏਸ ਤਰ੍ਹਾਂ ਦੇ ਨਾਲ ਗ੍ਰਹਿਸਤੀਆਂ ਨੂੰ ਦਸਦੇ ਸਨ ਕਿ ਉਹ ਸਾਧਨ ਕਰੋ ਜਿਸ ਦੇ ਵਿਚ ਰਸ ਹੋਵੇ। ਰਸ ਤੋਂ ਹੀਣਾ ਸਾਧਨ ਨਹੀਂ ਕਰਨਾ। ਅੰਮ੍ਰਿਤ ਵੇਲੇ ਜਾਗੋ, ਲਿਵ ਵਿਚ ਬੈਠੋ। ਸਮੇਂ ਸਿਰ ਕਾਰਜ ਵੀ ਕਰੋ ਤੇ ਸਾਰੇ ਕਾਰਜ ਗੁਰੂ ਦੇ ਜਾਣ ਕੇ ਕਰੋ ਤੇ ਲੰਗਰ ਦਾ ਪ੍ਰਬੰਧ ਕਰੋ। ਏਸ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਜੀ ਨੇ ਸਾਨੂੰ ਆਪ ਜੀਵਨ ਜੀਉ ਕੇ ਦੱਸਿਆ, ਜੋ ਵੀ ਕਰਿਆ ਸਾਡੇ ਵਾਸਤੇ ਕਰਿਆ।

ਸੋ ਗੁਰੂ ਅੰਗਦ ਸਾਹਿਬ ਮਹਾਰਾਜ ਜੀ ਰਹਿ ਨਾ ਸਕੇ ਉਥੇ। ਥੋੜ੍ਹੇ ਦਿਨ ਹੁਕਮ ਮੰਨਿਆ। ਬੀਬੀ ਅਮਰੋ ਦਾ ਰਿਸ਼ਤਾ ਭੇਜ ਦਿੱਤਾ। ਬਾਕੀ ਉਨ੍ਹਾਂ ਨੂੰ ਕਹਿ ਦਿੱਤਾ ਕਿ ਤੁਸੀਂ ਜਾਣੋ, ਤੁਹਾਡਾ ਕੰਮ ਜਾਣੇ, ਮੈਂ ਨਹੀਂ ਆਉਣਾ ਏਸ ਗੱਲ ਵਿਚ। ਮਹਾਰਾਜ ਜੀ ਪਾਸ ਚਲੇ ਗਏ। ਜਾ ਕੇ ਨਮਸ਼ਕਾਰ ਕੀਤੀ, ਐਨੇ ਵੈਰਾਗ ਦੇ ਵਿਚ ਆਏ, ਮਾਨੋ ਉਨ੍ਹਾਂ ਨੇ ਚਰਨ ਹੀ ਧੋ ਦਿੱਤੇ। ਮਹਾਰਾਜ ਜੀ ਪਿੱਠ ਤੇ ਹੱਥ ਫੇਰਦੇ ਨੇ ਤੇ ਪੁਛਦੇ ਨੇ ਕਿ ਪੁਰਖਾ! ਬਹੁਤ ਛੇਤੀ ਆ ਗਿਆ। ਕਹਿਣ ਲੱਗੇ ਕਿ ਪਾਤਿਸ਼ਾਹ! ਮੈਂ ਨਹੀਂ ਰਹਿ ਸਕਦਾ, ਤੁਹਾਡੇ ਤੋਂ ਬਗੈਰ ਮੈਂ ਜੀਉਂਦਾ ਨਹੀਂ ਰਹਿ ਸਕਦਾ, ਮੈਨੂੰ ਵਿਛੋੜਾ ਨਾ ਦਿਓ। ਸੋ ਏਸ ਤਰ੍ਹਾਂ ਫੇਰ ਸੇਵਾ ਕਰਨੀ ਸ਼ੁਰੂ ਕਰ ਦਿੱਤੀ।

ਇਕ ਵਾਰੀ ਬਹੁਤ ਸੰਗਤ ਆ ਗਈ – ਦੂਰ ਦਰਾਜ ਤੋਂ – ਅਫਗਾਨਿਸਤਾਨ ਤੋਂ, ਪਿਸ਼ਾਵਰ ਤੋਂ, ਇਰਾਨ ਤੋਂ, ਏਧਰ ਲੰਕਾ ਤੱਕ ਹਜ਼ਾਰਾਂ ਦੀ ਤਾਦਾਦ ਵਿਚ ਸੰਗਤ ਆ ਗਈ ਤੇ ਏਧਰਲੇ ਪਾਸੇ ਐਸੀ ਝੜੀ ਲੱਗੀ ਕਿ ਕੋਠੇ ਚੋਣੇ ਸ਼ੁਰੂ ਹੋ ਗਏ, ਲੰਗਰ ਵਾਲਾ ਕੋਠਾ ਵੀ ਚੋਂਦਾ ਹੈ, ਧਰਮਸ਼ਾਲਾ ਵੀ ਚੋਂਦੀ ਹੈ, ਲੰਗਰ ਬਣ ਨਹੀਂ ਰਿਹਾ, ਸਾਰਾ ਬਾਲਣ ਗਿੱਲਾ ਹੋ ਗਿਆ। ਉਸ ਵੇਲੇ ਮਹਾਰਾਜ ਜੀ ਨੇ ਦੇਖਿਆ ਕਿ ਸੰਗਤ ਤਾਂ ਦੋ ਤਿੰਨ ਦਿਨਾਂ ਤੋਂ ਭੁੱਖੀ ਬੈਠੀ ਹੈ। ਉਸ ਵੇਲੇ ਸਿਰੀ ਚੰਦ ਨੂੰ ਬੁਲਾਇਆ।

ਕਹਿੰਦਾ, "ਦੱਸੋ ਪਿਤਾ ਜੀ!"

ਮਹਾਰਾਜ ਜੀ ਕਹਿੰਦੇ, "ਬੇਟਾ! ਸੰਗਤ ਭੁੱਖੀ ਹੈ।"

ਕਹਿੰਦਾ, "ਫੇਰ ਕੀ ਕੀਤਾ ਜਾਵੇ? ਲੱਕੜਾਂ ਤਾਂ ਜਲਦੀਆਂ ਨਹੀਂ, ਅਸੀਂ ਵੀ ਭੁੱਖੇ ਹੀ ਬੈਠੇ ਹਾਂ। ਕੁਝ ਮਾੜਾ ਮੋਟਾ ਜੋ ਘਰ ਵਿਚ ਪਿਆ ਸੀ ਉਹ ਮੂੰਹ ਵਿਚ ਪਾ ਲੈਂਦੇ ਹਾਂ ਤੇ ਉਹ ਐਨਾ ਵੀ ਨਹੀਂ ਹੈ ਕਿ ਸੰਗਤ ਨੂੰ ਵੰਡ ਦੇਈਏ ਤੇ ਸੰਗਤ ਦਾ ਪੇਟ ਭਰ ਜਾਏ। ਉਹ ਤਾਂ ਮਾਮੂਲੀ ਹੈ – ਮਾੜਾ ਮੋਟਾ।"

ਮਹਾਰਾਜ ਜੀ ਕਹਿੰਦੇ, "ਕੋਈ ਪ੍ਰਬੰਧ ਕਰੋ।"

ਕਹਿੰਦਾ, "ਕੀ ਪ੍ਰਬੰਧ ਕਰੀਏ? ਝੜੀ ਲੱਗੀ ਹੋਈ ਹੈ।"

ਕਹਿਣ ਲੱਗੇ ਕਿ ਇਸ ਦਰਖਤ ਤੇ ਚੜ੍ਹ ਜਾਓ, ਹਲੂਣਾ ਦਿਓ ਤੇ ਪ੍ਰਮੇਸ਼ਰ ਰਿਜ਼ਕ ਭੇਜੇਗਾ, ਮਠਿਆਈ ਆ ਜਾਏਗੀ, ਹੋਰ ਪਦਾਰਥ ਆ ਜਾਣਗੇ ਤੇ ਜਾ ਕੇ ਛਕਾ ਆਓ।

ਦੇਖਣ ਲੱਗ ਗਿਆ।

ਮਹਾਰਾਜ ਜੀ ਕਹਿੰਦੇ, "ਜਾਂਦਾ ਨਹੀਂ?"

ਕਹਿੰਦਾ, "ਪਿਤਾ ਜੀ! ਮੈਨੂੰ ਕੁਝ ਸ਼ੱਕ ਹੋ ਰਿਹਾ ਹੈ ਕਿਉਂਕਿ ਤੁਹਾਡੀ ਉਮਰ ਸੱਤਰ੍ਹਾਂ ਦੇ ਨੇੜੇ ਆ ਰਹੀ ਹੈ ਤੇ ਦਿਮਾਗ ਵਿਚ ਤੁਹਾਡੇ ਫਰਕ ਪਿਆ ਲਗਦਾ ਹੈ।

ਕਹਿੰਦੇ, "ਪੁੱਤਰ! ਸੰਗਤ ਦਾ ਮਾਮਲਾ ਹੈ, ਜਾਹ ਤੂੰ।"

ਕਹਿੰਦਾ, "ਪਿਤਾ ਜੀ! ਮੈਂ ਬੇਇਜ਼ਤੀ ਕਰਾਉਣੀ ਹੈ? ਕਦੇ ਦਰਖਤਾਂ ਤੋਂ ਵੀ ਮਠਿਆਈਆਂ ਝੜਦੀਆਂ ਨੇ?"

ਉਸ ਵੇਲੇ ਲਖਮੀਦਾਸ ਨੂੰ ਕਿਹਾ ਕਿ ਬੇਟਾ ਲਖਮੀਦਾਸ! ਤੂੰ ਜਾਹ, ਤੂੰ ਸਾਰੀ ਗੱਲ ਤਾਂ ਸੁਣ ਹੀ ਲਈ ਹੈ।

ਕਹਿੰਦਾ, "ਪਿਤਾ ਜੀ! ਮੈਂ ਨਹੀਂ ਜਾਂਦਾ। ਬੇਇਜ਼ਤੀ ਬਹੁਤ ਹੈ। ਇਸ ਤੇ ਲੋਕ ਹੱਸਣਗੇ। ਤੁਸੀਂ ਇਹ ਕਿਹੜੀ ਗੱਲ ਕਰਨ ਲੱਗੇ ਹੋਂ? ਫਲ ਲੱਗਿਆ ਹੋਵੇ ਦਰਖਤ ਤੇ ਤਾਂ ਹਲੂਣਾ ਦਿਤਿਆਂ ਤਾਂ ਉਹ ਵੀ ਨਹੀਂ ਝੜਦਾ - ਮਸੋਂ ਝੜਦਾ ਹੈ ਇਕ ਦੋ। ਬੇਰ ਲੱਗੇ ਹੋਣ ਤਾਂ ਥੋੜ੍ਹੇ ਬਹੁਤੇ ਝੜਦੇ ਨੇ ਤੇ ਤੁਸੀਂ ਕਹਿੰਦੇ ਹੋ ਕਿ ਲੱਡੂ, ਜਲੇਬੀਆਂ, ਬਰਫੀਆਂ, ਪੇੜੇ ਵਗੈਰਾ ਝਾੜ, ਹੋਰ ਮਠਿਆਈਆਂ ਝਾੜ। ਉਹ ਉਥੇ ਲੱਗੇ ਹੋਏ ਨੇ? ਤੁਸੀਂ ਦੇਖੇ ਨੇ?"

ਜਵਾਬ ਦੇਈ ਜਾਂਦੇ ਨੇ ਕਿਉਂਕਿ ਉਹ ਗੁਰੂ ਨਾਨਕ ਸਾਹਿਬ ਦੀ ਮਹਿਮਾ ਨੂੰ ਨਹੀਂ ਸੀ ਜਾਣਦੇ ਕਿ ਗੁਰੂ ਸਾਹਿਬ ਕੀ ਨੇ। ਪੁੱਤਰ ਕੋਈ ਵੀ ਨਹੀਂ ਜਾਣਦਾ ਹੁੰਦਾ ਸਾਧ ਸੰਗਤ ਜੀ! ਨਾ ਰਿਸ਼ਤੇਦਾਰ ਜਾਣਦੇ ਹੁੰਦੇ ਨੇ। ਕਿੰਨੇ ਮਹਾਂਪੁਰਸ਼ ਦੇਖ ਲਓ, ਪੁੱਤਰ ਉਨ੍ਹਾਂ ਨੂੰ ਪਿਓ ਹੀ ਜਾਣਦੇ ਨੇ। ਉਨ੍ਹਾਂ ਨੂੰ ਨਹੀਂ ਪਤਾ ਹੁੰਦਾ ਕਿ ਇਥੋਂ ਕਿੰਨੇ ਲੋਕ ਫਾਇਦਾ ਉਠਾ ਰਹੇ ਨੇ। ਸੋ ਮਹਿਮਾ ਦਾ ਨਹੀਂ ਪਤਾ। ਇਹ ਗੱਲ ਹੈ ਪਰਤੀਤ ਦੀ। ਜਿੰਨਾਂ ਚਿਰ ਪਰਤੀਤ ਨਾ ਹੋਵੇ, ਉਨਾਂ ਚਿਰ ਨਹੀਂ ਗੱਲ ਬਣਦੀ। ਇੰਜ ਪੜ੍ਹ ਲਓ -

***ਧਾਰਨਾ - ਗੁਰ ਕੀ ਪਰਤੀਤ ਜੀ,***
***ਜਿਸ ਦੇ ਮਨ ਵਿਚ ਹੈ ਭਾਈ -2, 2.***
***ਜਿਸ ਦੇ ਮਨ ਵਿਚ ਹੈ ਭਾਈ -2, 2.***
***ਗੁਰ ਕੀ ਪਰਤੀਤ ਜੀ,............. -2.***

***ਜਾ ਕੈ ਮਨਿ ਗੁਰ ਕੀ ਪਰਤੀਤਿ॥***
***ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥*** ***ਪੰਨਾ - 283***

ਸੋ ਪਰਤੀਤ ਤੋਂ ਵਿਹੂਣੇ, ਗੁਰੂ ਨਾਨਕ ਪਾਤਿਸ਼ਾਹ ਜੀ ਦੀ ਮਹਿਮਾ ਨੂੰ ਨਹੀਂ ਜਾਣਦੇ। ਉਸ ਵੇਲੇ ਭਾਈ ਲਹਿਣਾ ਜੀ ਵੀ ਕੋਲ ਬੈਠੇ ਸਨ।

ਮਹਾਰਾਜ ਜੀ ਕਹਿਣ ਲੱਗੇ, "ਭਾਈ ਲਹਿਣਾ! ਸੰਗਤ ਕਈ ਦਿਨਾਂ ਦੀ ਭੁੱਖੀ ਹੈ। ਰਾਜ਼ਕ ਹੈ ਸਾਰਿਆਂ ਦਾ ਪ੍ਰਭੂ, ਸਭ ਨੂੰ ਦਿੰਦਾ ਹੈ -

***ਜਿਨਿ ਜੀਉ ਦੀਆ ਸੁ ਰਿਜਕੁ ਅੰਬਰਾਵੈ॥***

***ਸਭ ਘਟ ਭੀਤਰਿ ਹਾਟੁ ਚਲਾਵੈ॥*** ***ਪੰਨਾ - 794***

ਜਾਓ ਤੁਸੀਂ ਜਾ ਕੇ ਸੰਗਤਾਂ ਨੂੰ ਤ੍ਰਿਪਤ ਕਰੋ।"

ਉਸੇ ਵੇਲੇ ਹੁਕਮ ਮੰਨ ਕੇ ਉਠੇ ਤੇ ਜਾ ਕੇ ਦਰਖਤਾਂ ਨੂੰ ਹਲੂਣਿਆਂ। ਸਾਰੀਆਂ ਸੰਗਤਾਂ ਹਜ਼ਾਰਾਂ ਦੀ ਤਾਦਾਦ ਵਿਚ, ਜਿੰਨੀ ਜਿੰਨੀ ਕਿਸੇ ਨੂੰ ਲੋੜ ਸੀ ਪਦਾਰਥ ਚੁੱਕਦੇ ਜਾਂਦੇ ਨੇ, ਤੇ ਸਾਰੇ ਤ੍ਰਿਪਤ ਹੋ ਗਏ।

ਗੁਰੂ ਨਾਨਕ ਪਾਤਿਸ਼ਾਹ ਜਿਸ ਵਕਤ ਰੀਠਾ ਸਾਹਿਬ ਗਏ ਨੇ, ਉਥੇ ਰੀਠੇ ਮੰਗੇ। ਰੀਠੇ ਖਿਲਾਅ ਦਿੱਤੇ, ਕੌੜੇ ਰੀਠੇ ਮਿੱਠੇ ਬਣ ਗਏ। ਇਕ ਵਾਰੀ ਮਰਦਾਨਾ ਕਹਿੰਦਾ, ਮਹਾਰਾਜ! ਮੈਥੋਂ ਨਹੀਂ ਹੁਣ ਚੱਲਿਆ ਜਾਂਦਾ, ਮੈਨੂੰ ਕੁਝ ਖਾਣ ਨੂੰ ਦਿਓ। ਮਹਾਰਾਜ ਜੀ ਕਹਿੰਦੇ ਕਿ ਆਹ ਖਾ ਲੈ ਅੱਕਾਂ ਦੀਆਂ ਕਕੜੀਆਂ, ਪੱਲੇ ਨਾ ਬੰਨ੍ਹੀ। ਉਸ ਨੇ ਖਾ ਲਈਆਂ ਤਾਂ ਸਾਰੀਆਂ ਮਿੱਠੀਆਂ। ਮਹਾਰਾਜ ਜੀ ਕਹਿੰਦੇ, ਰਿਜ਼ਕ ਪ੍ਰਮੇਸ਼ਰ ਨੇ ਦੇਣਾ ਹੈ ਭਾਈ। ਵਿਸ਼ਵਾਸ ਨਹੀਂ ਹੈ ਮਨੁੱਖ ਨੂੰ ਪ੍ਰਮੇਸ਼ਰ ਦੇ ਉਤੇ। ਚੌਰਾਸੀ ਲੱਖ ਜੂਨ ਦੇ ਵਿਚ ਇਕ ਮਨੁੱਖ ਹੀ ਹੈ ਸ਼ਾਇਦ ਜਿਸਨੂੰ ਵਿਸ਼ਵਾਸ ਨਹੀਂ ਹੈ, ਬਾਕੀ ਤਾਂ ਸਾਰੀ ਸ੍ਰਿਸ਼ਟੀ ਨੂੰ ਵਿਸ਼ਵਾਸ ਹੈ। ਮਨੁੱਖਾਂ ਨਾਲੋਂ ਤਾਂ ਕਰੋੜਾਂ ਗੁਣਾ ਵੱਧ ਨੇ, ਪੰਛੀ ਹੀ ਬੇਅੰਤ ਨੇ, ਪਸ਼ੂ ਹੀ ਬੇਅੰਤ ਨੇ। ਉਨ੍ਹਾਂ ਦੇ ਕਿਤੇ ਹਲ ਚਲਦੇ ਨੇ ਜਾਂ ਦੁਕਾਨਾਂ ਬਣੀਆਂ ਹੋਈਆਂ ਨੇ?

ਬਾਬਾ ਫਰੀਦ ਜੀ ਬੈਠੇ ਨੇ ਜੰਗਲ ਦੇ ਅੰਦਰ। ਕੀ ਦੇਖਦੇ ਨੇ ਕਿ ਪੰਛੀ ਆਏ ਤੇ ਆ ਕੇ ਚੁਗਣਾ ਸ਼ੁਰੂ ਕਰ ਦਿੱਤਾ। ਹੈਰਾਨ ਹੁੰਦੇ ਨੇ ਕਿ ਇਥੇ ਚੋਗਾ ਕੌਣ ਪਾ ਗਿਆ। ਜਦੋਂ ਰੱਜ ਗਏ, ਖੰਭ ਮਾਰਨੇ ਸ਼ੁਰੂ ਕਰ ਦਿੱਤੇ, ਜਾ ਕੇ ਦਰਖਤਾਂ ਤੇ ਬੈਠ ਗਏ। ਕਹਿਣ ਲੱਗੇ ਕਿ ਧ੍ਰਿਗ ਹੈ ਬੰਦਿਆ! ਤੈਨੂੰ ਵਿਸ਼ਵਾਸ ਨਹੀਂ ਹੈ ਕਿ ਕੱਲ੍ਹ ਨੂੰ ਮਿਲੇਗਾ। ਇਹ ਪੰਛੀ ਤੇਰੇ ਨਾਲੋਂ ਚੰਗੇ ਨੇ ਜਿਨ੍ਹਾਂ ਨੂੰ ਪ੍ਰਮੇਸ਼ਰ ਤੇ ਭਰੋਸਾ ਹੈ। ਏਸ ਤਰ੍ਹਾਂ ਫੁਰਮਾਉਂਦੇ ਨੇ -

***ਧਾਰਨਾ - ਕੰਕਰ ਚੁਗਦੇ ਥਲਾਂ ਦੇ ਵਿਚ ਵਸਦੇ, ਕੰਕਰ ਚੁਗਦੇ -2, 2.***
***ਰੱਬ ਦੀ ਨਾ ਆਸ ਛੱਡਦੇ ਪੰਛੀ, ਪੰਛੀ,***
***ਰੱਬ ਦੀ ਨਾ ਆਸ ਛੱਡਦੇ ਕੰਕਰ ਚੁਗਦੇ -2.***

***ਫਰੀਦਾ ਹਉ ਬਲਿਹਾਰੀ ਤਿਨ੍ ਪੰਖੀਆ ਜੰਗਲਿ ਜਿੰਨ੍ਾ ਵਾਸੁ॥***
***ਕਕਰੁ ਚੁਗਨਿ ਥਲਿ ਵਸਨਿ ਰਬ ਨ ਛੋਡਨਿ ਪਾਸੁ॥***
***ਪੰਨਾ - 1383***

ਸੋ ਇਕ ਮਨੁੱਖ ਹੀ ਐਸਾ ਹੈ ਜਿਸ ਨੂੰ ਵਾਹਿਗੁਰੂ ਦੇ ਉਤੇ ਭਰੋਸਾ ਨਹੀਂ ਹੈ। ਇਹ ਹੱਥ ਪੈਰ ਮਾਰਦਾ ਹੈ, ਦੌੜਿਆ ਫਿਰਦਾ ਹੈ। ਸੋ ਮਹਾਰਾਜ ਜੀ ਦਾ ਹੁਕਮ ਮੰਨਿਆ - ਗੁਰੂ ਅੰਗਦ ਸਾਹਿਬ ਨੇ, ਕਿਉਂਕਿ -

***ਆਗਿਆ ਸਮ ਨਹੀ ਸਾਹਿਬ ਸੇਵਾ॥***

ਸਭ ਤੋਂ ਵੱਡੀ ਸੇਵਾ ਜੇ ਕੋਈ ਗੁਰੂ ਦੀ ਹੁੰਦੀ ਹੈ ਤਾਂ ਆਗਿਆ ਮੰਨਣ ਦੀ ਹੁੰਦੀ ਹੈ। ਬਾਬਾ ਸਿਰੀ ਚੰਦ ਜੀ ਨੇ ਤੇ ਬਾਬਾ ਲਖਮੀ ਦਾਸ ਜੀ ਨੇ ਆਗਿਆ ਨਹੀਂ ਮੰਨੀ। ਇਥੋਂ ਹੀ ਫਰਕ ਪੈਣਾ ਸ਼ੁਰੂ ਹੋ ਗਿਆ। ਸੋ ਹੁਣ ਕਿਉਂਕਿ ਸਮਾਂ ਇਜਾਜ਼ਤ ਨਹੀਂ ਦਿੰਦਾ, ਹੁਣ ਇਥੇ ਹੀ ਸਮਾਪਤ ਕਰਦੇ ਹਾਂ ਤੇ ਅਗਲੀ ਵਾਰੀ ਮਹਾਰਾਜ ਜੀ ਨੇ ਚਾਹਿਆ ਤਾਂ ਇਸ ਤੋਂ ਅੱਗੇ ਵਿਚਾਰ ਕੀਤੀ ਜਾਏਗੀ। ਹੁਣ ਸਾਰੇ ਪ੍ਰੇਮੀ ਜਿਹੜੇ ਅਜੇ ਤੱਕ ਨਹੀਂ ਬੋਲੇ, ਉਹ ਵੀ ਆਪਣੀ ਰਸਨਾ ਪਵਿੱਤਰ ਕਰ ਲਓ -

-ਅਨੰਦ ਸਾਹਿਬ- -ਗੁਰ ਸਤੋਤਰ- -ਅਰਦਾਸ-

# (11)

ਸ਼ਾਨ ....................................।

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*

*ਪੰਨਾ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*

*ਪੰਨਾ - 289*

*ਧਾਰਨਾ - ਮੇਰੀ ਨਮਸਕਾਰ ਗੁਰਦੇਵ ਕਉ -2, 2.*
*ਗੁਰਦੇਵ ਕਉ ਜੀ -2, 2.*
*ਸਤਿਨਾਮ ਜਿਸ ਮੰਤਰ ਸੁਣਾਇਆ -2, 2.*
*ਮੇਰੀ ਨਮਸਕਾਰ,............ -2.*

*ਨਮਸਕਾਰ ਗੁਰਦੇਵ ਕੋ ਸਤਿਨਾਮ ਜਿਸ ਮੰਤ੍ਰ ਸੁਣਾਇਆ।*
*ਭਵਜਲ ਵਿਚੋਂ ਕਢਿਕੇ ਮੁਕਤਿ ਪਦਾਰਥ ਮਾਹਿ ਸਮਾਇਆ।*
*ਜਨਮ ਮਰਣ ਭਉ ਕਟਿਆ ਸੰਸਾ ਰੋਗ ਵਿਯੋਗ ਮਿਟਾਇਆ।*
*ਸੰਸਾ ਇਹੁ ਸੰਸਾਰੁ ਹੈ ਜਨਮ ਮਰਣ ਵਿਚਿ ਦੁਖ ਸਬਾਇਆ।*
*ਜਮਦੰਡ ਸਿਰੋਂ ਨਾ ਉਤਰੈ ਸਾਕਤ ਦੁਰਜਨ ਜਨਮੁ ਗਵਾਇਆ।*
*ਚਰਨ ਗਹੇ ਗੁਰਦੇਵ ਦੇ ਸਤਿ ਸਬਦ ਦੇ ਮੁਕਤ ਕਰਾਇਆ।*
*ਭਾਉ ਭਗਤਿ ਗੁਰਪੁਰਬ ਕਰਿ ਨਾਮ ਦਾਨ ਇਸਨਾਨ ਦ੍ਰਿੜਾਇਆ।*
*ਜੇਹਾ ਬੀਉ ਤੇਹਾ ਫਲੁ ਪਾਇਆ॥*

*ਭਾਈ ਗੁਰਦਾਸ ਜੀ ਦੀ ਵਾਰ 1/1*

*ਧਾਰਨਾ - ਹਰਿ ਕੇ ਸੇਵਕ ਜੋ ਹਰਿ ਭਾਏ,*
*ਤਿਨ ਕੀ ਕਥਾ ਨਿਰਾਰੀ ਰੇ -2, 2.*
*ਤਿਨ ਕੀ ਕਥਾ ਨਿਰਾਰੀ ਰੇ -4, 2.*
*ਹਰਿ ਕੇ ਸੇਵਕ ਜੋ ਹਰਿ ਭਾਏ, ...... -2.*

*ਹਰਿ ਕੇ ਸੇਵਕ ਜੋ ਹਰਿ ਭਾਏ ਤਿਨ ਕੀ ਕਥਾ ਨਿਰਾਰੀ ਰੇ॥*
*ਆਵਹਿ ਨ ਜਾਹਿ ਨ ਕਬਹੂ ਮਰਤੇ ਪਾਰਬ੍ਰਹਮ ਸੰਗਾਰੀ ਰੇ॥* *ਪੰਨਾ - 855*

ਸਾਧ ਸੰਗਤ ਜੀ! ਗੱਜ ਕੇ ਬੋਲਣਾ, ਸਤਿਨਾਮ ਸ੍ਰੀ ਵਾਹਿਗੁਰੂ।

ਚਿੱਤ ਬਿਰਤੀਆਂ ਨੂੰ ਇਕਾਗਰ ਕਰੋ ਕਿਉਂਕਿ ਜਦੋਂ ਤੱਕ ਚਿੱਤ ਦੀਆਂ ਬਿਰਤੀਆਂ ਦਾ ਪ੍ਰਵਾਹ ਨਾ ਰੁਕੇ, ਉਨੀ ਦੇਰ ਤੱਕ ਸਤਿਸੰਗ ਦੇ ਜੋ ਅਮੋਲਕ ਸਿਧਾਂਤ ਹਨ, ਉਹ ਸਾਡੇ ਮਨ ਵਿਚ ਨਹੀਂ ਵਸਿਆ ਕਰਦੇ। ਸੋ ਸਾਰਿਆਂ ਨਾਲੋਂ ਸੁਖਾਲਾ ਤਰੀਕਾ ਹੈ ਨੇਤਰਾਂ ਨਾਲ ਗੁਰੂ ਸਰੂਪ ਦੇ ਦਰਸ਼ਨ ਕਰੋ, ਕੰਨਾਂ ਦੇ ਨਾਲ ਬਾਣੀ ਸਰਵਣ ਕਰੋ, ਬੁੱਧੀ ਦੇ ਨਾਲ ਵਿਚਾਰ ਕੇ ਹਿਰਦੇ 'ਚ ਧਾਰਨ ਕਰੋ। ਜਦੋਂ ਵਾਰੀ ਆਵੇ ਤਾਂ ਗੱਜ ਵੱਜ ਕੇ ਬੋਲੋ, ਸੋ ਏਸ ਤਰ੍ਹਾਂ ਕਰਨ ਦੇ ਨਾਲ ਬਿਰਤੀ ਇਕਾਗਰ ਹੋ ਜਾਂਦੀ ਹੈ, ਰਸ ਪੈਦਾ ਹੋ ਜਾਂਦਾ ਹੈ ਫੇਰ ਪੂਰਾ-ਪੂਰਾ ਲਾਹਾ ਸਤਿਸੰਗ ਦਾ ਪ੍ਰਾਪਤ ਹੋ ਜਾਂਦਾ ਹੈ। ਪਿਛਲੇ ਕਾਫੀ ਸਮੇਂ ਤੋਂ ਸਿੱਖੀ ਦਾ ਜੋ ਨਮੂਨਾ ਸੰਸਾਰ ਵਿਚ ਦੱਸਿਆ ਜਾ ਸਕਦਾ ਹੈ, ਉਹ ਭਾਈ ਲਹਿਣਾ ਜੀ ਦੇ ਜੀਵਨ

ਤੋਂ ਰੂਪਮਾਨ ਹੋ ਰਿਹਾ ਹੈ, ਜਿਨ੍ਹਾਂ ਨੇ ਸਿੱਖੀ ਦੇ ਪੂਰਨੇ ਪਾ ਕੇ ਦੱਸ ਦਿੱਤਾ ਕਿ ਸਿੱਖ ਨੇ ਜੇ ਗੁਰੂ ਦੇ ਵਿਚ ਸਮਾਉਣਾ ਹੈ ਤਾਂ ਏਸ ਰਸਤੇ ਤੁਰਿਆ ਆਵੇ, ਰਸਤਾ ਉਲੀਕ ਦਿੱਤਾ, 'ਗਾਡੀ ਰਾਹ' ਪਾ ਦਿੱਤਾ। ਸੋ ਉਸ ਦੇ ਬਾਰੇ ਆਪ ਬਹੁਤ ਦੇਰ ਤੋਂ ਵਿਆਖਿਆ ਸਹਿਤ ਸਰਵਣ ਕਰਦੇ ਆ ਰਹੇ ਹੋ। ਪਿਛਲੀ ਵਾਰੀ ਦੱਸਿਆ ਸੀ ਕਿ ਜੇ ਮੁਰੀਦ ਬਣਨਾ ਹੈ ਤਾਂ –

***ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।***
***ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।***
***ਗੋਲਾ ਮੁਲ ਖਰੀਦੁ ਕਾਰੇ ਜੋਵਣਾ।***

***ਭਾਈ ਗੁਰਦਾਸ ਜੀ ਦੀ ਵਾਰ 3/18***

ਇਨ੍ਹਾਂ ਤਿੰਨਾਂ ਹੀ ਚੀਜ਼ਾਂ ਦੀ ਵਿਆਖਿਆ ਕਰੀ ਸੀ। ਬੜਾ ਔਖਾ ਹੈ ਕਿ 'ਸਬਰ' ਵੀ ਹੋਵੇ ਤੇ 'ਸਿਦਕ' ਵੀ ਪੂਰਾ ਹੋਵੇ। ਜਦੋਂ ਸਿਦਕੀ ਸਿੰਘਾਂ ਦਾ ਹਾਲ ਪੜ੍ਹੀਦਾ ਹੈ ਤਾਂ ਹੈਰਾਨ ਹੋ ਜਾਈਦਾ ਹੈ ਕਿ ਐਡੇ-ਐਡੇ ਸਿਦਕ ਵਾਲੇ ਸਿੱਖ ਹੋ ਗੁਜ਼ਰੇ ਹਨ, ਅਸੀਂ ਤਾਂ ਕੁਝ ਵੀ ਨਹੀਂ ਉਨ੍ਹਾਂ ਦੇ ਅੱਗੇ ਪਰ ਰਸਤਾ ਤਾਂ ਖੁੱਲ੍ਹਾ ਹੈ ਨਾ। ਜਿਸ ਦੇ ਮਨ ਵਿਚ ਚਾਓ ਜਾਗਦਾ ਹੈ, ਸ਼ੌਂਕ ਜਾਗਦਾ ਹੈ ਉਹ ਇਸ ਸੜਕ ਦੇ ਉਤੇ ਤੁਰ ਸਕਦਾ ਹੈ –'ਗਾਡੀ ਰਾਹ' ਇਸ ਨੂੰ ਆਖਿਆ ਹੈ। ਸੱਚ ਦੇ ਉਤੇ ਸ਼ਹਾਦਤ ਦੇਣ ਵਾਲੇ ਦੋ ਤਰ੍ਹਾਂ ਦੇ ਸ਼ਹੀਦ ਹੋਇਆ ਕਰਦੇ ਨੇ।

ਇਕ ਜਿੰਦਾ ਸ਼ਹੀਦ ਹੁੰਦੇ ਨੇ। ਦੂਜੇ ਉਹ ਹੁੰਦੇ ਨੇ ਜਿਹੜੇ ਆਪਣੇ ਤਨ ਦੀ ਆਹੂਤੀ ਦੇ ਜਾਂਦੇ ਨੇ।

ਜਿੰਦਾ ਉਹ ਹੁੰਦੇ ਨੇ ਜਿਹੜੇ ਸੱਚ ਦਾ ਜੀਵਨ ਜੀਉਂ ਕੇ ਦਿਖਾਉਂਦੇ ਨੇ। ਸਾਰੀ ਜ਼ਿੰਦਗੀ ਵਿਚ ਉਕਦੇ ਨਹੀਂ, ਉਹ ਸੱਚ ਦਾ ਜੀਵਨ ਜੀਉਂਦੇ ਹਨ। ਦੁਖ ਵੀ ਆਉਂਦੇ ਨੇ, ਸੁਖ ਵੀ ਆਉਂਦੇ ਨੇ, ਹਾਨ ਵੀ ਆਉਂਦਾ ਹੈ, ਲਾਭ ਵੀ ਆਉਂਦੈ, ਨਿੰਦਿਆ ਵੀ ਆਉਂਦੀ ਹੈ, ਉਸਤਤ ਵੀ ਆਉਂਦੀ ਹੈ, ਵਿਰੋਧੀ ਵੀ ਆਉਂਦੇ ਨੇ, ਪ੍ਰਸ਼ੰਸਾ ਕਰਨ ਵਾਲੇ ਵੀ ਆਉਂਦੇ ਨੇ; ਸਾਰਿਆਂ ਨਾਲ ਵਾਹ ਪਾ ਕੇ ਜਿਹੜਾ ਫੇਰ ਏਸ ਉਥਲ ਪੁਥਲ ਕਰਦੇ ਸਾਗਰ ਵਿਚੋਂ ਲੰਘ ਜਾਵੇ, ਕਹਿੰਦੇ ਉਹ ਸਿੱਖ ਹੋਇਆ ਕਰਦਾ ਹੈ। ਸੋ ਇਸੇ ਕਰਕੇ ਸਿੱਖੀ ਕਮਾਉਣੀ ਸਾਰਿਆਂ ਤੋਂ ਔਖੀ ਚੀਜ਼ ਹੈ, ਸਿਰੇ ਦੀ ਚੀਜ਼ ਹੈ ਕਿਉਂਕਿ ਸਿੱਖ ਗੁਰੂ ਘਰ ਦੇ ਅੰਦਰ ਇਕ ਦਮ ਗੁਰੂ ਰੂਪ ਹੀ ਬਣ ਜਾਂਦਾ ਹੈ, ਗੁਰੂ ਵਿਚ ਸਮਾਅ ਜਾਂਦਾ ਹੈ। ਗੁਰੂ ਅੰਗਦ ਸਾਹਿਬ ਸਿੱਖੀ ਦੇ ਨਮੂਨੇ ਤੇ ਸਿਖਰ ਪਹੁੰਚ ਗਏ ਤੇ ਗੁਰੂ ਨਾਨਕ ਪਾਤਿਸ਼ਾਹ ਨਾਲ ਓਤ ਪੋਤ ਹੋ ਗਏ। ਹੁਣ ਪਤਾ ਨਹੀਂ ਲਗਦਾ ਕਿ ਗੁਰੂ ਨਾਨਕ ਗੁਰੂ ਅੰਗਦ ਹੈ ਜਾਂ ਗੁਰੂ ਅੰਗਦ ਗੁਰੂ ਨਾਨਕ ਹੈ, ਕੋਈ ਪਤਾ ਨਹੀਂ ਲਾ ਸਕਿਆ ਅੱਜ ਤੱਕ। ਸਾਰਿਆਂ ਦਾ ਇਹ ਖਿਆਲ ਹੈ ਕਿ ਇਹ ਗੁਰੂ ਅੰਗਦ ਸਾਹਿਬ ਨੇ ਉਹ ਗੁਰੂ ਨਾਨਕ ਸਾਹਿਬ ਆਪ ਹੀ ਸਨ। ਅਸਚਰਜ ਬਾਤ ਹੈ, ਇਸ ਨੂੰ ਅਕਥ ਕਥਾ ਕਹਿੰਦੇ ਨੇ, ਜਿਹੜੀ ਗੱਲ ਕਹੀ ਨਾ ਜਾ ਸਕੇ, ਸਮਝਾਈ ਨਾ ਜਾ ਸਕੇ। ਸੋ ਉਸ ਨੂੰ ਸਮਝਾਉਣ ਵਾਸਤੇ ਕੁਝ ਯਤਨ ਹੁੰਦੇ ਨੇ। ਇਸ ਤਰ੍ਹਾਂ ਦੇ ਨਾਲ ਪੜ੍ਹੋ –

***ਧਾਰਨਾ – ਗੁਰ ਗੋਰ ਸਮਾਵੇ ਜੀ –2, 2.***
***ਮੁਰਦਾ ਹੋਇ ਮੁਰੀਦ ਜੋ –2, 2.***
***ਗੁਰ ਗੋਰ ਸਮਾਵੇ ਜੀ,............. –2.***
***ਮੁਰਦਾ ਹੋਇ ਮੁਰੀਦ ਸੋ ਗੁਰ ਗੋਰਿ ਸਮਾਵੈ।***
***ਭਾਈ ਗੁਰਦਾਸ ਜੀ ਦੀ ਵਾਰ 9/22 ਸਬਦ ਸੁਰਤਿ ਲਿਵ ਲੀਣੁ ਹੋਇ ਓਹੁ ਆਪਿ ਗਵਾਵੈ।***
***ਤਨ ਧਰਤੀ ਕਰਿ ਧਰਮਸਾਲ ਮਨੁ ਦਭੁ ਵਿਛਾਵੈ।***
***ਲਤਾਂ ਹੇਠਿ ਲਤਾੜੀਐ ਗੁਰ ਸਬਦੁ ਕਮਾਵੈ।***
***ਭਾਇ ਭਗਤਿ ਨੀਵਾਣੁ ਹੋਇ ਗੁਰਮਤਿ ਠਹਰਾਵੈ।***

***ਵਰਸੈ ਨਿਝਰ ਧਾਰ ਹੋਇ ਸੰਗਤਿ ਚਲਿ ਆਵੈ॥***

***ਭਾਈ ਗੁਰਦਾਸ ਜੀ ਦੀ ਵਾਰ 9/22***

ਸਿੱਖ ਦਾ ਨਕਸ਼ਾ ਬੰਨ੍ਹਦੇ ਹੋਏ ਆਪ ਦਸਦੇ ਨੇ ਕਿ ਸਿੱਖ ਤਾਂ ਬੇਅੰਤ ਹੋਣਗੇ, ਵੋਟਾਂ ਲੈਣ ਵਾਸਤੇ, ਆਪਣਾ ਵੱਖਰਾਪਣ ਦੱਸਣ ਵਾਸਤੇ ਬੇਅੰਤ ਨੇ - ਕਰੋੜਾਂ ਦੀ ਤਾਦਾਦ ਵਿਚ, ਪਰ ਮਹਾਰਾਜ ਜੀ ਕਹਿੰਦੇ ਸਿੱਖ ਇਕ ਅੱਧਾ ਹੀ ਕੋਈ ਹੈ, ਬਹੁਤੇ ਨਹੀਂ ਹਨ -

***ਕੋਟਨ ਮੈ ਨਾਨਕ ਕੋਊ ਨਾਰਾਇਣੁ ਜਿਹ ਚੀਤਿ॥***

***ਪੰਨਾ - 1427***

ਸੋ ਜਦੋਂ ਤੱਕ ਇਹ ਮੁਰਦਾ ਨਹੀਂ ਬਣਦਾ, ਓਨਾ ਚਿਰ ਸਿੱਖੀ ਦਾ 'ੳ-ਅ' ਵੀ ਨਹੀਂ ਆਉਂਦਾ। ਸੋ ਪਹਿਲੀ ਸ਼ਰਤ ਹੈ ਗੁਰੂ ਦੇ ਨਾਲ ਇਕਮਿੱਕ ਹੋਣ ਦੀ ਕਿ -

***ਮੁਰਦਾ ਹੋਇ ਮੁਰੀਦ ਸੋ .............।***

***ਭਾਈ ਗੁਰਦਾਸ ਜੀ ਦੀ ਵਾਰ 9/22***

ਸੋ ਹੁਣ ਇਹ ਹੈ ਕਿ ਮੁਰਦਾ ਕਿਵੇਂ ਬਣਿਆ ਜਾਵੇ? ਕੋਈ ਤਰੀਕਾ ਹੈ ਮੁਰਦਾ ਬਣਨ ਦਾ? ਜੇ ਤਾਂ ਅਸੀਂ ਕੋਈ ਦਵਾਈ ਖਾ ਕੇ ਆਪਣਾ ਅੰਤ ਕਰਦੇ ਹਾਂ ਤਾਂ ਇਸ ਦਾ ਤਾਂ ਕੋਈ ਫਾਇਦਾ ਨਹੀਂ ਹੈ। ਫੇਰ ਤਾਂ ਗੁਰੂ ਦੀ ਸੇਵਾ ਨਹੀਂ ਹੁੰਦੀ ਕਿਉਂਕਿ ਚੇਤਨ ਕਲਾ ਨਿਕਲ ਜਾਂਦੀ ਹੈ, ਆਹ ਸਰੀਰ ਦੇ ਹੁੰਦੇ-ਹੁੰਦੇ ਕਿਵੇਂ ਮੁਰਦਾ ਹੋ ਸਕਦਾ ਹੈ? ਦੋ ਚੀਜ਼ਾਂ ਇਸ ਨੂੰ ਜੀਊਂਦਾ ਰੱਖਦੀਆਂ ਨੇ, ਧਿਆਨ ਨਾਲ ਸਰਵਣ ਕਰਿਓ -

ਇਕ ਤਾਂ ਹੰਗਤਾ ਹੈ ਜਿਸ ਨੂੰ 'ਮੈਂ' ਕਹਿੰਦੇ ਨੇ।

ਇਕ ਇਸ ਦੇ ਵਿਚ ਮਮਤਾ ਹੈ, 'ਮੇਰੀ' ਹੈ।

ਸੋ 'ਮੈ' ਤੇ 'ਮੇਰੀ' ਨੇ ਇਸ ਨੂੰ ਫਸਾਇਆ ਹੋਇਆ ਹੈ। ਹੈ ਤਾਂ ਇਹ ਪ੍ਰਭੂ ਜੋਤ। ਜਿੰਨੇ ਤੁਸੀਂ ਬੈਠੇ ਹੋ ਸਾਰਿਆਂ ਵਿਚ ਇਕੋ ਹੀ ਜੋਤੀ ਹੈ, ਇਕੋ ਸ਼ਬਦ ਹੈ। ਕਿਸੇ ਵਿਚ ਘੱਟ ਨਹੀਂ ਹੈ ਕਿਸੇ ਵਿਚ ਵੱਧ ਨਹੀਂ ਹੈ।

***ਹਸਤਿ ਕੀਟ ਕੇ ਬੀਚ ਸਮਾਨਾ॥***

ਹਾਥੀ ਵਿਚ ਤੇ ਕੀੜੀ ਵਿਚ ਇਕੋ ਸ਼ਬਦ ਵਰਤਦਾ ਹੈ, ਘਟ ਵਧ ਨਹੀਂ ਹੈ ਕਿਸੇ ਵਿਚ ਵੀ, ਲੇਕਿਨ 'ਹੰਗਤਾ' ਤੇ 'ਮਮਤਾ' ਨੇ ਸਾਨੂੰ ਘੱਟ ਵੱਧ ਕਰ ਦਿੱਤਾ। ਕੋਈ ਗਰੀਬ ਹੈ, ਕੋਈ ਅਮੀਰ ਹੈ, ਕੋਈ ਪੁੰਨੀ ਹੈ, ਕੋਈ ਪਾਪੀ ਹੈ, ਕੋਈ ਪੂਜਯ ਹੈ, ਕੋਈ ਨਫਰਤਯੋਗ ਹੈ। ਹੈ ਇਕੋ ਹੀ ਜੋਤ। ਇਹ ਇਸ ਚੀਜ਼ ਨੇ ਖਰਾਬ ਕਰ ਦਿੱਤੇ ਜਿਸ ਨੂੰ 'ਹੰਗਤਾ' ਤੇ 'ਮਮਤਾ' ਕਹਿੰਦੇ ਨੇ। 'ਹੰਗਤਾ' ਹੁੰਦਾ ਹੈ 'ਮੈਂ', ਜਿੰਨੀ 'ਮੈਂ' ਓਨਾ ਹੀ ਉਸ ਦੇ ਵਿਚ ਵਿਕਾਰਾਂ ਦਾ ਖਜ਼ਾਨਾ ਹੁੰਦਾ ਹੈ। 'ਮੈਂ' ਨੂੰ ਦੁਖ ਲਗਦਾ ਹੈ, ਮੈਂ ਦੀ insult (ਬੇਇਜ਼ਤੀ) ਹੁੰਦੀ ਹੈ, ਕੋਈ ਮਾੜਾ ਅੱਖਰ ਬੋਲ ਦੇਵੇ ਤਾਂ 'ਮੈਂ' ਗੁੱਸੇ ਹੋ ਜਾਂਦੀ ਹੈ। 'ਮੈਂ' ਨੂੰ ਘਾਟਾ ਪੈਂਦਾ ਹੈ; 'ਮੈਂ' ਮਰਦੀ ਹੈ, 'ਮੈਂ' ਹੀ ਜੰਮਦੀ ਹੈ। ਮਹਾਰਾਜ ਜੀ ਕਹਿੰਦੇ ਜਿੰਨਾ ਚਿਰ ਤੇਰੇ ਵਿਚ 'ਮੈਂ' ਹੈ -

***ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥***

***ਪੰਨਾ - 466***

ਆਹ ਜਿਹੜੀ ਤੂੰ ਆਪਣੀ ਹੋਂਦ ਸਮਝਦਾ ਹੈਂ ਕਿ 'ਮੈਂ' ਹਾਂ ਤੇ ਇਹ 'ਮੈਂ' ਹੀ ਕਰਮ ਕਰਦੀ ਹੈ ਫੇਰ -

***ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥***

***ਪੰਨਾ - 466***

ਇਹ ਫੇਰ ਹਉਮੈ ਦੇ ਬੰਧਨ ਪੈ ਜਾਂਦੇ ਨੇ ਤੇ ਫੇਰ ਜੰਮਦਾ ਹੈ ਤੇ ਮਰਦਾ ਹੈ। ਸੋ ਇਹ ਚੀਜ਼ ਜਿਹੜੀ ਹੈ ਇਹ ਫਾਲਤੂ ਹੈ। ਵਾਹਿਗੁਰੂ ਨੇ ਨਹੀਂ ਸੀ ਇਹ ਦਿੱਤੀ। ਇਹ ਤਾਂ ਜਦੋਂ ਸੰਸਾਰ ਦੀ ਰਚਨਾ ਸ਼ਬਦ ਨਾਲ ਹੋਈ -

***ਓਅੰਕਾਰਿ ਬ੍ਰਹਮਾ ਉਤਪਤਿ॥***
***ਓਅੰਕਾਰੁ ਕੀਆ ਜਿਨਿ ਚਿਤਿ॥ ਪੰਨਾ - 929***

ਜਦੋਂ ਇਸ ਸ੍ਰਿਸ਼ਟੀ ਦਾ ਵਜੂਦ ਕਾਇਮ ਹੋਇਆ - ਸ਼ਬਦ ਤੋਂ, ਓਸ ਵੇਲੇ ਇਸ ਦੇ ਵਿਚ awareness (ਚੇਤੰਨਤਾ) ਆ ਗਈ। ਜਿਸ ਨੂੰ ਮਹਾਰਾਜ ਜੀ ਕਹਿੰਦੇ ਚਿਤ ਹੋਇਆ। ਚਿਤ ਆਉਂਦੀ ਸਾਰ ਹੀ ਪਰਮ ਜੋਤ ਨੂੰ ਤਾਂ ਪਛਾਨਿਆ ਨਾ, ਆਪਣੇ ਆਪ ਦਾ ਇਸ ਨੂੰ ਪਤਾ ਲੱਗ ਗਿਆ ਕਿ ਮੈਂ ਕੁਝ ਹਾਂ। ਉਹ 'ਮੈਂ' ਸਰੀਰ ਦੇ ਨਾਲ ਰਲ ਕੇ ਇਸ ਨੂੰ ਖਰਾਬ ਕਰਦੀ ਤੁਰੀ ਜਾ ਰਹੀ ਹੈ ਤੇ 'ਮੈਂ' ਦਾ ਜਿੰਨਾ ਚਿਰ ਅਭਾਵ ਨਹੀਂ ਹੁੰਦਾ, ਓਨਾ ਚਿਰ ਇਹ ਜੰਮਣ ਮਰਨ ਤੋਂ ਨਹੀਂ ਛੁਟਦਾ। ਸੋ 'ਮੈਂ' ਦੇ ਹੀ ਝਗੜੇ ਨੇ ਜਿੰਨੇ ਸੰਸਾਰ ਵਿਚ ਪਏ ਹੋਏ ਨੇ। ਜਦੋਂ ਤੱਕ 'ਮੈਂ' ਹੈ, ਝਗੜਾ ਕਾਇਮ ਹੈ। ਜਦੋਂ ਤੱਕ ਹਉਮੈ ਹੈ, ਓਨਾ ਚਿਰ ਜੰਮਣਾ ਮਰਨਾ ਪੂਰੀ ਤਰ੍ਹਾਂ ਦੇ ਨਾਲ ਗਲ ਪਿਆ ਹੋਇਆ ਹੈ ਜਦੋਂ 'ਮੈਂ' ਮਰ ਗਈ ਉਸੇ ਵੇਲੇ ਜੰਮਣਾ ਮਰਨਾ ਖਤਮ ਹੋ ਜਾਏਗਾ ਕਿਉਂਕਿ ਪ੍ਰਮੇਸ਼ਰ ਵਿਚ ਤੇ ਸਾਡੇ ਵਿਚ ਕੇਵਲ 'ਮੈਂ' ਦਾ ਪੜਦਾ ਹੈ -

***ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ॥***
***ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ॥***

***ਪੰਨਾ - 624***

ਇਸੇ ਨੇ ਸਾਨੂੰ ਪ੍ਰਮੇਸ਼ਰ ਨਾਲੋਂ ਵਿਛੋੜਿਆ ਹੋਇਆ ਹੈ। ਦੂਜਾ ਸਾਡੇ ਗਲ ਸੰਗਲ ਪਿਆ ਹੋਇਆ ਹੈ 'ਮਮਤਾ' ਦਾ। ਮਮਤਾ ਦੇ ਨਾਲ ਹੀ ਪਰਿਵਾਰ ਹੈ, ਜਾਇਦਾਦ ਹੈ। ਮਮਤਾ ਦੇ ਨਾਲ ਹੀ ਆਪਣੇ ਆਪ ਨੂੰ ਸਰੀਰ ਸਮਝਣਾ ਹੈ ਤੇ ਸਰੀਰ ਦੇ ਨਾਲ ਹੀ ਜਾਇਦਾਦ ਹੈ। ਸੋ ਇਨ੍ਹਾਂ ਦੋਹਾਂ ਚੀਜ਼ਾਂ ਨੂੰ ਮਾਰਨਾ ਪੈਂਦਾ ਹੈ। ਜਦੋਂ ਤੱਕ ਇਹ ਦੋ ਨਹੀਂ ਮਰਦੀਆਂ, ਉਦੋਂ ਤੱਕ ਇਹ ਮੁਰੀਦ ਨਹੀਂ ਹੁੰਦਾ -

***ਮੁਰਦਾ ਹੋਇ ਮੁਰੀਦ ਸੋ ਗੁਰ ਗੋਰਿ ਸਮਾਵੈ।***

***ਭਾਈ ਗੁਰਦਾਸ ਜੀ ਦੀ ਵਾਰ 9/22***

'ਸੋ' ਕਹਿ ਦਿੱਤਾ ਇਥੇ। ਬਾਕੀ ਮੁਰੀਦ ਨਹੀਂ ਹਨ, ਬਾਕੀ ਤਾਂ ਉਮੀਦਵਾਰ ਨੇ, ਮੁਰੀਦ ਨਹੀਂ ਅਜੇ ਬਣ ਸਕੇ। ਹੁਣ ਗੁਰੂ ਦੇ ਨਾਲ ਐਨਾ ਸਮਾਅ ਜਾਵੇ, ਤੁਸੀਂ ਦੋ ਵਾਜੇ ਵਜਦੇ ਦੇਖੋ ਕਦੇ - ਹਾਰਮੋਨੀਅਮ, ਉਨ੍ਹਾਂ ਦੋਹਾਂ ਦੀ ਸੁਰ ਇਕ ਹੁੰਦੀ ਹੈ, ਦੋ ਬੀਨਾਂ ਦੀ ਸੁਰ ਵੀ ਇਕ ਹੁੰਦੀ ਹੈ। ਦੋ ਬੰਸਰੀਆਂ ਵਜਦੀਆਂ ਹੋਣ, ਦੋਹਾਂ ਦੀ ਸੁਰ ਇਕ ਹੋਏਗੀ, ਦੋ ਤਬਲੇ ਵਜਦੇ ਹੋਣ, ਜੇ ਦੋਹਾਂ ਦੀ ਸੁਰ ਇਕ ਹੋਵੇ ਉਦੋਂ ਤੱਕ ਤਾਂ ਤਾਲ ਹੈ, ਜੇ ਸੁਰਾਂ ਨਿਖੜਵੀਆਂ ਹੋਣ, ਫੇਰ ਗਲਤ ਹੈ। ਜਦੋਂ ਸੰਗਤ ਸਾਰੀ ਬੋਲਦੀ ਹੈ, ਇਕ ਬੰਦਾ ਬੇਸੁਰਾ ਹੋਵੇ, ਉਹ ਵੱਖਰਾ ਨਜ਼ਰ ਆਉਂਦਾ ਹੈ, ਬਾਕੀ ਸਾਰੇ ਸਮਾਏ ਹੋਏ ਨੇ। ਸੋ ਇਸੇ ਤਰ੍ਹਾਂ ਦੇ ਨਾਲ ਆਪਣੀ ਸਾਰੀ 'ਮੈਂ' ਤੇ 'ਮੇਰੀ' ਨੂੰ ਮਾਰ ਕੇ ਗੁਰੂ ਦੇ ਵਿਚ ਸਮਾਅ ਜਾਵੇ, 'ਗੋਰ' ਅਰਥਾਤ 'ਕਬਰ' ਲਿਖਿਆ ਹੈ, ਗੁਰੂ ਦੀ ਕਬਰ ਵਿਚ, ਗੁਰੂ ਦੇ ਹਿਰਦੇ ਵਿਚ ਸਮਾਅ ਜਾਏਗਾ। ਫੇਰ ਉਹ ਕਰੇ ਕੀ? ਕਹਿੰਦੇ -

***ਸਬਦ ਸੁਰਤਿ ਲਿਵ ਲੀਣੁ ਹੋਇ ਓਹੁ ਆਪਿ ਗਵਾਵੈ॥ ਭਾਈ ਗੁਰਦਾਸ ਜੀ ਦੀ ਵਾਰ 9/22***

ਸਾਡਾ 'ਸਬਦ' ਤੇ 'ਸੁਰਤਿ' ਦਾ ਮਾਰਗ ਹੈ -

***ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥*** ***ਪੰਨਾ - 938***

'ਸਬਦ' ਬਾਰੇ ਸਾਨੂੰ ਪਤਾ ਨਹੀਂ ਲਗਦਾ ਕਿ 'ਸਬਦ' ਕੀ ਹੈ? ਅਸੀਂ ਸਮਾਈਏ ਕਿਵੇਂ? ਜਦੋਂ ਤੱਕ ਗੁਰੂ ਦੀ ਸ਼ਰਨ ਨਹੀਂ ਲੈਂਦੇ ਉਦੋਂ ਤੱਕ 'ਸਬਦ' ਪ੍ਰਾਪਤ ਨਹੀਂ ਹੁੰਦਾ। ਗੁਰੂ ਪੂਰਾ ਹੋਵੇ ਤਾਂ 'ਸਬਦ' ਚੱਲ ਪੈਂਦਾ ਹੈ, ਨਾ ਪੂਰਾ ਹੋਵੇ ਤਾਂ 'ਸਬਦ' ਦੀ ਸੰਭਾਲ ਨਹੀਂ ਹੁੰਦੀ। ਗੁਰੂ ਘਰ ਦੇ ਅੰਦਰ ਪੰਜ ਪਿਆਰੇ 'ਸਬਦ' ਦੀ ਦਾਤ ਦਿੰਦੇ ਨੇ। ਇਸ ਨੂੰ 'ਗੁਰ ਸਬਦ' ਕਹਿੰਦੇ ਨੇ, 'ਗੁਰ ਮੰਤ੍ਰ' ਕਹਿੰਦੇ ਨੇ। ਜੋ ਗੁਰੂ ਦਿੰਦਾ ਹੈ ਉਹ 'ਗੁਰ ਸਬਦ' ਹੈ। ਬਾਰ-ਬਾਰ ਗੁਰੂ ਗ੍ਰੰਥ ਸਾਹਿਬ ਵਿਚ ਆਉਂਦਾ ਹੈ 'ਗੁਰੂ ਸ਼ਬਦ' ਦੇ ਬਾਰੇ, 'ਗੁਰ ਮੰਤ੍ਰ' ਬਾਰੇ। ਉਸ ਮੰਤਰ ਦੇ ਨਾਲ ਅਸੀਂ ਅੰਦਰਲੇ ਸ਼ਬਦ ਵਿਚ ਲੀਨ ਹੋਣਾ ਹੈ, ਸੁਰਤ ਨੂੰ ਫੜਨਾ ਹੈ ਅਸੀਂ ਅੰਦਰੋਂ। ਜੇ ਸ਼ਬਦ ਜੀਭ ਦੇ ਉੱਤੇ ਚਲਦਾ ਹੈ ਤੇ ਸੁਰਤ ਨਹੀਂ ਫੜੀ ਗਈ ਅਜੇ ਤਾਂ ਅਜੇ ਲਿਵਲੀਨਤਾ ਦੀ ਅਵਸਥਾ ਨਹੀਂ ਆਈ। ਹੌਲੀ-ਹੌਲੀ ਚੜ੍ਹਦੇ-ਚੜ੍ਹਦੇ ਜਿਥੇ 'ਆਗਿਆ ਚੱਕਰ' ਹੈ, ਦੋਏ ਅੱਖਾਂ ਤੇ ਨੱਕ ਦੀ ਜੜ੍ਹ ਵਿਚ ਜਦੋਂ ਗੁਰਸਿੱਖ ਦੀ ਬਿਰਤੀ ਪਹੁੰਚ ਜਾਂਦੀ ਹੈ ਤਾਂ ਇਥੇ ਆ ਕੇ ਉਹ ਸ਼ਬਦ, ਧੁਨ ਬਣ ਜਾਂਦਾ ਹੈ। ਉਹ ਧੁਨ ਹੀ ਅਸਲੀ ਚੀਜ਼ ਹੈ -

***ਪ੍ਰਥਮ ਓਅੰਕਾਰ ਤਿਨ ਕਹਾ॥***
***ਸੋ ਧੁਨ ਪੂਰ ਜਗਤ ਮੋ ਰਹਾ॥***

ਗੁਰੂ ਦਸਵੇਂ ਪਾਤਿਸ਼ਾਹ ਲਿਖਦੇ ਨੇ ਕਿ ਸਾਰਿਆਂ ਤੋਂ ਪਹਿਲਾਂ ਨਿਰੰਕਾਰ ਤੋਂ ਏਕੰਕਾਰ ਹੋ ਕੇ, ਏਕੰਕਾਰ ਜੀ ਨੇ ਇਕ ਸ਼ਬਦ ਦਾ ਉਚਾਰਨ ਕੀਤਾ ਜਿਸ ਨੂੰ ਓਅੰਕਾਰ ਕਹਿੰਦੇ ਨੇ, ਉਸ ਨੇ ਸਾਰਿਆਂ ਤੋਂ ਪਹਿਲਾਂ 'ਓਅੰਕਾਰ' ਦੀ ਆਵਾਜ਼ ਦਿੱਤੀ। ਕਿੱਡੀ ਤਕੜੀ ਹੋਏਗੀ ਪ੍ਰਮੇਸ਼ਰ ਦੀ ਅਵਾਜ਼ -

***ਕੀਤਾ ਪਸਾਉ ਏਕੋ ਕਵਾਉ॥*** ***ਪੰਨਾ - 3***

ਇਸ ਨੂੰ 'ਕਵਾਉ' ਵੀ ਕਹਿੰਦੇ ਨੇ -

***ਏਕ ਕਵਾਵੈ ਤੇ ਸਭਿ ਹੋਆ॥*** ***ਪੰਨਾ - 1003***

ਸਾਰੇ ਸੰਸਾਰ ਦੀ ਰਚਨਾ ਇਕ ਸ਼ਬਦ ਤੋਂ ਹੋਈ ਹੈ -

***ਉਤਪਤਿ ਪਰਲਉ ਸਬਦੇ ਹੋਵੈ॥***
***ਸਬਦੇ ਹੀ ਫਿਰਿ ਓਪਤਿ ਹੋਵੈ॥*** ***ਪੰਨਾ - 117***

ਦਿਨ ਰਾਤ ਸਭ ਸਬਦ ਤੋਂ ਹੋ ਗਏ। ਇਹ ਗੱਲ ਸਾਡੇ ਆਮ ਸਧਾਰਨ ਮਨਾਂ ਦੇ ਸਮਝ 'ਚ ਆਉਣ ਵਾਲੀ ਨਹੀਂ ਹੈ ਪਰ ਸਾਇੰਸ ਬਹੁਤ ਨੇੜੇ ਪਹੁੰਚ ਗਈ। ਉਹ ਕਹਿੰਦੇ ਸਾਰੀ ਰਚਨਾ Big bang (ਵੱਡਾ ਧਮਾਕਾ ਜਿਸ ਨਾਲ ਸ੍ਰਿਸ਼ਟੀ ਬਣੀ) 'ਚੋਂ ਹੋਈ ਹੈ। big bang ਕਹਿੰਦੇ ਨੇ ਵੱਡਾ ਧਮਾਕਾ ਹੋਇਆ ਹੈ ਕੋਈ, ਅਵਾਜ਼ ਆਈ ਹੈ ਕਿਸੇ ਪਾਸਿਓਂ। ਅਵਾਜ਼ ਕਿਥੋਂ ਆਈ, ਇਸ ਗੱਲ ਦਾ ਸਾਇੰਸ ਨੂੰ ਪਤਾ ਨਹੀਂ ਲਗਦਾ ਕਿਉਂਕਿ ਪ੍ਰਾਕ੍ਰਿਤਿਕ ਸੰਦ (ਔਜ਼ਾਰ) ਨੇ ਉਸ ਦੇ ਕੋਲ, ਜਿਹੜੇ ਪ੍ਰਾਕਿਰਤੀ ਦੀ ਹੱਦ ਤੱਕ ਤਾਂ ਜਾ ਸਕਦੇ ਨੇ, ਜਿਥੇ ਪ੍ਰਾਕਿਰਤੀ ਨਹੀਂ ਹੈ, ਕੇਵਲ ਚੇਤਨ ਹੈ, ਉਸ ਦੇ ਬਾਰੇ ਸਾਇੰਸ ਨਹੀਂ ਜਾਣ ਸਕਦੀ। ਲੇਕਿਨ ਇਸ ਨੂੰ ਪਤਾ ਲੱਗ ਗਿਆ ਕਿ ਇਕ ਸ਼ਬਦ ਹੋਇਆ ਤੇ ਉਹ ਸ਼ਬਦ ਫੈਲਿਆ, ਜਿਥੇ-ਜਿਥੇ ਫੈਲਦਾ ਗਿਆ ਉਥੇ-ਉਥੇ ਰਚਨਾ ਹੁੰਦੀ ਗਈ ਤੇ ਉਸ ਸ਼ਬਦ ਨੇ ਹੀ ਸਾਰੇ ਸੰਸਾਰ ਨੂੰ ਧਾਰਨ ਕੀਤਾ ਹੋਇਆ ਹੈ -

***ਨਾਮ ਕੇ ਧਾਰੇ ਸਗਲੇ ਜੰਤ॥***
***ਨਾਮ ਕੇ ਧਾਰੇ ਖੰਡ ਬ੍ਰਹਮੰਡ॥*** ***ਪੰਨਾ - 284***

ਸੋ ਮਹਾਰਾਜ ਜੀ ਕਹਿੰਦੇ -

***ਪ੍ਰਥਮ ਓਅੰਕਾਰ ਤਿਨ ਕਹਾ॥***

***ਸੋ ਧੁਨ ਪੂਰ ਜਗਤ ਮੋ ਰਹਾ॥***

ਸਾਰਿਆਂ ਤੋਂ ਪਹਿਲਾਂ ਓਅੰਕਾਰ ਦੀ ਅਵਾਜ਼ ਹੋਈ।

ਉਹ ਧੁਨੀ ਸਾਰੇ ਸੰਸਾਰ ਦੇ ਅੰਦਰ ਪੂਰਨ ਰੂਪ ਵਿਚ ਹੁਣ ਵੀ ਕਾਇਮ ਹੈ। ਕਿਉਂਕਿ ਸ਼ਬਦ ਦਾ ਇਹ ਹੈ ਕਿ ਜਦੋਂ ਅਕਾਸ਼ ਵਿਚ ਦਾਖਲ ਹੋ ਜਾਂਦਾ ਹੈ ਇਹ ਫੇਰ ਮਰਦਾ ਨਹੀਂ ਹੈ, ਇਹ ਤੁਰਿਆ ਹੀ ਜਾਂਦਾ ਹੈ, ਅਵਾਜ਼ ਇਸ ਵਿਚ ਮੱਧਮ ਪੈ ਜਾਂਦੀ ਹੈ ਪਰ ਦਿਬਜ ਸ਼ਬਦ ਜੋ ਹੈ ਉਸ ਦੀ ਆਵਾਜ਼ ਮੱਧਮ ਨਹੀਂ ਪੈਂਦੀ, ਉਹ ਸਾਰੀ ਪ੍ਰਾਕਿਰਤੀ ਦੇ ਅੰਦਰ ਸਮਾਇਆ ਹੋਇਆ ਹੈ, ਸਾਡੇ ਅੰਦਰ ਵੀ ਸਮਾਇਆ ਹੋਇਆ ਹੈ। ਉਸ ਸ਼ਬਦ ਨੂੰ ਅਸੀਂ ਅੰਦਰੋਂ ਖੋਜਣਾ ਹੈ, ਉਸੇ ਨੂੰ ਏਕ ਸ਼ਬਦ ਕਹਿੰਦੇ ਨੇ –

***ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ॥ ਪੰਨਾ – 795***

ਸਿਧਾਂ ਨੇ ਪੁਛਿਆ ਸੀ, ਹੇ ਗੁਰੂ ਨਾਨਕ! ਇਹ ਤਾਂ ਦੱਸ ਜਿਹੜਾ ਸ਼ਬਦ ਹੋਇਆ –

***ਸੋ ਸਬਦ ਕਾ ਕਹਾ ਬਾਸ ਕਥੀਅਲੇ॥***

ਉਹ ਕਿਥੇ ਰਹਿੰਦਾ ਸੀ ਪਹਿਲਾਂ – ਏਕੰਕਾਰ ਦੇ ਅੰਦਰ? ਮਹਾਰਾਜ ਜੀ ਕਹਿੰਦੇ ਕਿ ਉਹ ਸੁੰਨ ਵਿਚ ਰਹਿੰਦਾ ਸੀ, ਅਫੁਰ ਅਵਸਥਾ ਵਿਚ ਉਸ ਦਾ ਟਿਕਾਣਾ ਸੀ। ਆਪੇ ਹੀ ਨਿਰੰਕਾਰ ਨਿਰਗੁਣ ਹੈ ਤੇ ਆਪੇ ਹੀ ਸਰਗੁਣ ਹੈ –

***ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ॥***
***ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ॥***

***ਪੰਨਾ – 290***

ਉਸ ਸ਼ਬਦ ਦੇ ਵਿਚ ਅਸੀਂ ਲਿਵ ਲਾਉਣੀ ਹੈ। ਪਹਿਲਾਂ ਤਾਂ ਇਹ 'ਗੁਰੂ ਸ਼ਬਦ' ਹੈ। ਗੁਰੂ ਸ਼ਬਦ ਦੇ ਵਿਚ ਜਦੋਂ ਤੁਸੀਂ ਇਕਾਗਰ ਚਿਤ ਹੋਣਾ ਹੈ, ਮਿਹਨਤ ਕਰਨੀ ਹੈ। ਐਵੇਂ ਤਾਂ ਨਹੀਂ ਲਗਦੀ ਸਾਧ ਸੰਗਤ ਜੀ! ਬਿਲਕੁਲ ਹੀ ਖਿਆਲ ਛੱਡ ਦਿਓ ਇਸ ਗੱਲ ਦਾ, ਇਹ ਤਾਂ ਗੁਰੂ ਕਿਰਪਾ ਹੀ ਕਿਸੇ ਤੇ ਬਹੁਤ ਜ਼ਿਆਦਾ ਹੋ ਜਾਵੇ ਜਾਂ ਪਿਛਲੇ ਜਨਮਾਂ ਦੀ ਕਮਾਈ ਬਹੁਤ ਜਬਰਦਸਤ ਹੋਵੇ ਫੇਰ ਤਾਂ ਸ਼ਬਦ ਲੱਭ ਜਾਂਦਾ ਹੈ ਛੇਤੀ, ਨਹੀਂ ਤਾਂ ਹਜ਼ਾਰਾਂ ਹੀ ਆਵਾਜ਼ਾਂ ਨੇ ਸਾਡੇ ਅੰਦਰ, ਉਨ੍ਹਾਂ ਦੇ ਵਿਚੋਂ ਉਸ ਸ਼ਬਦ ਨੂੰ ਲੱਭਣਾ ਬਹੁਤ ਹੀ ਇਕਾਗਰਤਾ ਦੀ ਬਾਤ ਹੈ। ਚਿਤ ਇਕਾਗਰ ਹੋਵੇ ਤੇ ਫੁਰਨਾ ਕੋਈ ਨਾ ਹੋਵੇ, ਸੂਖਸ਼ਮ ਤੋਂ ਸੂਖਸ਼ਮ ਹੁੰਦਾ ਜਾਵੇ, ਸਰੀਰ ਵੀ ਭੁੱਲ ਜਾਵੇ, ਸ੍ਵਾਸ ਵੀ ਭੁੱਲ ਜਾਵੇ ਫੇਰ ਕਿਤੇ ਉਸ ਸ਼ਬਦ ਦੀ ਸੋਝੀ ਆਉਂਦੀ ਹੈ। ਉਸ ਸ਼ਬਦ ਤੱਕ ਜਾਣ ਵਾਸਤੇ ਪੰਜ ਸਵਾਰੀਆਂ ਨੇ ਰਾਹ ਵਿਚ, ਤੇ ਬਦਲਦੇ ਜਾਂਦੇ ਨੇ; ਉਨ੍ਹਾਂ ਨੂੰ 'ਪੰਚ ਸ਼ਬਦ' ਕਹਿੰਦੇ ਨੇ, ਉਨ੍ਹਾਂ ਦੇ ਸਿਰੇ ਤੇ ਉਹ ਸ਼ਬਦ ਹੈ। ਸੋ ਮਹਾਰਾਜ ਜੀ ਕਹਿੰਦੇ, ਉਸ ਦੇ ਨਾਲ ਲਿਵ ਲਾ –

***ਸਬਦ ਸੁਰਤਿ ਲਿਵ ਲੀਣੁ ਹੋਇ...........॥***

***ਭਾਈ ਗੁਰਦਾਸ ਜੀ ਦੀ ਵਾਰ 9/22***

ਜਦੋਂ ਉਹ ਸ਼ਬਦ ਲੱਭ ਜਾਏਗਾ, ਪਹਿਲਾਂ ਹੇਠਲੇ ਵੀ ਲੱਭ ਜਾਣ। ਜੇ ਨਾਮ ਦੀ ਵੀ ਧੁਨ ਬਣ ਜਾਵੇ ਤਾਂ ਵੀ ਲਿਵਲੀਨ ਹੋ ਜਾਂਦਾ ਹੈ, ਫੁਰਨਾ ਮਰ ਜਾਂਦਾ ਹੈ ਪਰ ਇਸ ਨਾਮ ਨੇ, ਗੁਰੂ ਦੇ ਸ਼ਬਦ ਨੇ ਸਾਨੂੰ ਉਸ ਸ਼ਬਦ ਵਿਚ ਪਹੁੰਚਾ ਦੇਣਾ ਹੈ ਜਿਸ ਨੂੰ 'ਆਦਿ ਸ਼ਬਦ' ਕਹਿੰਦੇ ਨੇ –

***ਓਅੰ ਆਦਿ ਕਥਨੀ ਅਨਾਦਿ॥***

ਜਿਸ ਨੂੰ ਗੁਰੂ ਨਾਨਕ ਪਾਤਿਸ਼ਾਹ ਨੇ ਏਕੰਕਾਰ ਤੋਂ ਬਾਅਦ ਲਿਖਿਆ ਹੈ। ਇਕ ਓਅੰਕਾਰ (ੴ) ਦੋਵੇਂ ਇਕੱਠੇ ਕਰ ਦਿੱਤੇ ਕਿ ਐਂ ਫਰਕ ਨਾ ਸਮਝ ਲਿਓ ਕਿ ਏਕੰਕਾਰ ਹੋਰ ਹੈ ਤੇ ਸ਼ਬਦ ਹੋਰ ਹੈ। ਉਹ ਇਕੋ

ਹੀ ਹੈ, ਉਸ ਤੋਂ ਹੀ ਸਾਰਾ ਪਸਾਰਾ ਹੋਇਆ ਹੈ।

*ਓਅੰਕਾਰਿ ਸੈਲ ਜੁਗ ਭਏ॥*
*ਓਅੰਕਾਰਿ ਬੇਦ ਨਿਰਮਏ॥* *ਪੰਨਾ - 929*

ਆਹ ਜਿਹੜਾ ਗਿਆਨ ਹੈ ਇਹ ਸਾਰਾ ਉਸ ਸ਼ਬਦ 'ਚੋਂ ਪੈਦਾ ਹੋਇਆ ਹੈ, ਉਸ ਦੇ ਵਿਚੋਂ ਹੀ ਆਹ ਸੈਲ ਗਿਰ, ਪਹਾੜ, ਪੱਥਰ, ਮਾਦਾ ਆਦਿ ਸਾਰਾ ਉਸ ਦੇ ਵਿਚੋਂ ਹੀ ਹੋਇਆ ਹੈ। ਸੋ ਓਸ ਸ਼ਬਦ ਦੇ ਅੰਦਰ ਜਦੋਂ ਸਾਡੀ ਸੁਰਤ ਲਿਵਲੀਨ ਹੁੰਦੀ ਹੈ, ਇਹ ਓਸ ਗੁਰਸਿੱਖ ਬਾਰੇ ਗੱਲ ਕਰ ਰਹੇ ਨੇ ਜੋ ਸਿੱਖੀ ਦੀ ਪਦਵੀ ਤੇ ਪਹੁੰਚਿਆ ਹੋਇਆ ਹੈ -

*ਸਬਦ ਸੁਰਤਿ ਲਿਵ ਲੀਣੁ ਹੋਇ ਓਹੁ ਆਪੁ ਗਵਾਵੈ॥*
*ਭਾਈ ਗੁਰਦਾਸ ਜੀ ਦੀ ਵਾਰ 9/22*

ਫੇਰ ਕੀ ਹੋਏਗਾ? ਉਸ ਦੇ ਵਿਚੋਂ 'ਮੈਂ' ਤਾਂ ਮਰ ਹੀ ਜਾਣੀ ਹੈ ਕਿਉਂਕਿ -

*ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥* *ਪੰਨਾ - 560*

ਜਾਂ 'ਹਉਮੈ' ਹੋਏਗੀ ਜਾਂ 'ਨਾਮ' ਹੋਏਗਾ। ਜਿੰਨਾ ਚਿਰ 'ਮੈਂ' ਹੈ ਓਨਾ ਚਿਰ 'ਨਾਮ' ਨਹੀਂ ਹੈ, ਜਦੋਂ ਨਾਮ ਆ ਗਿਆ ਫੇਰ 'ਮੈਂ' ਖਤਮ ਹੋ ਜਾਂਦੀ ਹੈ। ਫੇਰ ਕਹਿੰਦੇ -

*ਤਨ ਧਰਤੀ ਕਰਿ ਧਰਮਸਾਲ ...............॥*
*ਭਾਈ ਗੁਰਦਾਸ ਜੀ ਦੀ ਵਾਰ 9/22*

ਤਨ ਦੀ ਧਰਤੀ ਬਣਾ ਦੇ ਤੇ ਇਸ ਨੂੰ ਧਰਮਸਾਲ ਬਣਾ ਲੈ, ਆਪਾ ਗੁਆ ਦੇ, ਧਰਮਸਾਲ ਦੇ ਵਿਚ ਤਾਂ ਧਰਮ ਬੀਜਿਆ ਜਾਂਦਾ ਹੈ। ਸੋ ਉਸ ਤਨ ਦੇ ਵਿਚ, ਕਿਰਸਾਣੀ ਕਰ-

*ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥* *ਪੰਨਾ - 595*

ਏਥੇ ਤਨ ਨੂੰ ਖੇਤ ਕਿਹਾ ਹੈ, ਇਥੇ ਭਾਈ ਗੁਰਦਾਸ ਜੀ ਨੇ ਤਨ ਨੂੰ ਧਰਮਸਾਲ ਕਿਹਾ ਹੈ। ਇਸ ਤਨ ਰੂਪੀ ਧਰਮਸਾਲਾ ਦੇ ਵਿਚ ਜਿਹਾ ਕੋਈ ਬੀਜੇਗਾ -

*ਸਤਿਗੁਰ ਪੁਰਖੁ ਅਗੰਮੁ ਹੈ, ਨਿਰਵੈਰੁ ਨਿਰਾਲਾ।*
*ਜਾਣਹੁ ਧਰਤੀ ਧਰਮ ਕੀ, ਸਚੀ ਧਰਮਸਾਲਾ।*
*ਭਾਈ ਗੁਰਦਾਸ ਜੀ ਦੀ ਵਾਰ 34/1*

ਇਹ ਧਰਮਸਾਲਾ ਹੈ, ਧਰਮ ਦੀ ਧਰਤੀ ਹੈ ਇਸ ਦੇ ਵਿਚ ਨਾਮ ਬੀਜ -

*............. ਮਨੁ ਦਭੁ ਵਿਛਾਵੈ॥*
*ਭਾਈ ਗੁਰਦਾਸ ਜੀ ਦੀ ਵਾਰ 9/22*

ਤੇ ਹੇਠਾਂ ਬੈਠਣ ਵਾਸਤੇ ਮਨ ਨੂੰ ਵਿਛਾ ਦੇ ਕਿਉਂਕਿ ਮਨ ਜੇ ਹੇਠਾਂ ਨਾ ਗਿਆ ਤਾਂ ਇਸ ਨੇ ਮਰਨਾ ਨਹੀਂ ਹੈ, ਇਸ ਤੇ ਤੱਤੇ ਠੰਡੇ ਦਾ ਅਸਰ ਹੋਣਾ ਹੈ। ਕਦੇ ਗੁਸੇ ਹੋ ਗਿਆ, ਕਦੇ ਰਾਜ਼ੀ ਹੋ ਗਿਆ, ਕਦੇ ਖੁਸ਼ ਹੋ ਗਿਆ, ਕਦੇ ਉਦਾਸ ਹੋ ਗਿਆ ਕਿਉਂਕਿ ਇਸ ਦੀ ਦੱਭ ਨਹੀਂ ਵਿਛਾਈ, ਨੀਵਾਂ ਨਹੀਂ ਕਰਿਆ -

*ਲਤਾਂ ਹੇਠਿ ਲਤਾੜੀਐ ਗੁਰ ਸਬਦੁ ਕਮਾਵੈ॥*
*ਭਾਈ ਗੁਰਦਾਸ ਜੀ ਦੀ ਵਾਰ 9/22*

ਤੇ ਕਹਿੰਦੇ ਲੱਤਾਂ ਦੇ ਹੇਠ ਲਿਤਾੜਿਆ ਜਾਂਦਾ ਹੈ, ਮਾਣ ਅਪਮਾਨ ਤੋਂ ਰਹਿਤ ਹੋ ਜਾਂਦਾ ਹੈ ਸਿੱਖ -

***ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ॥ ਪੰਨਾ - 528***

ਕਹੀ ਜਾਓ ਇਹ ਤੁਹਾਡਾ ਫਰਜ਼ ਹੈ, ਭਲਾ ਕਹੋ ਜਾਂ ਬੁਰਾ, ਮੈਂ ਤਾਂ ਇਹ ਕਹਿੰਦਾ ਹਾਂ ਕਿ –

***ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥***
***ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ॥***

***ਪੰਨਾ - 1364***

ਉਹ ਲਤਾੜਿਆ ਜਾਂਦਾ ਹੈ। ਕੋਈ ਕੌੜਾ ਬਚਨ ਕਹਿੰਦਾ ਹੈ, ਕੋਈ ਉਪਮਾ ਕਰਦਾ ਹੈ, ਉਹ ਦੋਹਾਂ ਗੱਲਾਂ ਦੀ ਪਰਵਾਹ ਨਹੀਂ ਕਰਦਾ।

***ਲਤਾਂ ਹੇਠਿ ਲਤਾੜੀਐ ਗੁਰ ਸਬਦੁ ਕਮਾਵੈ॥***

***ਭਾਈ ਗੁਰਦਾਸ ਜੀ ਦੀ ਵਾਰ 9/22***

ਉਹ ਕਮਾਈ ਕਰਦਾ ਹੈ ਸ਼ਬਦ ਦੀ, ਉਸ ਨੂੰ ਹੋਰ ਕੋਈ ਮੰਤਵ ਹੁੰਦਾ ਹੀ ਨਹੀਂ – ਨਾ ਖਾਣ ਪੀਣ ਦਾ, ਨਾ ਉਸਤਤ ਦਾ, ਨਾ ਵਾਕਫੀਆਂ ਦਾ, ਉਹ ਤਾਂ ਗੁਰੂ ਦੇ ਸ਼ਬਦ ਦੀ ਕਮਾਈ ਕਰਦਾ ਹੈ। ਸਾਧ ਸੰਗਤ ਜੀ! ਗੁਰੂ ਦੇ ਸ਼ਬਦ ਦੀ ਕਮਾਈ ਕਰਨ ਵਾਸਤੇ ਇਕ ਜੀਵਨ ਬਹੁਤ ਥੋੜ੍ਹੀ ਚੀਜ਼ ਹੈ, ਸੈਂਕੜੇ ਜੀਵਨ ਬਾਰ-ਬਾਰ ਮਿਲਣ ਤਾਂ ਜਾ ਕੇ ਗੁਰੂ ਦੇ ਸ਼ਬਦ ਦੀ ਕਮਾਈ ਹੁੰਦੀ ਹੈ। ਸਭ ਤੋਂ ਔਖੀ ਚੀਜ਼ ਹੈ ਗੁਰੂ ਦੇ ਸ਼ਬਦ ਦੀ ਕਮਾਈ ਕਰਨੀ –

***ਭਾਇ ਭਗਤਿ ਨੀਵਾਣੁ ਹੋਇ ............॥ ਭਾਈ ਗੁਰਦਾਸ ਜੀ ਦੀ ਵਾਰ 9/22***

ਫੇਰ ਨੀਵਾਂ ਹੋ ਜਾਵੇ, ਪਿਆਰ ਉਸ ਦੇ ਹਿਰਦੇ ਵਿਚ ਪੈਦਾ ਹੋ ਜਾਵੇ। ਭਗਤੀ ਉਸ ਦੇ ਸਰੀਰ ਰਾਹੀਂ ਹੋਣੀ ਸ਼ੁਰੂ ਹੋ ਜਾਵੇ। ਇਹ ਨੌਂ ਤਰ੍ਹਾਂ ਦੀ ਭਗਤੀ ਹੁੰਦੀ ਹੈ – ਸਰਵਣ ਭਗਤੀ, ਕੀਰਤਨ ਭਗਤੀ, ਸਿਮਰਨ ਭਗਤੀ, ਨਮਸ਼ਕਾਰ ਭਗਤੀ, ਧਿਆਨ ਭਗਤੀ, ਪੂਜਾ ਭਗਤੀ ਆਦਿ। ਸਾਰੀਆਂ ਭਗਤੀਆਂ ਨੂੰ ਫਲ ਪ੍ਰੇਮਾ ਭਗਤੀ ਦਾ ਲਗਦਾ ਹੈ। ਪ੍ਰੇਮਾ ਭਗਤੀ ਜਦੋਂ ਆ ਜਾਏ, 'ਭਾਇ ਭਗਤਿ' ਜਦੋਂ ਆ ਜਾਵੇ, ਉਸ ਵੇਲੇ ਫੇਰ 'ਪਰਾ ਭਗਤੀ' ਹੁੰਦੀ ਹੈ। ਇਸ ਵਿਚ ਆਪਣਾ ਕੁਝ ਨਹੀਂ ਬਚਦਾ ਸਭ ਗੁਰੂ ਨੂੰ ਅਰਪਣ ਕਰ ਦਿੰਦਾ ਹੈ। ਜਦੋਂ ਇਸ ਤੋਂ ਵੀ ਉਪਰ ਲੰਘ ਜਾਂਦਾ ਹੈ ਤਾਂ ਆਪ ਬਿਲਕੁਲ ਗੁੰਮ ਹੋ ਜਾਂਦਾ ਹੈ ਤੇ ਹਰ ਪਾਸੇ ਇਸ ਨੂੰ ਪ੍ਰਮੇਸ਼ਰ ਨਿਰੰਕਾਰ ਹੀ ਨਜ਼ਰ ਆਉਂਦਾ ਹੈ, ਹੋਰ ਕੋਈ ਦੂਜਾ ਦਿਸਣ ਤੋਂ ਹਟ ਜਾਂਦਾ ਹੈ। ਸੋ –

***ਭਾਇ ਭਗਤਿ ਨੀਵਾਣੁ ਹੋਇ ਗੁਰਮਤਿ ਠਹਰਾਵੈ।***

***ਭਾਈ ਗੁਰਦਾਸ ਜੀ ਦੀ ਵਾਰ 9/22***

ਗੁਰੂ ਗ੍ਰੰਥ ਸਾਹਿਬ ਦੇ ਅੰਦਰ ਗੁਰੂ ਦੀ ਮੱਤ ਹੈ, ਸਾਡੇ ਅੰਦਰ ਤੇ ਹੋਰ ਸਾਰੀਆਂ ਕਿਤਾਬਾਂ ਦੇ ਅੰਦਰ 'ਮਨਮਤਿ' ਹੈ। 'ਮਨਮਤਿ' ਨੂੰ ਤਾਂ ਠਹਿਰਨ ਨਾ ਦੇਵੇ ਅੰਦਰ। ਬਹੁਤ ਸਾਰੇ ਪ੍ਰੇਮੀ ਮਨਮਤਿ ਨੇ ਮਾਰ ਲਏ। ਬੇਅੰਤ ਕਿਤਾਬਾਂ ਨੇ ਲਿਖੀਆਂ ਹੋਈਆਂ, ਲਿਖੀ ਹੀ ਜਾਂਦੇ ਨੇ, ਦਿਨ ਰਾਤ ਛਪੀ ਜਾਂਦੀਆਂ ਨੇ। ਕਿੰਨੀ ਕੁ ਗੁਰੂ ਦੀ ਮਤਿ ਦੇ ਨਾਲ ਰਲਦੀਆਂ ਨੇ, ਕਿੰਨੀਆਂ-ਕੁ ਮਨ ਦੀ ਮੱਤ ਦੇ ਨਾਲ ਰਲਦੀਆਂ ਨੇ? ਐਨਾ ਤਾਂ ਵਿਹਲ ਹੀ ਨਹੀਂ ਕਿਸੇ ਨੂੰ ਕਿ ਇਕੱਲੀ ਇਕੱਲੀ ਕਿਤਾਬ ਬਾਰੇ ਦੱਸ ਸਕੇ। ਪੜ੍ਹ ਲਓ, ਪੜ੍ਹਨ ਦਾ ਕੋਈ ਹਰਜ਼ ਨਹੀਂ ਪਰ ਮੱਤ ਠਹਿਰਨ ਨਾ ਦੇਵੇ ਅੰਦਰ, ਜੇ ਠਹਿਰਨੀ ਹੈ ਤਾਂ ਗੁਰੂ ਗ੍ਰੰਥ ਸਾਹਿਬ ਜੀ ਦੀ ਮੱਤ ਠਹਿਰੇ। ਸੋ ਏਸ ਤਰ੍ਹਾਂ –

***ਭਾਇ ਭਗਤਿ ਨੀਵਾਣੁ ਹੋਇ ਗੁਰਮਤਿ ਠਹਿਰਾਵੈ।***
***ਵਰਸੈ ਨਿਝਰ ਧਾਰ ਹੋਇ ਸੰਗਤਿ ਚਲਿ ਆਵੈ॥***

***ਭਾਈ ਗੁਰਦਾਸ ਜੀ ਦੀ ਵਾਰ 9/22***

ਸੰਗਤ ਵਿਚ ਚਲ ਕੇ ਆਵੇ ਤੇ ਇਥੇ ਫੇਰ ਬਰਸੇ, ਜਿਵੇਂ ਝੜੀ ਲਾ ਕੇ ਮੀਂਹ ਵਰਸਦਾ ਹੈ ਇਸ ਤਰ੍ਹਾਂ ਪ੍ਰੇਮ ਵਿਚ ਆ ਕੇ ਹਰੀ ਦੇ ਜਸ ਵਿਚ ਬਰਸੇ। ਸੋ ਉਸ ਦੇ ਅੰਦਰ ਪਰਉਪਕਾਰ, ਖਿਮਾ, ਧੀਰਜ, ਨਿਮਰਤਾ, ਪ੍ਰੇਮ, ਭਗਤੀ, ਸੰਕਲਪ ਵਿਕਲਪ ਤੇ ਵਾਸ਼ਨਾ ਰਹਿਤ ਹੋ ਜਾਂਦਾ ਹੈ, ਖ਼ੁਦੀ ਰਹਿਤ ਹੋ ਜਾਂਦਾ ਹੈ ਤੇ ਗੁਰੂ ਵਿਚ ਇਕ ਰਸ ਇਕ ਲਿਵਤਾਰ ਹੋ ਕੇ ਅਭੇਦ ਹੋ ਜਾਂਦਾ ਹੈ। ਫੇਰ ਉਸ ਨੂੰ ਅਭੇਦ ਗੁਰਸਿਖ ਕਹਿੰਦੇ ਨੇ, ਗੁਰੂ ਵਿਚ ਸਮਾਅ ਜਾਂਦਾ ਹੈ, ਗੁਰੂ ਸ਼ਬਦ ਦੀ ਲਿਵਤਾਰ ਦੇ ਵਿਚ ਆਪਾ ਗਵਾ ਦਿੰਦਾ ਹੈ, ਫੁਰਨੇ ਸਾਰੇ ਗੁਆ ਦਿੰਦਾ ਹੈ ਤੇ ਉਸੇ ਦਾ ਰੂਪ ਬਣ ਜਾਂਦਾ ਹੈ। ਸਾਧ ਸੰਗਤ ਵਿਚ ਆ ਕੇ ਤਨੋ ਮਨੋ ਨਿਰਮਾਣ ਸੇਵਾ ਕਰਦਾ ਹੈ, ਕੁਝ ਬਣ ਕੇ ਨਹੀਂ ਦਿਖਾਉਂਦਾ। ਜਿਹੜਾ ਸਾਧ ਸੰਗਤ ਵਿਚ ਆ ਕੇ ਸੇਵਾ ਵੀ ਕਰਦਾ ਹੈ ਤੇ ਕੁਝ ਬਣ ਕੇ ਵੀ ਦਿਖਾਵੇ ਤਾਂ ਮਹਾਰਾਜ ਜੀ ਕਹਿੰਦੇ, ਨਾ ਪ੍ਰੇਮੀਆ! ਤੇਰੀ ਸੇਵਾ ਥਾਂ ਨਹੀਂ ਪੈ ਰਹੀ, ਤੂੰ ਹੋਸ਼ ਵਿਚ ਆ, ਬਣ ਕੇ ਨਾ ਵਿਖਾਈ ਕੁਝ! ਸ਼ੁਕਰ ਵਿਚ ਰਹਿ ਕਿ ਹੇ ਪ੍ਰਭੂ! ਤੂੰ ਮੇਰੇ ਵਰਗੇ ਨੂੰ ਵੀ ਸੇਵਾ ਵਿਚ ਲਾ ਲਿਆ, ਫੇਰ ਤਾਂ ਸੇਵਾ ਥਾਂ ਪੈਂਦੀ ਹੈ; ਜੇ ਬਣ ਕੇ ਦਿਖਾ ਦਿੱਤਾ ਫੇਰ ਹਉਮੈ ਦਾ ਪਰਿਵਾਰ ਬਣ ਜਾਂਦਾ ਹੈ।

ਕਿਸੇ ਦੀ ਸੇਵਾ ਹਉਮੈ ਵਿਚ ਥਾਂ ਨਹੀਂ ਪਿਆ ਕਰਦੀ। ਸੋ ਉਸ ਦੇ ਵਿਚ ਕੁਝ ਬੋਲ ਕੁਬੋਲ ਦਾ ਗੁੱਸਾ ਨਾ ਕਰੇ, ਪ੍ਰੇਮਾ ਭਗਤੀ ਦੇ ਨਿਵਾਣਾਂ ਵਿਚ ਮਨ ਨੂੰ ਰੋਕੇ ਬੰਨ੍ਹ ਕੇ। ਸੋ ਜਦੋਂ ਗੁਰੂ ਦੀ ਗੋਰ ਵਿਚ ਸਮਾਅ ਜਾਂਦਾ ਹੈ ਫੇਰ ਉਸ ਦਾ ਵਰਤ ਵਰਤਾਰਾ ਸਾਰਾ ਹੀ ਗੁਰੂ ਦੇ ਨਾਲ ਜਿਵੇਂ ਸੁਰ ਦੇ ਨਾਲ ਸੁਰ ਰਲ ਜਾਂਦੀ ਹੈ ਐਸ ਤਰ੍ਹਾਂ ਰਲ ਜਾਂਦਾ ਹੈ। ਫੁਰਮਾਨ ਕਰਦੇ ਨੇ ਕਿ –

***ਦੁਇ ਦੁਇ ਅਖੀ ਆਖੀਅਨਿ ਇਕ ਦਰਸਨੁ ਦਿਸੈ। ਭਾਈ ਗੁਰਦਾਸ ਜੀ ਦੀ ਵਾਰ 9/16***

ਦੋ ਅੱਖਾਂ ਦੇਖਦੀਆਂ ਨੇ ਚੀਜ਼ ਨੂੰ, ਚੀਜ਼ਾਂ ਦੋ ਤਾਂ ਨਹੀਂ ਦਿਸਦੀਆਂ। ਜੇ ਅੱਖ ਦੇ ਕੋਏ ਵਿਚ ਉਂਗਲੀ ਦੇ ਦਿਓ, ਫੇਰ ਦੋ ਦਿਖਣਗੀਆਂ; ਇਕ ਚੰਦ ਨੂੰ ਦੇਖਣ ਲੱਗ ਜਾਵੋ, ਦੋ ਦਿਸਣਗੇ ਪਰ ਜੇ ਅੱਖ ਦੇ ਉਤੋਂ ਉਂਗਲੀ ਚੁੱਕ ਦਿਓ ਤਾਂ ਇਕੋ ਚੰਦ ਹੀ ਦਿਸਦਾ ਹੈ। ਦੋਏ ਅੱਖਾਂ ਨੂੰ ਇਕੋ ਦ੍ਰਿਸ਼ ਦਿਸਦਾ ਹੈ।

***ਦੁਇ ਦੁਇ ਕੰਨ ਵਖਾਣੀਅਨਿ ਇਕ ਸੁਰਤਿ ਸਲਿਸੈ। ਭਾਈ ਗੁਰਦਾਸ ਜੀ ਦੀ ਵਾਰ 9/16***

ਦੋਹੇ ਕੰਨਾਂ ਦੇ ਨਾਲ ਇਕੋ ਹੀ ਗੱਲ ਸੁਣਦਾ ਹੈ।

***ਦੁਇ ਦੁਇ ਨਦੀ ਕਿਨਾਰਿਆਂ ਪਾਰਾਵਾਰੁ ਨ ਤਿਸੈ। ਭਾਈ ਗੁਰਦਾਸ ਜੀ ਦੀ ਵਾਰ 9/16***

ਦੋ ਕਿਨਾਰੇ ਨੇ ਨਦੀ ਦੇ, ਵਿਚਾਲੇ ਪਾਣੀ ਤੁਰਿਆ ਜਾਂਦਾ ਹੈ। ਨਦੀ ਦੇ ਦੋ ਟੁਕੜੇ ਨਹੀਂ ਹੁੰਦੇ, ਨਦੀ ਇਕੋ ਹੀ ਹੈ, ਕਿਨਾਰੇ ਤਾਂ ਕਹਿਣ ਮਾਤਰ ਹੀ ਨੇ।

***ਇਕ ਜੋਤਿ ਦੁਇ ਮੂਰਤੀ ਇਕ ਸਬਦ ਸਰਿਸੈ॥***

***ਭਾਈ ਗੁਰਦਾਸ ਜੀ ਦੀ ਵਾਰ 9/16***

ਇਕ ਜੋਤ ਹੋ ਜਾਂਦਾ ਹੈ, ਦੇਖਣ ਨੂੰ ਦੋ ਮੂਰਤੀਆਂ ਲਗਦੀਆਂ ਨੇ ਕਿ ਗੁਰੂ ਹੈ ਤੇ ਨਾਲ ਸਿੱਖ ਹੈ ਪਰ ਕਹਿੰਦੇ ਦੋਏ ਮੂਰਤੀਆਂ ਨੇ, ਇਕ ਸ਼ਬਦ 'ਸਿਰੀਖੈ' ਹੈ, ਇਕ ਸ਼ਬਦ ਸਾਰਖਾ ਹੈ ਜਿਸ ਦੇ ਕਰਕੇ ਦੋਏ ਜੁੜੇ ਹੋਏ ਨੇ –

***ਗੁਰ ਚੇਲਾ ਚੇਲਾ ਗੁਰੂ ਸਮਝਾਏ ਕਿਸੈ॥***

***ਭਾਈ ਗੁਰਦਾਸ ਜੀ ਦੀ ਵਾਰ 9/16***

ਕਹਿੰਦੇ ਕਿਸੇ-ਕਿਸੇ ਨੂੰ ਸਮਝ ਆਉਂਦਾ ਹੈ, ਚੇਲਾ ਤੇ ਗੁਰੂ ਇਕ ਹੀ ਹੋ ਜਾਇਆ ਕਰਦੇ

ਨੇ।

ਸੋ ਇਸ ਤਰ੍ਹਾਂ ਦਾ ਜੀਵਨ ਭਾਈ ਲਹਿਣਾ ਜੀ ਦਾ ਗੁਰੂ ਨਾਨਕ ਪਾਤਿਸ਼ਾਹ ਦੇ ਨਾਲ ਅਭੇਦ ਅਵਸਥਾ ਦਾ ਹੋ ਗਿਆ ਤੇ ਜਿਹੜਾ ਸਿੱਖ ਹੁੰਦਾ ਹੈ ਉਹ ਕੋਈ ਵਿਰਲਾ-ਵਿਰਲਾ ਹੁੰਦਾ ਹੈ, ਸਾਰੇ ਸਿੱਖ ਨਹੀਂ ਹੁੰਦੇ ਤੇ ਜਦੋਂ ਸਿੱਖ ਹੋ ਜਾਂਦਾ ਹੈ ਤਾਂ ਦਿੱਬ ਦ੍ਰਿਸ਼ਟੀ ਜਾਗ ਪੈਂਦੀ ਹੈ ਉਸ ਦੀ। ਇਕ ਤਾਂ ਸਾਡੀ ਦ੍ਰਿਸ਼ਟੀ ਹੈ - 'ਚਰਮ ਦ੍ਰਿਸ਼ਟੀ', ਚੰਮ ਵਾਲੀਆਂ ਅੱਖਾਂ ਦੇ ਨਾਲ ਅਸੀਂ ਦੇਖਦੇ ਹਾਂ। ਇਕ ਸਾਡੇ ਅੰਦਰ ਦ੍ਰਿਸ਼ਟੀ ਹੋਰ ਹੈ। ਇਕ ਕੰਨ ਹੋਰ ਨੇ, ਇਕ ਰਸਨਾ ਹੋਰ ਹੈ, ਇਕ ਸਪਰਸ਼ ਹੋਰ ਹੈ। ਜਿਹੜੇ ਬੰਦਗੀ ਕਰਦੇ ਨੇ ਉਨ੍ਹਾਂ ਨੂੰ ਇਨ੍ਹਾਂ ਗੱਲਾਂ ਦੀ ਸੋਝੀ ਹੈ ਕਿ ਕੰਨ ਅੰਦਰ ਵੀ ਹਨ, ਅੰਦਰਲਾ ਕੰਨ ਜਿਹੜਾ ਹੈ ਉਹ 'ਸ਼ਬਦ ਨਾਦ' ਨੂੰ ਸਰਵਣ ਕਰਦਾ ਹੈ। ਜਦੋਂ ਤੱਕ ਉਥੇ ਬਿਰਤੀ ਨਹੀਂ ਪਹੁੰਚਦੀ ਉਦੋਂ ਤੱਕ 'ਸ਼ਬਦ ਨਾਦ' ਨਹੀਂ ਸੁਣਦਾ। ਬਾਹਰਲਾ ਕੰਨ ਕੇਵਲ ਬਾਹਰਲੀਆਂ ਆਵਾਜ਼ਾਂ ਸੁਣੇਗਾ। ਜਦੋਂ ਅੰਦਰ ਬਿਰਤੀ ਚਲੀ ਜਾਂਦੀ ਹੈ ਤਾਂ ਬਾਹਰਲੀ ਆਵਾਜ਼ ਬੰਦ ਹੋ ਜਾਂਦੀ ਹੈ ਸੁਣਨ ਤੋਂ। ਜਿਹੜੇ ਅੰਦਰਲੇ ਨੇਤਰ ਖੁੱਲ੍ਹ ਜਾਂਦੇ ਨੇ ਤਾਂ ਉਨ੍ਹਾਂ ਵਿਚ ਦੂਜਾ ਦਿਸਣ ਤੋਂ ਹਟ ਜਾਂਦਾ ਹੈ -

***ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ॥ ਪੰਨਾ - 954***

ਇਕੋ ਵਰਤਦਾ ਨਜ਼ਰ ਆਉਂਦਾ ਹੈ -

***ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ॥***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ॥***
***ਏਹੁ ਵਿਸੁ ਸੰਸਾਰੁ ਤੁਮ ਦੇਖਦੇ***
***ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥ ਪੰਨਾ - 922***

ਸੋ ਦਿੱਬਯ ਅੱਖਾਂ ਖੁੱਲ੍ਹਦੀਸਾਰ ਪ੍ਰਮੇਸ਼ਰ ਦੇ ਦਰਸ਼ਨ ਹੁੰਦੇ ਨੇ, ਦਿਬਯ ਕੰਨ ਖੁਲ੍ਹਦੀਸਾਰ ਉਸੇ ਵੇਲੇ ਅੰਦਰਲੇ ਨਾਦ, ਸ਼ਬਦ ਧੁਨ ਸਰਵਣ ਹੁੰਦੇ ਨੇ, ਅੰਦਰਲੀ ਰਸਨਾ ਖੁਲ੍ਹਦੀਸਾਰ ਇਕ ਅਕਹਿ ਰਸ ਮਿਲਦਾ ਹੈ। ਵਾਹਿਗੁਰੂ ਦੇ ਚਾਰ ਰੂਪ ਨੇ ਅੰਦਰ ਜਿਹੜੇ ਪ੍ਰਤੱਖ ਰੂਪ ਵਿਚ ਪਤਾ ਲੱਗ ਜਾਂਦਾ ਹੈ ਕਿ ਮੈਂ ਹੁਣ ਨੇੜੇ ਚਲਿਆ ਗਿਆ। ਜਿਵੇਂ ਜੇ ਬਰਫ ਦੇ ਪਹਾੜ ਦੇ ਨੇੜੇ ਚਲੇ ਜਾਈਏ, ਚਾਹੇ 100 ਮੀਲ ਤੇ ਹੋਈਏ, ਬਰਫ ਦੇ ਪਹਾੜ ਤੋਂ ਉਥੇ ਤੱਕ ਉਸ ਦੀ ਠੰਡ ਪਹੁੰਚਣ ਲੱਗ ਜਾਂਦੀ ਹੈ। ਇਸੇ ਤਰ੍ਹਾਂ ਜਦੋਂ ਗੁਰਸਿੱਖ ਪ੍ਰਮੇਸ਼ਰ ਦੇ ਨੇੜੇ ਜਾਂਦਾ ਹੈ, ਗੁਰੂ ਤੇ ਪ੍ਰਮੇਸ਼ਰ ਵਿਚ ਕੋਈ ਭੇਦ ਨਹੀਂ ਹੈ, ਸਾਧ ਸੰਗਤ ਜੀ!

***ਗੁਰੁ ਪਰਮੇਸਰੁ ਏਕੋ ਜਾਣੁ॥ ਪੰਨਾ - 864***

ਗੁਰੂ ਕਹਿ ਲਓ, ਪ੍ਰਮੇਸ਼ਰ ਕਹਿ ਲਓ, ਗੱਲ ਇਕੋ ਹੋਇਆ ਕਰਦੀ ਹੈ। ਕਹਿਣ ਮਾਤਰ ਵਿਚ ਫਰਕ ਹੋਇਆ ਕਰਦਾ ਹੈ। ਸੋ ਜਦੋਂ ਨੇੜੇ ਜਾਂਦਾ ਹੈ ਤਾਂ ਠੰਡ ਆਉਂਦੀ ਹੈ। ਇਸੇ ਤਰ੍ਹਾਂ ਜਦੋਂ ਪ੍ਰਮੇਸ਼ਰ ਦੇ ਨੇੜੇ ਜਗਿਆਸੂ ਜਾਂਦਾ ਹੈ ਤਾਂ ਸਭ ਤੋਂ ਪਹਿਲਾਂ ਤਾਂ ਆਉਂਦਾ ਹੈ ਰਸ। ਦਿਬ ਰਸਨਾ ਜਾਗ ਪੈਂਦੀ ਹੈ ਤੇ ਉਸ ਨੂੰ ਅੰਦਰੋਂ ਹੀ ਅੰਮ੍ਰਿਤ ਰਸ ਆਉਣਾ ਸ਼ੁਰੂ ਹੋ ਜਾਂਦਾ ਹੈ, ਉਹ ਵਧਦਾ ਵਧਦਾ ਐਨਾ ਅਕਹਿ ਹੋ ਜਾਂਦਾ ਹੈ ਕਿ ਲੀਨ ਹੋ ਜਾਂਦਾ ਹੈ ਉਸ ਦੇ ਵਿਚ, ਰਸ ਤਾਰੀ ਹੋ ਜਾਂਦਾ ਹੈ, ਲਗਾਤਾਰ ਰਸ ਆਉਂਦਾ ਹੈ।

ਦੂਸਰਾ ਇਹ ਹੁੰਦਾ ਹੈ ਕਿ ਉਸ ਨੂੰ 'ਦਿਬ ਸ਼ਬਦ' ਸੁਣਨ ਲੱਗ ਜਾਂਦੇ ਨੇ। ਉਸਦੇ ਨਾਲ ਵੀ ਬਿਰਤੀ ਖੇੜੇ ਵਿਚ ਆ ਜਾਂਦੀ ਹੈ। ਮਹੀਨਿਆਂ ਬੱਧੀ ਰਸ ਰਹਿੰਦਾ ਹੈ ਉਸ ਬਿਰਤੀ ਦੇ ਅੰਦਰ, ਜਿਹੜੇ ਦਿਬ-ਸ਼ਬਦ ਸੁਣਦੇ ਨੇ।

ਤੀਸਰਾ ਹੋਇਆ ਕਰਦਾ ਹੈ ਦਿਬ ਦ੍ਰਿਸ਼ ਦਿਸਣ ਲੱਗ ਜਾਂਦੇ ਨੇ। ਇਨ੍ਹਾਂ ਅੱਖਾਂ ਦੇ ਨਾਲ

ਉਹ ਚੀਜ਼ਾਂ ਨਹੀਂ ਦਿਸਦੀਆਂ ਜਿਹੜੀਆਂ ਦਿੱਬ-ਅੱਖਾਂ ਦੇ ਨਾਲ ਦਿਸਦੀਆਂ ਹਨ।

ਇਸ ਤੋਂ ਬਾਅਦ ਦਿਬ ਸਪਰਸ਼ ਜਾਗ ਪੈਂਦਾ ਹੈ, ਐਨੀਆਂ ਝੁਣਝੁਣੀਆਂ ਆਉਂਦੀਆਂ ਨੇ ਕਿ ਸਹਿ ਨਹੀਂ ਸਕਦਾ, ਐਨਾ ਰਸ ਅੰਦਰ ਵਧ ਜਾਇਆ ਕਰਦਾ ਹੈ। ਸੋ ਸਾਰੀਆਂ ਚੀਜ਼ਾਂ ਦਿਬ ਦ੍ਰਿਸ਼ਟੀ ਖੁੱਲ੍ਹਣ ਨਾਲ ਹੁੰਦੀਆਂ ਹਨ। ਕਹਿੰਦੇ -

***ਨਾਨਕ ਏਕ ਜੋਤਿ ਦੁਇ ਮੂਰਤੀ ਸਬਦਿ ਮਿਲਾਵਾ ਹੋਇ॥***
***ਪੰਨਾ - 30***

ਸੋ ਦਿਬ ਦ੍ਰਿਸ਼ਟਿ ਜਿਸ ਦੇ ਵਿਚ ਪੈਦਾ ਹੋ ਗਈ ਉਹ ਕੋਈ ਵਿਰਲਾ ਵਿਰਲਾ ਸਿੱਖ ਹੈ, ਆਏਂ ਪੜ੍ਹ ਲਓ -

***ਧਾਰਨਾ - ਸਿੱਖ ਵਿਰਲਾ ਕੋਈ ਜੀ,***
***ਦਿਬ ਦ੍ਰਿਸਟਿ ਗੁਰ ਧਿਆਨ ਧਰ -2, 2.***

***ਦਿਬ ਦਿਸਟਿ ਗੁਰ ਧਿਆਨੁ ਧਰਿ ਸਿਖ ਵਿਰਲਾ ਕੋਈ।*** ***ਭਾਈ ਗੁਰਦਾਸ ਜੀ ਦੀ ਵਾਰ 9/7***

ਕਹਿੰਦੇ ਜਿਸ ਦੀ ਦਿੱਬ-ਦ੍ਰਿਸ਼ਟੀ ਖੁੱਲ੍ਹੀ ਹੈ ਤੇ ਗੁਰੂ ਦਾ ਧਿਆਨ ਜਿਸ ਦੇ ਅੰਦਰ ਪਰਪੱਕ ਹੋ ਗਿਆ ਉਹ ਕੋਈ ਵਿਰਲਾ-ਵਿਰਲਾ ਸਿੱਖ ਹੈ। ਇਥੇ ਸ਼ੰਕਾ ਹੋ ਜਾਂਦਾ ਹੈ ਕਿ ਗੁਰੂ ਦਾ ਧਿਆਨ ਕੀ ਹੋਇਆ ਕਿਉਂਕਿ ਭਾਈ ਗੁਰਦਾਸ ਜੀ ਲਿਖਦੇ ਨੇ -

***ਗੁਰ ਮੂਰਤਿ ਗੁਰੁ ਸਬਦੁ ਹੈ.............।***
***ਭਾਈ ਗੁਰਦਾਸ ਜੀ ਦੀ ਵਾਰ 24/11***

ਇਹ ਵੀ ਲਿਖਦੇ ਨੇ ਕਬਿੱਤ ਸਵੱਈਆਂ ਦੇ ਅੰਦਰ ਕਿ ਗੁਰੂ ਦਾ ਜੋ ਸਾਕਾਰ ਰੂਪ ਹੈ ਉਸ ਦਾ ਧਿਆਨ ਕਰਨਾ ਵੀ ਹੁੰਦਾ ਹੈ। ਚਾਰ ਕਿਸਮ ਦਾ ਹੋਇਆ ਕਰਦਾ ਹੈ ਧਿਆਨ। ਪਹਿਲਾ ਹੋਇਆ ਕਰਦਾ ਹੈ 'ਸਬਦ' ਦਾ ਧਿਆਨ। ਗਲਤੀ ਨਾਲ ਕਈ ਅੱਖਾਂ ਦਾ ਧਿਆਨ ਧਰਦੇ ਨੇ। ਅੱਗੇ ੧ਓ ਲਿਖ ਲਿਆ ਉਸ ਦਾ ਧਿਆਨ ਧਰ ਲਿਆ ਜਾਂ 'ਵਾਹਿਗੁਰੂ' ਲਿਖ ਲਿਆ ਉਸ ਤੇ ਧਿਆਨ ਕਰਨ ਲੱਗ ਗਏ; ਇਹ ਨਹੀਂ ਹੈ। ਸ਼ਬਦ ਹਮੇਸ਼ਾ sound (ਆਵਾਜ਼, ਧੁਨੀ) ਨੂੰ ਕਹਿੰਦੇ ਨੇ। ਦੋ ਤਰ੍ਹਾਂ ਦੇ ਸ਼ਬਦ ਹੁੰਦੇ ਨੇ - ਇਕ ਆਹਤ ਸ਼ਬਦ ਹੁੰਦੇ ਨੇ, ਦੂਜੇ ਅਨਾਹਤ ਹੁੰਦੇ ਨੇ। ਪਹਿਲੇ ਹੁੰਦੇ ਨੇ ਜਿਵੇਂ ਮੈਂ ਵਾਜੇ ਤੇ ਉਂਗਲਾਂ ਰੱਖ ਕੇ ਪੱਖਾ ਫੇਰਦਾ ਹਾਂ, ਇਹ ਅਵਾਜ਼ ਕੱਢਦਾ ਹੈ, ਇਸ ਨੂੰ ਆਹਤ ਸ਼ਬਦ ਕਹਿੰਦੇ ਨੇ। ਦੂਸਰਾ ਜਿਹੜਾ ਬਗੈਰ ਵਜਾਏ ਤੋਂ ਵੱਜੇ, ਉਸ ਨੂੰ ਅਨਾਹਦ ਸ਼ਬਦ ਕਹਿੰਦੇ ਨੇ। ਜੋ ਅਨਾਹਤ ਸ਼ਬਦ ਹੈ ਜਿਵੇਂ ਗੁਰ ਮੰਤਰ ਦੀ ਧੁਨ ਹੈ ਉਸ ਵਿਚ ਧਿਆਨ ਧਰਨਾ। ਦੂਸਰਾ ਧਿਆਨ ਹੈ ਗੁਰੂ ਦੇ ਸਰੂਪ ਵਿਚ ਧਿਆਨ ਧਰਨਾ। ਐਸੀਆਂ ਸਾਖੀਆਂ ਆਉਂਦੀਆਂ ਨੇ ਕਿ ਗੁਰੂ ਸੱਤਵੇਂ ਪਾਤਿਸ਼ਾਹ ਮਹਾਰਾਜ ਅੱਜ ਦੀਵਾਨ ਦੇ ਅੰਦਰ ਸੁਸ਼ੋਭਤ ਨੇ, ਆਸਾ ਦੀ ਵਾਰ ਦਾ ਕੀਰਤਨ ਹੋ ਰਿਹਾ ਹੈ। ਕੀਰਤਨ ਦਾ ਭੋਗ ਪੈ ਗਿਆ ਪਰ ਆਪ ਉਠੇ ਨਹੀਂ। ਸੰਗਤ ਇੰਤਜ਼ਾਰ ਵਿਚ ਬੈਠੀ ਹੈ ਕਿ ਮਹਾਰਾਜ ਜੀ ਨਹੀਂ ਉਠੇ। ਜਿੰਨੀ ਦੇਰ ਤਕਰ ਆਪ ਨਹੀਂ ਤਖਤ ਤੋਂ ਉਠਦੇ ਓਨੀ ਦੇਰ ਤੱਕ ਸੰਗਤ ਵੀ ਉਠ ਨਹੀਂ ਸਕਦੀ। ਜਿੰਨਾ ਚਿਰ ਗੁਰੂ ਗ੍ਰੰਥ ਸਾਹਿਬ ਮਹਾਰਾਜ ਸੁਸ਼ੋਭਤ ਨੇ ਸੰਗਤ ਦਾ ਉਠ ਕੇ ਜਾਣਾ ਬੇਅਦਬੀ ਦਾ ਪ੍ਰਤੀਕ ਹੋਇਆ ਕਰਦਾ ਹੈ, ਪਿੱਠ ਦੇ ਕੇ ਜਾਂਦਾ ਹੈ ਗੁਰੂ ਨੂੰ, ਖੁਸ਼ੀ ਲੈ ਕੇ ਨਹੀਂ ਜਾਂਦਾ। ਜੇ ਮਜ਼ਬੂਰੀ ਹੈ ਕਿਸੇ ਨੂੰ ਕਿ ਪਾਤਿਸ਼ਾਹ! ਮੈਨੂੰ ਮਜਬੂਰੀ ਹੈ ਮੈਨੂੰ ਜਾਣਾ ਪੈਣਾ ਹੈ ਤੇ ਮੈਂ ਬਹੁਤ ਗਲਤ ਕਰਨ ਲੱਗਿਆ ਹਾਂ ਮੈਨੂੰ ਖਿਮਾ ਕਰੇ, ਬਖਸ਼ੋ, ਇਹ ਅੰਦਰੋਂ ਸਚਮੁੱਚ ਹੋਵੇ। ਜੇ ਐਵੇਂ ਛੱਡ ਕੇ ਤੁਰ ਜਾਓ ਤਾਂ ਬੇਅਦਬੀ ਹੋਇਆ ਕਰਦੀ ਹੈ।

ਸੋ ਸਾਰੀ ਸੰਗਤ ਬੈਠੀ ਹੈ - ਗੁਰੂ ਸੱਤਵੇਂ ਪਾਤਿਸ਼ਾਹ ਦੇ ਚਰਨਾਂ ਵਿਚ। ਸਮਾਂ ਲੰਘਦਾ ਗਿਆ,

ਦਸ ਵੱਜ ਗਏ, ਗਿਆਰਾਂ ਵੱਜ ਗਏ, ਬਾਰਾਂ ਵੱਜ ਗਏ, ਲੰਗਰ ਤਿਆਰ ਹੋ ਗਿਆ, ਲਾਂਗਰੀ ਸਿੰਘ ਪ੍ਰਸ਼ਾਦਾ ਲੈ ਕੇ ਆਇਆ, ਅਰਦਾਸ ਕਰਨ ਵਾਸਤੇ ਖੜ੍ਹੇ ਨੇ। ਸਾਰੇ ਹੈਰਾਨ ਨੇ ਕਿ ਮਹਾਰਾਜ ਜੀ ਕੋਈ ਅੰਗ ਨਹੀਂ ਹਿਲਾ ਰਹੇ। ਉਸੇ ਤਰ੍ਹਾਂ ਅਚੱਲ ਬੈਠੇ ਨੇ- ਸਮਾਧੀ ਦੇ ਵਿਚ ਲੀਨ ਹੋਏ ਹੋਏ। ਚਾਰ ਵੱਜ ਗਏ, ਉਸ ਵੇਲੇ ਮਹਾਰਾਜ ਜੀ ਨੇ ਨੇਤਰ ਖੋਲ੍ਹ ਕੇ ਕਿਹਾ - ਧੰਨ ਗੁਰਸਿਖੀ! ਧੰਨ ਗੁਰਸਿੱਖੀ!! ਧੰਨ ਗੁਰਸਿੱਖੀ!!! ਸਾਰਿਆਂ ਦੇ ਮਨ ਦੇ ਅੰਦਰ ਖਿਆਲ ਹੋਇਆ ਕਿ ਜਾਣੀਏ ਮਹਾਰਾਜ ਜੀ ਕਿਸ ਦੇ ਬਾਰੇ ਫੁਰਮਾ ਰਹੇ ਨੇ।

ਉਸੇ ਵੇਲੇ ਬੇਨਤੀ ਕੀਤੀ, "ਪਾਤਿਸ਼ਾਹ! ਆਪ ਕਿਸ ਗੁਰਸਿੱਖ ਨੂੰ ਧੰਨ ਕਹਿ ਰਹੇ ਹੋ?"

ਕਹਿੰਦੇ, "ਪ੍ਰੇਮੀਓ! ਭਾਈ ਗੋਂਦਾ, ਕਾਬਲ ਦੇ ਅੰਦਰ ਜੋ ਗੁਰਸਿੱਖੀ ਦਾ ਪ੍ਰਚਾਰ ਕਰ ਰਿਹਾ ਹੈ, ਅੱਜ ਉਹ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਦੋ ਵਜੇ ਸਾਡੇ ਚਰਨਾਂ ਦੇ ਧਿਆਨ ਵਿਚ ਲੀਨਤਾ ਦੀ ਹੱਦ ਤੱਕ ਚਲਿਆ ਗਿਆ, ਫੁਰਨੇ ਤੋਂ ਉਪਰ ਹੋ ਗਿਆ ਤੇ ਸਾਡੇ ਚਰਨ ਫੜ ਲਏ। ਜੇ ਅਸੀਂ ਸਿੱਖ ਤੋਂ ਚਰਨ ਛੁਡਾਉਂਦੇ ਹਾਂ ਤਾਂ ਸਿੱਖ ਨੂੰ ਦੁਖ ਹੁੰਦਾ ਹੈ, ਉਸ ਦੀ ਬਿਰਤੀ ਟੁਟਦੀ ਹੈ। ਸੋ ਇਸ ਕਰਕੇ ਅਸੀਂ ਚਾਰ ਵਜੇ ਤੱਕ ਬੈਠੇ ਰਹੇ, ਹੁਣ ਸਿੱਖ ਨੇ ਨੇਤਰ ਖੋਲ੍ਹੇ ਨੇ ਸੋ ਅਸੀਂ ਉਸ ਗੁਰਸਿੱਖ ਦਾ ਸਿਦਕ ਦੇਖ ਕੇ - ਧੰਨ ਗੁਰਸਿਖੀ! ਧੰਨ ਗੁਰਸਿੱਖੀ!! ਆਖਿਆ ਹੈ।

ਸੋ ਇਹ ਧਿਆਨ ਹੁੰਦਾ ਹੈ ਗੁਰੂ ਦਾ, ਸਾਕਾਰ ਦਾ। ਇਕ ਵਾਰ ਸਾਰੇ ਪਹਾੜੀ ਰਾਜਿਆਂ ਦੀ ਬੈਠਕ ਹੋ ਰਹੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਤੇ ਹਮਲਾ ਕਰਕੇ ਹੁਣੇ ਹੀ ਇਨ੍ਹਾਂ ਨੂੰ ਜਾਂ ਤਾਂ ਫੜ ਲਿਆ ਜਾਵੇ ਤੇ ਜਾਂ ਕੱਢ ਦਿੱਤਾ ਜਾਵੇ, ਜੇ ਬਹੁਤੀ ਦੇਰ ਰਹਿ ਗਏ ਤਾਂ ਤਾਕਤ ਫੜ ਜਾਣਗੇ। ਤਾਂ ਉਸ ਵੇਲੇ ਇਕ ਸਿਆਣਾ ਵਜ਼ੀਰ ਜਿਸ ਦਾ ਨਾਂ ਦੇਵੀ ਦਾਸ ਹੈ, ਉਸ ਸਭਾ ਵਿਚ ਬੈਠਾ ਹੈ। ਵਜ਼ੀਰ ਦਾ ਫਰਜ਼ ਹੁੰਦਾ ਹੈ ਕਿ ਜੇ ਰਾਜਾ ਗਲਤ ਜਾ ਰਿਹਾ ਹੋਵੇ ਤਾਂ ਉਹ ਬੇਨਤੀ ਕਰਦਾ ਹੈ, ਹੋਰ ਤਾਂ ਉਸ ਦੇ ਵਸ ਵਿਚ ਨਹੀਂ ਹੁੰਦਾ, ਬੇਨਤੀ ਕਰਨੀ ਉਸ ਦਾ ਕਰਤੱਵ ਹੁੰਦਾ ਹੈ, ਸੱਚੀ ਗੱਲ ਉਸ ਨੇ ਕਹਿ ਦੇਣੀ ਹੈ, ਮੰਨਣਾ ਨਾ ਮੰਨਣਾ ਰਾਜੇ ਦਾ ਕੰਮ ਹੈ। ਉਹ ਵੱਡਾ ਵਜ਼ੀਰ ਸੀ। ਸੋ ਉਠ ਕੇ ਉਸ ਨੇ ਸਾਰੀ ਮੀਟਿੰਗ ਦੇ ਵਿਚ ਕਿਹਾ ਕਿ ਮੇਰੀ ਇਕ ਬੇਨਤੀ ਆਪ ਸਰਵਣ ਕਰ ਲਓ ਧਿਆਨ ਦੇ ਕੇ ਤੇ ਮੰਨੋ ਨਾ ਮੰਨੋ, ਇਹ ਆਪ ਦਾ ਕੰਮ ਹੈ। ਸੋ ਉਸ ਵੇਲੇ ਬੇਨਤੀ ਕਰੀ ਤੇ ਕਹਿਣ ਲੱਗਿਆ, "ਮਹਾਰਾਜ! ਤੁਸੀਂ ਇਹ ਦੇਖੋ ਕਿ ਇਹ ਗੱਦੀ ਕਿਨ੍ਹਾਂ ਦੀ ਹੈ। ਇਹ ਗੱਦੀ ਗੁਰੂ ਨਾਨਕ ਪਾਤਿਸ਼ਾਹ ਜੀ ਦੀ ਹੈ, ਜੋ ਸੁਲ੍ਹਾਕੁਲ ਨੇ, ਜਿਨ੍ਹਾਂ ਦੀ ਦ੍ਰਿਸ਼ਟੀ ਦੇ ਅੰਦਰ -

***ਨਾ ਕੋ ਬੈਰੀ ਨਹੀ ਬਿਗਾਨਾ***
***ਸਗਲ ਸੰਗਿ ਹਮ ਕਉ ਬਨਿ ਆਈ॥ ਪੰਨਾ - 1299***

ਕੋਈ ਦੂਜਾ ਹੈ ਹੀ ਨਹੀਂ, ਉਹ ਸਾਰਿਆਂ ਨੂੰ ਹੀ ਆਪਣਾ ਆਪ ਕਹਿੰਦੇ ਨੇ, ਸਾਰਿਆਂ ਨੂੰ ਪਿਆਰ ਕਰਦੇ ਨੇ ਤੇ ਹਰ ਵਕਤ ਅਰਦਾਸ ਤੋਂ ਬਾਅਦ ਕਹਿੰਦੇ ਨੇ -

***ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬਤ ਦਾ ਭਲਾ॥***

ਉਹ ਭਲੇ ਨੇ।

ਉਨ੍ਹਾਂ ਨੇ ਕਰਕੇ ਦਿਖਾ ਦਿੱਤਾ। ਗੁਰੂ ਛੇਵੇਂ ਪਾਤਿਸ਼ਾਹ ਨੂੰ ਜਹਾਂਗੀਰ ਦੀ ਕੈਦ ਦੇ ਅੰਦਰ ਗਵਾਲੀਅਰ ਵਿਚ ਬੜਾ ਸਮਾਂ ਹੋ ਗਿਆ। ਉਸ ਤੋਂ ਬਾਅਦ ਕੁਝ ਐਸੇ ਕੌਤਕ ਵਰਤੇ ਜਿਨ੍ਹਾਂ ਕਰਕੇ ਉਸ ਨੂੰ ਗੁਰੂ ਮਹਾਰਾਜ ਜੀ ਨੂੰ ਰਿਹਾਅ ਕਰਨਾ ਪਿਆ। ਜਦੋਂ ਮਹਾਰਾਜ ਜੀ ਤਿਆਰ ਹੋਏ ਤਾਂ ਵੇਖਿਆ ਕਿ ਉਸੀ ਕਿਲ੍ਹੇ ਵਿਚ ਹਿੰਦੋਸਤਾਨ ਦੇ ਬਵੰਜਾ ਰਾਜੇ ਫੜ-ਫੜ ਕੇ ਉਮਰਾਂ ਵਾਸਤੇ ਭੋਰਿਆਂ ਵਿਚ ਸੁੱਟੇ ਹੋਏ ਸਨ। ਉਹ ਬਹੁਤ ਦੁਖੀ ਹੋ ਰਹੇ ਸਨ, ਕੋਈ ਸਾਧਨ ਨਹੀਂ ਸੀ ਬਣਦਾ ਕਿ ਛੁਟ ਜਾਣ। ਉਸ ਵੇਲੇ ਮਿਲ ਕੇ ਉਨ੍ਹਾਂ ਨੇ ਮਹਾਰਾਜ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ, "ਪਾਤਿਸ਼ਾਹ! ਸਾਡਾ ਕਦੋਂ ਉਧਾਰ ਹੋਏਗਾ? ਆਪ ਤਾਂ ਜਮਦੂਤਾਂ ਤੋਂ ਛੁਡਾ ਦਿੰਦੇ ਹੋ। ਆਹ ਤਾਂ ਦੁਨੀਆਂ ਦੇ ਅੰਦਰ ਹੈ,

ਆਪ ਕਿਰਪਾ ਕਰੋ।"

ਮਹਾਰਾਜ ਜੀ ਨੇ ਹਰਦਾਸ ਦਰੋਗੇ ਨੂੰ ਕਿਹਾ ਕਿ ਭਾਈ! ਅਸੀਂ ਨਹੀਂ ਜਾਣਾ ਬਾਹਰ। ਜਹਾਂਗੀਰ ਨੂੰ ਕਹਿ ਦਿਓ, ਅਸੀਂ ਨਹੀਂ ਜਾਣਾ ਗਵਾਲੀਅਰ ਤੋਂ ਬਾਹਰ। ਉਸ ਨੇ ਜਾ ਕੇ ਬੇਨਤੀ ਕਰ ਦਿੱਤੀ ਤੇ ਓਧਰ ਜਹਾਂਗੀਰ ਐਨਾ ਮਜਬੂਰ ਹੈ ਕਿ ਉਸ ਨੂੰ ਉਹ ਛਡਣੇ ਪੈਣੇ ਨੇ। ਕਹਿੰਦਾ ਕਿ ਕੀ ਗੱਲ ਹੈ, ਉਹ ਜਾਂਦੇ ਕਿਉਂ ਨਹੀਂ? ਅਜ਼ਾਦੀ ਤਾਂ ਸਾਰੀ ਦੁਨੀਆਂ ਚਾਹੁੰਦੀ ਹੈ, ਕੌਣ ਹੈ ਜਿਹੜਾ ਕਹੇ ਕਿ ਮੈਂ ਕੈਦ ਵਿਚ ਰਹਿਣਾ ਹੈ, ਕੋਈ ਨਹੀਂ ਕਹਿੰਦਾ, ਸਾਰੇ ਨਿਕਲ ਕੇ ਬਾਹਰ ਆਉਣਾ ਚਾਹੁੰਦੇ ਨੇ ਤੇ ਪੁਛੋ ਕਾਰਨ ਕੀ ਹੈ? ਮਹਾਰਾਜ ਜੀ ਕੋਲ ਆ ਕੇ ਬੇਨਤੀ ਕਰੀ।

ਮਹਾਰਾਜ ਜੀ ਕਹਿਣ ਲੱਗੇ, "ਜਿੰਨੀ ਦੇਰ ਤੱਕ ਇਹ ਬਵੰਜਾ ਰਾਜੇ ਨਹੀਂ ਛੁਟਦੇ, ਓਨਾ ਚਿਰ ਅਸੀਂ ਵੀ ਬਾਹਰ ਨਹੀਂ ਜਾਂਦੇ।"

ਉਨ੍ਹਾਂ ਨੇ ਜਹਾਂਗੀਰ ਨੂੰ ਕਹਿ ਦਿੱਤਾ। ਜਹਾਂਗੀਰ ਨੇ ਬੜਾ ਸੋਚਿਆ ਕਿ ਯੁੱਧ ਜੰਗ ਕਰਕੇ ਰਾਜੇ ਕਾਬੂ ਕੀਤੇ ਨੇ। ਜੇ ਛੱਡ ਦਿੱਤੇ ਤਾਂ ਇਹ ਫੇਰ ਜਾ ਕੇ ਫਤੂਰ ਪਾਉਣਗੇ, ਫੇਰ ਵਿਦਰੋਹ ਕਰਨਗੇ। ਕਿੰਨੇ ਬੰਦੇ ਮਰ ਚੁੱਕੇ ਨੇ ਇਨ੍ਹਾਂ ਨੂੰ ਫੜਨ ਵਾਸਤੇ ਓਡਾ ਹੀ ਕੰਮ ਫੇਰ ਹੋ ਜਾਏਗਾ ਤੇ ਦੋ-ਚਿੱਤੀ ਵਿਚ ਪਿਆ ਹੋਇਆ ਹੈ। ਅਖੀਰ ਇਕ ਤਰੀਕਾ ਕੱਢ ਲਿਆ। ਕਹਿਣ ਲੱਗਿਆ ਕਿ ਮਹਾਰਾਜ ਜੀ ਨੂੰ ਕਹਿ ਦਿਓ ਕਿ ਸਾਨੂੰ ਕੋਈ ਇਤਰਾਜ ਨਹੀਂ, ਜਿੰਨੇ ਤੁਹਾਡਾ ਪੱਲਾ ਫੜ ਕੇ ਬਾਹਰ ਆ ਜਾਣ, ਓਨਿਆਂ ਨੂੰ ਛੱਡ ਦਿੱਤਾ ਜਾਏਗਾ। ਹੁਣ ਚੋਲੇ ਦੇ ਕਿੰਨੇ ਕੁ ਪੱਲੇ ਹੁੰਦੇ ਨੇ ਤੇ ਕਿੰਨੇ ਕੁ ਬੰਦੇ ਫੜ ਸਕਦੇ ਨੇ। ਜੇ ਭੀੜੇ-ਭੀੜੇ ਹੋ ਕੇ ਆਉਣ ਤਾਂ ਦਸ ਪੰਦਰਾਂ ਤੋਂ ਵੱਧ ਨਹੀਂ ਫੜ ਸਕਦੇ।

ਸੋ ਮਹਾਰਾਜ ਜੀ ਨੇ ਹੁਕਮ ਕਰ ਦਿੱਤਾ ਕਿ ਸਾਡੇ ਲਈ ਬਵੰਜਾ ਕਲੀਆਂ ਵਾਲਾ ਚੋਲਾ ਬਣਵਾਓ। ਅੱਜ ਕੱਲ੍ਹ ਉਹ ਘੁਡਾਣੀ ਪਿਆ ਹੈ ਰਾੜੇ ਸਾਹਿਬ ਦੇ ਨੇੜੇ, 52 ਕਲੀਆਂ ਨੇ, ਬਹੁਤ ਚੌੜਾ ਹੈ ਹੇਠੋਂ, ਉਤੋਂ ਬਿਲਕੁਲ ਫਿੱਟ ਹੈ। ਸੋ ਉਸ ਵੇਲੇ 52 ਕਲੀਆਂ ਫੜੀਆਂ ਤੇ ਸਾਰੇ ਰਾਜੇ ਬਾਹਰ ਆ ਗਏ।

ਤੇ ਕਹਿਣ ਲੱਗੇ ਭੀਮ ਚੰਦ ਨੂੰ ਕਿ ਜਿਹੜਾ ਐਸਾ ਗੁਰੂ ਹੈ, ਉਸ ਦੇ ਪੋਤੇ ਨੇ ਗੁਰੂ ਗੋਬਿੰਦ ਸਿੰਘ, ਤੇ ਉਹ ਇਹ ਕਹਿੰਦੇ ਨੇ ਕਿ ਅਸੀਂ ਕਿਸੇ ਦੀ ਇਕ ਇੰਚ ਜ਼ਮੀਨ ਨਹੀਂ ਦੱਬਣੀ, ਕਿਸੇ ਦਾ ਰਾਜ ਨਹੀਂ ਦੱਬਣਾ, ਅਸੀਂ ਤਾਂ ਆਏ ਹੀ ਇਸ ਕਰਕੇ ਹਾਂ ਕਿ ਬੰਦਗੀ ਕਰਨ ਵਾਲੇ ਧਰਮੀ ਪੁਰਸ਼ਾਂ ਦਾ ਉਧਾਰ ਕਰਨਾ ਹੈ, ਉਹ ਵਧਾਉਣੇ ਹਨ ਤੇ ਜਿਹੜੇ ਖੋਟੀ ਮੱਤ ਵਾਲੇ ਅਧਰਮੀ ਨੇ ਇਨ੍ਹਾਂ ਦਾ ਸੰਘਾਰ ਕਰਨਾ ਚਾਹੇ ਸ਼ਸਤਰ ਨਾਲ ਹੋਵੇ, ਚਾਹੇ ਉਪਦੇਸ਼ ਨਾਲ ਹੋਵੇ, ਕਿਸੇ ਵੀ ਤਰੀਕੇ ਨਾਲ ਹੋਵੇ ਪਰ ਤੁਸੀਂ ਇਹ ਦੇਖੋ ਕਿ ਕੀ ਅੱਜ ਤੱਕ ਗੁਰੂ ਗੋਬਿੰਦ ਸਿੰਘ ਕਦੇ ਕਿਸੇ ਤੇ ਚੜ੍ਹ ਕੇ ਗਏ ਨੇ? ਕੋਈ ਪਿੰਡ ਲੁਟਿਆ ਹੈ ਇਨ੍ਹਾਂ ਨੇ ਜਾ ਕੇ? ਕਿਸੇ ਰਾਜੇ ਤੇ ਜਾ ਕੇ ਹੱਲਾ ਕਰਿਆ ਹੈ? ਤੁਸੀਂ ਚੜ੍ਹ-ਚੜ੍ਹ ਕੇ ਜਾਂਦੇ ਹੋ ਤੇ ਉਹ ਤੁਹਾਡਾ ਮੁਕਾਬਲਾ ਕਰਦੇ ਨੇ ਤੇ ਫੇਰ ਬੜੀ ਹੈਰਾਨੀ ਦੀ ਗੱਲ ਇਹ ਹੈ ਕਿ ਜਦੋਂ ਤੁਹਾਡੀਆਂ ਫੌਜਾਂ ਨੱਠ ਜਾਂਦੀਆਂ ਨੇ ਉਸ ਵੇਲੇ ਉਹ ਬਿਲਕੁਲ ਵਾਰ ਨਹੀਂ ਕਰਦੇ। ਤੁਸੀਂ ਦੇਖਿਆ ਹੀ ਹੋਏਗਾ ਲੜਾਈ ਦੇ ਅੰਦਰ, ਜੇ ਸ਼ਸਤਰ ਟੁੱਟ ਜਾਂਦਾ ਹੈ ਤਾਂ ਉਹ ਕਦੇ ਵਾਰ ਨਹੀਂ ਕਰਦੇ ਸਗੋਂ ਕਹਿੰਦੇ ਜਾਹ! ਸ਼ਸਤਰ ਲੈ ਕੇ ਆ, ਫੇਰ ਤੇਰੇ ਨਾਲ ਲੜਾਂਗੇ। ਜਖਮੀ ਹੋ ਕੇ ਗਿਰ ਜਾਂਦਾ ਹੈ, ਗਰਦਨ ਵੱਢ ਸਕਦੇ ਨੇ ਜਦ ਧਰਤੀ ਤੇ ਗਿਰਿਆ। ਕਦੇ ਨਹੀਂ ਵਾਰ ਕਰਦੇ, ਉਥੇ ਹੀ ਛੱਡ ਜਾਂਦੇ ਨੇ ਤੇ ਆਪਣੀਆਂ ਫੌਜਾਂ ਸ਼ਾਮ ਨੂੰ ਆਪ ਜਾ ਕੇ ਚੁੱਕ ਕੇ ਲਿਆਉਂਦੇ ਨੇ। ਐਨੇ ਵੱਡੇ ਅਸੂਲਾਂ ਦੇ ਮਾਲਕ ਉਹ ਤਾਂ ਸੁਲ੍ਹਾਕੁਲ ਨੇ। ਤੁਸੀਂ ਸੋਚੋ ਤਾਂ ਸਹੀ ਕਿ ਕਿਹਦੇ ਨਾਲ ਲੜਾਈ ਕਰਦੇ ਹੋ।

ਫੇਰ ਦੂਜਾ ਪੱਖ ਲੈ ਲਓ, ਉਹ ਕਹਿੰਦੇ ਨੇ ਵਿਦੇਸ਼ੀਆਂ ਨੇ ਇਥੇ ਆ ਕੇ ਰਾਜ ਕਰ ਲਿਆ। ਇਥੇ ਦੀ ਜੋ ਸੰਸਕ੍ਰਿਤੀ ਸੀ - ਪੰਜ ਚਾਰ ਹਜ਼ਾਰ ਸਾਲ ਪਹਿਲਾਂ, ਉਸ ਨੂੰ ਵਧਾਉਣ ਵਾਸਤੇ ਕਿੰਨੇ

ਇਨ੍ਹਾਂ ਨੇ ਯਤਨ ਕੀਤੇ ਨੇ, ਕਿੰਨਾ ਸਾਹਿਤ ਤਿਆਰ ਕਰਿਆ ਹੈ। ਕਿਸ ਤਰ੍ਹਾਂ ਦੇ ਨਾਲ ਇਹ ਜੀਵਨ ਉਚੇ ਕਰ ਰਹੇ ਨੇ ਤੇ ਤੁਸੀਂ ਇਕ ਦਮ ਉਨ੍ਹਾਂ ਦੇ ਮਗਰ ਪਏ ਹੋਏ ਹੋ, ਤੇ ਉਨ੍ਹਾਂ ਦੇ ਕੰਮਾਂ ਵਿਚ ਰੁਕਾਵਟ ਪਾ ਰਹੇ ਹੋ।

ਜਦੋਂ ਐਨੇ ਬਚਨ ਸੁਣੇ ਤਾਂ ਸਾਰਿਆਂ ਨੂੰ ਗੁੱਸਾ ਚੜ੍ਹ ਗਿਆ। ਉਹ ਕਹਿਣ ਲੱਗੇ ਕਿ ਇਹ ਜਰੂਰ ਜਸੂਸ ਹੈ ਉਨ੍ਹਾਂ ਦਾ ਤੇ ਅਸੀਂ ਦੁਸ਼ਮਣ ਕਹਿੰਦੇ ਹਾਂ ਤੇ ਇਹ ਸਾਡੇ ਉਪਰ ਦੀ ਲਿਆਉਂਦਾ ਹੈ ਤੇ ਜਸੂਸ ਨੂੰ ਜਸੂਸਾਂ ਵਾਲੀ ਸਜ਼ਾ ਦਿਓ। ਸਜ਼ਾ ਵੀ ਦੱਸ ਦਿੱਤੀ ਕਿ ਇਸ ਦੀਆਂ ਅੱਖਾਂ ਦੇ ਅੰਦਰ ਸਿਲਾਈਆਂ ਫੇਰ ਕੇ, ਅੰਨ੍ਹਾ ਕਰਕੇ ਇਸ ਨੂੰ ਪਹਾੜ ਦੀ ਚੋਟੀ ਤੋਂ ਧੱਕਾ ਦੇ ਦਿਓ।

ਉਹ ਕਹਿੰਦਾ, "ਠੀਕ ਹੈ! ਤੁਹਾਡੀ ਮਰਜ਼ੀ! ਮੈਂ ਤਾਂ ਕੰਮ ਦੀ ਗੱਲ ਦੱਸੀ ਹੈ। ਮੇਰਾ ਕਰਤੱਵ ਹੈ ਸੱਚ ਬੋਲਣਾ ਤੇ ਸਾਵਧਾਨ ਕਰ ਦੇਣਾ। ਗੁਰੂ ਗੋਬਿੰਦ ਸਿੰਘ ਜੀ ਨਾਲ ਲੜ ਕੇ ਤੁਸੀਂ ਖਟੋਗੇ ਕੁਝ ਨਹੀਂ। ਇਕ ਵੱਡੇ ਭਾਰੇ ਧਰਮ ਦੇ ਖਿਲਾਫ ਜਿਸ ਧਰਮ ਦਾ ਜੀਵਨ ਆ ਰਿਹਾ ਹੈ ਉਸ ਦੇ ਵਿਚ ਰੁਕਾਵਟ ਬਣੋਗੇ।

ਉਸ ਨੇ ਬੜੀਆਂ ਮਿਸਾਲਾਂ ਪਿਛਲੇ ਇਤਿਹਾਸਾਂ ਦੀਆਂ ਦਿੱਤੀਆਂ ਪਰ ਕਿਸੇ ਨੇ ਨਾ ਸੁਣੀ। ਅਖੀਰ ਬੰਨ੍ਹ ਲਿਆ ਤੇ ਜੱਲਾਦਾਂ ਨੂੰ ਹੁਕਮ ਦਿੱਤਾ ਕਿ ਗਰਮ ਕਰਕੇ ਸਿਲਾਈਆਂ ਇਸ ਦੀਆਂ ਅੱਖਾਂ ਵਿਚ ਫੇਰ ਦਿਓ ਤਾਂ ਜੋ ਜੋਤੀ ਅੱਖਾਂ ਦੀ ਜਾਂਦੀ ਰਹੇ ਤੇ ਫੇਰ ਪਹਾੜ ਦੀ ਚੋਟੀ ਤੋਂ ਧੱਕਾ ਦੇ ਦਿਓ, ਆਪੇ ਖੱਡਾਂ ਵਿਚ ਗਿਰ ਕੇ ਮਰ ਜਾਏਗਾ। ਉਹ ਕਹਿਣ ਲੱਗਿਆ, "ਮਹਾਰਾਜ! ਮੇਰੀ ਡਿਊਟੀ ਹੈ, ਮੈਂ ਪ੍ਰਧਾਨ ਮੰਤਰੀ ਹਾਂ, ਮੈਂ ਦੱਸਣਾ ਹੈ ਕਿ ਇਥੇ ਗਲਤ ਹੈ ਜਾਂ ਠੀਕ ਹੈ, ਮੰਨਣਾ ਤੁਹਾਡਾ ਕੰਮ ਹੈ।"

ਅਖੀਰ ਪਹਿਰੇਦਾਰ ਲੈ ਗਏ, ਪਹਾੜ ਤੇ ਲੈ ਗਏ। ਜੱਲਾਦ ਜਾਣੂ-ਪਛਾਣੂ ਨੇ, ਅੰਦਰੋਂ ਬੜਾ ਦਰਦ ਹੈ ਉਨ੍ਹਾਂ ਨੂੰ, ਪਰ ਹੁਕਮ ਦੀ ਤਾਮੀਲ ਕਰਨੀ ਉਨ੍ਹਾਂ ਦਾ ਫਰਜ਼ ਬਣਦਾ ਹੈ।

ਸੋ ਉਸ ਵੇਲੇ ਦੇਵੀ ਦਾਸ ਨੇ ਦੱਸਿਆ, ਕਹਿਣ ਲੱਗਿਆ, "ਦੇਖੋ ਪ੍ਰੇਮੀਓ! ਤੁਹਾਨੂੰ ਹੈ ਹੁਕਮ ਤੇ ਤੁਹਾਡੇ ਤੇ ਕੋਈ ਦੋਸ਼ ਨਹੀਂ ਹੈ ਪਰ ਇਕ ਗੱਲ ਕਰਿਓ, ਮੈਨੂੰ ਥੋੜ੍ਹਾ ਜਿਹਾ ਚਿਰ ਇਕਾਗਰ ਚਿੱਤ ਹੋ ਲੈਣ ਦਿਓ ਤੇ ਜਦੋਂ ਮੈਂ ਸਿਰ ਨਿਵਾਵਾਂਗਾ ਉਸ ਤੋਂ ਬਾਅਦ ਜਦੋਂ ਮੈਂ ਸਿਰ ਉਪਰ ਕਰਾਂਗਾ, ਉਸ ਵੇਲੇ ਤੁਸੀਂ ਮੇਰੀਆਂ ਅੱਖਾਂ ਵਿਚ ਸਿਲਾਈਆਂ ਫੇਰ ਦਿਓ, ਉਂਨਾ ਚਿਰ ਗਰਮ ਕਰਨੀਆਂ ਰੱਖ ਦਿਓ।"

ਸਿਲਾਈਆਂ ਗਰਮ ਕਰਨੀਆਂ ਰੱਖ ਦਿੱਤੀਆਂ ਤੇ ਉਹ ਇਕ ਚਿੱਤ ਹੋ ਗਿਆ। ਪਹੁੰਚਿਆ ਕਿਥੇ - ਉਸੇ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿਚ। ਚਰਨਾਂ ਕਮਲਾਂ ਦਾ ਧਿਆਨ ਧਰਿਆ ਹੋਇਆ ਹੈ, ਹੱਥ ਬੰਨ੍ਹੇ ਹੋਏ ਨੇ। ਪਾਤਿਸ਼ਾਹ! ਤੂੰ ਹੀ ਹੁਣ ਰੱਖਿਆ ਕਰਨੀ ਹੈ, ਹੋਰ ਨਹੀਂ ਕੋਈ ਰੱਖ ਸਕਦਾ। ਤੂੰ ਪ੍ਰਹਿਲਾਦ ਦੀ ਰੱਖਿਆ ਕੀਤੀ ਸੀ, ਤੱਤੇ ਥੰਮ੍ਹਾਂ ਤੋਂ, ਜਦੋਂ ਅੱਗ ਦੇ ਵਿਚ ਬਠਾਇਆ ਗਿਆ ਉਦੋਂ ਰੱਖਿਆ ਕੀਤੀ ਤੇ ਹੋਰ ਬੇਅੰਤ ਭਗਤਾਂ ਦੀ ਤੂੰ ਰੱਖਿਆ ਕਰੀ, ਮੈਂ ਵੀ ਤੇਰੀ ਸ਼ਰਨ ਵਿਚ ਹਾਂ। ਸੋ ਓਸ ਵੇਲੇ ਜਦੋਂ ਉਸ ਨੇ ਨਮਸ਼ਕਾਰ ਕਰਕੇ ਸੀਸ ਉਤੇ ਚੁਕਿਆ ਤਾਂ ਸਿਲਾਈਆਂ ਅੱਖਾਂ ਦੇ ਵਿਚ ਫੇਰ ਦਿੱਤੀਆਂ। ਸਾਂ-ਸਾਂ ਹੋਈ, ਜਲਣ ਦੀ ਅਵਾਜ਼ ਆਈ, ਨੇਤਰ ਬੰਦ ਨੇ। ਉਨ੍ਹਾਂ ਨੇ ਆਪਸ ਵਿਚ ਸਲਾਹ ਕਰੀ ਕਿ ਆਪਾਂ ਕੀ ਧੱਕਾ ਦੇਈਏ, ਇਹ ਐਸੀ ਬਿਖੜੀ ਪਹਾੜੀ ਤੇ ਚੜ੍ਹਿਆ ਹੋਇਆ ਹੈ ਇਸ ਨੇ ਆਪੇ ਹੀ ਗਿਰ ਜਾਣਾ ਹੈ। ਅਸੀਂ ਕਹਿ ਦਿਆਂਗੇ ਅਸੀਂ ਧੱਕਾ ਦੇ ਦਿੱਤਾ ਸੀ। ਉਹ ਚਲੇ ਗਏ ਪਰ ਉਹ ਉਸੇ ਤਰ੍ਹਾਂ ਅੱਖਾਂ ਬੰਦ ਕਰਕੇ ਬੈਠਾ ਹੈ, ਚਰਨਾਂ ਦਾ ਐਨਾ ਅਨੰਦ ਆ ਰਿਹਾ ਹੈ ਜਿਹੜਾ ਦੱਸਿਆ ਨਹੀਂ ਜਾ ਸਕਦਾ -

***ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ॥***
***ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ॥***

ਜਿਸ ਵਕਤ ਨੇਤਰ ਖੋਲ੍ਹੇ, ਹੈਰਾਨ ਹੋ ਗਿਆ ਕਿ ਮੈਨੂੰ ਤਾਂ ਸਭ ਕੁਝ ਦਿਸਦਾ ਹੈ, ਮੇਰੀਆਂ ਅੱਖਾਂ ਨੂੰ ਤਾਂ ਕੁਝ ਨਹੀਂ ਹੋਇਆ, ਨਾ ਕੋਈ ਤਕਲੀਫ ਹੋਈ ਹੈ, ਨਾ ਅੱਖਾਂ ਅੰਨ੍ਹੀਆਂ ਹੋਈਆਂ ਹਨ। ਉਸ ਵੇਲੇ ਬਿਲਾਸਪੁਰ ਵੱਲ ਪਿੱਠ ਕਰ ਲਈ ਤੇ ਅਨੰਦਪੁਰ ਸਾਹਿਬ ਵੱਲ ਨੂੰ ਮੂੰਹ ਕਰ ਲਿਆ। ਚਲਦਾ ਚਲਦਾ ਅਨੰਦਪੁਰ ਸਾਹਿਬ ਆਇਆ, ਕਿੰਨਾ ਅਨੰਦ ਹੈ ਉਸ ਦੇ ਹਿਰਦੇ ਦੇ ਅੰਦਰ, ਕਿੰਨਾ ਸ਼ੁਕਰਾਨਾ ਹੈ ਉਸ ਦੇ ਹਿਰਦੇ ਦੇ ਅੰਦਰ, ਉਸ ਦਾ ਅੰਦਾਜਾ ਅਸੀਂ ਨਹੀਂ ਲਾ ਸਕਦੇ। ਗੁਰੂ ਦਸਮੇਸ਼ ਪਿਤਾ ਦੇ ਮਹਿਲਾਂ ਦੇ ਸਾਹਮਣੇ ਪਹੁੰਚ ਗਿਆ ਤੇ ਬੇਨਤੀ ਕੀਤੀ ਕਿ ਮੈਂ ਮਹਾਰਾਜ ਜੀ ਦੇ ਦਰਸ਼ਨ ਕਰਨੇ ਨੇ। ਉਹ ਕਹਿਣ ਲੱਗੇ ਕਿ ਅੱਜ ਪਾਤਿਸ਼ਾਹ ਬਾਹਰ ਨਹੀਂ ਆਏ, ਅੰਦਰ ਹੀ ਨੇ ਤੇ ਅਸੀਂ ਬੇਨਤੀ ਕਰ ਦਿੰਦੇ ਹਾਂ। ਉਨ੍ਹਾਂ ਨੇ ਬੇਨਤੀ ਕਰੀ ਕਿ ਮਹਾਰਾਜ! ਬਿਲਾਸਪੁਰ ਦਾ ਵਜ਼ੀਰ ਆਇਆ ਹੈ।

ਮਹਾਰਾਜ ਜੀ ਕਹਿੰਦੇ, "ਅੰਦਰ ਲੈ ਆਓ।"

ਅੰਦਰ ਲੈ ਆਏ ਜਿਥੇ ਆਪ ਬਿਰਾਜਮਾਨ ਸੀ ਤੇ ਹੈਰਾਨ ਹੋ ਗਿਆ ਕਿ ਮਹਾਰਾਜ ਜੀ ਦੇ ਚਰਨਾਂ ਤੇ ਪੱਟੀਆਂ ਬੰਨ੍ਹੀਆਂ ਹੋਈਆਂ ਨੇ ਤੇ ਵਿਚੋਂ ਖ਼ੂਨ ਸਿੰਮਿਆ ਹੋਇਆ ਹੈ। ਉਸ ਵੇਲੇ ਹਿਰਦਾ ਕੰਬਿਆ ਕਿ ਮਨਾ! ਤੂੰ ਚਰਨਾਂ ਦਾ ਧਿਆਨ ਧਰਿਆ ਤੇ ਤਾਂ ਇਹ ਗੱਲ ਹੋਈ।

ਸੋ ਉਸ ਵੇਲੇ ਨਮਸ਼ਕਾਰ ਕੀਤੀ ਤੇ ਕਿਹਾ, "ਪਾਤਿਸ਼ਾਹ! ਚਰਨਾਂ ਤੇ ਖ਼ੂਨ ਦੇ ਧੱਬੇ ਕਿਉਂ ਨੇ?" ਮਹਾਰਾਜ ਜੀ ਮੁਸਕਰਾਏ ਤੇ ਕਹਿਣ ਲੱਗੇ, "ਦੇਵੀ ਦਾਸ! ਕਿਸੇ ਪ੍ਰੇਮੀ ਨੇ ਸਾਡੇ ਚਰਨਾਂ ਦਾ ਧਿਆਨ ਧਰ ਲਿਆ, ਉਸ ਦੀਆਂ ਅੱਖਾਂ ਵਿਚ ਸਿਲਾਈਆਂ ਫਿਰਨੀਆਂ ਸਨ। ਸੋ ਉਹ ਉਸ ਦੀਆਂ ਅੱਖਾਂ ਵਿਚ ਨਹੀਂ ਫਿਰੀਆਂ, ਉਹ ਸਾਡੇ ਚਰਨਾਂ ਨਾਲ ਲੱਗੀਆਂ ਆ ਕੇ।"

ਤੀਸਰਾ, ਇਤਿਹਾਸ ਇਹ ਦਸਦਾ ਹੈ ਕਿ ਭਾਈ ਬਿਧੀ ਚੰਦ ਜਦੋਂ ਪੱਟੀ ਤੋਂ ਦੁਸ਼ਾਲੇ ਲੈ ਕੇ ਆਇਆ ਤੇ ਚਾਰੇ ਪਾਸਿਓਂ ਘਿਰ ਗਿਆ ਤਾਂ ਉਸ ਨੇ ਗੁਰੂ ਛੇਵੇਂ ਪਾਤਿਸ਼ਾਹ ਦਾ ਧਿਆਨ ਧਰ ਕੇ ਭੱਠ ਵਿਚ ਛਾਲ ਮਾਰੀ। ਏਧਰ ਲਹਿਰੇ ਗਾਗੇ ਗੁਰੂ ਮਹਾਰਾਜ ਜੀ ਬੈਠੇ ਨੇ, ਕਹਿਣ ਲੱਗੇ, "ਮਸ਼ਕਾਂ ਲਿਆਓ ਪਾਣੀ ਦੀਆਂ ਭਰ ਕੇ ਛੇਤੀ-ਛੇਤੀ।" ਮਸ਼ਕਾਂ ਪਾਈ ਜਾਂਦੀਆਂ ਨੇ ਗੁਰੂ ਮਹਾਰਾਜ ਜੀ ਦੇ ਉਤੇ ਪਾਣੀ ਡੁਲ੍ਹੀ ਜਾਂਦਾ ਹੈ ਤੇ ਏਧਰ ਇਸ ਨੂੰ ਆਏਂ ਲਗਦਾ ਹੈ ਜਿਵੇਂ ਇਹ ਠੰਡੇ ਥਾਂ ਬੈਠਾ ਹੋਵੇ।

ਸੋ ਇਹ ਧਿਆਨ ਦੀ ਸ਼ਕਤੀ ਹੈ। ਧਿਆਨ ਦੀ ਸ਼ਕਤੀ ਦੇ ਨਾਲ ਕੱਛੂ ਬੱਚਿਆਂ ਨੂੰ ਪਾਲਦਾ ਹੈ। ਕੱਛੂ ਬਾਹਰ ਬਰੇਤੀ ਤੇ ਅੰਡੇ ਦਿੰਦਾ ਹੈ ਤੇ ਆਪ ਪਾਣੀ ਵਿਚ ਰਹਿੰਦਾ ਹੈ। ਉਹ ਕੇਵਲ ਧਿਆਨ ਸ਼ਕਤੀ ਦੇ ਨਾਲ ਬੱਚਿਆਂ ਨੂੰ ਪਾਲਦਾ ਹੈ।

ਸਿਮਰਨ ਸ਼ਕਤੀ ਦੇ ਨਾਲ ਕੂੰਜ ਹਜ਼ਾਰਾਂ ਕੋਹਾਂ ਤੇ -

***ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ॥***
***ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ॥*** *ਪੰਨਾ - 10*

ਯਾਦ ਦੇ ਨਾਲ ਪਾਲਦੀ ਹੈ, 'ਵਾਤਸਲ ਯਾਦ' ਕਹਿੰਦੇ ਨੇ ਇਸ ਨੂੰ। ਤਾਰਾਂ ਜੁੜ ਜਾਂਦੀਆਂ ਨੇ ਜਿਵੇਂ remote control ਦੀਆਂ ਤਾਰਾਂ ਜੁੜਦੀਆਂ ਹਨ। ਆਹ ਬਾਹਰ ਸਾਡੇ ਰਾਕਟ ਜਾ ਰਹੇ ਨੇ ਹਜ਼ਾਰਾਂ ਮੀਲਾਂ ਤੇ, ਲੱਖਾਂ-ਕਰੋੜਾਂ ਮੀਲਾਂ ਤੇ, ਉਥੇ ਤੱਕ ਵੀ remote ਨਾਲ ਉਨ੍ਹਾਂ ਦੀ ਸੇਧ ਸਿੱਧੀ ਕਰ ਦਿੰਦੇ ਨੇ। ਮੰਗਲ ਸਿਤਾਰਾ ਚੌਦਾਂ ਕਰੋੜ ਕਿਲੋਮੀਟਰ ਦੂਰ ਹੈ। ਉਥੇ ਰਾਕਟ ਗਿਆ ਤਾਂ ਉਥੇ ਉਸ ਦੀ ਬਾਂਹ ਜਿਹੀ ਨਿਕਲ ਗਈ, ਕੰਮ ਨਹੀਂ ਸੀ ਕਰਦਾ। ਉਸ ਦਾ ਇਥੋਂ remote control ਨਾਲ ਪੁਰਜਾ ਠੀਕ ਕੀਤਾ, ਬਾਂਹ ਚਲਾਈ ਤਾਂ ਕੰਮ ਕਰਨ ਲੱਗਿਆ।

ਸੋ ਜਦੋਂ ਇਹ ਮਸ਼ੀਨਾਂ ਕੰਮ ਕਰਦੀਆਂ ਨੇ, ਤੇ ਵਿਚ ਤਾਰ ਕੋਈ ਨਹੀਂ, ਇਕ ਬੈਟਰੀ ਹੈ ਤੇ ਉਸ ਬੈਟਰੀ ਦੀ ਸ਼ਕਤੀ ਉਥੇ ਤੱਕ ਪਹੁੰਚਦੀ ਹੈ, ਫੇਰ ਯਾਦ ਦੀ ਸ਼ਕਤੀ ਕਿਵੇਂ ਨਹੀਂ ਗੁਰੂ ਤੱਕ ਪਹੁੰਚਦੀ? ਇਸੇ ਤਰ੍ਹਾਂ ਸਿਮਰਨ ਦੀ ਸ਼ਕਤੀ ਕਿਵੇਂ ਨਹੀਂ ਪਹੁੰਚਦੀ? ਜੇ ਕੂੰਜ ਆਪਣੇ ਬੱਚਿਆਂ ਨੂੰ ਪਾਲਦੀ ਹੈ ਸਿਮਰਨ ਦੇ ਨਾਲ, ਫੇਰ ਗੁਰੂ ਮਹਾਰਾਜ ਜੀ ਨੇ ਸੁਖਮਨੀ ਸਾਹਿਬ ਦੀ ਪਹਿਲੀ ਅਸ਼ਟਪਦੀ ਦੇ ਅੰਦਰ ਫੁਰਮਾਨ ਕੀਤਾ ਹੈ–

***ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥***
***ਕਲਿ ਕਲੇਸ ਤਨ ਮਾਹਿ ਮਿਟਾਵਉ॥ ਪੰਨਾ - 262***

ਉਸ ਦੇ ਉਤੇ ਸਾਡਾ ਵਿਸ਼ਵਾਸ ਨਹੀਂ ਬੱਝਦਾ। ਸੋ ਇਹ ਧਿਆਨ ਦੀ ਬਾਤ ਮੈਂ ਕਰੀ ਹੈ। ਪਹਿਲਾ ਧਿਆਨ ਹੁੰਦਾ ਹੈ ਸ਼ਬਦ ਦਾ, ਦੂਸਰਾ ਹੋਇਆ ਕਰਦਾ ਹੈ ਸਾਕਾਰ ਦਾ, ਤੀਸਰਾ ਧਿਆਨ ਹੁੰਦਾ ਹੈ ਜੋਤੀ ਦਾ - ਜੋਤੀ ਸਰੂਪ ਸਮਝ ਕੇ ਧਿਆਨ ਧਰਨਾ। ਚੌਥਾ ਧਿਆਨ ਨਹੀਂ ਹੁੰਦਾ ਉਸ ਨੂੰ ਗਿਆਨ ਕਹਿੰਦੇ ਨੇ। ਉਸ ਸਾਰੇ ਪਰੀਪੂਰਨ ਵਾਹਿਗੁਰੂ ਵਿਚ ਲੀਨ ਹੋ ਕੇ ਭਗਤੀ ਕਰਨੀ, ਆਪਣਾ ਆਪਾ ਗੁਆ ਦੇਣਾ ਤੇ ਇਹ ਸਮਝਣਾ ਕਿ ਅੰਦਰ ਬਾਹਰ ਮੇਰੇ ਚਾਰੇ ਪਾਸੇ ਵਾਹਿਗੁਰੂ ਹੀ ਹੈ। ਜਿਸ ਦਾ ਮੈਂ ਨਾਂ ਲੈਂਦਾ ਹਾਂ, ਉਹ ਮੇਰੇ ਨਾਲ ਹੀ ਹੈ। ਸੋ–

***ਦਿਬ ਦਿਸਟਿ ਗੁਰ ਧਿਆਨੁ ਧਰਿ ਸਿਖ ਵਿਰਲਾ ਕੋਈ। ਭਾਈ ਗੁਰਦਾਸ ਜੀ ਦੀ ਵਾਰ 9/7***

ਕੋਈ ਵਿਰਲਾ ਵਿਰਲਾ ਸਿੱਖ ਹੈ ਐਸਾ -

***ਦਿਬ ਦਿਸਟਿ ਗੁਰ ਧਿਆਨੁ ਧਰਿ ਸਿਖ ਵਿਰਲਾ ਕੋਈ।***
***ਰਤਨ ਪਾਰਖੂ ਹੋਇਕੈ ਰਤਨਾ ਅਵਲੋਈ।***
***ਮਨੁ ਮਾਣਕੁ ਨਿਰਮੋਲਕਾ ਸਤਿਸੰਗ ਪਰੋਈ।***
***ਰਤਨਮਾਲ ਗੁਰ ਸਿਖ ਜਗਿ ਗੁਰਮਤਿ ਗੁਣ ਗੋਈ।***
***ਜੀਵਦਿਆਂ ਮਰਿ ਅਮਰੁ ਹੋਇ ਸੁਖ ਸਹਜਿ ਸਮੋਈ।***
***ਓਤਿ ਪੋਤਿ ਜੋਤੀ ਜੋਤਿ ਮਿਲਿ ਜਾਣੈ ਜਾਣੋਈ॥***
***ਭਾਈ ਗੁਰਦਾਸ ਜੀ ਦੀ ਵਾਰ 9/7***

ਜੋਤ ਵਿਚ ਜੋਤੀ ਮਿਲ ਜਾਂਦੀ ਹੈ, ਓਤ-ਪੋਤ ਹੋ ਜਾਂਦਾ ਹੈ ਜਿਵੇਂ ਤਾਣਾ ਤੇ ਪੇਟਾ ਹੁੰਦਾ ਹੈ ਤੇ ਜਾਨਣਹਾਰ ਵਾਹਿਗੁਰੂ ਆਪ ਜਾਣਦਾ ਹੈ, ਫੇਰ ਸੰਸਾਰ ਨੂੰ ਜਣਾਉਂਦਾ ਹੈ। ਸੋ ਐਸਾ ਕੋਈ ਵਿਰਲਾ ਸਿੱਖ ਹੈ ਤੇ ਉਸ ਦੀ ਜਿਹੜੀ ਅੰਦਰਲੀ ਅਵਸਥਾ ਹੈ ਉਸ ਦੇ ਬਾਰੇ ਏਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਅਨਹਦ ਧੁਨ ਧੀਰਾ -2, 2.***
***ਸਬਦ ਸੁਰਤਿ ਲਿਵਲੀਨ ਹੋਇ -2, 2.***
***ਅਨਹਦ ਧੁਨ ਧੀਰਾ,............. -2.***

***ਰਾਗ ਨਾਦ ਵਿਸਮਾਦੁ ਹੋਇ ਗੁਣ ਗਹਿਰ ਗੰਭੀਰਾ।***
***ਸਬਦ ਸੁਰਤਿ ਲਿਵਲੀਣ ਹੋਇ ਅਨਹਦ ਧੁਨਿ ਧੀਰਾ।***
***ਜੰਤ੍ਰੀ ਜੰਤ੍ਰ ਵਜਾਇਦਾ ਮਨਿ ਉਨਮਨਿ ਚੀਰਾ।***
***ਵਜਿ ਵਜਾਇ ਸਮਾਇ ਲੈ ਗੁਰ ਸਬਦ ਵਜੀਰਾ।***
***ਅੰਤਰਿਜਾਮੀ ਜਾਣੀਐ ਅੰਤਰਿ ਗਤਿ ਪੀਰਾ।***
***ਗੁਰ ਚੇਲਾ ਚੇਲਾ ਗੁਰੂ ..............॥***
***ਭਾਈ ਗੁਰਦਾਸ ਜੀ ਦੀ ਵਾਰ 9/8***

ਇਹ ਪਉੜੀ ਗੁਰੂ ਅੰਗਦ ਸਾਹਿਬ ਮਹਾਰਾਜ ਜੀ ਦੀ ਲਿਵਲੀਨਤਾ ਦਾ ਧਿਆਨ ਧਰ ਕੇ ਭਾਈ ਗੁਰਦਾਸ ਜੀ ਨੇ ਉਚਾਰੀ ਹੈ ਕਿਉਂਕਿ ਸਾਰਾ ਪ੍ਰਸੰਗ ਇਹ ਜੋ ਬੇਨਤੀਆਂ ਕੀਤੀਆਂ ਨੇ, ਇਹ ਉਨ੍ਹਾਂ ਦੇ ਦੁਆਲੇ ਘੁੰਮ ਰਹੀ ਹੈ ਸਾਰੀ ਅੰਦਰਲੀ ਅਵਸਥਾ। ਕਹਿੰਦੇ –

***ਰਾਗ ਨਾਦ ਵਿਸਮਾਦੁ ਹੋਇ.............।***

***ਭਾਈ ਗੁਰਦਾਸ ਜੀ ਦੀ ਵਾਰ 9/8***

ਆਹ ਵੀ ਜਿਹੜੇ ਸ਼ਬਦ ਬਾਹਰ ਵਜਦੇ ਨੇ ਤੇ ਅੰਦਰ ਵਾਲੇ ਵੀ, ਇਹ ਵਿਸਮਾਦ ਦੀ ਅਵਸਥਾ ਵਿਚ ਲੈ ਜਾਂਦੇ ਨੇ –

***.................. ਗੁਣ ਗਹਿਰ ਗੰਭੀਰਾ।***
***ਸਬਦ ਸੁਰਤਿ ਲਿਵਲੀਣ ਹੋਇ ਅਨਹਦ ਧੁਨਿ ਧੀਰਾ।***

***ਭਾਈ ਗੁਰਦਾਸ ਜੀ ਦੀ ਵਾਰ 9/8***

ਅਨਹਦ ਦੀ ਧੁਨ ਵਜ ਰਹੀ ਹੈ ਅੰਦਰ, ਸੁਰਤਿ ਸ਼ਬਦ ਵਿਚ ਜਦੋਂ ਲੀਨ ਹੋ ਜਾਂਦੀ ਹੈ।

***ਜੰਤ੍ਰੀ ਜੰਤ੍ਰ ਵਜਾਇਦਾ ਮਨਿ ਉਨਮਨਿ ਚੀਰਾ।***

***ਭਾਈ ਗੁਰਦਾਸ ਜੀ ਦੀ ਵਾਰ 9/8***

ਜਦੋਂ ਕੋਈ ਬਾਹਰਲਾ ਵੀ ਸ਼ਬਦ ਵਜਦਾ ਹੈ, ਚਾਹੇ ਅੰਦਰਲਾ ਵਜਦਾ ਹੈ, ਤੁਰੀਆ ਅਵਸਥਾ ਵਿਚ ਗੁਰਸਿਖ ਦਾ ਮਨ ਪਹੁੰਚ ਜਾਂਦਾ ਹੈ, ਉਸੇ ਵੇਲੇ ਲੀਨ ਹੋ ਜਾਇਆ ਕਰਦਾ ਹੈ।

***ਵਜਿ ਵਜਾਇ ਸਮਾਇ ਲੈ ਗੁਰ ਸਬਦ ਵਜੀਰਾ।***
***ਅੰਤਰਿਜਾਮੀ ਜਾਣੀਐ ਅੰਤਰਿ ਗਤਿ ਪੀਰਾ।***

***ਭਾਈ ਗੁਰਦਾਸ ਜੀ ਦੀ ਵਾਰ 9/8***

ਜੋ ਅੰਦਰਲੀ ਅਵਸਥਾ ਜਰੀ ਨਹੀਂ ਜਾਂਦੀ, ਜਦੋਂ ਉਸ ਅਜਰ ਨੂੰ ਜਰਦਾ ਹੈ, ਸੋ ਵਾਹਿਗੁਰੂ ਉਸ ਅੰਦਰਲੀ ਪੀੜਾ ਨੂੰ ਜਾਣਦਾ ਹੈ।

ਜਿਹੜੀ ਅੰਦਰ ਪੀੜ ਹੋ ਰਹੀ ਹੈ ਸਹਿਣ ਦੀ, ਰਿੱਧੀ ਸਿੱਧੀ ਆ ਜਾਏ, ਇਹ ਸਹਿਣੀ ਬਹੁਤ ਔਖੀ ਹੈ। ਆਹ ਬੀਬੀ ਜੀ ਦੇ ਪਿਤਾ ਜੀ ਬਾਰੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਦੇ ਨੇ ਕਿ ਇਕ ਵਾਰੀ ਉਹ ਸੰਗਤ ਵਿਚ ਮਹਾਰਾਜ ਜੀ ਦੀ ਤਾਅਬੇ ਬੈਠੇ ਨੇ, ਚੌਰ ਕਰ ਰਹੇ ਨੇ। ਐਸੀ ਬਿਰਤੀ ਲੀਨ ਹੋਈ ਸ਼ਬਦ ਦੇ ਅੰਦਰ ਕਿ ਸਹਿ ਨਾ ਹੋਈ ਉਨ੍ਹਾਂ ਤੋਂ ਤੇ ਇਕ ਦਮ ਛੱਤ ਨਾਲ ਜਾ ਕੇ ਲੱਗ ਗਏ। ਹੌਲੀ-ਹੌਲੀ ਹੇਠਾਂ ਨੂੰ ਉਤਰੇ, ਫੇਰ ਨਹੀਂ ਸਹਿ ਹੋਈ, ਫੇਰ ਉਪਰ ਨੂੰ ਚਲੇ ਗਏ, ਫੇਰ ਹੌਲੀ-ਹੌਲੀ ਉਪਰੋਂ ਛੱਤ ਦੇ ਨਾਲ ਕੰਧਾਂ ਦੇ ਨਾਲ ਲਗਦੇ ਲਗਦੇ ਅਖੀਰ ਗੁਰੂ ਸਾਹਿਬ ਦੇ ਸਾਹਮਣੇ ਲੰਮੇ ਪੈ ਗਏ, 6 ਘੰਟੇ ਪਏ ਰਹੇ ਤੇ ਉਨ੍ਹਾਂ ਦੇ ਸਰੀਰ ਵਿਚੋਂ ਐਨਾ ਪ੍ਰਕਾਸ਼ ਨਿਕਲੇ ਕਿ ਵਾਜਿਆਂ ਵਾਲਿਆਂ ਦੇ ਵਾਜੇ ਬੰਦ ਹੋ ਗਏ, ਇਕ ਰੂਹਾਨੀ ਕੰਬਣੀ, ਸਾਰਿਆਂ ਦੇ ਅੰਦਰ ਝੁਣਝੁਣੀ ਲੱਗ ਗਈ ਤੇ ਕਿਸੇ ਤੋਂ ਬੋਲ ਨਹੀਂ ਸੀ ਹੁੰਦਾ। ਐਸਾ ਅਕਹਿ ਰਸ ਸਾਰਿਆਂ ਨੇ ਦੇਖਿਆ ਜੋ ਕਦੇ ਦੇਖਿਆ ਹੀ ਨਹੀਂ ਸੀ। ਛੇ ਘੰਟੇ ਤੋਂ ਬਾਅਦ ਉਨ੍ਹਾਂ ਨੇ ਅਰਦਾਸ ਕਰਕੇ ਉਸ ਅਜਰ ਨੂੰ ਜਰਿਆ। ਇਸ ਨੂੰ ਕਹਿੰਦੇ ਨੇ – ਅਜਰ ਨੂੰ ਜਰਨਾ, ਇਹ ਬਹੁਤ ਔਖਾ ਹੈ। ਜਦੋਂ ਨਾਮ ਦਾ ਪ੍ਰਕਾਸ਼ ਹੁੰਦਾ ਹੈ ਉਹ ਧੁਨ ਸੁਣੀ ਨਹੀਂ ਜਾਂਦੀ ਪਹਿਲਾਂ-ਪਹਿਲਾਂ। ਜਦੋਂ ਸੁਣਦਾ ਹੈ ਉਸ ਵੇਲੇ ਅਨੰਦ ਵਿਚ ਚਲੇ ਜਾਂਦਾ ਹੈ, ਸਹਿ ਨਹੀਂ ਹੁੰਦੀ।

ਇਕ ਵਾਰੀ ਮਹਾਰਾਜ ਜੀ ਇਥੇ ਚੰਡੀਗੜ੍ਹ ਬੈਠੇ ਸਨ। ਦੀਵਾਨ ਲੱਗ ਰਹੇ ਸੀ। 10 ਸੈਕਟਰ ਉਨ੍ਹਾਂ ਦੀ ਰਿਹਾਇਸ਼ ਵਾਸਤੇ ਕੋਠੀ ਲਈ ਹੋਈ ਸੀ ਅਸੀਂ। ਉਥੇ ਇਕ ਪ੍ਰੇਮੀ ਆਇਆ, ਕੋਈ ਪੰਡਤ ਸੀ, ਉਸ ਨੇ ਕਿਤੇ ਕੀਰਤਨ ਸੁਣਿਆ ਰਾਹ ਜਾਂਦੇ ਨੇ, ਉਹ ਕਹਿੰਦਾ ਠਹਿਰੋ! ਠਹਿਰੋ!! ਆਹ ਸ਼ਬਦ

ਦੀ ਆਵਾਜ਼ ਕਰਨੀ ਕਮਾਈ ਵਾਲੇ ਦੀ, ਹੈ ਇਹ ਕਿਸੇ ਆਮ ਰਾਗੀ ਦੀ ਨਹੀਂ ਹੈ; ਠਹਿਰ ਜਾਓ। ਉਹ ਠਹਿਰ ਗਿਆ, ਕਹਿੰਦਾ, ਵਿੰਨ੍ਹਦੀ ਜਾਂਦੀ ਹੈ ਅੰਦਰ। ਏਨੇ ਨੂੰ ਉਥੇ ਇਕ ਹੋਰ ਖੜ੍ਹਾ ਸੀ ਉਹ ਵੀ ਹਿੰਦੂ ਵੀਰ ਸੀ। ਉਹ ਕਹਿੰਦਾ ਜੀ! ਮੈਂ ਹੈਰਾਨ ਹਾਂ। ਮੇਰਾ ਗੁਰੂ ਮਥਰਾ ਵਿਚ ਰਹਿੰਦਾ ਹੈ। ਇਕ ਵਾਰੀ ਮੇਰੇ ਗੁਰੂ ਨੇ ਇਹ ਗੱਲ ਦੱਸੀ ਸੀ ਕਿ ਬੰਦਗੀ ਕਰਨ ਵਾਲਿਆਂ ਦੇ ਅੰਦਰੋਂ ਜਿਵੇਂ rediation ਹੁੰਦੀ ਹੈ ਸ਼ਕਤੀ ਕਿਰਨਾਂ ਬਿਖਰਦੀਆਂ ਹਨ, ਇਸ ਤਰ੍ਹਾਂ ਅੰਦਰ ਕੋਈ ਐਸੀ ਬੇਤਾਰ ਤਾਰ ਜੁੜਨ ਦਾ ਅਸਰ ਹੁੰਦਾ ਹੈ ਕਿ ਉਹ ਸਾਂਭਿਆ ਨਹੀਂ ਜਾਂਦਾ। ਉਹ ਕਹਿੰਦਾ ਮੈਨੂੰ ਆਹ ਅਨੁਭਵ ਹੋਇਆ ਹੈ ਕਿ ਆਹ ਉਹੋ ਆਵਾਜ਼, radiation ਹੋ ਰਹੀ ਹੈ ਸ਼ਬਦ ਦੀ।

ਸੋ ਦੂਸਰੇ ਦਿਨ ਪੁਛਦੇ-ਪੁਛਾਂਦੇ ਉਥੇ ਆ ਗਏ। ਅਸੀਂ ਵੀ ਰਾਤ ਨੂੰ ਦੀਵਾਨ ਵਿਚ ਦੱਸਿਆ ਸੀ ਕਿ ਭਾਈ! ਜਿਸ ਨੇ ਮਿਲਣਾ ਹੈ, 10 ਸੈਕਟਰ ਆ ਜਾਇਓ - 15 ਨੰਬਰ ਕੋਠੀ ਵਿਚ। ਸੋ ਉਹ ਉਥੇ ਪਹੁੰਚ ਗਏ। ਉਥੇ ਆ ਕੇ ਸ਼ਾਸਤਰੀ ਜੀ ਨੇ ਦੋ ਬਚਨ ਕਹੇ। ਬੜਾ ਵਿਦਵਾਨ ਸੀ ਉਹ ਪੜ੍ਹਿਆ-ਲਿਖਿਆ।

ਕਹਿੰਦਾ, "ਮਹਾਰਾਜ! ਸੁਣਦਾ ਹੈ, ਸੁਣ ਕਿਉਂ ਨਹੀਂ ਹੁੰਦਾ? ਦਿਸਦਾ ਹੈ, ਦੇਖਿਆ ਕਿਉਂ ਨਹੀਂ ਜਾਂਦਾ?"

ਮਹਾਰਾਜ ਜੀ ਕਹਿੰਦੇ, "ਅਭਿਆਸ ਨਹੀਂ ਹੈ ਪੰਡਤ ਜੀ!"

ਕਿਸੇ ਦੀ ਸਮਝ ਵਿਚ ਨਹੀਂ ਆਈ ਗੱਲ। ਉਸ ਨੇ ਐਨੀ ਗੱਲ ਸੁਣੀ ਨਮਸ਼ਕਾਰ ਕਰੀ ਤੇ ਅਸੀਸਾਂ ਦਿੰਦਾ ਹੋਇਆ ਚਲਾ ਗਿਆ। ਸਾਰੀ ਸੰਗਤ ਹੈਰਾਨ ਹੈ ਕਿ ਇਕ ਗੱਲ ਕਹੀ ਹੈ ਤੇ ਮਹਾਰਾਜ ਜੀ ਨੇ ਇਕੋ ਹੀ ਜਵਾਬ ਦਿੱਤਾ ਹੈ ਤੇ ਵਿਚ ਤਾਂ ਪਤਾ ਨਹੀਂ ਲੱਗਿਆ। ਬਾਅਦ ਵਿਚ ਪੁਛਿਆ ਕਿ ਮਹਾਰਾਜ! ਇਸ ਦਾ ਸਵਾਲ ਕੀ ਸੀ ਤੇ ਆਪਦਾ ਜਵਾਬ ਕੀ ਸੀ?

ਮਹਾਰਾਜ ਜੀ ਕਹਿੰਦੇ ਕਿ ਪ੍ਰੇਮੀਓ! ਅਨਹਦ ਸ਼ਬਦ ਦੀ ਹੱਦ ਦੇ ਉਤੇ ਜਿਥੇ 'ਸੋ' ਸ਼ਬਦ ਦਾ ਵਾਸਾ ਹੈ, ਜਿਸ ਨੂੰ ਏਕ ਸ਼ਬਦ ਕਹਿੰਦੇ ਨੇ; ਜਦੋਂ ਓਹਦੇ ਵਿਚ ਰੁਸਵਾਈ ਹੁੰਦੀ ਹੈ ਜਿਸ ਨੂੰ ਨਾਮ ਦੀ ਪ੍ਰਾਪਤੀ ਕਹਿੰਦੇ ਨੇ, ਸ਼ਬਦ ਦੀ ਪ੍ਰਾਪਤੀ ਹੋਣ ਦੇ ਨਾਲ ਕਿਉਂਕਿ ਉਹ 'ਆਦਿ ਸ਼ਬਦ' ਹੈ, ਸਤਿ ਸ਼ਬਦ ਉਸ ਨੂੰ ਆਖਿਆ ਜਾਂਦਾ ਹੈ ਤੇ ਉਸ ਸਤਿ ਸ਼ਬਦ ਦੇ ਨਾਲ ਜਦੋਂ ਜੀਵ ਦੀ ਸੁਰਤਿ ਦਾ ਸੰਪਰਕ ਹੁੰਦਾ ਹੈ ਤਾਂ ਉਹ ਦਿੱਬ ਸ਼ਬਦ ਐਡਾ ਸ਼ਕਤੀਸ਼ਾਲੀ ਹੈ ਤੇ ਉਸ ਦੇ ਵਿਚ ਐਨਾ ਅਨੰਦ ਹੈ ਕਿ ਉਹ ਸਹਿ ਨਹੀਂ ਹੁੰਦਾ। ਉਥੇ ਜੋ ਨਾਦ ਹੁੰਦਾ ਹੈ, ਅਨਹਦ ਸ਼ਬਦ ਦਾ ਨਾਦ, ਉਹ ਦਰਗਾਹੀ ਨਾਦ ਹੋਇਆ ਕਰਦਾ ਹੈ-cosmic music, ਉਹ ਦਰਗਾਹ ਤੋਂ ਆਉਂਦਾ ਹੈ ਕਿਉਂਕਿ ਪ੍ਰਮੇਸ਼ਰ ਦੇ ਦਰ ਤੇ ਸਭ ਗਾ ਰਹੇ ਨੇ।

***ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥***
***ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ॥ ਰਹਿਰਾਸ ਸਾਹਿਬ***

ਉਥੇ ਰਾਗ ਚੱਲ ਰਿਹਾ ਹੈ, music (ਸੰਗੀਤ) ਚੱਲ ਰਿਹਾ ਹੈ ਰੱਬ ਦੇ ਦਰ ਤੇ। ਜਦੋਂ ਉਸ ਨਾਲ ਸੁਰਤਿ ਇਕ ਮਿੱਕ ਹੁੰਦੀ ਹੈ ਤਾਂ ਇਸ ਜੀਵ ਦੇ ਵਸ ਦੀ ਬਾਤ ਨਹੀਂ ਕਿ ਉਹ ਇਸ ਨੂੰ ਸੁਣ ਕੇ ਸਹਿ ਲਵੇ। ਕੋਈ ਵਿਰਲਾ-ਵਿਰਲਾ ਹੈ ਜਿਸ ਦਾ ਅਭਿਆਸ ਪੱਕਾ ਹੋਵੇ, ਉਹ ਬਾਰ-ਬਾਰ ਉਥੇ ਪਹੁੰਚ ਕੇ ਉਸ ਅਜਰ ਨੂੰ ਜਰਦਾ ਹੈ।

ਇਸੇ ਤਰ੍ਹਾਂ ਜਦੋਂ ਪ੍ਰਕਾਸ਼ ਹੁੰਦਾ ਹੈ ਅੰਦਰ, ਉਸ ਨੂੰ ਵੀ ਜਰਨਾ ਬਹੁਤ ਔਖਾ ਹੁੰਦਾ ਹੈ। ਸੋ ਪਿਤਾ ਜੀ ਨੂੰ ਪੁਛਿਆ ਕਿ ਕੀ ਗੱਲ ਹੋਈ ਸੀ। ਉਹ ਕਹਿੰਦੇ ਕਿ ਐਨਾ ਪ੍ਰਕਾਸ਼ ਗੁਰੂ ਨਾਨਕ ਪਾਤਿਸ਼ਾਹ ਦਾ ਅੰਦਰ ਆਇਆ ਕਿ ਸਾਥੋਂ ਝੱਲਿਆ ਨਾ ਗਿਆ। ਸਰੀਰ balance (ਗੁਰੂਤਾ ਸ਼ਕਤੀ) ਛਡ ਗਿਆ ਤੇ ਸਾਨੂੰ ਉਸ ਤੋਂ ਬਾਅਦ ਕੋਈ ਪਤਾ ਨਹੀਂ ਕੀ ਹੋਇਆ, ਸਾਡੀ ਤਾਂ ਅਰਦਾਸ ਹੀ ਸੀ ਕਿ ਹੇ ਪਾਤਿਸ਼ਾਹ!

ਇਸ ਅਜਰ ਨੂੰ ਜਰਨ ਦੀ ਸ਼ਕਤੀ ਬਖਸ਼ੋ। ਸੋ ਇਹ ਜੋ ਪੀੜ ਹੈ –

*ਅੰਤਰਿਜਾਮੀ ਜਾਣੀਐ ਅੰਤਰਿ ਗਤਿ ਪੀਰਾ॥*

***ਭਾਈ ਗੁਰਦਾਸ ਜੀ ਦੀ ਵਾਰ 9/8***

ਜਿਹੜੀ ਇਹ ਅੰਦਰ ਪੀੜ ਹੁੰਦੀ ਹੈ ਵਾਹਿਗੁਰੂ ਹੀ ਇਸ ਨੂੰ ਜਾਣਦਾ ਹੈ –

*ਗੁਰ ਚੇਲਾ ਚੇਲਾ ਗੁਰੂ ਬੇਧਿ ਹੀਰੈ ਹੀਰਾ॥*

***ਭਾਈ ਗੁਰਦਾਸ ਜੀ ਦੀ ਵਾਰ 9/8***

ਗੁਰੂ ਚੇਲਾ ਹੈ, ਗੁਰੂ ਅੰਗਦ ਸਾਹਿਬ ਚੇਲੇ ਨੇ ਤੇ ਚੇਲਾ ਹੀ ਗੁਰੂ ਬਣਿਆ ਹੋਇਆ ਹੈ, ਫਰਕ ਨਹੀਂ ਦੋਹਾਂ ਦੇ ਅੰਦਰ, ਇਕ ਨਜ਼ਰ ਆਉਂਦੇ ਨੇ।

ਸੋ ਦੋ ਸ਼ਬਦ ਹੁੰਦੇ ਨੇ – ਇਕ ਨੂੰ ਆਹਤ ਕਹਿੰਦੇ ਨੇ, ਦੂਜੇ ਨੂੰ ਅਨਾਹਦ ਕਹਿੰਦੇ ਨੇ। ਅਨਾਹਦ ਸ਼ਬਦ ਦੇ ਅੰਦਰ ਜਦੋਂ ਬਿਰਤੀ ਲੀਨ ਹੋ ਜਾਂਦੀ ਹੈ ਤੇ ਫੇਰ ਨਾਮ ਰੰਗ ਆਉਂਦਾ ਹੈ, ਨਾਮ ਦਾ ਪਿਆਰ ਆਉਂਦਾ ਹੈ ਫੇਰ ਜਿਹੜਾ ਗੁਰਸਿੱਖ ਪੂਰਾ ਹੈ ਉਹ ਅਜਰ ਨੂੰ ਜਰ ਲੈਂਦਾ ਹੈ।

ਸੋ ਗੁਰੂ ਅੰਗਦ ਸਾਹਿਬ ਮਹਾਰਾਜ ਜੀ ਦੀ ਪਰੀਤ ਨੂੰ ਗੁਰੂ ਨਾਨਕ ਮਹਾਰਾਜ ਜਾਣਦੇ ਨੇ – ਅੰਦਰਲੀ ਪੀੜਾ ਨੂੰ, ਉਹ ਰਜ਼ਾਅ ਤੇ ਸ਼ੁਕਰ ਵਿਚ ਰਹਿੰਦੇ ਨੇ। ਸੋ ਇਕ ਥਾਂ ਰਹਿੰਦੇ ਨੇ ਦੋਏ। ਜਿਵੇਂ ਵਿਨੰਣ ਵਾਲਾ ਤੇ ਵਿਝਣ ਵਾਲਾ ਦੋਏ ਹੀਰੇ ਹੁੰਦੇ ਨੇ। ਇਸੇ ਤਰ੍ਹਾਂ ਦੇ ਨਾਲ ਗੁਰੂ ਨਾਨਕ ਪਾਤਿਸ਼ਾਹ ਤੇ ਗੁਰੂ ਅੰਗਦ ਦੇਵ ਮਹਾਰਾਜ ਜੀ ਇਨ੍ਹਾਂ ਵਿਚ ਕੋਈ ਫਰਕ ਨਹੀਂ ਹੈ। ਗੁਰੂ ਦਾ ਸਿੱਖ ਗੁਰੂ ਦਾ ਰੂਪ ਹੋਇਆ ਹੋਇਆ ਹੈ। ਗੁਰੂ ਦਸਵੇਂ ਪਾਤਿਸ਼ਾਹ ਬਾਰੇ ਲਿਖਿਆ ਹੋਇਆ ਹੈ –

*ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥*

***ਭਾਈ ਗੁਰਦਾਸ ਜੀ ਦੀ ਵਾਰ 41/1***

ਸੋ ਗੁਰੂ ਨਾਨਕ ਪਾਰਸ ਹੈ, ਪਾਰਸ ਦੇ ਨਾਲ ਲੱਗ ਕੇ ਪਾਰਸ ਬਣਨਾ ਔਖਾ ਹੈ। ਪਾਰਸ ਸੋਨਾ ਤਾਂ ਬਣਾ ਦਿੰਦਾ ਹੈ ਪਰ ਪਾਰਸ, ਪਾਰਸ ਬਣਾਉਂਦਾ ਨਹੀਂ ਕਦੇ ਸੁਣਿਆ। ਸੋ ਗੁਰੂ ਨਾਨਕ ਪਾਤਿਸ਼ਾਹ ਜੋ ਪਾਰਸ ਹੈ, ਉਸ ਦੇ ਨਾਲ ਜਿਹੜਾ ਲੱਗਿਆ ਹੈ ਉਸ ਨੂੰ ਆਪਣਾ ਰੂਪ ਦਿੰਦਾ ਹੈ। ਜੋਤ ਵਿਚ ਜੋਤ ਮਿਲੀ ਹੋਈ ਹੈ, ਸੁਰ ਤਾਲ ਇਕ ਹੋ ਰਿਹਾ ਹੈ। ਇਸ ਨੂੰ ਕਹਿੰਦੇ ਨੇ –

.............. *ਗੁਰ ਗੋਰਿ ਸਮਾਵੈ॥*

***ਭਾਈ ਗੁਰਦਾਸ ਜੀ ਦੀ ਵਾਰ 9/22***

ਚੇਲੇ ਦਾ ਪਿਆਰ ਗੁਰੂ ਪ੍ਰੇਮ ਵਿਚ ਪੈ ਕੇ ਇਕ ਹੋ ਰਿਹਾ ਹੈ। ਦੋਵੇਂ ਇਕ ਜੋਤ ਹੋਈ ਹੋਈ ਹੈ ਤੇ ਮੂਰਤਾਂ ਦੇਖਣ ਨੂੰ ਵੱਖ ਲੱਗਦੀਆਂ ਨੇ। ਗੁਰੂ ਨਾਨਕ ਪਾਤਿਸ਼ਾਹ ਨੇ ਇਹ ਪ੍ਰੇਮ ਆਪ ਉਨ੍ਹਾਂ ਅੰਦਰ ਪੈਦਾ ਕੀਤਾ ਹੈ, (ਗੁਰੂ) ਅੰਗਦ ਹੁਣ ਸਰਵ ਸ੍ਰੇਸ਼ਠ ਹੋ ਗਏ ਨੇ, ਸਹਿਜ ਦੀ ਸਮਾਈ, ਤੁਰੀਆ ਅਵਸਥਾ ਵਿਚ ਖੇਲ੍ਹ ਰਹੇ ਨੇ। ਸੋ ਓਸ ਅਵਸਥਾ ਨੂੰ ਵਰਣਨ ਕਰਨ ਵਾਸਤੇ ਭਾਈ ਗੁਰਦਾਸ ਜੀ ਨੇ ਏਸ ਤਰ੍ਹਾਂ ਵਰਣਨ ਕੀਤਾ–

*ਧਾਰਨਾ – ਗੁਰਮੁਖ ਵਡਿਆਈ,*
*ਪਾਰਸ ਹੋਇਆ ਪਾਰਸੋਂ –2, 2.*

*ਪਾਰਸੁ ਹੋਇਆ ਪਾਰਸਹੁੰ ਗੁਰਮੁਖਿ ਵਡਿਆਈ।*
*ਹੀਰੈ ਹੀਰਾ ਬੇਧਿਆ ਜੋਤੀ ਜੋਤਿ ਮਿਲਾਈ।*
*ਸਬਦ ਸੁਰਤਿ ਲਿਵ ਲੀਣੁ ਹੋਇ ਜੰਤ੍ਰ ਜੰਤ੍ਰੀ ਵਾਈ।*
*ਗੁਰ ਚੇਲਾ ਚੇਲਾ ਗੁਰੂ ਪਰਚਾ ਪਰਚਾਈ।*

***ਪੁਰਖਹੁੰ ਪੁਰਖੁ ਉਪਾਇਆ ਪੁਰਖੋਤਮ ਹਾਈ।***
***ਵੀਹ ਇਕੀਹ ਉਲੰਘਿਕੈ ਹੋਇ ਸਹਜਿ ਸਮਾਈ॥***

***ਭਾਈ ਗੁਰਦਾਸ ਜੀ ਦੀ ਵਾਰ 9/9***

ਗੁਰੂ ਨਾਨਕ ਦੇਵ ਜੀ ਦੇ ਪ੍ਰੇਮ ਨੇ ਤੇ ਭਾਈ ਲਹਿਣਾ ਦੀ ਸੇਵਾ ਨੇ ਗੁਰੂ ਨਾਨਕ ਸਾਹਿਬ ਨੂੰ ਐਨਾ ਪ੍ਰਸੰਨ ਕਰ ਲਿਆ ਕਿ ਉਨ੍ਹਾਂ ਨੇ ਆਪਣਾ ਹੀ ਰੂਪ ਬਣਾ ਲਿਆ।

ਤਿੰਨਾਂ ਗੁਣਾਂ ਵਿਚੋਂ ਲੰਘ ਕੇ ਤੁਰੀਆ ਦੇ ਵਿਚ ਨਿਵਾਸ ਕਰ ਲਿਆ। ਸੋ ਇਸ ਤਰ੍ਹਾਂ ਗੁਰਸਿੱਖੀ ਦਾ ਜੋ ਮਾਰਗ ਹੈ ਸਾਧ ਸੰਗਤ ਜੀ! ਸਾਰਿਆਂ ਤੋਂ ਸ੍ਰੇਸ਼ਟ ਮਾਰਗ ਹੈ, ਇਹ 'ਸਬਦਿ ਸੁਰਤਿ' ਦਾ ਮਾਰਗ ਹੈ। ਸੁਰਤ ਨੂੰ ਸ਼ਬਦ ਦੇ ਨਾਲ ਲਾਉਣਾ ਹੈ। ਜਦੋਂ ਗੁਰੂ ਨਾਨਕ ਸਾਹਿਬ ਨੂੰ ਪੁਛਿਆ ਸਿੱਧਾਂ ਨੇ ਕਿ ਹੇ ਨਾਨਕ! ਇਕ ਗੱਲ ਸਾਡੀ ਸਮਝ ਵਿਚ ਨਹੀਂ ਆਉਂਦੀ ਕਿ ਤੂੰ ਇਹ ਕਹਿੰਦਾ ਹੈਂ ਕਿ ਜਿਹੜੇ ਮੇਰੇ ਗੁਰਸਿਖ ਹੋਣਗੇ ਉਹ ਗ੍ਰਹਿਸਥੀ ਵੀ ਹੋਣਗੇ, ਬੱਚਿਆਂ ਨੂੰ ਵੀ ਪਾਲਣਗੇ, ਆਪਣਾ ਫਰਜ਼ ਵੀ ਪੂਰਾ ਕਰਨਗੇ, ਰਾਜ ਵੀ ਕਰਨਗੇ, ਵਪਾਰ ਵੀ ਕਰਨਗੇ ਪਰ ਅਸੀਂ ਤਾਂ ਹੈਰਾਨ ਹਾਂ ਕਿ ਕਦੇ ਇਹ ਜੀਵ ਲੰਘ ਸਕਦਾ ਹੈ? ਬਿਲਕੁਲ ਨਹੀਂ ਲੰਘ ਸਕਦਾ। ਇਹ ਤਾਂ ਮਾਇਆ ਦੇ ਵਿਚ ਸੌਂ ਜਾਣਗੇ, ਇਨ੍ਹਾਂ ਦੇ ਵਿਚ ਮੋਹ ਆਏਗਾ, ਕਾਮ ਆਏਗਾ, ਕ੍ਰੋਧ ਆਏਗਾ, ਲੋਭ ਆਏਗਾ, ਈਰਖਾ ਆਏਗੀ, ਨਿੰਦਿਆ ਕਰਨਗੇ, ਕਿਸੇ ਦੀ ਉਸਤਤ ਕਰੇ ਤੋਂ ਖੁਸ਼ ਹੋਣਗੇ। ਉਹ ਕਿਹੜਾ ਤਰੀਕਾ ਹੈ ਜਿਸ ਦੇ ਨਾਲ ਤੁਸੀਂ ਲੰਘਾ ਦਿਓਗੇ? ਹੈ ਵੀ ਬੜਾ ਔਖਾ ਸਾਧ ਸੰਗਤ ਜੀ! ਵੱਡੇ-ਵੱਡੇ ਹਾਰ ਮੰਨ ਕੇ ਨੱਠ ਗਏ ਨੇ। ਰਸਤੇ ਦੋਵੇਂ ਔਖੇ ਨੇ - ਉਹ ਵੀ ਔਖਾ ਹੈ, ਇਹ ਵੀ ਔਖਾ ਹੈ।

ਮਹਾਰਾਜ ਜੀ ਕਹਿਣ ਲੱਗੇ ਕਿ ਹੇ ਨਾਥ ਜੀ! ਸਾਡਾ ਰਸਤਾ ਤੁਹਾਡੇ ਵਾਲਾ ਨਹੀਂ ਹੈ। ਨਾ ਤਾਂ ਸਾਨੂੰ ਪ੍ਰਾਣਾਯਾਮ ਕਰਾਉਣ ਦੀ ਲੋੜ ਹੈ, ਨਾ ਨੇਤੀ, ਧੋਤੀ, ਬਸਤੀ ਵਗੈਰਾ ਕਰਾਉਣ ਦੀ ਲੋੜ ਹੈ, ਕਪਾਲੀ ਅਸੀਂ ਨਹੀਂ ਕਰਾਉਣੀ, ਐਸੇ ਸਾਧਨ ਅਸੀਂ ਨਹੀਂ ਕਰਾਉਣੇ, ਸਾਡੇ ਤਾਂ ਸਿੱਖ ਨੇ ਗੁਰੂ ਨੂੰ ਪਿਆਰ ਕਰਨਾ ਹੈ। ਪਿਆਰ ਦੇ ਵਿਚ ਇਹ ਸ਼ਕਤੀ ਹੈ ਕਿ ਜਿਉਂ ਜਿਉਂ ਪਿਆਰ ਕਰੀਂ ਜਾਓ, ਉਸ ਦਾ ਧਿਆਨ ਹਿਰਦੇ 'ਚ ਆਉਣਾ ਸ਼ੁਰੂ ਹੋ ਜਾਂਦਾ ਹੈ, ਉਸ ਦੇ ਨਾਲ ਲੀਨ ਹੋ ਜਾਂਦਾ ਹੈ। ਸਾਰਾ ਦਿਨ ਉਸ ਦੇ ਨਾਲ ਪਰਚਿਆ ਰਹਿ ਸਕਦਾ ਹੈ ਜੇ ਪਿਆਰ ਹੋਵੇ। ਜਦੋਂ ਗੁਰੂ ਨੂੰ ਪਿਆਰ ਕਰੇਗਾ ਤਾਂ ਗੁਰੂ ਦਾ ਸ਼ਬਦ ਹਿਰਦੇ ਵਿਚ ਵਸਾਏਗਾ। ਉਸ ਦੀ ਸੁਰਤ ਦੇ ਨਾਲ ਜਦੋਂ ਸ਼ਬਦ ਲੱਗ ਗਿਆ ਫੇਰ ਉਸ ਨੂੰ ਬਾਹਰਲੀ ਦੁਨੀਆਂ ਦੇ ਰੁਝੇਵੇਂ ਕੁਝ ਨਹੀਂ ਕਹਿੰਦੇ ਕਿਉਂਕਿ ਅੰਦਰ ਸੁਰਤਿ ਐਨੀ ਤਕੜੀ ਹੋ ਗਈ ਕਿ ਉਹ ਕੰਮ ਕਰਦਾ ਹੋਇਆ ਵੀ ਕੋਈ ਕੰਮ ਨਹੀਂ ਕਰ ਰਿਹਾ, ਬੱਚਿਆਂ ਨੂੰ ਪਾਲਦਾ ਹੋਇਆ ਵੀ ਪਾਲ ਨਹੀਂ ਰਿਹਾ, ਸਾਰੇ ਫਰਜ਼ ਪੂਰੇ ਕਰਦਾ ਹੋਇਆ ਵੀ ਫੇਰ ਉਹ ਨਿਰਲੇਪ ਰਹਿੰਦਾ ਹੈ। ਸੋ ਸਾਡਾ ਜੋ ਮਾਰਗ ਹੈ ਉਹ ਸੁਰਤਿ ਸ਼ਬਦ ਦਾ ਹੈ -

***ਧਾਰਨਾ - ਨਾਨਕ ਨਾਮ ਵਖਾਣੇ ਜੀ,***
***ਸੁਰਤਿ ਸ਼ਬਦ ਭਵ ਸਾਗਰ ਤਰੀਐ -2, 2.***
***ਸੁਰਤਿ ਸਬਦ ਭਵ ਸਾਗਰ ਤਰੀਐ -2, 2.***
***ਨਾਨਕ ਨਾਮ ਵਖਾਣੇ ਜੀ,............. -2.***

ਸੋ ਨਾਥ ਜੀ! ਸਾਰਾ ਹੀ ਸਬੰਧ ਮਨ ਨਾਲ ਹੁੰਦਾ ਹੈ।

***ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧ ਹੋਇ॥***
***ਮਨ ਹੀ ਮਨ ਸਿਉ ਕਹੈ ਕਬੀਰਾ ਮਨ ਸਾ ਮਿਲਿਆ ਨ ਕੋਇ॥ ਪੰਨਾ - 342***

ਮਨ ਦੇ ਉਤੇ ਸੁਰਤ ਹੋਇਆ ਕਰਦੀ ਹੈ। ਸੋ ਸੁਰਤਿ ਜਦੋਂ ਸ਼ਬਦ ਦੇ ਨਾਲ ਲੱਗ ਗਈ ਫੇਰ ਮਨ ਨੇ ਨਹੀਂ ਦੌੜਨਾ ਕਿਉਂਕਿ ਸੁਰਤ ਜਦੋਂ ਸ਼ਬਦ ਵਿਚ ਲੱਗਣੀ ਹੈ ਤਾਂ ਸ਼ਬਦ ਵਿਚੋਂ ਰਸ ਆਉਣਾ ਹੈ। ਸੋ

ਇਸ ਤਰ੍ਹਾਂ ਗ੍ਰਹਿਸਤ ਵਿਚ ਰਹਿੰਦੇ ਹੋਏ ਸਾਡੇ ਗੁਰਸਿੱਖ ਆਪਣਾ ਰੂਹਾਨੀ ਪੈਂਡਾ ਤੈਅ ਕਰ ਲਿਆ ਕਰਨਗੇ ਪਰ ਲਗਨ ਹੋਣੀ ਚਾਹੀਦੀ ਹੈ। ਬੜੀ ਸ਼ਿਕਾਇਤ ਹੈ ਸੋਝੀ ਵਾਲੇ ਬੰਦਿਆਂ ਨੂੰ ਕਿ ਅਸੀਂ ਕੇਵਲ ਭੇਖ ਦੇ ਸਿੱਖ ਰਹਿ ਗਏ, ਅੰਦਰੋਂ ਬਿਲਕੁਲ ਖਾਲੀ ਹੋ ਗਏ। ਇਹ ਜੋ ਬੇਨਤੀਆਂ ਕੀਤੀਆਂ ਨੇ ਇਹ ਸਿੱਖ ਦੀ ਅੰਦਰਲੀ ਅਵਸਥਾ ਦੀਆਂ ਬੇਨਤੀਆਂ ਕੀਤੀਆਂ ਨੇ। ਸਿੱਖ ਦੇ ਅੰਦਰ ਪਿਆਰ ਹੁੰਦਾ ਹੈ ਗੁਰੂ ਦਾ, ਹਰ ਵਕਤ ਗੁਰੂ ਦੇ ਪਿਆਰ ਵਿਚ ਰਹਿੰਦਾ ਹੈ, ਗੁਰੂ ਦੀ ਗੱਲ ਸੁਣਦਾ ਹੈ; ਕਦੇ ਵੈਰਾਗ ਆ ਜਾਂਦਾ ਹੈ, ਕਦੇ ਖੇੜੇ ਵਿਚ ਆ ਜਾਂਦਾ ਹੈ।

***ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥***
***ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥ ਪੰਨਾ - 558***

ਸੋ ਗੁਰੂ ਅੰਗਦ ਸਾਹਿਬ ਮਹਾਰਾਜ ਜੀ ਇਕ ਤਰ੍ਹਾਂ ਦੇ ਨਾਲ ਗੁਰੂ ਨਾਨਕ ਸਾਹਿਬ ਦੇ ਅੰਦਰ ਲੀਨ ਹੋਏ ਹੋਏ ਸੀ, ਹਰ ਵਕਤ ਗੁਰੂ ਨਾਨਕ ਸਾਹਿਬ ਵੱਲ ਚਕੋਰ ਵੱਤ ਝਾਕੀ ਜਾਂਦੇ, ਹਰ ਵਕਤ ਨਿਗ੍ਹਾ ਰੱਖਦੇ ਨੇ, ਅੱਖ ਝਮਕਣੀ ਵੀ ਭੁੱਲੇ ਹੋਏ ਨੇ ਕਿ ਜੇ ਅੱਖ ਝਮਕੀ, ਉਨਾ ਚਿਰ ਗੁਰ ਸਰੂਪ ਦੂਰ ਹੋ ਜਾਏਗਾ। ਜਿਥੇ ਮਹਾਰਾਜ ਜੀ ਬਿਰਾਜਦੇ ਨੇ, ਆਪ ਉਥੇ ਹੀ ਧਰਤੀ ਤੇ, ਹੇਠ ਬਿਰਾਜ ਜਾਂਦੇ ਨੇ। ਜਿਧਰ ਮਹਾਰਾਜ ਜੀ ਜਾਂਦੇ ਨੇ, ਆਪ ਨਾਲ ਹੀ ਜਾਂਦੇ ਨੇ। ਅੰਮ੍ਰਿਤ ਵੇਲੇ ਉਠ ਕੇ ਗੁਰੂ ਨਾਨਕ ਪਾਤਿਸ਼ਾਹ ਰਾਵੀ 'ਚ ਇਸ਼ਨਾਨ ਕਰਨ ਜਾਇਆ ਕਰਦੇ ਸਨ। ਸਰਦੀਆਂ ਸਨ, ਬੜੀ-ਬੜੀ ਦੇਰ ਤੱਕ ਆਪ ਪਾਣੀ ਵਿਚ ਖੜ੍ਹੇ ਰਹਿੰਦੇ ਸਨ। ਆਪ ਨੇ ਡੇਢ ਪਹਿਰ ਰਾਤ ਰਹਿੰਦੇ ਉਠ ਕੇ ਇਸ਼ਨਾਨ ਕਰਨਾ, ਸਰਦੀ ਹੋਵੇ ਜਾਂ ਗਰਮੀ ਹੋਵੇ ਇਹੀ ਨਿਤਨੇਮ ਸੀ। ਸਰਦੀਆਂ ਦੇ ਵਿਚ ਆਪਨੇ ਪਾਣੀ ਵਿਚ ਖੜ੍ਹ ਜਾਣਾ, ਆਪ (ਗੁਰੂ ਅੰਗਦ ਦੇਵ ਜੀ) ਨੇ ਕੰਢੇ ਬੈਠੇ ਰਹਿਣਾ, ਇਕ ਟੱਕ ਗੁਰੂ ਮਹਾਰਾਜ ਜੀ ਦੇ ਚਿਹਰੇ ਵੱਲ ਦੇਖੀ ਜਾਣਾ। ਫੇਰ ਮਹਾਰਾਜ ਜੀ ਨੇ ਹੋਰ ਕਿਤੇ ਚਲੇ ਜਾਣਾ। ਦੋ ਮੀਲ ਤੇ ਪੱਥਰ ਗੱਡ ਲਿਆ, ਏਧਰ ਵੀ ਗੱਡ ਲਿਆ। ਸਾਰਾ ਦਿਨ, ਸਾਰੀ ਰਾਤ ਤੁਰਦੇ ਹੀ ਰਹਿਣਾ, ਓਹ ਸਿਰੇ ਤੇ ਚਲੇ ਗਏ ਉਥੋਂ ਮੁੜ ਆਏ, ਏਧਰੋਂ ਫੇਰ ਮੁੜ ਗਏ। ਇਨ੍ਹਾਂ ਨੇ ਵਿਚਾਲੇ ਖੜ੍ਹੇ ਹੋ ਜਾਣਾ ਤੇ ਜੇ ਏਧਰ ਨੂੰ ਗਏ ਤਾਂ ਏਧਰ ਦੇਖੀ ਜਾਣਾ, ਜੇ ਓਧਰ ਨੂੰ ਗਏ ਤਾਂ ਓਧਰ ਦੇਖੀ ਜਾਣਾ, ਜਦੋਂ ਨਿਗ੍ਹਾ ਤੋਂ ਓਹਲੇ ਹੋਣ ਲੱਗਣ ਉਸੇ ਵੇਲੇ ਓਨੇ ਹੀ ਅੱਗੇ ਹੋਰ ਹੋ ਜਾਣਾ। ਇਹ ਕਿਸੇ ਨੂੰ ਦਿਖਾਉਣ ਵਾਸਤੇ ਨਹੀਂ ਸੀ ਕਰਦੇ, ਇਹ ਅੰਦਰਲੇ ਪਾਸੇ ਪਿਆਰ ਸੀ, ਉਹ ਜੋ ਪਿਆਰ ਹੁੰਦਾ ਹੈ, ਦੁਨੀਆਂ ਦੇ ਪਿਆਰ ਦੀਆਂ ਕਹਾਣੀਆਂ ਅਸੀਂ ਕਰ ਸਕਦੇ ਹਾਂ, ਲੈਲਾ ਦੇ ਪਿਆਰ ਦੀ ਕਰਨੀ ਹੋਵੇ ਕੀਤੀ ਜਾ ਸਕਦੀ ਹੈ, ਹੀਰ ਰਾਂਝੇ ਦੇ ਪਿਆਰ ਦੀ ਕਰਨੀ ਹੋਵੇ, ਤਾਂ ਬਣ ਜਾਂਦੀ ਹੈ ਪਰ ਇਹ ਫੇਰ ਵੀ ਅਧੂਰੇ ਪਿਆਰ ਹੋਇਆ ਕਰਦੇ ਨੇ। ਗੁਰੂ ਤੇ ਚੇਲੇ ਦੇ ਪਿਆਰ ਦਾ ਸਾਨੀ ਸੰਸਾਰ ਦਾ ਕੋਈ ਪਿਆਰ ਨਹੀਂ ਹੈ। ਉਸ ਦੀ ਕਥਾ ਨੂੰ ਅਕਥ ਕਿਹਾ ਹੈ, ਏਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਓਹ ਅਕਥ ਕਹਾਣੀ ਜੀ -2, 2.***
***ਪੀਰ ਮੁਰੀਦਾਂ ਪਿਰਹੜੀ -2, 2.***

***ਰੂਪੈ ਕਾਮੈ ਦੋਸਤੀ ਜਗ ਅੰਦਰਿ ਜਾਣੀ।***
***ਭੁਖੈ ਸਾਦੈ ਗੰਢੁ ਹੈ ਓਹੁ ਵਿਰਤੀ ਹਾਣੀ।***
***ਘੁਲਿ ਮਿਲਿ ਮਿਚਲਿ ਲਬਿ ਮਾਲਿ ਇਤ ਭਰਮ ਭੁਲਾਣੀ।***
***ਊਘੈ ਸਉੜਿ ਪਲੰਘ ਜਿਉ ਸਭਿ ਰੈਣ ਵਿਹਾਣੀ।***
***ਸੁਹਣੇ ਸਭ ਰੰਗ ਮਾਣੀਅਨਿ ਕਰਿ ਚੋਜ ਵਿਡਾਣੀ।***
***ਪੀਰ ਮੁਰੀਦਾਂ ਪਿਰਹੜੀ ਓਹੁ ਅਕਥ ਕਹਾਣੀ॥***
***ਭਾਈ ਗੁਰਦਾਸ ਜੀ ਦੀ ਵਾਰ 27/5***

***ਮਾਨਸਰੋਵਰੁ ਹੰਸਲਾ ਖਾਇ ਮਾਣਕ ਮੋਤੀ।***
***ਕੋਇਲ ਅੰਬ ਪਰੀਤਿ ਹੈ ਮਿਲ ਬੋਲ ਸਰੋਤੀ।***

*ਚੰਦਨ ਵਾਸੁ ਵਣਾਸੁਪਤਿ ਹੋਇ ਪਾਸ ਖਲੋਤੀ।*
*ਲੋਹਾ ਪਾਰਸਿ ਭੇਟਿਐ ਹੋਇ ਕੰਚਨ ਜੋਤੀ।*
*ਨਦੀਆਂ ਨਾਲੇ ਗੰਗ ਮਿਲਿ ਹੋਨਿ ਛੋਤ ਅਛੋਤੀ।*
*ਪੀਰ ਮੁਰੀਦਾਂ ਪਿਰਹੜੀ ..............॥*

***ਭਾਈ ਗੁਰਦਾਸ ਜੀ ਦੀ ਵਾਰ 27/6***

ਸਾਰੀਆਂ ਪ੍ਰੀਤਾਂ ਦਾ ਜ਼ਿਕਰ ਕਰਨ ਤੋਂ ਬਾਅਦ ਆਪ ਫੁਰਮਾਉਂਦੇ ਨੇ ਕਿ –

*ਪੀਰ ਮੁਰੀਦਾਂ ਪਿਰਹੜੀ ਓਹੁ ਅਕਥ ਕਹਾਣੀ॥*

***ਭਾਈ ਗੁਰਦਾਸ ਜੀ ਦੀ ਵਾਰ 27/5***

ਜਿਵੇਂ ਰੂਪ ਤੇ ਕਾਮ ਦੀ ਦੋਸਤੀ ਹੈ–

*ਰੂਪੈ ਕਾਮੈ ਦੋਸਤੀ ਜਗ ਅੰਦਰਿ ਜਾਣੀ।*
*ਭੁਖੈ ਸਾਦੈ ਗੰਢੁ ਹੈ ਓਹੁ ਵਿਰਤੀ ਹਾਣੀ।*

***ਭਾਈ ਗੁਰਦਾਸ ਜੀ ਦੀ ਵਾਰ 27/5***

ਭੁੱਖ ਲੱਗੀ ਹੋਈ ਹੋਵੇ ਤਾਂ ਸੁਆਦ ਦੇ ਨਾਲ ਦੋਸਤੀ ਪਈ ਹੋਈ ਹੈ।

*ਘੁਲਿ ਮਿਲਿ ਮਿਚਲਿ ਲਬਿ ਮਾਲਿ ਇਤ ਭਰਮ ਭੁਲਾਣੀ।*
*ਉਂਘੈ ਸਉੜਿ ਪਲੰਘ ਜਿਉ ਸਭਿ ਰੈਣ ਵਿਹਾਣੀ।*
*ਸੁਹਣੇ ਸਭ ਰੰਗ ਮਾਣੀਅਨਿ ਕਰਿ ਚੋਜ ਵਿਡਾਣੀ।*
*ਪੀਰ ਮੁਰੀਦਾਂ ਪਿਰਹੜੀ ਓਹੁ ਅਕਥ ਕਹਾਣੀ॥*

***ਭਾਈ ਗੁਰਦਾਸ ਜੀ ਦੀ ਵਾਰ 27/5***

ਨੀਂਦ ਆਈ ਹੋਵੇ ਤਾਂ ਰਜਾਈ ਨਾਲ ਪਿਆਰ ਹੁੰਦਾ ਹੈ –

*ਮਾਨਸਰੋਵਰੁ ਹੰਸਲਾ ਖਾਇ ਮਾਣਕ ਮੋਤੀ।*
*ਕੋਇਲ ਅੰਬ ਪਰੀਤਿ ਹੈ ਮਿਲ ਬੋਲ ਸਰੋਤੀ।*
*ਚੰਦਨ ਵਾਸੁ ਵਣਾਸੁਪਤਿ ਹੋਇ ਪਾਸ ਖਲੋਤੀ।*

***ਭਾਈ ਗੁਰਦਾਸ ਜੀ ਦੀ ਵਾਰ 27/6***

ਪਾਸ (ਕੋਲ) ਵਾਲੇ ਵੀ ਸਾਰੇ ਚੰਦਨ ਬਣ ਜਾਣਗੇ।

*ਲੋਹਾ ਪਾਰਸਿ ਭੇਟਿਐ ਹੋਇ ਕੰਚਨ ਜੋਤੀ।*
*ਨਦੀਆਂ ਨਾਲੇ ਗੰਗ ਮਿਲਿ ਹੋਨਿ ਛੋਤ ਅਛੋਤੀ।*

***ਭਾਈ ਗੁਰਦਾਸ ਜੀ ਦੀ ਵਾਰ 27/6***

ਚਾਹੇ ਗੰਦੇ ਨਾਲੇ ਮਿਲ ਜਾਣ, ਉਹ ਪਵਿੱਤਰ ਪਾਣੀ ਬਣ ਜਾਂਦਾ ਹੈ।

ਸੋ ਏਸ ਤਰ੍ਹਾਂ ਦੇ ਨਾਲ ਪਿਆਰ ਵਿਚ ਆਪ ਜੀ ਰਹਿੰਦੇ ਨੇ। ਹਰ ਰੋਜ਼ ਜਾਂਦੇ ਨੇ, ਭਾਈ ਲਹਿਣਾ ਜੀ ਨਾਲ ਜਾਂਦੇ ਨੇ। ਇਕ ਵਾਰੀ ਬਾਬਾ ਬੁੱਢਾ ਜੀ ਦੇ ਮਨ ਵਿਚ ਖਿਆਲ ਆਇਆ, ਸਧਾਰਨ ਜੀ ਦੇ, ਮਨਸੁਖ ਜੀ ਦੇ ਤੇ ਦੂਜੇ ਗੁਰਸਿਖਾਂ ਦੇ ਕਿ ਇਹ ਬਹੁਤ ਨਾਲ-ਨਾਲ ਜਾਂਦੇ ਨੇ ਤੇ ਚਲੋ ਆਪਾਂ ਵੀ ਚੱਲਿਆ ਕਰੀਏ। ਆਪਾਂ ਬੈਠ ਜਾਂਦੇ ਹਾਂ ਅੰਮ੍ਰਿਤ ਵੇਲੇ, ਗੁਰੂ ਮਹਾਰਾਜ ਜੀ ਤਾਂ ਕਿਸੇ ਨੂੰ ਮਨ੍ਹਾ ਨਹੀਂ ਕਰਦੇ, ਕੋਈ ਨਾਲ ਚਲੇ ਜਾਓ, ਕੋਈ ਇਸ਼ਨਾਨ ਕਰ ਲਓ ਤੇ ਇਹ ਤਾਂ ਜਿਵੇਂ ਪਰਛਾਵਾਂ ਰਹਿੰਦਾ ਹੈ, ਇਉਂ ਗੁਰੂ ਨਾਨਕ ਮਹਾਰਾਜ ਜੀ ਦੇ ਪਿਛੇ-ਪਿਛੇ ਰਹਿੰਦੇ ਨੇ, ਇਕ ਸਕਿੰਟ ਵਾਸਤੇ ਵੀ ਨਹੀਂ ਵਿਛੜਦੇ। ਇਹ ਕੁਦਰਤੀ ਤੌਰ ਤੇ ਗੁਰ ਭਾਈਆਂ ਵਿਚ ਹੋ ਜਾਇਆ ਕਰਦਾ ਹੈ। ਸੋ ਆਪ ਵੀ ਸਾਰੇ ਨਾਲ ਚਲੇ ਗਏ ਤੇ ਮਹਾਰਾਜ ਜੀ ਨੇ ਇਸ਼ਨਾਨ ਕਰਿਆ ਤੇ ਆਪ ਰਾਵੀ ਵਿਚ ਹੀ ਖੜ੍ਹੇ

ਰਹੇ ਤੇ ਏਧਰਲੇ ਪਾਸੇ ਰਾੜੇ ਪੈਣ ਲੱਗ ਗਏ, ਬਹੁਤ ਠੰਢੀ ਰਿਵੀ (ਹਵਾ) ਚੱਲ ਪਈ, ਕੰਬਣ ਲੱਗ ਗਏ ਸਾਰੇ। ਜਦੋਂ ਰਾੜੇ ਪੈਣ ਲੱਗੇ ਉਸੇ ਵੇਲੇ ਸਾਰੇ ਇਕ ਸੰਘਣੇ ਦਰਖਤ ਦੇ ਥੱਲੇ ਖੜ੍ਹੇ ਹੋ ਗਏ ਪਰ ਭਾਈ ਲਹਿਣਾ ਜੀ ਉਥੇ ਹੀ ਬੈਠੇ ਰਹੇ ਤੇ ਉਥੇ ਬੈਠੇ ਹੀ ਥੋੜ੍ਹੇ ਬੇਹੋਸ਼ ਹੋ ਗਏ ਪਰ ਉਥੋਂ ਹਿੱਲੇ ਨਹੀਂ। ਐਨੀ ਠੰਡ ਲੱਗੀ ਕਿ ਆਪ ਬੇਹੋਸ਼ ਹੋ ਗਏ। ਗੁਰੂ ਨਾਨਕ ਪਾਤਿਸ਼ਾਹ ਨੇ ਜਦੋਂ ਦੇਖਿਆ, ਉਸੇ ਵੇਲੇ ਪਾਣੀ ਵਿਚੋਂ ਨਿਕਲ ਕੇ ਆਪਣੇ ਅੰਗੂਠੇ ਨਾਲ ਛੂਹੇ ਤੇ ਕਹਿਣ ਲੱਗੇ, "ਪੁਰਖਾ! ਤੂੰ ਨਾ ਗਿਆ ਜਦੋਂ ਸਾਰੇ ਚਲੇ ਗਏ? ਤੂੰ ਵੀ ਚਲਿਆ ਜਾਣਾ ਸੀ, ਬਚ ਜਾਈਦਾ ਹੈ।"

ਕਹਿੰਦੇ, "ਪਾਤਿਸ਼ਾਹ! ਮੈਨੂੰ ਤਾਂ ਇਹ ਪਤਾ ਹੀ ਨਹੀਂ ਕਿ ਜਾਣਾ ਵੀ ਹੈ ਜਾਂ ਨਹੀਂ।"

ਕਿਉਂਕਿ ਐਨੀ ਮਸਤੀ ਹੈ ਪਿਆਰ ਦੇ ਅੰਦਰ ਕਿ ਮਨ ਖੜ੍ਹਾ ਹੈ, ਫੁਰਨਾ ਕੋਈ ਕਰ ਨਹੀਂ ਰਿਹਾ। ਉਹ ਤਾਂ ਇਕ ਟੱਕ ਗੁਰੂ ਦੇ ਨੇਤਰਾਂ ਵੱਲ ਦੇਖ ਰਹੇ ਨੇ। ਸੋ ਇਸ ਤਰ੍ਹਾਂ ਬਾਕੀ ਸਾਰੇ ਆ ਗਏ ਆਪ ਇਕੱਲੇ ਰਹਿ ਗਏ। ਸੋ ਇਸ ਤਰ੍ਹਾਂ ਮਹਾਰਾਜ ਜੀ ਨੇ ਬਹੁਤ ਭਾਰੀ ਤਪਸਿਆ ਸ਼ੁਰੂ ਕਰ ਦਿੱਤੀ, ਪਹਿਲਾਂ ਵੀ ਕੀਤੀ ਸੀ, ਇਸ ਤਰ੍ਹਾਂ ਨਾਲ ਫੁਰਮਾਨ ਹੈ, ਪੜ੍ਹੋ ਪਿਆਰ ਨਾਲ–

***ਧਾਰਨਾ – ਰੇਤ ਅੱਕ ਦਾ ਅਹਾਰ ਕਰਕੇ ਗੁਰਾਂ ਨੇ,***
***ਰੋੜਾਂ ਦੀ ਵਿਛਾਈ ਕਰਤੀ –2, 2.***
***ਮੇਰੇ ਪਿਆਰੇ, ਰੋੜਾਂ ਦੀ ਵਿਛਾਈ ਕਰਤੀ –2, 2.***
***ਰੇਤ ਅੱਕ ਦਾ ਆਹਾਰ ਕਰਕੇ ਗੁਰਾਂ ਨੇ,........ –2.***

***ਰੇਤੁ ਅਕੁ ਆਹਾਰੁ ਕਰਿ, ਰੋੜਾ ਕੀ ਗੁਰ ਕਰੀ ਵਿਛਾਈ।***
***ਭਾਰੀ ਕਰੀ ਤਪਸਿਆ, ਵਡੇ ਭਾਗੁ ਹਰਿ ਸਿਉ ਬਣਿ ਆਈ।     ਭਾਈ ਗੁਰਦਾਸ ਜੀ ਦੀ ਵਾਰ1/24***

ਗੁਰੂ ਮਹਾਰਾਜ ਜੀ ਨੇ ਸਾਰੀ ਰਾਤ ਫਿਰਦੇ ਰਹਿਣਾ – ਗੁਰੂ ਅੰਗਦ ਸਾਹਿਬ ਨਾਲ, ਤੇ ਹੌਲੀ ਹੌਲੀ ਆਪ ਪਹਿਲਾਂ ਲੰਗਰ 'ਚ ਆ ਕੇ ਪ੍ਰਸ਼ਾਦਾ ਛੱਕ ਕੇ, ਫੇਰ ਬਾਹਰ ਚਲੇ ਜਾਂਦੇ ਸੀ। ਫੇਰ ਬਾਹਰ ਇਕ ਛੋਟੀ ਜਿਹੀ ਝੌਂਪੜੀ ਬਣਾ ਲਈ ਜਿਸ ਦੇ ਵਿਚ ਆਪ ਇਕੱਲੇ ਹੀ ਆ ਸਕਦੇ ਸੀ। ਆਪ ਕਹਿਣ ਲੱਗੇ, "ਭਾਈ ਲਹਿਣਾ! ਰੋੜ ਲੈ ਕੇ ਆ ਚੁੱਕ ਕੇ।" ਰੋੜ ਮੰਗਵਾ ਲਏ। ਭਾਈ ਲਹਿਣਾ ਜੀ ਕਹਿੰਦੇ, "ਮਹਾਰਾਜ! ਕੀ ਹੁਕਮ ਹੈ?" ਆਪ ਕਹਿੰਦੇ, "ਛੱਪਰੀ ਦੇ ਅੰਦਰ ਵਿਛਾ ਦੇ।" ਹੁਕਮ ਦੀ ਤਾਮੀਲ ਕੀਤੀ ਗਈ, ਆਪ ਨੇ ਰੋੜ ਵਿਛਾ ਦਿੱਤੇ ਤੇ ਮਹਾਰਾਜ ਜੀ ਨੇ ਜਦੋਂ ਵਿਸ਼ਰਾਮ ਕਰਨਾ ਹੁੰਦਾ ਤਾਂ ਆਪ ਉਸ ਛੱਪਰੀ ਵਿਚ ਕਰਦੇ ਸਨ, ਨਹੀਂ ਤਾਂ ਤੁਰਦੇ ਹੀ ਰਹਿੰਦੇ ਸੀ ਜਾਂ ਪਾਣੀ ਵਿਚ ਖੜ੍ਹੇ ਹੋ ਜਾਂਦੇ। ਬਹੁਤ ਭਾਰੀ ਤਪੱਸਿਆ ਅਰੰਭ ਦਿੱਤੀ ਆਪਨੇ। ਉਮਰ ਕਿੱਡੀ ਵੱਡੀ ਹੈ। ਫੇਰ ਆਪ ਨੇ ਪ੍ਰਸ਼ਾਦਾ ਛਕਣਾ ਹੌਲੀ–ਹੌਲੀ ਘਟਾ ਕੇ ਇਕ ਗ੍ਰਾਹੀ ਤੇ ਲੈ ਆਂਦਾ, ਫੇਰ ਉਹ ਗ੍ਰਾਹੀ ਵੀ ਛੱਡ ਦਿੱਤੀ। ਫੇਰ ਲੌਂਗ ਤੋੜ ਲੈਂਦੇ – ਅੱਕਾਂ ਦੀਆਂ ਡੋਡੀਆਂ, ਉਹ ਛਕ ਲੈਣੇ, ਫੇਰ ਉਹ ਵੀ ਛੱਡ ਦਿੱਤਾ, ਫੇਰ ਇਕ ਮਾਸਾ ਰੇਤਾ ਲੈ ਕੇ ਫੱਕਾ ਮਾਰ ਲੈਣਾ, ਉਸ ਤੋਂ ਬਾਅਦ ਉਹ ਵੀ ਛੱਡ ਦਿੱਤਾ। ਬਹੁਤ ਭਾਰੀ ਤਪਸਿਆ ਕਰੀ ਸਾਧ ਸੰਗਤ ਜੀ! ਗੁਰੂ ਮਹਾਰਾਜ ਜੀ ਆਪ ਤਾਂ ਪੂਰਨ ਸੀ ਪਰ ਜਿਵੇਂ ਪੀ.ਟੀ. ਮਾਸਟਰ ਆਪ ਪਹਿਲਾਂ ਪ੍ਰੇਡ ਕਰਕੇ ਦਿਖਾਉਂਦਾ ਹੈ, ਏਸ ਤਰ੍ਹਾਂ ਦੇ ਨਾਲ ਪਤਾ ਸੀ ਕਿ ਕਲਜੁਗ ਦੇ ਅੰਦਰ ਜਿਹੜੇ ਜਗਿਆਸੂ ਨੇ ਉਹ ਬਹੁਤ ਸੋਹਲ ਆਉਣੇ ਨੇ। ਕਿਸੇ ਨੇ ਕਹਿਣਾ ਮੈਨੂੰ ਜੀ! ਉਂਘ ਆ ਰਹੀ ਹੈ, ਮੈਥੋਂ ਪਾਠ ਨਹੀਂ ਜੀ ਹੁੰਦਾ, ਮੈਂ ਨਾਮ ਨਹੀਂ ਜਪ ਸਕਦਾ, ਮੈਨੂੰ ਪਾਲਾ (ਠੰਢ) ਲਗਦਾ ਹੈ ਜੀ, ਮੈਨੂੰ ਗਰਮੀ ਲਗਦੀ ਹੈ ਜੀ; ਇਹੋ ਜਿਹੇ ਆਉਣਗੇ ਤੇ ਉਹ ਫੇਰ ਲੰਘਣਗੇ ਕਿਵੇਂ? ਸੋ ਸਾਨੂੰ ਰਸਤਾ ਦਿਖਾਉਣ ਵਾਸਤੇ ਆਪਨੇ ਭਾਰੀ ਤਪੱਸਿਆ ਆਰੰਭ ਦਿੱਤੀ। ਜਿੰਨੇ ਵੀ ਪਹੁੰਚੇ ਹੋਏ ਮਹਾਂਪੁਰਸ਼ ਨੇ, ਉਨ੍ਹਾਂ ਸਾਰਿਆਂ ਦਾ ਜੀਵਨ ਪੜ੍ਹ ਲਓ ਬਾਬਾ ਫਰੀਦ ਜੀ ਦਾ ਪੜ੍ਹ ਲਓ, ਤੇ ਦੇਖੋ ਵਿਚਾਰ ਕੇ – ਆਪ ਘਰ ਛੱਡ ਦਿੰਦੇ ਨੇ, ਜੰਗਲਾਂ ਵਿਚ ਚਲੇ ਗਏ। ਸਾਰੀ ਸਾਰੀ ਰਾਤ ਖੜ੍ਹੇ ਰਹਿੰਦੇ

ਨੇ, ਇਕ ਥਾਂ ਤੇ ਖੜ੍ਹੇ ਰਹਿੰਦੇ ਨੇ, ਬੈਠ ਜਾਣ, ਖੜ੍ਹੇ ਹੋ ਜਾਣ, ਤੁਰਦੇ ਰਹਿਣ, ਬਿਰਤੀ ਅੰਦਰਲੀ ਓਵੇਂ ਹੀ ਰਹਿੰਦੀ ਹੈ।

ਬਾਬਾ ਜਵਾਲਾ ਸਿੰਘ ਜੀ ਐਨਾ ਤੁਰਿਆ ਕਰਦੇ ਸੀ ਕਿ 25 ਪਾਠ ਜਪੁਜੀ ਸਾਹਿਬ ਦੇ ਹੋ ਜਾਇਆ ਕਰਨ ਤੇ 15 ਪਾਠ ਸੁਖਮਨੀ ਸਾਹਿਬ ਦੇ, 5 ਵਾਰੀ ਪੰਜ ਬਾਣੀਆਂ ਦਾ ਨਿਤਨੇਮ। ਕਰਕੇ ਦੇਖ ਲਓ ਕਿੰਨੀ ਵਾਟ ਦੇ ਵਿਚ ਹੁੰਦਾ ਹੈ। ਇਸੇ ਤਰ੍ਹਾਂ ਬਹੁਤ ਮਹਾਂਪੁਰਸ਼ 100-100 ਜਪੁਜੀ ਸਾਹਿਬ ਦਾ ਪਾਠ ਕਰਦੇ ਸਨ, ਭਾਵੇਂ ਤੁਰ ਕੇ ਕਰਨ ਭਾਵੇਂ ਬੈਠ ਕੇ ਕਰਨ, ਤਪੱਸਿਆ ਕਰਦੇ ਸਨ।

ਬਾਬਾ ਫਰੀਦ ਜੀ ਦੀ ਪ੍ਰਮੇਸ਼ਰ ਦੇ ਨਾਲ ਲਿਵ ਲੱਗੀ ਹੋਈ ਹੈ, ਆਪ ਖੜ੍ਹੇ ਨੇ। ਉਧਰੋਂ ਇਕ ਲੋਹਾਰ ਆ ਰਿਹਾ ਹੈ। ਘੜਾ ਸਿਰ ਤੇ ਰੱਖਿਆ ਹੋਇਆ ਹੈ, ਮੋਢੇ ਤੇ ਕੁਹਾੜਾ ਰੱਖਿਆ ਹੋਇਆ ਹੈ ਤੇ ਅੱਖਾਂ ਮਲਦਾ ਤੁਰਿਆ ਆ ਰਿਹਾ ਹੈ, ਦਿਸਦਾ ਨਹੀਂ ਹੈ ਪੂਰੀ ਤਰ੍ਹਾਂ ਦੇ ਨਾਲ। ਬਾਬੇ ਫਰੀਦ ਨੂੰ ਦੇਖਿਆ ਕਿ ਕੁਝ ਖੜ੍ਹਾ ਹੈ ਹਨ੍ਹੇਰੇ ਵਿਚ, ਕੋਲ ਆਇਆ, ਕੁਹਾੜੇ ਦਾ ਪੀਨ (ਦਸਤਾ) ਮਾਰਿਆ ਇਹ ਦੇਖਣ ਵਾਸਤੇ ਕਿ ਜੇ ਲਕੜੀ ਸੁੱਕੀ ਹੋਈ ਤਾਂ ਵੱਢ ਲਵਾਂਗੇ ਤੇ ਜੇ ਗਿੱਲੀ ਹੋਈ ਤਾਂ ਛੱਡ ਦਿਆਂਗੇ। ਸੁੱਕੀ ਲਕੜੀ ਦੀ ਅਵਾਜ਼ ਆਇਆ ਕਰਦੀ ਹੈ, ਗਿੱਲੀ ਲਕੜੀ ਦੀ ਅਵਾਜ਼ ਹੋਰ ਤਰ੍ਹਾਂ ਦੀ ਹੁੰਦੀ ਹੈ। ਜਦੋਂ ਕੁਹਾੜੇ ਦਾ ਪੀਨ ਮਾਰਿਆ, ਬਾਬਾ ਫਰੀਦ ਜੀ ਆਪਣੀ ਲਿਵ ਵਿਚ ਖੜ੍ਹੇ ਸਨ ਤਾਂ ਦਸ ਕਦਮ ਅੱਗੇ ਵੱਲ ਨੂੰ ਹੋ ਗਏ ਤੇ ਬੜੀ ਮੁਸ਼ਕਲ ਨਾਲ ਆਪ ਸੰਭਲੇ। ਉਸ ਵੇਲੇ ਸਰਾਪ ਨਹੀਂ ਦਿੱਤਾ, ਬੁਰਾ ਨਹੀਂ ਕਿਹਾ, ਜਾਣ ਲਿਆ ਕਿ ਇਹ ਵੀ ਕੋਈ ਖੋਜ ਕਰਨ ਵਾਸਤੇ ਆਇਆ ਹੈ ਤੇ ਮੈਂ ਵੀ ਖੋਜ ਕਰ ਰਿਹਾ ਹਾਂ। ਮੇਰੀ ਖੋਜ ਹੋਰ ਹੈ, ਇਸ ਦੀ ਹੋਰ ਹੈ, ਉਸ ਵੇਲੇ ਆਪ ਨੇ ਇਸ ਤਰ੍ਹਾਂ ਫੁਰਮਾਨ ਕੀਤਾ -

***ਧਾਰਨਾ - ਕਿਤੇ ਮਾਰ ਨਾ ਗਵਾਈਂ ਮੇਰੇ ਵੀਰਨਾਂ,***
***ਤੈਨੂੰ ਭਾਲ ਕੋਲਿਆਂ ਦੀ -2, 2.***
***ਮੇਰੇ ਪਿਆਰੇ, ਤੈਨੂੰ ਭਾਲ ਕੋਲਿਆਂ ਦੀ -2, 2.***
***ਕਿਤੇ ਮਾਰ ਨਾ ਗਵਾਈਂ ਮੇਰੇ ਵੀਰਨਾ... -2.***

***ਕੰਧਿ ਕੁਹਾੜਾ ਸਿਰਿ ਘੜਾ ਵਣਿ ਕੈ ਸਰੁ ਲੋਹਾਰੁ ॥***
***ਫਰੀਦਾ ਹਉ ਲੋੜੀ ਸਹੁ ਆਪਣਾ ਤੂ ਲੋੜਹਿ ਅੰਗਿਆਰ ॥ ਪੰਨਾ - 1380***

ਪ੍ਰੇਮੀਆ! ਕੋਈ ਨਾ, ਤੈਥੋਂ ਭੁਲੇਖੇ ਨਾਲ ਕੁਹਾੜਾ ਮਾਰ ਹੋ ਗਿਆ। ਜੇ ਕਿਤੇ ਸਿੱਧਾ ਮਾਰਦਾ ਤਾਂ ਫੇਰ ਮੇਰੀ ਤਲਾਸ਼ ਵਿਚਾਲੇ ਹੀ ਰਹਿ ਜਾਣੀ ਸੀ। ਤੈਨੂੰ ਵੀ ਤਲਾਸ਼ ਹੈ ਤੇ ਮੈਨੂੰ ਵੀ ਤਲਾਸ਼ ਹੈ। ਮੈਂ ਆਪਣੇ 'ਸਹੁ' ਦੀ ਤਲਾਸ਼ ਵਿਚ ਫਿਰ ਰਿਹਾ ਹਾਂ ਤੇ ਤੂੰ ਕੋਲਿਆਂ ਵਾਸਤੇ ਲਕੜੀ ਭਾਲਦਾ ਫਿਰਦਾ ਹੈਂ। ਸੋ ਆਪ ਨੇ ਐਨੀ ਘੋਰ ਤਪਸਿਆ ਕਰੀ। ਪ੍ਰਸ਼ਾਦਾ ਛਡ ਦਿਤਾ-

***ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ ॥***
***ਜਿਨਾ ਖਾਧੀ ਚੋਪੜੀ ਘਣੇ ਸਹਨਿਗੇ ਦੁਖ ॥***

***ਪੰਨਾ - 1379***

ਕਦੇ-ਕਦੇ ਛਕਦੇ ਸੀ। ਇਨ੍ਹਾਂ ਦੇ ਜਿਹੜੇ ਦਾਦਾ ਗੁਰੂ ਸਨ, ਮੋਉਦੀਨ ਸੀ ਉਨ੍ਹਾਂ ਦਾ ਨਾਂ। ਉਹ ਛੇ ਦਿਨਾਂ ਬਾਅਦ ਪ੍ਰਸ਼ਾਦਾ ਛਕਿਆ ਕਰਦੇ ਸਨ, ਉਹ ਵੀ ਛੇ ਦਿਨਾਂ ਦਾ ਬਾਸਾ। ਅੱਜ ਲੈ ਆਂਦਾ, 6 ਦਿਨ ਰੱਖ ਛੱਡਣਾ, ਛੇਵੇਂ ਦਿਨ ਪਾਣੀ ਵਿਚ ਭਿਉਂ ਦੇਣਾ ਤੇ ਫੇਰ ਰਸ ਕਸ ਤੋਂ ਉਚੇ ਹੋ ਕੇ ਪ੍ਰਸ਼ਾਦਾ ਪਾਣੀ ਛਕਣਾ। ਇਹ ਨਹੀਂ ਕਿ ਉਹ ਪਹੁੰਚੇ ਹੋਏ ਨਹੀਂ ਸੀ, ਉਹ ਸਾਨੂੰ ਸਬਕ ਦੇ ਰਹੇ ਸੀ ਕਿ ਪ੍ਰਮੇਸ਼ਰ ਦੀ ਤਲਾਸ਼ ਵਿਚ ਸੁਸਤ ਨਹੀਂ ਹੋਣਾ। ਜਦੋਂ ਤੱਕ ਘੋਰ ਸੰਗ੍ਰਾਮ ਨਹੀਂ ਅਸੀਂ ਕਰਦੇ ਉਦੋਂ ਤੱਕ ਕਿਸੇ ਨਤੀਜੇ ਤੱਕ ਨਹੀਂ ਪਹੁੰਚ ਸਕਦੇ। ਜੋ ਜੋ ਮਹਾਂਪੁਰਸ਼ਾਂ ਨੇ ਕਰਿਆ ਹੈ ਉਨ੍ਹਾਂ ਨੂੰ ਪੜ੍ਹ

ਸੁਣ ਕੇ ਹੈਰਾਨ ਹੋ ਜਾਈਦਾ ਹੈ ਕਿ ਅਸੀਂ ਤਾਂ ਪਾਂ-ਪਾਸਕ ਵੀ ਨਹੀਂ ਹਾਂ, ਪੜ੍ਹ ਵੀ ਨਹੀਂ ਸਕਦੇ ਉਨ੍ਹਾਂ ਦੀਆਂ ਕੀਤੀਆਂ ਹੋਈਆਂ ਕਰਨੀਆਂ ਨੂੰ, ਪਹੁੰਚਣਾ ਤਾ ਕੀ ਹੈ। ਅਸੀਂ ਤਾਂ ਐਨੇ ਸੁਖ-ਰਹਿਣੇ ਹੋ ਗਏ ਕਿ ਪਾਠ ਵਿਚ ਵੀ ਮਨ ਨਹੀਂ ਲਗਦਾ ਕਿਉਂਕਿ ਅੰਦਰ ਖੋਜ ਨਹੀਂ ਹੈ, ਅੰਦਰ ਜਗਿਆਸਾ ਨਹੀਂ ਹੈ, ਅੰਦਰ ਲਗਨ ਨਹੀਂ ਹੈ। ਲਗਨ ਨਾ ਹੋਣ ਕਰਕੇ ਸ਼ਿਕਾਇਤ ਹੁੰਦੀ ਹੈ ਕਿ ਮੈਨੂੰ ਨੀਂਦ ਆਉਂਦੀ ਹੈ ਕਿਉਂਕਿ ਸਾਡੀ ਰੁਚੀ ਨਹੀਂ ਹੈ। ਇਸ ਪਾਸੇ ਮੱਲੋ-ਮਲੀ ਲਾਏ ਜਾ ਰਹੇ ਹਾਂ। ਰੁਚੀ ਸਾਡੀ ਹੈ ਮਾਇਆ ਵਿਚ, ਪੈਸੇ ਵਿਚ। ਪੈਸੇ ਬਾਰੇ ਕਹਿ ਦਿਓ ਕਿ ਲੈ ਭਾਈ! ਇਕ ਵਜੇ ਅਸੀਂ ਇਥੇ ਰੁਪਈਏ ਖਿੰਡਾਇਆ ਕਰਾਂਗੇ, ਜਿੰਨੇ ਕੋਈ ਚੁਗਣੇ ਚਾਹੁੰਦਾ ਹੈ ਚੁਗ ਲਏ, ਅਸੀਂ ਨਹੀਂ ਮਨ੍ਹਾ ਕਰਨਾ। ਉਨ੍ਹਾਂ ਨੇ ਤਾਂ 24 ਘੰਟੇ ਹੀ ਨਹੀਂ ਹਟਣਾ, ਮਾੜਾ ਜਿਹਾ ਸੌਂ ਕੇ ਫੇਰ ਉਠ ਜਾਣਗੇ ਕਿਉਂਕਿ ਲਗਨ ਹੈ। ਇਵੇਂ ਜਿਵੇਂ ਜਿਹੜੇ ਬੰਦਗੀ ਵਾਲੇ ਨੇ ਉਨ੍ਹਾਂ ਨੂੰ ਨਾਮ ਇਕੱਠਾ ਕਰਨ ਦੀ ਲਗਨ ਹੈ ਕਿ ਮੇਰਾ ਕੋਈ ਸੁਆਸ ਬਿਰਥਾ ਨਾ ਚਲਿਆ ਜਾਵੇ। ਮੈਂ ਐਨਾ ਨਾਮ ਧਨ ਇਕੱਠਾ ਕਰਾਂ ਕਿ ਮੈਂ ਹੇਠਾਂ ਨਾ ਰਹਿ ਜਾਵਾਂ, ਕਿਤੇ ਮੇਰਾ ਮਾਨਸ ਜਨਮ ਬਿਰਥਾ ਨਾ ਚਲਿਆ ਜਾਵੇ।

ਸੋ ਬਾਬੇ ਫਰੀਦ ਨੂੰ ਘੋਰ ਤਪੱਸਿਆ ਕਰਦੇ ਕਰਦੇ ਐਡੀ ਅਵਸਥਾ ਆ ਗਈ ਕਿ ਸਰੀਰ ਦਾ ਪਿੰਜਰਾ ਬਣ ਗਿਆ, ਮਾਸ ਸੁੱਕ ਗਿਆ। ਉਸ ਵੇਲੇ ਆਪ ਦੇ ਮਨ ਵਿਚ ਥੋੜ੍ਹਾ-ਜਿਹਾ ਏਸ ਤਰ੍ਹਾਂ ਦਾ ਖਿਆਲ ਆਉਂਦਾ ਹੈ ਕਿ ਹੇ ਪ੍ਰਭੂ! ਤਨ ਤਾਂ ਸੁੱਕ ਗਿਆ, ਲਹੂ ਵੀ ਮੁੱਕਦਾ ਜਾ ਰਿਹੈ ਤੇ ਕਿਤੇ ਐਸਾ ਨਾ ਹੋਵੇ ਕਿ ਮੈਨੂੰ ਪ੍ਰਮੇਸ਼ਰ ਨਾ ਮਿਲੇ, ਮੇਰੇ ਕਿਹੋ ਜਿਹੇ ਭਾਗ ਨੇ। ਆਪਣੇ ਭਾਗਾਂ ਨੂੰ ਕੋਸਦੇ ਹੋਏ ਇੰਜ ਫੁਰਮਾਨ ਕਰਦੇ ਨੇ-

***ਧਾਰਨਾ - ਤਨ ਸੁੱਕ ਕੇ ਹੱਡਾਂ ਦੀ ਮੁੱਠੀ ਹੋ ਗਿਆ,***
***ਅਜੇ ਵੀ ਨਾ ਰੱਬ ਬਹੁੜਿਆ -2, 2.***
***ਮੇਰੇ ਪਿਆਰੇ, ਅਜੇ ਵੀ ਨਾ ਰੱਬ ਬਹੁੜਿਆ -2, 2.***
***ਤਨ ਸੁੱਕ ਕੇ ਹੱਡਾਂ ਦੀ ਮੁੱਠੀ ਹੋ -2.***

***ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ॥***
***ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ॥ ਪੰਨਾ - 1382***

ਭਾਰੀ ਸਮੱਸਿਆ ਤੇ ਅੰਦਰ ਸ਼ੌਕ ਹੈ ਕਿ ਜਦੋਂ ਤੱਕ ਪ੍ਰਮੇਸ਼ਰ ਨਹੀਂ ਮਿਲਦਾ ਤਦ ਤਕ -

***ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ॥***
***ਪੰਨਾ - 1096***

ਅੱਗੇ ਨੂੰ ਪੈਰ ਧਰਨਾ ਹੈ, ਪਿਛੇ ਨੂੰ ਨਹੀਂ ਮੁੜਨਾ।

***ਜੋਬਨ ਜਾਂਦੇ ਨਾ ਡਰਾਂ ਜੇ ਸਹੁ ਪ੍ਰੀਤ ਨ ਜਾਏ॥***
***ਪੰਨਾ - 1379***

ਮੈਂ ਨਹੀਂ ਡਰਦਾ। ਚਲਿਆ ਜਾਵੇ ਜੇ ਜੋਬਨ ਜਾਂਦਾ ਹੈ ਪਰ ਮੈਨੂੰ ਮੇਰਾ ਪਿਆਰਾ ਮਿਲ ਜਾਵੇ। ਸੋ ਏਸ ਤਰ੍ਹਾਂ ਦੇ ਨਾਲ ਆਪ ਤਪੱਸਿਆ ਕਰਦੇ ਨੇ। ਇਕ ਐਸੀ ਅਵਸਥਾ ਵੀ ਫੁਰਮਾਨ ਹੈ ਬਾਣੀ ਵਿਚ -

***ਧਾਰਨਾ - ਓ ਕਾਗਾ, ਏਹ ਦੋਏ ਨੈਣਾਂ ਮੱਤ ਛੇੜਿਓ -2, 2.***
***ਮੈਨੂੰ ਪਿਰ ਦੇਖਣ ਦੀ ਆਸ -2, 2.***
***ਓ ਕਾਗਾ, ................. -2.***

***ਕਾਗਾ ਕਰੰਗ ਢਢੋਲਿਆ ਸਗਲਾ ਖਾਇਆ ਮਾਸੁ॥***
***ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ॥ ਪੰਨਾ - 1382***

ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਅੰਦਰ ਜਗਿਆਸੂ ਨੂੰ ਰਸਤਾ ਦੱਸਣ ਵਾਸਤੇ ਕਿ ਪ੍ਰੇਮੀਆ! ਐਵੇਂ ਹੀ ਨਾ ਸਮਝੀਂ, ਸੌਹਲ ਨਾ ਹੋ ਜਾਵੀਂ। ਅਸੀਂ ਕਿੰਨੇ ਸੌਹਲ ਹੋ ਗਏ, ਕਹਿੰਦੇ ਪੰਜ ਬਾਣੀਆਂ ਦਾ ਪਾਠ ਕਰੋ, ਬਹੁਤ ਹੈ ਤੁਹਾਡੇ ਵਾਸਤੇ। ਅਨੰਦ ਸਾਹਿਬ ਦੀਆਂ ਛੇ ਪਉੜੀਆਂ ਹੀ ਰੱਖ ਦਿੱਤੀਆਂ। ਏਸ ਤਰ੍ਹਾਂ ਕਹਿੰਦੇ ਨੇ ਜਿਵੇਂ ਕੈਪਸੂਲ ਲਈਦਾ ਹੈ ਇਸੇ ਤਰ੍ਹਾਂ ਕੋਈ ਬਾਣੀ ਦਾ ਵੀ ਬਣਾ ਦਿਓ ਤੇ ਇਕ ਲੈ ਲਿਆ ਤੇ ਉਦੋਂ ਹੀ ਛੁਟਕਾਰਾ ਹੋ ਜਾਵੇ। ਏਸ ਤਰ੍ਹਾਂ ਤਾਂ ਨਹੀਂ ਪ੍ਰਮੇਸ਼ਰ ਮਿਲਦਾ ਸਾਧ ਸੰਗਤ ਜੀ! ਮਿਹਨਤਾਂ ਕਰਨੀਆਂ ਪੈਂਦੀਆਂ ਨੇ। ਜਿਹੜੇ ਮਿਹਨਤਾਂ ਕਰਦੇ ਨੇ –

***ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥***
***ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥***

***ਪੰਨਾ – 8***

ਸੋ ਏਸ ਤਰ੍ਹਾਂ ਦੀਆਂ ਘਾਲਨਾਵਾਂ ਮਹਾਰਾਜ ਜੀ ਘਾਲ ਰਹੇ ਨੇ। ਉਹ ਪੂਰਨ ਨੇ, ਆਪ ਪ੍ਰਮੇਸ਼ਰ ਨੇ, ਸਾਹਮਣੇ ਗੱਲ ਹੋ ਚੁੱਕੀ ਹੈ, ਅਕਾਲ ਪੁਰਖ ਜੋ ਕਿਸੇ ਨੂੰ ਨਜ਼ਰ ਨਹੀਂ ਆਉਂਦਾ–

***ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ॥*** ***ਪੰਨਾ – 7***

ਉਹ ਗੁਰੂ ਨਾਨਕ ਸਾਹਿਬ ਦੇ ਸਾਹਮਣੇ ਸਾਂਗੋਪਾਂਗ ਹੋਏ ਗੱਲ ਕਰ ਰਹੇ ਨੇ ਕਿ ਹੇ ਨਾਨਕ! ਮੈਂ ਪਾਰਬ੍ਰਹਮ ਪ੍ਰਮੇਸ਼ਰ ਤੇ ਤੂੰ ਗੁਰੂ ਪ੍ਰਮੇਸ਼ਰ।

***ਭਾਰੀ ਕਰੀ ਤਪਸਿਆ, ਵਡੇ ਭਾਗੁ ਹਰਿ ਸਿਉ ਬਣਿ ਆਈ।*** ***ਭਾਈ ਗੁਰਦਾਸ ਜੀ ਦੀ ਵਾਰ1/24***

ਸੋ ਤਪ ਤੇ ਤਪੱਸਿਆ ਨਿਰਾਰਥਕ ਨਹੀਂ ਹੁੰਦੇ। ਨਿਰਾਰਥਕ ਉਹ ਹੁੰਦਾ ਹੈ ਜਿਹੜਾ ਹਠ ਦੇ ਨਾਲ ਕੀਤਾ ਹੈ ਜਾਂ ਕਿਸੇ ਰਿੱਧੀ ਸਿਧੀ ਨੂੰ ਹਾਸਲ ਕਰਨ ਵਾਸਤੇ ਕੀਤਾ ਜਾਏ। ਜਿਹੜਾ ਪਿਆਰ ਵਿਚ ਆ ਕੇ, ਪਿਆਰੇ ਦੇ ਪਿਆਰ ਵਿਚ ਆ ਕੇ ਜਦੋਂ ਵੈਰਾਗ ਵਿਚ ਆਉਂਦੈ, ਉਦੋਂ ਬਹੁਤ ਐਸੀਆਂ ਗੱਲਾਂ ਹੋ ਜਾਂਦੀਆਂ ਨੇ। ਇਕ ਨਹੀਂ ਸਾਰੇ ਮਹਾਂਪੁਰਸ਼ ਕਰਦੇ ਨੇ।

ਗੁਰੂ ਨਾਨਕ ਪਾਤਿਸ਼ਾਹ ਇਸ਼ਨਾਨ ਕਰਕੇ ਰਾਵੀ ਵਿਚ ਖੜ੍ਹ ਗਏ ਤੇ ਅੱਜ ਭਾਈ ਲਹਿਣਾ ਜੀ ਦੇ ਮਨ ਵਿਚ ਆਇਆ ਕਿ ਓ ਮਨਾ! ਤੂੰ ਕੰਢੇ ਬੈਠਾ ਰਹਿੰਦਾ ਹੈਂ ਤੇ ਮੇਰਾ ਪਿਆਰਾ ਠੰਡੇ ਪਾਣੀ ਵਿਚ ਖੜ੍ਹਾ ਹੈ, ਪਾਣੀ ਨੂੰ ਹੱਥ ਨਹੀਂ ਲਗਦਾ ਐਨਾ ਸੀਤ ਵਰਗਾ ਪਾਣੀ ਹੈ, ਉਪਰੋਂ ਹਵਾ ਐਨੀ ਠੰਡੀ ਚਲਦੀ ਹੈ ਤੇ ਤੂੰ ਕੰਢੇ ਬੈਠਾ ਹੈਂ? ਤੈਨੂੰ ਵੀ ਚਾਹੀਦਾ ਹੈ ਜਿਵੇਂ ਗੁਰੂ ਖੜ੍ਹਾ ਹੈ ਤੂੰ ਵੀ ਉਸੇ ਤਰ੍ਹਾਂ ਖੜ੍ਹ। ਸੋ ਆਪ ਪਾਣੀ ਵਿਚ ਵੜ ਗਏ। ਥੋੜ੍ਹੀ ਦੇਰ ਤੋਂ ਬਾਅਦ ਬੇਹੋਸ਼ੀ ਆ ਗਈ ਤੇ ਮਹਾਰਾਜ ਜੀ ਨੇ ਇਕ ਦਮ ਆ ਕੇ ਬਾਹਰ ਕੱਢੇ, ਨਿੱਘ ਦਿੱਤਾ, ਸੁਰਜੀਤੀ ਦਿੱਤੀ ਤੇ ਉਸ ਵੇਲੇ ਕਹਿਣ ਲੱਗੇ, "ਪੁਰਖਾ! ਇਹ ਕੀ ਕਰਦਾ ਹੈਂ?"

ਕਹਿੰਦੇ, "ਪਾਤਿਸ਼ਾਹ! ਤੁਸੀਂ ਐਡੀਆਂ ਕਰੜੀਆਂ ਘਾਲਣਾ ਘਾਲਦੇ ਹੋ ਤੇ ਮੈਂ ਕੰਢੇ ਤੇ ਬੈਠਾ ਹਾਂ।"

ਕਹਿੰਦੇ, "ਪੁਰਖਾ! ਇਹ ਜਿਹੜੀਆਂ ਮੈਂ ਘਾਲਣਾ ਘਾਲਦਾ ਹਾਂ, ਮੈਂ ਇਹ ਆਪਣੇ ਲਈ ਨਹੀਂ ਘਾਲਦਾ, ਇਹ ਧਰਮ ਦਾ ਪੰਥ ਚਲਦਾ ਹੈ ਉਨ੍ਹਾਂ ਵਾਸਤੇ ਰਸਤੇ, ਲੀਕਾਂ ਖਿੱਚ ਰਹੇ ਹਾਂ ਅਸੀਂ। ਕਿਉਂਕਿ ਕਲਜੁਗ ਦਾ ਸਮਾਂ ਹੈ, ਬੰਦਾ ਐਨਾ ਸੌਹਲ ਹੋ ਜਾਣਾ ਹੈ ਕਿ ਰਜਾਈ ਵਲ੍ਹੇਟ ਕੇ ਹੀ ਪਾਠ ਕਰਨਾ ਹੈ, ਉਸ ਦੇ ਵਿਚ ਉਂਘ ਆ ਜਾਣੀ ਹੈ, ਫੇਰ ਨੀਂਦ ਆ ਜਾਣੀ ਹੈ।"

ਪਹਿਲਾਂ ਤਾਂ ਰਜਾਈ ਛੱਡਣੀ ਹੀ ਨਹੀਂ, ਫੇਰ ਨਹਾਉਣ ਤੋਂ ਘਬਰਾਉਣਾ ਹੈ; ਤਤੀਕਸ਼ਾ ਕਿਵੇਂ ਕਰ ਲਵੇਗਾ? ਹੁਣ ਸਾਡਾ ਸਾਰਾ ਪ੍ਰਚਾਰ ਜੋ ਹੈ, ਅਸੀਂ ਕਹਿੰਦੇ ਹਾਂ ਕਿ ਮਹਾਰਾਜ ਜੀ ਨੇ ਹਠ ਯੋਗ ਨਹੀਂ ਦੱਸਿਆ।

ਉਨ੍ਹਾਂ ਨੇ ਜਿਹੜਾ ਹਠ ਯੋਗ ਨਿਰਾਰਥਕ ਹੈ ਉਸ ਨੂੰ ਬੰਦ ਕੀਤਾ ਹੈ, ਘਾਲਣਾ ਨੂੰ ਨਹੀਂ ਬੰਦ ਕਰਿਆ। ਹਠ ਯੋਗ ਦੇ ਵਿਚ ਬੀਬੀ ਪ੍ਰਸ਼ਾਦੇ ਲਾਹੁੰਦੀ ਹੈ – ਲੰਗਰ ਵਿਚ, ਜੇਠ ਦਾ ਮਹੀਨਾ ਹੈ, ਲੋਅ ਚੱਲ ਰਹੀ ਹੈ। ਕਿੰਨੀ ਗਰਮੀ ਹੈ। ਜੇ ਹਠ ਦੀ ਘਾਲਣਾ ਨਾ ਹੋਵੇ ਤਾਂ ਪ੍ਰਸ਼ਾਦਾ ਨਹੀਂ ਲਹਿ ਸਕਦਾ ਕਿ ਅਸੀਂ ਤਾਂ ਜੀ ਸਹਿਜ ਤਪ ਕਰਾਂਗੇ, ਲੰਗਰ ਵਿਚ ਪ੍ਰਸ਼ਾਦਾ ਨਹੀਂ ਅਸੀਂ ਲਾਹ ਸਕਦੇ। ਇਹ ਨਹੀਂ ਗੱਲ ਕਰੀ, ਔਖੀ ਤੋਂ ਔਖੀ ਸੇਵਾ ਸਿੱਖਾਂ ਨੇ ਕੀਤੀ ਹੈ।

ਸੋ ਮਹਾਰਾਜ ਜੀ ਕਹਿਣ ਲੱਗੇ, "ਪੁਰਖਾ! ਇਹ ਮੈਂ ਆਪਣੇ ਵਾਸਤੇ ਨਹੀਂ ਘਾਲਣਾ ਘਾਲਦਾ।" ਏਸ ਤਰ੍ਹਾਂ ਫੁਰਮਾਨ ਕਰਦੇ ਨੇ – ਪੜ੍ਹੋ ਪਿਆਰ ਨਾਲ –

***ਧਾਰਨਾ – ਸਿੱਖਾਂ ਲਈ ਘਾਲਦਾਂ,***
***ਘਾਲਾਂ ਇਹ ਕਰੜੀਆਂ ਪਿਆਰੇ –2, 2.***
***ਘਾਲਾਂ ਇਹ ਕਰੜੀਆਂ ਪਿਆਰੇ –2, 2.***
***ਸਿੱਖਾਂ ਲਈ ਘਾਲਦਾ,............ –2.***

ਸੋ ਏਸ ਦਾ ਸਾਰੇ ਇਤਿਹਾਸਾਂ ਵਿਚ ਜ਼ਿਕਰ ਹੈ ਕਿ ਗੁਰੂ ਨਾਨਕ ਪਾਤਿਸ਼ਾਹ ਨੇ ਬਹੁਤ ਕਰੜੀ ਘਾਲਣਾ ਸ਼ੁਰੂ ਕਰ ਦਿੱਤੀ। ਜਦੋਂ ਭਾਈ ਲਹਿਣਾ ਜੀ ਤੋਂ ਇਹ ਬਚਨ ਸੁਣੇ ਕਿ ਪਾਤਿਸ਼ਾਹ! ਆਪ ਪਾਣੀ ਵਿਚ ਖੜ੍ਹੇ ਹੋ, ਸੋ ਮੈਨੂੰ ਇਹ ਹੋਇਆ ਕਿ ਮੈਂ ਕੰਢੇ ਤੇ ਬੈਠਾ ਰਹਿੰਦਾ ਹਾਂ, ਮੈਂ ਵੀ ਪਾਣੀ ਵਿਚ ਖੜ੍ਹਾਂ। ਇਹ ਸੁਣ ਕੇ –

***ਸੁਨ ਬੋਲੇ ਸ੍ਰੀ ਪ੍ਰਭ ਕਿਰਪਾਲਾ॥***
***ਹਉ ਘਾਲਤ ਜੋ ਘਾਲ ਵਿਸਾਲਾ॥***
***ਅਨਿਕ ਪ੍ਰਕਾਰ ਜੋ ਤਪ ਕਰਨਾ॥***
***ਸਭ ਸਿਖਨ ਨਿਤ ਲਖੋ ਅਚਰਨਾ॥***

ਮੈਨੂੰ ਤਪ ਦੀ ਲੋੜ ਨਹੀਂ ਹੈ, ਮੈਂ ਤਾਂ ਆਉਣ ਵਾਲੇ ਸਿੱਖਾਂ ਨੂੰ ਦੱਸ ਰਿਹਾ ਹਾਂ ਕਿ 70 ਸਾਲ ਦੀ ਉਮਰ ਵਿਚ ਵੀ ਕਿੰਨੀ ਕਰੜੀ ਘਾਲ ਘਾਲੀ ਜਾ ਸਕਦੀ ਹੈ। ਗੁਰੂ ਅਮਰਦਾਸ ਜੀ ਨੇ 71 ਸਾਲ ਤੋਂ ਲੈ ਕੇ ਬਿਆਸੀਵੇਂ ਸਾਲ ਤੱਕ ਘਾਲਣਾ ਘਾਲ ਕੇ ਦਿਖਾਈ, ਇਕ ਸਕਿੰਟ ਵਾਸਤੇ ਨਹੀਂ ਸੁੱਤੇ ਐਨੇ ਸਾਲਾਂ ਵਿਚ, ਦਿਨ ਰਾਤ ਸੇਵਾ ਕਰਦੇ ਸੀ, ਕਿੱਡੀ ਪਦਵੀ ਪ੍ਰਾਪਤ ਕੀਤੀ। ਗੁਰੂ ਅੰਗਦ ਸਾਹਿਬ ਮਹਾਰਾਜ ਜੀ ਨੇ ਕਿੰਨੀਆਂ ਘਾਲਣਾ ਘਾਲੀਆਂ।

ਸੋ ਕਹਿੰਦੇ, "ਪੁਰਖਾ! ਮੈਂ ਇਹ ਸਿੱਖਾਂ ਵਾਸਤੇ ਘਾਲਦਾ ਹਾਂ। ਇਹ ਸੁਸਤ ਹੋ ਜਾਣਗੇ, ਕਲਜੁਗ ਦਾ ਜ਼ਮਾਨਾ ਆ ਜਾਣਾ ਹੈ, ਰਜ਼ਾਈ ਵਿਚ ਬੈਠੇ ਪਾਠ ਕਰ ਲਿਆ ਕਰਨਗੇ।"

ਹੁਣ ਤਾਂ ਉਸ ਤੋਂ ਵੀ ਸੁਖਾਲਾ ਹੋ ਗਿਆ, ਟੇਪ ਲਾ ਦਿਓ, ਆਪ ਸੌਂ ਜਾਓ।

ਜਿਥੇ ਕੁ ਜਾਗ ਆ ਗਈ, ਆ ਗਈ। ਪਾਠ ਹੋ ਗਿਆ, ਕੰਧਾਂ ਨੂੰ ਪਾਠ ਸੁਣਾਉਂਦੇ ਨੇ, ਹਿਰਦੇ ਨੂੰ ਪਾਠ ਨਹੀਂ ਸੁਣਾਉਂਦੇ।

ਕਹਿੰਦੇ, "ਐਸਾ ਸਮਾਂ ਆ ਜਾਣਾ ਹੈ ਕਿ ਕਿਸੇ ਨੇ ਉਠਣਾ ਨਹੀਂ ਹੈ, ਕਿਸੇ ਨੇ ਕਹਿਣਾ ਮੈਨੂੰ ਠੰਡ ਲਗਦੀ ਹੈ, ਕਿਸੇ ਨੇ ਕਹਿਣਾ ਮੈਨੂੰ ਜ਼ੁਕਾਮ ਹੋ ਜਾਂਦਾ ਹੈ। ਸਰੀਰ ਨਹੀਂ ਰਹਿਣੇ, ਪਰ ਘਾਲ ਤੋਂ ਬਗੈਰ ਪ੍ਰਾਪਤੀ ਨਹੀਂ ਹੋਣੀ ਕੋਈ। ਸੋ ਮੈਂ ਇਹ ਸਾਰੀਆਂ ਘਾਲਾਂ ਜਿੰਨੀਆਂ ਵੀ ਹਨ –

***ਅਨਿਕ ਪ੍ਰਕਾਰ ਜੋ ਤਪ ਕਰਨਾ।***
***ਸਭ ਸਿਖਨ ਨਿਤ ਲਖੋ ਅਚਰਨਾ॥***

ਇਹ ਸਭ ਸਿੱਖਾਂ ਦੇ ਵਾਸਤੇ ਅਸੀਂ ਕਰ ਰਹੇ ਹਾਂ।

***ਜੋ ਮੇਰੇ ਮਹਿ ਸਰਧਾ ਧਰਹੀ॥***
***ਮਨ ਕਰਿ ਸਬਦ ਕਮਾਵਨ ਕਰਹੀ॥***

ਜਿਹੜੇ ਮੇਰੇ ਵਿਚ ਵਿਸ਼ਵਾਸ ਕਰਨਗੇ ਤੇ ਸ਼ਰਧਾ ਦੇ ਨਾਲ ਸ਼ਬਦ ਦੀ ਅਰਾਧਨਾ ਕਰਨਗੇ, ਮਨ ਨੂੰ ਟਿਕਾ ਕੇ ਕਰਨਗੇ।

***ਨਾਨਕ ਪੰਥੀ ਜਿਨ ਕੇ ਨਾਮ॥***

ਜਿਨ੍ਹਾਂ ਨੂੰ ਨਾਨਕ ਪੰਥੀ ਕਹਿੰਦੇ ਹਾਂ। ਅਸੀਂ ਹੀ ਨਹੀਂ ਹਾਂ, ਸਾਰਾ ਹਿੰਦੋਸਤਾਨ ਪਿਆ ਹੈ, ਸਾਧ ਸੰਗਤ ਜੀ! ਅਸੀਂ ਤਾਂ ਇਥੇ ਹੀ ਰਹਿ ਗਏ। ਆਹੀ ਨਹੀਂ ਠੀਕ ਹੁੰਦੇ, ਪਿਓ ਠੀਕ ਹੋ ਜਾਂਦਾ ਹੈ, ਮੁੰਡਾ ਨਹੀਂ ਠੀਕ ਹੁੰਦਾ, ਮੁੰਡਾ ਠੀਕ ਹੋ ਜਾਂਦਾ ਹੈ, ਪੋਤਾ ਨਹੀਂ ਹੁੰਦਾ। ਏਧਰਲੇ ਪਾਸੇ ਜਾ ਨਹੀਂ ਸਕੇ। ਪਿਓ ਗਿਰ ਜਾਂਦਾ ਹੈ, ਸ਼ਰਾਬ ਪੀਣ ਲੱਗ ਜਾਂਦਾ ਹੈ, ਏਥੇ ਹੀ ਰੁਲ ਗਏ ਅਸੀਂ ਤਾਂ ਸਾਰੇ ਹੀ, ਬਾਹਰ ਕੀ ਦੇਣਾ ਸੀ। ਬਾਹਰ ਦੂਜੇ ਧਰਮ ਨੇ, ਇਸਾਈ ਨੇ, ਕਿਥੇ ਤੱਕ ਪਹੁੰਚ ਗਏ, ਸਾਰੀ ਦੁਨੀਆਂ ਨਾਲੋਂ ਜ਼ਿਆਦਾ ਇਸਾਈਮਤ ਫੈਲਾ ਦਿਤੀ ਕਿਉਂਕਿ ਇਕੱਲਾ-ਇਕੱਲਾ ਮਿਸ਼ਨਰੀ ਬਣਿਆ ਪਿਆ ਹੈ। ਅਸੀਂ ਮਿਸ਼ਨਰੀ ਨਹੀਂ ਬਣਦੇ। ਬਾਹਰ ਜਾਵਾਂਗੇ, ਫੇਰ ਉਨ੍ਹਾਂ ਨੂੰ ਸ਼ਰਾਬ ਪੀ ਕੇ ਦਿਖਾਵਾਂਗੇ ਕਿ ਸਾਡੇ ਮੁਕਾਬਲੇ ਤੇ ਕੋਈ ਨਹੀਂ ਪੀ ਸਕਦਾ, ਲੜ ਕੇ ਦਿਖਾਵਾਂਗੇ, ਝਗੜੇ ਕਰਕੇ ਦਿਖਾਵਾਂਗੇ।

ਸੋ ਸਿੱਖੀ ਤਾਂ ਐਡਾ ਵੱਡਾ ਆਦਰਸ਼ ਸੀ, ਅੱਜ ਸਾਰਾ ਹੀ ਸੰਸਾਰ ਸਿੱਖੀ ਵਿਚ ਆ ਜਾਣਾ ਸੀ ਕਿਉਂਕਿ ਇਹ ਸਾਰਿਆਂ ਦਾ ਸਾਂਝਾ ਧਰਮ ਹੈ। ਜਿਥੇ ਤੱਕ ਕੋਈ ਜਾਂਦਾ ਹੈ, ਉਥੇ ਤੱਕ ਮਹਾਰਾਜ ਜੀ ਕਹਿੰਦੇ ਚਲੋ! ਚਲੋ!! ਸਾਬਾਸ਼! ਉਸ ਤੋਂ ਅੱਗੇ ਰਸਤਾ ਖਿੱਚ ਦਿੱਤਾ ਮਹਾਰਾਜ ਜੀ ਨੇ, ਜਿਥੇ ਜਾ ਕੇ ਸਾਰੇ ਹੀ ਰੁਕ ਗਏ। ਆਰਤੀ ਜੇ ਮੰਦਰ ਵਿਚ ਜਾ ਕੇ ਰੋਕੀ ਗਈ ਤਾਂ ਮਹਾਰਾਜ ਜੀ ਨੇ ਆਰਤੀ ਨੂੰ ਤਾਂ ਬੁਰਾ ਨਹੀਂ ਕਿਹਾ। ਮਹਾਰਾਜ ਜੀ ਕਹਿੰਦੇ ਇਸ ਤੋਂ ਉਪਰ ਇਕ ਹੋਰ ਆਰਤੀ ਹੈ, ਉਹ ਕਰਨੀ ਸਿਖ ਲਓ। ਸੋ ਇਸੇ ਤਰ੍ਹਾਂ ਇਸਲਾਮ ਵਿਚ ਨਮਾਜ਼ ਪੜ੍ਹਨ ਨੂੰ ਬੁਰਾ ਨਹੀਂ ਕਿਹਾ ਮਹਾਰਾਜ ਜੀ ਨੇ, ਪਰ ਉਨ੍ਹਾਂ ਨੇ ਕਿਹਾ ਕਿ ਨਮਾਜ਼ ਵਿਚ ਭਾਵ ਪੈਦਾ ਕਰ ਲਓ।

***ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ॥***
***ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ॥*** ***ਪੰਨਾ - 141***

ਨਮਾਜ ਪੜ੍ਹ ਪਰ ਧਿਆਨ ਨਾਲ ਪੜ੍ਹ, ਰੋਜ਼ੇ ਰੱਖ ਪਰ ਧਿਆਨ ਨਾਲ ਰੱਖ, ਕਿਸੇ ਕਰਮ ਨੂੰ ਮਾੜਾ ਨਹੀਂ ਕਿਹਾ। ਮਹਾਰਾਜ ਜੀ ਕਹਿੰਦੇ ਉਸ ਦੇ ਵਿਚ ਹੀ ਸਹੀ ਰਹਿ। ਜਨੇਊ ਪਾਉਂਦਾ ਹੈਂ ਤਾਂ ਉਸ ਨੂੰ ਕਹਿੰਦੇ ਕਿ 'ਸਤਿ' ਦਾ ਜਨੇਊ ਪਾ। ਸੋ ਏਸ ਤਰ੍ਹਾਂ ਦੇ ਨਾਲ ਗੁਰੂ ਨਾਨਕ ਪਾਤਿਸ਼ਾਹ ਕਹਿੰਦੇ ਕਿ ਜਿਨ੍ਹਾਂ ਨੂੰ ਨਾਨਕ ਪੰਥੀ ਕਹਿੰਦੇ ਨੇ-

***ਨਾਨਕ ਪੰਥੀ ਜਿਨ ਕੇ ਨਾਮ॥***
***ਵਾਹਿਗੁਰੂ ਜਪ ਰਹਿਤ ਅਕਾਮ॥***
***ਜੋ ਜਮ ਕਉ ਨਹਿ ਦੇਖਨ ਪੈਹੈ॥***
***ਸੁਖ ਸੋ ਗਤਿ ਪ੍ਰਾਪਤ ਤਿਨ ਹ੍ਵੈ ਹੈ॥***

ਐਨਾ ਤਪ ਕਰਕੇ ਅਸੀਂ ਵੰਡ ਜਾਣਾ ਹੈ। ਦਾਨ ਕੀਤਾ ਸੀ 20 ਰੁਪਈਏ, ਲੰਗਰ ਚਲਾਇਆ ਸੀ। ਜਦੋਂ ਤੱਕ ਕਲਜੁਗ ਨੇ ਰਹਿਣਾ ਹੈ, ਗੁਰੂ ਨਾਨਕ ਸਾਹਿਬ ਦਾ ਲੰਗਰ ਬੰਦ ਨਹੀਂ ਹੋਣਾ, ਐਨਾ ਵਿਆਜ ਦਰਗਾਹ ਵਿਚੋਂ ਪੈ ਰਿਹਾ ਹੈ। ਲੰਗਰ ਦਾ ਤੋਟਾ (ਘਾਟਾ) ਉਥੇ ਆਉਂਦਾ ਹੈ ਜਿਥੇ ਹਿਸਾਬ ਸ਼ੁਰੂ ਹੋ ਜਾਵੇ ਕਿ ਕਿੰਨਾ ਆਟਾ ਆਇਆ ਹੈ, ਕਿੰਨੀ ਦਾਲ ਆਈ ਹੈ, ਕਿੰਨਾ ਘਿਓ ਆਇਆ ਹੈ। ਉਥੇ ਲੰਗਰ ਬੰਦ ਹੋ ਜਾਏਗਾ ਕਿਉਂਕਿ ਉਹ ਗੁਰੂ ਨਾਨਕ ਦਾ ਲੰਗਰ ਨਹੀਂ ਰਿਹਾ, ਉਹ ਕਮੇਟੀ ਦਾ ਲੰਗਰ ਬਣ ਗਿਆ। ਜਿਥੇ ਗੁਰੂ ਨਾਨਕ ਪਾਤਿਸ਼ਾਹ ਦਾ ਲੰਗਰ ਹੈ, ਉਹ ਅਟੁੱਟ ਚਲੇਗਾ।

***ਦੇਗ ਤੇਗ ਜਗ ਮੈ ਦੋਊ ਚਲੈ॥***
***ਰਾਖ ਆਪ ਮੁਹਿ ਅਉਰ ਨ ਦਲੈ॥*** ***(ਚੌਪਈ)***

ਦੇਗ ਤੇ ਤੇਗ ਦੇ ਦਿੱਤੀ। ਦੇਗ ਦੇ ਦਿੱਤੀ ਅੰਨ ਦੀ, ਤੇਗ ਦੇ ਦਿੱਤੀ ਨਾਮ ਦੀ। ਨਾਮ ਦੀ ਤੇਗ ਦੇ ਨਾਲ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਈਰਖਾ, ਨਿੰਦਿਆ, ਚੁਗਲੀ, ਬਖੀਲੀ ਸਾਰੇ ਅੰਦਰਲੇ ਦੁਸ਼ਮਣਾ ਦਾ ਖਾਤਮਾ ਕਰਨਾ ਹੈ ਹਰ ਵਕਤ -

***ਖਾਲਸਾ ਸੋ ਜੋ ਚੜ੍ਹੈ ਤਰੰਗ॥***
***ਖਾਲਸਾ ਸੋ ਜੋ ਕਰੈ ਨਿਤ ਜੰਗ॥***

ਜਿਹੜਾ ਹਰ ਵਕਤ ਨਾਮ ਦੀ ਤਰੰਗ (ਘੋੜੇ) ਦੇ ਉਤੇ ਸਵਾਰੀ ਕਰਦਾ ਹੈ, ਕਹਿੰਦੇ ਉਹ ਖਾਲਸਾ ਹੈ। ਜਿਹੜਾ ਹਰ ਵਕਤ ਜੰਗ ਕਰਦਾ ਹੈ – ਅੰਦਰਲੇ ਦੁਸ਼ਮਣਾਂ ਦੇ ਨਾਲ, ਉਹ ਖਾਲਸਾ ਹੈ।

ਈਸਾ ਜੀ ਨੇ ਆਪਣੇ ਜਾਣ ਸਮੇਂ ਬੇਅੰਤ ਕਸ਼ਟ ਸਹਿਆ। ਨਾਲ ਦੇ ਕਹਿੰਦੇ ਤੁਸੀਂ ਸਮਰੱਥ ਪੁਰਸ਼ ਹੋ, ਫੇਰ ਐਨਾ ਕਸ਼ਟ ਸਹਿ ਰਹੇ ਹੋ। ਉਹ ਕਹਿੰਦੇ, "ਮੈਂ ਆਪਣੀ ਉਮਤ ਦੇ ਪਾਪ ਲੈ ਕੇ ਜਾ ਰਿਹਾ ਹਾਂ।" ਇਕ ਜਾਣ ਕੇ ਕਰਨਗੇ, ਇਕ ਤੋਂ ਭੁਲ ਭੁਲੇਖੇ ਹੋ ਜਾਣਗੇ। ਮੈਂ ਉਹ ਸਾਰੇ ਪਾਪਾਂ ਦੀ ਸਜ਼ਾ ਆਪਣੇ ਸਰੀਰ ਤੇ ਕੱਟ ਕੇ ਜਾਣੀ ਹੈ।

ਸੋ ਗੁਰੂ ਨਾਨਕ ਪਾਤਿਸ਼ਾਹ ਕਹਿੰਦੇ, ਇਨ੍ਹਾਂ ਨੇ ਸੁਸਤ ਪੈ ਜਾਣਾ ਹੈ। ਇਨ੍ਹਾਂ ਵਾਸਤੇ ਅਸੀਂ 20 ਰੁਪਈਏ ਦਾਨ ਦੇ ਦਿਤੇ ਜਿਸਦੇ ਅੱਜ ਤੱਕ ਲੰਗਰ ਚੱਲ ਰਹੇ ਨੇ। ਤਪ ਕੀਤਾ ਤਾਕਿ ਸਾਡੇ ਵਰਗੇ, ਜਿਹੜੇ ਪੜ੍ਹਦੇ ਹੀ ਨਹੀਂ, ਤੇ ਫੇਲ੍ਹ ਹੀ ਹੁੰਦੇ ਨੇ ਉਨ੍ਹਾਂ ਤੇ ਵੀ ਰਹਿਮਤ ਕਰ ਦਿੱਤੀ। ਮਰਦਾਨਾ ਤੇ ਗੁਰੂ ਨਾਨਕ ਪਾਤਿਸ਼ਾਹ ਜਾ ਰਹੇ ਨੇ ਕਿ ਜੰਗਲ ਮੁੱਕਣ ਵਿਚ ਨਹੀਂ ਆਉਂਦਾ। ਮਰਦਾਨਾ ਕਹਿੰਦਾ, "ਪਾਤਿਸ਼ਾਹ! ਐਡੇ ਵੱਡੇ ਘੋਰ ਵਣ ਦੇ ਵਿਚ ਜਾਂਦੇ ਹੋ। ਕਿੰਨੇ ਦਿਨ ਹੋ ਗਏ ਚਲਦਿਆਂ ਨੂੰ।"

ਕਹਿੰਦੇ, "ਤੈਨੂੰ ਪ੍ਰਸ਼ਾਦੇ ਦੀ ਤਾਂ ਨਹੀਂ ਔਖ ਆਈ? ਜੰਗਲਾਂ ਵਿਚ ਐਨੇ ਫਲ ਨੇ, ਤੂੰ ਖਾਈ ਜਾਹ।"

ਕਹਿੰਦਾ, "ਪਾਤਿਸ਼ਾਹ! ਐਨੇ ਗਹਿਬਰ ਵਣਾਂ ਦੇ ਵਿਚੋਂ ਆਪ ਜਾਂਦੇ ਹੋ, ਕੋਈ ਬਸਤੀ ਦਾ ਕੰਢਾ ਲੈ ਲਓ, ਉਥੋਂ ਦੀ ਹੋ ਲਓ।"

ਮਹਾਰਾਜ ਜੀ ਕਹਿੰਦੇ, "ਮਰਦਾਨਿਆ! ਵਣਾਂ ਨੂੰ ਮਾੜੇ ਨਾ ਕਹਿ। ਇਥੇ ਪ੍ਰਭੂ ਦੇ ਪਿਆਰੇ ਬੈਠ ਕੇ ਇਕ ਚਿਤ ਹੋ ਕੇ ਉਸ ਦੇ ਨਾਲ ਸੁਰਤੀ ਜੋੜ ਕੇ ਅਨੰਦ ਮਾਣਦੇ ਨੇ। ਵੱਡੇ-ਵੱਡੇ ਜਿੰਨੇ ਵੀ ਅੱਜ ਤੱਕ ਹੋਏ, ਸਾਰਿਆਂ ਨੇ ਵਣਾਂ 'ਚ ਜਾ ਕੇ ਤਕਲੀਫਾਂ ਸਹੀਆਂ ਨੇ, ਭਗਤੀਆਂ ਕੀਤੀਆਂ ਨੇ, ਇਕਾਂਤ ਬੈਠੇ ਨੇ, ਇਕਾਗਰ ਚਿੱਤ ਹੋ ਕੇ ਪ੍ਰਭੂ ਦੇ ਦਰਸ਼ਨ ਨੂੰ ਲੋਚਦੇ ਨੇ।" ਤੇ ਆਪ ਨੇ ਫੁਰਮਾਨ ਕੀਤਾ ਕਿ –

***ਦੇਵਤਿਆ ਦਰਸਨ ਕੈ ਤਾਈ ਦੂਖ ਭੂਖ ਤੀਰਥ ਕੀਏ॥***
***ਜੋਗੀ ਜਤੀ ਜੁਗਤਿ ਮਹਿ ਰਹਤੇ ਕਰਿ ਕਰਿ ਭਗਵੇ ਭੇਖ ਭਏ॥***
***ਤਉ ਕਾਰਣਿ ਸਾਹਿਬਾ ਰੰਗਿ ਰਤੇ॥***
***ਤੇਰੇ ਨਾਮ ਅਨੇਕਾ ਰੂਪ ਅਨੰਤਾ ਕਹਣੁ ਨ ਜਾਹੀ ਤੇਰੇ ਗੁਣ ਕੇਤੇ॥*** ***ਪੰਨਾ – 358***

ਸਾਰੇ ਦਰਸ਼ਨ ਲੋਚਦੇ ਸੀ ਇਉਂ ਪੜ੍ਹ ਲਓ –

***ਧਾਰਨਾ – ਦੂਖ ਭੁਖ ਤੇ ਪਿਆਸਾਂ ਸਹਿ ਕੇ,***
***ਦਰਸ਼ਨ ਤੇਰਾ ਲੋਚਣ ਮਾਲਕਾ -2, 2.***
***ਦਰਸ਼ਨ ਤੇਰਾ ਜੀ, ਲੋਚਣ ਮਾਲਕਾ -2, 2.***
***ਦੂਖ ਭੁਖ ਤੇ ਪਿਆਸਾਂ ਸਹਿ ਕੇ,....... -2.***

ਵੱਡੀਆਂ ਵੱਡੀਆਂ ਤਪਸਿਆਵਾਂ ਗੁਰੂ ਦਸ਼ਮੇਸ਼ ਪਿਤਾ ਲਿਖਦੇ ਨੇ ਕਿ –

***ਇਹ ਬਿਧਿ ਕਰਤ ਤਪਸਿਆ ਭਯੋ,***
***ਦ੍ਵੈ ਤੇ ਏਕ ਰੂਪ ਹ੍ਵੈਇ ਗਯੋ॥***

ਤੇਰੇ ਪਿਆਰ ਵਿਚ ਰੱਤਿਆਂ ਹੋਇਆਂ ਨੇ ਇਹ ਕੰਮ ਕੀਤੇ।

***ਤੇਰੇ ਨਾਮ ਅਨੇਕਾ ਰੂਪ ਅਨੰਤਾ***

*ਕਹਣੁ ਨ ਜਾਹੀ ਤੇਰੇ ਗੁਣ ਕੇਤੇ॥*
*ਦਰ ਘਰ ਮਹਲਾ ਹਸਤੀ ਘੋੜੇ..........॥*

***ਪੰਨਾ - 358***

ਘਰ ਵੀ ਛੱਡ ਦਿੱਤੇ, ਹਾਥੀ, ਘੋੜੇ ਵੀ ਛੱਡ ਦਿੱਤੇ। ਭਰਥਰੀ ਨੇ ਹਰੀ,, ਅਰਾਮ ਨਾਲ ਬੈਠਾ ਸੀ ਤਖਤ ਤੇ, ਜਦੋਂ ਪ੍ਰਮੇਸ਼ਰ ਦੇ ਮਿਲਣ ਦੀ ਲਾਲਸਾ ਜਾਗੀ, ਘਰ ਛੱਡ ਦਿੱਤਾ, ਜੰਗਲ ਵਿਚ ਚਲੇ ਗਏ, ਕਰਪਾਤੀ ਅਵਸਥਾ ਵਿਚ ਚਲੇ ਗਏ। ਕਰਪਾਤੀ ਇਹ ਹੁੰਦਾ ਹੈ ਕਿ ਜੇ ਕੋਈ ਦੇ ਗਿਆ ਤਾਂ ਖਾ ਲਿਆ, ਬਸਤ੍ਰ ਦੇ ਗਿਆ ਤਾਂ ਪਹਿਨ ਲਿਆ, ਨਹੀਂ ਤਾਂ ਦਿਗੰਬਰ ਹੀ (ਨੰਗੇ) ਤੁਰੇ ਫਿਰਦੇ ਨੇ। ਬਾਦਸ਼ਾਹ ਰਾਜ ਦਾ ਮਾਲਕ, ਕਿੰਨਾ ਸੁਖ ਰਹਿਣਾ ਤੇ ਕਿਥੇ ਫਿਰ ਰਿਹਾ ਹੈ ਪ੍ਰਮੇਸ਼ਰ ਦੇ ਵਾਸਤੇ ਰਾਜਾ ਗੋਪੀ ਚੰਦ ਨੇ ਪਦਮਣੀਆਂ ਰਾਣੀਆਂ ਛੱਡ ਦਿੱਤੀਆਂ।

ਇਬਰਾਹੀਮ ਆਦਮ ਅਫਗਾਨਿਸਤਾਨ ਦਾ ਬਲਖ ਬੁਖਾਰੇ ਦੇ ਰਹਿਣ ਵਾਲਾ ਸੀ। ਆਪ ਦੇ ਮਨ ਵਿਚ ਸ਼ੌਕ ਜਾਗਿਆ ਪ੍ਰਮੇਸ਼ਰ ਨੂੰ ਮਿਲਣ ਦਾ। ਕਿੰਨਾ ਸੁਖ ਰਹਿਣਾ ਸੀ, ਸਵਾ ਮਣ ਫੁੱਲ ਵਿਛਾ ਕੇ ਉਸ ਸੇਜ ਤੇ ਸੌਂਦਾ ਸੀ। ਇਸ ਦੀ ਮਾਲਣ ਦੇ ਮਨ ਵਿਚ ਰੋਜ਼ ਆਉਂਦਾ ਸੀ ਕਿ ਮੈਂ ਵੀ ਪਲੰਘ ਤੇ ਪੈ ਕੇ ਦੇਖਾਂ ਕਿ ਫੁੱਲਾਂ ਤੇ ਨੀਂਦ ਕਿਵੇਂ ਆਉਂਦੀ ਹੈ? ਉਹ ਪਲੰਘ ਤੇ ਫੁੱਲ ਵਿਛਾਉਣ ਤੋਂ ਬਾਅਦ ਉਤੇ ਪੈ ਗਈ ਤੇ ਪੈਂਦੀ ਨੂੰ ਹੀ ਨੀਂਦ ਆ ਗਈ। ਉਧਰੋਂ ਇਬਰਾਹੀਮ ਆ ਗਿਆ, ਉਸ ਨੇ ਦੇਖਿਆ ਕਿ ਮੇਰੇ ਪਲੰਘ ਤੇ ਸੁੱਤੀ ਪਈ ਹੈ। ਉਸ ਨੇ ਕੋਰੜਾ ਚੁੱਕ ਲਿਆ ਤੇ ਮਾਰਨਾ ਸ਼ੁਰੂ ਕਰ ਦਿੱਤਾ। ਉਹ ਚੀਕਾਂ ਮਾਰਦੀ ਹੈ, ਉਸ ਦੇ ਕੱਪੜੇ ਫੱਟ ਗਏ, ਖ਼ੂਨ ਜਾ ਰਿਹਾ ਹੈ ਸਰੀਰ ਵਿਚੋਂ। ਜਦੋਂ 8-10 ਕੋਰੜੇ ਮਾਰਨ ਤੋਂ ਬਾਅਦ, ਫੇਰ ਮਾਰਨ ਲਗਦਾ ਹੈ ਤਾਂ ਉਹ ਹਰ ਕੋਰੜੇ ਤੇ ਨਾਲੇ ਰੋ ਪੈਂਦੀ ਹੈ ਤੇ ਨਾਲੇ ਉਚੀ-ਉਚੀ ਹਸਦੀ ਹੈ। ਇਸ ਨੇ ਸੋਚਿਆ ਕਿ ਹਸਦੀ ਹੈ ਇਹ ਵੀ ਕੋਈ ਕਾਰਨ ਹੈ। ਕੋਰੜਾ ਰੱਖ ਦਿੱਤਾ, ਕਹਿੰਦਾ, "ਮਾਲਣ! ਰੋਣ ਦਾ ਕਾਰਨ ਮੇਰੇ ਸਮਝ 'ਚ ਆ ਗਿਆ, ਹੱਸਣ ਦਾ ਨਹੀਂ ਆਇਆ।"

ਕਹਿੰਦੀ, "ਮਹਾਰਾਜ! ਜਾਨ ਬਖਸ਼ੀ ਹੋਵੇ ਤਾਂ ਮੈਂ ਦੱਸਾਂ।"

ਕਹਿੰਦੇ, "ਜਾਨ ਬਖਸ਼ੀ।"

ਕਹਿੰਦੀ, "ਮਹਾਰਾਜ! ਮੈਂ ਤੁਹਾਡੀ ਸੇਜਾ ਤੇ ਫੁੱਲ ਵਿਛਾਉਂਦੀ ਸੀ, ਬੜੇ ਸਾਲਾਂ ਤੋਂ। ਮੇਰਾ ਮਨ ਇਹ ਕਹਿੰਦਾ ਸੀ ਕਿ ਕਿਵੇਂ ਨੀਂਦ ਆਉਂਦੀ ਹੋਏਗੀ ਫੁੱਲਾਂ ਤੇ। ਮੈਂ ਥੱਕੀ ਹੋਈ ਸੀ, ਪੈ ਗਈ ਤੇ ਨਾਲ ਹੀ ਨੀਂਦ ਆ ਗਈ। ਪਤਾ ਨਹੀਂ ਦੋ ਮਿੰਟ ਪਈ ਹਾਂ ਜਾਂ ਪੰਜ ਮਿੰਟ ਜਾਂ ਘੰਟਾ, ਮੈਨੂੰ ਕੋਈ ਪਤਾ ਨਹੀਂ। ਕੋਰੜੇ ਮਾਰਨੇ ਕੁਦਰਤੀ ਸੀ ਸਗੋਂ ਮੇਰਾ ਗਲ ਲਾਹ ਦੇਣਾ ਵੀ ਕੁਦਰਤੀ ਸੀ ਕਿਉਂਕਿ ਮੈਂ ਗੁਸਤਾਖੀ ਕੀਤੀ ਹੈ। ਸੋ ਜਦੋਂ ਕੋਰੜੇ ਤੁਸੀਂ ਮਾਰਦੇ ਸੀ ਮੈਂ ਰੋਂਦੀ ਸੀ ਕਿਉਂਕਿ ਪੀੜ ਹੁੰਦੀ ਸੀ, ਆਹ ਦੇਖੋ! ਖ਼ੂਨ ਵਗ ਰਿਹਾ ਹੈ ਸਾਰੇ ਸਰੀਰ ਵਿਚੋਂ।

ਕਹਿੰਦਾ, "ਫੇਰ ਹੱਸੀ ਕਿਉਂ?"

ਕਹਿੰਦੀ, "ਮੈਂ ਕਿਹਾ ਮਨਾ! ਤੂੰ ਤਾਂ ਚੱਲ ਮਰ ਜਾਏਂਗੀ ਤਾਂ ਕੋਈ ਫਰਕ ਨਹੀਂ ਹੈ, ਹੋਰ ਕੋਰੜੇ ਮਾਰ ਲੈਣਗੇ, 50 ਮਾਰ ਲੈਣਗੇ, 100 ਮਾਰ ਲੈਣਗੇ ਤੇ ਚਮੜੀ ਉਧੜ ਜਾਏਗੀ ਪਰ ਜਿਹੜਾ ਰਾਜਾ ਸਾਲਾਂ-ਬੱਧੀ ਇਸ ਤੇ ਸੌਂਦਾ ਆ ਰਿਹਾ ਹੈ, ਇਸ ਨੂੰ ਕਿੰਨੀ ਕੁ ਸਜਾ ਦਰਗਾਹ ਵਿਚ ਮਿਲੇਗੀ।"

ਐਨੀ ਗੱਲ ਸੁਣਦੀਸਾਰ ਕੋਰੜਾ ਥੱਲੇ ਰੱਖ ਦਿੱਤਾ, ਅੱਖਾਂ ਖੁੱਲ੍ਹ ਗਈਆਂ, ਆਪਣਾ ਮਹੱਲ ਓਪਰਾ ਲਗਣ ਲੱਗ ਗਿਆ, ਆਪਣਾ ਰਾਜ ਓਪਰਾ ਲੱਗਣ ਲੱਗ ਗਿਆ। ਦਰਬਾਰ ਬੁਲਾ ਲਿਆ, ਵਜ਼ੀਰ ਬੁਲਾ ਲਏ, ਸਭ ਬੁਲਾ ਲਏ। ਐਡੀ ਸੱਟ ਖਾਧੀ ਹਿਰਦੇ ਅੰਦਰ, ਜਿਸ ਨੂੰ ਵੈਰਾਗ ਕਹਿੰਦੇ ਨੇ - ਤੀਬਰ-ਤਰ-ਤਮ ਵੈਰਾਗ। ਨੌਂ ਕਿਸਮ ਦਾ ਵੈਰਾਗ ਹੁੰਦਾ ਹੈ ਤੇ ਸਭ ਤੋਂ ਆਖਰੀ ਤੀਬਰ-ਤਰ-ਤਮ ਵੈਰਾਗ ਹੁੰਦਾ ਹੈ। ਸੋ ਵਜ਼ੀਰ ਨੂੰ ਸੰਭਾਲ ਕੇ ਸਭ ਕੁਝ ਕਹਿੰਦਾ, "ਹੁਣ ਮੈਂ ਤਾਂ ਅੱਲ੍ਹਾ ਦੀ ਯਾਦ ਵਿਚ ਜਾਣਾ ਹੈ, ਅੱਲ੍ਹਾ ਦੇ ਦੀਦਾਰ ਕਰੇ ਤੋਂ ਬਗੈਰ ਨਹੀਂ ਮੁੜਨਾ।" ਥਾਂ ਥਾਂ ਖੋਜਦਾ ਫਿਰਦਾ ਹੈ, ਕੈਲਾਸ਼ ਪਰਬਤ ਤੇ ਗਿਆ। ਅਖੀਰ ਫਿਰਦਾ ਫਿਰਾਉਂਦਾ ਕਬੀਰ ਸਾਹਿਬ ਕੋਲ ਆ ਗਿਆ।

ਕਬੀਰ ਸਾਹਿਬ ਕਹਿਣ ਲੱਗੇ, "ਇਬਰਾਹੀਮ! ਤੂੰ ਰਾਜਾ ਹੈਂ, ਮੈਂ ਇਕ ਗਰੀਬ ਜੁਲਾਹਾ ਹਾਂ। ਸਾਡੇ ਘਰਵਾਲੇ ਤਾਂ ਮੈਨੂੰ ਸ਼ਿਕਾਇਤ ਕਰਦੇ ਨੇ ਕਿ ਸਾਨੂੰ ਛੋਲੇ ਚੱਬਣ ਨੂੰ ਦੇ ਦਿੰਦਾ ਹੈ ਤੇ ਜੇ ਕੋਈ ਆ ਜਾਂਦਾ ਹੈ ਉਨ੍ਹਾਂ ਨੂੰ ਰੋਟੀਆਂ ਦੇ ਦਿੰਦਾ ਹੈ। ਸਾਨੂੰ ਕਹਿੰਦਾ ਧਰਤੀ ਤੇ ਪੈ ਜਾਓ ਤੇ ਉਨ੍ਹਾਂ ਨੂੰ ਮੰਜੇ ਦੇ ਦਿੰਦਾ ਹੈ ਤੇ ਮੈਂ ਤਾਂ ਐਨਾ ਗਰੀਬ ਹਾਂ ਤੇ ਤੂੰ ਰਾਜਾ ਹੈਂ, ਆਪਣੀ ਦੋਹਾਂ ਦੀ ਕਿਵੇਂ ਨਿਭੇਗੀ?"

ਕਹਿਣ ਲੱਗਿਆ, "ਮਹਾਰਾਜ! ਮੈਂ ਗਰੀਬ ਤੋਂ ਗਰੀਬ ਹੋ ਕੇ ਨਿਭਾ ਲਵਾਂਗਾ, ਮੇਰੇ ਤੇ ਕਿਰਪਾ ਕਰੋ।"

ਕਬੀਰ ਸਾਹਿਬ ਨੇ ਸੇਵਾ ਦੀ ਇਜਾਜ਼ਤ ਦੇ ਦਿੱਤੀ, ਛੇ ਸਾਲ ਲੰਘ ਗਏ ਸੇਵਾ ਕਰਦੇ-ਕਰਦੇ। ਮਾਤਾ ਲੋਈ ਜੀ ਕਹਿਣ ਲੱਗੀ ਕਿ ਸੁਆਮੀ ਜੀ! ਦੇਖੋ ਛੇ ਸਾਲ ਹੋ ਗਏ, ਰਾਜ ਛੱਡ ਕੇ ਆਇਆ ਹੈ, ਤੁਸੀਂ ਅਜੇ ਤੱਕ ਇਸ ਨੂੰ ਗੁਰ ਮੰਤਰ ਨਹੀਂ ਦਿੱਤਾ।

ਕਹਿੰਦੇ, "ਅਜੇ ਇਹ ਪਵਿੱਤਰ ਨਹੀਂ ਹੋਇਆ, ਇਸ ਦੇ ਅੰਦਰ ਮੈਲ ਹੈ।"

ਮਾਤਾ ਜੀ ਕਹਿੰਦੇ, "ਕਿਵੇਂ ਪਤਾ ਲੱਗੇ ਕਿ ਅੰਦਰ ਮੈਲ ਹੈ?"

ਕਹਿੰਦੇ, "ਜਦੋਂ ਨਹਾ ਕੇ ਆਏਗਾ ਤਾਂ ਛੱਤ ਤੇ ਚੜ੍ਹ ਕੇ ਘਰ ਦਾ ਕੂੜਾ ਸੁੱਟ ਦੇਵੀਂ ਇਸ ਦੇ ਉਤੇ। ਫੇਰ ਜਿਹੜਾ ਕੁਝ ਬੋਲੇਗਾ, ਮੈਨੂੰ ਦੱਸੀਂ।"

ਮਾਤਾ ਨੇ ਓਵੇਂ ਜਿਵੇਂ ਕੀਤਾ, ਕੂੜਾ ਸੁੱਟ ਦਿੱਤਾ। ਨਹਾ ਕੇ ਆਇਆ ਸੀ। ਇਕ ਦਮ ਉਤੇ ਨੂੰ ਦੇਖਿਆ, ਮੂੰਹ ਵਿਚੋਂ ਮੱਲੋ-ਮੱਲੀ ਨਿਕਲ ਗਿਆ, ਕਹਿੰਦਾ, "ਹੁੰਦਾ ਜੇ ਮੈਂ ਆਪਣੇ ਰਾਜ ਵਿਚ ਤਾਂ ਸੁਆਦ ਦਿਖਾ ਦਿੰਦਾ ਕੂੜਾ ਸੁਟਣ ਦਾ, ਮੇਰੇ ਤੇ ਸੁੱਟ ਦਿੱਤਾ ਕੂੜਾ। ਜੇ ਮੈਂ ਬੰਦਗੀ ਕਰਨ ਆ ਗਿਆ ਤਾਂ ਰਾਜਾ ਤਾਂ ਮੈਂ ਹਾਂ ਹੀ, ਰਾਜ ਤਾਂ ਮੈਂ ਛੱਡਿਆ ਨਹੀਂ ਅਜੇ, ਮੈਂ ਤਾਂ ਰੱਬ ਨੂੰ ਮਿਲਣ ਆਇਆ ਹਾਂ।"

ਮਾਤਾ ਲੋਈ ਨੇ ਸਾਰੀ ਗੱਲ ਕਬੀਰ ਸਾਹਿਬ ਨੂੰ ਦੱਸ ਦਿੱਤੀ ਕਹਿੰਦੇ, "ਅਜੇ ਤਾਂ ਜੀਉਂਦਾ ਹੈ ਲੋਈ! ਇਹ ਤਾਂ ਮਰਿਆਂ ਹੋਇਆਂ ਦਾ ਰਾਹ ਹੈ, ਜੀਉਂਦਿਆਂ ਦਾ ਨਹੀਂ। ਮੁਰਦਾ ਜਿਹੜਾ ਹੈ ਉਹ ਜੀਉਂਦਾ ਮਰ ਜਾਂਦਾ ਹੈ, ਫੇਰ ਰੱਬ ਦੇ ਘਰ ਜੀਉਂਦਾ ਹੋ ਜਾਂਦਾ ਹੈ, ਸਦਾ ਵਾਸਤੇ ਅਮਰ ਜੀਵਨ ਪ੍ਰਾਪਤ ਹੋ ਜਾਂਦਾ ਹੈ।"

ਛੇ ਸਾਲ ਹੋਰ ਲੰਘ ਗਏ। ਕਬੀਰ ਸਾਹਿਬ ਕਹਿੰਦੇ, "ਹੁਣ ਕਿਵੇਂ ਲਗਦਾ ਹੈ?"

ਕਹਿੰਦੀ, "ਮੈਂ ਨਹੀਂ, ਮਹਾਰਾਜ ਜਾਣਦੀ, ਤੁਸੀਂ ਦੇਖੋ ਆਪਣਾ ਹਿਸਾਬ ਕਿਤਾਬ।"

ਕਹਿੰਦੇ, "ਅੱਜ ਫੇਰ ਕੂੜਾ ਪਾਈਂ।" ਨਹਾ ਕੇ ਆਏ ਤੇ ਅੱਜ ਫੇਰ ਕੂੜਾ ਪਾ ਦਿੱਤਾ। ਉਸ ਨੇ ਉਪਰ ਨੂੰ ਦੇਖਿਆ ਤੇ ਕਹਿੰਦਾ, "ਮਾਤਾ! ਕਿੱਡਾ ਪਰਉਪਕਾਰ ਕੀਤਾ, ਤੂੰ ਤਾਂ ਮੇਰੇ ਉਤੇ ਕੇਸਰ ਵਰ੍ਹਾ ਦਿੱਤਾ, ਸੰਤਾਂ ਦੀ ਧੂੜ ਮੇਰੇ ਉਤੇ ਪਾ ਦਿੱਤੀ। ਮੇਰੇ ਵਰਗੇ ਪਾਪੀ ਉਤੇ ਐਡੀ ਕਿਰਪਾ?"

ਨੱਚਣ ਲੱਗ ਗਿਆ, ਵਜਦ ਵਿਚ ਆ ਗਿਆ। ਉਸ ਵੇਲੇ ਮਾਤਾ ਜੀ ਨੇ ਦੱਸਿਆ ਕਬੀਰ ਸਾਹਿਬ ਨੂੰ ਕਿ ਉਹ ਤਾਂ ਨੱਚੀ ਜਾਂਦਾ ਹੈ, ਪੈਰ ਨਹੀਂ ਲਗਦਾ ਉਸ ਦਾ ਧਰਤੀ ਤੇ, ਐਸੀ ਕਰੰਟ ਉਸ ਦੇ ਅੰਦਰ ਪੈਦਾ ਹੋਈ-ਹੋਈ ਹੈ ਕਿ ਉਸ ਨੂੰ ਪਤਾ ਹੀ ਨਹੀਂ ਲਗਦਾ। ਉਸਦਾ ਚਿਹਰਾ ਤਾਂ ਲਾਲ ਰੰਗ ਦਾ ਹੋ ਗਿਆ।

ਕਬੀਰ ਸਾਹਿਬ ਗਏ, ਜਾ ਕੇ ਬੁੱਕਲ ਵਿਚ ਲੈ ਲਿਆ। ਉਪਦੇਸ਼ ਕਰ ਦਿੱਤਾ-

***ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ***
***ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥ ਪੰਨਾ - 305***

ਉਪਦੇਸ ਸੁਣਾ ਦਿੰਦਾ ਹੈ, ਜੀਵ ਤੇ ਬ੍ਰਹਮ ਦੀ ਏਕਤਾ ਕਰਾ ਦਿੰਦਾ ਹੈ। ਸਾਰੀਆਂ ਰਿਧੀਆਂ ਸਿਧੀਆਂ ਦੇ ਦਿੱਤੀਆਂ, ਪੂਰਾ ਕਰ ਦਿੱਤਾ। ਸੋ ਮਹਾਰਾਜ ਜੀ ਕਹਿੰਦੇ, ਘਰ ਬਾਰ ਛੱਡ ਕੇ ਗਏ -

*ਦਰ ਘਰ ਮਹਲਾ ਹਸਤੀ ਘੋੜੇ ਛੋਡਿ ਵਿਲਾਇਤਿ ਦੇਸ ਗਏ॥*
*ਪੀਰ ਪੇਕਾਂਬਰ ਸਾਲਿਕ ਸਾਦਿਕ ਛੋਡੀ ਦੁਨੀਆ ਥਾਇ ਪਏ॥* *ਪੰਨਾ - 358*

ਦੁਨੀਆਂ ਨੂੰ ਛੱਡ ਦਿੱਤਾ। ਇਕ ਦੁਨੀਆਂ ਦੇ ਵਿਚ ਰਹਿ ਕੇ ਦੁਨੀਆਂ ਨੂੰ ਛੱਡਣਾ ਹੈ, ਇਕ ਦੁਨੀਆਂ ਤੋਂ ਕਿਨਾਰਾ ਕਸ਼ੀ ਕਰਕੇ ਦੁਨੀਆਂ ਨੂੰ ਛੱਡਣਾ ਹੈ।

*ਸਾਦ ਸਹਜ ਸੁਖ ਰਸ ਕਸ ਤਜੀਅਲੇ*
*ਕਾਪੜ ਛੋਡੇ ਚਮੜ ਲੀਏ॥* *ਪੰਨਾ - 358*

ਫੇਰ ਨਹੀਂ ਉਹ ਕਹਿੰਦੇ ਕਿ ਸਬਜ਼ੀ ਵਿਚ ਲੂਣ ਹੋਰ ਪਾ ਦੇ, ਫੇਰ ਨਹੀਂ ਕਹਿੰਦੇ ਤੜਕਾ ਲਾ ਕੇ ਦੇਹ। ਇਹ ਸਾਰੀਆਂ ਚੀਜ਼ਾਂ ਜੀਉਂਦਿਆਂ ਦੀਆਂ ਨੇ। ਜਦੋਂ ਦੂਜੇ ਪਾਸੇ ਜੀਉਂਦਾ ਹੋ ਜਾਂਦਾ ਹੈ ਫੇਰ ਇਹ ਰਸ-ਕਸ ਛੱਡ ਜਾਂਦਾ ਹੈ। ਅੰਦਰ ਹੀ ਐਨਾ ਜਬਰਦਸਤ ਰਸ ਹੁੰਦਾ ਹੈ ਕਿ ਦੁਨਿਆਵੀ ਰਸ ਦੀ ਲੋੜ ਹੀ ਨਹੀਂ ਰਹਿੰਦੀ। ਸਭ ਸੁਆਦ ਛੱਡ ਦਿੰਦਾ ਹੈ। ਸੁਖ ਵੀ ਛੱਡ ਦਿੰਦਾ ਹੈ, ਕੱਪੜੇ ਵੀ ਛੱਡ ਦਿੰਦੈ ਤੇ ਚਮੜੀਆਂ ਪਾ ਲਈਆਂ, ਖੱਲਾਂ ਪਹਿਨ ਲਈਆਂ -

*ਦੁਖੀਏ ਦਰਦਵੰਦ ਦਰਿ ਤੇਰੈ ਨਾਮਿ ਰਤੇ ਦਰਵੇਸ ਭਏ॥* *ਪੰਨਾ - 358*

ਨਾਮ ਦੇ ਪਿਆਰ ਵਿਚ ਆਏ ਹੋਏ ਫੇਰ ਲੋਕ ਉਨ੍ਹਾਂ ਨੂੰ ਦਰਵੇਸ਼ ਕਹਿੰਦੇ ਨੇ।

*ਖਲੜੀ ਖਪਰੀ ਲਕੜੀ ਚਮੜੀ ਸਿਖਾ ਸੂਤੁ ਧੋਤੀ ਕੀਨ੍ਹੀ॥* *ਪੰਨਾ - 358*

ਹੇ ਸਾਹਿਬਾ! ਤੈਨੂੰ ਰਿਝਾਉਣ ਵਾਸਤੇ ਬੇਅੰਤ ਕਿਸਮ ਦੇ ਭੇਖ ਕਰੇ ਨੇ।

*ਤੂੰ ਸਾਹਿਬੁ ਹਉ ਸਾਂਗੀ ਤੇਰਾ ਪ੍ਰਣਵੈ ਨਾਨਕੁ ਜਾਤਿ ਕੈਸੀ॥* *ਪੰਨਾ - 358*

ਮੈਂ ਵੀ ਤੇਰਾ ਇਕ ਸਵਾਂਗੀ ਹਾਂ। ਸਵਾਂਗ ਤਾਂ ਸਾਰੇ ਹੀ ਹੁੰਦੇ ਨੇ, ਕੱਪੜੇ ਸਾਰੇ ਲਾਹ ਦਿਓ ਇਹ ਵੀ ਭੇਖ ਹੈ, ਕੱਪੜੇ ਪਾ ਕੇ ਸਿਰ ਦੇ ਉਤੇ ਪਟਕਾ ਬੰਨ੍ਹ ਲਓ, ਉਹ ਵੀ ਭੇਖ ਬਣ ਜਾਂਦਾ ਹੈ, ਕੁਝ ਕਰ ਲਓ, ਉਹ ਭੇਖ ਹੀ ਬਣ ਜਾਂਦਾ ਹੈ।

ਸੋ ਕਹਿਣ ਲੱਗੇ, "ਮਰਦਾਨਿਆ! ਜੰਗਲਾਂ ਨੂੰ ਨਿੰਦ ਨਾ। ਇਨ੍ਹਾਂ ਦੇ ਵਿਚ ਆ ਕੇ ਪ੍ਰਭੂ ਦੇ ਪਿਆਰਿਆਂ ਨੇ ਬੜੀਆਂ ਭਾਰੀਆਂ ਤਪੱਸਿਆਵਾਂ ਕੀਤੀਆਂ ਨੇ ਤੇ ਪ੍ਰਭੂ ਦੇ ਦਰ ਤੇ ਪਰਵਾਣ ਹੋਏ ਨੇ।"

ਜਿਨ੍ਹਾਂ ਨੇ ਵੀ ਘਾਲਣਾ ਘਾਲੀਆਂ ਨੇ ਉਹ ਸੰਸਾਰ ਦੇ ਤਾਰਕ ਜਹਾਜ ਬਣ ਗਏ ਨੇ -

*ਧਾਰਨਾ - ਜਿਨ੍ਹਾਂ ਘਾਲੀਆਂ ਮੁਸ਼ਕਤਾਂ ਭਾਰੀ,*
*ਦੁਨੀਆਂ ਉਨ੍ਹਾਂ ਪਿਛੇ ਸੁੱਟਤੀ -2, 2.*
*ਪਿਆਰਿਓ, ਦੁਨੀਆ ਉਨ੍ਹਾਂ ਪਿਛੇ ਸੁੱਟਤੀ -2, 2.*
*ਜਿਨ੍ਹਾਂ ਘਾਲੀਆਂ ਮੁੱਸ਼ਕਤਾਂ ਭਾਰੀ,.... -2.*

*ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥*
*ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥*
*ਪੰਨਾ - 8*

ਇਕ ਦੇ ਬੰਧਨ ਨਹੀਂ ਛੁੱਟੇ, ਹਜ਼ਾਰਾਂ, ਲੱਖਾਂ, ਕਰੋੜਾਂ ਦੇ ਬੰਧ ਛੁੱਟ ਗਏ, ਉਨ੍ਹਾਂ ਦੇ ਪਿਛੇ ਲੱਗ ਕੇ, ਜਿਨ੍ਹਾਂ ਨੇ ਮੁੱਸ਼ਕਤਾਂ ਘਾਲੀਆਂ ਨੇ, ਨਾਮ ਜਪਿਆ ਹੈ।

ਸੰਤ ਮਹਾਰਾਜ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲੇ - ਆਪ ਨੂੰ ਵੈਰਾਗ ਲੱਗਿਆ। ਆਪ ਕੁਹਾਟ ਛਾਉਣੀ ਤੋਂ ਨਾਉਂ ਕਟਾ ਕੇ ਆ ਗਏ। ਪਹਿਲਾਂ ਇਹ ਧਾਰਿਆ ਕਿ ਗੁਰੂ ਦਸਮੇਸ਼ ਪਿਤਾ ਜਿਸ ਥਾਂ ਤੇ ਸਮਾਏ ਨੇ, ਨੰਦੇੜ ਸਾਹਿਬ, ਹਜ਼ੂਰ ਸਾਹਿਬ, ਉਥੇ ਚਲਣਾ ਹੈ ਤੇ ਜਾਣਾ ਪੈਦਲ ਹੈ। ਦਿਨ ਰਾਤ ਨਾਮ ਜਪਦੇ ਨੇ, ਸਬਦ ਦੀ ਸਵਾਰੀ ਕਰੀ ਤੇ ਐਸਾ ਸੀ ਕਿ ਸੌ-ਸੌ ਮੀਲ ਰੋਜ਼ ਲੰਘ ਜਾਂਦੇ ਸੀ। ਜੰਗਲਾਂ ਦੇ ਵਿੱਚੀਂ ਲੰਘ ਕੇ

ਉਥੇ ਪਹੁੰਚੇ। ਬੜੇ ਵੈਰਾਗ ਦੇ ਅੰਦਰ ਲਗਨ ਲੱਗੀ ਹੋਈ ਹੈ। ਆਪ ਜੀ ਨੇ ਉਥੇ ਇਸ਼ਨਾਨ ਕਰਕੇ ਰੋੜੇ ਰੱਖ ਲੈਣੇ ਪੌਣੇ ਦੋ ਸੌ ਤੇ ਜਪੁਜੀ ਸਾਹਿਬ ਦੇ ਪਾਠ ਸ਼ੁਰੂ ਕਰ ਦੇਣੇ ਤੇ ਇਕ ਪਾਠ ਕਰਨਾ ਰੋੜਾ ਗੋਦਾਵਰੀ ਵਿਚ ਸੁੱਟ ਦੇਣਾ, ਦੂਜਾ ਕਰਨਾ, ਸੁੱਟ ਦੇਣਾ। ਇਕ ਸੌ ਪੰਝੰਤਰ ਰੋੜੇ ਯਾਨੀ ਇਕ ਸੌ ਪੰਝੰਤਰ ਪਾਠ ਜਪੁਜੀ ਸਾਹਿਬ ਦਾ ਰੋਜ਼ ਕਰਨਾ। ਉਥੇ ਬੈਠੇ ਕੇ ਸਵਾ ਲੱਖ ਜਪੁਜੀ ਸਾਹਿਬ ਦਾ ਪਾਠ ਕਰਿਆ ਇਕ ਸਾਲ ਤੇ ਸੱਤ ਮਹੀਨੇ ਵਿਚ। ਉਥੋਂ ਆਪ ਨਗੀਨਾ ਘਾਟ ਚਲੇ ਗਏ, ਨਗੀਨਾ ਘਾਟ ਤੋਂ ਫੇਰ ਸ਼ਿਕਾਰ ਘਾਟ ਚਲੇ ਗਏ। ਨਗੀਨਾ ਘਾਟ ਜਾ ਕੇ ਸਵਾ ਲੱਖ ਪਾਠ ਕਰਿਆ ਆਪ ਨੇ ਜਪੁਜੀ ਸਾਹਿਬ ਦਾ। ਉਥੋਂ ਸ਼ਿਕਾਰ ਘਾਟ ਚਲੇ ਗਏ ਉਥੇ ਤਿੰਨ ਮਹੀਨੇ ਰਹੇ, ਪੱਚੀ ਹਜ਼ਾਰ ਪਾਠ ਉਥੇ ਕਰਿਆ। ਫੇਰ ਆਪ ਕੁਹਾਟ ਬਨੂੰ ਵੱਲ ਆ ਗਏ, ਕੱਲਰ-ਕਨੋਹੇ ਆਏ ਤੇ ਉਥੇ ਮਨ ਵਿਚ ਆਇਆ ਕਿ ਅਖੰਡ ਸਾਧਨਾ ਕੀਤੀ ਜਾਵੇ। ਪਹਿਲੀ ਵਾਰੀ ਚਾਲੀ ਦਿਨਾਂ ਵਾਸਤੇ ਬੈਠ ਗਏ, ਨਾ ਕੁਝ ਖਾਧਾ, ਨਾ ਕੁਝ ਪੀਤਾ, ਬੜੇ ਯਤਨ ਕੀਤੇ। ਪਹਿਲਾਂ ਹੀ ਖੁਰਾਕ ਘਟਾਉਣੀ ਸ਼ੁਰੂ ਕਰ ਦਿੱਤੀ। ਜਦੋਂ ਦੇਖਿਆ ਕਿ ਕਈ ਦਿਨ ਹੋ ਗਏ ਪ੍ਰਸ਼ਾਦਾ ਛਕੇ ਨੂੰ, ਫੇਰ ਅਰਦਾਸਾਂ ਕਰਕੇ ਅੰਦਰ ਬੈਠ ਕੇ ਅਖੰਡ ਜਾਪ ਵਿਚ ਲੱਗ ਗਏ -

***ਤਿਥੈ ਊਂਘ ਨ ਭੁਖ ਹੈ ...............॥ ਪੰਨਾ - 1414***

ਉਥੇ ਨਾ ਊਂਘ ਹੈ ਨਾ ਭੁੱਖ ਹੈ, ਦੋਏ ਚੀਜ਼ਾਂ ਨਹੀਂ ਹੋਇਆ ਕਰਦੀਆਂ। ਪਹਿਲੀ ਵਾਰੀ ਚਾਲੀ ਦਿਨ, ਦੂਸਰੀ ਵਾਰੀ ਫੇਰ ਕਹਿਣ ਲੱਗੇ। ਜਿਹੜੇ ਸੇਵਾ ਕਰਦੇ ਸੀ ਇਕ ਮਾਈ ਸੀ ਭਾਗ ਭਰੀ, ਇਕ ਵਜੀਰ ਸਿੰਘ ਸੀ, ਉਨ੍ਹਾਂ ਨੂੰ ਕਹਿਣ ਲੱਗੇ ਕਿ ਪ੍ਰੇਮੀਓ! ਹੁਣ ਸਾਡਾ ਜੀਅ ਕਰਦਾ ਹੈ ਕਿ ਅਸੀਂ ਛੇ ਮਹੀਨੇ ਨਾ ਕਿਸੇ ਨਾਲ ਬੋਲੀਏ।

ਉਹ ਕਹਿੰਦੇ, "ਮਹਾਰਾਜ! ਕੁਝ ਛਕੋ। ਪਹਿਲਾਂ ਹੀ ਸਰੀਰ ਨਿਰਬਲ ਹੋ ਗਿਆ ਹੈ। ਚਿਹਰਾ ਤਾਂ ਭਾਵੇਂ ਦਗ-ਦਗ ਕਰਦਾ ਹੈ ਪਰ ਸਰੀਰ ਦੀ ਹਾਲਤ ਬਹੁਤ ਖਰਾਬ ਹੋ ਗਈ। ਕਿਰਪਾ ਕਰੋ, ਕੁਝ ਨਾ ਕੁਝ ਛਕੋ।

ਜਦੋਂ ਬਹੁਤ ਪ੍ਰੇਮ ਦੇਖਿਆ, ਕਹਿਣ ਲੱਗੇ, "ਇਉਂ ਕਰਿਆ ਕਰੋ ਫੇਰ, ਇਕ ਗਲਾਸ ਦੁੱਧ ਦਾ ਤੇ ਤੀਜੇ ਪਹਿਰ ਇਕ ਸ਼ਰਦਾਈ ਦਾ, ਇਕ ਕੌਲੀ ਦਾਲ ਜਾਂ ਸਬਜ਼ੀ ਦੀ ਰੱਖ ਜਾਇਆ ਕਰੋ। ਬੱਸ ਜੇ ਛਕ ਲਿਆ ਤਾਂ ਠੀਕ, ਜੇ ਨਾ ਛਕਿਆ ਤਾਂ ਚੁੱਕ ਲੈ ਜਾਇਆ ਕਰੋ।"

ਸੋ ਛੇ ਮਹੀਨੇ ਆਪ ਇਸੇ ਤਰ੍ਹਾਂ ਕਰਦੇ ਰਹੇ। ਉਸ ਤੋਂ ਛਤੀ ਹੀ ਬਾਅਦ ਕਹਿਣ ਲੱਗੇ, "ਅਸੀਂ ਹੁਣ ਇਕ ਸਾਲ ਨਹੀਂ ਬੋਲਣਾ। ਦੁਬਾਰਾ ਇਕ ਸਾਲ ਵਾਸਤੇ ਫੇਰ ਬੈਠ ਗਏ। ਸੋ ਐਸੀਆਂ-ਐਸੀਆਂ ਮੁਸ਼ੱਕਤਾਂ ਘਾਲੀਆਂ ਨਾਮ ਜਪਣ ਦੀਆਂ-

***ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥***
***ਪੰਨਾ - 8***

ਪੰਜਾਬ ਦਾ ਉਧਾਰ ਕਰ ਦਿੱਤਾ, ਸਿੱਖੀ ਦਾ ਛਿੱਟਾ ਦੇ ਦਿੱਤਾ। ਸੰਤ ਮਹਾਰਾਜ ਜੀ ਜਦੋਂ ਰਾੜੇ ਸਾਹਿਬ ਢੱਕੀ ਦੇ ਅੰਦਰ ਆਏ ਤਾਂ ਉਸ ਵੇਲੇ ਆਪ ਨੇ ਚਾਰ-ਚਾਰ ਫੁੱਟ ਦੇ ਟੋਏ ਪੁਟਵਾ ਦਿੱਤੇ। ਹੁਕਮ ਇਹ ਸੀ ਕਿ ਬੰਦਗੀ ਕਰਨੀ ਹੈ, ਸੌਣਾ ਨਹੀਂ ਕਿਸੇ ਨੇ। ਸੌਣ ਦਾ ਸਮਾਂ ਸਿਰਫ ਸਾਢੇ ਗਿਆਰਾਂ ਤੋਂ ਡੇਢ ਵਜੇ ਤੱਕ ਸੀ। ਉਸ ਤੋਂ ਬਾਅਦ ਉਠੋ, ਉਠ ਕੇ ਇਸ਼ਨਾਨ ਕਰੋ ਫੇਰ ਬੰਦਗੀ ਕਰੋ। ਸੋ ਆਪ ਨੇ ਇਸੇ ਤਰ੍ਹਾਂ ਦੇ ਨਾਲ ਬੰਦਗੀ ਕੀਤੀ। ਨੌ-ਨੌ ਮਹੀਨੇ ਦੇ ਮੌਨ ਬਰਤ ਰੱਖੇ। ਚਾਰ ਤਰ੍ਹਾਂ ਦਾ ਮੌਨ ਹੁੰਦਾ ਹੈ ਸਾਧ ਸੰਗਤ ਜੀ!

ਪਹਿਲਾ ਹੁੰਦਾ ਹੈ - ਮੂੰਹੋਂ ਨਾ ਬੋਲਣਾ। ਇਹ ਵੀ ਬਹੁਤ ਚੰਗਾ ਹੈ, ਨਿੰਦਿਆ, ਚੁਗਲੀ, ਈਰਖਾ, ਫਜ਼ੂਲ ਗੱਲਾਂ ਤੋਂ ਆਦਮੀ ਬਚ ਕੇ ਸ਼ਕਤੀ ਇਕੱਠੀ ਹੋ ਜਾਂਦੀ ਹੈ ਪਰ ਇਸ ਦੇ ਵਿਚ ਇਹ

ਹੁੰਦਾ ਹੈ ਕਿ ਆਦਮੀ ਆਪਣੀਆਂ ਲੋੜਾਂ ਸਲੇਟ ਤੇ ਜਾਂ ਕਾਗਜ਼ ਤੇ ਲਿਖ ਕੇ ਜਾਂ ਇਸ਼ਾਰਿਆਂ ਨਾਲ ਸਮਝਾਈ ਜਾਂਦਾ ਹੈ।

ਦੂਸਰਾ ਮੋਨ ਹੁੰਦਾ ਹੈ ਇੰਦ੍ਰੀਆਂ ਦਾ। ਪਹਿਲਾ ਮੋਨ ਰੱਖ ਲਿਆ, ਉਹ ਵੀ ਬਹੁਤ ਵਧੀਆ ਹੈ, ਜੇ ਨਾਲ ਦੋ ਮੋਨ ਰੱਖ ਲਏ ਤਾਂ ਹੋਰ ਲਾਭਦਾਇਕ ਹੈ। ਇੰਦ੍ਰੀਆਂ ਦਾ ਮੋਨ ਹੈ - ਅੱਖਾਂ ਦੇ ਨਾਲ ਪਰਾਇਆ ਰੂਪ ਨਹੀਂ ਤੱਕਣਾ, ਕੰਨਾਂ ਦੇ ਨਾਲ ਕਿਸੇ ਦੀ ਨਿੰਦਿਆ ਨਹੀਂ ਸੁਣਨੀ, ਵਾਸ਼ਨਾਵਾਂ ਤੋਂ ਮਨ ਨੂੰ ਰੋਕਣਾ ਹੈ, ਬਾਹਰ ਜਾਂਦਾ ਮਨ ਰੋਕਣਾ ਹੈ, ਹੱਥਾਂ ਨਾਲ ਕੋਈ ਬੁਰਾ ਕੰਮ ਨਹੀਂ ਕਰਨਾ, ਪੈਰਾਂ ਨਾਲ ਮਾੜੇ ਥਾਂ ਚੱਲ ਕੇ ਨਹੀਂ ਜਾਣਾ, ਇਹ ਇੰਦ੍ਰੀਆਂ ਦਾ ਮੌਨ ਕਹਾਉਂਦਾ ਹੈ। ਕੰਨਾਂ ਦੇ ਨਾਲ ਹਰੀ ਜੱਸ ਸ੍ਰਵਣ ਕਰਨਾ ਹੈ।

ਤੀਸਰਾ ਮੌਨ ਹੋਇਆ ਕਰਦਾ ਹੈ - ਮਨ ਦਾ ਮੋਨ। ਮਨ ਦਾ ਜੋ ਮੋਨ ਹੈ ਇਸ ਦੇ ਵਿਚ ਕੋਈ ਫੁਰਨਾ ਨਹੀਂ ਉਠਣ ਦੇਣਾ, ਅਫੁਰ ਅਵਸਥਾ 'ਚ ਰਹਿਣਾ ਹੈ, ਇਹ ਸਾਰਿਆਂ ਨਾਲੋਂ ਔਖਾ ਹੁੰਦਾ ਹੈ। ਮੋਨ ਤਾਂ ਰੱਖ ਲਿਆ ਪਰ ਮਨ ਦਾ ਮੋਨ ਨਾ ਰੱਖਿਆ। ਮਹਾਰਾਜ ਜੀ ਕਹਿੰਦੇ, ਮਨ ਦਾ ਮੋਨ ਜ਼ਰੂਰੀ ਸੀ।

ਚੌਥਾ ਮੋਨ ਬੁੱਧੀ ਦਾ ਹੋਇਆ ਕਰਦਾ ਹੈ। ਉਹ ਇਹ ਹੈ ਕਿ ਜਿਧਰ ਵੀ ਦੇਖਦੇ ਹੋ ਓਧਰ ਹੀ ਪ੍ਰਮੇਸ਼ਰ ਹੈ, ਪ੍ਰਮੇਸ਼ਰ ਸਤਿ ਹੈ ਤੇ ਜਗਤ ਨੇਸ਼ਟਾ ਹੈ। ਇਸ ਸਬਕ ਨੂੰ ਪੱਕਾ ਕਰਨਾ। ਸੋ ਐਸੇ ਉਪਦੇਸ਼ ਦੇ ਕੇ ਸਾਰੇ ਸਿੰਘਾਂ ਦੇ ਨਾਲ ਆਪ ਨੌਂ-ਨੌਂ ਮਹੀਨੇ ਦਾ ਮੋਨ ਧਾਰਨ ਕਰਦੇ ਸੀ ਤੇ ਬਹੁਤ ਘੋਰ ਤਪਸਿਆ ਕਰਦੇ ਸੀ। ਨਹਿਰ ਸੀ ਕੋਲ, ਜਾ ਕੇ ਪਾਣੀ ਵਿਚ ਖੜ੍ਹ ਜਾਣਾ, ਪੋਹ ਦਾ ਮਹੀਨਾ ਸੀ ਤੇ ਆਪ ਨੇ ਪਾਣੀ ਵਿਚ ਖੜ੍ਹੇ ਰਹਿਣਾ। ਪੁਲ ਦੇ ਗਾਰਡਰਾਂ ਤੇ ਬਿਠਾ ਦੇਣਾ, ਇਕ ਕੱਪੜਾ ਦਿੰਦੇ ਸੀ ਤੇ ਆਪ ਵੀ ਇਕੋ ਕੱਪੜਾ ਲੈਂਦੇ ਸੀ - ਖੇਸੀ ਖੱਦਰ ਦੀ ਹਲਕੀ। ਸਰਦੀ ਹੋਵੇ, ਗਰਮੀ ਹੋਵੇ, ਖੇਸੀ ਰੱਖਦੇ ਸੀ ਕੋਲ ਤੇ ਨਹਿਰ ਦੇ ਕੰਢੇ ਜਾ ਕੇ ਬਹਿ ਜਾਣਾ।

ਇਕ ਵਾਰੀ ਮੈਂ ਬੇਨਤੀ ਕਰੀ, "ਮਹਾਰਾਜ! ਆਪ ਦਾ ਜੀਵਨ ਲਿਖਣ ਨੂੰ ਕਹਿੰਦੇ ਨੇ, ਮੇਰੇ ਕੋਲ ਚਿੱਠੀ ਆਈ ਹੈ।"

ਮਹਾਰਾਜ ਜੀ ਕਹਿੰਦੇ, "ਸੰਤਾਂ ਦੇ ਜੀਵਨ ਦਾ ਤਾਂ ਪਤਾ ਨਹੀਂ ਹੁੰਦਾ ਕਿਸੇ ਨੂੰ, ਉਨ੍ਹਾਂ ਨੂੰ ਆਪ ਹੀ ਪਤਾ ਹੁੰਦਾ ਹੈ।"

ਮੇਰੇ ਮੂੰਹੋਂ ਨਿਕਲ ਗਿਆ ਕਿ ਮਹਾਰਾਜ ਜੀ! ਤੁਸੀਂ ਜਿਥੇ-ਜਿਥੇ ਗਏ ਹੋ, ਉਹ ਤਾਂ ਨੋਟ ਨੇ ਤਰੀਕਾਂ ਸਾਰੀਆਂ।

ਕਹਿੰਦੇ, "ਇਹ ਨਹੀਂ ਸੰਤਾਂ ਦਾ ਜੀਵਨ ਹੁੰਦਾ। ਪਤਾ ਨਹੀਂ ਲਗਦਾ ਜਿਹੜੀ ਘਾਲ ਘਾਲਦੇ ਨੇ, ਉਹ ਗੁਪਤ ਘਾਲਦੇ ਨੇ।" ਕੁਦਰਤੀ ਮੂੰਹ 'ਚੋਂ ਨਿਕਲ ਗਿਆ। ਕਹਿੰਦੇ, "ਅਸੀਂ ਨੌ ਸਾਲ ਧਰਤੀ ਨੂੰ ਪਿੱਠ ਨਹੀਂ ਲਾਈ।"

ਦੁਨੀਆਂ ਪਿੱਠ ਲਾਉਂਦੀ ਹੈ ਸੌਣ ਵੇਲੇ ਪਰ ਮਹਾਂਪੁਰਸ਼ ਕਹਿੰਦੇ ਅਸੀਂ ਪਿੱਠ ਨਹੀਂ ਲਾਈ। ਇਕ-ਦੋ-ਚਾਰ ਸਾਲ ਕਹਿਣਾ ਸੌਖਾ ਹੈ। ਐਨਾ ਸਮਾਂ ਬਹੁਤ ਔਖਾ ਹੈ। ਸੋ ਗੁਰੂ ਨਾਨਕ ਪਾਤਿਸ਼ਾਹ ਨੇ ਆਪਣੇ ਗੁਰਸਿੱਖਾਂ ਨੂੰ ਘਾਲਣਾ ਦਾ ਸਬਕ ਦਿੱਤਾ ਸੀ। ਸੋ ਆਪ ਕੁਝ ਨਹੀਂ ਖਾਂਦੇ। ਰੋੜਾਂ ਦੀ ਸੇਜ ਤੇ ਪਏ ਰਹਿੰਦੇ ਸਨ। ਕਈ ਮਹੀਨੇ ਹੋ ਗਏ, ਸੰਗਤਾਂ ਦੂਰ-ਦੂਰ ਤੋਂ ਸੁਣਦੀਆਂ ਹਨ ਤੇ ਆਉਂਦੀਆਂ ਹਨ। ਦਰਸ਼ਨ ਹੁੰਦੇ ਨਹੀਂ, ਦੂਰ ਹੀ ਬੈਠ ਜਾਂਦੀਆਂ ਹਨ। ਅਖੀਰ ਬਹੁਤ ਸਾਰੀਆਂ ਸੰਗਤਾਂ ਨੇ ਉਥੇ ਵਾਸਾ ਕਰ ਲਿਆ ਤੇ ਵੀਹ ਹਜ਼ਾਰ ਦੀ ਗਿਣਤੀ ਹੋ ਗਈ ਡੇਰਾ ਬਾਬਾ ਨਾਨਕ ਦੀ, ਬੇਅੰਤ

ਭੀੜਾਂ ਇੱਕਠੀਆਂ ਹੋ ਗਈਆਂ। ਜਦੋਂ ਸੰਤਾਂ ਦੇ ਦੁਆਲੇ ਜਗਿਆਸੂ ਹਟ ਜਾਣ, ਭੀੜਾਂ ਇਕੱਠੀਆਂ ਹੋ ਜਾਣ, ਫੇਰ ਕੋਈ ਕੌਤਕ ਵਰਤਾਉਂਦੇ ਨੇ ਕਿ ਇਹ ਨੱਠ ਜਾਣ।

ਕਬੀਰ ਸਾਹਿਬ ਦੇ ਦੁਆਲੇ ਜਦੋਂ ਬਹੁਤੀਆਂ ਭੀੜਾਂ ਇਕੱਠੀਆਂ ਹੋ ਗਈਆਂ; ਕਬੀਰ ਸਾਹਿਬ ਦੀ ਇਕ ਸੇਵਕ ਸੀ ਵੇਸਵਾ। ਉਸ ਦਾ ਸਾਰੇ ਪਾਪਾਂ ਤੋਂ ਛੁਟਕਾਰਾ ਕਰਾ ਕੇ ਸ਼ੁੱਧ ਜੀਵਨ ਵਿਚ ਪਾਇਆ। ਉਸ ਦਿਨ ਉਸ ਨੂੰ ਕਹਿਣ ਲੱਗੇ ਕਿ ਸਾਡੇ ਨਾਲ ਚੱਲੀਂ। ਉਸ ਦੇ ਨਾਲ ਹੋ ਲਏ ਤੇ ਕੇਸ ਖੋਲ੍ਹ ਲਏ, ਦਸਤਾਰ ਪਾ ਲਈ ਗਰਦਨ ਵਿਚ, ਰੰਗਦਾਰ ਬੋਤਲ ਕੋਲ ਲਈ ਹੋਈ ਹੈ, ਥੋੜ੍ਹੀ ਦੇਰ ਬਾਅਦ ਮੂੰਹ ਨੂੰ ਲਾ ਲੈਂਦੇ ਨੇ ਤੇ ਰੌਲਾ-ਰੱਪਾ ਪਾਉਂਦੇ ਨੇ। ਸਾਰੇ ਸ਼ਹਿਰ ਵਿਚ ਨਿੰਦਿਆ ਹੋਣੀ ਸ਼ੁਰੂ ਹੋ ਗਈ। ਉਨ੍ਹਾਂ ਦਾ ਇਕ ਪਰਮ ਸੇਵਕ ਸੀ ਉਥੋਂ ਦਾ ਰਾਜਾ। ਉਸ ਨੂੰ ਪਰਖਣ ਵਾਸਤੇ ਆਪ ਚਲੇ ਗਏ ਕਿ ਦੇਖੋ ਇਸ ਦੇ ਮਨ ਵਿਚ ਕੀ ਆਉਂਦਾ ਹੈ। ਜਦੋਂ ਉਥੇ ਗਏ ਤਾਂ ਰਾਜੇ ਨੇ ਦੂਰੋਂ ਦੇਖਿਆ। ਉਸ ਨੇ ਪਹਿਲਾਂ ਗੱਲਾਂ ਸੁਣੀਆਂ ਹੋਈਆਂ ਸਨ ਕਿ ਮਹਾਰਾਜ! ਤੁਹਾਡਾ ਗੁਰੂ ਅੱਜ ਇਉਂ ਕਰਦਾ ਫਿਰਦਾ ਹੈ। ਚੇਲੇ ਤਾਂ ਸਹਿ ਹੀ ਨਹੀਂ ਸਕਦੇ। ਕੱਚੇ ਜਿਹੜੇ ਹੁੰਦੇ ਨੇ ਉਹ ਪਹਿਲੇ ਹੱਲੇ ਹੀ ਝੜ ਜਾਂਦੇ ਹੁੰਦੇ ਨੇ। ਪੱਕੇ-ਪੱਕੇ ਰਹਿ ਜਾਂਦੇ ਨੇ। ਕੋਈ ਵਿਰਲਾ ਹੈ ਜਿਹੜਾ ਰਹਿ ਜਾਵੇ। ਸੋ ਜਦੋਂ ਕਬੀਰ ਸਾਹਿਬ ਦਰਬਾਰ ਵਿਚ ਆਏ ਤਾਂ ਉਠਿਆ ਨਾ, ਸਤਿਕਾਰ ਨਾ ਕਰਿਆ। ਅਜੇ ਰਾਣੀ ਨੇ ਤਾਂ ਕਿਹਾ ਕਿ ਗੁਰੂ ਵਿਚ ਨਹੀਂ ਦੋਸ਼ ਕੱਢੀਦਾ ਹੁੰਦਾ, ਗੁਰੂ ਨੇਹਕਲੰਕ ਹੁੰਦਾ ਹੈ, ਕੋਈ ਕੌਤਕ ਹੈ ਮਹਾਰਾਜ! ਤੁਸੀਂ ਗਲਤ ਨਾ ਸਮਝੋ।

ਕਹਿੰਦਾ, "ਆਹ ਦੇਖ! ਮੇਰੇ ਸਾਹਮਣੇ ਵੇਸਵਾ ਦੀ ਬਾਂਹ ਫੜੀ ਹੋਈ ਹੈ, ਕੇਸ਼ ਖੋਲ੍ਹੇ ਹੋਏ ਨੇ ਤੇ ਸ਼ਰਾਬ ਦੀ ਬੋਤਲ ਹੱਥ ਵਿਚ ਹੈ।"

ਜਦੋਂ ਕਬੀਰ ਸਾਹਿਬ ਨੇੜੇ ਆਏ ਤਾਂ ਬੋਲਿਆ, "ਕਬੀਰ! ਜੁਲਾਹੇ ਦਾ ਜੁਲਾਹਾ ਹੀ ਰਿਹਾ ਤੂੰ, ਮੈਂ ਤੈਨੂੰ ਐਵੇਂ ਹੀ ਗੁਰੂ ਬਣਾ ਲਿਆ। ਜੇ ਮੈਨੂੰ ਆਹ ਪਤਾ ਹੁੰਦਾ ਕਿ ਤੇਰੇ ਮਨ ਵਿਚੋਂ ਅਜੇ ਵੇਸਵਾ ਦਾ ਖਿਆਲ ਨਹੀਂ ਗਿਆ ਤੇ ਸ਼ਰਾਬ ਵੀ ਪੀ ਲੈਂਦਾ ਹੈਂ ਤੇ ਅੱਜ ਖੁੱਲ੍ਹ ਕੇ ਪੀ ਲਈ ਤਾਂ ਮੈਂ ਤੈਨੂੰ ਕਦੇ ਗੁਰੂ ਨਾ ਬਣਾਉਂਦਾ। ਮੈਂ ਨਹੀਂ ਤੇਰਾ ਆਦਰ ਕਰਨਾ।"

ਕਬੀਰ ਸਾਹਿਬ ਨੇ ਸ਼ਰਾਬ ਉਥੇ ਡੋਲ੍ਹ ਦਿੱਤੀ, ਰਾਜੇ ਨੂੰ ਬੋ ਆਈ ਤੇ ਉਹ ਕਹਿਣ ਲੱਗਿਆ, "ਆਹ ਕੀ ਕੀਤਾ, ਤੂੰ ਮੇਰਾ ਗਲੀਚਾ ਖਰਾਬ ਕਰ ਦਿੱਤਾ।"

ਕਬੀਰ ਸਾਹਿਬ ਕਹਿੰਦੇ, "ਅਸੀਂ ਗਲੀਚਾ ਖਰਾਬ ਨਹੀਂ ਕਰਿਆ, ਮੰਦਰਾਂ ਦੀ ਅੱਗ ਬੁਝਾਈ ਹੈ, ਜਗਨਨਾਥ ਪੁਰੀ ਦੇ ਮੰਦਰ ਦੀ। ਜਾਹ! ਪਤਾ ਕਰ ਲੈ।" ਐਨਾ ਕਹਿ ਕੇ ਕਬੀਰ ਸਾਹਿਬ ਚਲੇ ਗਏ।

ਰਾਣੀ ਨੇ ਰਾਜੇ ਨੂੰ ਕਿਹਾ, "ਮਹਾਰਾਜ! ਸਵਾਰ ਭੇਜੋ, ਜਾ ਕੇ ਪਤਾ ਕਰਾਓ।"

ਜਾ ਕੇ ਪਤਾ ਕਰਿਆ ਪਾਂਡਿਆਂ ਤੋਂ, ਉਹ ਕਹਿੰਦੇ, ਅਚਾਨਕ ਅੱਗ ਲੱਗ ਗਈ ਸੀ। ਲਗਦਾ ਇਹ ਸੀ ਕਿ ਮੰਦਰ ਨਹੀਂ ਹੁਣ ਬਚਣਾ ਪਰ ਹੈਰਾਨੀ ਦੀ ਗੱਲ ਹੈ ਕਿ ਇਕ ਦਮ ਅੱਗ ਬੁਝ ਗਈ ਸਾਰੀ। ਫੇਰ ਰਾਜਾ ਦੌੜਿਆ ਫਿਰੇ।

ਸੋ ਇਸ ਤਰ੍ਹਾਂ ਭੀੜਾਂ ਇਕੱਠੀਆਂ ਹੋ ਗਈਆਂ। ਗੁਰੂ ਨਾਨਕ ਪਾਤਿਸ਼ਾਹ ਇਹ ਨਹੀਂ ਸੀ ਚਾਹੁੰਦੇ ਕਿ ਐਵੇਂ ਤਮਾਸ਼ਬੀਨ ਲੋਕ ਇਕੱਠੇ ਹੋ ਜਾਣ। ਸੰਤ ਜਦੋਂ ਹੁੰਦੇ ਨੇ ਉਦੋਂ ਭੀੜ ਘੱਟ ਹੋਇਆ ਕਰਦੀ ਹੈ। ਜਦੋਂ ਚਲੇ ਜਾਂਦੇ ਨੇ ਫੇਰ ਬੇਅੰਤ ਦੁਨੀਆਂ ਆਉਣੀ ਸ਼ੁਰੂ ਹੋ ਜਾਂਦੀ ਹੈ। ਫੇਰ ਮੱਥੇ ਹੀ ਟੇਕੀ ਜਾਂਦੇ ਨੇ, ਸਿਧਾਂਤ ਹਟ ਜਾਇਆ ਕਰਦਾ ਹੈ, ਉਹ ਗੱਲ ਨਹੀਂ ਰਹਿੰਦੀ, ਮੇਲੇ ਬਣ ਜਾਂਦੇ ਨੇ ਫੇਰ। ਦੁਨੀਆਂ ਮੇਲਾ

ਦੇਖਣ ਆਉਂਦੀ ਹੈ ਕਿ ਕਿੰਨਾ-ਕੁ ਇਕੱਠ ਹੈ, ਕਿਹੜਾ-ਕਿਹੜਾ ਬੋਲਦਾ ਹੈ, ਇਸ ਦਾ ਬੋਲ ਚੰਗਾ ਹੈ, ਓਹਦਾ ਬੋਲ ਚੰਗਾ ਨਹੀਂ। ਰੂਹਾਨੀ ਸੇਧ ਲੈਣ ਵਾਸਤੇ ਨਹੀਂ ਆਉਂਦੇ। ਸੋ ਮਹਾਰਾਜ ਜੀ ਨੇ ਹੁਕਮ ਕਰ ਦਿੱਤਾ ਕਿ ਲੰਗਰ ਇਕ ਵਕਤ ਚੱਲਿਆ ਕਰੇਗਾ। ਜਦੋਂ ਇਕ ਵਕਤ ਚੱਲਿਆ ਤਾਂ ਹਜ਼ਾਰਾਂ ਹੀ ਬੰਦੇ ਚਲੇ ਗਏ ਕਿ ਭੁੱਖਾ ਕਿਹੜਾ ਮਰੇ। ਜਦੋਂ ਥੋੜ੍ਹੇ ਰਹਿ ਗਏ ਤਾਂ ਮਹਾਰਾਜ ਜੀ ਕਹਿੰਦੇ ਭਾਈ! ਇਕ ਦਿਨ ਲੰਗਰ ਮਸਤਾਨਾ ਤੇ ਇਕ ਦਿਨ ਲੰਗਰ ਚਲੇਗਾ। ਇਸੇ ਤਰ੍ਹਾਂ ਹੋਣਾ ਸ਼ੁਰੂ ਹੋ ਗਿਆ। ਫੇਰ ਹੋਰ ਚਲੇ ਗਏ। ਫੇਰ ਮਹਾਰਾਜ ਜੀ ਨੇ ਕਿਹਾ ਕਿ ਦੋ ਦਿਨ ਲੰਗਰ ਬੰਦ ਤੇ ਇਕ ਦਿਨ ਡੰਗ ਚਲੇਗਾ। ਜਿਹੜੇ ਰਹਿੰਦੇ-ਖੂਹੰਦੇ ਸੀ ਉਹ ਵੀ ਚਲੇ ਗਏ। ਜਿਹੜੇ ਅਜੇ ਵੀ ਰਹਿ ਗਏ, ਮਹਾਰਾਜ ਉਨ੍ਹਾਂ ਨੂੰ ਕਹਿੰਦੇ, ਤੁਸੀਂ ਹਲ ਚਲਾਓ। ਓਧਰ ਭੁੱਖੇ ਨੇ, ਓਧਰ ਹਲ ਚਲਾਉਂਦੇ ਨੇ। ਦੋ ਦਿਨ ਕੁਝ ਨਹੀਂ ਮਿਲਣਾ ਖਾਣ ਨੂੰ। ਪਾਣੀ ਪੀ-ਪੀ ਕੇ ਗੁਜ਼ਾਰੇ ਕਰਦੇ ਨੇ ਬਾਹਰ ਦਰਿਆ ਤੇ। ਸੋ ਆਪ ਨੇ ਕਣਕ ਬਿਜਾ ਦਿੱਤੀ। ਜਦੋਂ ਕਣਕ ਹੋ ਗਈ ਇਕੱਠੀ, ਉਸ ਵੇਲੇ ਮਹਾਰਾਜ ਜੀ ਕਹਿੰਦੇ ਕਿ ਢੇਰ ਲਾ ਦਿਓ ਭਾਈ। ਉਨ੍ਹਾਂ ਨੇ ਢੇਰ ਲਾ ਦਿੱਤਾ। ਢੇਰ ਲਾ ਕੇ ਸੰਗਤ ਕਹਿੰਦੀ, ਮਹਾਰਾਜ ਜੀ! ਫੇਰ ਗਾਹ ਪਾਈਏ। ਮਹਾਰਾਜ ਜੀ ਕਹਿੰਦੇ, "ਨਾ! ਅੱਗ ਲਿਆਉ ਲੰਗਰ ਵਿਚੋਂ। ਅੱਗ ਲੈ ਆਂਦੀ। ਮਹਾਰਾਜ ਜੀ ਕਹਿੰਦੇ, "ਸਾਰੇ ਢੇਰਾਂ ਨੂੰ ਲਾ ਦਿਓ।" ਕਿੰਨੇ ਹੀ ਝਿਜਕ ਗਏ, ਪਿਛੇ ਹਟ ਗਏ ਕਿ ਅੰਨ ਸਾੜ ਦੇਈਏ? ਇਹੋ ਜਿਹਾ ਮਾੜਾ ਕੰਮ ਅਸੀਂ ਕਰੀਏ? ਮਹਾਰਾਜ ਜੀ ਨੂੰ ਕੀ ਹੋ ਗਿਆ ਅੰਨ ਨੂੰ ਸਾੜ ਰਹੇ ਨੇ? ਪਹਿਲਾਂ ਬੜੀ ਜਬਰਦਸਤ ਖੇਤੀ ਕਰਾ ਰਹੇ ਸੀ, ਆਪ ਖੇਤਾਂ ਵਿਚ ਖੜ੍ਹਦੇ ਸੀ ਜਾ ਕੇ ਤੇ ਹੁਣ ਇਹ ਕੀ ਕੰਮ ਕਰਨ ਲੱਗ ਗਏ। ਉਸ ਵੇਲੇ ਮਹਾਰਾਜ ਜੀ ਦੀ ਕਿਰਿਆ ਨੂੰ ਕੋਈ ਨਾ ਸਮਝ ਸਕਿਆ। ਥੋੜ੍ਹੇ-ਜਿਹੇ ਸਿੱਖ ਨਿਤਰੇ ਜਿਨ੍ਹਾਂ ਨੇ ਸਾਰੇ ਢੇਰਾਂ ਨੂੰ ਅੱਗ ਲਾ ਦਿੱਤੀ ਤੇ ਐਸਾ ਸਾਂਗ ਮਹਾਰਾਜ ਜੀ ਨੇ ਵਰਤਾਉਣਾ ਸ਼ੁਰੂ ਕਰ ਦਿੱਤਾ। ਉਸ ਤੋਂ ਬਾਅਦ ਆਪ ਪ੍ਰਸ਼ਾਦਾ ਫੇਰ ਛਕਣ ਲੱਗ ਗਏ ਪਰ ਆਪ ਨੇ ਕਿਰਿਆ ਬਦਲ ਦਿੱਤੀ। ਇਕ ਕੁਤਕਾ ਲੈ ਲਿਆ ਹੱਥ ਵਿਚ, ਜਿਸ ਨੂੰ ਘੋਟਣਾ ਕਹਿੰਦੇ ਨੇ – ਲੂਣ ਘੋਟਣਾ। ਇਹ ਹੇਠੋਂ ਪਤਲਾ ਹੁੰਦਾ ਹੈ, ਉਪਰੋਂ ਮੋਟਾ ਹੁੰਦਾ ਹੈ। ਜਿਹੜਾ ਸਿੱਖ ਮੱਥਾ ਟੇਕਦਾ ਹੈ ਉਸਦੀ ਪਿੱਠ ਵਿਚ ਮਾਰ ਦੇਣ ਤੇ ਕਹਿੰਦੇ, "ਜਾਹ ਓ ਜਾਹ! ਗੁਰੂ-ਗੁਰੂ ਕਰ। ਜਾਹ ਨੱਠ ਜਾਹ ਘਰ ਨੂੰ।" ਇਸ ਨੂੰ ਸਾਧ ਸੰਗਤ ਜੀ! ਕਸਵੱਟੀ ਕਹਿੰਦੇ ਨੇ। ਜਦੋਂ ਕਸਵੱਟੀ ਲਾ ਦੇਵੇ ਗੁਰੂ ਜਾਂ ਸੰਤ, ਤਾਂ ਹਰ ਬੰਦਾ ਨਹੀਂ ਸਹਿ ਸਕਦਾ। ਕੋਈ ਵਿਰਲਾ ਹੁੰਦਾ ਹੈ ਜਿਸ ਨੇ ਮਰਨਾ ਮਿਥਿਆ ਹੁੰਦਾ ਹੈ, ਜਿਹੜਾ ਗੁਰੂ ਦੀ ਗੋਰ ਵਿਚ ਸਮਾਅ ਗਿਆ ਹੁੰਦਾ ਹੈ –

***ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।***

***ਭਾਈ ਗੁਰਦਾਸ ਜੀ ਦੀ ਵਾਰ3/18***

ਉਹ ਵੀ ਗੁਰੂ ਦੀ ਕਿਰਪਾ ਨਾਲ ਕਸਵੱਟੀ ਸਹਿ ਸਕਦਾ ਹੈ ਤੇ ਹੋਰ ਤੇ ਨਹੀਂ ਸਹਿ ਹੁੰਦੀ।

***ਧਾਰਨਾ – ਜਦੋਂ ਲਗਦੀ ਹੈ ਰਾਮ ਕਸੌਟੀ,***
***ਪਾਸ ਹੁੰਦੇ ਮਰਜੀਵੜੇ -2, 2.***
***ਮੇਰੇ ਪਿਆਰੇ, ਪਾਸ ਹੁੰਦੇ ਮਰਜੀਵੜੇ -2, 2.***
***ਜਦੋਂ ਲਗਦੀ ਹੈ ਰਾਮ ਕਸੌਟੀ,....-2.***

***ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ॥***
***ਰਾਮ ਕਸਉਟੀ ਸੋ ਸਹੈ ਜੋ ਮਰਜੀਵਾ ਹੋਇ॥***

***ਪੰਨਾ – 948***

ਕਸੌਟੀ ਜਾਂ ਇਮਤਿਹਾਨ ਕਹਿ ਲਓ। ਬੱਚਾ ਪੜ੍ਹਦਾ ਹੈ, ਸਾਲ ਭਰ ਪੜ੍ਹੀ ਜਾਂਦਾ ਹੈ, ਅਗਲੀ ਜਮਾਤ ਵਿਚ ਜਾਣ ਲਈ ਇਮਤਿਹਾਨ ਪਾਸ ਕਰਨਾ ਪੈਂਦਾ ਹੈ। ਜਦੋਂ ਇਮਤਿਹਾਨ ਦਿੰਦਾ ਹੈ ਉਦੋਂ ਪਤਾ ਲਗਦਾ ਹੈ ਕਿ ਇਹ ਪਾਸ ਹੈ ਜਾਂ ਫੇਲ੍ਹ ਹੈ, ਕਿੰਨੇ ਨੰਬਰ ਲੈ ਕੇ ਪਾਸ ਹੁੰਦਾ ਹੈ। ਗੁਰਮਤਿ ਦੇ ਅੰਦਰ 100 ਦਾ 100 ਨੰਬਰ ਲੈਣਾ ਪੈਂਦਾ ਹੈ, 99 ਵਾਲਾ ਫੇਲ੍ਹ, 100 ਵਾਲਾ ਪਾਸ। ਸਾਰਿਆਂ ਨਾਲੋਂ

ਔਖੀ ਕਸੌਟੀ ਹੈ। ਇਹ ਇਸ ਕਰਕੇ ਲਾਉਂਦੇ ਨੇ ਕਿ ਖਰੇ ਤੇ ਖੋਟੇ ਦਾ ਪਤਾ ਲੱਗ ਜਾਵੇ ਕਿਉਂਕਿ ਪਹਿਲਾਂ ਖਰਾ-ਪੁਣ ਤੇ ਖੋਟਾ-ਪੁਣ ਵਿਚ ਹੀ ਹੁੰਦਾ ਹੈ ਆਦਮੀ ਦੇ। ਕਸੌਟੀ ਲਾਏ ਤੇ, ਤਾਅ ਦਿੱਤੇ ਤੇ, ਜਿਉਂ-ਜਿਉਂ ਸੋਨੇ ਨੂੰ ਤਾਅ ਦਿਓ, ਤਿਉਂ-ਤਿਉਂ ਉਹ ਬਾਰਾਂ ਬੰਨ੍ਹੀ ਦਾ ਬਣਦਾ ਜਾਂਦਾ ਹੈ। ਇਸੇ ਤਰ੍ਹਾਂ ਸਿੱਖ ਦੇ ਉਤੇ ਜਦੋਂ ਕਸਵੱਟੀ ਲਗਦੀ ਹੈ, ਉਸ ਵੇਲੇ ਸਿੱਖ ਨਿਤਰਦਾ ਹੈ, ਪ੍ਰਗਟ ਹੁੰਦਾ ਹੈ, ਉਸ ਦੀ ਸੁਗੰਧੀ ਫੈਲਦੀ ਹੈ ਸਾਰੀ ਦੁਨੀਆਂ ਦੇ ਅੰਦਰ, ਤਰੱਕੀ ਕਰਦਾ ਹੈ।

ਸੋ ਗੁਰੂ ਪਾਤਿਸ਼ਾਹ ਨੇ ਕਸਵੱਟੀ ਲਾ ਦਿੱਤੀ। ਇਕ ਦੋ ਸਿੱਖ ਨਹੀਂ ਸਨ, ਹਜ਼ਾਰਾਂ ਦੀ ਤਾਦਾਦ ਵਿਚ ਸਨ। ਲਿਖਿਆ ਹੋਇਆ ਹੈ ਕਿ ਵੀਹ ਹਜ਼ਾਰ ਇਕੱਠਾ ਹੋ ਗਿਆ, ਬੇਅੰਤ ਝੜ ਗਏ। ਭੀੜਾਂ ਘਟ ਗਈਆਂ, ਗੁਰੂ ਮਹਾਰਾਜ ਜੀ ਤੇ ਅਸ਼ਰਧਕ ਖਿਆਲ ਹੋਣ ਲੱਗ ਗਏ ਕਿ ਹੈਂ! ਇਹ ਕੀ ਹੋ ਗਿਆ? ਕਿਉਂਕਿ ਜਮਾਲ ਤਾਂ ਦੇਖਿਆ ਸੀ, ਜਲਾਲ ਨਹੀਂ ਸੀ ਦੇਖਿਆ। ਜਲਾਲ ਵਾਲਾ ਰੂਪ ਧਾਰਨ ਕਰ ਲਿਆ -

***ਧਾਣਕ ਰੂਪਿ ਰਹਾ ਕਰਤਾਰ॥ ਪੰਨਾ - 24***

ਮੈਲੇ ਕੱਪੜੇ ਪਾ ਲਏ - ਸ਼ਿਕਾਰੀਆਂ ਵਾਲੇ, ਛੁਰਾ ਲਟਕਾ ਲਿਆ, ਕੁੱਤੇ ਨਾਲ ਲੈ ਲਏ ਤੇ ਕੁਤਕਾ ਮੋਢੇ ਤੇ ਰੱਖ ਲਿਆ। ਜਿਹੜਾ ਸਿੱਖ ਨੇੜੇ ਆ ਕੇ ਨਮਸ਼ਕਾਰ ਕਰਦਾ ਹੈ ਥੜਾਕ ਪਿੱਠ ਦੇ ਉਤੇ ਪੈਂਦਾ ਹੈ, ਨਾਲ ਕਹਿੰਦੇ, "ਨੱਠ ਜਾ ਐਥੋਂ ਤੂੰ, ਇਥੇ ਕੀ ਕਰਦਾ ਹੈਂ?" ਸਾਰੇ ਹੈਰਾਨ ਨੇ ਕਿ ਓਹੀ ਗੁਰੂ ਸਾਹਿਬ ਜਿਹੜੇ ਪਿਆਰ ਦੀ ਮੂਰਤ ਸਨ, ਆਪ ਹੀ ਪਿਆਰ ਸਨ, ਪਿਆਰ ਨਾਲ ਬੁਲਾਉਂਦੇ ਸੀ, ਆਹ ਹੋ ਕੀ ਗਿਆ, ਕੋਈ ਦਿਮਾਗ ਵਿਚ ਫਰਕ ਪੈ ਗਿਆ? ਇਹ ਕੀ ਹੋ ਗਿਆ ਗੁਰੂ ਸਾਹਿਬ ਨੂੰ? ਪਾਣੀ ਵਿਚ ਖੜ੍ਹੇ ਰਹੇ ਨੇ, ਜ਼ਰੂਰ ਕੋਈ ਫਰਕ ਪਿਆ ਹੈ। ਸੋ ਉਸ ਵੇਲੇ ਅਸ਼ਰਧਕ ਖਿਆਲ ਪੈਦਾ ਹੋਣੇ ਸ਼ੁਰੂ ਹੋ ਗਏ, ਪਰ ਥੋੜ੍ਹੇ ਜਿਹੇ ਸਿੱਖ ਇਨਵਾਂ ਗੱਲਾਂ ਤੋਂ ਬਚੇ ਹੋਏ ਹਨ।

ਅੱਜ ਮਹਾਰਾਜ ਜੀ ਬਹੁਤ ਜਲਾਲ ਦੇ ਅੰਦਰ ਖੜ੍ਹੇ ਨੇ, ਜਿਹੜਾ ਨੇੜੇ ਆਉਂਦਾ ਹੈ ਨੱਠ ਕੇ ਮਾਰਦੇ ਨੇ, ਜਦੋਂ ਤੱਕ ਦੌੜਦਾ ਨਹੀਂ ਪਿੱਠ ਤੇ ਮਾਰੀ ਜਾਂਦੇ ਨੇ। ਬਾਬਾ ਬੁੱਢਾ ਜੀ ਨੇੜੇ ਗਏ, ਜਦੋਂ ਆਪ ਨੇ ਕੁਤਕਾ ਮਾਰਿਆ ਤਾਂ ਨੇੜੇ ਦਰਖਤ ਸੀ, ਇਕ ਦਮ ਦਰਖਤ ਦੇ ਓਹਲੇ ਖੜ੍ਹ ਗਏ। ਮਹਾਰਾਜ ਜੀ ਏਧਰ ਹੋਏ ਤਾਂ ਆਪ ਓਧਰ ਹੋ ਗਏ। ਕੁਤਕਾ ਨਾ ਸਹਿ ਸਕੇ। ਭਾਈ ਸਧਾਰਨ, ਭਾਈ ਭਗੀਰਥ, ਭਾਈ ਮਨਸੁਖ ਤੇ ਹੋਰ ਗੁਰਸਿੱਖ ਜਿਹੜੇ ਨੇੜੇ ਸੀ, ਬਚੇ ਹੋਏ ਨੇ, ਮਹਾਰਾਜ ਜੀ ਦੇ ਕੁਤਕੇ ਦੀ ਮਾਰ ਤੋਂ ਦੂਰ ਖੜ੍ਹੇ ਨੇ। ਮਹਾਰਾਜ ਜੀ ਕਹਿੰਦੇ, "ਜਾਂਦੇ ਨਹੀਂ ਤੁਸੀਂ? ਜਾਓ ਇਥੋਂ ਸਾਰੇ, ਚਲੇ ਜਾਓ।" ਅਖੀਰ ਨਮਸ਼ਕਾਰ ਕਰੀ, ਚਲੇ ਗਏ। ਰਾਹ ਵਿਚ ਗੱਲਾਂ ਕਰਦੇ ਨੇ ਕਿ ਕੀ ਹੋ ਗਿਆ ਮਹਾਰਾਜ ਜੀ ਨੂੰ? ਚੰਗੇ ਭਲੇ ਸੀ। ਉਸ ਵੇਲੇ ਭਾਈ ਲਹਿਣਾ ਜੀ ਰਹਿ ਗਏ ਇਕੱਲੇ।

ਮਹਾਰਾਜ ਜੀ ਕਹਿੰਦੇ, "ਲਹਿਣਿਆ! ਤੂੰ ਨਹੀਂ ਜਾਂਦਾ? ਦੋ ਚਾਰ ਮਾਰੀਆਂ। ਕਹਿੰਦੇ, "ਜਾਹ! ਜਾਂਦਾ ਕਿਉਂ ਨਹੀਂ? ਹੁਕਮ ਕਿਉਂ ਨਹੀਂ ਮੰਨਦਾ? ਤੈਨੂੰ ਨਹੀਂ ਡਰ ਲਗਦਾ?"

ਉਸ ਵੇਲੇ ਆਪ ਨੇ ਬੜੀ ਅਧੀਨਗੀ ਨਾਲ ਬੇਨਤੀ ਕਰੀ, ਕਹਿੰਦੇ, "ਪਾਤਿਸ਼ਾਹ! ਓਹ ਵੀ ਰੂਪ ਤੇਰਾ, ਇਹ ਵੀ ਰੂਪ ਤੇਰਾ। ਮੈਂ ਅਣਜਾਣ ਹਾਂ, ਮੈਨੂੰ ਨਹੀਂ ਪਤਾ ਲਗਦਾ।" ਏਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਮੈਂ ਕੀ ਜਾਣਾ ਓ, ਤੇਰੀ ਸਾਰ ਨੂੰ -2, 2.***
***ਤੂੰ ਤਾਂ ਕਿਹੜਿਆਂ ਰੰਗਾਂ ਦੇ ਵਿਚ ਖੇਡਦੈਂ -2, 2.***
***ਤੂੰ ਤਾਂ ਕਿਹੜਿਆਂ ਰੰਗਾਂ ਦੇ ਵਿਚ ਖੇਲ੍ਹੇਂ ਮਾਲਕਾ,***
***ਮੈਂ ਕੀ ਜਾਣਾ ਓ, ..............॥***

***ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ॥***
***ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ॥***

***ਪੰਨਾ - 726***

ਕਹਿੰਦੇ, "ਪਾਤਿਸ਼ਾਹ! ਇਹ ਵੀ ਤੇਰਾ ਰੂਪ ਹੈ ਉਹ ਵੀ ਤੇਰਾ ਰੂਪ ਹੈ।"

ਕੁਤਕਾ ਮਾਰਿਆ ਕਹਿੰਦੇ, "ਜਾਂਦਾ ਨਹੀਂ ਤੂੰ?"

ਸਿਰ ਨਿਵਾ ਦਿੱਤਾ, "ਪਾਤਿਸ਼ਾਹ! ਜੇ ਤੇਰਾ ਜਾਣ ਦਾ ਹੁਕਮ ਹੈ ਤਾਂ ਮੈਂ ਹੁਕਮ ਬਜਾ ਲਿਆਉਂਦਾ ਹਾਂ। ਹੁਕਮ ਮੰਨਦਾ ਹਾਂ।"

ਆਪ ਧਰਮਸ਼ਾਲਾ ਆ ਗਏ ਜਿਥੇ ਸਾਰੇ ਸਿੱਖ ਬੈਠੇ ਇੰਤਜਾਰ ਕਰ ਰਹੇ ਸੀ। ਦੇਖਦੇ ਸੀ ਕਿ ਭਾਈ ਲਹਿਣਾ ਨਾਲ ਕੀ ਬਣਦਾ ਹੈ।

ਜਦੋਂ ਉਹ ਆ ਗਏ ਤਾਂ ਕਹਿੰਦੇ, "ਭਾਈ ਲਹਿਣਾ! ਕੀ ਬਣਿਆ ਫੇਰ? ਗੁਰੂ ਨਾਨਕ ਮਹਾਰਾਜ ਨੇ ਤੁਹਾਡੇ ਨਾਲ ਕੀ ਬਣਾਇਆ?"

ਭਾਈ ਲਹਿਣਾ ਜੀ ਕਹਿੰਦੇ, "ਗੁਰਸਿਖੋ! ਆਹ ਗੱਲ ਨਾ ਲਿਆਓ। ਗੁਰੂ ਦਾ ਥਾਪੜਾ, ਗੁਰੂ ਦਾ ਕੁਤਕਾ ਇਕੋ ਹੀ ਹੋਇਆ ਕਰਦਾ ਹੈ। ਇਸ ਦੇ ਵਿਚ ਵੀ ਸਾਡਾ ਹੀ ਭਲਾ ਹੈ। ਗੁਰੂ ਚਾਹੇ ਝਿੜਕਾਂ ਮਾਰੇ, ਚਾਹੇ ਵਡਿਆਈ ਦੇਵੇ। ਗੁਰੂ ਚਾਹੇ ਧੱਕੇ ਮਾਰੇ, ਚਾਹੇ ਨੇੜੇ ਲਾਵੇ, ਦੋਵੇਂ ਗੱਲਾਂ ਹੀ ਹੋਇਆ ਕਰਦੀਆਂ ਨੇ। ਦੋਹਾਂ ਦੇ ਵਿਚ ਗੁਰੂ ਦਾ ਹੀ ਰਸ ਹੋਇਆ ਕਰਦਾ ਹੈ।"

ਸੋ ਏਸ ਤਰ੍ਹਾਂ ਨਾਲ ਆਪ ਫੁਰਮਾਨ ਕਰਦੇ ਨੇ -

***ਧਾਰਨਾ - ਜੇ ਗੁਰ ਝਿੜਕੇ ਤਾਂ ਮੀਠਾ ਲਾਗੇ,***
***ਬਖਸ਼ੇ ਗੁਰ ਵਡਿਆਈ ਐ -2, 2.***
***ਬਖਸ਼ੇ ਗੁਰ ਵਡਿਆਈ ਐ -4, 2.***
***ਜੇ ਗੁਰ ਝਿੜਕੇ ਤਾਂ ਮੀਠਾ ਲਾਗੇ,.......2.***

ਕਹਿੰਦੇ, "ਪ੍ਰੇਮੀਓ! ਇਹ ਵੀ ਬਖਸ਼ਿਸ਼ ਜਾਣੋ ਗੁਰੂ ਮਹਾਰਾਜ ਜੀ ਦੀ। ਪਹਿਲਾਂ ਜਦੋਂ ਪਿਆਰ ਦੇ ਥਾਪੜੇ ਦਿੰਦੇ ਸੀ, ਪਿਆਰ ਦੀਆਂ ਗੱਲਾਂ ਕਰਦੇ ਸੀ, ਉਹ ਵੀ ਵਡਿਆਈ ਹੈ, ਦੋਹਾਂ ਨੂੰ ਇਕ ਸਮਾਨ ਜਾਣੋ।"

***ਜੇ ਗੁਰੁ ਝਿੜਕੇ ਤ ਮੀਠਾ ਲਾਗੈ***
***ਜੇ ਬਖਸੇ ਤ ਗੁਰ ਵਡਿਆਈ॥ ਪੰਨਾ - 758***
***ਜੇ ਸੁਖੁ ਦੇਹਿ ਤ ਤੁਝਹਿ ਅਰਾਧੀ***
***ਦੁਖਿ ਭੀ ਤੁਝੈ ਧਿਆਈ॥ ਪੰਨਾ - 757***

ਕੋਲ ਬਿਠਾ ਲੈ ਤਾਂ ਵੀ ਪਾਤਿਸ਼ਾਹ ਤੇਰੀ ਅਰਾਧਨਾ ਕਰਨੀ ਹੈ -

***ਜੇ ਪਾਸਿ ਬਹਾਲਹਿ ਤਾ ਤੁਝਹਿ ਅਰਾਧੀ***
***ਜੇ ਮਾਰਿ ਕਢਹਿ ਭੀ ਧਿਆਈ॥ ਪੰਨਾ - 757***

***ਕੇਤਿਆ ਦੂਖ ਭੂਖ ਸਦ ਮਾਰ॥***
***ਏਹਿ ਭਿ ਦਾਤਿ ਤੇਰੀ ਦਾਤਾਰ॥ ਪੰਨਾ - 5***

ਇਹ ਵੀ ਦਾਤ ਹੀ ਹੈ ਤੇਰੀ। ਔਖਾ ਹੈ ਇਸ ਸਥਾਨ ਵੀ ਪਹੁੰਚਣਾ -

***ਜੇ ਲੋਕੁ ਸਾਲਾਹੇ ਤਾ ਤੇਰੀ ਉਪਮਾ***
***ਜੇ ਨਿੰਦੈ ਤ ਛੋਡਿ ਨ ਜਾਈ॥ ਪੰਨਾ - 757***

ਸਾਰੀ ਦੁਨੀਆਂ ਨਿੰਦਿਆ ਕਰਨ ਲੱਗ ਜਾਵੇ ਤਾਂ ਵੀ ਨਹੀਂ ਛਡਦਾ ਗੁਰਸਿੱਖ। ਸਾਰੀ ਦੁਨੀਆਂ

ਸਾਲਾਹੀ ਜਾਵੇ ਤਾਂ ਕਹਿੰਦਾ ਗੁਰੂ ਦੀ ਵਡਿਆਈ ਹੈ। ਸੋ ਏਸ ਤਰ੍ਹਾਂ ਸਮਝਾਇਆ। ਕਹਿੰਦੇ, "ਗੁਰਸਿਖੋ! ਪਿੱਠ ਦੇ ਕੇ ਨਾ ਨੱਠੋ। ਠੀਕ ਨਹੀਂ ਹੁੰਦਾ ਗੁਰੂ ਨੂੰ ਪਿੱਠ ਦੇ ਕੇ ਨੱਠਣਾ। ਥਾਪੜੇ ਦਾ ਆਪਣਾ ਰਸ ਸੀ ਤੇ ਕੁਤਕੇ ਦਾ ਵੀ ਆਪਣਾ ਰਸ ਹੈ, ਬਖਸ਼ਿਸ਼ ਤਾਂ ਗੁਰੂ ਕਰ ਰਿਹਾ ਹੈ।"

ਇਕ ਵਾਰੀ ਬਾਬਾ ਰਾਮ ਸਿੰਘ ਨਾਮਧਾਰੀ। ਆਪ ਦੇ ਮਸਤਾਨੇ 100 ਹੋ ਗਏ ਤੇ ਕਈ ਖੁੱਲ੍ਹੀਆਂ ਗੱਲਾਂ ਕਰ ਲੈਣ। ਸ਼ਿਕਾਇਤ ਹੋ ਗਈ ਉਨ੍ਹਾਂ ਦੀ। ਬਾਬਾ ਜੀ ਨੇ ਸਮਝਾਇਆ ਬੁਲਾ ਕੇ, ਹਟਦੇ ਨਹੀਂ ਹਨ। ਫੇਰ ਆਪ ਨੇ ਇਕ ਲਾਠੀ ਚੁੱਕ ਲਈ ਤੇ ਲਾਈਨ ਲਾ ਕੇ ਖੜ੍ਹਾਅ ਲਏ ਤੇ ਕੁੱਟਣੇ ਸ਼ੁਰੂ ਕਰ ਦਿੱਤੇ। ਇਕ ਪਾਸਿਓ ਮਾਰਦੇ ਨੇ ਓਹ ਉਦੋਂ ਹੀ ਦੂਜਾ ਪਾਸਾ ਅੱਗੇ ਕਰ ਲੈਂਦੇ ਨੇ। ਕਹਿੰਦੇ, "ਸਤਿਗੁਰੋ! ਏਧਰ ਵੀ ਪਾਪ ਝਾੜ ਦਿਓ।" ਏਧਰ ਮਾਰਿਆ ਤਾਂ ਪਿੱਠ ਕਰ ਲਈ, ਕਹਿੰਦੇ ਏਧਰ ਵੀ ਪਾਪ ਝਾੜ ਦਿਓ। ਹੁਣ ਛਾਤੀ ਤੇ, ਆਹ ਮਹਾਰਾਜ! ਮੂੰਹ ਰਹਿ ਗਿਆ ਮੇਰਾ ਤੇ ਅਖੀਰ ਡੰਡਾ ਟੁੱਟ ਗਿਆ ਮਾਰਦੇ-ਮਾਰਦੇ। ਹੋਰ ਲੈ ਲਿਆ ਉਹ ਵੀ ਟੁੱਟ ਗਿਆ, ਪਰ ਉਹ ਨਹੀਂ ਪਿਛੇ ਹਟੇ। ਕਹਿੰਦੇ, "ਪ੍ਰਸ਼ਾਦਾ ਬੰਦ ਇਸ ਦਾ, ਲੰਗਰ ਵਿਚੋਂ ਨਹੀਂ ਦੇਣਾ।"

ਤਿੰਨ ਦਿਨ ਲੰਘ ਗਏ। ਉਥੇ ਬੈਠੇ ਹੀ ਵਾਹਿਗੁਰੂ-ਵਾਹਿਗੁਰੂ ਕਰੀ ਜਾਂਦੇ ਨੇ। ਕੋਈ ਮਨ ਵਿਚ ਸ਼ਿਕਵਾ ਨਹੀਂ, ਕੋਈ ਓਲਾਂਭਾ ਨਹੀਂ ਕਿ ਸਾਡੇ ਤੇ ਕੁੱਟ ਪਈ ਹੈ ਐਨੀ ਜ਼ਿਆਦਾ ਤੇ ਰੋਟੀ ਵੀ ਬੰਦ ਕਰ ਦਿੱਤੀ। ਤਿੰਨ ਦਿਨ ਆਪ ਨੂੰ (ਬਾਬਾ ਰਾਮ ਸਿੰਘ ਜੀ ਨੂੰ) ਲੰਘ ਗਏ, ਆਪ ਨੇ ਵੀ ਰੋਟੀ ਨਾ ਖਾਧੀ। ਫੇਰ ਪ੍ਰੇਮੀ ਇਕੱਠੇ ਹੋਏ ਸਾਰੇ ਕਹਿਣ ਲੱਗੇ, "ਬਾਬਾ ਜੀ! ਤੁਹਾਡੇ ਅੰਦਰ ਵੀ ਰੋਟੀ ਨਹੀਂ ਲੰਘ ਰਹੀ ਕਿਉਂਕਿ ਤੁਹਾਨੂੰ ਪਿਆਰ ਹੈ, ਇਹ ਮਸਤਾਨੇ ਤੁਹਾਡੇ ਨਾਲ ਪਿਆਰ ਨਾਲ ਜੁੜੇ ਹੋਏ ਨੇ। ਸੋ ਹੁਕਮ ਦੇਵੋ ਅਸੀਂ ਇਨ੍ਹਾਂ ਨੂੰ ਪ੍ਰਸ਼ਾਦਾ ਛਕਾਈਏ।" ਹੁਕਮ ਕਰ ਦਿੱਤਾ ਉਨ੍ਹਾਂ ਨੂੰ ਪ੍ਰਸ਼ਾਦਾ ਛਕਾਇਆ, ਜਦੋਂ ਆਪ ਨੂੰ ਲਿਆਂਦਾ, ਕਿਧਰੇ ਗਲ ਦੁਖਣ ਤੋਂ ਹਟ ਗਿਆ, ਪ੍ਰਸ਼ਾਦਾ ਛੱਕ ਲਿਆ।

ਸੋ ਕਹਿਣ ਲੱਗੇ, "ਗੁਰਸਿਖੋ! ਦੋਵੇਂ ਬਰਕਤਾਂ ਨੇ। ਜੇ ਉਹ ਕੁਤਕਾ ਮਾਰਦੇ ਨੇ ਤਾਂ ਵੀ ਬਰਕਤ ਹੈ ਉਨ੍ਹਾਂ ਵਿਚ, ਜੇ ਉਹ ਥਾਪੜਾ ਦਿੰਦੇ ਸੀ ਪਿਆਰ ਦਾ ਓਹ ਵੀ ਬਰਕਤ ਹੈ। ਦੋਹਾਂ ਨੂੰ ਸਮਾਨ ਕਰਕੇ ਜਾਣੋ।"

ਸੋ ਇਸ ਤਰ੍ਹਾਂ ਦੇ ਨਾਲ ਸੰਗਤ ਦਾ ਦਿਲ ਧਰਾਉਂਦੇ ਨੇ ਪਰ ਗੁਰੂ ਨਾਨਕ ਸਾਹਿਬ ਬਹੁਤ ਭਿਆਨਕ ਰੂਪ ਧਾਰੀ ਬੈਠੇ ਨੇ।

ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੇ ਹੀ ਸਮਾਪਤੀ ਕਰਦੇ ਹਾਂ। ਹੁਣ ਸਾਰੇ ਪ੍ਰੇਮੀ ਅਨੰਦ ਸਾਹਿਬ ਵਿਚ ਬੋਲੋ, ਜਿਹੜੇ ਅਜੇ ਤੱਕ ਨਹੀਂ ਬੋਲੇ ਉਹ ਵੀ ਆਪਣੀ ਰਸਨਾ ਪਵਿੱਤਰ ਕਰ ਲਉ।

-ਅਨੰਦ ਸਾਹਿਬ-

-ਗੁਰ ਸਤੋਤਰ-

-ਅਰਦਾਸ-

# 11

ਸ਼ਾਨ ......................................।

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥* *ਪੰਨਾ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥* *ਪੰਨਾ - 289*

*ਧਾਰਨਾ - ਮੇਰੀ ਨਮਸਕਾਰ ਗੁਰਦੇਵ ਕਉ -2, 2.*
*ਸਤਿਨਾਮ ਜਿਸ ਮੰਤਰ ਸੁਣਾਇਆ -2, 2.*
*ਮੇਰੀ ਨਮਸਕਾਰ,............ -2.*

*ਨਮਸਕਾਰ ਗੁਰਦੇਵ ਕੋ ਸਤਿਨਾਮ ਜਿਸ ਮੰਤ੍ਰ ਸੁਣਾਇਆ।*
*ਭਵਜਲ ਵਿਚੋਂ ਕਢਿਕੇ ਮੁਕਤਿ ਪਦਾਰਥ ਮਾਹਿ ਸਮਾਇਆ।*
*ਜਨਮ ਮਰਣ ਭਉ ਕਟਿਆ ਸੰਸਾ ਰੋਗ ਵਿਯੋਗ ਮਿਟਾਇਆ।*
*ਸੰਸਾ ਇਹੁ ਸੰਸਾਰੁ ਹੈ ਜਨਮ ਮਰਣ ਵਿਚਿ ਦੁਖ ਸਬਾਇਆ।*
*ਜਮਦੰਡ ਸਿਰੋਂ ਨਾ ਉਤਰੈ ਸਾਕਤ ਦੁਰਜਨ ਜਨਮੁ ਗਵਾਇਆ।*
*ਚਰਨ ਗਹੇ ਗੁਰਦੇਵ ਦੇ ਸਤਿ ਸਬਦ ਦੇ ਮੁਕਤ ਕਰਾਇਆ।*
*ਭਾਉ ਭਗਤਿ ਗੁਰਪੁਰਬ ਕਰਿ ਨਾਮ ਦਾਨ ਇਸਨਾਨ ਦ੍ਰਿੜ੍ਹਾਇਆ।*
*ਜੇਹਾ ਬੀਉ ਤੇਹਾ ਫਲੁ ਪਾਇਆ॥* *ਭਾਈ ਗੁਰਦਾਸ ਜੀ ਦੀ ਵਾਰ 1/1*

*ਧਾਰਨਾ - ਹਰਿ ਕੇ ਸੇਵਕ ਜੋ ਹਰਿ ਭਾਏ,*
*ਤਿਨ ਕੀ ਕਥਾ ਨਿਰਾਰੀ ਰੇ -2, 2.*
*ਤਿਨ ਕੀ ਕਥਾ ਨਿਰਾਰੀ ਰੇ -4, 2.*
*ਹਰਿ ਕੇ ਸੇਵਕ ਜੋ ਹਰਿ ਭਾਏ, ...... -2.*

*ਹਰਿ ਕੇ ਸੇਵਕ ਜੋ ਹਰਿ ਭਾਏ ਤਿਨ ਕੀ ਕਥਾ ਨਿਰਾਰੀ ਰੇ॥*
*ਆਵਹਿ ਨ ਜਾਹਿ ਨ ਕਬਹੂ ਮਰਤੇ ਪਾਰਬ੍ਰਹਮ ਸੰਗਾਰੀ ਰੇ॥*
*ਪੰਨਾ - 855*

ਸਾਧ ਸੰਗਤ ਜੀ! ਗੱਜ ਕੇ ਬੋਲਣਾ, ਸਤਿਨਾਮ ਸ੍ਰੀ ਵਾਹਿਗੁਰੂ।

ਚਿੱਤ ਬਿਰਤੀਆਂ ਨੂੰ ਇਕਾਗਰ ਕਰੋ ਕਿਉਂਕਿ ਜਦੋਂ ਤੱਕ ਚਿੱਤ ਦੀਆਂ ਬਿਰਤੀਆਂ ਦਾ ਪ੍ਰਵਾਹ ਨਾ ਰੁਕੇ, ਓਨੀ ਦੇਰ ਤੱਕ ਸਤਿਸੰਗ ਦੇ ਜੋ ਅਮੋਲਕ ਸਿਧਾਂਤ ਹਨ, ਉਹ ਸਾਡੇ ਮਨ ਵਿਚ ਨਹੀਂ ਵਸਿਆ ਕਰਦੇ। ਸੋ ਸਾਰਿਆਂ ਨਾਲੋਂ ਸੁਖਾਲਾ ਤਰੀਕਾ ਹੈ - ਨੇਤਰਾਂ ਨਾਲ ਗੁਰੂ ਸਰੂਪ ਦੇ ਦਰਸ਼ਨ ਕਰੋ, ਕੰਨਾਂ ਦੇ ਨਾਲ ਬਾਣੀ ਸਰਵਣ ਕਰੋ, ਬੁੱਧੀ ਦੇ ਨਾਲ ਵਿਚਾਰ ਕੇ ਹਿਰਦੇ 'ਚ ਧਾਰਨ ਕਰੋ। ਜਦੋਂ ਵਾਰੀ ਆਵੇ ਤਾਂ ਗੱਜ ਵੱਜ ਕੇ ਬੋਲੋ, ਸੋ ਏਸ ਤਰ੍ਹਾਂ ਕਰਨ ਦੇ ਨਾਲ ਬਿਰਤੀ ਇਕਾਗਰ ਹੋ ਜਾਂਦੀ ਹੈ, ਰਸ ਪੈਦਾ ਹੋ ਜਾਂਦਾ ਹੈ, ਫੇਰ ਪੂਰਾ-ਪੂਰਾ ਲਾਹਾ ਸਤਿਸੰਗ ਦਾ ਪ੍ਰਾਪਤ ਹੋ ਜਾਂਦਾ ਹੈ। ਪਿਛਲੇ ਕਾਫੀ ਸਮੇਂ ਤੋਂ ਸਿੱਖੀ ਦਾ ਜੋ ਨਮੂਨਾ ਸੰਸਾਰ ਵਿਚ ਦੱਸਿਆ ਜਾ ਸਕਦਾ ਹੈ, ਉਹ ਭਾਈ ਲਹਿਣਾ ਜੀ ਦੇ ਜੀਵਨ ਤੋਂ ਰੂਪਮਾਨ ਹੋ ਰਿਹਾ ਹੈ ਜਿਨ੍ਹਾਂ ਨੇ ਸਿੱਖੀ ਦੇ ਪੂਰਨੇ ਪਾ ਕੇ ਦੱਸ ਦਿੱਤਾ

ਕਿ ਸਿੱਖ ਨੇ ਜੇ ਗੁਰੂ ਦੇ ਵਿਚ ਸਮਾਉਣਾ ਹੈ ਤਾਂ ਏਸ ਰਸਤੇ ਤੁਰਿਆ ਆਵੇ, ਰਸਤਾ ਉਲੀਕ ਦਿੱਤਾ, 'ਗਾਡੀ ਰਾਹ' ਪਾ ਦਿੱਤਾ। ਸੋ ਉਸ ਦੇ ਬਾਰੇ ਆਪ ਬਹੁਤ ਦੇਰ ਤੋਂ ਵਿਆਖਿਆ ਸਹਿਤ ਸਰਵਣ ਕਰਦੇ ਆ ਰਹੇ ਹੋ। ਪਿਛਲੀ ਵਾਰੀ ਦੱਸਿਆ ਸੀ ਕਿ ਜੇ ਮੁਰੀਦ ਬਣਨਾ ਹੈ ਤਾਂ –

*ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।*
*ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।*
*ਗੋਲਾ ਮੁਲ ਖਰੀਦੁ ਕਾਰੇ ਜੋਵਣਾ।* *ਭਾਈ ਗੁਰਦਾਸ ਜੀ ਦੀ ਵਾਰ 3/18*

ਇਨ੍ਹਾਂ ਤਿੰਨਾਂ ਹੀ ਚੀਜ਼ਾਂ ਦੀ ਵਿਆਖਿਆ ਕਰੀ ਸੀ। ਬੜਾ ਔਖਾ ਹੈ ਕਿ 'ਸਬਰ' ਵੀ ਹੋਵੇ ਤੇ 'ਸਿਦਕ' ਵੀ ਪੂਰਾ ਹੋਵੇ। ਜਦੋਂ ਸਿਦਕੀ ਸਿੰਘਾਂ ਦਾ ਹਾਲ ਪੜ੍ਹੀਦਾ ਹੈ ਤਾਂ ਹੈਰਾਨ ਹੋ ਜਾਈਦਾ ਹੈ ਕਿ ਐਡੇ-ਐਡੇ ਸਿਦਕ ਵਾਲੇ ਸਿੱਖ ਹੋ ਗੁਜ਼ਰੇ ਹਨ, ਅਸੀਂ ਤਾਂ ਕੁਝ ਵੀ ਨਹੀਂ ਉਨ੍ਹਾਂ ਦੇ ਅੱਗੇ ਪਰ ਰਸਤਾ ਤਾਂ ਖੁੱਲ੍ਹਾ ਹੈ ਨਾ। ਜਿਸ ਦੇ ਮਨ ਵਿਚ ਚਾਓ ਜਾਗਦਾ ਹੈ, ਸ਼ੌਂਕ ਜਾਗਦਾ ਹੈ ਉਹ ਇਸ ਸੜਕ ਦੇ ਉਤੇ ਤੁਰ ਸਕਦਾ ਹੈ -'ਗਾਡੀ ਰਾਹ' ਇਸ ਨੂੰ ਆਖਿਆ ਹੈ। ਸੱਚ ਦੇ ਉਤੇ ਸ਼ਹਾਦਤ ਦੇਣ ਵਾਲੇ ਦੋ ਤਰ੍ਹਾਂ ਦੇ ਸ਼ਹੀਦ ਹੋਇਆ ਕਰਦੇ ਨੇ। ਇਕ ਜਿੰਦਾ ਸ਼ਹੀਦ ਹੁੰਦੇ ਨੇ, ਦੂਜੇ ਉਹ ਹੁੰਦੇ ਨੇ ਜਿਹੜੇ ਆਪਣੇ ਤਨ ਦੀ ਆਹੂਤੀ ਦੇ ਜਾਂਦੇ ਨੇ।

ਜਿੰਦਾ ਉਹ ਹੁੰਦੇ ਨੇ ਜਿਹੜੇ ਸੱਚ ਦਾ ਜੀਵਨ ਜੀਉਂ ਕੇ ਦਿਖਾਉਂਦੇ ਨੇ। ਸਾਰੀ ਜ਼ਿੰਦਗੀ ਵਿਚ ਉਕਦੇ ਨਹੀਂ, ਉਹ ਸੱਚ ਦਾ ਜੀਵਨ ਜੀਉਂਦੇ ਹਨ। ਦੁਖ ਵੀ ਆਉਂਦੇ ਨੇ, ਸੁਖ ਵੀ ਆਉਂਦੇ ਨੇ, ਹਾਨ ਵੀ ਆਉਂਦਾ ਹੈ, ਲਾਭ ਵੀ ਆਉਂਦੈ, ਨਿੰਦਿਆ ਵੀ ਆਉਂਦੀ ਹੈ, ਉਸਤਤ ਵੀ ਆਉਂਦੀ ਹੈ, ਵਿਰੋਧੀ ਵੀ ਆਉਂਦੇ ਨੇ, ਪ੍ਰਸ਼ੰਸਾ ਕਰਨ ਵਾਲੇ ਵੀ ਆਉਂਦੇ ਨੇ; ਸਾਰਿਆਂ ਨਾਲ ਵਾਹ ਪਾ ਕੇ ਜਿਹੜਾ ਫੇਰ ਏਸ ਉਥਲ ਪੁਥਲ ਕਰਦੇ ਸਾਗਰ ਵਿਚੋਂ ਲੰਘ ਜਾਵੇ, ਕਹਿੰਦੇ ਉਹ ਸਿੱਖ ਹੋਇਆ ਕਰਦਾ ਹੈ। ਸੋ ਇਸੇ ਕਰਕੇ ਸਿੱਖੀ ਕਮਾਉਣੀ ਸਾਰਿਆਂ ਤੋਂ ਔਖੀ ਚੀਜ਼ ਹੈ, ਸਿਰੇ ਦੀ ਚੀਜ਼ ਹੈ ਕਿਉਂਕਿ ਸਿੱਖ ਗੁਰੂ ਘਰ ਦੇ ਅੰਦਰ ਇਕ ਦਮ ਗੁਰੂ ਰੂਪ ਹੀ ਬਣ ਜਾਂਦਾ ਹੈ, ਗੁਰੂ ਵਿਚ ਸਮਾਅ ਜਾਂਦਾ ਹੈ। ਗੁਰੂ ਅੰਗਦ ਸਾਹਿਬ ਸਿੱਖੀ ਦੇ ਨਮੂਨੇ ਤੇ ਸਿਖਰ ਪਹੁੰਚ ਗਏ ਤੇ ਗੁਰੂ ਨਾਨਕ ਪਾਤਿਸ਼ਾਹ ਨਾਲ ਓਤ ਪੋਤ ਹੋ ਗਏ। ਹੁਣ ਪਤਾ ਨਹੀਂ ਲਗਦਾ ਕਿ ਗੁਰੂ ਨਾਨਕ ਗੁਰੂ ਅੰਗਦ ਹੈ ਜਾਂ ਗੁਰੂ ਅੰਗਦ ਗੁਰੂ ਨਾਨਕ ਹੈ, ਕੋਈ ਪਤਾ ਨਹੀਂ ਲਾ ਸਕਿਆ ਅੱਜ ਤੱਕ। ਸਾਰਿਆਂ ਦਾ ਇਹ ਖਿਆਲ ਹੈ ਕਿ ਇਹ ਗੁਰੂ ਅੰਗਦ ਸਾਹਿਬ ਨੇ, ਉਹ ਗੁਰੂ ਨਾਨਕ ਸਾਹਿਬ ਆਪ ਹੀ ਸਨ। ਅਸਚਰਜ ਬਾਤ ਹੈ, ਇਸ ਨੂੰ ਅਕਥ ਕਥਾ ਕਹਿੰਦੇ ਨੇ, ਜਿਹੜੀ ਗੱਲ ਕਹੀ ਨਾ ਜਾ ਸਕੇ, ਸਮਝਾਈ ਨਾ ਜਾ ਸਕੇ। ਸੋ ਉਸ ਨੂੰ ਸਮਝਾਉਣ ਵਾਸਤੇ ਕੁਝ ਯਤਨ ਹੁੰਦੇ ਨੇ। ਇਸ ਤਰ੍ਹਾਂ ਦੇ ਨਾਲ ਪੜ੍ਹੋ –

*ਧਾਰਨਾ – ਗੁਰ ਗੋਰ ਸਮਾਵੇ ਜੀ -2, 2.*
*ਮੁਰਦਾ ਹੋਇ ਮੁਰੀਦ ਜੋ -2, 2.*
*ਗੁਰ ਗੋਰ ਸਮਾਵੇ ਜੀ,............. -2.*

*ਮੁਰਦਾ ਹੋਇ ਮੁਰੀਦ ਸੋ ਗੁਰ ਗੋਰਿ ਸਮਾਵੈ।* *ਭਾਈ ਗੁਰਦਾਸ ਜੀ ਦੀ ਵਾਰ 9/22*

*ਸਬਦ ਸੁਰਤਿ ਲਿਵ ਲੀਣੁ ਹੋਇ ਓਹੁ ਆਪਿ ਗਵਾਵੈ।*
*ਤਨ ਧਰਤੀ ਕਰਿ ਧਰਮਸਾਲ ਮਨੁ ਦਭੁ ਵਿਛਾਵੈ।*
*ਲਤਾਂ ਹੇਠਿ ਲਤਾੜੀਐ ਗੁਰ ਸਬਦੁ ਕਮਾਵੈ।*

***ਭਾਇ ਭਗਤਿ ਨੀਵਾਣੁ ਹੋਇ ਗੁਰਮਤਿ ਠਹਰਾਵੈ।***
***ਵਰਸੈ ਨਿਝਰ ਧਾਰ ਹੋਇ ਸੰਗਤਿ ਚਲਿ ਆਵੈ॥ ਭਾਈ ਗੁਰਦਾਸ ਜੀ ਦੀ ਵਾਰ 9/22***

ਸਿੱਖ ਦਾ ਨਕਸ਼ਾ ਬੰਨ੍ਹਦੇ ਹੋਏ ਆਪ ਦਸਦੇ ਨੇ ਕਿ ਸਿੱਖ ਤਾਂ ਬੇਅੰਤ ਹੋਣਗੇ, ਵੋਟਾਂ ਲੈਣ ਵਾਸਤੇ, ਆਪਣਾ ਵੱਖਰਾਪਣ ਦੱਸਣ ਵਾਸਤੇ ਬੇਅੰਤ ਨੇ - ਕਰੋੜਾਂ ਦੀ ਤਾਦਾਦ ਵਿਚ, ਪਰ ਮਹਾਰਾਜ ਜੀ ਕਹਿੰਦੇ, ਸਿੱਖ ਇਕ ਅੱਧਾ ਹੀ ਕੋਈ ਹੈ, ਬਹੁਤੇ ਨਹੀਂ ਹਨ -

***ਕੋਟਨ ਮੈ ਨਾਨਕ ਕੋਊ ਨਾਰਾਇਣੁ ਜਿਹ ਚੀਤਿ॥ ਪੰਨਾ - 1427***

ਸੋ ਜਦੋਂ ਤੱਕ ਇਹ ਮੁਰਦਾ ਨਹੀਂ ਬਣਦਾ, ਓਨਾਂ ਚਿਰ ਸਿੱਖੀ ਦਾ 'ੳ-ਅ' ਵੀ ਨਹੀਂ ਆਉਂਦਾ। ਸੋ ਪਹਿਲੀ ਸ਼ਰਤ ਹੈ ਗੁਰੂ ਦੇ ਨਾਲ ਇਕਮਿੱਕ ਹੋਣ ਦੀ ਕਿ -

***ਮੁਰਦਾ ਹੋਇ ਮੁਰੀਦ ਸੋ .............। ਭਾਈ ਗੁਰਦਾਸ ਜੀ ਦੀ ਵਾਰ 9/22***

ਸੋ ਹੁਣ ਇਹ ਹੈ ਕਿ ਮੁਰਦਾ ਕਿਵੇਂ ਬਣਿਆ ਜਾਵੇ? ਕੋਈ ਤਰੀਕਾ ਹੈ ਮੁਰਦਾ ਬਣਨ ਦਾ? ਜੇ ਤਾਂ ਅਸੀਂ ਕੋਈ ਦਵਾਈ ਖਾ ਕੇ ਆਪਣਾ ਅੰਤ ਕਰਦੇ ਹਾਂ ਤਾਂ ਇਸ ਦਾ ਤਾਂ ਕੋਈ ਫਾਇਦਾ ਨਹੀਂ ਹੈ। ਫੇਰ ਤਾਂ ਗੁਰੂ ਦੀ ਸੇਵਾ ਨਹੀਂ ਹੁੰਦੀ ਕਿਉਂਕਿ ਚੇਤਨ ਕਲਾ ਨਿਕਲ ਜਾਂਦੀ ਹੈ। ਆਹ ਸਰੀਰ ਦੇ ਹੁੰਦੇ-ਹੁੰਦੇ ਕਿਵੇਂ ਮੁਰਦਾ ਹੋ ਸਕਦਾ ਹੈ? ਦੋ ਚੀਜ਼ਾਂ ਇਸ ਨੂੰ ਜੀਉਂਦਾ ਰੱਖਦੀਆਂ ਨੇ, ਧਿਆਨ ਨਾਲ ਸਰਵਣ ਕਰਿਓ ਇਕ ਤਾਂ ਹੰਗਤਾ ਹੈ ਜਿਸ ਨੂੰ 'ਮੈਂ' ਕਹਿੰਦੇ ਨੇ, ਇਕ ਇਸ ਦੇ ਵਿਚ ਮਮਤਾ ਹੈ, 'ਮੇਰੀ' ਹੈ।

ਸੋ 'ਮੈਂ' ਤੇ 'ਮੇਰੀ' ਨੇ ਇਸ ਨੂੰ ਫਸਾਇਆ ਹੋਇਆ ਹੈ। ਹੈ ਤਾਂ ਇਹ ਪ੍ਰਭੂ ਜੋਤ। ਜਿੰਨੇ ਤੁਸੀਂ ਬੈਠੇ ਹੋਂ, ਸਾਰਿਆਂ ਵਿਚ ਇਕੋ ਹੀ ਜੋਤੀ ਹੈ, ਇਕੋ ਸ਼ਬਦ ਹੈ। ਕਿਸੇ ਵਿਚ ਘੱਟ ਨਹੀਂ ਹੈ ਕਿਸੇ ਵਿਚ ਵੱਧ ਨਹੀਂ ਹੈ।

***ਹਸਤਿ ਕੀਟ ਕੇ ਬੀਚ ਸਮਾਨਾ॥***

ਹਾਥੀ ਵਿਚ ਤੇ ਕੀੜੀ ਵਿਚ ਇਕੋ ਸ਼ਬਦ ਵਰਤਦਾ ਹੈ, ਘਟ ਵਧ ਨਹੀਂ ਹੈ ਕਿਸੇ ਵਿਚ ਵੀ, ਲੇਕਿਨ 'ਹੰਗਤਾ' ਤੇ 'ਮਮਤਾ' ਨੇ ਸਾਨੂੰ ਘੱਟ ਵੱਧ ਕਰ ਦਿੱਤਾ। ਕੋਈ ਗਰੀਬ ਹੈ, ਕੋਈ ਅਮੀਰ ਹੈ, ਕੋਈ ਪੁੰਨੀ ਹੈ, ਕੋਈ ਪਾਪੀ ਹੈ, ਕੋਈ ਪੂਜਯ ਹੈ, ਕੋਈ ਨਫਰਤਯੋਗ ਹੈ। ਹੈ ਇਕੋ ਹੀ ਜੋਤ। ਇਹ ਇਸ ਚੀਜ਼ ਨੇ ਖਰਾਬ ਕਰ ਦਿੱਤੇ ਜਿਸ ਨੂੰ 'ਹੰਗਤਾ' ਤੇ 'ਮਮਤਾ' ਕਹਿੰਦੇ ਨੇ। 'ਹੰਗਤਾ' ਹੁੰਦਾ ਹੈ 'ਮੈਂ'; ਜਿੰਨੀ 'ਮੈਂ', ਓਨਾਂ ਹੀ ਉਸ ਦੇ ਵਿਚ ਵਿਕਾਰਾਂ ਦਾ ਖਜ਼ਾਨਾ ਹੁੰਦਾ ਹੈ। 'ਮੈਂ' ਨੂੰ ਦੁਖ ਲਗਦਾ ਹੈ, ਮੈਂ ਦੀ insult (ਬੇਇਜ਼ਤੀ) ਹੁੰਦੀ ਹੈ, ਕੋਈ ਮਾੜਾ ਅੱਖਰ ਬੋਲ ਦੇਵੇ ਤਾਂ 'ਮੈਂ' ਗੁੱਸੇ ਹੋ ਜਾਂਦੀ ਹੈ। 'ਮੈਂ' ਨੂੰ ਘਾਟਾ ਪੈਂਦਾ ਹੈ; 'ਮੈਂ' ਮਰਦੀ ਹੈ, 'ਮੈਂ' ਹੀ ਜੰਮਦੀ ਹੈ। ਮਹਾਰਾਜ ਜੀ ਕਹਿੰਦੇ, ਜਿੰਨਾਂ ਚਿਰ ਤੇਰੇ ਵਿਚ 'ਮੈਂ' ਹੈ -

***ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥ ਪੰਨਾ - 466***

ਆਹ ਜਿਹੜੀ ਤੂੰ ਆਪਣੀ ਹੋਂਦ ਸਮਝਦਾ ਹੈਂ ਕਿ 'ਮੈਂ' ਹਾਂ, ਤੇ ਇਹ 'ਮੈਂ' ਹੀ ਕਰਮ ਕਰਦੀ ਹੈ। ਫੇਰ -

***ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥ ਪੰਨਾ - 466***

ਇਹ ਫੇਰ ਹਉਮੈ ਦੇ ਬੰਧਨ ਪੈ ਜਾਂਦੇ ਨੇ ਤੇ ਫੇਰ ਜੰਮਦਾ ਹੈ ਤੇ ਮਰਦਾ ਹੈ। ਸੋ ਇਹ ਚੀਜ਼ ਜਿਹੜੀ ਹੈ ਇਹ ਫਾਲਤੂ ਹੈ। ਵਾਹਿਗੁਰੂ ਨੇ ਨਹੀਂ ਸੀ ਇਹ ਦਿੱਤੀ। ਇਹ ਤਾਂ ਜਦੋਂ ਸੰਸਾਰ ਦੀ ਰਚਨਾ ਸ਼ਬਦ ਨਾਲ ਹੋਈ -

*ਓਅੰਕਾਰਿ ਬ੍ਰਹਮਾ ਉਤਪਤਿ॥*
*ਓਅੰਕਾਰੁ ਕੀਆ ਜਿਨਿ ਚਿਤਿ॥* *ਪੰਨਾ - 929*

ਜਦੋਂ ਇਸ ਸ੍ਰਿਸ਼ਟੀ ਦਾ ਵਜੂਦ ਕਾਇਮ ਹੋਇਆ - ਸ਼ਬਦ ਤੋਂ, ਓਸ ਵੇਲੇ ਇਸ ਦੇ ਵਿਚ awareness (ਚੇਤੰਨਤਾ) ਆ ਗਈ, ਜਿਸ ਨੂੰ ਮਹਾਰਾਜ ਜੀ ਕਹਿੰਦੇ, ਚਿਤ ਹੋਇਆ। ਚਿਤ ਆਉਂਦੀ ਸਾਰ ਹੀ ਪਰਮ ਜੋਤ ਨੂੰ ਤਾਂ ਪਛਾਣਿਆ ਨਾ, ਆਪਣੇ ਆਪ ਦਾ ਇਸ ਨੂੰ ਪਤਾ ਲੱਗ ਗਿਆ ਕਿ ਮੈਂ ਕੁਝ ਹਾਂ। ਉਹ 'ਮੈਂ' ਸਰੀਰ ਦੇ ਨਾਲ ਰਲ ਕੇ ਇਸ ਨੂੰ ਖਰਾਬ ਕਰਦੀ ਤੁਰੀ ਜਾ ਰਹੀ ਹੈ ਤੇ 'ਮੈਂ' ਦਾ ਜਿੰਨਾਂ ਚਿਰ ਅਭਾਵ ਨਹੀਂ ਹੁੰਦਾ, ਓਨਾਂ ਚਿਰ ਇਹ ਜੰਮਣ ਮਰਨ ਤੋਂ ਨਹੀਂ ਛੁਟਦਾ। ਸੋ 'ਮੈਂ' ਦੇ ਹੀ ਝਗੜੇ ਨੇ ਜਿੰਨੇ ਸੰਸਾਰ ਵਿਚ ਪਏ ਹੋਏ ਨੇ। ਜਦੋਂ ਤੱਕ 'ਮੈਂ' ਹੈ, ਝਗੜਾ ਕਾਇਮ ਹੈ। ਜਦੋਂ ਤੱਕ ਹਉਮੈ ਹੈ, ਓਨਾਂ ਚਿਰ ਜੰਮਣਾ ਮਰਨਾ ਪੂਰੀ ਤਰ੍ਹਾਂ ਦੇ ਨਾਲ ਗਲ ਪਿਆ ਹੋਇਆ ਹੈ ਜਦੋਂ 'ਮੈਂ' ਮਰ ਗਈ ਉਸੇ ਵੇਲੇ ਜੰਮਣਾ ਮਰਨਾ ਖਤਮ ਹੋ ਜਾਏਗਾ ਕਿਉਂਕਿ ਪ੍ਰਮੇਸ਼ਰ ਵਿਚ ਤੇ ਸਾਡੇ ਵਿਚ ਕੇਵਲ 'ਮੈਂ' ਦਾ ਪੜਦਾ ਹੈ -

*ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ॥*
*ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ॥* *ਪੰਨਾ - 624*

ਇਸੇ ਨੇ ਸਾਨੂੰ ਪ੍ਰਮੇਸ਼ਰ ਨਾਲੋਂ ਵਿਛੋੜਿਆ ਹੋਇਆ ਹੈ। ਦੂਜਾ ਸਾਡੇ ਗਲ ਸੰਗਲ ਪਿਆ ਹੋਇਆ ਹੈ 'ਮਮਤਾ' ਦਾ। ਮਮਤਾ ਦੇ ਨਾਲ ਹੀ ਪਰਿਵਾਰ ਹੈ, ਜਾਇਦਾਦ ਹੈ। ਮਮਤਾ ਦੇ ਨਾਲ ਹੀ ਆਪਣੇ ਆਪ ਨੂੰ ਸਰੀਰ ਸਮਝਣਾ ਹੈ ਤੇ ਸਰੀਰ ਦੇ ਨਾਲ ਹੀ ਜਾਇਦਾਦ ਹੈ। ਸੋ ਇਨ੍ਹਾਂ ਦੋਹਾਂ ਚੀਜ਼ਾਂ ਨੂੰ ਮਾਰਨਾ ਪੈਂਦਾ ਹੈ। ਜਦੋਂ ਤੱਕ ਇਹ ਦੋ ਨਹੀਂ ਮਰਦੀਆਂ, ਉਦੋਂ ਤੱਕ ਇਹ ਮੁਰੀਦ ਨਹੀਂ ਹੁੰਦਾ -

*ਮੁਰਦਾ ਹੋਇ ਮੁਰੀਦ ਸੋ ਗੁਰ ਗੋਰਿ ਸਮਾਵੈ।* *ਭਾਈ ਗੁਰਦਾਸ ਜੀ ਦੀ ਵਾਰ 9/22*

'ਸੋ' ਕਹਿ ਦਿੱਤਾ ਇਥੇ। ਬਾਕੀ ਮੁਰੀਦ ਨਹੀਂ ਹਨ, ਬਾਕੀ ਤਾਂ ਉਮੀਦਵਾਰ ਨੇ, ਮੁਰੀਦ ਨਹੀਂ ਅਜੇ ਬਣ ਸਕੇ। ਹੁਣ ਗੁਰੂ ਦੇ ਨਾਲ ਐਨਾ ਸਮਾਅ ਜਾਵੇ, ਤੁਸੀਂ ਦੋ ਵਾਜੇ ਵਜਦੇ ਦੇਖੋ ਕਦੇ - ਹਾਰਮੋਨੀਅਮ, ਉਨ੍ਹਾਂ ਦੋਹਾਂ ਦੀ ਸੁਰ ਇਕ ਹੁੰਦੀ ਹੈ, ਦੋ ਬੀਨਾਂ ਦੀ ਸੁਰ ਵੀ ਇਕ ਹੁੰਦੀ ਹੈ; ਦੋ ਬੰਸਰੀਆਂ ਵਜਦੀਆਂ ਹੋਣ, ਦੋਹਾਂ ਦੀ ਸੁਰ ਇਕ ਹੋਏਗੀ; ਦੋ ਤਬਲੇ ਵਜਦੇ ਹੋਣ, ਜੇ ਦੋਹਾਂ ਦੀ ਸੁਰ ਇਕ ਹੋਵੇ ਉਦੋਂ ਤੱਕ ਤਾਂ ਤਾਲ ਹੈ, ਜੇ ਸੁਰਾਂ ਨਿਖੜਵੀਆਂ ਹੋਣ, ਫੇਰ ਗਲਤ ਹੈ। ਜਦੋਂ ਸੰਗਤ ਸਾਰੀ ਬੋਲਦੀ ਹੈ, ਇਕ ਬੰਦਾ ਬੇਸੁਰਾ ਹੋਵੇ, ਉਹ ਵੱਖਰਾ ਨਜ਼ਰ ਆਉਂਦਾ ਹੈ, ਬਾਕੀ ਸਾਰੇ ਸਮਾਏ ਹੋਏ ਨੇ। ਸੋ ਇਸੇ ਤਰ੍ਹਾਂ ਦੇ ਨਾਲ ਆਪਣੀ ਸਾਰੀ 'ਮੈਂ' ਤੇ 'ਮੇਰੀ' ਨੂੰ ਮਾਰ ਕੇ ਗੁਰੂ ਦੇ ਵਿਚ ਸਮਾਅ ਜਾਵੇ, 'ਗੋਰ' ਅਰਥਾਤ 'ਕਬਰ' ਲਿਖਿਆ ਹੈ, ਗੁਰੂ ਦੀ ਕਬਰ ਵਿਚ, ਗੁਰੂ ਦੇ ਹਿਰਦੇ ਵਿਚ ਸਮਾਅ ਜਾਏ। ਫੇਰ ਉਹ ਕਰੇ ਕੀ? ਕਹਿੰਦੇ -

*ਸਬਦ ਸੁਰਤਿ ਲਿਵ ਲੀਣੁ ਹੋਇ ਓਹੁ ਆਪਿ ਗਵਾਵੈ॥*
*ਭਾਈ ਗੁਰਦਾਸ ਜੀ ਦੀ ਵਾਰ 9/22*

ਸਾਡਾ 'ਸਬਦ' ਤੇ 'ਸੁਰਤਿ' ਦਾ ਮਾਰਗ ਹੈ -

*ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥*
*ਪੰਨਾ - 938*

'ਸਬਦ' ਬਾਰੇ ਸਾਨੂੰ ਪਤਾ ਨਹੀਂ ਲਗਦਾ ਕਿ 'ਸਬਦ' ਕੀ ਹੈ? ਅਸੀਂ ਸਮਾਈਏ ਕਿਵੇਂ? ਜਦੋਂ ਤੱਕ ਗੁਰੂ ਦੀ ਸ਼ਰਨ ਨਹੀਂ ਲੈਂਦੇ ਉਦੋਂ ਤੱਕ 'ਸਬਦ' ਪ੍ਰਾਪਤ ਨਹੀਂ ਹੁੰਦਾ। ਗੁਰੂ ਪੂਰਾ ਹੋਵੇ ਤਾਂ 'ਸਬਦ' ਚੱਲ ਪੈਂਦਾ ਹੈ, ਨਾ ਪੂਰਾ ਹੋਵੇ ਤਾਂ 'ਸਬਦ' ਦੀ ਸੰਭਾਲ ਨਹੀਂ ਹੁੰਦੀ। ਗੁਰੂ ਘਰ ਦੇ ਅੰਦਰ ਪੰਜ ਪਿਆਰੇ 'ਸਬਦ' ਦੀ ਦਾਤ ਦਿੰਦੇ ਨੇ। ਇਸ ਨੂੰ 'ਗੁਰ ਸਬਦ' ਕਹਿੰਦੇ ਨੇ, 'ਗੁਰ ਮੰਤ੍ਰ' ਕਹਿੰਦੇ ਨੇ। ਜੋ ਗੁਰੂ

ਦਿੰਦਾ ਹੈ ਉਹ 'ਗੁਰ ਸਬਦ' ਹੈ। ਬਾਰ-ਬਾਰ ਗੁਰੂ ਗ੍ਰੰਥ ਸਾਹਿਬ ਵਿਚ ਆਉਂਦਾ ਹੈ - 'ਗੁਰੂ ਸ਼ਬਦ' ਦੇ ਬਾਰੇ, 'ਗੁਰ ਮੰਤ੍ਰ' ਬਾਰੇ। ਉਸ ਮੰਤਰ ਦੇ ਨਾਲ ਅਸੀਂ ਅੰਦਰਲੇ ਸ਼ਬਦ ਵਿਚ ਲੀਨ ਹੋਣਾ ਹੈ, ਸੁਰਤ ਨੂੰ ਫੜਨਾ ਹੈ ਅਸੀਂ ਅੰਦਰੋਂ। ਜੇ ਸ਼ਬਦ ਜੀਭ ਦੇ ਉੱਤੇ ਚਲਦਾ ਹੈ ਤੇ ਸੁਰਤ ਨਹੀਂ ਫੜੀ ਗਈ ਅਜੇ ਤਾਂ ਅਜੇ ਲਿਵਲੀਨਤਾ ਦੀ ਅਵਸਥਾ ਨਹੀਂ ਆਈ। ਹੌਲੀ-ਹੌਲੀ ਚੜ੍ਹਦੇ-ਚੜ੍ਹਦੇ ਜਿਥੇ 'ਆਗਿਆ ਚੱਕਰ' ਹੈ, ਦੋਏ ਅੱਖਾਂ ਤੇ ਨੱਕ ਦੀ ਜੜ੍ਹ ਵਿਚ ਜਦੋਂ ਗੁਰਸਿੱਖ ਦੀ ਬਿਰਤੀ ਪਹੁੰਚ ਜਾਂਦੀ ਹੈ ਤਾਂ ਇਥੇ ਆ ਕੇ ਉਹ ਸ਼ਬਦ, ਧੁਨ ਬਣ ਜਾਂਦਾ ਹੈ। ਉਹ ਧੁਨ ਹੀ ਅਸਲੀ ਚੀਜ਼ ਹੈ -

***ਪ੍ਰਥਮ ਓਅੰਕਾਰ ਤਿਨ ਕਹਾ॥ ਸੋ ਧੁਨ ਪੂਰ ਜਗਤ ਮੋ ਰਹਾ॥***

ਗੁਰੂ ਦਸਵੇਂ ਪਾਤਿਸ਼ਾਹ ਲਿਖਦੇ ਨੇ ਕਿ ਸਾਰਿਆਂ ਤੋਂ ਪਹਿਲਾਂ ਨਿਰੰਕਾਰ ਤੋਂ ਏਕੰਕਾਰ ਹੋ ਕੇ, ਏਕੰਕਾਰ ਜੀ ਨੇ ਇਕ ਸ਼ਬਦ ਦਾ ਉਚਾਰਨ ਕੀਤਾ ਜਿਸ ਨੂੰ ਓਅੰਕਾਰ ਕਹਿੰਦੇ ਨੇ, ਉਸ ਨੇ ਸਾਰਿਆਂ ਤੋਂ ਪਹਿਲਾਂ 'ਓਅੰਕਾਰ' ਦੀ ਆਵਾਜ਼ ਦਿੱਤੀ। ਕਿੱਡੀ ਤਕੜੀ ਹੋਏਗੀ ਪ੍ਰਮੇਸ਼ਰ ਦੀ ਅਵਾਜ਼ -

***ਕੀਤਾ ਪਸਾਉ ਏਕੋ ਕਵਾਉ॥*** ***ਪੰਨਾ - 3***

ਇਸ ਨੂੰ 'ਕਵਾਉ' ਵੀ ਕਹਿੰਦੇ ਨੇ -

***ਏਕ ਕਵਾਵੈ ਤੇ ਸਭਿ ਹੋਆ॥*** ***ਪੰਨਾ - 1003***

ਸਾਰੇ ਸੰਸਾਰ ਦੀ ਰਚਨਾ ਇਕ ਸ਼ਬਦ ਤੋਂ ਹੋਈ ਹੈ -

***ਉਤਪਤਿ ਪਰਲਉ ਸਬਦੇ ਹੋਵੈ॥ ਸਬਦੇ ਹੀ ਫਿਰਿ ਓਪਤਿ ਹੋਵੈ॥***
***ਪੰਨਾ - 117***

ਦਿਨ ਰਾਤ ਸਭ ਸਬਦ ਤੋਂ ਹੋ ਗਏ। ਇਹ ਗੱਲ ਸਾਡੇ ਆਮ ਸਧਾਰਨ ਮਨਾਂ ਦੇ ਸਮਝ 'ਚ ਆਉਣ ਵਾਲੀ ਨਹੀਂ ਹੈ ਪਰ ਸਾਇੰਸ ਬਹੁਤ ਨੇੜੇ ਪਹੁੰਚ ਗਈ। ਉਹ ਕਹਿੰਦੇ ਸਾਰੀ ਰਚਨਾ Big bang (ਵੱਡਾ ਧਮਾਕਾ) 'ਚੋਂ ਹੋਈ ਹੈ। Big bang ਕਹਿੰਦੇ ਨੇ ਵੱਡਾ ਧਮਾਕਾ ਹੋਇਆ ਕੋਈ, ਅਵਾਜ਼ ਆਈ ਹੈ ਕਿਸੇ ਪਾਸਿਓਂ। ਅਵਾਜ਼ ਕਿਥੋਂ ਆਈ ? ਇਸ ਗੱਲ ਦਾ ਸਾਇੰਸ ਨੂੰ ਪਤਾ ਨਹੀਂ ਲਗਦਾ ਕਿਉਂਕਿ ਪ੍ਰਾਕ੍ਰਿਤਿਕ ਸੰਦ (ਔਜ਼ਾਰ) ਨੇ ਉਸ ਦੇ ਕੋਲ, ਜਿਹੜੇ ਪ੍ਰਾਕਿਰਤੀ ਦੀ ਹੱਦ ਤੱਕ ਤਾਂ ਜਾ ਸਕਦੇ ਨੇ, ਜਿਥੇ ਪ੍ਰਾਕਿਰਤੀ ਨਹੀਂ ਹੈ, ਕੇਵਲ ਚੇਤਨ ਹੈ, ਉਸ ਦੇ ਬਾਰੇ ਸਾਇੰਸ ਨਹੀਂ ਜਾਣ ਸਕਦੀ। ਲੇਕਿਨ ਇਸ ਨੂੰ ਪਤਾ ਲੱਗ ਗਿਆ ਕਿ ਇਕ ਸ਼ਬਦ ਹੋਇਆ ਤੇ ਉਹ ਸ਼ਬਦ ਫੈਲਿਆ, ਜਿਥੇ-ਜਿਥੇ ਫੈਲਦਾ ਗਿਆ ਉਥੇ-ਉਥੇ ਰਚਨਾ ਹੁੰਦੀ ਗਈ ਤੇ ਉਸ ਸ਼ਬਦ ਨੇ ਹੀ ਸਾਰੇ ਸੰਸਾਰ ਨੂੰ ਧਾਰਨ ਕੀਤਾ ਹੋਇਆ ਹੈ -

***ਨਾਮ ਕੇ ਧਾਰੇ ਸਗਲੇ ਜੰਤ॥ ਨਾਮ ਕੇ ਧਾਰੇ ਖੰਡ ਬ੍ਰਹਮੰਡ॥***
***ਪੰਨਾ - 284***

ਸੋ ਮਹਾਰਾਜ ਜੀ ਕਹਿੰਦੇ -

***ਪ੍ਰਥਮ ਓਅੰਕਾਰ ਤਿਨ ਕਹਾ॥ ਸੋ ਧੁਨ ਪੂਰ ਜਗਤ ਮੋ ਰਹਾ॥***

ਸਾਰਿਆਂ ਤੋਂ ਪਹਿਲਾਂ ਓਅੰਕਾਰ ਦੀ ਅਵਾਜ਼ ਹੋਈ।

ਉਹ ਧੁਨੀ ਸਾਰੇ ਸੰਸਾਰ ਦੇ ਅੰਦਰ ਪੂਰਨ ਰੂਪ ਵਿਚ ਹੁਣ ਵੀ ਕਾਇਮ ਹੈ। ਕਿਉਂਕਿ ਸ਼ਬਦ ਦੇ ਬਾਰੇ ਇਹ ਹੈ ਕਿ ਜਦੋਂ ਅਕਾਸ਼ ਵਿਚ ਦਾਖਲ ਹੋ ਜਾਂਦਾ ਹੈ ਇਹ ਫੇਰ ਮਰਦਾ ਨਹੀਂ ਹੈ, ਇਹ ਤੁਰਿਆ ਹੀ ਜਾਂਦਾ ਹੈ। ਅਵਾਜ਼ ਇਸ ਵਿਚ ਮੱਧਮ ਪੈ ਜਾਂਦੀ ਹੈ ਪਰ ਦਿਬਯ ਸ਼ਬਦ ਜੋ ਹੈ ਉਸ ਦੀ ਆਵਾਜ਼ ਮੱਧਮ ਨਹੀਂ ਪੈਂਦੀ, ਉਹ ਸਾਰੀ ਪ੍ਰਾਕਿਰਤੀ ਦੇ ਅੰਦਰ ਸਮਾਇਆ ਹੋਇਆ ਹੈ, ਸਾਡੇ ਅੰਦਰ ਵੀ ਸਮਾਇਆ ਹੋਇਆ ਹੈ। ਉਸ ਸ਼ਬਦ ਨੂੰ ਅਸੀਂ ਅੰਦਰੋਂ ਖੋਜਣਾ ਹੈ, ਉਸੇ ਨੂੰ 'ਏਕ ਸ਼ਬਦ' ਕਹਿੰਦੇ ਨੇ -

***ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ॥ ਪੰਨਾ - 795***

ਸਿਧਾਂ ਨੇ ਪੁਛਿਆ ਸੀ, ਹੇ ਗੁਰੂ ਨਾਨਕ! ਇਹ ਤਾਂ ਦੱਸ, ਜਿਹੜਾ ਸ਼ਬਦ ਹੋਇਆ -

***ਸੋ ਸਬਦ ਕਾ ਕਹਾ ਬਾਸ ਕਥੀਅਲੇ॥***

ਉਹ ਕਿਥੇ ਰਹਿੰਦਾ ਸੀ ਪਹਿਲਾਂ? ਮਹਾਰਾਜ ਜੀ ਕਹਿੰਦੇ ਕਿ ਉਹ ਸੁੰਨ ਵਿਚ ਰਹਿੰਦਾ ਸੀ, ਅਫੁਰ ਅਵਸਥਾ ਵਿਚ ਉਸ ਦਾ ਟਿਕਾਣਾ ਸੀ। ਆਪੇ ਹੀ ਨਿਰੰਕਾਰ ਨਿਰਗੁਣ ਹੈ ਤੇ ਆਪੇ ਹੀ ਸਰਗੁਣ ਹੈ -

***ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ॥***
***ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ॥ ਪੰਨਾ - 290***

ਉਸ ਸ਼ਬਦ ਦੇ ਵਿਚ ਅਸੀਂ ਲਿਵ ਲਾਉਣੀ ਹੈ। ਪਹਿਲਾਂ ਤਾਂ ਇਹ 'ਗੁਰੂ ਸ਼ਬਦ' ਹੈ। ਗੁਰੂ ਸ਼ਬਦ ਦੇ ਵਿਚ ਜਦੋਂ ਤੁਸੀਂ ਇਕਾਗਰ ਚਿਤ ਹੋਣਾ ਹੈ, ਮਿਹਨਤ ਕਰਨੀ ਹੈ; ਐਵੇਂ ਤਾਂ ਨਹੀਂ ਲਿਵ ਲਗਦੀ ਸਾਧ ਸੰਗਤ ਜੀ! ਬਿਲਕੁਲ ਹੀ ਖਿਆਲ ਛੱਡ ਦਿਓ ਇਸ ਗੱਲ ਦਾ, ਇਹ ਤਾਂ ਗੁਰੂ ਕਿਰਪਾ ਹੀ ਕਿਸੇ ਤੇ ਬਹੁਤ ਜ਼ਿਆਦਾ ਹੋ ਜਾਵੇ ਜਾਂ ਪਿਛਲੇ ਜਨਮਾਂ ਦੀ ਕਮਾਈ ਬਹੁਤ ਜਬਰਦਸਤ ਹੋਵੇ ਫੇਰ ਤਾਂ ਸ਼ਬਦ ਲੱਭ ਜਾਂਦਾ ਹੈ ਛੇਤੀ, ਨਹੀਂ ਤਾਂ ਹਜ਼ਾਰਾਂ ਹੀ ਆਵਾਜ਼ਾਂ ਨੇ ਸਾਡੇ ਅੰਦਰ, ਉਨ੍ਹਾਂ ਦੇ ਵਿਚੋਂ ਉਸ ਸ਼ਬਦ ਨੂੰ ਲੱਭਣਾ ਬਹੁਤ ਹੀ ਇਕਾਗਰਤਾ ਦੀ ਬਾਤ ਹੈ। ਚਿਤ ਇਕਾਗਰ ਹੋਵੇ ਤੇ ਫੁਰਨਾ ਕੋਈ ਨਾ ਹੋਵੇ, ਸੂਖਸ਼ਮ ਤੋਂ ਸੂਖਸ਼ਮ ਹੁੰਦਾ ਜਾਵੇ, ਸਰੀਰ ਵੀ ਭੁੱਲ ਜਾਵੇ, ਸੁਆਸ ਵੀ ਭੁੱਲ ਜਾਵੇ ਫੇਰ ਕਿਤੇ ਉਸ ਸ਼ਬਦ ਦੀ ਸੋਝੀ ਆਉਂਦੀ ਹੈ। ਉਸ ਸ਼ਬਦ ਤੱਕ ਜਾਣ ਵਾਸਤੇ ਪੰਜ ਸਵਾਰੀਆਂ ਨੇ ਰਾਹ ਵਿਚ, ਤੇ ਬਦਲਦੇ ਜਾਂਦੇ ਨੇ, ਉਨ੍ਹਾਂ ਨੂੰ 'ਪੰਚ ਸ਼ਬਦ' ਕਹਿੰਦੇ ਨੇ, ਉਨ੍ਹਾਂ ਦੇ ਸਿਰੇ ਤੇ ਉਹ ਸ਼ਬਦ ਹੈ। ਸੋ ਮਹਾਰਾਜ ਜੀ ਕਹਿੰਦੇ, ਉਸ ਦੇ ਨਾਲ ਲਿਵ ਲਾ -

***ਸਬਦ ਸੁਰਤਿ ਲਿਵ ਲੀਣੁ ਹੋਇ...........॥ ਭਾਈ ਗੁਰਦਾਸ ਜੀ ਦੀ ਵਾਰ 9/22***

ਜਦੋਂ ਉਹ ਸ਼ਬਦ ਲੱਭ ਜਾਏਗਾ; ਪਹਿਲਾਂ ਹੇਠਲੇ ਵੀ ਲੱਭ ਜਾਣ, ਜੇ ਨਾਮ ਦੀ ਵੀ ਧੁਨ ਬਣ ਜਾਵੇ ਤਾਂ ਵੀ ਲਿਵਲੀਨ ਹੋ ਜਾਂਦਾ ਹੈ, ਫੁਰਨਾ ਮਰ ਜਾਂਦਾ ਹੈ ਪਰ ਇਸ ਨਾਮ ਨੇ, ਗੁਰੂ ਦੇ ਸ਼ਬਦ ਨੇ ਸਾਨੂੰ ਉਸ ਸ਼ਬਦ ਵਿਚ ਪਹੁੰਚਾਅ ਦੇਣਾ ਹੈ ਜਿਸ ਨੂੰ 'ਆਦਿ ਸ਼ਬਦ' ਕਹਿੰਦੇ ਨੇ।

ਜਿਸ ਨੂੰ ਗੁਰੂ ਨਾਨਕ ਪਾਤਿਸ਼ਾਹ ਨੇ ਏਕੰਕਾਰ ਤੋਂ ਬਾਅਦ ਲਿਖਿਆ ਹੈ। ਇਕ ਓਅੰਕਾਰ (ੴ) ਦੋਵੇਂ ਇਕੱਠੇ ਕਰ ਦਿੱਤੇ ਕਿ ਐਂ ਫਰਕ ਨਾ ਸਮਝ ਲਿਓ ਕਿ ਏਕੰਕਾਰ ਹੋਰ ਹੈ ਤੇ ਸ਼ਬਦ ਹੋਰ ਹੈ। ਉਹ ਇਕੋ ਹੀ ਹੈ, ਉਸ ਤੋਂ ਹੀ ਸਾਰਾ ਪਸਾਰਾ ਹੋਇਆ ਹੈ।

***ਓਅੰਕਾਰਿ ਸੈਲ ਜੁਗ ਭਏ॥ ਓਅੰਕਾਰਿ ਬੇਦ ਨਿਰਮਏ॥***
***ਪੰਨਾ - 929***

ਆਹ ਜਿਹੜਾ ਗਿਆਨ ਹੈ ਇਹ ਸਾਰਾ ਉਸ ਸ਼ਬਦ 'ਚੋਂ ਪੈਦਾ ਹੋਇਆ ਹੈ, ਉਸ ਦੇ ਵਿਚੋਂ ਹੀ ਆਹ ਸੈਲ ਗਿਰ, ਪਹਾੜ, ਪੱਥਰ, ਮਾਦਾ ਆਦਿ ਸਾਰਾ ਉਸ ਦੇ ਵਿਚੋਂ ਹੀ ਹੋਇਆ ਹੈ। ਸੋ ਓਸ ਸ਼ਬਦ ਦੇ ਅੰਦਰ ਜਦੋਂ ਸਾਡੀ ਸੁਰਤ ਲਿਵਲੀਨ ਹੁੰਦੀ ਹੈ, ਇਹ ਓਸ ਗੁਰਸਿੱਖ ਬਾਰੇ ਗੱਲ ਕਰ ਰਹੇ ਨੇ ਜੋ ਸਿੱਖੀ ਦੀ ਪਦਵੀ ਤੇ ਪਹੁੰਚਿਆ ਹੋਇਆ ਹੈ -

***ਸਬਦ ਸੁਰਤਿ ਲਿਵ ਲੀਣੁ ਹੋਇ ਓਹੁ ਆਪੁ ਗਵਾਵੈ॥***
***ਭਾਈ ਗੁਰਦਾਸ ਜੀ ਦੀ ਵਾਰ 9/22***

ਫੇਰ ਕੀ ਹੋਏਗਾ? ਉਸ ਦੇ ਵਿਚੋਂ 'ਮੈਂ' ਤਾਂ ਮਰ ਹੀ ਜਾਣੀ ਹੈ ਕਿਉਂਕਿ -

***ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥ ਪੰਨਾ -***

ਜਾਂ 'ਹਉਮੈ' ਹੋਏਗੀ ਜਾਂ 'ਨਾਮ' ਹੋਏਗਾ। ਜਿੰਨਾਂ ਚਿਰ 'ਮੈਂ' ਹੈ, ਓਨਾਂ ਚਿਰ 'ਨਾਮ' ਨਹੀਂ ਹੈ, ਜਦੋਂ ਨਾਮ ਆ ਗਿਆ ਫੇਰ 'ਮੈਂ' ਖਤਮ ਹੋ ਜਾਂਦੀ ਹੈ। ਫੇਰ ਕਹਿੰਦੇ –

***ਤਨ ਧਰਤੀ ਕਰਿ ਧਰਮਸਾਲ ...............॥ ਭਾਈ ਗੁਰਦਾਸ ਜੀ ਦੀ ਵਾਰ 9/22***

ਤਨ ਦੀ ਧਰਤੀ ਬਣਾ ਦੇ ਤੇ ਇਸ ਨੂੰ ਧਰਮਸਾਲ ਬਣਾ ਲੈ, ਆਪਾ ਗੁਆ ਦੇ। ਧਰਮਸਾਲ ਦੇ ਵਿਚ ਤਾਂ ਧਰਮ ਬੀਜਿਆ ਜਾਂਦਾ ਹੈ, ਸੋ ਉਸ ਤਨ ਦੇ ਵਿਚ ਕਿਰਸਾਣੀ ਕਰ–

***ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥ ਪੰਨਾ – 595***

ਏਥੇ ਤਨ ਨੂੰ ਖੇਤ ਕਿਹਾ ਹੈ, ਇਥੇ ਭਾਈ ਗੁਰਦਾਸ ਜੀ ਨੇ ਤਨ ਨੂੰ ਧਰਮਸਾਲ ਕਿਹਾ ਹੈ। ਇਸ ਤਨ ਰੂਪੀ ਧਰਮਸਾਲਾ ਦੇ ਵਿਚ ਜਿਹੋ ਜਿਹਾ ਕੋਈ ਬੀਜ ਬੀਜੇਗਾ –

***ਸਤਿਗੁਰ ਪੁਰਖੁ ਅਗੰਮੁ ਹੈ, ਨਿਰਵੈਰੁ ਨਿਰਾਲਾ।***
***ਜਾਣਹੁ ਧਰਤੀ ਧਰਮ ਕੀ, ਸਚੀ ਧਰਮਸਾਲਾ। ਭਾਈ ਗੁਰਦਾਸ ਜੀ ਦੀ ਵਾਰ 34/1***

ਇਹ ਧਰਮਸਾਲਾ ਹੈ, ਧਰਮ ਦੀ ਧਰਤੀ ਹੈ ਇਸ ਦੇ ਵਿਚ ਨਾਮ ਬੀਜ –

***............. ਮਨੁ ਦਭੁ ਵਿਛਾਵੈ॥ ਭਾਈ ਗੁਰਦਾਸ ਜੀ ਦੀ ਵਾਰ 9/22***

ਤੇ ਹੇਠਾਂ ਬੈਠਣ ਵਾਸਤੇ ਮਨ ਨੂੰ ਵਿਛਾ ਦੇ ਕਿਉਂਕਿ ਮਨ ਜੇ ਹੇਠਾਂ ਨਾ ਗਿਆ ਤਾਂ ਇਸ ਨੇ ਮਰਨਾ ਨਹੀਂ ਹੈ, ਇਸ ਤੇ ਤੱਤੇ ਠੰਡੇ ਦਾ ਅਸਰ ਹੋਣਾ ਹੈ। ਕਦੇ ਗੁਸੇ ਹੋ ਗਿਆ, ਕਦੇ ਰਾਜ਼ੀ ਹੋ ਗਿਆ, ਕਦੇ ਖੁਸ਼ ਹੋ ਗਿਆ, ਕਦੇ ਉਦਾਸ ਹੋ ਗਿਆ ਕਿਉਂਕਿ ਇਸ ਦੀ ਦੱਭ ਨਹੀਂ ਵਿਛਾਈ, ਨੀਵਾਂ ਨਹੀਂ ਕਰਿਆ –

***ਲਤਾਂ ਹੇਠਿ ਲਤਾੜੀਐ ਗੁਰ ਸਬਦੁ ਕਮਾਵੈ॥ ਭਾਈ ਗੁਰਦਾਸ ਜੀ ਦੀ ਵਾਰ 9/22***

ਤੇ ਕਹਿੰਦੇ ਲੱਤਾਂ ਦੇ ਹੇਠ ਲਿਤਾੜਿਆ ਜਾਂਦਾ ਹੈ, ਮਾਣ ਅਪਮਾਨ ਤੋਂ ਰਹਿਤ ਹੋ ਜਾਂਦਾ ਹੈ ਸਿੱਖ –

***ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ॥ ਪੰਨਾ – 528***

ਕਹੀ ਜਾਓ, ਇਹ ਤੁਹਾਡਾ ਫਰਜ਼ ਹੈ, ਭਲਾ ਕਹੋ ਜਾਂ ਬੁਰਾ, ਮੈਂ ਤਾਂ ਇਹ ਕਹਿੰਦਾ ਹਾਂ ਕਿ –

***ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥***
***ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ॥ ਪੰਨਾ – 1364***

ਉਹ ਲਤਾੜਿਆ ਜਾਂਦਾ ਹੈ। ਕੋਈ ਕੌੜਾ ਬਚਨ ਕਹਿੰਦਾ ਹੈ, ਕੋਈ ਉਪਮਾ ਕਰਦਾ ਹੈ, ਉਹ ਦੋਹਾਂ ਗੱਲਾਂ ਦੀ ਪਰਵਾਹ ਨਹੀਂ ਕਰਦਾ।

***ਲਤਾਂ ਹੇਠਿ ਲਤਾੜੀਐ ਗੁਰ ਸਬਦੁ ਕਮਾਵੈ॥ ਭਾਈ ਗੁਰਦਾਸ ਜੀ ਦੀ ਵਾਰ 9/22***

ਉਹ ਕਮਾਈ ਕਰਦਾ ਹੈ ਸ਼ਬਦ ਦੀ, ਉਸ ਨੂੰ ਹੋਰ ਕੋਈ ਮੰਤਵ ਹੁੰਦਾ ਹੀ ਨਹੀਂ – ਨਾ ਖਾਣ ਪੀਣ ਦਾ, ਨਾ ਉਸਤਤ ਦਾ, ਨਾ ਵਾਕਫੀਆਂ ਦਾ, ਉਹ ਤਾਂ ਗੁਰੂ ਦੇ ਸ਼ਬਦ ਦੀ ਕਮਾਈ ਕਰਦਾ ਹੈ। ਸਾਧ ਸੰਗਤ ਜੀ! ਗੁਰੂ ਦੇ ਸ਼ਬਦ ਦੀ ਕਮਾਈ ਕਰਨ ਵਾਸਤੇ ਇਕ ਜੀਵਨ ਤਾਂ ਬਹੁਤ ਥੋੜ੍ਹੀ ਚੀਜ਼ ਹੈ, ਸੈਂਕੜੇ ਜੀਵਨ ਬਾਰ–ਬਾਰ ਮਿਲਣ, ਤਾਂ ਜਾ ਕੇ ਗੁਰੂ ਦੇ ਸ਼ਬਦ ਦੀ ਕਮਾਈ ਹੁੰਦੀ ਹੈ। ਸਭ ਤੋਂ

ਔਖੀ ਚੀਜ਼ ਹੈ ਗੁਰੂ ਦੇ ਸ਼ਬਦ ਦੀ ਕਮਾਈ ਕਰਨੀ –

*ਭਾਇ ਭਗਤਿ ਨੀਵਾਣੁ ਹੋਇ ............॥ ਭਾਈ ਗੁਰਦਾਸ ਜੀ ਦੀ ਵਾਰ 9/22*

ਫੇਰ ਨੀਵਾਂ ਹੋ ਜਾਵੇ, ਪਿਆਰ ਉਸ ਦੇ ਹਿਰਦੇ ਵਿਚ ਪੈਦਾ ਹੋ ਜਾਵੇ। ਭਗਤੀ ਉਸ ਦੇ ਸਰੀਰ ਰਾਹੀਂ ਹੋਣੀ ਸ਼ੁਰੂ ਹੋ ਜਾਵੇ। ਇਹ ਨੌਂ ਤਰ੍ਹਾਂ ਦੀ ਭਗਤੀ ਹੁੰਦੀ ਹੈ – ਸਰਵਣ ਭਗਤੀ, ਕੀਰਤਨ ਭਗਤੀ, ਸਿਮਰਨ ਭਗਤੀ, ਨਮਸ਼ਕਾਰ ਭਗਤੀ, ਧਿਆਨ ਭਗਤੀ, ਪੂਜਾ ਭਗਤੀ ਆਦਿ। ਸਾਰੀਆਂ ਭਗਤੀਆਂ ਨੂੰ ਫਲ ਪ੍ਰੇਮਾ ਭਗਤੀ ਦਾ ਲਗਦਾ ਹੈ। ਪ੍ਰੇਮਾ ਭਗਤੀ ਜਦੋਂ ਆ ਜਾਏ, 'ਭਾਇ ਭਗਤਿ' ਜਦੋਂ ਆ ਜਾਵੇ, ਉਸ ਵੇਲੇ ਫੇਰ 'ਪਰਾ ਭਗਤੀ' ਹੁੰਦੀ ਹੈ। ਇਸ ਵਿਚ ਆਪਣਾ ਕੁਝ ਨਹੀਂ ਬਚਦਾ, ਸਭ ਗੁਰੂ ਨੂੰ ਅਰਪਣ ਕਰ ਦਿੰਦਾ ਹੈ। ਜਦੋਂ ਇਸ ਤੋਂ ਵੀ ਉਪਰ ਲੰਘ ਜਾਂਦਾ ਹੈ ਤਾਂ ਆਪ ਬਿਲਕੁਲ ਗੁੰਮ ਹੋ ਜਾਂਦਾ ਹੈ ਤੇ ਹਰ ਪਾਸੇ ਇਸ ਨੂੰ ਪ੍ਰਮੇਸ਼ਰ ਨਿਰੰਕਾਰ ਹੀ ਨਜ਼ਰ ਆਉਂਦਾ ਹੈ, ਹੋਰ ਕੋਈ ਦੂਜਾ ਦਿਸਣ ਤੋਂ ਹਟ ਜਾਂਦਾ ਹੈ। ਸੋ –

*ਭਾਇ ਭਗਤਿ ਨੀਵਾਣੁ ਹੋਇ ਗੁਰਮਤਿ ਠਹਰਾਵੈ। ਭਾਈ ਗੁਰਦਾਸ ਜੀ ਦੀ ਵਾਰ 9/22*

ਗੁਰੂ ਗ੍ਰੰਥ ਸਾਹਿਬ ਦੇ ਅੰਦਰ ਗੁਰੂ ਦੀ ਮੱਤ ਹੈ, ਸਾਡੇ ਅੰਦਰ ਤੇ ਹੋਰ ਸਾਰੀਆਂ ਕਿਤਾਬਾਂ ਦੇ ਅੰਦਰ 'ਮਨਮਤਿ' ਹੈ। 'ਮਨਮਤਿ' ਨੂੰ ਤਾਂ ਠਹਿਰਨ ਨਾ ਦੇਵੇ ਅੰਦਰ। ਬਹੁਤ ਸਾਰੇ ਪ੍ਰੇਮੀ ਮਨਮਤਿ ਨੇ ਮਾਰ ਲਏ। ਬੇਅੰਤ ਕਿਤਾਬਾਂ ਨੇ ਲਿਖੀਆਂ ਹੋਈਆਂ, ਲਿਖੀ ਹੀ ਜਾਂਦੇ ਨੇ, ਦਿਨ ਰਾਤ ਛਪੀ ਜਾਂਦੀਆਂ ਨੇ। ਕਿੰਨੀ ਕੁ ਗੁਰੂ ਦੀ ਮਤਿ ਦੇ ਨਾਲ ਰਲਦੀਆਂ ਨੇ, ਕਿੰਨੀਆਂ-ਕੁ ਮਨ ਦੀ ਮੱਤ ਦੇ ਨਾਲ ਰਲਦੀਆਂ ਨੇ? ਐਨਾ ਤਾਂ ਵਿਹਲ ਹੀ ਨਹੀਂ ਕਿਸੇ ਨੂੰ ਕਿ ਇਕੱਲੀ ਇਕੱਲੀ ਕਿਤਾਬ ਬਾਰੇ ਦੱਸ ਸਕੇ। ਪੜ੍ਹ ਲਓ, ਪੜ੍ਹਨ ਦਾ ਕੋਈ ਹਰਜ਼ ਨਹੀਂ, ਪਰ ਮੱਤ ਠਹਿਰਨ ਨਾ ਦੇਵੇ ਅੰਦਰ; ਜੇ ਠਹਿਰਨੀ ਹੈ ਤਾਂ ਗੁਰੂ ਗ੍ਰੰਥ ਸਾਹਿਬ ਜੀ ਦੀ ਮੱਤ ਠਹਿਰੇ। ਸੋ ਏਸ ਤਰ੍ਹਾਂ –

*ਭਾਇ ਭਗਤਿ ਨੀਵਾਣੁ ਹੋਇ ਗੁਰਮਤਿ ਠਹਿਰਾਵੈ।*
*ਵਰਸੈ ਨਿਝਰ ਧਾਰ ਹੋਇ ਸੰਗਤਿ ਚਲਿ ਆਵੈ॥ ਭਾਈ ਗੁਰਦਾਸ ਜੀ ਦੀ ਵਾਰ 9/22*

ਸੰਗਤ ਵਿਚ ਚਲ ਕੇ ਆਵੇ ਤੇ ਇਥੇ ਫੇਰ ਬਰਸੇ, ਜਿਵੇਂ ਝੜੀ ਲਾ ਕੇ ਮੀਂਹ ਵਰਸਦਾ ਹੈ, ਇਸ ਤਰ੍ਹਾਂ ਪ੍ਰੇਮ ਵਿਚ ਆ ਕੇ ਹਰੀ ਦੇ ਜਸ ਵਿਚ ਬਰਸੇ। ਸੋ ਉਸ ਦੇ ਅੰਦਰ ਪਰਉਪਕਾਰ, ਖਿਮਾ, ਧੀਰਜ, ਨਿਮਰਤਾ, ਪ੍ਰੇਮ, ਭਗਤੀ ਪੈਦਾ ਹੋ ਜਾਂਦੀ ਹੈ ਤੇ ਸੰਕਲਪ ਵਿਕਲਪ ਤੇ ਵਾਸ਼ਨਾ ਰਹਿਤ ਹੋ ਜਾਂਦਾ ਹੈ, ਖੁਦੀ ਰਹਿਤ ਹੋ ਜਾਂਦਾ ਹੈ ਤੇ ਗੁਰੂ ਵਿਚ ਇਕ ਰਸ, ਇਕ ਲਿਵਤਾਰ ਹੋ ਕੇ ਅਭੇਦ ਹੋ ਜਾਂਦਾ ਹੈ। ਫੇਰ ਉਸ ਨੂੰ ਅਭੇਦ ਗੁਰਸਿਖ ਕਹਿੰਦੇ ਨੇ, ਗੁਰੂ ਵਿਚ ਸਮਾਅ ਜਾਂਦਾ ਹੈ, ਗੁਰੂ ਸ਼ਬਦ ਦੀ ਲਿਵਤਾਰ ਦੇ ਵਿਚ ਆਪਾ ਗਵਾ ਦਿੰਦਾ ਹੈ, ਫੁਰਨੇ ਸਾਰੇ ਗੁਆ ਦਿੰਦਾ ਹੈ ਤੇ ਉਸੇ ਦਾ ਰੂਪ ਬਣ ਜਾਂਦਾ ਹੈ। ਸਾਧ ਸੰਗਤ ਵਿਚ ਆ ਕੇ ਤਨੋ ਮਨੋ ਨਿਰਮਾਣ ਸੇਵਾ ਕਰਦਾ ਹੈ, ਕੁਝ ਬਣ ਕੇ ਨਹੀਂ ਦਿਖਾਉਂਦਾ। ਜਿਹੜਾ ਸਾਧ ਸੰਗਤ ਵਿਚ ਆ ਕੇ ਸੇਵਾ ਵੀ ਕਰਦਾ ਹੈ ਤੇ ਕੁਝ ਬਣ ਕੇ ਵੀ ਦਿਖਾਵੇ ਤਾਂ ਮਹਾਰਾਜ ਜੀ ਕਹਿੰਦੇ, ਨਾ ਪ੍ਰੇਮੀਆਂ! ਤੇਰੀ ਸੇਵਾ ਥਾਂ ਨਹੀਂ ਪੈ ਰਹੀ, ਤੂੰ ਹੋਸ਼ ਵਿਚ ਆ, ਬਣ ਕੇ ਨਾ ਵਿਖਾਈਂ ਕੁਝ! ਸ਼ੁਕਰ ਵਿਚ ਰਹਿ ਕਿ ਹੇ ਪ੍ਰਭੂ! ਤੂੰ ਮੇਰੇ ਵਰਗੇ ਨੂੰ ਵੀ ਸੇਵਾ ਵਿਚ ਲਾ ਲਿਆ, ਫੇਰ ਤਾਂ ਸੇਵਾ ਥਾਂ ਪੈਂਦੀ ਹੈ; ਜੇ ਬਣ ਕੇ ਦਿਖਾ ਦਿੱਤਾ, ਫੇਰ ਹਉਮੈ ਦਾ ਪਰਿਵਾਰ ਬਣ ਜਾਂਦਾ ਹੈ।

ਕਿਸੇ ਦੀ ਸੇਵਾ ਹਉਮੈ ਵਿਚ ਥਾਂ ਨਹੀਂ ਪਿਆ ਕਰਦੀ। ਸੋ ਉਸ ਦੇ ਵਿਚ ਕੁਝ ਬੋਲ ਕੁਬੋਲ ਦਾ ਗੁੱਸਾ ਨਾ ਕਰੇ, ਪ੍ਰੇਮਾ ਭਗਤੀ ਦੇ ਨਿਵਾਣਾਂ ਵਿਚ ਮਨ ਨੂੰ ਰੋਕੇ ਬੰਨ੍ਹ ਕੇ। ਸੋ ਜਦੋਂ ਗੁਰੂ ਦੀ

ਗੋਰ ਵਿਚ ਸਮਾਅ ਜਾਂਦਾ ਹੈ ਫੇਰ ਉਸ ਦਾ ਵਰਤ ਵਰਤਾਰਾ ਸਾਰਾ ਹੀ ਗੁਰੂ ਦੇ ਨਾਲ ਜਿਵੇਂ ਸੁਰ ਦੇ ਨਾਲ ਸੁਰ ਰਲ ਜਾਂਦੀ ਹੈ ਐਸ ਤਰ੍ਹਾਂ ਰਲ ਜਾਂਦਾ ਹੈ। ਫੁਰਮਾਨ ਕਰਦੇ ਨੇ ਕਿ –

***ਦੁਇ ਦੁਇ ਅਖੀ ਆਖੀਅਨਿ ਇਕ ਦਰਸਨੁ ਦਿਸੈ। ਭਾਈ ਗੁਰਦਾਸ ਜੀ ਦੀ ਵਾਰ 9/16***

ਦੋ ਅੱਖਾਂ ਦੇਖਦੀਆਂ ਨੇ ਚੀਜ਼ ਨੂੰ, ਪਰ ਚੀਜ਼ਾਂ ਦੋ ਤਾਂ ਨਹੀਂ ਦਿਸਦੀਆਂ। ਜੇ ਅੱਖ ਦੇ ਕੋਏ ਵਿਚ ਉਂਗਲੀ ਦੇ ਦਿਓ, ਫੇਰ ਦੋ ਦਿਖਣਗੀਆਂ; ਇਕ ਚੰਦ ਨੂੰ ਦੇਖਣ ਲੱਗ ਜਾਵੋ, ਦੋ ਦਿਸਣਗੇ, ਪਰ ਜੇ ਅੱਖ ਦੇ ਉਤੋਂ ਉਂਗਲੀ ਚੁੱਕ ਦਿਓ ਤਾਂ ਇਕੋ ਚੰਦ ਹੀ ਦਿਸਦਾ ਹੈ। ਦੋਏ ਅੱਖਾਂ ਨੂੰ ਇਕੋ ਦ੍ਰਿਸ਼ ਦਿਸਦਾ ਹੈ।

***ਦੁਇ ਦੁਇ ਕੰਨ ਵਖਾਣੀਅਨਿ ਇਕ ਸੁਰਤਿ ਸਲਿਸੈ। ਭਾਈ ਗੁਰਦਾਸ ਜੀ ਦੀ ਵਾਰ 9/16***

ਦੋਹੇ ਕੰਨਾਂ ਦੇ ਨਾਲ ਇਕੋ ਹੀ ਗੱਲ ਸੁਣਦਾ ਹੈ।

***ਦੁਇ ਦੁਇ ਨਦੀ ਕਿਨਾਰਿਆਂ ਪਾਰਾਵਾਰੁ ਨ ਤਿਸੈ। ਭਾਈ ਗੁਰਦਾਸ ਜੀ ਦੀ ਵਾਰ 9/16***

ਦੋ ਕਿਨਾਰੇ ਨੇ ਨਦੀ ਦੇ, ਵਿਚਾਲੇ ਪਾਣੀ ਤੁਰਿਆ ਜਾਂਦਾ ਹੈ। ਨਦੀ ਦੇ ਦੋ ਟੁਕੜੇ ਨਹੀਂ ਹੁੰਦੇ, ਨਦੀ ਇਕੋ ਹੀ ਹੈ, ਕਿਨਾਰੇ ਤਾਂ ਕਹਿਣ ਮਾਤਰ ਹੀ ਨੇ।

***ਇਕ ਜੋਤਿ ਦੁਇ ਮੂਰਤੀ ਇਕ ਸਬਦ ਸਰਿਸੈ॥ ਭਾਈ ਗੁਰਦਾਸ ਜੀ ਦੀ ਵਾਰ 9/16***

ਇਕ ਜੋਤ ਹੋ ਜਾਂਦਾ ਹੈ, ਦੇਖਣ ਨੂੰ ਦੋ ਮੂਰਤੀਆਂ ਲਗਦੀਆਂ ਨੇ ਕਿ ਗੁਰੂ ਹੈ ਤੇ ਨਾਲ ਸਿੱਖ ਹੈ ਪਰ ਕਹਿੰਦੇ ਦੋਏ ਮੂਰਤੀਆਂ ਨੇ, ਇਕ ਸ਼ਬਦ 'ਸਿਰੀਖੈ' ਹੈ, ਇਕ ਸ਼ਬਦ ਸਾਰਖਾ ਹੈ ਜਿਸ ਦੇ ਕਰਕੇ ਦੋਏ ਜੁੜੇ ਹੋਏ ਨੇ –

***ਗੁਰ ਚੇਲਾ ਚੇਲਾ ਗੁਰੂ ਸਮਝਾਏ ਕਿਸੈ॥ ਭਾਈ ਗੁਰਦਾਸ ਜੀ ਦੀ ਵਾਰ 9/16***

ਕਹਿੰਦੇ ਕਿਸੇ-ਕਿਸੇ ਨੂੰ ਸਮਝ ਆਉਂਦਾ ਹੈ, ਚੇਲਾ ਤੇ ਗੁਰੂ ਇਕ ਹੀ ਹੋ ਜਾਇਆ ਕਰਦੇ ਨੇ।

ਸੋ ਇਸ ਤਰ੍ਹਾਂ ਦਾ ਜੀਵਨ ਭਾਈ ਲਹਿਣਾ ਜੀ ਦਾ ਗੁਰੂ ਨਾਨਕ ਪਾਤਿਸ਼ਾਹ ਦੇ ਨਾਲ ਅਭੇਦ ਅਵਸਥਾ ਦਾ ਹੋ ਗਿਆ ਤੇ ਜਿਹੜਾ ਸਿੱਖ ਹੁੰਦਾ ਹੈ, ਉਹ ਕੋਈ ਵਿਰਲਾ-ਵਿਰਲਾ ਹੁੰਦਾ ਹੈ, ਸਾਰੇ ਸਿੱਖ ਨਹੀਂ ਹੁੰਦੇ ਤੇ ਜਦੋਂ ਸਿੱਖ ਹੋ ਜਾਂਦਾ ਹੈ ਤਾਂ ਦਿੱਬ ਦ੍ਰਿਸ਼ਟੀ ਜਾਗ ਪੈਂਦੀ ਹੈ ਉਸ ਦੀ। ਇਕ ਤਾਂ ਸਾਡੀ ਦ੍ਰਿਸ਼ਟੀ ਹੈ – 'ਚਰਮ ਦ੍ਰਿਸ਼ਟੀ', ਚੰਮ ਵਾਲੀਆਂ ਅੱਖਾਂ ਦੇ ਨਾਲ ਅਸੀਂ ਦੇਖਦੇ ਹਾਂ। ਇਕ ਸਾਡੇ ਅੰਦਰ ਦ੍ਰਿਸ਼ਟੀ ਹੋਰ ਹੈ, ਇਕ ਕੰਨ ਹੋਰ ਨੇ, ਇਕ ਰਸਨਾ ਹੋਰ ਹੈ, ਇਕ ਸਪਰਸ਼ ਹੋਰ ਹੈ। ਜਿਹੜੇ ਬੰਦਗੀ ਕਰਦੇ ਨੇ ਉਨ੍ਹਾਂ ਨੂੰ ਇਨ੍ਹਾਂ ਗੱਲਾਂ ਦੀ ਸੋਝੀ ਹੈ ਕਿ ਕੰਨ ਅੰਦਰ ਵੀ ਹਨ। ਅੰਦਰਲਾ ਕੰਨ ਜਿਹੜਾ ਹੈ ਉਹ 'ਸ਼ਬਦ ਨਾਦ' ਨੂੰ ਸਰਵਣ ਕਰਦਾ ਹੈ। ਜਦੋਂ ਤੱਕ ਉਥੇ ਬਿਰਤੀ ਨਹੀਂ ਪਹੁੰਚਦੀ, ਉਦੋਂ ਤੱਕ 'ਸ਼ਬਦ ਨਾਦ' ਨਹੀਂ ਸੁਣਦਾ। ਬਾਹਰਲਾ ਕੰਨ ਕੇਵਲ ਬਾਹਰਲੀਆਂ ਆਵਾਜ਼ਾਂ ਸੁਣੇਗਾ। ਜਦੋਂ ਅੰਦਰ ਬਿਰਤੀ ਚਲੀ ਜਾਂਦੀ ਹੈ ਤਾਂ ਬਾਹਰਲੀ ਆਵਾਜ਼ ਬੰਦ ਹੋ ਜਾਂਦੀ ਹੈ ਸੁਣਨ ਤੋਂ। ਜਿਹੜੇ ਅੰਦਰਲੇ ਨੇਤਰ ਖੁੱਲ੍ਹ ਜਾਂਦੇ ਨੇ ਤਾਂ ਉਨ੍ਹਾਂ ਵਿਚ ਦੂਜਾ ਦਿਸਣ ਤੋਂ ਹਟ ਜਾਂਦਾ ਹੈ –

***ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ॥ ਪੰਨਾ – 954***

ਇਕੋ ਵਰਤਦਾ ਨਜ਼ਰ ਆਉਂਦਾ ਹੈ –

***ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ***

*ਹਰਿ ਬਿਨੁ ਅਵਰੁ ਨ ਦੇਖਹੁ ਕੋਈ॥*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ॥*
*ਏਹੁ ਵਿਸੁ ਸੰਸਾਰੁ ਤੁਮ ਦੇਖਦੇ*
*ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥*
*ਪੰਨਾ - 922*

ਸੋ ਦਿੱਬਯ ਅੱਖਾਂ ਖੁੱਲ੍ਹਦੀਸਾਰ ਪ੍ਰਮੇਸ਼ਰ ਦੇ ਦਰਸ਼ਨ ਹੁੰਦੇ ਨੇ, ਦਿਬਯ ਕੰਨ ਖੁਲ੍ਹਦੀਸਾਰ ਉਸੇ ਵੇਲੇ ਅੰਦਰਲੇ ਨਾਦ, ਸ਼ਬਦ ਧੁਨ ਸਰਵਣ ਹੁੰਦੇ ਨੇ, ਅੰਦਰਲੀ ਰਸਨਾ ਖੁਲ੍ਹਦੀਸਾਰ ਇਕ ਅਕਹਿ ਰਸ ਮਿਲਦਾ ਹੈ। ਵਾਹਿਗੁਰੂ ਦੇ ਚਾਰ ਰੂਪ ਨੇ ਅੰਦਰ, ਜਿਹੜੇ ਪ੍ਰਤੱਖ ਰੂਪ ਵਿਚ ਪਤਾ ਲੱਗ ਜਾਂਦਾ ਹੈ ਕਿ ਮੈਂ ਹੁਣ ਨੇੜੇ ਚਲਿਆ ਗਿਆ। ਜਿਵੇਂ ਜੇ ਬਰਫ ਦੇ ਪਹਾੜ ਦੇ ਨੇੜੇ ਚਲੇ ਜਾਈਏ, ਚਾਹੇ 100 ਮੀਲ ਤੇ ਹੋਈਏ, ਬਰਫ ਦੇ ਪਹਾੜ ਤੋਂ ਉਥੇ ਤੱਕ ਉਸ ਦੀ ਠੰਡ ਪਹੁੰਚਣ ਲੱਗ ਜਾਂਦੀ ਹੈ। ਇਸੇ ਤਰ੍ਹਾਂ ਜਦੋਂ ਗੁਰਸਿੱਖ ਪ੍ਰਮੇਸ਼ਰ ਦੇ ਨੇੜੇ ਜਾਂਦਾ ਹੈ, ਗੁਰੂ ਤੇ ਪ੍ਰਮੇਸ਼ਰ ਵਿਚ ਕੋਈ ਭੇਦ ਨਹੀਂ ਹੈ, ਸਾਧ ਸੰਗਤ ਜੀ!

*ਗੁਰੁ ਪਰਮੇਸਰੁ ਏਕੋ ਜਾਣੁ॥*
*ਪੰਨਾ - 864*

ਗੁਰੂ ਕਹਿ ਲਓ, ਪ੍ਰਮੇਸ਼ਰ ਕਹਿ ਲਓ, ਗੱਲ ਇਕੋ ਹੋਇਆ ਕਰਦੀ ਹੈ। ਕਹਿਣ ਮਾਤਰ ਵਿਚ ਫਰਕ ਹੋਇਆ ਕਰਦਾ ਹੈ। ਸੋ ਜਦੋਂ ਨੇੜੇ ਜਾਂਦਾ ਹੈ ਤਾਂ ਠੰਡ ਆਉਂਦੀ ਹੈ। ਇਸੇ ਤਰ੍ਹਾਂ ਜਦੋਂ ਪ੍ਰਮੇਸ਼ਰ ਦੇ ਨੇੜੇ ਜਗਿਆਸੂ ਜਾਂਦਾ ਹੈ ਤਾਂ ਸਭ ਤੋਂ ਪਹਿਲਾਂ ਤਾਂ ਆਉਂਦਾ ਹੈ ਰਸ, ਦਿਬ ਰਸਨਾ ਜਾਗ ਪੈਂਦੀ ਹੈ ਤੇ ਉਸ ਨੂੰ ਅੰਦਰੋਂ ਹੀ ਅੰਮ੍ਰਿਤ ਰਸ ਆਉਣਾ ਸ਼ੁਰੂ ਹੋ ਜਾਂਦਾ ਹੈ, ਉਹ ਵਧਦਾ ਵਧਦਾ ਐਨਾ ਅਕਹਿ ਹੋ ਜਾਂਦਾ ਹੈ ਕਿ ਲੀਨ ਹੋ ਜਾਂਦਾ ਹੈ ਉਸ ਦੇ ਵਿਚ, ਰਸ ਤਾਰੀ ਹੋ ਜਾਂਦਾ ਹੈ, ਲਗਾਤਾਰ ਰਸ ਆਉਂਦਾ ਹੈ।

ਦੂਸਰਾ ਇਹ ਹੁੰਦਾ ਹੈ ਕਿ ਉਸ ਨੂੰ 'ਦਿਬ ਸ਼ਬਦ' ਸੁਣਨ ਲੱਗ ਜਾਂਦੇ ਨੇ। ਉਸਦੇ ਨਾਲ ਵੀ ਬਿਰਤੀ ਖੇੜੇ ਵਿਚ ਆ ਜਾਂਦੀ ਹੈ। ਮਹੀਨਿਆਂ ਬੱਧੀ ਰਸ ਰਹਿੰਦਾ ਹੈ ਉਸ ਬਿਰਤੀ ਦੇ ਅੰਦਰ, ਜਿਹੜੇ ਦਿਬ-ਸ਼ਬਦ ਸੁਣਦੇ ਨੇ।

ਤੀਸਰਾ ਹੋਇਆ ਕਰਦਾ ਹੈ ਦਿਬ ਦ੍ਰਿਸ਼ ਦਿਸਣ ਲੱਗ ਜਾਂਦੇ ਨੇ। ਇਨ੍ਹਾਂ ਅੱਖਾਂ ਦੇ ਨਾਲ ਉਹ ਚੀਜ਼ਾਂ ਨਹੀਂ ਦਿਸਦੀਆਂ ਜਿਹੜੀਆਂ ਦਿੱਬ-ਅੱਖਾਂ ਦੇ ਨਾਲ ਦਿਸਦੀਆਂ ਹਨ।

ਇਸ ਤੋਂ ਬਾਅਦ ਦਿਬ ਸਪਰਸ਼ ਜਾਗ ਪੈਂਦਾ ਹੈ, ਐਨੀਆਂ ਝੁਣਝੁਣੀਆਂ ਆਉਂਦੀਆਂ ਨੇ ਕਿ ਸਹਿ ਨਹੀਂ ਸਕਦਾ, ਐਨਾ ਰਸ ਅੰਦਰ ਵਧ ਜਾਇਆ ਕਰਦਾ ਹੈ। ਸੋ ਸਾਰੀਆਂ ਚੀਜ਼ਾਂ ਦਿਬ ਦ੍ਰਿਸ਼ਟੀ ਖੁੱਲ੍ਹਣ ਨਾਲ ਹੁੰਦੀਆਂ ਹਨ। ਕਹਿੰਦੇ -

*ਨਾਨਕ ਏਕ ਜੋਤਿ ਦੁਇ ਮੂਰਤੀ ਸਬਦਿ ਮਿਲਾਵਾ ਹੋਇ॥*
*ਪੰਨਾ - 30*

ਸੋ ਦਿਬ ਦ੍ਰਿਸ਼ਟਿ ਜਿਸ ਦੇ ਵਿਚ ਪੈਦਾ ਹੋ ਗਈ, ਉਹ ਕੋਈ ਵਿਰਲਾ ਵਿਰਲਾ ਸਿੱਖ ਹੈ, ਇਉਂ ਪੜ੍ਹ ਲਓ -

*ਧਾਰਨਾ - ਸਿੱਖ ਵਿਰਲਾ ਕੋਈ ਜੀ,*
*ਦਿਬ ਦ੍ਰਿਸਟਿ ਗੁਰ ਧਿਆਨ ਧਰ -2, 2.*

*ਦਿਬ ਦਿਸਟਿ ਗੁਰ ਧਿਆਨੁ ਧਰਿ ਸਿਖ ਵਿਰਲਾ ਕੋਈ।*
*ਭਾਈ ਗੁਰਦਾਸ ਜੀ ਦੀ ਵਾਰ 9/7*

ਕਹਿੰਦੇ ਜਿਸ ਦੀ ਦਿੱਬ-ਦ੍ਰਿਸ਼ਟੀ ਖੁੱਲ੍ਹੀ ਹੈ ਤੇ ਗੁਰੂ ਦਾ ਧਿਆਨ ਜਿਸ ਦੇ ਅੰਦਰ ਪਰਪੱਕ ਹੋ ਗਿਆ ਉਹ ਕੋਈ ਵਿਰਲਾ-ਵਿਰਲਾ ਸਿੱਖ ਹੈ। ਇਥੇ ਸ਼ੰਕਾ ਹੋ ਜਾਂਦਾ ਹੈ ਕਿ ਗੁਰੂ ਦਾ ਧਿਆਨ ਕੀ ਹੋਇਆ ਕਿਉਂਕਿ ਭਾਈ ਗੁਰਦਾਸ ਜੀ ਲਿਖਦੇ ਨੇ –

***ਗੁਰ ਮੂਰਤਿ ਗੁਰੁ ਸਬਦੁ ਹੈ.............। ਭਾਈ ਗੁਰਦਾਸ ਜੀ ਦੀ ਵਾਰ 24/11***

ਇਹ ਵੀ ਲਿਖਦੇ ਨੇ ਕਬਿੱਤ ਸਵੱਈਆਂ ਦੇ ਅੰਦਰ ਕਿ ਗੁਰੂ ਦਾ ਜੋ ਸਾਕਾਰ ਰੂਪ ਹੈ ਉਸ ਦਾ ਧਿਆਨ ਕਰਨਾ ਵੀ ਹੁੰਦਾ ਹੈ। ਚਾਰ ਕਿਸਮ ਦਾ ਹੋਇਆ ਕਰਦਾ ਹੈ ਧਿਆਨ। ਪਹਿਲਾ ਹੋਇਆ ਕਰਦਾ ਹੈ 'ਸਬਦ' ਦਾ ਧਿਆਨ। ਗਲਤੀ ਨਾਲ ਕਈ ਅੱਖਾਂ ਦਾ ਧਿਆਨ ਧਰਦੇ ਨੇ। ਅੱਗੇ ੧ੳ ਲਿਖ ਲਿਆ ਉਸ ਦਾ ਧਿਆਨ ਧਰ ਲਿਆ ਜਾਂ 'ਵਾਹਿਗੁਰੂ' ਲਿਖ ਲਿਆ ਉਸ ਤੇ ਧਿਆਨ ਕਰਨ ਲੱਗ ਗਏ; ਇਹ ਨਹੀਂ ਹੈ। ਸ਼ਬਦ ਹਮੇਸ਼ਾ sound (ਆਵਾਜ਼, ਧੁਨੀ) ਨੂੰ ਕਹਿੰਦੇ ਨੇ। ਦੋ ਤਰ੍ਹਾਂ ਦੇ ਸ਼ਬਦ ਹੁੰਦੇ ਨੇ – ਇਕ ਆਹਤ ਸ਼ਬਦ ਹੁੰਦੇ ਨੇ, ਦੂਜੇ ਅਨਾਹਤ ਹੁੰਦੇ ਨੇ। ਪਹਿਲੇ ਹੁੰਦੇ ਨੇ ਜਿਵੇਂ ਮੈਂ ਵਾਜੇ ਤੇ ਉਂਗਲਾਂ ਰੱਖ ਕੇ ਪੱਖਾ ਫੇਰਦਾ ਹਾਂ, ਇਹ ਅਵਾਜ਼ ਕੱਢਦਾ ਹੈ, ਇਸ ਨੂੰ ਆਹਤ ਸ਼ਬਦ ਕਹਿੰਦੇ ਨੇ। ਦੂਸਰਾ ਜਿਹੜਾ ਬਗੈਰ ਵਜਾਏ ਤੋਂ ਵੱਜੇ, ਉਸ ਨੂੰ ਅਨਾਹਦ ਸ਼ਬਦ ਕਹਿੰਦੇ ਨੇ। ਜੋ ਅਨਾਹਤ ਸ਼ਬਦ ਹੈ ਜਿਵੇਂ ਗੁਰ ਮੰਤਰ ਦੀ ਧੁਨ ਹੈ ਉਸ ਵਿਚ ਧਿਆਨ ਧਰਨਾ। ਦੂਸਰਾ ਧਿਆਨ ਹੈ – ਗੁਰੂ ਦੇ ਸਰੂਪ ਵਿਚ ਧਿਆਨ ਧਰਨਾ।

ਐਸੀਆਂ ਸਾਖੀਆਂ ਆਉਂਦੀਆਂ ਨੇ ਕਿ ਗੁਰੂ ਸੱਤਵੇਂ ਪਾਤਿਸ਼ਾਹ ਮਹਾਰਾਜ ਅੱਜ ਦੀਵਾਨ ਦੇ ਅੰਦਰ ਸੁਸ਼ੋਭਤ ਨੇ, ਆਸਾ ਦੀ ਵਾਰ ਦਾ ਕੀਰਤਨ ਹੋ ਰਿਹਾ ਹੈ। ਕੀਰਤਨ ਦਾ ਭੋਗ ਪੈ ਗਿਆ ਪਰ ਆਪ ਉਠੇ ਨਹੀਂ। ਸੰਗਤ ਇੰਤਜ਼ਾਰ ਵਿਚ ਬੈਠੀ ਹੈ ਪਰ ਮਹਾਰਾਜ ਜੀ ਨਹੀਂ ਉਠੇ। ਜਿੰਨੀ ਦੇਰ ਤੱਕ ਆਪ ਨਹੀਂ ਤਖਤ ਤੋਂ ਉਠਦੇ, ਓਨੀਂ ਦੇਰ ਤੱਕ ਸੰਗਤ ਵੀ ਉਠ ਨਹੀਂ ਸਕਦੀ। ਜਿੰਨਾਂ ਚਿਰ ਗੁਰੂ ਗ੍ਰੰਥ ਸਾਹਿਬ ਮਹਾਰਾਜ ਸੁਸ਼ੋਭਤ ਨੇ, ਸੰਗਤ ਦਾ ਉਠ ਕੇ ਜਾਣਾ ਬੇਅਦਬੀ ਦਾ ਪ੍ਰਤੀਕ ਹੋਇਆ ਕਰਦਾ ਹੈ, ਪਿੱਠ ਦੇ ਕੇ ਜਾਂਦਾ ਹੈ ਗੁਰੂ ਨੂੰ, ਖੁਸ਼ੀ ਲੈ ਕੇ ਨਹੀਂ ਜਾਂਦਾ। ਜੇ ਮਜ਼ਬੂਰੀ ਹੈ ਕਿਸੇ ਨੂੰ, ਤਾਂ ਦਿਲੋਂ ਕਹੇ ਕਿ ਪਾਤਿਸ਼ਾਹ! ਮੈਨੂੰ ਮਜ਼ਬੂਰੀ ਹੈ ਮੈਨੂੰ ਜਾਣਾ ਪੈਣਾ ਹੈ ਤੇ ਮੈਂ ਬਹੁਤ ਗਲਤ ਕਰਨ ਲੱਗਿਆ ਹਾਂ, ਮੈਨੂੰ ਖਿਮਾ ਕਰੋ, ਬਖਸ਼ੋ; ਇਹ ਅੰਦਰੋਂ ਸਚਮੁੱਚ ਹੋਵੇ। ਜੇ ਐਵੇਂ ਛੱਡ ਕੇ ਤੁਰ ਜਾਓ ਤਾਂ ਬੇਅਦਬੀ ਹੋਇਆ ਕਰਦੀ ਹੈ।

ਸੋ ਸਾਰੀ ਸੰਗਤ ਬੈਠੀ ਹੈ – ਗੁਰੂ ਸੱਤਵੇਂ ਪਾਤਿਸ਼ਾਹ ਦੇ ਚਰਨਾਂ ਵਿਚ। ਸਮਾਂ ਲੰਘਦਾ ਗਿਆ, ਦਸ ਵੱਜ ਗਏ, ਗਿਆਰਾਂ ਵੱਜ ਗਏ, ਬਾਰਾਂ ਵੱਜ ਗਏ, ਲੰਗਰ ਤਿਆਰ ਹੋ ਗਿਆ, ਲਾਂਗਰੀ ਸਿੰਘ ਪ੍ਰਸ਼ਾਦਾ ਲੈ ਕੇ ਆਇਆ, ਅਰਦਾਸ ਕਰਨ ਵਾਸਤੇ ਖੜ੍ਹੇ ਨੇ। ਸਾਰੇ ਹੈਰਾਨ ਨੇ ਕਿ ਮਹਾਰਾਜ ਜੀ ਕੋਈ ਅੰਗ ਨਹੀਂ ਹਿਲਾ ਰਹੇ। ਉਸੇ ਤਰ੍ਹਾਂ ਅਚੱਲ ਬੈਠੇ ਨੇ – ਸਮਾਧੀ ਦੇ ਵਿਚ ਲੀਨ ਹੋਏ ਹੋਏ। ਚਾਰ ਵੱਜ ਗਏ, ਉਸ ਵੇਲੇ ਮਹਾਰਾਜ ਜੀ ਨੇ ਨੇਤਰ ਖੋਲ੍ਹ ਕੇ ਕਿਹਾ – ਧੰਨ ਗੁਰਸਿਖੀ! ਧੰਨ ਗੁਰਸਿੱਖੀ!! ਧੰਨ ਗੁਰਸਿੱਖੀ!!! ਸਾਰਿਆਂ ਦੇ ਮਨ ਦੇ ਅੰਦਰ ਖਿਆਲ ਹੋਇਆ ਕਿ ਜਾਣੀਏ, ਮਹਾਰਾਜ ਜੀ ਕਿਸ ਦੇ ਬਾਰੇ ਫੁਰਮਾਅ ਰਹੇ ਨੇ।

ਉਸੇ ਵੇਲੇ ਬੇਨਤੀ ਕੀਤੀ, "ਪਾਤਿਸ਼ਾਹ! ਆਪ ਕਿਸ ਗੁਰਸਿੱਖ ਨੂੰ ਧੰਨ ਕਹਿ ਰਹੇ ਹੋ?"

ਕਹਿੰਦੇ, "ਪ੍ਰੇਮੀਓ! ਭਾਈ ਗੋਂਦਾ, ਕਾਬਲ ਦੇ ਅੰਦਰ ਜੋ ਗੁਰਸਿੱਖੀ ਦਾ ਪ੍ਰਚਾਰ ਕਰ ਰਿਹਾ ਹੈ, ਅੱਜ ਉਹ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਦੋ ਵਜੇ ਸਾਡੇ ਚਰਨਾਂ ਦੇ ਧਿਆਨ ਵਿਚ ਲੀਨਤਾ ਦੀ ਹੱਦ ਤੱਕ ਚਲਿਆ ਗਿਆ, ਫੁਰਨੇ ਤੋਂ ਉਪਰ ਹੋ ਗਿਆ ਤੇ ਸਾਡੇ ਚਰਨ ਫੜ ਲਏ। ਜੇ ਅਸੀਂ ਸਿੱਖ ਤੋਂ ਚਰਨ ਛੁਡਾਉਂਦੇ ਹਾਂ ਤਾਂ ਸਿੱਖ ਨੂੰ ਦੁਖ ਹੁੰਦਾ ਹੈ, ਉਸ ਦੀ ਬਿਰਤੀ ਟੁਟਦੀ ਹੈ। ਸੋ ਇਸ ਕਰਕੇ

ਅਸੀਂ ਚਾਰ ਵਜੇ ਤੱਕ ਬੈਠੇ ਰਹੇ, ਹੁਣ ਸਿੱਖ ਨੇ ਨੇਤਰ ਖੋਲ੍ਹੇ ਨੇ। ਸੋ ਅਸੀਂ ਉਸ ਗੁਰਸਿੱਖ ਦਾ ਸਿਦਕ ਦੇਖ ਕੇ – ਧੰਨ ਗੁਰਸਿਖੀ! ਧੰਨ ਗੁਰਸਿੱਖੀ!! ਆਖਿਆ ਹੈ।

ਸੋ ਇਹ ਧਿਆਨ ਹੁੰਦਾ ਹੈ ਗੁਰੂ ਦਾ, ਸਾਕਾਰ ਦਾ। ਇਕ ਵਾਰ ਸਾਰੇ ਪਹਾੜੀ ਰਾਜਿਆਂ ਦੀ ਬੈਠਕ ਹੋ ਰਹੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਤੇ ਹਮਲਾ ਕਰਕੇ ਹੁਣੇ ਹੀ ਇਨ੍ਹਾਂ ਨੂੰ ਜਾਂ ਤਾਂ ਫੜ ਲਿਆ ਜਾਵੇ ਤੇ ਜਾਂ ਇਥੋਂ ਕੱਢ ਦਿੱਤਾ ਜਾਵੇ; ਜੇ ਬਹੁਤੀ ਦੇਰ ਰਹਿ ਗਏ ਤਾਂ ਤਾਕਤ ਫੜ ਜਾਣਗੇ। ਤਾਂ ਉਸ ਵੇਲੇ ਇਕ ਸਿਆਣਾ ਵਜ਼ੀਰ, ਜਿਸ ਦਾ ਨਾਂ ਦੇਵੀ ਦਾਸ ਹੈ, ਉਸ ਸਭਾ ਵਿਚ ਬੈਠਾ ਹੈ। ਵਜ਼ੀਰ ਦਾ ਫਰਜ਼ ਹੁੰਦਾ ਹੈ ਕਿ ਜੇ ਰਾਜਾ ਗਲਤ ਜਾ ਰਿਹਾ ਹੋਵੇ ਤਾਂ ਉਹ ਬੇਨਤੀ ਕਰਦਾ ਹੈ, ਹੋਰ ਤਾਂ ਉਸ ਦੇ ਵਸ ਵਿਚ ਨਹੀਂ ਹੁੰਦਾ, ਬੇਨਤੀ ਕਰਨੀ ਉਸ ਦਾ ਕਰਤੱਵ ਹੁੰਦਾ ਹੈ, ਸੱਚੀ ਗੱਲ ਉਸ ਨੇ ਕਹਿ ਦੇਣੀ ਹੈ, ਮੰਨਣਾ ਨਾ ਮੰਨਣਾ ਰਾਜੇ ਦਾ ਕੰਮ ਹੈ। ਉਹ ਵੱਡਾ ਵਜ਼ੀਰ ਸੀ। ਸੋ ਉਠ ਕੇ ਉਸ ਨੇ ਸਾਰੀ ਮੀਟਿੰਗ ਦੇ ਵਿਚ ਕਿਹਾ ਕਿ ਮੇਰੀ ਇਕ ਬੇਨਤੀ ਆਪ ਸਰਵਣ ਕਰ ਲਓ ਧਿਆਨ ਦੇ ਕੇ, ਤੇ ਮੰਨੋ ਜਾਂ ਨਾ ਮੰਨੋ, ਇਹ ਆਪ ਦਾ ਕੰਮ ਹੈ। ਸੋ ਉਸ ਵੇਲੇ ਬੇਨਤੀ ਕਰੀ ਤੇ ਕਹਿਣ ਲੱਗਿਆ, "ਮਹਾਰਾਜ! ਤੁਸੀਂ ਇਹ ਦੇਖੋ ਕਿ ਇਹ ਗੱਦੀ ਕਿਨ੍ਹਾਂ ਦੀ ਹੈ। ਇਹ ਗੱਦੀ ਗੁਰੂ ਨਾਨਕ ਪਾਤਿਸ਼ਾਹ ਜੀ ਦੀ ਹੈ, ਜੋ ਸੁਲ੍ਹਾਕੁਲ ਨੇ, ਜਿਨ੍ਹਾਂ ਦੀ ਦ੍ਰਿਸ਼ਟੀ ਦੇ ਅੰਦਰ –

***ਨਾ ਕੋ ਬੈਰੀ ਨਹੀ ਬਿਗਾਨਾ***
***ਸਗਲ ਸੰਗਿ ਹਮ ਕਉ ਬਨਿ ਆਈ॥***
***ਪੰਨਾ – 1299***

ਕੋਈ ਦੂਜਾ ਹੈ ਹੀ ਨਹੀਂ, ਉਹ ਸਾਰਿਆਂ ਨੂੰ ਹੀ ਆਪਣਾ ਆਪ ਕਹਿੰਦੇ ਨੇ, ਸਾਰਿਆਂ ਨੂੰ ਪਿਆਰ ਕਰਦੇ ਨੇ ਤੇ ਹਰ ਵਕਤ ਅਰਦਾਸ ਤੋਂ ਬਾਅਦ ਕਹਿੰਦੇ ਨੇ –

***ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬਤ ਦਾ ਭਲਾ॥***

ਉਹ ਭਲੇ ਨੇ। ਉਨ੍ਹਾਂ ਨੇ ਕਰਕੇ ਦਿਖਾ ਦਿੱਤਾ।

ਗੁਰੂ ਛੇਵੇਂ ਪਾਤਿਸ਼ਾਹ ਨੂੰ ਜਹਾਂਗੀਰ ਦੀ ਕੈਦ ਦੇ ਅੰਦਰ ਗਵਾਲੀਅਰ ਵਿਚ ਬੜਾ ਸਮਾਂ ਹੋ ਗਿਆ। ਉਸ ਤੋਂ ਬਾਅਦ ਕੁਝ ਐਸੇ ਕੌਤਕ ਵਰਤੇ ਜਿਨ੍ਹਾਂ ਕਰਕੇ ਉਸ ਨੂੰ ਗੁਰੂ ਮਹਾਰਾਜ ਜੀ ਨੂੰ ਰਿਹਾਅ ਕਰਨਾ ਪਿਆ। ਜਦੋਂ ਮਹਾਰਾਜ ਜੀ ਤਿਆਰ ਹੋਏ ਤਾਂ ਵੇਖਿਆ ਕਿ ਉਸ ਕਿਲ੍ਹੇ ਵਿਚ ਹਿੰਦੋਸਤਾਨ ਦੇ ਬਵੰਜਾ ਰਾਜੇ ਫੜ-ਫੜ ਕੇ ਉਮਰਾਂ ਵਾਸਤੇ ਭੋਰਿਆਂ ਵਿਚ ਸੁੱਟੇ ਹੋਏ ਸਨ, ਉਹ ਬਹੁਤ ਦੁਖੀ ਹੋ ਰਹੇ ਸਨ, ਕੋਈ ਸਾਧਨ ਨਹੀਂ ਸੀ ਬਣਦਾ ਕਿ ਛੁਟ ਜਾਣ। ਉਸ ਵੇਲੇ ਮਿਲ ਕੇ ਉਨ੍ਹਾਂ ਨੇ ਮਹਾਰਾਜ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ, "ਪਾਤਿਸ਼ਾਹ! ਸਾਡਾ ਕਦੋਂ ਉਧਾਰ ਹੋਏਗਾ? ਆਪ ਤਾਂ ਜਮਦੂਤਾਂ ਤੋਂ ਛੁਡਾ ਦਿੰਦੇ ਹੋ। ਆਹ ਤਾਂ ਦੁਨੀਆਂ ਦੇ ਅੰਦਰ ਹੈ, ਆਪ ਕਿਰਪਾ ਕਰੋ।"

ਮਹਾਰਾਜ ਜੀ ਨੇ ਹਰਦਾਸ ਦਰੋਗੇ ਨੂੰ ਕਿਹਾ ਕਿ ਭਾਈ! ਅਸੀਂ ਨਹੀਂ ਜਾਣਾ ਬਾਹਰ। ਜਹਾਂਗੀਰ ਨੂੰ ਕਹਿ ਦਿਓ, ਅਸੀਂ ਨਹੀਂ ਜਾਣਾ ਗਵਾਲੀਅਰ ਤੋਂ ਬਾਹਰ। ਉਸ ਨੇ ਜਾ ਕੇ ਬੇਨਤੀ ਕਰ ਦਿੱਤੀ ਤੇ ਉਧਰ ਜਹਾਂਗੀਰ ਐਨਾ ਮਜ਼ਬੂਰ ਹੈ ਕਿ ਉਸ ਨੂੰ ਉਹ ਛਡਣੇ ਪੈਣੇ ਨੇ। ਕਹਿੰਦਾ ਕਿ ਕੀ ਗੱਲ ਹੈ, ਉਹ ਜਾਂਦੇ ਕਿਉਂ ਨਹੀਂ? ਅਜ਼ਾਦੀ ਤਾਂ ਸਾਰੀ ਦੁਨੀਆਂ ਚਾਹੁੰਦੀ ਹੈ, ਕੌਣ ਹੈ ਜਿਹੜਾ ਕਹੇ ਕਿ ਮੈਂ ਕੈਦ ਵਿਚ ਰਹਿਣਾ ਹੈ। ਕੋਈ ਨਹੀਂ ਕਹਿੰਦਾ, ਸਾਰੇ ਨਿਕਲ ਕੇ ਬਾਹਰ ਆਉਣਾ ਚਾਹੁੰਦੇ ਨੇ। ਕਹਿੰਦੇ, ਪੁਛੋ ਕਾਰਨ ਕੀ ਹੈ? ਮਹਾਰਾਜ ਜੀ ਕੋਲ ਆ ਕੇ ਬੇਨਤੀ ਕਰੀ।

ਮਹਾਰਾਜ ਜੀ ਕਹਿਣ ਲੱਗੇ, "ਜਿੰਨੀ ਦੇਰ ਤੱਕ ਇਹ ਬਵੰਜਾ ਰਾਜੇ ਨਹੀਂ ਛੁਟਦੇ, ਓਨਾਂ ਚਿਰ ਅਸੀਂ ਵੀ ਬਾਹਰ ਨਹੀਂ ਜਾਂਦੇ।"

ਉਨ੍ਹਾਂ ਨੇ ਜਹਾਂਗੀਰ ਨੂੰ ਕਹਿ ਦਿੱਤਾ। ਜਹਾਂਗੀਰ ਨੇ ਬੜਾ ਸੋਚਿਆ ਕਿ ਯੁੱਧ ਜੰਗ ਕਰਕੇ

ਰਾਜੇ ਕਾਬੂ ਕੀਤੇ ਨੇ। ਜੇ ਛੱਡ ਦਿੱਤੇ ਤਾਂ ਇਹ ਫੇਰ ਜਾ ਕੇ ਫਤੂਰ ਪਾਉਣਗੇ, ਫੇਰ ਵਿਦਰੋਹ ਕਰਨਗੇ। ਕਿੰਨੇ ਬੰਦੇ ਮਰ ਚੁੱਕੇ ਨੇ। ਇਨ੍ਹਾਂ ਨੂੰ ਫੜਨ ਵਾਸਤੇ ਓਡਾ ਹੀ ਕੰਮ ਫੇਰ ਹੋ ਜਾਏਗਾ ਤੇ ਦੋ-ਚਿੱਤੀ ਵਿਚ ਪਿਆ ਹੋਇਆ ਹੈ। ਅਖੀਰ ਇਕ ਤਰੀਕਾ ਕੱਢ ਲਿਆ। ਕਹਿਣ ਲੱਗਿਆ ਕਿ ਮਹਾਰਾਜ ਜੀ ਨੂੰ ਕਹਿ ਦਿਓ ਕਿ ਸਾਨੂੰ ਕੋਈ ਇਤਰਾਜ਼ ਨਹੀਂ, ਜਿੰਨੇ ਤੁਹਾਡਾ ਪੱਲਾ ਫੜ ਕੇ ਬਾਹਰ ਆ ਜਾਣ, ਓਨਿਆਂ ਨੂੰ ਛੱਡ ਦਿੱਤਾ ਜਾਏਗਾ। ਹੁਣ ਚੋਲੇ ਦੇ ਕਿੰਨੇ ਕੁ ਪੱਲੇ ਹੁੰਦੇ ਨੇ ਤੇ ਕਿੰਨੇ ਕੁ ਬੰਦੇ ਫੜ ਸਕਦੇ ਨੇ? ਜੇ ਭੀੜੇ-ਭੀੜੇ ਹੋ ਕੇ ਆਉਣ ਤਾਂ ਦਸ ਪੰਦਰਾਂ ਤੋਂ ਵੱਧ ਨਹੀਂ ਫੜ ਸਕਦੇ।

ਸੋ ਮਹਾਰਾਜ ਜੀ ਨੇ ਹੁਕਮ ਕਰ ਦਿੱਤਾ ਕਿ ਸਾਡੇ ਲਈ ਬਵੰਜਾ ਕਲੀਆਂ ਵਾਲਾ ਚੋਲਾ ਬਣਵਾਓ। ਅੱਜ ਕੱਲ੍ਹ ਉਹ ਚੋਲਾ ਘੁੜਾਣੀ ਪਿਆ ਹੈ ਰਾੜੇ ਸਾਹਿਬ ਦੇ ਨੇੜੇ, 52 ਕਲੀਆਂ ਨੇ, ਬਹੁਤ ਚੌੜਾ ਹੈ ਹੇਠੋਂ, ਉਤੋਂ ਬਿਲਕੁਲ ਫਿੱਟ ਹੈ। ਸੋ ਉਸ ਵੇਲੇ 52 ਕਲੀਆਂ ਫੜੀਆਂ ਤੇ ਸਾਰੇ ਰਾਜੇ ਬਾਹਰ ਆ ਗਏ।

ਤੇ ਕਹਿਣ ਲੱਗੇ ਭੀਮ ਚੰਦ ਨੂੰ ਕਿ ਜਿਹੜਾ ਐਸਾ ਗੁਰੂ ਹੈ, ਉਸ ਦੇ ਪੋਤੇ ਨੇ – ਗੁਰੂ ਗੋਬਿੰਦ ਸਿੰਘ, ਤੇ ਉਹ ਇਹ ਕਹਿੰਦੇ ਨੇ ਕਿ ਅਸੀਂ ਕਿਸੇ ਦੀ ਇਕ ਇੰਚ ਜ਼ਮੀਨ ਨਹੀਂ ਦੱਬਣੀ, ਕਿਸੇ ਦਾ ਰਾਜ ਨਹੀਂ ਦੱਬਣਾ, ਅਸੀਂ ਤਾਂ ਆਏ ਹੀ ਇਸ ਕਰਕੇ ਹਾਂ ਕਿ ਬੰਦਗੀ ਕਰਨ ਵਾਲੇ ਧਰਮੀ ਪੁਰਸ਼ਾਂ ਦਾ ਉਧਾਰ ਕਰਨਾ ਹੈ, ਉਹ ਵਧਾਉਣੇ ਹਨ ਤੇ ਜਿਹੜੇ ਖੋਟੀ ਮੱਤ ਵਾਲੇ ਅਧਰਮੀ ਨੇ, ਇਨ੍ਹਾਂ ਦਾ ਸੰਘਾਰ ਕਰਨਾ ਹੈ – ਚਾਹੇ ਸ਼ਸਤਰ ਨਾਲ ਹੋਵੇ, ਚਾਹੇ ਉਪਦੇਸ਼ ਨਾਲ ਹੋਵੇ, ਕਿਸੇ ਵੀ ਤਰੀਕੇ ਨਾਲ ਹੋਵੇ। ਪਰ ਤੁਸੀਂ ਇਹ ਦੇਖੋ ਕਿ ਕੀ ਅੱਜ ਤੱਕ ਗੁਰੂ ਗੋਬਿੰਦ ਸਿੰਘ ਕਦੇ ਕਿਸੇ ਤੇ ਚੜ੍ਹ ਕੇ ਗਏ ਨੇ? ਕੋਈ ਪਿੰਡ ਲੁਟਿਆ ਹੈ ਇਨ੍ਹਾਂ ਨੇ ਜਾ ਕੇ? ਕਿਸੇ ਰਾਜੇ ਤੇ ਜਾ ਕੇ ਹੱਲਾ ਕਰਿਆ ਹੈ? ਤੁਸੀਂ ਚੜ੍ਹ-ਚੜ੍ਹ ਕੇ ਜਾਂਦੇ ਹੋ ਤੇ ਉਹ ਤੁਹਾਡਾ ਮੁਕਾਬਲਾ ਕਰਦੇ ਨੇ ਤੇ ਫੇਰ ਬੜੀ ਹੈਰਾਨੀ ਦੀ ਗੱਲ ਇਹ ਹੈ ਕਿ ਜਦੋਂ ਤੁਹਾਡੀਆਂ ਫੌਜਾਂ ਨੱਠ ਜਾਂਦੀਆਂ ਨੇ, ਉਸ ਵੇਲੇ ਉਹ ਬਿਲਕੁਲ ਵਾਰ ਨਹੀਂ ਕਰਦੇ, ਤੁਸੀਂ ਦੇਖਿਆ ਹੀ ਹੋਏਗਾ ਲੜਾਈ ਦੇ ਅੰਦਰ, ਜੇ ਸ਼ਸਤਰ ਟੁੱਟ ਜਾਂਦਾ ਹੈ ਤਾਂ ਉਹ ਕਦੇ ਵਾਰ ਨਹੀਂ ਕਰਦੇ ਸਗੋਂ ਕਹਿੰਦੇ ਨੇ ਕਿ ਜਾਹ! ਸ਼ਸਤਰ ਲੈ ਕੇ ਆ, ਫੇਰ ਤੇਰੇ ਨਾਲ ਲੜਾਂਗੇ। ਜਖਮੀ ਹੋ ਕੇ ਗਿਰ ਜਾਂਦਾ ਹੈ, ਗਰਦਨ ਵੱਢ ਸਕਦੇ ਨੇ ਜਦ ਧਰਤੀ ਤੇ ਗਿਰਿਆ। ਪਰ ਕਦੇ ਨਹੀਂ ਵਾਰ ਕਰਦੇ, ਉਥੇ ਹੀ ਛੱਡ ਜਾਂਦੇ ਨੇ। ਐਨੇ ਵੱਡੇ ਅਸੂਲਾਂ ਦੇ ਮਾਲਕ ਉਹ ਤਾਂ ਸੁਲ੍ਹਾਕੁਲ ਨੇ। ਤੁਸੀਂ ਸੋਚੋ ਤਾਂ ਸਹੀ ਕਿ ਕਿਹਦੇ ਨਾਲ ਲੜਾਈ ਕਰਦੇ ਹੋ।

ਫੇਰ ਦੂਜਾ ਪੱਖ ਲੈ ਲਓ, ਉਹ ਕਹਿੰਦੇ ਨੇ ਕਿ ਵਿਦੇਸ਼ੀਆਂ ਨੇ ਇਥੇ ਆ ਕੇ ਰਾਜ ਕਰ ਲਿਆ। ਇਥੇ ਦੀ ਜੋ ਸੰਸਕ੍ਰਿਤੀ ਸੀ – ਪੰਜ ਚਾਰ ਹਜ਼ਾਰ ਸਾਲ ਪਹਿਲਾਂ, ਉਸ ਨੂੰ ਵਧਾਉਣ ਵਾਸਤੇ ਕਿੰਨੇ ਇਨ੍ਹਾਂ ਨੇ ਯਤਨ ਕੀਤੇ ਨੇ, ਕਿੰਨਾ ਸਾਹਿਤ ਤਿਆਰ ਕਰਿਆ ਹੈ। ਕਿਸ ਤਰ੍ਹਾਂ ਦੇ ਨਾਲ ਇਹ ਜੀਵਨ ਉਚੇ ਕਰ ਰਹੇ ਨੇ ਤੇ ਤੁਸੀਂ ਇਕ ਦਮ ਉਨ੍ਹਾਂ ਦੇ ਮਗਰ ਪਏ ਹੋਏ ਹੋ, ਤੇ ਉਨ੍ਹਾਂ ਦੇ ਕੰਮਾਂ ਵਿਚ ਰੁਕਾਵਟ ਪਾ ਰਹੇ ਹੋ।

ਜਦੋਂ ਐਨੇ ਬਚਨ ਸੁਣੇ ਤਾਂ ਸਾਰਿਆਂ ਨੂੰ ਗੁੱਸਾ ਚੜ੍ਹ ਗਿਆ। ਉਹ ਕਹਿਣ ਲੱਗੇ ਕਿ ਇਹ ਜ਼ਰੂਰ ਜਸੂਸ ਹੈ ਉਨ੍ਹਾਂ ਦਾ, ਤੇ ਅਸੀਂ ਦੁਸ਼ਮਣ ਕਹਿੰਦੇ ਹਾਂ ਤੇ ਜਸੂਸ ਨੂੰ ਜਸੂਸਾਂ ਵਾਲੀ ਸਜ਼ਾ ਦਿਓ। ਸਜ਼ਾ ਵੀ ਦੱਸ ਦਿੱਤੀ ਕਿ ਇਸ ਦੀਆਂ ਅੱਖਾਂ ਦੇ ਅੰਦਰ ਸਲਾਈਆਂ ਫੇਰ ਕੇ, ਅੰਨ੍ਹਾ ਕਰਕੇ ਇਸ ਨੂੰ ਪਹਾੜ ਦੀ ਚੋਟੀ ਤੋਂ ਧੱਕਾ ਦੇ ਦਿਓ।

ਉਹ ਕਹਿੰਦਾ, "ਠੀਕ ਹੈ! ਤੁਹਾਡੀ ਮਰਜ਼ੀ! ਮੈਂ ਤਾਂ ਕੰਮ ਦੀ ਗੱਲ ਦੱਸੀ ਹੈ। ਮੇਰਾ ਕਰਤੱਵ ਹੈ ਸੱਚ ਬੋਲਣਾ ਤੇ ਸਾਵਧਾਨ ਕਰ ਦੇਣਾ। ਗੁਰੂ ਗੋਬਿੰਦ ਸਿੰਘ ਜੀ ਨਾਲ ਲੜ ਕੇ ਤੁਸੀਂ ਖਟੋਗੇ ਕੁਝ ਨਹੀਂ। ਇਕ ਵੱਡੇ ਭਾਰੇ ਧਰਮ ਦੇ ਖਿਲਾਫ, ਜਿਸ ਧਰਮ ਦਾ ਜੀਵਨ ਆ ਰਿਹਾ ਹੈ, ਉਸ ਦੇ ਵਿਚ ਰੁਕਾਵਟ ਬਣੋਗੇ।

ਉਸ ਨੇ ਬੜੀਆਂ ਮਿਸਾਲਾਂ ਪਿਛਲੇ ਇਤਿਹਾਸਾਂ ਦੀਆਂ ਦਿੱਤੀਆਂ ਪਰ ਕਿਸੇ ਨੇ ਨਾ ਸੁਣੀ। ਅਖੀਰ ਬੰਨ੍ਹ ਲਿਆ ਤੇ ਜੱਲਾਦਾਂ ਨੂੰ ਹੁਕਮ ਦਿੱਤਾ ਕਿ ਗਰਮ ਕਰਕੇ ਸਲਾਈਆਂ ਇਸ ਦੀਆਂ ਅੱਖਾਂ ਵਿਚ ਫੇਰ ਦਿਓ ਤਾਂ ਜੋ ਜੋਤੀ ਅੱਖਾਂ ਦੀ ਜਾਂਦੀ ਰਹੇ ਤੇ ਫੇਰ ਪਹਾੜ ਦੀ ਚੋਟੀ ਤੋਂ ਧੱਕਾ ਦੇ ਦਿਓ, ਆਪੇ ਖੱਡਾਂ ਵਿਚ ਗਿਰ ਕੇ ਮਰ ਜਾਏਗਾ। ਉਹ ਕਹਿਣ ਲੱਗਿਆ, "ਮਹਾਰਾਜ! ਮੇਰੀ ਡਿਊਟੀ ਹੈ, ਮੈਂ ਪ੍ਰਧਾਨ ਮੰਤਰੀ ਹਾਂ, ਮੈਂ ਦੱਸਣਾ ਹੈ ਕਿ ਗਲਤ ਹੈ ਜਾਂ ਠੀਕ ਹੈ, ਮੰਨਣਾ ਤੁਹਾਡਾ ਕੰਮ ਹੈ।"

ਅਖੀਰ ਪਹਿਰੇਦਾਰ ਪਹਾੜ ਤੇ ਲੈ ਗਏ। ਜੱਲਾਦ ਜਾਣੂ-ਪਛਾਣੂ ਨੇ, ਅੰਦਰੋਂ ਬੜਾ ਦਰਦ ਹੈ ਉਨ੍ਹਾਂ ਨੂੰ, ਪਰ ਹੁਕਮ ਦੀ ਤਾਮੀਲ ਕਰਨੀ ਉਨ੍ਹਾਂ ਦਾ ਫਰਜ਼ ਬਣਦਾ ਹੈ।

ਸੋ ਉਸ ਵੇਲੇ ਦੇਵੀ ਦਾਸ ਕਹਿਣ ਲੱਗਿਆ, "ਦੇਖੋ ਪ੍ਰੇਮੀਓ! ਤੁਹਾਨੂੰ ਹੈ ਹੁਕਮ ਤੇ ਤੁਹਾਡੇ ਤੇ ਕੋਈ ਦੋਸ਼ ਨਹੀਂ ਹੈ ਪਰ ਇਕ ਗੱਲ ਕਰਿਓ, ਮੈਨੂੰ ਥੋੜ੍ਹਾ ਜਿਹਾ ਚਿਰ ਇਕਾਗਰ ਚਿੱਤ ਹੋ ਲੈਣ ਦਿਓ ਤੇ ਜਦੋਂ ਮੈਂ ਸਿਰ ਨਿਵਾਵਾਂਗਾ, ਉਸ ਤੋਂ ਬਾਅਦ ਜਦੋਂ ਮੈਂ ਸਿਰ ਉਪਰ ਕਰਾਂਗਾ, ਉਸ ਵੇਲੇ ਤੁਸੀਂ ਮੇਰੀਆਂ ਅੱਖਾਂ ਵਿਚ ਸਲਾਈਆਂ ਫੇਰ ਦਿਓ; ਓਨਾਂ ਚਿਰ ਗਰਮ ਕਰਨੀਆਂ ਰੱਖ ਦਿਓ।"

ਸਿਲਾਈਆਂ ਗਰਮ ਕਰਨੀਆਂ ਰੱਖ ਦਿੱਤੀਆਂ ਤੇ ਉਹ ਇਕ ਚਿੱਤ ਹੋ ਗਿਆ। ਪਹੁੰਚਿਆ ਕਿਥੇ- ਉਸੇ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿਚ। ਚਰਨਾਂ ਕਮਲਾਂ ਦਾ ਧਿਆਨ ਧਰਿਆ ਹੋਇਆ ਹੈ, ਹੱਥ ਬੰਨ੍ਹੇ ਹੋਏ ਨੇ। ਪਾਤਿਸ਼ਾਹ! ਤੂੰ ਹੀ ਹੁਣ ਰੱਖਿਆ ਕਰਨੀ ਹੈ, ਹੋਰ ਨਹੀਂ ਕੋਈ ਰੱਖ ਸਕਦਾ। ਤੂੰ ਪ੍ਰਹਿਲਾਦ ਦੀ ਰੱਖਿਆ ਕੀਤੀ ਸੀ - ਤੱਤੇ ਥੰਮ੍ਹਾਂ ਤੋਂ, ਜਦੋਂ ਅੱਗ ਦੇ ਵਿਚ ਬਠਾਇਆ ਗਿਆ ਉਦੋਂ ਰੱਖਿਆ ਕੀਤੀ ਤੇ ਹੋਰ ਬੇਅੰਤ ਭਗਤਾਂ ਦੀ ਤੂੰ ਰੱਖਿਆ ਕਰੀ, ਮੈਂ ਵੀ ਤੇਰੀ ਸ਼ਰਨ ਵਿਚ ਹਾਂ। ਸੋ ਓਸ ਵੇਲੇ ਜਦੋਂ ਉਸ ਨੇ ਨਮਸ਼ਕਾਰ ਕਰਕੇ ਸੀਸ ਉਤੇ ਚੁਕਿਆ ਤਾਂ ਸਿਲਾਈਆਂ ਅੱਖਾਂ ਦੇ ਵਿਚ ਫੇਰ ਦਿੱਤੀਆਂ। ਸਾਂ-ਸਾਂ ਹੋਈ, ਜਲਣ ਦੀ ਅਵਾਜ਼ ਆਈ, ਨੇਤਰ ਬੰਦ ਨੇ। ਉਨ੍ਹਾਂ ਨੇ ਆਪਸ ਵਿਚ ਸਲਾਹ ਕਰੀ ਕਿ ਆਪਾਂ ਕੀ ਧੱਕਾ ਦੇਈਏ, ਇਹ ਐਸੀ ਬਿਖੜੀ ਪਹਾੜੀ ਤੇ ਚੜ੍ਹਿਆ ਹੋਇਆ ਹੈ, ਇਸ ਨੇ ਆਪੇ ਹੀ ਗਿਰ ਜਾਣਾ ਹੈ। ਅਸੀਂ ਕਹਿ ਦਿਆਂਗੇ ਅਸੀਂ ਧੱਕਾ ਦੇ ਦਿੱਤਾ ਸੀ। ਉਹ ਚਲੇ ਗਏ ਪਰ ਉਹ ਉਸੇ ਤਰ੍ਹਾਂ ਅੱਖਾਂ ਬੰਦ ਕਰਕੇ ਬੈਠਾ ਹੈ। ਚਰਨਾਂ ਦਾ ਐਨਾ ਅਨੰਦ ਆ ਰਿਹਾ ਹੈ ਜਿਹੜਾ ਦੱਸਿਆ ਨਹੀਂ ਜਾ ਸਕਦਾ -

***ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ॥***
***ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ॥***
***ਪੰਨਾ - 1370***

ਜਿਸ ਵਕਤ ਨੇਤਰ ਖੋਲ੍ਹੇ, ਹੈਰਾਨ ਹੋ ਗਿਆ ਕਿ ਮੈਨੂੰ ਤਾਂ ਸਭ ਕੁਝ ਦਿਸਦਾ ਹੈ, ਮੇਰੀਆਂ ਅੱਖਾਂ ਨੂੰ ਤਾਂ ਕੁਝ ਨਹੀਂ ਹੋਇਆ, ਨਾ ਕੋਈ ਤਕਲੀਫ ਹੋਈ ਹੈ, ਨਾ ਅੱਖਾਂ ਅੰਨ੍ਹੀਆਂ ਹੋਈਆਂ ਹਨ। ਉਸ ਵੇਲੇ ਬਿਲਾਸਪੁਰ ਵੱਲ ਪਿੱਠ ਕਰ ਲਈ ਤੇ ਅਨੰਦਪੁਰ ਸਾਹਿਬ ਵੱਲ ਨੂੰ ਮੂੰਹ ਕਰ ਲਿਆ। ਚਲਦਾ ਚਲਦਾ ਅਨੰਦਪੁਰ ਸਾਹਿਬ ਆਇਆ। ਕਿੰਨਾ ਅਨੰਦ ਹੈ ਉਸ ਦੇ ਹਿਰਦੇ ਦੇ ਅੰਦਰ, ਕਿੰਨਾ ਸ਼ੁਕਰਾਨਾ ਹੈ ਉਸ ਦੇ ਹਿਰਦੇ ਦੇ ਅੰਦਰ, ਉਸ ਦਾ ਅੰਦਾਜ਼ਾ ਅਸੀਂ ਨਹੀਂ ਲਾ ਸਕਦੇ। ਗੁਰੂ ਦਸਮੇਸ਼ ਪਿਤਾ ਦੇ ਮਹਿਲਾਂ ਦੇ ਸਾਹਮਣੇ ਪਹੁੰਚ ਗਿਆ ਤੇ ਬੇਨਤੀ ਕੀਤੀ ਕਿ ਮੈਂ ਮਹਾਰਾਜ ਜੀ ਦੇ ਦਰਸ਼ਨ ਕਰਨੇ ਨੇ। ਉਹ ਕਹਿਣ ਲੱਗੇ ਕਿ ਅੱਜ ਪਾਤਿਸ਼ਾਹ ਬਾਹਰ ਨਹੀਂ ਆਏ, ਅੰਦਰ ਹੀ ਨੇ ਤੇ ਅਸੀਂ ਬੇਨਤੀ ਕਰ ਦਿੰਦੇ ਹਾਂ। ਉਨ੍ਹਾਂ ਨੇ ਬੇਨਤੀ ਕਰੀ ਕਿ ਮਹਾਰਾਜ! ਬਿਲਾਸਪੁਰ ਦਾ ਵਜ਼ੀਰ ਆਇਆ ਹੈ।

ਮਹਾਰਾਜ ਜੀ ਕਹਿੰਦੇ, "ਅੰਦਰ ਲੈ ਆਓ।"

ਅੰਦਰ ਲੈ ਆਏ ਜਿਥੇ ਆਪ ਬਿਰਾਜਮਾਨ ਸੀ ਤੇ ਹੈਰਾਨ ਹੋ ਗਿਆ ਕਿ ਮਹਾਰਾਜ ਜੀ ਦੇ

ਚਰਨਾਂ ਤੇ ਪੱਟੀਆਂ ਬੰਨ੍ਹੀਆਂ ਹੋਈਆਂ ਨੇ ਤੇ ਵਿਚੋਂ ਖ਼ੂਨ ਸਿੰਮਿਆ ਹੋਇਆ ਹੈ। ਉਸ ਵੇਲੇ ਹਿਰਦਾ ਕੰਬਿਆ ਕਿ ਮਨਾ! ਤੂੰ ਚਰਨਾਂ ਦਾ ਧਿਆਨ ਧਰਿਆ ਤੇ ਤਾਂ ਇਹ ਗੱਲ ਹੋਈ।

ਸੋ ਉਸ ਵੇਲੇ ਨਮਸ਼ਕਾਰ ਕੀਤੀ ਤੇ ਕਿਹਾ, "ਪਾਤਿਸ਼ਾਹ! ਚਰਨਾਂ ਤੇ ਖ਼ੂਨ ਦੇ ਧੱਬੇ ਕਿਉਂ ਨੇ?" ਮਹਾਰਾਜ ਜੀ ਮੁਸਕਰਾਏ ਤੇ ਕਹਿਣ ਲੱਗੇ, "ਦੇਵੀ ਦਾਸ! ਕਿਸੇ ਪ੍ਰੇਮੀ ਨੇ ਸਾਡੇ ਚਰਨਾਂ ਦਾ ਧਿਆਨ ਧਰ ਲਿਆ, ਉਸ ਦੀਆਂ ਅੱਖਾਂ ਵਿਚ ਸਿਲਾਈਆਂ ਫਿਰਨੀਆਂ ਸਨ। ਸੋ ਉਹ ਉਸ ਦੀਆਂ ਅੱਖਾਂ ਵਿਚ ਨਹੀਂ ਫਿਰੀਆਂ, ਉਹ ਸਾਡੇ ਚਰਨਾਂ ਨਾਲ ਲੱਗੀਆਂ ਆ ਕੇ।"

ਇਤਿਹਾਸ ਇਹ ਦਸਦਾ ਹੈ ਕਿ ਭਾਈ ਬਿਧੀ ਚੰਦ ਜਦੋਂ ਪੱਟੀ ਤੋਂ ਦੁਸ਼ਾਲੇ ਲੈ ਕੇ ਆਇਆ ਤੇ ਚਾਰੇ ਪਾਸਿਓਂ ਘਿਰ ਗਿਆ ਤਾਂ ਉਸ ਨੇ ਗੁਰੂ ਛੇਵੇਂ ਪਾਤਿਸ਼ਾਹ ਦਾ ਧਿਆਨ ਧਰ ਕੇ ਭੱਠ ਵਿਚ ਛਾਲ ਮਾਰੀ। ਏਧਰ ਲਹਿਰੇਗਾਗੇ ਗੁਰੂ ਮਹਾਰਾਜ ਜੀ ਬੈਠੇ ਨੇ, ਕਹਿਣ ਲੱਗੇ, "ਮਸ਼ਕਾਂ ਲਿਆਓ ਪਾਣੀ ਦੀਆਂ ਭਰ ਕੇ ਛੇਤੀ-ਛੇਤੀ।" ਮਸ਼ਕਾਂ ਪਾਈ ਜਾਂਦੇ ਨੇ, ਗੁਰੂ ਮਹਾਰਾਜ ਜੀ ਦੇ ਉਤੇ ਪਾਣੀ ਡੁਲ੍ਹੀ ਜਾਂਦਾ ਹੈ ਤੇ ਏਧਰ ਇਸ ਨੂੰ ਇਉਂ ਲਗਦਾ ਹੈ ਜਿਵੇਂ ਇਹ ਠੰਡੇ ਥਾਂ ਬੈਠਾ ਹੋਵੇ।

ਸੋ ਇਹ ਧਿਆਨ ਦੀ ਸ਼ਕਤੀ ਹੈ। ਧਿਆਨ ਦੀ ਸ਼ਕਤੀ ਦੇ ਨਾਲ ਕੱਛੂ ਬੱਚਿਆਂ ਨੂੰ ਪਾਲਦਾ ਹੈ। ਕੱਛੂ ਬਾਹਰ ਬਰੇਤੀ ਤੇ ਅੰਡੇ ਦਿੰਦਾ ਹੈ ਤੇ ਆਪ ਪਾਣੀ ਵਿਚ ਰਹਿੰਦਾ ਹੈ। ਉਹ ਕੇਵਲ ਧਿਆਨ ਸ਼ਕਤੀ ਦੇ ਨਾਲ ਬੱਚਿਆਂ ਨੂੰ ਪਾਲਦਾ ਹੈ।

ਸਿਮਰਨ ਸ਼ਕਤੀ ਦੇ ਨਾਲ ਕੂੰਜ ਹਜ਼ਾਰਾਂ ਕੋਹਾਂ ਤੇ –

*ਊਡੈ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ॥*
*ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ॥*
*ਪੰਨਾ – 10*

ਯਾਦ ਦੇ ਨਾਲ ਪਾਲਦੀ ਹੈ, 'ਵਾਤਸਲ ਯਾਦ' ਕਹਿੰਦੇ ਨੇ ਇਸ ਨੂੰ। ਤਾਰਾਂ ਜੁੜ ਜਾਂਦੀਆਂ ਨੇ ਜਿਵੇਂ remote control ਦੀਆਂ ਤਾਰਾਂ ਜੁੜਦੀਆਂ ਹਨ। ਆਹ ਬਾਹਰ ਸਾਡੇ ਰਾਕਟ ਜਾ ਰਹੇ ਨੇ ਹਜ਼ਾਰਾਂ ਮੀਲਾਂ ਤੇ, ਲੱਖਾਂ-ਕਰੋੜਾਂ ਮੀਲਾਂ ਤੇ, ਉਥੇ ਤੱਕ ਵੀ remote ਨਾਲ ਉਨ੍ਹਾਂ ਦੀ ਸੇਧ ਸਿੱਧੀ ਕਰ ਦਿੰਦੇ ਨੇ। ਮੰਗਲ ਸਿਤਾਰਾ ਚੌਦਾਂ ਕਰੋੜ ਕਿਲੋਮੀਟਰ ਦੂਰ ਹੈ। ਉਥੇ ਰਾਕਟ ਗਿਆ ਤਾਂ ਉਥੇ ਉਸ ਦੀ ਬਾਂਹ ਜਿਹੀ ਨਿਕਲ ਗਈ, ਕੰਮ ਨਹੀਂ ਸੀ ਕਰਦਾ। ਉਸ ਦਾ ਇਥੋਂ remote control ਨਾਲ ਪੁਰਜਾ ਠੀਕ ਕੀਤਾ, ਬਾਂਹ ਚਲਾਈ ਤਾਂ ਕੰਮ ਕਰਨ ਲੱਗਿਆ।

ਸੋ ਜਦੋਂ ਇਹ ਮਸ਼ੀਨਾਂ ਕੰਮ ਕਰਦੀਆਂ ਨੇ, ਤੇ ਵਿਚ ਤਾਰ ਕੋਈ ਨਹੀਂ, ਇਕ ਬੈਟਰੀ ਹੈ ਤੇ ਉਸ ਬੈਟਰੀ ਦੀ ਸ਼ਕਤੀ ਉਥੇ ਤੱਕ ਪਹੁੰਚਦੀ ਹੈ, ਫੇਰ ਯਾਦ ਦੀ ਸ਼ਕਤੀ ਕਿਵੇਂ ਨਹੀਂ ਗੁਰੂ ਤੱਕ ਪਹੁੰਚਦੀ? ਇਸੇ ਤਰ੍ਹਾਂ ਸਿਮਰਨ ਦੀ ਸ਼ਕਤੀ ਕਿਵੇਂ ਨਹੀਂ ਪਹੁੰਚਦੀ? ਜੇ ਕੂੰਜ ਆਪਣੇ ਬੱਚਿਆਂ ਨੂੰ ਪਾਲਦੀ ਹੈ ਸਿਮਰਨ ਦੇ ਨਾਲ, ਫੇਰ ਗੁਰੂ ਮਹਾਰਾਜ ਜੀ ਨੇ ਸੁਖਮਨੀ ਸਾਹਿਬ ਦੀ ਪਹਿਲੀ ਅਸ਼ਟਪਦੀ ਦੇ ਅੰਦਰ ਫੁਰਮਾਨ ਕੀਤਾ ਹੈ–

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥*
*ਕਲਿ ਕਲੇਸ ਤਨ ਮਾਹਿ ਮਿਟਾਵਉ॥*
*ਪੰਨਾ – 262*

ਉਸ ਦੇ ਉਤੇ ਸਾਡਾ ਵਿਸ਼ਵਾਸ ਨਹੀਂ ਬੱਝਦਾ। ਸੋ ਇਹ ਧਿਆਨ ਦੀ ਬਾਤ ਮੈਂ ਕਰੀ ਹੈ। ਪਹਿਲਾ ਧਿਆਨ ਹੁੰਦਾ ਹੈ ਸ਼ਬਦ ਦਾ, ਦੂਸਰਾ ਹੋਇਆ ਕਰਦਾ ਹੈ ਸਾਕਾਰ ਦਾ, ਤੀਸਰਾ ਧਿਆਨ ਹੁੰਦਾ ਹੈ ਜੋਤੀ ਦਾ – ਜੋਤੀ ਸਰੂਪ ਸਮਝ ਕੇ ਧਿਆਨ ਧਰਨਾ। ਚੌਥਾ ਧਿਆਨ ਨਹੀਂ ਹੁੰਦਾ, ਉਸ ਨੂੰ ਗਿਆਨ ਕਹਿੰਦੇ ਨੇ। ਉਸ ਸਾਰੇ ਪਰੀਪੂਰਨ ਵਾਹਿਗੁਰੂ ਵਿਚ ਲੀਨ ਹੋ ਕੇ ਭਗਤੀ ਕਰਨੀ, ਆਪਣਾ ਆਪਾ

ਗੁਆ ਦੇਣਾ ਤੇ ਇਹ ਸਮਝਣਾ ਕਿ ਅੰਦਰ ਬਾਹਰ ਮੇਰੇ ਚਾਰੇ ਪਾਸੇ ਵਾਹਿਗੁਰੂ ਹੀ ਹੈ। ਜਿਸ ਦਾ ਮੈਂ ਨਾਂ ਲੈਂਦਾ ਹਾਂ, ਉਹ ਮੇਰੇ ਨਾਲ ਹੀ ਹੈ। ਸੋ-

*ਦਿਬ ਦਿਸਟਿ ਗੁਰ ਧਿਆਨੁ ਧਰਿ ਸਿਖ ਵਿਰਲਾ ਕੋਈ।*
*ਭਾਈ ਗੁਰਦਾਸ ਜੀ ਦੀ ਵਾਰ 9/7*

ਕੋਈ ਵਿਰਲਾ ਵਿਰਲਾ ਸਿੱਖ ਹੈ ਐਸਾ -

*ਦਿਬ ਦਿਸਟਿ ਗੁਰ ਧਿਆਨੁ ਧਰਿ ਸਿਖ ਵਿਰਲਾ ਕੋਈ।*
*ਰਤਨ ਪਾਰਖੂ ਹੋਇਕੈ ਰਤਨਾ ਅਵਲੋਈ।*
*ਮਨੁ ਮਾਣਕੁ ਨਿਰਮੋਲਕਾ ਸਤਿਸੰਗ ਪਰੋਈ।*
*ਰਤਨਮਾਲ ਗੁਰ ਸਿਖ ਜਗਿ ਗੁਰਮਤਿ ਗੁਣ ਗੋਈ।*
*ਜੀਵਦਿਆਂ ਮਰਿ ਅਮਰੁ ਹੋਇ ਸੁਖ ਸਹਜਿ ਸਮੋਈ।*
*ਓਤਿ ਪੋਤਿ ਜੋਤੀ ਜੋਤਿ ਮਿਲਿ ਜਾਣੈ ਜਾਣੋਈ॥ ਭਾਈ ਗੁਰਦਾਸ ਜੀ ਦੀ ਵਾਰ 9/7*

ਜੋਤ ਵਿਚ ਜੋਤੀ ਮਿਲ ਜਾਂਦੀ ਹੈ, ਓਤ-ਪੋਤ ਹੋ ਜਾਂਦਾ ਹੈ ਜਿਵੇਂ ਤਾਣਾ ਤੇ ਪੇਟਾ ਹੁੰਦਾ ਹੈ ਤੇ ਜਾਨਣਹਾਰ ਵਾਹਿਗੁਰੂ ਆਪ ਜਾਣਦਾ ਹੈ, ਫੇਰ ਸੰਸਾਰ ਨੂੰ ਜਣਾਉਂਦਾ ਹੈ। ਸੋ ਐਸਾ ਕੋਈ ਵਿਰਲਾ ਸਿੱਖ ਹੈ ਤੇ ਉਸ ਦੀ ਜਿਹੜੀ ਅੰਦਰਲੀ ਅਵਸਥਾ ਹੈ ਉਸ ਦੇ ਬਾਰੇ ਏਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਅਨਹਦ ਧੁਨ ਧੀਰਾ -2, 2.*
*ਸਬਦ ਸੁਰਤਿ ਲਿਵਲੀਨ ਹੋਇ -2, 2.*
*ਅਨਹਦ ਧੁਨ ਧੀਰਾ,............. -2.*

*ਰਾਗ ਨਾਦ ਵਿਸਮਾਦੁ ਹੋਇ ਗੁਣ ਗਹਿਰ ਗੰਭੀਰਾ।*
*ਸਬਦ ਸੁਰਤਿ ਲਿਵਲੀਣ ਹੋਇ ਅਨਹਦ ਧੁਨਿ ਧੀਰਾ।*
*ਜੰਤ੍ਰੀ ਜੰਤ੍ਰ ਵਜਾਇਦਾ ਮਨਿ ਉਨਮਨਿ ਚੀਰਾ।*
*ਵਜਿ ਵਜਾਇ ਸਮਾਇ ਲੈ ਗੁਰ ਸਬਦ ਵਜੀਰਾ।*
*ਅੰਤਰਿਜਾਮੀ ਜਾਣੀਐ ਅੰਤਰਿ ਗਤਿ ਪੀਰਾ।*
*ਗੁਰ ਚੇਲਾ ਚੇਲਾ ਗੁਰੂ ..............॥ ਭਾਈ ਗੁਰਦਾਸ ਜੀ ਦੀ ਵਾਰ 9/8*

ਇਹ ਪਉੜੀ ਗੁਰੂ ਅੰਗਦ ਸਾਹਿਬ ਮਹਾਰਾਜ ਜੀ ਦੀ ਲਿਵਲੀਨਤਾ ਦਾ ਧਿਆਨ ਧਰ ਕੇ ਭਾਈ ਗੁਰਦਾਸ ਜੀ ਨੇ ਉਚਾਰੀ ਹੈ ਕਿਉਂਕਿ ਸਾਰਾ ਪ੍ਰਸੰਗ ਇਹ ਜੋ ਬੇਨਤੀਆਂ ਕੀਤੀਆਂ ਨੇ, ਇਹ ਉਨ੍ਹਾਂ ਦੇ ਦੁਆਲੇ ਘੁੰਮ ਰਹੀ ਹੈ ਸਾਰੀ ਅੰਦਰਲੀ ਅਵਸਥਾ। ਕਹਿੰਦੇ -

*ਰਾਗ ਨਾਦ ਵਿਸਮਾਦੁ ਹੋਇ.............। ਭਾਈ ਗੁਰਦਾਸ ਜੀ ਦੀ ਵਾਰ 9/8*

ਆਹ ਵੀ ਜਿਹੜੇ ਸ਼ਬਦ ਬਾਹਰ ਵਜਦੇ ਨੇ ਤੇ ਅੰਦਰ ਵਾਲੇ ਵੀ, ਇਹ ਵਿਸਮਾਦ ਦੀ ਅਵਸਥਾ ਵਿਚ ਲੈ ਜਾਂਦੇ ਨੇ -

*................... ਗੁਣ ਗਹਿਰ ਗੰਭੀਰਾ।*
*ਸਬਦ ਸੁਰਤਿ ਲਿਵਲੀਣ ਹੋਇ ਅਨਹਦ ਧੁਨਿ ਧੀਰਾ।*
*ਭਾਈ ਗੁਰਦਾਸ ਜੀ ਦੀ ਵਾਰ 9/8*

ਅਨਹਦ ਦੀ ਧੁਨ ਵਜ ਰਹੀ ਹੈ ਅੰਦਰ, ਸੁਰਤਿ ਸ਼ਬਦ ਵਿਚ ਲੀਨ ਹੋ ਜਾਂਦੀ ਹੈ।

***ਜੰਤ੍ਰੀ ਜੰਤ੍ਰ ਵਜਾਇਦਾ ਮਨਿ ਉਨਮਨਿ ਚੀਰਾ। ਭਾਈ ਗੁਰਦਾਸ ਜੀ ਦੀ ਵਾਰ 9/8***

ਜਦੋਂ ਕੋਈ ਬਾਹਰਲਾ ਵੀ ਸ਼ਬਦ ਵਜਦਾ ਹੈ, ਚਾਹੇ ਅੰਦਰਲਾ ਵਜਦਾ ਹੈ, ਤੁਰੀਆ ਅਵਸਥਾ ਵਿਚ ਗੁਰਸਿਖ ਦਾ ਮਨ ਪਹੁੰਚ ਜਾਂਦਾ ਹੈ, ਉਸੇ ਵੇਲੇ ਲੀਨ ਹੋ ਜਾਇਆ ਕਰਦਾ ਹੈ।

***ਵਜਿ ਵਜਾਇ ਸਮਾਇ ਲੈ ਗੁਰ ਸਬਦ ਵਜੀਰਾ।***
***ਅੰਤਰਿਜਾਮੀ ਜਾਣੀਐ ਅੰਤਰਿ ਗਤਿ ਪੀਰਾ। ਭਾਈ ਗੁਰਦਾਸ ਜੀ ਦੀ ਵਾਰ 9/8***

ਜੋ ਅੰਦਰਲੀ ਅਵਸਥਾ ਜਰੀ ਨਹੀਂ ਜਾਂਦੀ, ਜਦੋਂ ਉਸ ਅਜਰ ਨੂੰ ਜਰਦਾ ਹੈ, ਸੋ ਵਾਹਿਗੁਰੂ ਉਸ ਅੰਦਰਲੀ ਪੀੜਾ ਨੂੰ ਜਾਣਦਾ ਹੈ।

ਜਿਹੜੀ ਅੰਦਰ ਪੀੜ ਹੋ ਰਹੀ ਹੈ ਸਹਿਣ ਦੀ, ਰਿੱਧੀ ਸਿੱਧੀ ਆ ਜਾਏ, ਇਹ ਸਹਿਣੀ ਬਹੁਤ ਔਖੀ ਹੈ। ਆਹ ਬੀਬੀ ਜੀ ਦੇ ਪਿਤਾ ਜੀ ਬਾਰੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਦੇ ਨੇ ਕਿ ਇਕ ਵਾਰੀ ਉਹ ਸੰਗਤ ਵਿਚ ਮਹਾਰਾਜ ਜੀ ਦੀ ਤਾਅਬੇ ਬੈਠੇ ਨੇ, ਚੌਰ ਕਰ ਰਹੇ ਨੇ। ਐਸੀ ਬਿਰਤੀ ਲੀਨ ਹੋਈ ਸ਼ਬਦ ਦੇ ਅੰਦਰ ਕਿ ਸਹਿ ਨਾ ਹੋਈ ਉਨ੍ਹਾਂ ਤੋਂ, ਤੇ ਇਕ ਦਮ ਛੱਤ ਨਾਲ ਜਾ ਕੇ ਲੱਗ ਗਏ। ਹੌਲੀ-ਹੌਲੀ ਹੇਠਾਂ ਨੂੰ ਉਤਰੇ, ਫੇਰ ਨਹੀਂ ਸਹਿ ਹੋਈ, ਫੇਰ ਉਪਰ ਨੂੰ ਚਲੇ ਗਏ, ਫੇਰ ਹੌਲੀ-ਹੌਲੀ ਉਪਰੋਂ ਛੱਤ ਦੇ ਨਾਲ ਕੰਧਾਂ ਦੇ ਨਾਲ ਲਗਦੇ ਲਗਦੇ ਅਖੀਰ ਗੁਰੂ ਸਾਹਿਬ ਦੇ ਸਾਹਮਣੇ ਲੰਮੇ ਪੈ ਗਏ, 6 ਘੰਟੇ ਪਏ ਰਹੇ ਤੇ ਉਨ੍ਹਾਂ ਦੇ ਸਰੀਰ ਵਿਚੋਂ ਐਨਾ ਪ੍ਰਕਾਸ਼ ਨਿਕਲੇ ਕਿ ਵਾਜਿਆਂ ਵਾਲਿਆਂ ਦੇ ਵਾਜੇ ਬੰਦ ਹੋ ਗਏ, ਇਕ ਰੂਹਾਨੀ ਕੰਬਣੀ, ਸਾਰਿਆਂ ਦੇ ਅੰਦਰ ਝੁਣਝੁਣੀ ਲੱਗ ਗਈ ਤੇ ਕਿਸੇ ਤੋਂ ਬੋਲ ਨਹੀਂ ਸੀ ਹੁੰਦਾ। ਐਸਾ ਅਕਹਿ ਰਸ ਸਾਰਿਆਂ ਨੇ ਦੇਖਿਆ ਜੋ ਕਦੇ ਦੇਖਿਆ ਹੀ ਨਹੀਂ ਸੀ। ਛੇ ਘੰਟੇ ਤੋਂ ਬਾਅਦ ਉਨ੍ਹਾਂ ਨੇ ਅਰਦਾਸ ਕਰਕੇ ਉਸ ਅਜਰ ਨੂੰ ਜਰਿਆ। ਇਸ ਨੂੰ ਕਹਿੰਦੇ ਨੇ - ਅਜਰ ਨੂੰ ਜਰਨਾ, ਇਹ ਬਹੁਤ ਔਖਾ ਹੈ। ਜਦੋਂ ਨਾਮ ਦਾ ਪ੍ਰਕਾਸ਼ ਹੁੰਦਾ ਹੈ ਉਹ ਧੁਨ ਸੁਣੀ ਨਹੀਂ ਜਾਂਦੀ ਪਹਿਲਾਂ-ਪਹਿਲਾਂ। ਜਦੋਂ ਸੁਣਦਾ ਹੈ ਉਸ ਵੇਲੇ ਅਨੰਦ ਵਿਚ ਚਲੇ ਜਾਂਦਾ ਹੈ, ਸਹਿ ਨਹੀਂ ਹੁੰਦੀ।

ਇਕ ਵਾਰੀ ਮਹਾਰਾਜ ਜੀ ਇਥੇ ਚੰਡੀਗੜ੍ਹ ਬੈਠੇ ਸਨ। ਦੀਵਾਨ ਲੱਗ ਰਹੇ ਸੀ। 10 ਸੈਕਟਰ ਉਨ੍ਹਾਂ ਦੀ ਰਿਹਾਇਸ਼ ਵਾਸਤੇ ਕੋਠੀ ਲਈ ਹੋਈ ਸੀ ਅਸੀਂ। ਉਥੇ ਇਕ ਪ੍ਰੇਮੀ ਆਇਆ, ਕੋਈ ਪੰਡਤ ਸੀ, ਉਸ ਨੇ ਕਿਤੇ ਕੀਰਤਨ ਸੁਣਿਆ ਰਾਹ ਜਾਂਦੇ ਨੇ, ਉਹ ਕਹਿੰਦਾ ਠਹਿਰੋ! ਠਹਿਰੋ!! ਆਹ ਸ਼ਬਦ ਦੀ ਆਵਾਜ਼, ਕਰਨੀ ਕਮਾਈ ਵਾਲੇ ਦੀ ਹੈ, ਇਹ ਕਿਸੇ ਆਮ ਰਾਗੀ ਦੀ ਨਹੀਂ ਹੈ; ਠਹਿਰ ਜਾਓ। ਉਹ ਠਹਿਰ ਗਿਆ, ਕਹਿੰਦਾ, ਵਿੰਨ੍ਹਦੀ ਜਾਂਦੀ ਹੈ ਅੰਦਰ। ਏਨੇ ਨੂੰ ਉਥੇ ਇਕ ਹੋਰ ਖੜ੍ਹਾ ਸੀ, ਉਹ ਵੀ ਹਿੰਦੂ ਵੀਰ ਸੀ। ਉਹ ਕਹਿੰਦਾ ਜੀ! ਮੈਂ ਹੈਰਾਨ ਹਾਂ; ਮੇਰਾ ਗੁਰੂ ਮਥਰਾ ਵਿਚ ਰਹਿੰਦਾ ਹੈ, ਇਕ ਵਾਰੀ ਮੇਰੇ ਗੁਰੂ ਨੇ ਇਹ ਗੱਲ ਦੱਸੀ ਸੀ ਕਿ ਬੰਦਗੀ ਕਰਨ ਵਾਲਿਆਂ ਦੇ ਅੰਦਰੋਂ ਜਿਵੇਂ radiation ਹੁੰਦੀ ਹੈ ਸ਼ਕਤੀ ਕਿਰਨਾਂ ਬਿਖਰਦੀਆਂ ਹਨ, ਇਸ ਤਰ੍ਹਾਂ ਅੰਦਰ ਕੋਈ ਐਸੀ ਬੇਤਾਰ ਤਾਰ ਜੁੜਨ ਦਾ ਅਸਰ ਹੁੰਦਾ ਹੈ ਕਿ ਉਹ ਸਾਂਭਿਆ ਨਹੀਂ ਜਾਂਦਾ। ਉਹ ਕਹਿੰਦਾ ਮੈਨੂੰ ਆਹ ਅਨੁਭਵ ਹੋਇਆ ਹੈ ਕਿ ਆਹ ਉਹੋ ਆਵਾਜ਼, radiation ਹੋ ਰਹੀ ਹੈ ਸ਼ਬਦ ਦੀ।

ਸੋ ਦੂਸਰੇ ਦਿਨ ਪੁਛਦੇ-ਪੁਛਾਂਦੇ ਉਥੇ ਆ ਗਏ। ਅਸੀਂ ਵੀ ਰਾਤ ਨੂੰ ਦੀਵਾਨ ਵਿਚ ਦੱਸਿਆ ਸੀ ਕਿ ਭਾਈ! ਜਿਸ ਨੇ ਮਹਾਰਾਜ ਜੀ ਨੂੰ ਮਿਲਣਾ ਹੈ, 10 ਸੈਕਟਰ ਆ ਜਾਇਓ - 15 ਨੰਬਰ ਕੋਠੀ ਵਿਚ। ਸੋ ਉਹ ਉਥੇ ਪਹੁੰਚ ਗਏ। ਉਥੇ ਆ ਕੇ ਸ਼ਾਸਤਰੀ ਜੀ ਨੇ ਦੋ ਬਚਨ ਕਹੇ। ਬੜਾ ਵਿਦਵਾਨ ਸੀ ਉਹ ਪੜ੍ਹਿਆ-ਲਿਖਿਆ।

ਕਹਿੰਦਾ, "ਮਹਾਰਾਜ! ਸੁਣਦਾ ਹੈ, ਸੁਣ ਕਿਉਂ ਨਹੀਂ ਹੁੰਦਾ? ਦਿਸਦਾ ਹੈ, ਦੇਖਿਆ ਕਿਉਂ ਨਹੀਂ ਜਾਂਦਾ?"

ਮਹਾਰਾਜ ਜੀ ਕਹਿੰਦੇ, "ਅਭਿਆਸ ਨਹੀਂ ਹੈ ਪੰਡਤ ਜੀ!"

ਕਿਸੇ ਦੀ ਸਮਝ ਵਿਚ ਨਹੀਂ ਆਈ ਗੱਲ। ਉਸ ਨੇ ਐਨੀ ਗੱਲ ਸੁਣੀ ਨਮਸ਼ਕਾਰ ਕਰੀ ਤੇ ਅਸੀਸਾਂ ਦਿੰਦਾ ਹੋਇਆ ਚਲਾ ਗਿਆ। ਸਾਰੀ ਸੰਗਤ ਹੈਰਾਨ ਹੈ ਕਿ ਇਕ ਗੱਲ ਕਹੀ ਹੈ ਤੇ ਮਹਾਰਾਜ ਜੀ ਨੇ ਇਕੋ ਹੀ ਜਵਾਬ ਦਿੱਤਾ ਹੈ ਤੇ ਵਿਚ ਤਾਂ ਪਤਾ ਨਹੀਂ ਲੱਗਿਆ। ਬਾਅਦ ਵਿਚ ਪੁਛਿਆ ਕਿ ਮਹਾਰਾਜ! ਇਸ ਦਾ ਸਵਾਲ ਕੀ ਸੀ ਤੇ ਆਪਦਾ ਜਵਾਬ ਕੀ ਸੀ?

ਮਹਾਰਾਜ ਜੀ ਕਹਿੰਦੇ ਕਿ ਪ੍ਰੇਮੀਓਂ! ਅਨਹਦ ਸ਼ਬਦ ਦੀ ਹੱਦ ਦੇ ਉਤੇ ਜਿਥੇ 'ਸੋ' ਸ਼ਬਦ ਦਾ ਵਾਸਾ ਹੈ, ਜਿਸ ਨੂੰ ਏਕ ਸ਼ਬਦ ਕਹਿੰਦੇ ਨੇ; ਜਦੋਂ ਓਹਦੇ ਵਿਚ ਰੁਸਵਾਈ ਹੁੰਦੀ ਹੈ ਜਿਸ ਨੂੰ ਨਾਮ ਦੀ ਪ੍ਰਾਪਤੀ ਕਹਿੰਦੇ ਨੇ, ਸ਼ਬਦ ਦੀ ਪ੍ਰਾਪਤੀ ਹੋਣ, ਦੇ ਨਾਲ ਕਿਉਂਕਿ ਉਹ 'ਆਦਿ ਸ਼ਬਦ' ਹੈ, ਸਤਿ ਸ਼ਬਦ ਉਸ ਨੂੰ ਆਖਿਆ ਜਾਂਦਾ ਹੈ, ਉਸ ਸਤਿ ਸ਼ਬਦ ਦੇ ਨਾਲ ਜਦੋਂ ਜੀਵ ਦੀ ਸੁਰਤਿ ਦਾ ਸੰਪਰਕ ਹੁੰਦਾ ਹੈ ਤਾਂ ਉਹ ਦਿੱਬ ਸ਼ਬਦ ਐਡਾ ਸ਼ਕਤੀਸ਼ਾਲੀ ਹੈ, ਉਸ ਦੇ ਵਿਚ ਐਨਾ ਅਨੰਦ ਹੈ ਕਿ ਉਹ ਸਹਿ ਨਹੀਂ ਹੁੰਦਾ। ਉਥੇ ਜੋ ਨਾਦ ਹੁੰਦਾ ਹੈ - ਅਨਹਦ ਸ਼ਬਦ ਦਾ ਨਾਦ, ਉਹ ਦਰਗਾਹੀ ਨਾਦ ਹੋਇਆ ਕਰਦਾ ਹੈ - cosmic music, ਉਹ ਦਰਗਾਹ ਤੋਂ ਆਉਂਦਾ ਹੈ ਕਿਉਂਕਿ ਪ੍ਰਮੇਸ਼ਰ ਦੇ ਦਰ ਤੇ ਸਭ ਗਾ ਰਹੇ ਨੇ।

***ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥***
***ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ॥***
***ਰਹਿਰਾਸ ਸਾਹਿਬ***

ਉਥੇ ਰਾਗ ਚੱਲ ਰਿਹਾ ਹੈ, music (ਸੰਗੀਤ) ਚੱਲ ਰਿਹਾ ਹੈ ਰੱਬ ਦੇ ਦਰ ਤੇ। ਜਦੋਂ ਉਸ ਨਾਲ ਸੁਰਤਿ ਇਕ-ਮਿੱਕ ਹੁੰਦੀ ਹੈ ਤਾਂ ਇਸ ਜੀਵ ਦੇ ਵੱਸ ਦੀ ਬਾਤ ਨਹੀਂ ਕਿ ਇਹ ਉਸ ਨੂੰ ਸੁਣ ਕੇ ਸਹਿ ਲਵੇ। ਕੋਈ ਵਿਰਲਾ-ਵਿਰਲਾ ਹੈ ਜਿਸ ਦਾ ਅਭਿਆਸ ਪੱਕਾ ਹੋਵੇ, ਉਹ ਬਾਰ-ਬਾਰ ਉਥੇ ਪਹੁੰਚ ਕੇ ਉਸ ਅਜਰ ਨੂੰ ਜਰਦਾ ਹੈ।

ਇਸੇ ਤਰ੍ਹਾਂ ਜਦੋਂ ਪ੍ਰਕਾਸ਼ ਹੁੰਦਾ ਹੈ ਅੰਦਰ, ਉਸ ਨੂੰ ਵੀ ਜਰਨਾ ਬਹੁਤ ਔਖਾ ਹੁੰਦਾ ਹੈ। ਸੋ ਪਿਤਾ ਜੀ ਨੂੰ ਪੁਛਿਆ ਕਿ ਕੀ ਗੱਲ ਹੋਈ ਸੀ। ਉਹ ਕਹਿੰਦੇ ਕਿ ਐਨਾ ਪ੍ਰਕਾਸ਼ ਗੁਰੂ ਨਾਨਕ ਪਾਤਿਸ਼ਾਹ ਦਾ ਅੰਦਰ ਆਇਆ ਕਿ ਸਾਥੋਂ ਝੱਲਿਆ ਨਾ ਗਿਆ। ਸਰੀਰ balance (ਗੁਰੂਤਾ ਸ਼ਕਤੀ) ਛਡ ਗਿਆ ਤੇ ਸਾਨੂੰ ਉਸ ਤੋਂ ਬਾਅਦ ਕੋਈ ਪਤਾ ਨਹੀਂ ਕੀ ਹੋਇਆ, ਸਾਡੀ ਤਾਂ ਅਰਦਾਸ ਹੀ ਸੀ ਕਿ ਹੇ ਪਾਤਿਸ਼ਾਹ! ਇਸ ਅਜਰ ਨੂੰ ਜਰਨ ਦੀ ਸ਼ਕਤੀ ਬਖਸ਼ੋ। ਸੋ ਇਹ ਜੋ ਪੀੜ ਹੈ -

***ਅੰਤਰਿਜਾਮੀ ਜਾਣੀਐ ਅੰਤਰਿ ਗਤਿ ਪੀਰਾ॥ ਭਾਈ ਗੁਰਦਾਸ ਜੀ ਦੀ ਵਾਰ 9/8***

ਜਿਹੜੀ ਇਹ ਅੰਦਰ ਪੀੜ ਹੁੰਦੀ ਹੈ, ਵਾਹਿਗੁਰੂ ਹੀ ਇਸ ਨੂੰ ਜਾਣਦਾ ਹੈ -

***ਗੁਰ ਚੇਲਾ ਚੇਲਾ ਗੁਰੂ ਬੇਧਿ ਹੀਰੈ ਹੀਰਾ॥ ਭਾਈ ਗੁਰਦਾਸ ਜੀ ਦੀ ਵਾਰ 9/8***

ਗੁਰੂ ਚੇਲਾ ਹੈ, ਗੁਰੂ ਅੰਗਦ ਸਾਹਿਬ ਚੇਲੇ ਨੇ ਤੇ ਚੇਲਾ ਹੀ ਗੁਰੂ ਬਣਿਆ ਹੋਇਆ ਹੈ, ਫਰਕ ਨਹੀਂ ਦੋਹਾਂ ਦੇ ਅੰਦਰ, ਇਕ ਨਜ਼ਰ ਆਉਂਦੇ ਨੇ।

ਸੋ ਦੋ ਸ਼ਬਦ ਹੁੰਦੇ ਨੇ - ਇਕ ਨੂੰ ਆਹਤ ਕਹਿੰਦੇ ਨੇ, ਦੂਜੇ ਨੂੰ ਅਨਾਹਦ ਕਹਿੰਦੇ ਨੇ। ਅਨਾਹਦ ਸ਼ਬਦ ਦੇ ਅੰਦਰ ਜਦੋਂ ਬਿਰਤੀ ਲੀਨ ਹੋ ਜਾਂਦੀ ਹੈ ਤੇ ਫੇਰ ਨਾਮ ਰੰਗ ਆਉਂਦਾ ਹੈ, ਨਾਮ ਦਾ ਪਿਆਰ

ਆਉਂਦਾ ਹੈ, ਫੇਰ ਜਿਹੜਾ ਗੁਰਸਿੱਖ ਪੂਰਾ ਹੈ ਉਹ ਅਜਰ ਨੂੰ ਜਰ ਲੈਂਦਾ ਹੈ।

ਸੋ ਗੁਰੂ ਅੰਗਦ ਸਾਹਿਬ ਮਹਾਰਾਜ ਜੀ ਦੀ ਪਰੀਤ ਨੂੰ ਗੁਰੂ ਨਾਨਕ ਮਹਾਰਾਜ ਜਾਣਦੇ ਨੇ – ਅੰਦਰਲੀ ਪੀੜਾ ਨੂੰ, ਉਹ ਰਜ਼ਾਅ ਤੇ ਸ਼ੁਕਰ ਵਿਚ ਰਹਿੰਦੇ ਨੇ। ਸੋ ਇਕ ਥਾਂ ਰਹਿੰਦੇ ਨੇ ਦੋਏ। ਜਿਵੇਂ ਵਿੰਨ੍ਹਣ ਵਾਲਾ ਤੇ ਵਿਝਣ ਵਾਲਾ ਦੋਏ ਹੀਰੇ ਹੁੰਦੇ ਨੇ, ਇਸੇ ਤਰ੍ਹਾਂ ਦੇ ਨਾਲ ਗੁਰੂ ਨਾਨਕ ਪਾਤਿਸ਼ਾਹ ਤੇ ਗੁਰੂ ਅੰਗਦ ਦੇਵ ਮਹਾਰਾਜ ਜੀ ਇਨ੍ਹਾਂ ਵਿਚ ਕੋਈ ਫਰਕ ਨਹੀਂ ਹੈ। ਗੁਰੂ ਦਾ ਸਿੱਖ ਗੁਰੂ ਦਾ ਰੂਪ ਹੋਇਆ ਹੋਇਆ ਹੈ। ਗੁਰੂ ਦਸਵੇਂ ਪਾਤਿਸ਼ਾਹ ਬਾਰੇ ਲਿਖਿਆ ਹੋਇਆ ਹੈ –

*ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥ ਭਾਈ ਗੁਰਦਾਸ ਜੀ ਦੀ ਵਾਰ 41/1*

ਸੋ ਗੁਰੂ ਨਾਨਕ ਪਾਰਸ ਹੈ, ਪਾਰਸ ਦੇ ਨਾਲ ਲੱਗ ਕੇ ਪਾਰਸ ਬਣਨਾ ਔਖਾ ਹੈ। ਪਾਰਸ ਸੋਨਾ ਤਾਂ ਬਣਾ ਦਿੰਦਾ ਹੈ ਪਰ ਪਾਰਸ, ਪਾਰਸ ਬਣਾਉਂਦਾ ਨਹੀਂ ਕਦੇ ਸੁਣਿਆ। ਸੋ ਗੁਰੂ ਨਾਨਕ ਪਾਤਿਸ਼ਾਹ ਜੋ ਪਾਰਸ ਹੈ, ਉਸ ਦੇ ਨਾਲ ਜਿਹੜਾ ਲੱਗਿਆ ਹੈ ਉਸ ਨੂੰ ਆਪਣਾ ਰੂਪ ਦਿੰਦਾ ਹੈ। ਜੋਤ ਵਿਚ ਜੋਤ ਮਿਲੀ ਹੋਈ ਹੈ, ਸੁਰ ਤਾਲ ਇਕ ਹੋ ਰਿਹਾ ਹੈ। ਇਸ ਨੂੰ ਕਹਿੰਦੇ ਨੇ –

*.............. ਗੁਰ ਗੋਰਿ ਸਮਾਵੈ॥ ਭਾਈ ਗੁਰਦਾਸ ਜੀ ਦੀ ਵਾਰ 9/22*

ਚੇਲੇ ਦਾ ਪਿਆਰ ਗੁਰੂ ਪ੍ਰੇਮ ਵਿਚ ਪੈ ਕੇ ਇਕ ਹੋ ਰਿਹਾ ਹੈ। ਦੋਵੇਂ ਇਕ ਜੋਤ ਹੋਈ ਹੋਈ ਹੈ ਤੇ ਮੂਰਤਾਂ ਦੇਖਣ ਨੂੰ ਵੱਖ ਲੱਗਦੀਆਂ ਨੇ। ਗੁਰੂ ਨਾਨਕ ਪਾਤਿਸ਼ਾਹ ਨੇ ਇਹ ਪ੍ਰੇਮ ਆਪ ਉਨ੍ਹਾਂ ਅੰਦਰ ਪੈਦਾ ਕੀਤਾ ਹੈ, (ਗੁਰੂ) ਅੰਗਦ ਹੁਣ ਸਰਵ ਸ੍ਰੇਸ਼ਠ ਹੋ ਗਏ ਨੇ, ਸਹਿਜ ਦੀ ਸਮਾਈ, ਤੁਰੀਆ ਅਵਸਥਾ ਵਿਚ ਖੇਲ੍ਹ ਰਹੇ ਨੇ। ਸੋ ਓਸ ਅਵਸਥਾ ਨੂੰ ਵਰਣਨ ਕਰਨ ਵਾਸਤੇ ਭਾਈ ਗੁਰਦਾਸ ਜੀ ਨੇ ਏਸ ਤਰ੍ਹਾਂ ਵਰਣਨ ਕੀਤਾ–

*ਧਾਰਨਾ – ਗੁਰਮੁਖ ਵਡਿਆਈ, ਪਾਰਸ ਹੋਇਆ ਪਾਰਸੋਂ –2, 2.*

*ਪਾਰਸੁ ਹੋਇਆ ਪਾਰਸਹੁੰ ਗੁਰਮੁਖਿ ਵਡਿਆਈ।*
*ਹੀਰੈ ਹੀਰਾ ਬੇਧਿਆ ਜੋਤੀ ਜੋਤਿ ਮਿਲਾਈ।*
*ਸਬਦ ਸੁਰਤਿ ਲਿਵ ਲੀਣੁ ਹੋਇ ਜੰਤ੍ਰ ਜੰਤ੍ਰੀ ਵਾਈ।*
*ਗੁਰ ਚੇਲਾ ਚੇਲਾ ਗੁਰੂ ਪਰਚਾ ਪਰਚਾਈ।*
*ਪੁਰਖਹੁੰ ਪੁਰਖੁ ਉਪਾਇਆ ਪੁਰਖੋਤਮ ਹਾਈ।*
*ਵੀਹ ਇਕੀਹ ਉਲੰਘਿਕੈ ਹੋਇ ਸਹਜਿ ਸਮਾਈ॥ ਭਾਈ ਗੁਰਦਾਸ ਜੀ ਦੀ ਵਾਰ 9/9*

ਗੁਰੂ ਨਾਨਕ ਦੇਵ ਜੀ ਦੇ ਪ੍ਰੇਮ ਨੇ ਤੇ ਭਾਈ ਲਹਿਣਾ ਦੀ ਸੇਵਾ ਨੇ ਗੁਰੂ ਨਾਨਕ ਸਾਹਿਬ ਨੂੰ ਐਨਾ ਪ੍ਰਸੰਨ ਕਰ ਲਿਆ ਕਿ ਉਨ੍ਹਾਂ ਨੇ ਆਪਣਾ ਹੀ ਰੂਪ ਬਣਾ ਲਿਆ।

ਤਿੰਨਾਂ ਗੁਣਾਂ ਵਿਚੋਂ ਲੰਘ ਕੇ ਤੁਰੀਆ ਦੇ ਵਿਚ ਨਿਵਾਸ ਕਰ ਲਿਆ। ਸੋ ਇਸ ਤਰ੍ਹਾਂ ਗੁਰਸਿੱਖੀ ਦਾ ਜੋ ਮਾਰਗ ਹੈ ਸਾਧ ਸੰਗਤ ਜੀ! ਸਾਰਿਆਂ ਤੋਂ ਸ੍ਰੇਸ਼ਟ ਮਾਰਗ ਹੈ, ਇਹ 'ਸਬਦਿ ਸੁਰਤਿ' ਦਾ ਮਾਰਗ ਹੈ। ਸੁਰਤ ਨੂੰ ਸ਼ਬਦ ਦੇ ਨਾਲ ਲਾਉਣਾ ਹੈ। ਜਦੋਂ ਗੁਰੂ ਨਾਨਕ ਸਾਹਿਬ ਨੂੰ ਪੁਛਿਆ ਸਿੱਧਾਂ ਨੇ ਕਿ ਹੇ ਨਾਨਕ! ਇਕ ਗੱਲ ਸਾਡੀ ਸਮਝ ਵਿਚ ਨਹੀਂ ਆਉਂਦੀ ਕਿ ਤੂੰ ਇਹ ਕਹਿੰਦਾ ਹੈਂ ਕਿ ਜਿਹੜੇ ਮੇਰੇ ਗੁਰਸਿਖ ਹੋਣਗੇ ਉਹ ਗ੍ਰਿਹਸਥੀ ਵੀ ਹੋਣਗੇ, ਬੱਚਿਆਂ ਨੂੰ ਵੀ ਪਾਲਣਗੇ, ਆਪਣਾ ਫਰਜ਼ ਵੀ ਪੂਰਾ ਕਰਨਗੇ, ਰਾਜ ਵੀ ਕਰਨਗੇ, ਵਪਾਰ ਵੀ ਕਰਨਗੇ ਪਰ ਅਸੀਂ ਤਾਂ ਹੈਰਾਨ ਹਾਂ ਕਿ ਕਦੇ ਇਹ ਜੀਵ ਲੰਘ ਸਕਦਾ ਹੈ? ਬਿਲਕੁਲ ਨਹੀਂ ਲੰਘ ਸਕਦਾ। ਇਹ ਤਾਂ ਮਾਇਆ ਦੇ ਵਿਚ ਸੌਂ

ਜਾਣਗੇ, ਇਨ੍ਹਾਂ ਦੇ ਵਿਚ ਮੋਹ ਆਏਗਾ, ਕਾਮ ਆਏਗਾ, ਕ੍ਰੋਧ ਆਏਗਾ, ਲੋਭ ਆਏਗਾ, ਈਰਖਾ ਆਏਗੀ, ਨਿੰਦਿਆ ਕਰਨਗੇ, ਕਿਸੇ ਦੀ ਉਸਤਤ ਕਰੇ ਤੋਂ ਖੁਸ਼ ਹੋਣਗੇ। ਉਹ ਕਿਹੜਾ ਤਰੀਕਾ ਹੈ ਜਿਸ ਦੇ ਨਾਲ ਤੁਸੀਂ ਲੰਘਾ ਦਿਓਗੇ? ਹੈ ਵੀ ਬੜਾ ਔਖਾ ਸਾਧ ਸੰਗਤ ਜੀ! ਵੱਡੇ-ਵੱਡੇ ਹਾਰ ਮੰਨ ਕੇ ਨੱਠ ਗਏ ਨੇ। ਰਸਤੇ ਦੋਵੇਂ ਔਖੇ ਨੇ - ਉਹ ਵੀ ਔਖਾ ਹੈ, ਇਹ ਵੀ ਔਖਾ ਹੈ।

ਮਹਾਰਾਜ ਜੀ ਕਹਿਣ ਲੱਗੇ ਕਿ ਹੇ ਨਾਥ ਜੀ! ਸਾਡਾ ਰਸਤਾ ਤੁਹਾਡੇ ਵਾਲਾ ਨਹੀਂ ਹੈ। ਨਾ ਤਾਂ ਸਾਨੂੰ ਪ੍ਰਾਣਾਯਾਮ ਕਰਾਉਣ ਦੀ ਲੋੜ ਹੈ, ਨਾ ਨੇਤੀ, ਧੋਤੀ, ਬਸਤੀ ਵਗੈਰਾ ਕਰਾਉਣ ਦੀ ਲੋੜ ਹੈ, ਕਪਾਲੀ ਅਸੀਂ ਨਹੀਂ ਕਰਾਉਣੀ, ਐਸੇ ਸਾਧਨ ਅਸੀਂ ਨਹੀਂ ਕਰਾਉਣੇ, ਸਾਡੇ ਤਾਂ ਸਿੱਖ ਨੇ ਗੁਰੂ ਨੂੰ ਪਿਆਰ ਕਰਨਾ ਹੈ। ਪਿਆਰ ਦੇ ਵਿਚ ਇਹ ਸ਼ਕਤੀ ਹੈ ਕਿ ਜਿਉਂ ਜਿਉਂ ਪਿਆਰ ਕਰੀਂ ਜਾਓ, ਉਸ ਦਾ ਧਿਆਨ ਹਿਰਦੇ 'ਚ ਆਉਣਾ ਸ਼ੁਰੂ ਹੋ ਜਾਂਦਾ ਹੈ, ਉਸ ਦੇ ਨਾਲ ਲੀਨ ਹੋ ਜਾਂਦਾ ਹੈ। ਸਾਰਾ ਦਿਨ ਉਸ ਦੇ ਨਾਲ ਪਰਚਿਆ ਰਹਿ ਸਕਦਾ ਹੈ ਜੇ ਪਿਆਰ ਹੋਵੇ। ਜਦੋਂ ਗੁਰੂ ਨੂੰ ਪਿਆਰ ਕਰੇਗਾ ਤਾਂ ਗੁਰੂ ਦਾ ਸ਼ਬਦ ਹਿਰਦੇ ਵਿਚ ਵਸਾਏਗਾ। ਉਸ ਦੀ ਸੁਰਤ ਦੇ ਨਾਲ ਜਦੋਂ ਸ਼ਬਦ ਲੱਗ ਗਿਆ ਫੇਰ ਉਸ ਨੂੰ ਬਾਹਰਲੀ ਦੁਨੀਆਂ ਦੇ ਰੁਝੇਵੇਂ ਕੁਝ ਨਹੀਂ ਕਹਿੰਦੇ ਕਿਉਂਕਿ ਅੰਦਰ ਸੁਰਤਿ ਐਨੀ ਤਕੜੀ ਹੋ ਗਈ ਕਿ ਉਹ ਕੰਮ ਕਰਦਾ ਹੋਇਆ ਵੀ ਕੋਈ ਕੰਮ ਨਹੀਂ ਕਰ ਰਿਹਾ, ਬੱਚਿਆਂ ਨੂੰ ਪਾਲਦਾ ਹੋਇਆ ਵੀ ਪਾਲ ਨਹੀਂ ਰਿਹਾ, ਸਾਰੇ ਫਰਜ਼ ਪੂਰੇ ਕਰਦਾ ਹੋਇਆ ਵੀ ਫੇਰ ਉਹ ਨਿਰਲੇਪ ਰਹਿੰਦਾ ਹੈ। ਸੋ ਸਾਡਾ ਜੋ ਮਾਰਗ ਹੈ ਉਹ ਸੁਰਤਿ ਸ਼ਬਦ ਦਾ ਹੈ -

*ਧਾਰਨਾ - ਨਾਨਕ ਨਾਮ ਵਖਾਣੇ ਜੀ,*
*ਸੁਰਤਿ ਸ਼ਬਦ ਭਵ ਸਾਗਰ ਤਰੀਐ -2, 2.*
*ਸੁਰਤਿ ਸਬਦ ਭਵ ਸਾਗਰ ਤਰੀਐ -2, 2.*
*ਨਾਨਕ ਨਾਮ ਵਖਾਣੇ ਜੀ,............ -2.*

ਸੋ ਨਾਥ ਜੀ! ਸਾਰਾ ਹੀ ਸਬੰਧ ਮਨ ਨਾਲ ਹੁੰਦਾ ਹੈ।

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧ ਹੋਇ॥*
*ਮਨ ਹੀ ਮਨ ਸਿਉ ਕਹੈ ਕਬੀਰਾ ਮਨ ਸਾ ਮਿਲਿਆ ਨ ਕੋਇ॥*
*ਪੰਨਾ - 342*

ਮਨ ਦੇ ਉਤੇ ਸੁਰਤ ਹੋਇਆ ਕਰਦੀ ਹੈ। ਸੋ ਸੁਰਤਿ ਜਦੋਂ ਸ਼ਬਦ ਦੇ ਨਾਲ ਲੱਗ ਗਈ ਫੇਰ ਮਨ ਨੇ ਨਹੀਂ ਦੌੜਨਾ ਕਿਉਂਕਿ ਸੁਰਤ ਜਦੋਂ ਸ਼ਬਦ ਵਿਚ ਲੱਗਣੀ ਹੈ ਤਾਂ ਸ਼ਬਦ ਵਿਚੋਂ ਰਸ ਆਉਣਾ ਹੈ। ਸੋ ਇਸ ਤਰ੍ਹਾਂ ਗ੍ਰਹਿਸਤ ਵਿਚ ਰਹਿੰਦੇ ਹੋਏ ਸਾਡੇ ਗੁਰਸਿੱਖ ਆਪਣਾ ਰੂਹਾਨੀ ਪੈਂਡਾ ਤੈਅ ਕਰ ਲਿਆ ਕਰਨਗੇ ਪਰ ਲਗਨ ਹੋਣੀ ਚਾਹੀਦੀ ਹੈ। ਬੜੀ ਸ਼ਿਕਾਇਤ ਹੈ ਸੋਝੀ ਵਾਲੇ ਬੰਦਿਆਂ ਨੂੰ ਕਿ ਅਸੀਂ ਕੇਵਲ ਭੇਖ ਦੇ ਸਿੱਖ ਰਹਿ ਗਏ, ਅੰਦਰੋਂ ਬਿਲਕੁਲ ਖਾਲੀ ਹੋ ਗਏ। ਇਹ ਜੋ ਬੇਨਤੀਆਂ ਕੀਤੀਆਂ ਨੇ, ਇਹ ਸਿੱਖ ਦੀ ਅੰਦਰਲੀ ਅਵਸਥਾ ਦੀਆਂ ਬੇਨਤੀਆਂ ਕੀਤੀਆਂ ਨੇ। ਸਿੱਖ ਦੇ ਅੰਦਰ ਪਿਆਰ ਹੁੰਦਾ ਹੈ ਗੁਰੂ ਦਾ, ਹਰ ਵਕਤ ਗੁਰੂ ਦੇ ਪਿਆਰ ਵਿਚ ਰਹਿੰਦਾ ਹੈ, ਗੁਰੂ ਦੀ ਗੱਲ ਸੁਣਦਾ ਹੈ; ਕਦੇ ਵੈਰਾਗ ਆ ਜਾਂਦਾ ਹੈ, ਕਦੇ ਖੇੜੇ ਵਿਚ ਆ ਜਾਂਦਾ ਹੈ।

*ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥*
*ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥*
*ਪੰਨਾ - 558*

ਸੋ ਗੁਰੂ ਅੰਗਦ ਸਾਹਿਬ ਮਹਾਰਾਜ ਜੀ ਇਕ ਤਰ੍ਹਾਂ ਦੇ ਨਾਲ ਗੁਰੂ ਨਾਨਕ ਸਾਹਿਬ ਦੇ ਅੰਦਰ ਲੀਨ ਹੋਏ ਹੋਏ ਸੀ, ਹਰ ਵਕਤ ਗੁਰੂ ਨਾਨਕ ਸਾਹਿਬ ਵੱਲ ਚਕੋਰ ਵੱਤ ਝਾਕੀ ਜਾਂਦੇ, ਹਰ ਵਕਤ ਨਿਗ੍ਹਾ ਰੱਖਦੇ ਨੇ, ਅੱਖ ਝਮਕਣੀ ਵੀ ਭੁੱਲੇ ਹੋਏ ਨੇ ਕਿ ਜੇ ਅੱਖ ਝਮਕੀ, ਓਨਾਂ ਚਿਰ ਗੁਰੂ ਸਰੂਪ

ਦੂਰ ਹੋ ਜਾਏਗਾ। ਜਿਥੇ ਮਹਾਰਾਜ ਜੀ ਬਿਰਾਜਦੇ ਨੇ, ਆਪ ਉਥੇ ਹੀ ਧਰਤੀ ਤੇ, ਹੇਠ ਬਿਰਾਜ ਜਾਂਦੇ ਨੇ। ਜਿਧਰ ਮਹਾਰਾਜ ਜੀ ਜਾਂਦੇ ਨੇ, ਆਪ ਨਾਲ ਹੀ ਜਾਂਦੇ ਨੇ। ਅੰਮ੍ਰਿਤ ਵੇਲੇ ਉਠ ਕੇ ਗੁਰੂ ਨਾਨਕ ਪਾਤਿਸ਼ਾਹ ਰਾਵੀ 'ਚ ਇਸ਼ਨਾਨ ਕਰਨ ਜਾਇਆ ਕਰਦੇ ਸਨ। ਸਰਦੀਆਂ ਸਨ, ਬੜੀ-ਬੜੀ ਦੇਰ ਤੱਕ ਆਪ ਪਾਣੀ ਵਿਚ ਖੜ੍ਹੇ ਰਹਿੰਦੇ ਸਨ। ਆਪ ਨੇ ਡੇਢ ਪਹਿਰ ਰਾਤ ਰਹਿੰਦੇ ਉਠ ਕੇ ਇਸ਼ਨਾਨ ਕਰਨਾ, ਸਰਦੀ ਹੋਵੇ ਜਾਂ ਗਰਮੀ ਹੋਵੇ ਇਹੀ ਨਿਤਨੇਮ ਸੀ। ਸਰਦੀਆਂ ਦੇ ਵਿਚ ਆਪਨੇ ਪਾਣੀ ਵਿਚ ਖੜ੍ਹ ਜਾਣਾ, ਆਪ (ਗੁਰੂ ਅੰਗਦ ਦੇਵ ਜੀ) ਨੇ ਕੰਢੇ ਬੈਠੇ ਰਹਿਣਾ, ਇਕ ਟੱਕ ਗੁਰੂ ਮਹਾਰਾਜ ਜੀ ਦੇ ਚਿਹਰੇ ਵੱਲ ਦੇਖੀ ਜਾਣਾ। ਫੇਰ ਮਹਾਰਾਜ ਜੀ ਨੇ ਹੋਰ ਕਿਤੇ ਚਲੇ ਜਾਣਾ। ਦੋ ਮੀਲ ਤੇ ਪੱਥਰ ਗੱਡ ਲਿਆ, ਏਧਰ ਵੀ ਗੱਡ ਲਿਆ। ਸਾਰਾ ਦਿਨ, ਸਾਰੀ ਰਾਤ ਤੁਰਦੇ ਹੀ ਰਹਿਣਾ, ਓਹ ਸਿਰੇ ਤੇ ਚਲੇ ਗਏ ਉਥੋਂ ਮੁੜ ਆਏ, ਏਧਰੋਂ ਫੇਰ ਮੁੜ ਗਏ। ਇਨ੍ਹਾਂ ਨੇ ਵਿਚਾਲੇ ਖੜ੍ਹੇ ਹੋ ਜਾਣਾ ਤੇ ਜੇ ਏਧਰ ਨੂੰ ਗਏ ਤਾਂ ਏਧਰ ਦੇਖੀ ਜਾਣਾ, ਜੇ ਓਧਰ ਨੂੰ ਗਏ ਤਾਂ ਓਧਰ ਦੇਖੀ ਜਾਣਾ, ਜਦੋਂ ਨਿਗ੍ਹਾ ਤੋਂ ਓਹਲੇ ਹੋਣ ਲੱਗਣ, ਉਸੇ ਵੇਲੇ ਓਨੇ ਹੀ ਅੱਗੇ ਹੋਰ ਹੋ ਜਾਣਾ। ਇਹ ਕਿਸੇ ਨੂੰ ਦਿਖਾਉਣ ਵਾਸਤੇ ਨਹੀਂ ਸੀ ਕਰਦੇ, ਇਹ ਅੰਦਰਲੇ ਪਾਸੇ ਪਿਆਰ ਸੀ, ਉਹ ਜੋ ਪਿਆਰ ਹੁੰਦਾ ਹੈ, ਦੁਨੀਆਂ ਦੇ ਪਿਆਰ ਦੀਆਂ ਕਹਾਣੀਆਂ ਅਸੀਂ ਕਰ ਸਕਦੇ ਹਾਂ, ਲੈਲਾ ਦੇ ਪਿਆਰ ਦੀ ਕਰਨੀ ਹੋਵੇ ਕੀਤੀ ਜਾ ਸਕਦੀ ਹੈ, ਹੀਰ ਰਾਂਝੇ ਦੇ ਪਿਆਰ ਦੀ ਕਰਨੀ ਹੋਵੇ, ਤਾਂ ਬਣ ਜਾਂਦੀ ਹੈ ਪਰ ਇਹ ਫੇਰ ਵੀ ਅਧੂਰੇ ਪਿਆਰ ਹੋਇਆ ਕਰਦੇ ਨੇ। ਗੁਰੂ ਤੇ ਚੇਲੇ ਦੇ ਪਿਆਰ ਦਾ ਸਾਨੀ ਸੰਸਾਰ ਦਾ ਕੋਈ ਪਿਆਰ ਨਹੀਂ ਹੈ। ਉਸ ਦੀ ਕਥਾ ਨੂੰ ਅਕਥ ਕਿਹਾ ਹੈ, ਏਸ ਤਰ੍ਹਾਂ ਫੁਰਮਾਨ ਕਰਦੇ ਨੇ –

*ਧਾਰਨਾ – ਓਹ ਅਕਥ ਕਹਾਣੀ ਜੀ -2, 2.*
*ਪੀਰ ਮੁਰੀਦਾਂ ਪਿਰਹੜੀ -2, 2.*

*ਰੂਪੈ ਕਾਮੈ ਦੋਸਤੀ ਜਗ ਅੰਦਰਿ ਜਾਣੀ।*
*ਭੁਖੈ ਸਾਦੈ ਗੰਢੁ ਹੈ ਓਹੁ ਵਿਰਤੀ ਹਾਣੀ।*
*ਘੁਲਿ ਮਿਲਿ ਮਿਚਲਿ ਲਬਿ ਮਾਲਿ ਇਤ ਭਰਮ ਭੁਲਾਣੀ।*
*ਊਘੈ ਸਉੜਿ ਪਲੰਘ ਜਿਉ ਸਭਿ ਰੈਣ ਵਿਹਾਣੀ।*
*ਸੁਹਣੇ ਸਭ ਰੰਗ ਮਾਣੀਅਨਿ ਕਰਿ ਚੋਜ ਵਿਡਾਣੀ।*
*ਪੀਰ ਮੁਰੀਦਾਂ ਪਿਰਹੜੀ ਓਹੁ ਅਕਥ ਕਹਾਣੀ॥ ਭਾਈ ਗੁਰਦਾਸ ਜੀ ਦੀ ਵਾਰ 27/5*

*ਮਾਨਸਰੋਵਰੁ ਹੰਸਲਾ ਖਾਇ ਮਾਣਕ ਮੋਤੀ।*
*ਕੋਇਲ ਅੰਬ ਪਰੀਤਿ ਹੈ ਮਿਲ ਬੋਲ ਸਰੋਤੀ।*
*ਚੰਦਨ ਵਾਸੁ ਵਣਾਸੁਪਤਿ ਹੋਇ ਪਾਸ ਖਲੋਤੀ।*
*ਲੋਹਾ ਪਾਰਸਿ ਭੇਟਿਐ ਹੋਇ ਕੰਚਨ ਜੋਤੀ।*
*ਨਦੀਆਂ ਨਾਲੇ ਗੰਗ ਮਿਲਿ ਹੋਨਿ ਛੋਤ ਅਛੋਤੀ।*
*ਪੀਰ ਮੁਰੀਦਾਂ ਪਿਰਹੜੀ ..............॥ ਭਾਈ ਗੁਰਦਾਸ ਜੀ ਦੀ ਵਾਰ 27/6*

ਸਾਰੀਆਂ ਪ੍ਰੀਤਾਂ ਦਾ ਜ਼ਿਕਰ ਕਰਨ ਤੋਂ ਬਾਅਦ ਆਪ ਫੁਰਮਾਉਂਦੇ ਨੇ ਕਿ –

*ਪੀਰ ਮੁਰੀਦਾਂ ਪਿਰਹੜੀ ਓਹੁ ਅਕਥ ਕਹਾਣੀ॥ ਭਾਈ ਗੁਰਦਾਸ ਜੀ ਦੀ ਵਾਰ 27/5*

ਜਿਵੇਂ ਰੂਪ ਤੇ ਕਾਮ ਦੀ ਦੋਸਤੀ ਹੈ–

*ਰੂਪੈ ਕਾਮੈ ਦੋਸਤੀ ਜਗ ਅੰਦਰਿ ਜਾਣੀ।*

*ਭੁਖੈ ਸਾਦੈ ਗੰਢੁ ਹੈ ਓਹੁ ਵਿਰਤੀ ਹਾਣੀ।* *ਭਾਈ ਗੁਰਦਾਸ ਜੀ ਦੀ ਵਾਰ 27/5*

ਭੁੱਖ ਲੱਗੀ ਹੋਈ ਹੋਵੇ ਤਾਂ ਸੁਆਦ ਦੇ ਨਾਲ ਦੋਸਤੀ ਪਈ ਹੋਈ ਹੈ।

*ਘੁਲਿ ਮਿਲਿ ਮਿਚਲਿ ਲਬਿ ਮਾਲਿ ਇਤ ਭਰਮ ਭੁਲਾਣੀ।*
*ਉਘੈ ਸਉੜਿ ਪਲੰਘ ਜਿਉ ਸਭਿ ਰੈਣ ਵਿਹਾਣੀ।*
*ਸੁਹਣੇ ਸਭ ਰੰਗ ਮਾਣੀਅਨਿ ਕਰਿ ਚੋਜ ਵਿਡਾਣੀ।*
*ਪੀਰ ਮੁਰੀਦਾਂ ਪਿਰਹੜੀ ਓਹੁ ਅਕਥ ਕਹਾਣੀ॥* *ਭਾਈ ਗੁਰਦਾਸ ਜੀ ਦੀ ਵਾਰ 27/5*

ਨੀਂਦ ਆਈ ਹੋਵੇ ਤਾਂ ਰਜ਼ਾਈ ਨਾਲ ਪਿਆਰ ਹੁੰਦਾ ਹੈ –

*ਮਾਨਸਰੋਵਰੁ ਹੰਸਲਾ ਖਾਇ ਮਾਣਕ ਮੋਤੀ।*
*ਕੋਇਲ ਅੰਬ ਪਰੀਤਿ ਹੈ ਮਿਲ ਬੋਲ ਸਰੋਤੀ।*
*ਚੰਦਨ ਵਾਸੁ ਵਣਾਸੁਪਤਿ ਹੋਇ ਪਾਸ ਖਲੋਤੀ।* *ਭਾਈ ਗੁਰਦਾਸ ਜੀ ਦੀ ਵਾਰ 27/6*

ਪਾਸ (ਕੋਲ) ਵਾਲੇ ਵੀ ਸਾਰੇ ਚੰਦਨ ਬਣ ਜਾਣਗੇ।

*ਲੋਹਾ ਪਾਰਸਿ ਭੇਟਿਐ ਹੋਇ ਕੰਚਨ ਜੋਤੀ।*
*ਨਦੀਆਂ ਨਾਲੇ ਗੰਗ ਮਿਲਿ ਹੋਨਿ ਛੋਤ ਅਛੋਤੀ।* *ਭਾਈ ਗੁਰਦਾਸ ਜੀ ਦੀ ਵਾਰ 27/6*

ਚਾਹੇ ਗੰਦੇ ਨਾਲੇ ਮਿਲ ਜਾਣ, ਉਹ ਪਵਿੱਤਰ ਪਾਣੀ ਬਣ ਜਾਂਦਾ ਹੈ।

ਸੋ ਏਸ ਤਰ੍ਹਾਂ ਦੇ ਨਾਲ ਪਿਆਰ ਵਿਚ ਆਪ ਜੀ ਰਹਿੰਦੇ ਨੇ। ਹਰ ਰੋਜ਼ ਜਾਂਦੇ ਨੇ, ਭਾਈ ਲਹਿਣਾ ਜੀ ਨਾਲ ਜਾਂਦੇ ਨੇ। ਇਕ ਵਾਰੀ ਬਾਬਾ ਬੁੱਢਾ ਜੀ ਦੇ ਮਨ ਵਿਚ ਖਿਆਲ ਆਇਆ, ਭਾਈ ਸਧਾਰਨ ਜੀ ਦੇ, ਮਨਸੁਖ ਜੀ ਦੇ ਤੇ ਦੂਜੇ ਗੁਰਸਿਖਾਂ ਦੇ ਕਿ ਇਹ ਬਹੁਤ ਨਾਲ-ਨਾਲ ਜਾਂਦੇ ਨੇ ਤੇ ਚਲੋ ਆਪਾਂ ਵੀ ਚੱਲਿਆ ਕਰੀਏ। ਆਪਾਂ ਬੈਠ ਜਾਂਦੇ ਹਾਂ ਅੰਮ੍ਰਿਤ ਵੇਲੇ, ਗੁਰੂ ਮਹਾਰਾਜ ਜੀ ਤਾਂ ਕਿਸੇ ਨੂੰ ਮਨ੍ਹਾ ਨਹੀਂ ਕਰਦੇ, ਕੋਈ ਨਾਲ ਚਲੇ ਜਾਓ, ਕੋਈ ਇਸ਼ਨਾਨ ਕਰ ਲਓ ਤੇ ਇਹ ਤਾਂ ਜਿਵੇਂ ਪਰਛਾਵਾਂ ਰਹਿੰਦਾ ਹੈ, ਇਉਂ ਗੁਰੂ ਨਾਨਕ ਮਹਾਰਾਜ ਜੀ ਦੇ ਪਿਛੇ-ਪਿਛੇ ਰਹਿੰਦੇ ਨੇ, ਇਕ ਸਕਿੰਟ ਵਾਸਤੇ ਵੀ ਨਹੀਂ ਵਿਛੜਦੇ। ਇਹ ਕੁਦਰਤੀ ਤੌਰ ਤੇ ਗੁਰ ਭਾਈਆਂ ਵਿਚ ਹੋ ਜਾਇਆ ਕਰਦਾ ਹੈ। ਸੋ ਆਪ ਵੀ ਸਾਰੇ ਨਾਲ ਚਲੇ ਗਏ ਤੇ ਮਹਾਰਾਜ ਜੀ ਨੇ ਇਸ਼ਨਾਨ ਕਰਿਆ ਤੇ ਆਪ ਰਾਵੀ ਵਿਚ ਹੀ ਖੜ੍ਹੇ ਰਹੇ ਤੇ ਏਧਰਲੇ ਪਾਸੇ ਰਾੜੇ ਪੈਣ ਲੱਗ ਗਏ, ਬਹੁਤ ਠੰਢੀ ਰਿਵੀ (ਹਵਾ) ਚੱਲ ਪਈ, ਕੰਬਣ ਲੱਗ ਗਏ ਸਾਰੇ। ਜਦੋਂ ਰਾੜੇ ਪੈਣ ਲੱਗੇ ਉਸੇ ਵੇਲੇ ਸਾਰੇ ਇਕ ਸੰਘਣੇ ਦਰਖਤ ਦੇ ਥੱਲੇ ਖੜ੍ਹੇ ਹੋ ਗਏ ਪਰ ਭਾਈ ਲਹਿਣਾ ਜੀ ਉਥੇ ਹੀ ਬੈਠੇ ਰਹੇ ਤੇ ਉਥੇ ਬੈਠੇ ਹੀ ਥੋੜ੍ਹੇ ਬੇਹੋਸ਼ ਹੋ ਗਏ ਪਰ ਉਥੋਂ ਹਿੱਲੇ ਨਹੀਂ। ਐਨੀ ਠੰਡ ਲੱਗੀ ਕਿ ਆਪ ਬੇਹੋਸ਼ ਹੋ ਗਏ। ਗੁਰੂ ਨਾਨਕ ਪਾਤਿਸ਼ਾਹ ਨੇ ਜਦੋਂ ਦੇਖਿਆ, ਉਸੇ ਵੇਲੇ ਪਾਣੀ ਵਿਚੋਂ ਨਿਕਲ ਕੇ ਆਪਣੇ ਅੰਗੂਠੇ ਨਾਲ ਛੂਹੇ ਤੇ ਕਹਿਣ ਲੱਗੇ, "ਪੁਰਖਾ! ਤੂੰ ਨਾ ਗਿਆ ਜਦੋਂ ਸਾਰੇ ਚਲੇ ਗਏ? ਤੂੰ ਵੀ ਚਲਿਆ ਜਾਣਾ ਸੀ, ਬਚ ਜਾਈਦਾ ਹੈ।"

ਕਹਿੰਦੇ, "ਪਾਤਿਸ਼ਾਹ! ਮੈਨੂੰ ਤਾਂ ਇਹ ਪਤਾ ਹੀ ਨਹੀਂ ਕਿ ਜਾਣਾ ਵੀ ਹੈ ਜਾਂ ਨਹੀਂ।"

ਕਿਉਂਕਿ ਐਨੀ ਮਸਤੀ ਹੈ ਪਿਆਰ ਦੇ ਅੰਦਰ ਕਿ ਮਨ ਖੜ੍ਹਾ ਹੈ, ਫੁਰਨਾ ਕੋਈ ਕਰ ਨਹੀਂ ਰਿਹਾ। ਉਹ ਤਾਂ ਇਕ ਟੱਕ ਗੁਰੂ ਦੇ ਨੇਤਰਾਂ ਵੱਲ ਦੇਖ ਰਹੇ ਨੇ। ਸੋ ਇਸ ਤਰ੍ਹਾਂ ਬਾਕੀ ਸਾਰੇ ਆ ਗਏ ਆਪ ਇਕੱਲੇ ਰਹਿ ਗਏ। ਸੋ ਇਸ ਤਰ੍ਹਾਂ ਮਹਾਰਾਜ ਜੀ ਨੇ ਬਹੁਤ ਭਾਰੀ ਤਪਸਿਆ ਸ਼ੁਰੂ ਕਰ

ਦਿੱਤੀ, ਪਹਿਲਾਂ ਵੀ ਕੀਤੀ ਸੀ, ਇਸ ਤਰ੍ਹਾਂ ਨਾਲ ਫੁਰਮਾਨ ਹੈ, ਪੜ੍ਹੋ ਪਿਆਰ ਨਾਲ–

**ਧਾਰਨਾ – ਰੇਤ ਅੱਕ ਦਾ ਅਹਾਰ ਕਰਕੇ ਗੁਰਾਂ ਨੇ,**
**ਰੋੜਾਂ ਦੀ ਵਿਛਾਈ ਕਰਤੀ –2, 2.**
**ਮੇਰੇ ਪਿਆਰੇ, ਰੋੜਾਂ ਦੀ ਵਿਛਾਈ ਕਰਤੀ –2, 2.**
**ਰੇਤ ਅੱਕ ਦਾ ਆਹਾਰ ਕਰਕੇ ਗੁਰਾਂ ਨੇ,........ –2.**

**ਰੇਤੁ ਅਕੁ ਆਹਾਰੁ ਕਰਿ, ਰੋੜਾ ਕੀ ਗੁਰ ਕਰੀ ਵਿਛਾਈ।**
**ਭਾਰੀ ਕਰੀ ਤਪਸਿਆ, ਵਡੇ ਭਾਗੁ ਹਰਿ ਸਿਉ ਬਣਿ ਆਈ।**
**ਭਾਈ ਗੁਰਦਾਸ ਜੀ ਦੀ ਵਾਰ 1/24**

ਗੁਰੂ ਮਹਾਰਾਜ ਜੀ ਨੇ ਸਾਰੀ ਰਾਤ ਫਿਰਦੇ ਰਹਿਣਾ – ਗੁਰੂ ਅੰਗਦ ਸਾਹਿਬ ਨਾਲ, ਤੇ ਹੌਲੀ ਹੌਲੀ ਆਪ ਪਹਿਲਾਂ ਲੰਗਰ 'ਚ ਆ ਕੇ ਪ੍ਰਸ਼ਾਦਾ ਛੱਕ ਕੇ, ਫੇਰ ਬਾਹਰ ਚਲੇ ਜਾਂਦੇ ਸੀ। ਫੇਰ ਬਾਹਰ ਇਕ ਛੋਟੀ ਜਿਹੀ ਝੌਂਪੜੀ ਬਣਾ ਲਈ ਜਿਸ ਦੇ ਵਿਚ ਆਪ ਇਕੱਲੇ ਹੀ ਆ ਸਕਦੇ ਸੀ। ਆਪ ਕਹਿਣ ਲੱਗੇ, "ਭਾਈ ਲਹਿਣਾ! ਰੋੜ ਲੈ ਕੇ ਆ ਚੁੱਕ ਕੇ।" ਰੋੜ ਮੰਗਵਾ ਲਏ। ਭਾਈ ਲਹਿਣਾ ਜੀ ਕਹਿੰਦੇ, "ਮਹਾਰਾਜ! ਕੀ ਹੁਕਮ ਹੈ?" ਆਪ ਕਹਿੰਦੇ, "ਛੱਪਰੀ ਦੇ ਅੰਦਰ ਵਿਛਾ ਦੇ।" ਹੁਕਮ ਦੀ ਤਾਮੀਲ ਕੀਤੀ ਗਈ, ਆਪ ਨੇ ਰੋੜ ਵਿਛਾ ਦਿੱਤੇ ਤੇ ਮਹਾਰਾਜ ਜੀ ਨੇ ਜਦੋਂ ਵਿਸ਼ਰਾਮ ਕਰਨਾ ਹੁੰਦਾ ਤਾਂ ਆਪ ਉਸ ਛੱਪਰੀ ਵਿਚ ਕਰਦੇ ਸਨ, ਨਹੀਂ ਤਾਂ ਤੁਰਦੇ ਹੀ ਰਹਿੰਦੇ ਸੀ ਜਾਂ ਪਾਣੀ ਵਿਚ ਖੜ੍ਹੇ ਹੋ ਜਾਂਦੇ। ਬਹੁਤ ਭਾਰੀ ਤਪੱਸਿਆ ਅਰੰਭ ਦਿੱਤੀ ਆਪਨੇ। ਉਮਰ ਕਿੱਡੀ ਵੱਡੀ ਹੈ। ਫੇਰ ਆਪ ਨੇ ਪ੍ਰਸ਼ਾਦਾ ਛਕਣਾ ਹੌਲੀ-ਹੌਲੀ ਘਟਾ ਕੇ ਇਕ ਗ੍ਰਾਹੀ ਤੇ ਲੈ ਆਂਦਾ, ਫੇਰ ਉਹ ਗ੍ਰਾਹੀ ਵੀ ਛੱਡ ਦਿੱਤੀ। ਫੇਰ ਲੌਂਗ ਤੋੜ ਲੈਂਦੇ – ਅੱਕਾਂ ਦੀਆਂ ਡੋਡੀਆਂ, ਉਹ ਛਕ ਲੈਣੇ, ਫੇਰ ਉਹ ਵੀ ਛੱਡ ਦਿੱਤਾ, ਫੇਰ ਇਕ ਮਾਸਾ ਰੇਤਾ ਲੈ ਕੇ ਫੱਕਾ ਮਾਰ ਲੈਣਾ, ਉਸ ਤੋਂ ਬਾਅਦ ਉਹ ਵੀ ਛੱਡ ਦਿੱਤਾ। ਬਹੁਤ ਭਾਰੀ ਤਪਸਿਆ ਕਰੀ ਸਾਧ ਸੰਗਤ ਜੀ! ਗੁਰੂ ਮਹਾਰਾਜ ਜੀ ਆਪ ਤਾਂ ਪੂਰਨ ਸੀ ਪਰ ਜਿਵੇਂ ਪੀ.ਟੀ. ਮਾਸਟਰ ਆਪ ਪਹਿਲਾਂ ਪ੍ਰੇਡ ਕਰਕੇ ਦਿਖਾਉਂਦਾ ਹੈ, ਏਸ ਤਰ੍ਹਾਂ ਦੇ ਨਾਲ ਪਤਾ ਸੀ ਕਿ ਕਲਜੁਗ ਦੇ ਅੰਦਰ ਜਿਹੜੇ ਜਗਿਆਸੂ ਨੇ, ਉਹ ਬਹੁਤ ਸੋਹਲ ਆਉਣੇ ਨੇ। ਕਿਸੇ ਨੇ ਕਹਿਣਾ, ਮੈਨੂੰ ਜੀ ਊਂਘ ਆ ਰਹੀ ਹੈ, ਮੈਥੋਂ ਪਾਠ ਨਹੀਂ ਜੀ ਹੁੰਦਾ, ਮੈਂ ਨਾਮ ਨਹੀਂ ਜਪ ਸਕਦਾ, ਮੈਨੂੰ ਪਾਲਾ (ਠੰਢ) ਲਗਦਾ ਹੈ ਜੀ, ਮੈਨੂੰ ਗਰਮੀ ਲਗਦੀ ਹੈ ਜੀ; ਇਹੋ ਜਿਹੇ ਆਉਣਗੇ ਤੇ ਉਹ ਫੇਰ ਲੰਘਣਗੇ ਕਿਵੇਂ? ਸੋ ਸਾਨੂੰ ਰਸਤਾ ਦਿਖਾਉਣ ਵਾਸਤੇ ਆਪਨੇ ਭਾਰੀ ਤਪੱਸਿਆ ਆਰੰਭ ਦਿੱਤੀ। ਜਿੰਨੇ ਵੀ ਪਹੁੰਚੇ ਹੋਏ ਮਹਾਂਪੁਰਸ਼ ਨੇ, ਉਨ੍ਹਾਂ ਸਾਰਿਆਂ ਦਾ ਜੀਵਨ ਪੜ੍ਹ ਲਓ, ਬਾਬਾ ਫਰੀਦ ਜੀ ਦਾ ਪੜ੍ਹ ਲਓ, ਤੇ ਦੇਖੋ ਵਿਚਾਰ ਕੇ – ਆਪ ਘਰ ਛੱਡ ਦਿੰਦੇ ਨੇ, ਜੰਗਲਾਂ ਵਿਚ ਚਲੇ ਗਏ। ਸਾਰੀ ਸਾਰੀ ਰਾਤ ਖੜ੍ਹੇ ਰਹਿੰਦੇ ਨੇ, ਇਕ ਥਾਂ ਤੇ ਖੜ੍ਹੇ ਰਹਿੰਦੇ ਨੇ, ਬੈਠ ਜਾਣ, ਖੜ੍ਹੇ ਹੋ ਜਾਣ, ਤੁਰਦੇ ਰਹਿਣ, ਬਿਰਤੀ ਅੰਦਰਲੀ ਓਵੇਂ ਹੀ ਰਹਿੰਦੀ ਹੈ।

ਬਾਬਾ ਜਵਾਲਾ ਸਿੰਘ ਜੀ ਐਨਾ ਤੁਰਿਆ ਕਰਦੇ ਸੀ ਕਿ 25 ਪਾਠ ਜਪੁਜੀ ਸਾਹਿਬ ਦੇ ਹੋ ਜਾਇਆ ਕਰਨ ਤੇ 15 ਪਾਠ ਸੁਖਮਨੀ ਸਾਹਿਬ ਦੇ, 5 ਵਾਰੀ ਪੰਜ ਬਾਣੀਆਂ ਦਾ ਨਿਤਨੇਮ। ਕਰਕੇ ਦੇਖ ਲਓ ਕਿੰਨੀ ਵਾਟ ਦੇ ਵਿਚ ਹੁੰਦਾ ਹੈ। ਇਸੇ ਤਰ੍ਹਾਂ ਬਹੁਤ ਮਹਾਂਪੁਰਸ਼ 100-100 ਜਪੁਜੀ ਸਾਹਿਬ ਦਾ ਪਾਠ ਕਰਦੇ ਸਨ, ਭਾਵੇਂ ਤੁਰ ਕੇ ਕਰਨ ਭਾਵੇਂ ਬੈਠ ਕੇ ਕਰਨ, ਤਪੱਸਿਆ ਕਰਦੇ ਸਨ।

ਬਾਬਾ ਫਰੀਦ ਜੀ ਦੀ ਪ੍ਰਮੇਸ਼ਰ ਦੇ ਨਾਲ ਲਿਵ ਲੱਗੀ ਹੋਈ ਹੈ, ਆਪ ਖੜ੍ਹੇ ਨੇ। ਉਧਰੋਂ ਇਕ ਲੋਹਾਰ ਆ ਰਿਹਾ ਹੈ, ਘੜਾ ਸਿਰ ਤੇ ਰੱਖਿਆ ਹੋਇਆ ਹੈ, ਮੋਢੇ ਤੇ ਕੁਹਾੜਾ ਰੱਖਿਆ ਹੋਇਆ ਹੈ ਤੇ ਅੱਖਾਂ ਮਲਦਾ ਤੁਰਿਆ ਆ ਰਿਹਾ ਹੈ, ਦਿਸਦਾ ਨਹੀਂ ਹੈ ਪੂਰੀ ਤਰ੍ਹਾਂ ਦੇ ਨਾਲ। ਬਾਬੇ ਫਰੀਦ ਨੂੰ ਦੇਖਿਆ ਕਿ ਕੁਝ ਖੜ੍ਹਾ ਹੈ ਹਨ੍ਹੇਰੇ ਵਿਚ, ਕੋਲ ਆਇਆ, ਕੁਹਾੜੇ ਦਾ ਪੀਨ (ਦਸਤਾ) ਮਾਰਿਆ ਇਹ

ਦੇਖਣ ਵਾਸਤੇ ਕਿ ਜੇ ਲਕੜੀ ਸੁੱਕੀ ਹੋਈ ਤਾਂ ਵੱਢ ਲਵਾਂਗੇ ਤੇ ਜੇ ਗਿੱਲੀ ਹੋਈ ਤਾਂ ਛੱਡ ਦਿਆਂਗੇ। ਸੁੱਕੀ ਲਕੜੀ ਦੀ ਅਵਾਜ਼ ਆਇਆ ਕਰਦੀ ਹੈ, ਗਿੱਲੀ ਲਕੜੀ ਦੀ ਅਵਾਜ਼ ਹੋਰ ਤਰ੍ਹਾਂ ਦੀ ਹੁੰਦੀ ਹੈ। ਜਦੋਂ ਕੁਹਾੜੇ ਦਾ ਪੀਨ ਮਾਰਿਆ, ਬਾਬਾ ਫਰੀਦ ਜੀ ਆਪਣੀ ਲਿਵ ਵਿਚ ਖੜ੍ਹੇ ਸਨ ਤਾਂ ਦੋ ਕਦਮ ਅੱਗੇ ਵੱਲ ਨੂੰ ਹੋ ਗਏ ਤੇ ਬੜੀ ਮੁਸ਼ਕਲ ਨਾਲ ਆਪ ਸੰਭਲੇ। ਉਸ ਵੇਲੇ ਸਰਾਪ ਨਹੀਂ ਦਿੱਤਾ, ਬੁਰਾ ਨਹੀਂ ਕਿਹਾ, ਜਾਣ ਲਿਆ ਕਿ ਇਹ ਵੀ ਕੋਈ ਖੋਜ ਕਰਨ ਵਾਸਤੇ ਆਇਆ ਹੈ ਤੇ ਮੈਂ ਵੀ ਖੋਜ ਕਰ ਰਿਹਾ ਹਾਂ। ਮੇਰੀ ਖੋਜ ਹੋਰ ਹੈ, ਇਸ ਦੀ ਹੋਰ ਹੈ। ਉਸ ਵੇਲੇ ਆਪ ਨੇ ਇਸ ਤਰ੍ਹਾਂ ਫੁਰਮਾਨ ਕੀਤਾ -

*ਧਾਰਨਾ - ਕਿਤੇ ਮਾਰ ਨਾ ਗਵਾਈਂ ਮੇਰੇ ਵੀਰਨਾਂ,*
*ਤੈਨੂੰ ਭਾਲ ਕੋਲਿਆਂ ਦੀ -2, 2.*
*ਮੇਰੇ ਪਿਆਰੇ, ਤੈਨੂੰ ਭਾਲ ਕੋਲਿਆਂ ਦੀ -2, 2.*
*ਕਿਤੇ ਮਾਰ ਨਾ ਗਵਾਈਂ ਮੇਰੇ ਵੀਰਨਾ... -2.*

*ਕੰਧਿ ਕੁਹਾੜਾ ਸਿਰ ਘੜਾ ਵਣਿ ਕੈ ਸਰੁ ਲੋਹਾਰੁ॥*
*ਫਰੀਦਾ ਹਉ ਲੋੜੀ ਸਹੁ ਆਪਣਾ ਤੂ ਲੋੜਹਿ ਅੰਗਿਆਰ॥*
*ਪੰਨਾ - 1380*

ਪ੍ਰੇਮੀਆਂ! ਕੋਈ ਨਾ, ਤੈਥੋਂ ਭੁਲੇਖੇ ਨਾਲ ਕੁਹਾੜਾ ਮਾਰ ਹੋ ਗਿਆ। ਜੇ ਕਿਤੇ ਸਿੱਧਾ ਮਾਰਦਾ ਤਾਂ ਫੇਰ ਮੇਰੀ ਤਲਾਸ਼ ਵਿਚਾਲੇ ਹੀ ਰਹਿ ਜਾਣੀ ਸੀ। ਤੈਨੂੰ ਵੀ ਤਲਾਸ਼ ਹੈ ਤੇ ਮੈਨੂੰ ਵੀ ਤਲਾਸ਼ ਹੈ। ਮੈਂ ਆਪਣੇ 'ਸਹੁ' ਦੀ ਤਲਾਸ਼ ਵਿਚ ਫਿਰ ਰਿਹਾ ਹਾਂ ਤੇ ਤੂੰ ਕੋਲਿਆਂ ਵਾਸਤੇ ਲਕੜੀ ਭਾਲਦਾ ਫਿਰਦਾ ਹੈਂ। ਸੋ ਆਪ ਨੇ ਐਨੀ ਘੋਰ ਤਪਸਿਆ ਕਰੀ। ਪ੍ਰਸ਼ਾਦਾ ਛਡ ਦਿਤਾ-

*ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ॥*
*ਜਿਨਾ ਖਾਧੀ ਚੋਪੜੀ ਘਣੇ ਸਹਨਿਗੇ ਦੁਖ॥*
*ਪੰਨਾ - 1379*

ਕਦੇ-ਕਦੇ ਛਕਦੇ ਸੀ। ਇਨ੍ਹਾਂ ਦੇ ਜਿਹੜੇ ਦਾਦਾ ਗੁਰੂ ਸਨ, ਮੋਈਉਦੀਨ ਸੀ ਉਨ੍ਹਾਂ ਦਾ ਨਾਂ, ਉਹ ਛੇ ਦਿਨਾਂ ਬਾਅਦ ਪ੍ਰਸ਼ਾਦਾ ਛਕਿਆ ਕਰਦੇ ਸਨ, ਉਹ ਵੀ ਛੇ ਦਿਨਾਂ ਦਾ ਬਾਸਾ। ਅੱਜ ਲੈ ਆਂਦਾ, 6 ਦਿਨ ਰੱਖ ਛੱਡਣਾ, ਛੇਵੇਂ ਦਿਨ ਪਾਣੀ ਵਿਚ ਭਿਉਂ ਦੇਣਾ ਤੇ ਫੇਰ ਰਸ ਕਸ ਤੋਂ ਉਚੇ ਹੋ ਕੇ ਪ੍ਰਸ਼ਾਦਾ ਪਾਣੀ ਛਕਣਾ। ਇਹ ਨਹੀਂ ਕਿ ਉਹ ਪਹੁੰਚੇ ਹੋਏ ਨਹੀਂ ਸੀ, ਉਹ ਸਾਨੂੰ ਸਬਕ ਦੇ ਰਹੇ ਸੀ ਕਿ ਪ੍ਰਮੇਸ਼ਰ ਦੀ ਤਲਾਸ਼ ਵਿਚ ਸੁਸਤ ਨਹੀਂ ਹੋਣਾ। ਜਦੋਂ ਤੱਕ ਘੋਰ ਸੰਗ੍ਰਾਮ ਨਹੀਂ ਅਸੀਂ ਕਰਦੇ, ਉਦੋਂ ਤੱਕ ਕਿਸੇ ਨਤੀਜੇ ਤੱਕ ਨਹੀਂ ਪਹੁੰਚ ਸਕਦੇ। ਜੋ ਜੋ ਮਹਾਂਪੁਰਸ਼ਾਂ ਨੇ ਕਰਿਆ ਹੈ, ਉਨ੍ਹਾਂ ਨੂੰ ਪੜ੍ਹ ਸੁਣ ਕੇ ਹੈਰਾਨ ਹੋ ਜਾਈਦਾ ਹੈ ਕਿ ਅਸੀਂ ਤਾਂ ਪਾ-ਪਾਂਸਕ ਵੀ ਨਹੀਂ ਹਾਂ, ਪੜ੍ਹ ਵੀ ਨਹੀਂ ਸਕਦੇ ਉਨ੍ਹਾਂ ਦੀਆਂ ਕੀਤੀਆਂ ਹੋਈਆਂ ਕਰਨੀਆਂ ਨੂੰ, ਪਹੁੰਚਣਾ ਤਾਂ ਕੀ ਹੈ। ਅਸੀਂ ਤਾਂ ਐਨੇ ਸੁਖ-ਰਹਿਣੇ ਹੋ ਗਏ ਕਿ ਪਾਠ ਵਿਚ ਵੀ ਮਨ ਨਹੀਂ ਲਗਦਾ ਕਿਉਂਕਿ ਅੰਦਰ ਖੋਜ ਨਹੀਂ ਹੈ, ਅੰਦਰ ਜਗਿਆਸਾ ਨਹੀਂ ਹੈ, ਅੰਦਰ ਲਗਨ ਨਹੀਂ ਹੈ। ਲਗਨ ਨਾ ਹੋਣ ਕਰਕੇ ਸ਼ਿਕਾਇਤ ਹੁੰਦੀ ਹੈ ਕਿ ਮੈਨੂੰ ਨੀਂਦ ਆਉਂਦੀ ਹੈ ਕਿਉਂਕਿ ਸਾਡੀ ਰੁਚੀ ਨਹੀਂ ਹੈ। ਇਸ ਪਾਸੇ ਮੱਲੋ-ਮਲੀ ਲਾਏ ਜਾ ਰਹੇ ਹਾਂ। ਰੁਚੀ ਸਾਡੀ ਹੈ ਮਾਇਆ ਵਿਚ, ਪੈਸੇ ਵਿਚ। ਪੈਸੇ ਬਾਰੇ ਕਹਿ ਦਿਓ ਕਿ ਲੈ ਭਾਈ! ਇਕ ਵਜੇ ਅਸੀਂ ਇਥੇ ਰੁਪਈਏ ਖਿੰਡਾਇਆ ਕਰਾਂਗੇ, ਜਿੰਨੇ ਕੋਈ ਚੁਗਣੇ ਚਾਹੁੰਦਾ ਹੈ ਚੁਗ ਲਏ, ਅਸੀਂ ਨਹੀਂ ਮਨ੍ਹਾ ਕਰਨਾ। ਉਨ੍ਹਾਂ ਨੇ ਤਾਂ 24 ਘੰਟੇ ਹੀ ਨਹੀਂ ਹਟਣਾ, ਮਾੜਾ ਜਿਹਾ ਸੌਂ ਕੇ ਫੇਰ ਉਠ ਜਾਣਗੇ ਕਿਉਂਕਿ ਲਗਨ ਹੈ। ਇਵੇਂ ਜਿਵੇਂ ਜਿਹੜੇ ਬੰਦਗੀ ਵਾਲੇ ਨੇ, ਉਨ੍ਹਾਂ ਨੂੰ ਨਾਮ ਇਕੱਠਾ ਕਰਨ ਦੀ ਲਗਨ ਹੈ ਕਿ ਮੇਰਾ ਕੋਈ ਸੁਆਸ ਬਿਰਥਾ ਨਾ ਚਲਿਆ ਜਾਵੇ। ਮੈਂ ਐਨਾ ਨਾਮ ਧਨ ਇਕੱਠਾ ਕਰਾਂ ਕਿ ਮੈਂ ਹੇਠਾਂ ਨਾ ਰਹਿ ਜਾਵਾਂ,

ਕਿਤੇ ਮੇਰਾ ਮਾਨਸ ਜਨਮ ਬਿਰਥਾ ਨਾ ਚਲਿਆ ਜਾਵੇ।

ਸੋ ਬਾਬੇ ਫਰੀਦ ਨੂੰ ਘੋਰ ਤਪੱਸਿਆ ਕਰਦੇ ਕਰਦੇ ਐਸੀ ਅਵਸਥਾ ਆ ਗਈ ਕਿ ਸਰੀਰ ਦਾ ਪਿੰਜਰਾ ਬਣ ਗਿਆ, ਮਾਸ ਸੁੱਕ ਗਿਆ। ਉਸ ਵੇਲੇ ਆਪ ਦੇ ਮਨ ਵਿਚ ਥੋੜ੍ਹਾ-ਜਿਹਾ ਏਸ ਤਰ੍ਹਾਂ ਦਾ ਖਿਆਲ ਆਉਂਦਾ ਹੈ ਕਿ ਹੇ ਪ੍ਰਭੂ! ਤਨ ਤਾਂ ਸੁੱਕ ਗਿਆ, ਲਹੂ ਵੀ ਮੁੱਕਦਾ ਜਾ ਰਿਹੈ ਤੇ ਕਿਤੇ ਐਸਾ ਨਾ ਹੋਵੇ ਕਿ ਮੈਨੂੰ ਪ੍ਰਮੇਸ਼ਰ ਨਾ ਮਿਲੇ। ਮੇਰੇ ਕਿਹੋ ਜਿਹੇ ਭਾਗ ਨੇ, ਆਪਣੇ ਭਾਗਾਂ ਨੂੰ ਕੋਸਦੇ ਹੋਏ ਇੰਜ ਫੁਰਮਾਨ ਕਰਦੇ ਨੇ-

*ਧਾਰਨਾ - ਤਨ ਸੁੱਕ ਕੇ ਹੱਡਾਂ ਦੀ ਮੁੱਠੀ ਹੋ ਗਿਆ,*
*ਅਜੇ ਵੀ ਨਾ ਰੱਬ ਬਹੁੜਿਆ -2, 2.*
*ਮੇਰੇ ਪਿਆਰੇ, ਅਜੇ ਵੀ ਨਾ ਰੱਬ ਬਹੁੜਿਆ -2, 2.*
*ਤਨ ਸੁੱਕ ਕੇ ਹੱਡਾਂ ਦੀ ਮੁੱਠੀ ਹੋ ਗਿਆ -2.*

*ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ॥*
*ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ॥* *ਪੰਨਾ - 1382*

ਅੰਦਰ ਸ਼ੌਕ ਹੈ ਕਿ ਜਦੋਂ ਤੱਕ ਪ੍ਰਮੇਸ਼ਰ ਨਹੀਂ ਮਿਲਦਾ ਤਦ ਤਕ -

*ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ॥*
*ਪੰਨਾ - 1096*

ਅੱਗੇ ਨੂੰ ਪੈਰ ਧਰਨਾ ਹੈ, ਪਿਛੇ ਨੂੰ ਨਹੀਂ ਮੁੜਨਾ।

*ਜੋਬਨ ਜਾਂਦੇ ਨਾ ਡਰਾਂ ਜੇ ਸਹੁ ਪ੍ਰੀਤ ਨ ਜਾਏ॥*
*ਪੰਨਾ - 1379*

ਮੈਂ ਨਹੀਂ ਡਰਦਾ। ਚਲਿਆ ਜਾਵੇ ਜੇ ਜੋਬਨ ਜਾਂਦਾ ਹੈ ਪਰ ਮੈਨੂੰ ਮੇਰਾ ਪਿਆਰਾ ਮਿਲ ਜਾਵੇ। ਸੋ ਏਸ ਤਰ੍ਹਾਂ ਦੇ ਨਾਲ ਆਪ ਤਪੱਸਿਆ ਕਰਦੇ ਨੇ। ਇਕ ਐਸੀ ਅਵਸਥਾ ਵੀ ਫੁਰਮਾਨ ਹੈ ਬਾਣੀ ਵਿਚ -

*ਧਾਰਨਾ - ਓ ਕਾਗਾ, ਏਹ ਦੋਏ ਨੈਣਾਂ ਮੱਤ ਛੇੜਿਓ -2, 2.*
*ਮੈਨੂੰ ਪਿਰ ਦੇਖਣ ਦੀ ਆਸ -2, 2.*
*ਓ ਕਾਗਾ, ................. -2.*

*ਕਾਗਾ ਕਰੰਗ ਢਢੋਲਿਆ ਸਗਲਾ ਖਾਇਆ ਮਾਸੁ॥*
*ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ॥*
*ਪੰਨਾ - 1382*

ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਅੰਦਰ ਜਗਿਆਸੂ ਨੂੰ ਰਸਤਾ ਦੱਸਣ ਵਾਸਤੇ ਕਿ ਪ੍ਰੇਮੀਆਂ! ਐਵੇਂ ਹੀ ਨਾ ਸਮਝੀਂ, ਸੋਹਲ ਨਾ ਹੋ ਜਾਵੀਂ। ਅਸੀਂ ਕਿੰਨੇ ਸੋਹਲ ਹੋ ਗਏ, ਕਹਿੰਦੇ ਪੰਜ ਬਾਣੀਆਂ ਦਾ ਪਾਠ ਕਰੋ, ਬਹੁਤ ਹੈ ਤੁਹਾਡੇ ਵਾਸਤੇ। ਅਨੰਦ ਸਾਹਿਬ ਦੀਆਂ ਛੇ ਪਉੜੀਆਂ ਹੀ ਰੱਖ ਦਿੱਤੀਆਂ। ਏਸ ਤਰ੍ਹਾਂ ਕਹਿੰਦੇ ਨੇ ਜਿਵੇਂ ਕੈਪਸੂਲ ਲਈਦਾ ਹੈ। ਇਸੇ ਤਰ੍ਹਾਂ ਕੋਈ ਬਾਣੀ ਦਾ ਵੀ ਬਣਾ ਦਿਓ ਤੇ ਇਕ ਲੈ ਲਿਆ ਤੇ ਉਦੋਂ ਹੀ ਛੁਟਕਾਰਾ ਹੋ ਜਾਵੇ। ਏਸ ਤਰ੍ਹਾਂ ਤਾਂ ਨਹੀਂ ਪ੍ਰਮੇਸ਼ਰ ਮਿਲਦਾ ਸਾਧ ਸੰਗਤ ਜੀ! ਮਿਹਨਤਾਂ ਕਰਨੀਆਂ ਪੈਂਦੀਆਂ ਨੇ। ਜਿਹੜੇ ਮਿਹਨਤਾਂ ਕਰਦੇ ਨੇ -

*ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥*
*ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥*
*ਪੰਨਾ - 8*

ਉਨ੍ਹਾਂ ਦੇ ਮੁਖ ਉਜਲੇ ਹੋ ਜਾਂਦੇ ਹਨ। ਸੋ ਏਸ ਤਰ੍ਹਾਂ ਦੀਆਂ ਘਾਲਨਾਵਾਂ ਮਹਾਰਾਜ ਜੀ ਘਾਲ ਰਹੇ ਨੇ। ਉਹ ਪੂਰਨ ਨੇ, ਆਪ ਪ੍ਰਮੇਸ਼ਰ ਨੇ, ਸਾਹਮਣੇ ਗੱਲ ਹੋ ਚੁੱਕੀ ਹੈ, ਅਕਾਲ ਪੁਰਖ ਜੋ ਕਿਸੇ ਨੂੰ ਨਜ਼ਰ ਨਹੀਂ ਆਉਂਦਾ-

***ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ॥***
***ਪੰਨਾ - 7***

ਉਹ ਗੁਰੂ ਨਾਨਕ ਸਾਹਿਬ ਦੇ ਸਾਹਮਣੇ ਸਾਂਗੋਪਾਂਗ ਹੋਏ ਗੱਲ ਕਰ ਰਹੇ ਨੇ ਕਿ ਹੇ ਨਾਨਕ! ਮੈਂ ਪਾਰਬ੍ਰਹਮ ਪ੍ਰਮੇਸ਼ਰ ਤੇ ਤੂੰ ਗੁਰੂ ਪ੍ਰਮੇਸ਼ਰ।

***ਭਾਰੀ ਕਰੀ ਤਪਸਿਆ, ਵਡੇ ਭਾਗੁ ਹਰਿ ਸਿਉ ਬਣਿ ਆਈ।***
***ਭਾਈ ਗੁਰਦਾਸ ਜੀ ਦੀ ਵਾਰ1/24***

ਸੋ ਤਪ ਤੇ ਤਪੱਸਿਆ ਨਿਰਾਰਥਕ ਨਹੀਂ ਹੁੰਦੇ। ਨਿਰਾਰਥਕ ਉਹ ਹੁੰਦਾ ਹੈ ਜਿਹੜਾ ਹਠ ਦੇ ਨਾਲ ਕੀਤਾ ਹੈ ਜਾਂ ਕਿਸੇ ਰਿੱਧੀ ਸਿਧੀ ਨੂੰ ਹਾਸਲ ਕਰਨ ਵਾਸਤੇ ਕੀਤਾ ਜਾਏ। ਜਿਹੜਾ ਪਿਆਰ ਵਿਚ ਆ ਕੇ, ਪਿਆਰੇ ਦੇ ਪਿਆਰ ਵਿਚ ਆ ਕੇ ਜਦੋਂ ਵੈਰਾਗ ਵਿਚ ਆਉਂਦੈ, ਉਦੋਂ ਬਹੁਤ ਐਸੀਆਂ ਗੱਲਾਂ ਹੋ ਜਾਂਦੀਆਂ ਨੇ। ਇਕ ਨਹੀਂ, ਸਾਰੇ ਮਹਾਂਪੁਰਸ਼ ਕਰਦੇ ਨੇ।

ਗੁਰੂ ਨਾਨਕ ਪਾਤਿਸ਼ਾਹ ਇਸ਼ਨਾਨ ਕਰਕੇ ਰਾਵੀ ਵਿਚ ਖੜ੍ਹ ਗਏ ਤੇ ਅੱਜ ਭਾਈ ਲਹਿਣਾ ਜੀ ਦੇ ਮਨ ਵਿਚ ਆਇਆ ਕਿ ਓ ਮਨਾ! ਤੂੰ ਕੰਢੇ ਬੈਠਾ ਰਹਿੰਦਾ ਹੈਂ ਤੇ ਤੇਰਾ ਪਿਆਰਾ ਠੰਡੇ ਪਾਣੀ ਵਿਚ ਖੜ੍ਹਾ ਹੈ, ਪਾਣੀ ਨੂੰ ਹੱਥ ਨਹੀਂ ਲਗਦਾ ਐਨਾ ਸੀਤ ਵਰਗਾ ਪਾਣੀ ਹੈ, ਉਪਰੋਂ ਹਵਾ ਐਨੀ ਠੰਡੀ ਚਲਦੀ ਹੈ ਤੇ ਤੂੰ ਕੰਢੇ ਬੈਠਾ ਹੈਂ? ਤੈਨੂੰ ਵੀ ਚਾਹੀਦਾ ਹੈ ਜਿਵੇਂ ਗੁਰੂ ਖੜ੍ਹਾ ਹੈ, ਤੂੰ ਵੀ ਉਸੇ ਤਰ੍ਹਾਂ ਖੜ੍ਹ। ਸੋ ਆਪ ਪਾਣੀ ਵਿਚ ਵੜ ਗਏ। ਥੋੜ੍ਹੀ ਦੇਰ ਤੋਂ ਬਾਅਦ ਬੇਹੋਸ਼ੀ ਆ ਗਈ ਤੇ ਮਹਾਰਾਜ ਜੀ ਨੇ ਇਕ ਦਮ ਆ ਕੇ ਬਾਹਰ ਕੱਢੇ, ਨਿੱਘ ਦਿੱਤਾ, ਸੁਰਜੀਤੀ ਦਿੱਤੀ ਤੇ ਉਸ ਵੇਲੇ ਕਹਿਣ ਲੱਗੇ, "ਪੁਰਖਾ! ਇਹ ਕੀ ਕਰਦਾ ਹੈਂ?"

ਕਹਿੰਦੇ, "ਪਾਤਿਸ਼ਾਹ! ਤੁਸੀਂ ਐਡੀਆਂ ਕਰੜੀਆਂ ਘਾਲਣਾ ਘਾਲਦੇ ਹੋ ਤੇ ਮੈਂ ਕੰਢੇ ਤੇ ਬੈਠਾ ਹਾਂ।"

ਕਹਿੰਦੇ, "ਪੁਰਖਾ! ਇਹ ਜਿਹੜੀਆਂ ਮੈਂ ਘਾਲਣਾ ਘਾਲਦਾ ਹਾਂ, ਮੈਂ ਇਹ ਆਪਣੇ ਲਈ ਨਹੀਂ ਘਾਲਦਾ, ਇਹ ਜੋ ਧਰਮ ਦਾ ਪੰਥ ਚਲਦਾ ਹੈ, ਉਨ੍ਹਾਂ ਵਾਸਤੇ ਰਸਤੇ, ਲੀਕਾਂ ਖਿੱਚ ਰਹੇ ਹਾਂ ਅਸੀਂ। ਕਿਉਂਕਿ ਕਲਜੁਗ ਦਾ ਸਮਾਂ ਹੈ, ਬੰਦਾ ਐਨਾ ਸੋਹਲ ਹੋ ਜਾਣਾ ਹੈ ਕਿ ਰਜਾਈ ਵਲ੍ਹੇਟ ਕੇ ਹੀ ਪਾਠ ਕਰਨਾ ਹੈ, ਉਸ ਦੇ ਵਿਚ ਊਂਘ ਆ ਜਾਣੀ ਹੈ, ਫੇਰ ਨੀਂਦ ਆ ਜਾਣੀ ਹੈ।"

ਪਹਿਲਾਂ ਤਾਂ ਰਜਾਈ ਛੱਡਣੀ ਹੀ ਨਹੀਂ, ਫੇਰ ਨਹਾਉਣ ਤੋਂ ਘਬਰਾਉਣਾ ਹੈ; ਤਤੀਕਸ਼ਾ ਕਿਵੇਂ ਕਰ ਲਵੇਗਾ? ਹੁਣ ਸਾਡਾ ਸਾਰਾ ਪ੍ਰਚਾਰ ਜੋ ਹੈ, ਅਸੀਂ ਕਹਿੰਦੇ ਹਾਂ ਕਿ ਮਹਾਰਾਜ ਜੀ ਨੇ ਹਠ ਯੋਗ ਨਹੀਂ ਦੱਸਿਆ। ਉਨ੍ਹਾਂ ਨੇ ਜਿਹੜਾ ਹਠ ਯੋਗ ਨਿਰਾਰਥਕ ਹੈ, ਉਸ ਨੂੰ ਬੰਦ ਕੀਤਾ ਹੈ, ਘਾਲਣਾ ਨੂੰ ਨਹੀਂ ਬੰਦ ਕਰਿਆ। ਹਠ ਯੋਗ ਦੇ ਵਿਚ ਬੀਬੀ ਪ੍ਰਸ਼ਾਦੇ ਲਾਹੁੰਦੀ ਹੈ - ਲੰਗਰ ਵਿਚ, ਜੇਠ ਦਾ ਮਹੀਨਾ ਹੈ, ਲੋਅ ਚੱਲ ਰਹੀ ਹੈ। ਕਿੰਨੀ ਗਰਮੀ ਹੈ। ਜੇ ਹਠ ਦੀ ਘਾਲਣਾ ਨਾ ਹੋਵੇ ਤਾਂ ਪ੍ਰਸ਼ਾਦਾ ਨਹੀਂ ਲਹਿ ਸਕਦਾ ਕਿ ਅਸੀਂ ਤਾਂ ਜੀ ਸਹਿਜ ਤਪ ਕਰਾਂਗੇ, ਲੰਗਰ ਵਿਚ ਪ੍ਰਸ਼ਾਦਾ ਨਹੀਂ ਅਸੀਂ ਲਾਹ ਸਕਦੇ। ਇਹ ਨਹੀਂ ਗੱਲ ਕਰੀ, ਔਖੀ ਤੋਂ ਔਖੀ ਸੇਵਾ ਸਿੱਖਾਂ ਨੇ ਕੀਤੀ ਹੈ।

ਸੋ ਮਹਾਰਾਜ ਜੀ ਕਹਿਣ ਲੱਗੇ, "ਪੁਰਖਾ! ਇਹ ਮੈਂ ਆਪਣੇ ਵਾਸਤੇ ਨਹੀਂ ਘਾਲਣਾ ਘਾਲਦਾ।" ਏਸ ਤਰ੍ਹਾਂ ਫੁਰਮਾਨ ਕਰਦੇ ਨੇ - ਪੜ੍ਹੋ ਪਿਆਰ ਨਾਲ -

***ਧਾਰਨਾ - ਸਿੱਖਾਂ ਲਈ ਘਾਲਦਾਂ,***
***ਘਾਲਾਂ ਇਹ ਕਰੜੀਆਂ ਪਿਆਰੇ -2, 2.***
***ਘਾਲਾਂ ਇਹ ਕਰੜੀਆਂ ਪਿਆਰੇ -2, 2.***
***ਸਿੱਖਾਂ ਲਈ ਘਾਲਦਾਂ,............. -2.***

ਸੋ ਏਸ ਦਾ ਸਾਰੇ ਇਤਿਹਾਸਾਂ ਵਿਚ ਜ਼ਿਕਰ ਹੈ ਕਿ ਗੁਰੂ ਨਾਨਕ ਪਾਤਿਸ਼ਾਹ ਨੇ ਬਹੁਤ ਕਰੜੀ ਘਾਲਣਾ ਸ਼ੁਰੂ ਕਰ ਦਿੱਤੀ। ਜਦੋਂ ਭਾਈ ਲਹਿਣਾ ਜੀ ਤੋਂ ਇਹ ਬਚਨ ਸੁਣੇ ਕਿ ਪਾਤਿਸ਼ਾਹ! ਆਪ ਪਾਣੀ ਵਿਚ ਖੜ੍ਹੇ ਹੋ, ਸੋ ਮੈਨੂੰ ਇਹ ਹੋਇਆ ਕਿ ਮੈਂ ਕੰਢੇ ਤੇ ਬੈਠਾ ਰਹਿੰਦਾ ਹਾਂ, ਮੈਂ ਵੀ ਪਾਣੀ ਵਿਚ ਖੜ੍ਹਾਂ। ਇਹ ਸੁਣ ਕੇ -

***ਸੁਨ ਬੋਲੇ ਸ੍ਰੀ ਪ੍ਰਭ ਕਿਰਪਾਲਾ॥***
***ਹਉ ਘਾਲਤ ਜੋ ਘਾਲ ਵਿਸਾਲਾ॥***
***ਅਨਿਕ ਪ੍ਰਕਾਰ ਜੋ ਤਪ ਕਰਨਾ॥***
***ਸਭ ਸਿਖਨ ਨਿਤ ਲਖੋ ਅਚਰਨਾ॥***

ਮੈਨੂੰ ਤਪ ਦੀ ਲੋੜ ਨਹੀਂ ਹੈ, ਮੈਂ ਤਾਂ ਆਉਣ ਵਾਲੇ ਸਿੱਖਾਂ ਨੂੰ ਦੱਸ ਰਿਹਾ ਹਾਂ ਕਿ 70 ਸਾਲ ਦੀ ਉਮਰ ਵਿਚ ਵੀ ਕਿੰਨੀ ਕਰੜੀ ਘਾਲ ਘਾਲੀ ਜਾ ਸਕਦੀ ਹੈ। ਗੁਰੂ ਅਮਰਦਾਸ ਜੀ ਨੇ 71 ਸਾਲ ਤੋਂ ਲੈ ਕੇ ਬਿਆਸੀਵੇਂ ਸਾਲ ਤੱਕ ਘਾਲਣਾ ਘਾਲ ਕੇ ਦਿਖਾਈ, ਇਕ ਸਕਿੰਟ ਵਾਸਤੇ ਨਹੀਂ ਸੁੱਤੇ ਐਨੇ ਸਾਲਾਂ ਵਿਚ, ਦਿਨ ਰਾਤ ਸੇਵਾ ਕਰਦੇ ਸੀ, ਕਿੱਡੀ ਪਦਵੀ ਪ੍ਰਾਪਤ ਕੀਤੀ। ਗੁਰੂ ਅੰਗਦ ਸਾਹਿਬ ਮਹਾਰਾਜ ਜੀ ਨੇ ਕਿੰਨੀਆਂ ਘਾਲਣਾ ਘਾਲੀਆਂ।

ਸੋ ਕਹਿੰਦੇ, "ਪੁਰਖਾ! ਮੈਂ ਇਹ ਸਿੱਖਾਂ ਵਾਸਤੇ ਘਾਲਦਾ ਹਾਂ। ਇਹ ਸੁਸਤ ਹੋ ਜਾਣਗੇ, ਕਲਜੁਗ ਦਾ ਜ਼ਮਾਨਾ ਆ ਜਾਣਾ ਹੈ, ਰਜ਼ਾਈ ਵਿਚ ਬੈਠੇ ਪਾਠ ਕਰ ਲਿਆ ਕਰਨਗੇ।" ਹੁਣ ਤਾਂ ਉਸ ਤੋਂ ਵੀ ਸੁਖਾਲਾ ਹੋ ਗਿਆ, ਟੇਪ ਲਾ ਦਿਓ, ਆਪ ਸੌਂ ਜਾਓ। ਜਿਥੇ ਕੁ ਜਾਗ ਆ ਗਈ, ਆ ਗਈ। ਪਾਠ ਹੋ ਗਿਆ, ਕੰਧਾਂ ਨੂੰ ਪਾਠ ਸੁਣਾਉਂਦੇ ਨੇ, ਹਿਰਦੇ ਨੂੰ ਪਾਠ ਨਹੀਂ ਸੁਣਾਉਂਦੇ। ਕਹਿੰਦੇ, ਐਸਾ ਸਮਾਂ ਆ ਜਾਣਾ ਹੈ ਕਿ ਕਿਸੇ ਨੇ ਉਠਣਾ ਨਹੀਂ ਹੈ। ਕਿਸੇ ਨੇ ਕਹਿਣਾ ਮੈਨੂੰ ਠੰਡ ਲਗਦੀ ਹੈ, ਕਿਸੇ ਨੇ ਕਹਿਣਾ ਮੈਨੂੰ ਜੁਕਾਮ ਹੋ ਜਾਂਦਾ ਹੈ। ਸਰੀਰ ਨਹੀਂ ਰਹਿਣੇ, ਪਰ ਘਾਲ ਤੋਂ ਬਗੈਰ ਪ੍ਰਾਪਤੀ ਨਹੀਂ ਹੋਣੀ ਕੋਈ। ਸੋ ਮੈਂ ਇਹ ਸਾਰੀਆਂ ਘਾਲਾਂ ਜਿੰਨੀਆਂ ਵੀ ਹਨ -

***ਅਨਿਕ ਪ੍ਰਕਾਰ ਜੋ ਤਪ ਕਰਨਾ।***
***ਸਭ ਸਿਖਨ ਨਿਤ ਲਖੋ ਅਚਰਨਾ॥***

ਇਹ ਸਭ ਸਿੱਖਾਂ ਦੇ ਵਾਸਤੇ ਅਸੀਂ ਕਰ ਰਹੇ ਹਾਂ।

***ਜੋ ਮੇਰੇ ਮਹਿ ਸਰਧਾ ਧਰਹੀ॥***
***ਮਨ ਕਰਿ ਸਬਦ ਕਮਾਵਨ ਕਰਹੀ॥***

ਜਿਹੜੇ ਮੇਰੇ ਵਿਚ ਵਿਸ਼ਵਾਸ ਕਰਨਗੇ ਤੇ ਸ਼ਰਧਾ ਦੇ ਨਾਲ ਸ਼ਬਦ ਦੀ ਅਰਾਧਨਾ ਕਰਨਗੇ, ਮਨ ਨੂੰ ਟਿਕਾ ਕੇ ਕਰਨਗੇ।

***ਨਾਨਕ ਪੰਥੀ ਜਿਨ ਕੇ ਨਾਮ॥***

ਜਿਨ੍ਹਾਂ ਨੂੰ ਨਾਨਕ ਪੰਥੀ ਕਹਿੰਦੇ ਹਾਂ। ਅਸੀਂ ਹੀ ਨਹੀਂ ਹਾਂ, ਸਾਰਾ ਹਿੰਦੋਸਤਾਨ ਪਿਆ ਹੈ, ਸਾਧ ਸੰਗਤ ਜੀ! ਅਸੀਂ ਤਾਂ ਇਥੇ ਹੀ ਰਹਿ ਗਏ। ਆਹੀ ਨਹੀਂ ਠੀਕ ਹੁੰਦੇ, ਪਿਓ ਠੀਕ ਹੋ ਜਾਂਦਾ ਹੈ, ਮੁੰਡਾ ਨਹੀਂ ਠੀਕ ਹੁੰਦਾ, ਮੁੰਡਾ ਠੀਕ ਹੋ ਜਾਂਦਾ ਹੈ, ਪੋਤਾ ਨਹੀਂ ਹੁੰਦਾ। ਏਧਰਲੇ ਪਾਸੇ ਜਾ ਨਹੀਂ ਸਕੇ। ਪਿਓ ਗਿਰ ਜਾਂਦਾ ਹੈ, ਸ਼ਰਾਬ ਪੀਣ ਲੱਗ ਜਾਂਦਾ ਹੈ। ਏਥੇ ਹੀ ਰੁਲ ਗਏ ਅਸੀਂ ਤਾਂ ਸਾਰੇ ਹੀ,

ਬਾਹਰ ਕੀ ਦੇਣਾ ਸੀ। ਬਾਹਰ ਦੂਜੇ ਧਰਮ ਨੇ, ਇਸਾਈ ਨੇ, ਕਿਥੇ ਤੱਕ ਪਹੁੰਚ ਗਏ, ਸਾਰੀ ਦੁਨੀਆਂ ਨਾਲੋਂ ਜ਼ਿਆਦਾ ਇਸਾਈਅਤ ਫੈਲਾ ਦਿਤੀ ਕਿਉਂਕਿ ਇਕੱਲਾ-ਇਕੱਲਾ ਮਿਸ਼ਨਰੀ ਬਣਿਆ ਪਿਆ ਹੈ। ਅਸੀਂ ਮਿਸ਼ਨਰੀ ਨਹੀਂ ਬਣਦੇ। ਬਾਹਰ ਜਾਵਾਂਗੇ, ਫੇਰ ਉਨ੍ਹਾਂ ਨੂੰ ਸ਼ਰਾਬ ਪੀ ਕੇ ਦਿਖਾਵਾਂਗੇ ਕਿ ਸਾਡੇ ਮੁਕਾਬਲੇ ਤੇ ਕੋਈ ਨਹੀਂ ਪੀ ਸਕਦਾ, ਲੜ ਕੇ ਦਿਖਾਵਾਂਗੇ, ਝਗੜੇ ਕਰਕੇ ਦਿਖਾਵਾਂਗੇ।

ਸੋ ਸਿੱਖੀ ਤਾਂ ਐਡਾ ਵੱਡਾ ਆਦਰਸ਼ ਸੀ, ਅੱਜ ਸਾਰਾ ਹੀ ਸੰਸਾਰ ਸਿੱਖੀ ਵਿਚ ਆ ਜਾਣਾ ਸੀ ਕਿਉਂਕਿ ਇਹ ਸਾਰਿਆਂ ਦਾ ਸਾਂਝਾ ਧਰਮ ਹੈ। ਜਿਥੇ ਤੱਕ ਕੋਈ ਜਾਂਦਾ ਹੈ, ਉਥੇ ਤੱਕ ਮਹਾਰਾਜ ਜੀ ਕਹਿੰਦੇ ਚਲੋ! ਚਲੋ!! ਸ਼ਾਬਾਸ਼! ਉਸ ਤੋਂ ਅੱਗੇ ਰਸਤਾ ਖਿੱਚ ਦਿੱਤਾ ਮਹਾਰਾਜ ਜੀ ਨੇ, ਜਿਥੇ ਜਾ ਕੇ ਸਾਰੇ ਹੀ ਰੁਕ ਗਏ। ਆਰਤੀ ਜੋ ਮੰਦਰ ਵਿਚ ਜਾ ਕੇ ਰੋਕੀ ਗਈ ਤਾਂ ਮਹਾਰਾਜ ਜੀ ਨੇ ਆਰਤੀ ਨੂੰ ਤਾਂ ਬੁਰਾ ਨਹੀਂ ਕਿਹਾ। ਮਹਾਰਾਜ ਜੀ ਕਹਿੰਦੇ ਇਸ ਤੋਂ ਉਪਰ ਇਕ ਹੋਰ ਆਰਤੀ ਹੈ, ਉਹ ਕਰਨੀ ਸਿਖ ਲਓ। ਸੋ ਇਸੇ ਤਰ੍ਹਾਂ ਇਸਲਾਮ ਵਿਚ ਨਮਾਜ਼ ਪੜ੍ਹਨ ਨੂੰ ਬੁਰਾ ਨਹੀਂ ਕਿਹਾ ਮਹਾਰਾਜ ਜੀ ਨੇ, ਪਰ ਉਨ੍ਹਾਂ ਨੇ ਕਿਹਾ ਕਿ ਨਮਾਜ਼ ਵਿਚ ਭਾਵ ਪੈਦਾ ਕਰ ਲਓ।

***ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ॥***
***ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ॥*** ***ਪੰਨਾ - 141***

ਨਮਾਜ਼ ਪੜ੍ਹ, ਪਰ ਧਿਆਨ ਨਾਲ ਪੜ੍ਹ, ਰੋਜ਼ੇ ਰੱਖ ਪਰ ਧਿਆਨ ਨਾਲ ਰੱਖ। ਕਿਸੇ ਕਰਮ ਨੂੰ ਮਾੜਾ ਨਹੀਂ ਕਿਹਾ। ਮਹਾਰਾਜ ਜੀ ਕਹਿੰਦੇ ਉਸ ਦੇ ਵਿਚ ਹੀ ਸਹੀ ਰਹਿ। ਜਨੇਊ ਪਾਉਂਦਾ ਹੈਂ ਤਾਂ ਉਸ ਨੂੰ ਕਹਿੰਦੇ ਕਿ 'ਸਤਿ' ਦਾ ਜਨੇਊ ਪਾ। ਸੋ ਏਸ ਤਰ੍ਹਾਂ ਦੇ ਨਾਲ ਗੁਰੂ ਨਾਨਕ ਪਾਤਿਸ਼ਾਹ ਕਹਿੰਦੇ ਕਿ ਜਿਨ੍ਹਾਂ ਨੂੰ ਨਾਨਕ ਪੰਥੀ ਕਹਿੰਦੇ ਨੇ-

***ਨਾਨਕ ਪੰਥੀ ਜਿਨ ਕੇ ਨਾਮ॥ ਵਾਹਿਗੁਰੂ ਜਪ ਰਹਿਤ ਅਕਾਮ॥***
***ਜੋ ਜਮ ਕਉ ਨਹਿ ਦੇਖਨ ਪੇਹੈ॥ ਸੁਖ ਸੋ ਗਤਿ ਪ੍ਰਾਪਤ ਤਿਨ ਹ੍ਵੈ ਹੈ॥***

ਐਨਾ ਤਪ ਕਰਕੇ ਅਸੀਂ ਵੰਡ ਜਾਣਾ ਹੈ। ਦਾਨ ਕੀਤਾ ਸੀ 20 ਰੁਪਈਏ, ਲੰਗਰ ਚਲਾਇਆ ਸੀ। ਜਦੋਂ ਤੱਕ ਕਲਜੁਗ ਨੇ ਰਹਿਣਾ ਹੈ, ਗੁਰੂ ਨਾਨਕ ਸਾਹਿਬ ਦਾ ਲੰਗਰ ਬੰਦ ਨਹੀਂ ਹੋਣਾ, ਐਨਾ ਵਿਆਜ ਦਰਗਾਹ ਵਿਚੋਂ ਪੈ ਰਿਹਾ ਹੈ। ਲੰਗਰ ਦਾ ਤੋਟਾ (ਘਾਟਾ) ਉਥੇ ਆਉਂਦਾ ਹੈ ਜਿਥੇ ਹਿਸਾਬ ਸ਼ੁਰੂ ਹੋ ਜਾਵੇ ਕਿ ਕਿੰਨਾ ਆਟਾ ਆਇਆ ਹੈ, ਕਿੰਨੀ ਦਾਲ ਆਈ ਹੈ, ਕਿੰਨਾ ਘਿਓ ਆਇਆ ਹੈ, ਉਥੇ ਲੰਗਰ ਬੰਦ ਹੋ ਜਾਏਗਾ ਕਿਉਂਕਿ ਉਹ ਗੁਰੂ ਨਾਨਕ ਦਾ ਲੰਗਰ ਨਹੀਂ ਰਿਹਾ, ਉਹ ਕਮੇਟੀ ਦਾ ਲੰਗਰ ਬਣ ਗਿਆ। ਜਿਥੇ ਗੁਰੂ ਨਾਨਕ ਪਾਤਿਸ਼ਾਹ ਦਾ ਲੰਗਰ ਹੈ, ਉਹ ਅਤੁੱਟ ਚਲੇਗਾ।

***ਦੇਗ ਤੇਗ ਜਗ ਮੈ ਦੋਊ ਚਲੈ॥***
***ਰਾਖ ਆਪ ਮੁਹਿ ਅਉਰ ਨ ਦਲੈ॥*** ***(ਚੌਪਈ)***

ਦੇਗ ਤੇ ਤੇਗ ਦੇ ਦਿੱਤੀ। ਦੇਗ ਦੇ ਦਿੱਤੀ ਅੰਨ ਦੀ, ਤੇਗ ਦੇ ਦਿੱਤੀ ਨਾਮ ਦੀ। ਨਾਮ ਦੀ ਤੇਗ ਦੇ ਨਾਲ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਈਰਖਾ, ਨਿੰਦਿਆ, ਚੁਗਲੀ, ਬਖੀਲੀ ਸਾਰੇ ਅੰਦਰਲੇ ਦੁਸ਼ਮਣਾ ਦਾ ਖਾਤਮਾ ਕਰਨਾ ਹੈ ਹਰ ਵਕਤ -

***ਖਾਲਸਾ ਸੋ ਜੋ ਚੜ੍ਹੈ ਤਰੰਗ॥***
***ਖਾਲਸਾ ਸੋ ਜੋ ਕਰੈ ਨਿਤ ਜੰਗ॥***

ਜਿਹੜਾ ਹਰ ਵਕਤ ਨਾਮ ਦੀ ਤਰੰਗ (ਘੋੜੇ) ਦੇ ਉਤੇ ਸਵਾਰੀ ਕਰਦਾ ਹੈ, ਕਹਿੰਦੇ ਉਹ ਖਾਲਸਾ ਹੈ। ਜਿਹੜਾ ਹਰ ਵਕਤ ਜੰਗ ਕਰਦਾ ਹੈ - ਅੰਦਰਲੇ ਦੁਸ਼ਮਣਾਂ ਦੇ ਨਾਲ, ਉਹ ਖਾਲਸਾ ਹੈ।

ਈਸਾ ਜੀ ਨੇ ਆਪਣੇ ਜਾਣ ਸਮੇਂ ਬੇਅੰਤ ਕਸ਼ਟ ਸਹਿਆ। ਨਾਲ ਦੇ ਕਹਿੰਦੇ ਤੁਸੀਂ ਸਮਰੱਥ

ਪੁਰਸ਼ ਹੋ, ਫੇਰ ਐਨਾ ਕਸ਼ਟ ਸਹਿ ਰਹੇ ਹੋ। ਉਹ ਕਹਿੰਦੇ, "ਮੈਂ ਆਪਣੀ ਉਮਤ ਦੇ ਪਾਪ ਲੈ ਕੇ ਜਾ ਰਿਹਾ ਹਾਂ।" ਇਕ ਜਾਣ ਕੇ ਕਰਨਗੇ, ਇਕ ਤੋਂ ਭੁਲ ਭੁਲੇਖੇ ਹੋ ਜਾਣਗੇ। ਮੈਂ ਉਹ ਸਾਰੇ ਪਾਪਾਂ ਦੀ ਸਜ਼ਾ ਆਪਣੇ ਸਰੀਰ ਤੇ ਕੱਟ ਕੇ ਜਾਣੀ ਹੈ।

ਸੋ ਗੁਰੂ ਨਾਨਕ ਪਾਤਿਸ਼ਾਹ ਕਹਿੰਦੇ, ਇਨ੍ਹਾਂ ਨੇ ਸੁਸਤ ਪੈ ਜਾਣਾ ਹੈ। ਇਨ੍ਹਾਂ ਵਾਸਤੇ ਅਸੀਂ 20 ਰੁਪਈਏ ਦਾਨ ਦੇ ਦਿਤੇ ਜਿਸਦੇ ਅੱਜ ਤੱਕ ਲੰਗਰ ਚੱਲ ਰਹੇ ਨੇ। ਤਪ ਕੀਤਾ ਤਾਕਿ ਸਾਡੇ ਵਰਗੇ, ਜਿਹੜੇ ਪੜ੍ਹਦੇ ਹੀ ਨਹੀਂ, ਤੇ ਫੇਲ੍ਹ ਹੀ ਹੁੰਦੇ ਨੇ, ਉਨ੍ਹਾਂ ਤੇ ਵੀ ਰਹਿਮਤ ਕਰ ਦਿੱਤੀ। ਮਰਦਾਨਾ ਤੇ ਗੁਰੂ ਨਾਨਕ ਪਾਤਿਸ਼ਾਹ ਜਾ ਰਹੇ ਨੇ ਕਿ ਜੰਗਲ ਮੁੱਕਣ ਵਿਚ ਨਹੀਂ ਆਉਂਦਾ। ਮਰਦਾਨਾ ਕਹਿੰਦਾ, "ਪਾਤਿਸ਼ਾਹ! ਐਡੇ ਵੱਡੇ ਘੋਰ ਵਣ ਦੇ ਵਿਚ ਜਾਂਦੇ ਹੋ। ਕਿੰਨੇ ਦਿਨ ਹੋ ਗਏ ਚਲਦਿਆਂ ਨੂੰ।"

ਕਹਿੰਦੇ, "ਤੈਨੂੰ ਪ੍ਰਸ਼ਾਦੇ ਦੀ ਤਾਂ ਨਹੀਂ ਔਖ ਆਈ? ਜੰਗਲਾਂ ਵਿਚ ਐਨੇ ਫਲ ਨੇ, ਤੂੰ ਖਾਈ ਜਾਹ।"

ਕਹਿੰਦਾ, "ਪਾਤਿਸ਼ਾਹ! ਐਨੇ ਗਹਿਬਰ ਵਣਾਂ ਦੇ ਵਿਚੋਂ ਆਪ ਜਾਂਦੇ ਹੋ, ਕੋਈ ਬਸਤੀ ਦਾ ਕੰਢਾ ਲੈ ਲਓ, ਉਥੋਂ ਦੀ ਹੋ ਲਓ।"

ਮਹਾਰਾਜ ਜੀ ਕਹਿੰਦੇ, "ਮਰਦਾਨਿਆਂ! ਵਣਾਂ ਨੂੰ ਮਾੜੇ ਨਾ ਕਹਿ। ਇਥੇ ਪ੍ਰਭੂ ਦੇ ਪਿਆਰੇ ਬੈਠ ਕੇ ਇਕ ਚਿਤ ਹੋ ਕੇ ਪ੍ਰਮੇਸ਼ਰ ਨਾਲ ਸੁਰਤੀ ਜੋੜ ਕੇ ਅਨੰਦ ਮਾਣਦੇ ਨੇ। ਵੱਡੇ-ਵੱਡੇ ਜਿੰਨੇ ਵੀ ਅੱਜ ਤੱਕ ਹੋਏ, ਸਾਰਿਆਂ ਨੇ ਵਣਾਂ 'ਚ ਜਾ ਕੇ ਤਕਲੀਫਾਂ ਸਹੀਆਂ ਨੇ, ਭਗਤੀਆਂ ਕੀਤੀਆਂ ਨੇ, ਇਕਾਂਤ ਬੈਠੇ ਨੇ, ਇਕਾਗਰ ਚਿੱਤ ਹੋ ਕੇ ਪ੍ਰਭੂ ਦੇ ਦਰਸ਼ਨ ਨੂੰ ਲੋਚਦੇ ਨੇ।" ਤੇ ਆਪ ਨੇ ਫੁਰਮਾਨ ਕੀਤਾ ਕਿ –

***ਦੇਵਤਿਆ ਦਰਸਨ ਕੈ ਤਾਈ ਦੂਖ ਭੂਖ ਤੀਰਥ ਕੀਏ॥***
***ਜੋਗੀ ਜਤੀ ਜੁਗਤਿ ਮਹਿ ਰਹਤੇ ਕਰਿ ਕਰਿ ਭਗਵੇ ਭੇਖ ਭਏ॥***
***ਤਉ ਕਾਰਣਿ ਸਾਹਿਬਾ ਰੰਗਿ ਰਤੇ॥***
***ਤੇਰੇ ਨਾਮ ਅਨੇਕਾ ਰੂਪ ਅਨੰਤਾ ਕਹਣੁ ਨ ਜਾਹੀ ਤੇਰੇ ਗੁਣ ਕੇਤੇ॥***
***ਪੰਨਾ - 358***

ਸਾਰੇ ਦਰਸ਼ਨ ਲੋਚਦੇ ਸੀ, ਇਉਂ ਪੜ੍ਹ ਲਓ –

***ਧਾਰਨਾ - ਦੁਖ ਭੁਖ ਤੇ ਪਿਆਸਾਂ ਸਹਿ ਕੇ,***
***ਦਰਸ਼ਨ ਤੇਰਾ ਲੋਚਣ ਮਾਲਕਾ -2, 2.***
***ਦਰਸ਼ਨ ਤੇਰਾ ਜੀ, ਲੋਚਣ ਮਾਲਕਾ -2, 2.***
***ਦੁਖ ਭੁਖ ਤੇ ਪਿਆਸਾਂ ਸਹਿ ਕੇ,....... -2.***

ਵੱਡੀਆਂ ਵੱਡੀਆਂ ਤਪਸਿਆਵਾਂ ਗੁਰੂ ਦਸ਼ਮੇਸ਼ ਪਿਤਾ ਲਿਖਦੇ ਨੇ ਕਿ –

***ਇਹ ਬਿਧਿ ਕਰਤ ਤਪਸਿਆ ਭਯੋ, ਦ੍ਵੈ ਤੇ ਏਕ ਰੂਪ ਹੋਇ ਗਯੋ॥***

ਤੇਰੇ ਪਿਆਰ ਵਿਚ ਰੱਤਿਆਂ ਹੋਇਆਂ ਨੇ ਇਹ ਕੰਮ ਕੀਤੇ।

***ਤੇਰੇ ਨਾਮ ਅਨੇਕਾ ਰੂਪ ਅਨੰਤਾ***
***ਕਹਣੁ ਨ ਜਾਹੀ ਤੇਰੇ ਗੁਣ ਕੇਤੇ॥***
***ਦਰ ਘਰ ਮਹਲਾ ਹਸਤੀ ਘੋੜੇ...........॥ ਪੰਨਾ - 358***

ਘਰ ਵੀ ਛੱਡ ਦਿੱਤੇ, ਹਾਥੀ, ਘੋੜੇ ਵੀ ਛੱਡ ਦਿੱਤੇ। ਭਰਥਰੀ ਹਰੀ, ਅਰਾਮ ਨਾਲ ਬੈਠਾ ਸੀ ਤਖਤ ਤੇ। ਜਦੋਂ ਪ੍ਰਮੇਸ਼ਰ ਦੇ ਮਿਲਣ ਦੀ ਲਾਲਸਾ ਜਾਗੀ, ਘਰ ਛੱਡ ਦਿੱਤਾ, ਜੰਗਲ ਵਿਚ ਚਲੇ ਗਏ, ਕਰਪਾਤੀ ਅਵਸਥਾ ਵਿਚ ਚਲੇ ਗਏ। ਕਰਪਾਤੀ ਇਹ ਹੁੰਦਾ ਹੈ ਕਿ ਜੇ ਕੋਈ ਦੇ ਗਿਆ ਤਾਂ ਖਾ ਲਿਆ, ਬਸਤ੍ਰ ਦੇ ਗਿਆ ਤਾਂ ਪਹਿਨ ਲਿਆ, ਨਹੀਂ ਤਾਂ ਦਿਗੰਬਰ ਹੀ (ਨੰਗੇ) ਤੁਰੇ ਫਿਰਦੇ ਨੇ।

ਬਾਦਸ਼ਾਹ, ਰਾਜ ਦਾ ਮਾਲਕ, ਕਿੰਨਾ ਸੁਖ ਰਹਿਣਾ ਤੇ ਕਿਥੇ ਫਿਰ ਰਿਹਾ ਹੈ। ਪ੍ਰਮੇਸ਼ਰ ਦੇ ਵਾਸਤੇ ਰਾਜਾ ਗੋਪੀ ਚੰਦ ਨੇ ਪਦਮਣੀਆਂ ਰਾਣੀਆਂ ਛੱਡ ਦਿੱਤੀਆਂ।

ਇਬਰਾਹੀਮ ਆਦਮ ਅਫਗਾਨਿਸਤਾਨ ਦਾ ਬਲਖ ਬੁਖਾਰੇ ਦੇ ਰਹਿਣ ਵਾਲਾ ਸੀ। ਆਪ ਦੇ ਮਨ ਵਿਚ ਸ਼ੌਕ ਜਾਗਿਆ ਪ੍ਰਮੇਸ਼ਰ ਨੂੰ ਮਿਲਣ ਦਾ। ਕਿੰਨਾ ਸੁਖ ਰਹਿਣਾ ਸੀ, ਸਵਾ ਮਣ ਫੁੱਲ ਵਿਛਾ ਕੇ ਉਸ ਸੇਜ ਤੇ ਸੌਂਦਾ ਸੀ। ਇਸ ਦੀ ਮਾਲਣ ਦੇ ਮਨ ਵਿਚ ਰੋਜ਼ ਆਉਂਦਾ ਸੀ ਕਿ ਮੈਂ ਵੀ ਪਲੰਘ ਤੇ ਪੈ ਕੇ ਦੇਖਾਂ ਕਿ ਫੁੱਲਾਂ ਤੇ ਨੀਂਦ ਕਿਵੇਂ ਆਉਂਦੀ ਹੈ। ਉਹ ਪਲੰਘ ਤੇ ਫੁੱਲ ਵਿਛਾਉਣ ਤੋਂ ਬਾਅਦ ਉਤੇ ਪੈ ਗਈ ਤੇ ਪੈਂਦੀ ਨੂੰ ਹੀ ਨੀਂਦ ਆ ਗਈ। ਉਧਰੋਂ ਇਬਰਾਹੀਮ ਆ ਗਿਆ, ਉਸ ਨੇ ਦੇਖਿਆ ਕਿ ਮੇਰੇ ਪਲੰਘ ਤੇ ਸੁੱਤੀ ਪਈ ਹੈ। ਉਸ ਨੇ ਕੋਰੜਾ ਚੁੱਕ ਲਿਆ ਤੇ ਮਾਰਨਾ ਸ਼ੁਰੂ ਕਰ ਦਿੱਤਾ। ਉਹ ਚੀਕਾਂ ਮਾਰਦੀ ਹੈ, ਉਸ ਦੇ ਕੱਪੜੇ ਫੱਟ ਗਏ, ਖ਼ੂਨ ਜਾ ਰਿਹਾ ਹੈ ਸਰੀਰ ਵਿਚੋਂ। ਜਦੋਂ 8-10 ਕੋਰੜੇ ਮਾਰਨ ਤੋਂ ਬਾਅਦ, ਫੇਰ ਮਾਰਨ ਲਗਦਾ ਹੈ ਤਾਂ ਉਹ ਹਰ ਕੋਰੜੇ ਤੇ ਨਾਲੇ ਰੋ ਪੈਂਦੀ ਹੈ ਤੇ ਨਾਲੇ ਉਚੀ-ਉਚੀ ਹਸਦੀ ਹੈ। ਇਸ ਨੇ ਸੋਚਿਆ ਕਿ ਹਸਦੀ ਹੈ, ਇਹ ਵੀ ਕੋਈ ਕਾਰਨ ਹੈ। ਕੋਰੜਾ ਰੱਖ ਦਿੱਤਾ, ਕਹਿੰਦਾ, "ਮਾਲਣ! ਰੋਣ ਦਾ ਕਾਰਨ ਮੇਰੇ ਸਮਝ 'ਚ ਆ ਗਿਆ, ਹੱਸਣ ਦਾ ਨਹੀਂ ਆਇਆ।"

ਕਹਿੰਦੀ, "ਮਹਾਰਾਜ! ਜਾਨ ਬਖਸ਼ੀ ਹੋਵੇ ਤਾਂ ਮੈਂ ਦੱਸਾਂ।"

ਕਹਿੰਦੇ, "ਜਾਨ ਬਖਸ਼ੀ।"

ਕਹਿੰਦੀ, "ਮਹਾਰਾਜ! ਮੈਂ ਤੁਹਾਡੀ ਸੇਜਾ ਤੇ ਫੁੱਲ ਵਿਛਾਉਂਦੀ ਸੀ - ਬੜੇ ਸਾਲਾਂ ਤੋਂ। ਮੇਰਾ ਮਨ ਇਹ ਕਹਿੰਦਾ ਸੀ ਕਿ ਕੈਸੀ ਨੀਂਦ ਆਉਂਦੀ ਹੋਏਗੀ ਫੁੱਲਾਂ ਤੇ। ਮੈਂ ਥੱਕੀ ਹੋਈ ਸੀ, ਪੈ ਗਈ ਤੇ ਨਾਲ ਹੀ ਨੀਂਦ ਆ ਗਈ। ਪਤਾ ਨਹੀਂ ਦੋ ਮਿੰਟ ਪਈ ਹਾਂ ਜਾਂ ਪੰਜ ਮਿੰਟ ਜਾਂ ਘੰਟਾ, ਮੈਨੂੰ ਕੋਈ ਪਤਾ ਨਹੀਂ। ਕੋਰੜੇ ਮਾਰਨੇ ਕੁਦਰਤੀ ਸੀ ਸਗੋਂ ਮੇਰਾ ਗਲ ਲਾਹ ਦੇਣਾ ਵੀ ਕੁਦਰਤੀ ਸੀ ਕਿਉਂਕਿ ਮੈਂ ਗੁਸਤਾਖੀ ਕੀਤੀ ਹੈ। ਸੋ ਜਦੋਂ ਕੋਰੜੇ ਤੁਸੀਂ ਮਾਰਦੇ ਸੀ ਮੈਂ ਰੋਂਦੀ ਸੀ ਕਿਉਂਕਿ ਪੀੜ ਹੁੰਦੀ ਸੀ, ਆਹ ਦੇਖੋ! ਖ਼ੂਨ ਵਗ ਰਿਹਾ ਹੈ ਸਾਰੇ ਸਰੀਰ ਵਿਚੋਂ।

ਕਹਿੰਦਾ, "ਫੇਰ ਹੱਸੀ ਕਿਉਂ?"

ਕਹਿੰਦੀ, "ਮੈਂ ਕਿਹਾ ਮਨਾ! ਤੂੰ ਤਾਂ ਚੱਲ ਮਰ ਜਾਏਂਗੀ ਤਾਂ ਕੋਈ ਫਰਕ ਨਹੀਂ ਹੈ, ਹੋਰ ਕੋਰੜੇ ਮਾਰ ਲੈਣਗੇ, 50 ਮਾਰ ਲੈਣਗੇ, 100 ਮਾਰ ਲੈਣਗੇ ਤੇ ਚਮੜੀ ਉਧੜ ਜਾਏਗੀ ਪਰ ਜਿਹੜਾ ਰਾਜਾ ਸਾਲਾਂ-ਬੱਧੀ ਇਸ ਤੇ ਸੌਂਦਾ ਆ ਰਿਹਾ ਹੈ, ਇਸ ਨੂੰ ਕਿੰਨੀ ਕੁ ਸਜਾ ਦਰਗਾਹ ਵਿਚ ਮਿਲੇਗੀ?"

ਐਨੀ ਗੱਲ ਸੁਣਦੀਸਾਰ ਕੋਰੜਾ ਥੱਲੇ ਰੱਖ ਦਿੱਤਾ, ਅੱਖਾਂ ਖੁੱਲ੍ਹ ਗਈਆਂ, ਆਪਣਾ ਮਹੱਲ ਓਪਰਾ ਲਗਣ ਲੱਗ ਗਿਆ, ਆਪਣਾ ਰਾਜ ਓਪਰਾ ਲੱਗਣ ਲੱਗ ਗਿਆ। ਦਰਬਾਰ ਬੁਲਾ ਲਿਆ, ਵਜ਼ੀਰ ਬੁਲਾ ਲਏ, ਸਭ ਬੁਲਾ ਲਏ। ਐਡੀ ਸੱਟ ਖਾਧੀ ਹਿਰਦੇ ਅੰਦਰ, ਜਿਸ ਨੂੰ ਵੈਰਾਗ ਕਹਿੰਦੇ ਨੇ - ਤੀਬਰ-ਤਰ-ਤਮ ਵੈਰਾਗ। ਨੌ ਕਿਸਮ ਦਾ ਵੈਰਾਗ ਹੁੰਦਾ ਹੈ ਤੇ ਸਭ ਤੋਂ ਆਖਰੀ ਤੀਬਰ-ਤਰ-ਤਮ ਵੈਰਾਗ ਹੁੰਦਾ ਹੈ। ਸੋ ਵਜ਼ੀਰ ਨੂੰ ਸੰਭਾਲ ਕੇ ਸਭ ਕੁਝ, ਕਹਿੰਦਾ, "ਹੁਣ ਮੈਂ ਤਾਂ ਅੱਲ੍ਹਾ ਦੀ ਯਾਦ ਵਿਚ ਜਾਣਾ ਹੈ, ਅੱਲ੍ਹਾ ਦੇ ਦੀਦਾਰ ਕਰੇ ਤੋਂ ਬਗੈਰ ਨਹੀਂ ਮੁੜਨਾ।" ਥਾਂ ਥਾਂ ਖੋਜਦਾ ਫਿਰਦਾ ਹੈ, ਕੈਲਾਸ਼ ਪਰਬਤ ਤੇ ਗਿਆ। ਅਖੀਰ ਫਿਰਦਾ ਫਿਰਾਉਂਦਾ ਕਬੀਰ ਸਾਹਿਬ ਕੋਲ ਆ ਗਿਆ।

ਕਬੀਰ ਸਾਹਿਬ ਕਹਿਣ ਲੱਗੇ, "ਇਬਰਾਹੀਮ! ਤੂੰ ਰਾਜਾ ਹੈਂ, ਮੈਂ ਇਕ ਗਰੀਬ ਜੁਲਾਹਾ ਹਾਂ। ਸਾਡੇ ਘਰਵਾਲੇ ਤਾਂ ਮੈਨੂੰ ਸ਼ਿਕਾਇਤ ਕਰਦੇ ਨੇ ਕਿ ਸਾਨੂੰ ਛੋਲੇ ਚੱਬਣ ਨੂੰ ਦੇ ਦਿੰਦਾ ਹੈ ਤੇ ਜੇ ਕੋਈ ਆ ਜਾਂਦਾ ਹੈ ਉਨ੍ਹਾਂ ਨੂੰ ਰੋਟੀਆਂ ਦੇ ਦਿੰਦਾ ਹੈ। ਸਾਨੂੰ ਕਹਿੰਦਾ ਧਰਤੀ ਤੇ ਪੈ ਜਾਓ ਤੇ ਉਨ੍ਹਾਂ ਨੂੰ ਮੰਜੇ ਦੇ ਦਿੰਦਾ ਹੈ ਤੇ ਮੈਂ ਤਾਂ ਐਨਾ ਗਰੀਬ ਹਾਂ ਤੇ ਤੂੰ ਰਾਜਾ ਹੈਂ, ਆਪਣੀ ਦੋਹਾਂ ਦੀ ਕਿਵੇਂ ਨਿਭੇਗੀ?"

ਕਹਿਣ ਲੱਗਿਆ, "ਮਹਾਰਾਜ! ਮੈਂ ਗਰੀਬ ਤੋਂ ਗਰੀਬ ਹੋ ਕੇ ਨਿਭਾ ਲਵਾਂਗਾ, ਮੇਰੇ ਤੇ ਕਿਰਪਾ ਕਰੋ।"

ਕਬੀਰ ਸਾਹਿਬ ਨੇ ਸੇਵਾ ਦੀ ਇਜਾਜ਼ਤ ਦੇ ਦਿੱਤੀ, ਛੇ ਸਾਲ ਲੰਘ ਗਏ ਸੇਵਾ ਕਰਦੇ-ਕਰਦੇ। ਮਾਤਾ ਲੋਈ ਜੀ ਕਹਿਣ ਲੱਗੀ ਕਿ ਸੁਆਮੀ ਜੀ! ਦੇਖੋ ਛੇ ਸਾਲ ਹੋ ਗਏ, ਰਾਜ ਛੱਡ ਕੇ ਆਇਆ ਹੈ, ਤੁਸੀਂ ਅਜੇ ਤੱਕ ਇਸ ਨੂੰ ਗੁਰ ਮੰਤਰ ਨਹੀਂ ਦਿੱਤਾ।

ਕਹਿੰਦੇ, "ਅਜੇ ਇਹ ਪਵਿੱਤਰ ਨਹੀਂ ਹੋਇਆ, ਇਸ ਦੇ ਅੰਦਰ ਮੈਲ ਹੈ।"

ਮਾਤਾ ਜੀ ਕਹਿੰਦੇ, "ਕਿਵੇਂ ਪਤਾ ਲੱਗੇ ਕਿ ਅੰਦਰ ਮੈਲ ਹੈ?"

ਕਹਿੰਦੇ, "ਜਦੋਂ ਨਹਾ ਕੇ ਆਏਗਾ ਤਾਂ ਛੱਤ ਤੇ ਚੜ੍ਹ ਕੇ ਘਰ ਦਾ ਕੂੜਾ ਸੁੱਟ ਦੇਵੀਂ ਇਸ ਦੇ ਉਤੇ। ਫੇਰ ਜਿਹੜਾ ਕੁਝ ਬੋਲੇਗਾ, ਮੈਨੂੰ ਦੱਸੀਂ।"

ਮਾਤਾ ਨੇ ਓਵੇਂ ਜਿਵੇਂ ਕੀਤਾ, ਕੂੜਾ ਸੁੱਟ ਦਿੱਤਾ। ਨਹਾ ਕੇ ਆਇਆ ਸੀ। ਇਕ ਦਮ ਉਤੇ ਨੂੰ ਦੇਖਿਆ, ਮੂੰਹ ਵਿਚੋਂ ਮੱਲੋ-ਮੱਲੀ ਨਿਕਲ ਗਿਆ, ਕਹਿੰਦਾ, "ਹੁੰਦਾ ਜੇ ਮੈਂ ਆਪਣੇ ਰਾਜ ਵਿਚ ਤਾਂ ਸੁਆਦ ਦਿਖਾ ਦਿੰਦਾ ਕੂੜਾ ਸੁਟਣ ਦਾ, ਮੇਰੇ ਤੇ ਸੁੱਟ ਦਿੱਤਾ ਕੂੜਾ। ਜੇ ਮੈਂ ਬੰਦਗੀ ਕਰਨ ਆ ਗਿਆ ਤਾਂ ਰਾਜਾ ਤਾਂ ਮੈਂ ਹਾਂ ਹੀ, ਰਾਜ ਤਾਂ ਮੈਂ ਛੱਡਿਆ ਨਹੀਂ ਅਜੇ, ਮੈਂ ਤਾਂ ਰੱਬ ਨੂੰ ਮਿਲਣ ਆਇਆ ਹਾਂ।"

ਮਾਤਾ ਲੋਈ ਨੇ ਸਾਰੀ ਗੱਲ ਕਬੀਰ ਸਾਹਿਬ ਨੂੰ ਦੱਸ ਦਿੱਤੀ ਕਹਿੰਦੇ, "ਅਜੇ ਤਾਂ ਜੀਉਂਦਾ ਹੈ ਲੋਈ! ਇਹ ਤਾਂ ਮਰਿਆਂ ਹੋਇਆਂ ਦਾ ਰਾਹ ਹੈ, ਜੀਉਂਦਿਆਂ ਦਾ ਨਹੀਂ। ਮੁਰਦਾ ਜਿਹੜਾ ਹੈ ਉਹ ਜੀਉਂਦਾ ਮਰ ਜਾਂਦਾ ਹੈ, ਫੇਰ ਰੱਬ ਦੇ ਘਰ ਜੀਉਂਦਾ ਹੋ ਜਾਂਦਾ ਹੈ, ਸਦਾ ਵਾਸਤੇ ਅਮਰ ਜੀਵਨ ਪ੍ਰਾਪਤ ਹੋ ਜਾਂਦਾ ਹੈ।"

ਛੇ ਸਾਲ ਹੋਰ ਲੰਘ ਗਏ। ਕਬੀਰ ਸਾਹਿਬ ਕਹਿੰਦੇ, "ਹੁਣ ਕਿਵੇਂ ਲਗਦਾ ਹੈ?"

ਕਹਿੰਦੀ, "ਮੈਂ ਨਹੀਂ, ਮਹਾਰਾਜ ਜਾਣਦੀ, ਤੁਸੀਂ ਦੇਖੋ ਆਪਣਾ ਹਿਸਾਬ ਕਿਤਾਬ।"

ਕਹਿੰਦੇ, "ਅੱਜ ਫੇਰ ਕੂੜਾ ਪਾਈਂ।" ਨਹਾ ਕੇ ਆਏ ਤੇ ਅੱਜ ਫੇਰ ਕੂੜਾ ਪਾ ਦਿੱਤਾ। ਉਸ ਨੇ ਉਪਰ ਨੂੰ ਦੇਖਿਆ ਤੇ ਕਹਿੰਦਾ, "ਮਾਤਾ! ਕਿੱਡਾ ਪਰਉਪਕਾਰ ਕੀਤਾ, ਤੂੰ ਤਾਂ ਮੇਰੇ ਉਤੇ ਕੇਸਰ ਵਰ੍ਹਾ ਦਿੱਤਾ, ਸੰਤਾਂ ਦੀ ਧੂੜ ਮੇਰੇ ਉਤੇ ਪਾ ਦਿੱਤੀ। ਮੇਰੇ ਵਰਗੇ ਪਾਪੀ ਉਤੇ ਐਡੀ ਕਿਰਪਾ?"

ਨੱਚਣ ਲੱਗ ਗਿਆ, ਵਜਦ ਵਿਚ ਆ ਗਿਆ। ਉਸ ਵੇਲੇ ਮਾਤਾ ਜੀ ਨੇ ਦੱਸਿਆ ਕਬੀਰ ਸਾਹਿਬ ਨੂੰ ਕਿ ਉਹ ਤਾਂ ਨੱਚੀ ਜਾਂਦਾ ਹੈ, ਪੈਰ ਨਹੀਂ ਲਗਦਾ ਉਸ ਦਾ ਧਰਤੀ ਤੇ, ਐਸੀ ਕਰੰਟ ਉਸ ਦੇ ਅੰਦਰ ਪੈਦਾ ਹੋਈ-ਹੋਈ ਹੈ ਕਿ ਉਸ ਨੂੰ ਪਤਾ ਹੀ ਨਹੀਂ ਲਗਦਾ। ਉਸਦਾ ਚਿਹਰਾ ਤਾਂ ਲਾਲ ਰੰਗ ਦਾ ਹੋ ਗਿਆ।

ਕਬੀਰ ਸਾਹਿਬ ਗਏ, ਜਾ ਕੇ ਬੁੱਕਲ ਵਿਚ ਲੈ ਲਿਆ। ਉਪਦੇਸ਼ ਕਰ ਦਿੱਤਾ-

***ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ***
***ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥***

***ਪੰਨਾ - 305***

ਉਪਦੇਸ ਸੁਣਾ ਦਿੰਦਾ ਹੈ, ਜੀਵ ਤੇ ਬ੍ਰਹਮ ਦੀ ਏਕਤਾ ਕਰਾ ਦਿੰਦਾ ਹੈ। ਸਾਰੀਆਂ ਰਿਧੀਆਂ ਸਿਧੀਆਂ ਦੇ ਦਿੱਤੀਆਂ, ਪੂਰਾ ਕਰ ਦਿੱਤਾ। ਸੋ ਮਹਾਰਾਜ ਜੀ ਕਹਿੰਦੇ, ਘਰ ਬਾਰ ਛੱਡ ਕੇ ਗਏ -

***ਦਰ ਘਰ ਮਹਲਾ ਹਸਤੀ ਘੋੜੇ ਛੋਡਿ ਵਿਲਾਇਤਿ ਦੇਸ ਗਏ॥***
***ਪੀਰ ਪੇਕਾਂਬਰ ਸਾਲਿਕ ਸਾਦਿਕ ਛੋਡੀ ਦੁਨੀਆ ਥਾਇ ਪਏ॥***

*ਪੰਨਾ - 358*

ਦੁਨੀਆਂ ਨੂੰ ਛੱਡ ਦਿੱਤਾ। ਇਕ ਦੁਨੀਆਂ ਦੇ ਵਿਚ ਰਹਿ ਕੇ ਦੁਨੀਆਂ ਨੂੰ ਛੱਡਣਾ ਹੈ, ਇਕ ਦੁਨੀਆਂ ਤੋਂ ਕਿਨਾਰਾ ਕਸ਼ੀ ਕਰਕੇ ਦੁਨੀਆਂ ਨੂੰ ਛੱਡਣਾ ਹੈ।

***ਸਾਦ ਸਹਜ ਸੁਖ ਰਸ ਕਸ ਤਜੀਅਲੇ ਕਾਪੜ ਛੋਡੇ ਚਮੜ ਲੀਏ॥***
*ਪੰਨਾ - 358*

ਫੇਰ ਨਹੀਂ ਉਹ ਕਹਿੰਦੇ ਕਿ ਸਬਜ਼ੀ ਵਿਚ ਲੂਣ ਹੋਰ ਪਾ ਦੇ, ਫੇਰ ਨਹੀਂ ਕਹਿੰਦੇ ਕਿ ਤੜਕਾ ਲਾ ਕੇ ਦੇਹ। ਇਹ ਸਾਰੀਆਂ ਚੀਜ਼ਾਂ ਜੀਉਂਦਿਆਂ ਦੀਆਂ ਨੇ। ਜਦੋਂ ਦੂਜੇ ਪਾਸੇ ਜੀਊਂਦਾ ਹੋ ਜਾਂਦਾ ਹੈ ਫੇਰ ਇਹ ਰਸ-ਕਸ ਛੱਡ ਜਾਂਦਾ ਹੈ। ਅੰਦਰ ਹੀ ਐਨਾ ਜਬਰਦਸਤ ਰਸ ਹੁੰਦਾ ਹੈ ਕਿ ਦੁਨਿਆਵੀ ਰਸ ਦੀ ਲੋੜ ਹੀ ਨਹੀਂ ਰਹਿੰਦੀ। ਸਭ ਸੁਆਦ ਛੱਡ ਦਿੰਦਾ ਹੈ, ਸੁਖ ਵੀ ਛੱਡ ਦਿੰਦਾ ਹੈ, ਕੱਪੜੇ ਵੀ ਛੱਡ ਦਿੰਦੈ ਤੇ ਚਮੜੀਆਂ ਪਾ ਲਈਆਂ, ਖੱਲਾਂ ਪਹਿਨ ਲਈਆਂ -

***ਦੁਖੀਏ ਦਰਦਵੰਦ ਦਰਿ ਤੇਰੈ ਨਾਮਿ ਰਤੇ ਦਰਵੇਸ ਭਏ॥*** *ਪੰਨਾ - 358*

ਨਾਮ ਦੇ ਪਿਆਰ ਵਿਚ ਆਏ ਹੋਏ ਫੇਰ ਲੋਕ ਉਨ੍ਹਾਂ ਨੂੰ ਦਰਵੇਸ਼ ਕਹਿੰਦੇ ਨੇ।

***ਖਲੜੀ ਖਪਰੀ ਲਕੜੀ ਚਮੜੀ ਸਿਖਾ ਸੂਤੁ ਧੋਤੀ ਕੀਨ੍ਹੀ॥*** *ਪੰਨਾ - 358*

ਹੇ ਸਾਹਿਬਾ! ਤੈਨੂੰ ਰਿਝਾਉਣ ਵਾਸਤੇ ਬੇਅੰਤ ਕਿਸਮ ਦੇ ਭੇਖ ਕਰੇ ਨੇ।

***ਤੂੰ ਸਾਹਿਬੁ ਹਉ ਸਾਂਗੀ ਤੇਰਾ ਪ੍ਰਣਵੈ ਨਾਨਕੁ ਜਾਤਿ ਕੈਸੀ॥*** *ਪੰਨਾ - 358*

ਮੈਂ ਵੀ ਤੇਰਾ ਇਕ ਸਵਾਂਗੀ ਹਾਂ। ਸਵਾਂਗ ਤਾਂ ਸਾਰੇ ਹੀ ਹੁੰਦੇ ਨੇ, ਕੱਪੜੇ ਸਾਰੇ ਲਾਹ ਦਿਓ ਇਹ ਵੀ ਭੇਖ ਹੈ, ਕੱਪੜੇ ਪਾ ਕੇ ਸਿਰ ਦੇ ਉਤੇ ਪਟਕਾ ਬੰਨ੍ਹ ਲਓ, ਉਹ ਵੀ ਭੇਖ ਬਣ ਜਾਂਦਾ ਹੈ, ਕੁਝ ਕਰ ਲਓ, ਉਹ ਭੇਖ ਹੀ ਬਣ ਜਾਂਦਾ ਹੈ।

ਸੋ ਕਹਿਣ ਲੱਗੇ, "ਮਰਦਾਨਿਆਂ! ਜੰਗਲਾਂ ਨੂੰ ਨਿੰਦ ਨਾ। ਇਨ੍ਹਾਂ ਦੇ ਵਿਚ ਆ ਕੇ ਪ੍ਰਭੂ ਦੇ ਪਿਆਰਿਆਂ ਨੇ ਬੜੀਆਂ ਭਾਰੀਆਂ ਤਪੱਸਿਆਵਾਂ ਕੀਤੀਆਂ ਨੇ ਤੇ ਪ੍ਰਭੂ ਦੇ ਦਰ ਤੇ ਪਰਵਾਣ ਹੋਏ ਨੇ।"

ਜਿਨ੍ਹਾਂ ਨੇ ਵੀ ਘਾਲਣਾ ਘਾਲੀਆਂ ਨੇ, ਉਹ ਸੰਸਾਰ ਦੇ ਤਾਰਕ ਜਹਾਜ ਬਣ ਗਏ ਨੇ -

***ਧਾਰਨਾ - ਜਿਨ੍ਹਾਂ ਘਾਲੀਆਂ ਮੁਸ਼ਕਤਾਂ ਭਾਰੀ,***
***ਦੁਨੀਆਂ ਉਨ੍ਹਾਂ ਪਿਛੇ ਸੁੱਟਤੀ -2, 2.***
***ਪਿਆਰਿਓ, ਦੁਨੀਆ ਉਨ੍ਹਾਂ ਪਿਛੇ ਸੁੱਟਤੀ -2, 2.***
***ਜਿਨ੍ਹਾਂ ਘਾਲੀਆਂ ਮੁੱਸ਼ਕਤਾਂ ਭਾਰੀ,.... -2.***

***ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥***
***ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥*** *ਪੰਨਾ - 8*

ਇਕ ਦੇ ਬੰਧਨ ਨਹੀਂ ਛੁੱਟੇ, ਹਜ਼ਾਰਾਂ, ਲੱਖਾਂ, ਕਰੋੜਾਂ ਦੇ ਬੰਧਨ ਛੁੱਟ ਗਏ ਉਨ੍ਹਾਂ ਦੇ ਪਿਛੇ ਲੱਗ ਕੇ, ਜਿਨ੍ਹਾਂ ਨੇ ਮੁੱਸ਼ਕਤਾਂ ਘਾਲੀਆਂ ਨੇ, ਨਾਮ ਜਪਿਆ ਹੈ।

ਸੰਤ ਮਹਾਰਾਜ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲੇ - ਆਪ ਨੂੰ ਵੈਰਾਗ ਲੱਗਿਆ। ਆਪ ਕੁਹਾਟ ਛਾਉਣੀ ਤੋਂ ਨਾਉਂ ਕਟਾ ਕੇ ਆ ਗਏ। ਪਹਿਲਾਂ ਇਹ ਧਾਰਿਆ ਕਿ ਗੁਰੂ ਦਸਮੇਸ਼ ਪਿਤਾ ਜਿਸ ਥਾਂ ਤੇ ਸਮਾਏ ਨੇ - ਨੰਦੇੜ ਸਾਹਿਬ, ਹਜੂਰ ਸਾਹਿਬ, ਉਥੇ ਚਲਣਾ ਹੈ ਤੇ ਜਾਣਾ ਪੈਦਲ ਹੈ। ਦਿਨ ਰਾਤ ਨਾਮ ਜਪਦੇ ਨੇ। ਸ਼ਬਦ ਦੀ ਸਵਾਰੀ ਕਰੀ ਤੇ ਐਸਾ ਸੀ ਕਿ ਸੌ-ਸੌ ਮੀਲ ਰੋਜ਼ ਲੰਘ ਜਾਂਦੇ ਸੀ। ਜੰਗਲਾਂ ਦੇ ਵਿੱਚੀਂ ਲੰਘ ਕੇ ਉਥੇ ਪਹੁੰਚੇ। ਬੜੇ ਵੈਰਾਗ ਦੇ ਅੰਦਰ ਲਗਨ ਲੱਗੀ ਹੋਈ

ਹੈ। ਆਪ ਜੀ ਨੇ ਉਥੇ ਇਸ਼ਨਾਨ ਕਰਕੇ ਰੋੜੇ ਰੱਖ ਲੈਣੇ ਪੌਣੇ ਦੋ ਸੌ ਤੇ ਜਪੁਜੀ ਸਾਹਿਬ ਦੇ ਪਾਠ ਸ਼ੁਰੂ ਕਰ ਦੇਣੇ ਤੇ ਇਕ ਪਾਠ ਕਰਨਾ, ਰੋੜਾ ਗੋਦਾਵਰੀ ਵਿਚ ਸੁੱਟ ਦੇਣਾ, ਦੂਜਾ ਕਰਨਾ, ਫੇਰ ਸੁੱਟ ਦੇਣਾ। ਇਕ ਸੌ ਪੰਝੱਤਰ ਰੋੜੇ ਯਾਨੀ ਇਕ ਸੌ ਪੰਝੱਤਰ ਪਾਠ ਜਪੁਜੀ ਸਾਹਿਬ ਦਾ ਰੋਜ਼ ਕਰਨਾ। ਉਥੇ ਬੈਠ ਕੇ ਸਵਾ ਲੱਖ ਜਪੁਜੀ ਸਾਹਿਬ ਦਾ ਪਾਠ ਕਰਿਆ ਇਕ ਸਾਲ ਤੇ ਸੱਤ ਮਹੀਨੇ ਵਿਚ। ਉਥੋਂ ਆਪ ਨਗੀਨਾ ਘਾਟ ਚਲੇ ਗਏ, ਨਗੀਨਾ ਘਾਟ ਤੋਂ ਫੇਰ ਸ਼ਿਕਾਰ ਘਾਟ ਚਲੇ ਗਏ। ਨਗੀਨਾ ਘਾਟ ਜਾ ਕੇ ਸਵਾ ਲੱਖ ਪਾਠ ਕਰਿਆ ਆਪ ਨੇ ਜਪੁਜੀ ਸਾਹਿਬ ਦਾ। ਉਥੋਂ ਸ਼ਿਕਾਰ ਘਾਟ ਚਲੇ ਗਏ ਉਥੇ ਤਿੰਨ ਮਹੀਨੇ ਰਹੇ, ਪੱਚੀ ਹਜ਼ਾਰ ਪਾਠ ਉਥੇ ਕਰਿਆ। ਫੇਰ ਆਪ ਕੁਹਾਟ ਵੱਲ ਆ ਗਏ, ਕੱਲਰ-ਕਨੋਹੇ ਆਏ ਤੇ ਉਥੇ ਮਨ ਵਿਚ ਆਇਆ ਕਿ ਅਖੰਡ ਸਾਧਨਾ ਕੀਤੀ ਜਾਵੇ। ਪਹਿਲੀ ਵਾਰੀ ਚਾਲੀ ਦਿਨਾਂ ਵਾਸਤੇ ਬੈਠ ਗਏ, ਨਾ ਕੁਝ ਖਾਧਾ, ਨਾ ਕੁਝ ਪੀਤਾ, ਬੜੇ ਯਤਨ ਕੀਤੇ। ਪਹਿਲਾਂ ਹੀ ਖ਼ੁਰਾਕ ਘਟਾਉਣੀ ਸ਼ੁਰੂ ਕਰ ਦਿੱਤੀ। ਜਦੋਂ ਦੇਖਿਆ ਕਿ ਕਈ ਦਿਨ ਹੋ ਗਏ ਪ੍ਰਸ਼ਾਦਾ ਛਕੇ ਨੂੰ, ਫੇਰ ਅਰਦਾਸਾਂ ਕਰਕੇ ਅੰਦਰ ਬੈਠ ਕੇ ਅਖੰਡ ਜਾਪ ਵਿਚ ਲੱਗ ਗਏ -

***ਤਿਥੈ ਊਂਘ ਨ ਭੁਖ ਹੈ ...............॥*** ***ਪੰਨਾ - 1414***

ਉਥੇ ਨਾ ਉਂਘ ਹੈ ਨਾ ਭੁੱਖ ਹੈ, ਦੋਏ ਚੀਜ਼ਾਂ ਨਹੀਂ ਹੋਇਆ ਕਰਦੀਆਂ। ਪਹਿਲੀ ਵਾਰੀ ਚਾਲੀ ਦਿਨ, ਦੂਸਰੀ ਵਾਰੀ ਫੇਰ ਕਹਿਣ ਲੱਗੇ। ਜਿਹੜੇ ਸੇਵਾ ਕਰਦੇ ਸੀ - ਇਕ ਮਾਈ ਸੀ ਭਾਗ ਭਰੀ, ਇਕ ਵਜੀਰ ਸਿੰਘ ਸੀ, ਉਨ੍ਹਾਂ ਨੂੰ ਕਹਿਣ ਲੱਗੇ ਕਿ ਪ੍ਰੇਮੀਓਂ! ਹੁਣ ਸਾਡਾ ਜੀਅ ਕਰਦਾ ਹੈ ਕਿ ਅਸੀਂ ਛੇ ਮਹੀਨੇ ਨਾ ਕਿਸੇ ਨਾਲ ਬੋਲੀਏ।

ਉਹ ਕਹਿੰਦੇ, "ਮਹਾਰਾਜ! ਕੁਝ ਛਕੋ। ਪਹਿਲਾਂ ਹੀ ਸਰੀਰ ਨਿਰਬਲ ਹੋ ਗਿਆ ਹੈ। ਚਿਹਰਾ ਤਾਂ ਭਾਵੇਂ ਦਗ-ਦਗ ਕਰਦਾ ਹੈ ਪਰ ਸਰੀਰ ਦੀ ਹਾਲਤ ਬਹੁਤ ਖਰਾਬ ਹੋ ਗਈ। ਕਿਰਪਾ ਕਰੋ, ਕੁਝ ਨਾ ਕੁਝ ਛਕੋ।

ਜਦੋਂ ਬਹੁਤ ਪ੍ਰੇਮ ਦੇਖਿਆ, ਕਹਿਣ ਲੱਗੇ, "ਇਉਂ ਕਰਿਆ ਕਰੋ ਫੇਰ, ਇਕ ਗਲਾਸ ਦੁੱਧ ਦਾ, ਤੇ ਤੀਜੇ ਪਹਿਰ ਇਕ ਸ਼ਰਦਾਈ ਦਾ, ਇਕ ਕੌਲੀ ਦਾਲ ਜਾਂ ਸਬਜ਼ੀ ਦੀ ਰੱਖ ਜਾਇਆ ਕਰੋ ਬੱਸ। ਜੇ ਛਕ ਲਿਆ ਤਾਂ ਠੀਕ ਹੈ, ਜੇ ਨਾ ਛਕਿਆ ਤਾਂ ਚੁੱਕ ਲੈ ਜਾਇਆ ਕਰੋ।"

ਸੋ ਛੇ ਮਹੀਨੇ ਆਪ ਇਸੇ ਤਰ੍ਹਾਂ ਕਰਦੇ ਰਹੇ। ਉਸ ਤੋਂ ਛੇਤੀ ਹੀ ਬਾਅਦ ਕਹਿਣ ਲੱਗੇ, "ਅਸੀਂ ਹੁਣ ਇਕ ਸਾਲ ਨਹੀਂ ਬੋਲਣਾ। ਦੁਬਾਰਾ ਇਕ ਸਾਲ ਵਾਸਤੇ ਫੇਰ ਬੈਠ ਗਏ। ਸੋ ਐਸੀਆਂ-ਐਸੀਆਂ ਮੁਸ਼ੱਕਤਾਂ ਘਾਲੀਆਂ ਨਾਮ ਜਪਣ ਦੀਆਂ-

***ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥***
***ਪੰਨਾ - 8***

ਪੰਜਾਬ ਦਾ ਉਧਾਰ ਕਰ ਦਿੱਤਾ, ਸਿੱਖੀ ਦਾ ਛਿੱਟਾ ਦੇ ਦਿੱਤਾ। ਸੰਤ ਮਹਾਰਾਜ ਜੀ ਜਦੋਂ ਰਾੜੇ ਸਾਹਿਬ ਢੱਕੀ ਦੇ ਅੰਦਰ ਆਏ ਤਾਂ ਉਸ ਵੇਲੇ ਆਪ ਨੇ ਚਾਰ-ਚਾਰ ਫੁੱਟ ਦੇ ਟੋਏ ਪੁਟਵਾ ਦਿੱਤੇ। ਹੁਕਮ ਇਹ ਸੀ ਕਿ ਬੰਦਗੀ ਕਰਨੀ ਹੈ, ਸੌਣਾ ਨਹੀਂ ਕਿਸੇ ਨੇ। ਸੌਣ ਦਾ ਸਮਾਂ ਸਿਰਫ ਸਾਢੇ ਗਿਆਰਾਂ ਤੋਂ ਡੇਢ ਵਜੇ ਤੱਕ ਸੀ। ਉਸ ਤੋਂ ਬਾਅਦ ਉਠੋ, ਉਠ ਕੇ ਇਸ਼ਨਾਨ ਕਰੋ, ਫੇਰ ਬੰਦਗੀ ਕਰੋ। ਸੋ ਆਪ ਨੇ ਇਸੇ ਤਰ੍ਹਾਂ ਦੇ ਨਾਲ ਬੰਦਗੀ ਕੀਤੀ। ਨੌ-ਨੌ ਮਹੀਨੇ ਦੇ ਮੌਨ ਬਰਤ ਰੱਖੇ। ਚਾਰ ਤਰ੍ਹਾਂ ਦਾ ਮੌਨ ਹੁੰਦਾ ਹੈ ਸਾਧ ਸੰਗਤ ਜੀ।

ਪਹਿਲਾ ਹੁੰਦਾ ਹੈ - ਮੂੰਹੋਂ ਨਾ ਬੋਲਣਾ। ਇਹ ਵੀ ਬਹੁਤ ਚੰਗਾ ਹੈ, ਨਿੰਦਿਆ, ਚੁਗਲੀ, ਈਰਖਾ, ਫਜ਼ੂਲ ਗੱਲਾਂ ਤੋਂ ਬਚ ਕੇ ਸ਼ਕਤੀ ਇਕੱਠੀ ਹੋ ਜਾਂਦੀ ਹੈ ਪਰ ਇਸ ਦੇ ਵਿਚ ਇਹ ਹੁੰਦਾ ਹੈ

ਕਿ ਆਦਮੀ ਆਪਣੀਆਂ ਲੋੜਾਂ ਸਲੇਟ ਤੇ ਜਾਂ ਕਾਗਜ਼ ਤੇ ਲਿਖ ਕੇ ਜਾਂ ਇਸ਼ਾਰਿਆਂ ਨਾਲ ਸਮਝਾਈ ਜਾਂਦਾ ਹੈ।

ਦੂਸਰਾ ਮੋਨ ਹੁੰਦਾ ਹੈ ਇੰਦ੍ਰੀਆਂ ਦਾ। ਪਹਿਲਾ ਮੋਨ ਰੱਖ ਲਿਆ, ਉਹ ਵੀ ਬਹੁਤ ਵਧੀਆ ਹੈ, ਜੇ ਨਾਲ ਦੋ ਮੋਨ ਰੱਖ ਲਏ ਤਾਂ ਹੋਰ ਲਾਭਦਾਇਕ ਹੈ। ਇੰਦ੍ਰੀਆਂ ਦਾ ਮੋਨ ਹੈ - ਅੱਖਾਂ ਦੇ ਨਾਲ ਪਰਾਇਆ ਰੂਪ ਨਹੀਂ ਤੱਕਣਾ, ਕੰਨਾਂ ਦੇ ਨਾਲ ਕਿਸੇ ਦੀ ਨਿੰਦਿਆ ਨਹੀਂ ਸੁਣਨੀ, ਵਾਸ਼ਨਾਵਾਂ ਤੋਂ ਮਨ ਨੂੰ ਰੋਕਣਾ ਹੈ, ਬਾਹਰ ਜਾਂਦਾ ਮਨ ਰੋਕਣਾ ਹੈ, ਹੱਥਾਂ ਨਾਲ ਕੋਈ ਬੁਰਾ ਕੰਮ ਨਹੀਂ ਕਰਨਾ, ਪੈਰਾਂ ਨਾਲ ਮਾੜੇ ਥਾਂ ਚੱਲ ਕੇ ਨਹੀਂ ਜਾਣਾ, ਇਹ ਇੰਦ੍ਰੀਆਂ ਦਾ ਮੌਨ ਕਹਾਉਂਦਾ ਹੈ। ਕੰਨਾਂ ਦੇ ਨਾਲ ਹਰੀ ਜੱਸ ਸ੍ਵਣ ਕਰਨਾ ਹੈ।

ਤੀਸਰਾ ਮੌਨ ਹੋਇਆ ਕਰਦਾ ਹੈ - ਮਨ ਦਾ ਮੌਨ। ਮਨ ਦਾ ਜੋ ਮੌਨ ਹੈ ਇਸ ਦੇ ਵਿਚ ਕੋਈ ਫੁਰਨਾ ਨਹੀਂ ਉਠਣ ਦੇਣਾ, ਅਫੁਰ ਅਵਸਥਾ 'ਚ ਰਹਿਣਾ ਹੈ, ਇਹ ਸਾਰਿਆਂ ਨਾਲੋਂ ਔਖਾ ਹੁੰਦਾ ਹੈ। ਮੋਨ ਤਾਂ ਰੱਖ ਲਿਆ ਪਰ ਮਨ ਦਾ ਮੌਨ ਨਾ ਰੱਖਿਆ। ਮਹਾਰਾਜ ਜੀ ਕਹਿੰਦੇ, ਮਨ ਦਾ ਮੌਨ ਜ਼ਰੂਰੀ ਸੀ।

ਚੌਥਾ ਮੌਨ ਬੁੱਧੀ ਦਾ ਹੋਇਆ ਕਰਦਾ ਹੈ। ਉਹ ਇਹ ਹੈ ਕਿ ਜਿਧਰ ਵੀ ਦੇਖਦੇ ਹੋ, ਓਧਰ ਹੀ ਪ੍ਰਮੇਸ਼ਰ ਹੈ, ਪ੍ਰਮੇਸ਼ਰ ਸਤਿ ਹੈ ਤੇ ਜਗਤ ਨੇਸ਼ਟਾ ਹੈ। ਇਸ ਸਬਕ ਨੂੰ ਪੱਕਾ ਕਰਨਾ। ਸੋ ਐਸੇ ਉਪਦੇਸ਼ ਦੇ ਕੇ ਸਾਰੇ ਸਿੰਘਾਂ ਦੇ ਨਾਲ ਆਪ ਨੌਂ-ਨੌਂ ਮਹੀਨੇ ਦਾ ਮੋਨ ਧਾਰਨ ਕਰਦੇ ਸੀ ਤੇ ਬਹੁਤ ਘੋਰ ਤਪਸਿਆ ਕਰਦੇ ਸੀ। ਨਹਿਰ ਸੀ ਕੋਲ, ਜਾ ਕੇ ਪਾਣੀ ਵਿਚ ਖੜ੍ਹ ਜਾਣਾ, ਪੋਹ ਦਾ ਮਹੀਨਾ ਸੀ ਤੇ ਆਪ ਨੇ ਪਾਣੀ ਵਿਚ ਖੜ੍ਹੇ ਰਹਿਣਾ। ਪੁਲ ਦੇ ਗਾਰਡਰਾਂ ਤੇ ਬਿਠਾ ਦੇਣਾ, ਇਕ ਕੱਪੜਾ ਦਿੰਦੇ ਸੀ ਤੇ ਆਪ ਵੀ ਇਕੋ ਕੱਪੜਾ ਲੈਂਦੇ ਸੀ - ਖੇਸੀ ਖੱਦਰ ਦੀ ਹਲਕੀ ਜਿਹੀ। ਸਰਦੀ ਹੋਵੇ, ਗਰਮੀ ਹੋਵੇ, ਖੇਸੀ ਰੱਖਦੇ ਸੀ ਕੋਲ, ਤੇ ਨਹਿਰ ਦੇ ਕੰਢੇ ਜਾ ਕੇ ਬਹਿ ਜਾਣਾ।

ਇਕ ਵਾਰੀ ਮੈਂ ਬੇਨਤੀ ਕਰੀ, "ਮਹਾਰਾਜ! ਆਪ ਦਾ ਜੀਵਨ ਲਿਖਣ ਨੂੰ ਕਹਿੰਦੇ ਨੇ, ਮੇਰੇ ਕੋਲ ਚਿੱਠੀ ਆਈ ਹੈ।"

ਮਹਾਰਾਜ ਜੀ ਕਹਿੰਦੇ, "ਸੰਤਾਂ ਦੇ ਜੀਵਨ ਦਾ ਤਾਂ ਪਤਾ ਨਹੀਂ ਹੁੰਦਾ ਕਿਸੇ ਨੂੰ, ਉਨ੍ਹਾਂ ਨੂੰ ਆਪ ਹੀ ਪਤਾ ਹੁੰਦਾ ਹੈ।"

ਮੇਰੇ ਮੂੰਹੋਂ ਨਿਕਲ ਗਿਆ ਕਿ ਮਹਾਰਾਜ ਜੀ! ਤੁਸੀਂ ਜਿਥੇ-ਜਿਥੇ ਗਏ ਹੋ, ਉਹ ਤਾਂ ਨੋਟ ਨੇ ਤਰੀਕਾਂ ਸਾਰੀਆਂ।

ਕਹਿੰਦੇ, "ਇਹ ਨਹੀਂ ਸੰਤਾਂ ਦਾ ਜੀਵਨ ਹੁੰਦਾ। ਪਤਾ ਨਹੀਂ ਲਗਦਾ ਜਿਹੜੀ ਘਾਲ ਘਾਲਦੇ ਨੇ, ਉਹ ਗੁਪਤ ਘਾਲਦੇ ਨੇ।" ਕੁਦਰਤੀ ਮੂੰਹ 'ਚੋਂ ਨਿਕਲ ਗਿਆ। ਕਹਿੰਦੇ, "ਅਸੀਂ ਨੌਂ ਸਾਲ ਧਰਤੀ ਨੂੰ ਪਿੱਠ ਨਹੀਂ ਲਾਈ।" ਦੁਨੀਆਂ ਪਿੱਠ ਲਾਉਂਦੀ ਹੈ ਸੌਣ ਵੇਲੇ ਪਰ ਮਹਾਂਪੁਰਸ਼ ਕਹਿੰਦੇ ਅਸੀਂ ਪਿੱਠ ਨਹੀਂ ਲਾਈ। ਇਕ-ਦੋ-ਚਾਰ ਸਾਲ ਕਹਿਣਾ ਸੌਖਾ ਹੈ। ਐਨਾ ਸਮਾਂ ਬਹੁਤ ਔਖਾ ਹੈ।

ਸੋ ਗੁਰੂ ਨਾਨਕ ਪਾਤਿਸ਼ਾਹ ਨੇ ਆਪਣੇ ਗੁਰਸਿੱਖਾਂ ਨੂੰ ਘਾਲਣਾ ਦਾ ਸਬਕ ਦਿੱਤਾ ਸੀ। ਸੋ ਆਪ ਕੁਝ ਨਹੀਂ ਖਾਂਦੇ। ਰੋੜਾਂ ਦੀ ਸੇਜ ਤੇ ਪਏ ਰਹਿੰਦੇ ਸਨ। ਕਈ ਮਹੀਨੇ ਹੋ ਗਏ, ਸੰਗਤਾਂ ਦੂਰ-ਦੂਰ ਤੋਂ ਸੁਣਦੀਆਂ ਹਨ ਤੇ ਆਉਂਦੀਆਂ ਹਨ। ਦਰਸ਼ਨ ਹੁੰਦੇ ਨਹੀਂ, ਦੂਰ ਹੀ ਬੈਠ ਜਾਂਦੀਆਂ ਹਨ। ਅਖੀਰ ਬਹੁਤ ਸਾਰੀਆਂ ਸੰਗਤਾਂ ਨੇ ਉਥੇ ਵਾਸਾ ਕਰ ਲਿਆ ਤੇ ਵੀਹ ਹਜ਼ਾਰ ਦੀ ਗਿਣਤੀ ਹੋ ਗਈ ਡੇਰਾ ਬਾਬਾ ਨਾਨਕ ਦੀ, ਬੇਅੰਤ ਭੀੜਾਂ ਇੱਕਠੀਆਂ ਹੋ ਗਈਆਂ। ਜਦੋਂ ਸੰਤਾਂ ਦੇ ਦੁਆਲੇ ਜਗਿਆਸੂ

ਹਟ ਜਾਣ, ਭੀੜਾਂ ਇਕੱਠੀਆਂ ਹੋ ਜਾਣ, ਫੇਰ ਕੋਈ ਕੌਤਕ ਵਰਤਾਉਂਦੇ ਨੇ ਕਿ ਇਹ ਨੱਠ ਜਾਣ।

ਕਬੀਰ ਸਾਹਿਬ ਦੇ ਦੁਆਲੇ ਜਦੋਂ ਬਹੁਤੀਆਂ ਭੀੜਾਂ ਇਕੱਠੀਆਂ ਹੋ ਗਈਆਂ; ਕਬੀਰ ਸਾਹਿਬ ਦੀ ਇਕ ਸੇਵਕ ਸੀ ਵੇਸਵਾ, ਉਸ ਦਾ ਸਾਰੇ ਪਾਪਾਂ ਤੋਂ ਛੁਟਕਾਰਾ ਕਰਾ ਕੇ ਸ਼ੁੱਧ ਜੀਵਨ ਵਿਚ ਪਾਇਆ। ਉਸ ਦਿਨ ਉਸ ਨੂੰ ਕਹਿਣ ਲੱਗੇ ਕਿ ਸਾਡੇ ਨਾਲ ਚੱਲੀਂ। ਉਸ ਦੇ ਨਾਲ ਹੋ ਲਏ ਤੇ ਕੇਸ ਖੋਲ੍ਹ ਲਏ, ਦਸਤਾਰ ਪਾ ਲਈ ਗਰਦਨ ਵਿਚ, ਰੰਗਦਾਰ ਪਾਣੀ ਦੀ ਬੋਤਲ ਕੋਲ ਲਈ ਹੋਈ ਹੈ, ਥੋੜ੍ਹੀ ਦੇਰ ਬਾਅਦ ਮੂੰਹ ਨੂੰ ਲਾ ਲੈਂਦੇ ਨੇ ਤੇ ਰੌਲਾ-ਰੱਪਾ ਪਾਉਂਦੇ ਨੇ। ਸਾਰੇ ਸ਼ਹਿਰ ਵਿਚ ਨਿੰਦਿਆ ਹੋਣੀ ਸ਼ੁਰੂ ਹੋ ਗਈ। ਉਨ੍ਹਾਂ ਦਾ ਇਕ ਪਰਮ ਸੇਵਕ ਸੀ ਉਥੋਂ ਦਾ ਰਾਜਾ। ਉਸ ਨੂੰ ਪਰਖਣ ਵਾਸਤੇ ਆਪ ਚਲੇ ਗਏ ਕਿ ਦੇਖੀਏ ਇਸ ਦੇ ਮਨ ਵਿਚ ਕੀ ਆਉਂਦਾ ਹੈ। ਜਦੋਂ ਉਥੇ ਗਏ ਤਾਂ ਰਾਜੇ ਨੇ ਦੂਰੋਂ ਦੇਖਿਆ। ਉਸ ਨੇ ਪਹਿਲਾਂ ਗੱਲਾਂ ਸੁਣੀਆਂ ਹੋਈਆਂ ਸਨ ਕਿ ਮਹਾਰਾਜ! ਤੁਹਾਡਾ ਗੁਰੂ ਅੱਜ ਇਉਂ ਕਰਦਾ ਫਿਰਦਾ ਹੈ। ਚੇਲੇ ਤਾਂ ਸਹਿ ਹੀ ਨਹੀਂ ਸਕਦੇ। ਕੱਚੇ ਜਿਹੜੇ ਹੁੰਦੇ ਨੇ ਉਹ ਪਹਿਲੇ ਹੱਲੇ ਹੀ ਝੜ ਜਾਂਦੇ ਹੁੰਦੇ ਨੇ। ਪੱਕੇ-ਪੱਕੇ ਰਹਿ ਜਾਂਦੇ ਨੇ। ਕੋਈ ਵਿਰਲਾ ਹੈ ਜਿਹੜਾ ਰਹਿ ਜਾਵੇ। ਸੋ ਜਦੋਂ ਕਬੀਰ ਸਾਹਿਬ ਦਰਬਾਰ ਵਿਚ ਆਏ ਤਾਂ ਉਠਿਆ ਨਾ, ਸਤਿਕਾਰ ਨਾ ਕਰਿਆ। ਅਜੇ ਰਾਣੀ ਨੇ ਤਾਂ ਕਿਹਾ ਕਿ ਗੁਰੂ ਵਿਚ ਨਹੀਂ ਦੋਸ਼ ਕੱਢੀਦਾ ਹੁੰਦਾ, ਗੁਰੂ ਨੇਹਕਲੰਕ ਹੁੰਦਾ ਹੈ, ਕੋਈ ਕੌਤਕ ਹੈ ਮਹਾਰਾਜ! ਤੁਸੀਂ ਗਲਤ ਨਾ ਸਮਝੋ।

ਕਹਿੰਦਾ, "ਆਹ ਦੇਖ! ਮੇਰੇ ਸਾਹਮਣੇ ਵੇਸਵਾ ਦੀ ਬਾਂਹ ਫੜੀ ਹੋਈ ਹੈ, ਕੇਸ਼ ਖੋਲ੍ਹੇ ਹੋਏ ਨੇ ਤੇ ਸ਼ਰਾਬ ਦੀ ਬੋਤਲ ਹੱਥ ਵਿਚ ਹੈ।"

ਜਦੋਂ ਕਬੀਰ ਸਾਹਿਬ ਨੇੜੇ ਆਏ ਤਾਂ ਬੋਲਿਆ, "ਕਬੀਰ! ਜੁਲਾਹੇ ਦਾ ਜੁਲਾਹਾ ਹੀ ਰਿਹਾ ਤੂੰ, ਮੈਂ ਤੈਨੂੰ ਐਵੇਂ ਹੀ ਗੁਰੂ ਬਣਾ ਲਿਆ। ਜੇ ਮੈਨੂੰ ਆਹ ਪਤਾ ਹੁੰਦਾ ਕਿ ਤੇਰੇ ਮਨ ਵਿਚੋਂ ਅਜੇ ਵੇਸਵਾ ਦਾ ਖਿਆਲ ਨਹੀਂ ਗਿਆ ਤੇ ਸ਼ਰਾਬ ਵੀ ਪੀ ਲੈਂਦਾ ਹੈਂ ਤੇ ਅੱਜ ਖੁੱਲ੍ਹ ਕੇ ਪੀ ਲਈ ਤਾਂ ਮੈਂ ਤੈਨੂੰ ਕਦੇ ਗੁਰੂ ਨਾ ਬਣਾਉਂਦਾ। ਮੈਂ ਨਹੀਂ ਤੇਰਾ ਆਦਰ ਕਰਨਾ।"

ਕਬੀਰ ਸਾਹਿਬ ਨੇ ਸ਼ਰਾਬ ਉਥੇ ਡੋਲ੍ਹ ਦਿੱਤੀ, ਰਾਜੇ ਨੂੰ ਬੋ ਆਈ ਤੇ ਉਹ ਕਹਿਣ ਲੱਗਿਆ, "ਆਹ ਕੀ ਕੀਤਾ, ਤੂੰ ਮੇਰਾ ਗਲੀਚਾ ਖਰਾਬ ਕਰ ਦਿੱਤਾ।"

ਕਬੀਰ ਸਾਹਿਬ ਕਹਿੰਦੇ, "ਅਸੀਂ ਗਲੀਚਾ ਖਰਾਬ ਨਹੀਂ ਕਰਿਆ, ਮੰਦਰਾਂ ਦੀ ਅੱਗ ਬੁਝਾਈ ਹੈ- ਜਗਨਨਾਥ ਪੁਰੀ ਦੇ ਮੰਦਰ ਦੀ। ਜਾਹ! ਪਤਾ ਕਰ ਲੈ।" ਐਨਾ ਕਹਿ ਕੇ ਕਬੀਰ ਸਾਹਿਬ ਚਲੇ ਗਏ।

ਰਾਣੀ ਨੇ ਰਾਜੇ ਨੂੰ ਕਿਹਾ, "ਮਹਾਰਾਜ! ਸਵਾਰ ਭੇਜੋ, ਜਾ ਕੇ ਪਤਾ ਕਰਾਓ।"

ਜਾ ਕੇ ਪਤਾ ਕਰਿਆ ਪਾਂਡਿਆਂ ਤੋਂ, ਉਹ ਕਹਿੰਦੇ, ਅਚਾਨਕ ਅੱਗ ਲੱਗ ਗਈ ਸੀ। ਲਗਦਾ ਇਹ ਸੀ ਕਿ ਮੰਦਰ ਨਹੀਂ ਹੁਣ ਬਚਣਾ ਪਰ ਹੈਰਾਨੀ ਦੀ ਗੱਲ ਹੈ ਕਿ ਇਕ ਦਮ ਅੱਗ ਬੁਝ ਗਈ ਸਾਰੀ। ਫੇਰ ਰਾਜਾ ਦੌੜਿਆ ਫਿਰੇ।

ਸੋ ਇਸ ਤਰ੍ਹਾਂ ਭੀੜਾਂ ਇਕੱਠੀਆਂ ਹੋ ਗਈਆਂ। ਗੁਰੂ ਨਾਨਕ ਪਾਤਿਸ਼ਾਹ ਇਹ ਨਹੀਂ ਸੀ ਚਾਹੁੰਦੇ ਕਿ ਐਵੇਂ ਤਮਾਸ਼ਬੀਨ ਲੋਕ ਇਕੱਠੇ ਹੋ ਜਾਣ। ਸੰਤ ਜਦੋਂ ਹੁੰਦੇ ਨੇ ਉਦੋਂ ਭੀੜ ਘੱਟ ਹੋਇਆ ਕਰਦੀ ਹੈ। ਜਦੋਂ ਚਲੇ ਜਾਂਦੇ ਨੇ ਫੇਰ ਬੇਅੰਤ ਦੁਨੀਆਂ ਆਉਣੀ ਸ਼ੁਰੂ ਹੋ ਜਾਂਦੀ ਹੈ। ਫੇਰ ਮੱਥੇ ਹੀ ਟੇਕੀ ਜਾਂਦੇ ਨੇ, ਸਿਧਾਂਤ ਹਟ ਜਾਇਆ ਕਰਦਾ ਹੈ, ਉਹ ਗੱਲ ਨਹੀਂ ਰਹਿੰਦੀ, ਮੇਲੇ ਬਣ ਜਾਂਦੇ ਨੇ ਫੇਰ। ਦੁਨੀਆਂ ਮੇਲਾ ਦੇਖਣ ਆਉਂਦੀ ਹੈ ਕਿ ਕਿੰਨਾ-ਕੁ ਇਕੱਠ ਹੈ, ਕਿਹੜਾ-ਕਿਹੜਾ ਬੋਲਦਾ ਹੈ, ਇਸ ਦਾ ਬੋਲ ਚੰਗਾ ਹੈ, ਓਹਦਾ ਬੋਲ ਚੰਗਾ ਨਹੀਂ। ਰੂਹਾਨੀ ਸੇਧ ਲੈਣ ਵਾਸਤੇ ਨਹੀਂ ਆਉਂਦੇ। ਸੋ

ਮਹਾਰਾਜ ਜੀ ਨੇ ਹੁਕਮ ਕਰ ਦਿੱਤਾ ਕਿ ਲੰਗਰ ਇਕ ਵਕਤ ਚੱਲਿਆ ਕਰੇਗਾ। ਜਦੋਂ ਇਕ ਵਕਤ ਚੱਲਿਆ ਤਾਂ ਹਜ਼ਾਰਾਂ ਹੀ ਬੰਦੇ ਚਲੇ ਗਏ ਕਿ ਭੁੱਖਾ ਕਿਹੜਾ ਮਰੇ। ਜਦੋਂ ਥੋੜ੍ਹੇ ਰਹਿ ਗਏ ਤਾਂ ਮਹਾਰਾਜ ਜੀ ਕਹਿੰਦੇ, ਭਾਈ! ਇਕ ਦਿਨ ਲੰਗਰ ਮਸਤਾਨਾ ਤੇ ਇਕ ਦਿਨ ਲੰਗਰ ਚਲੇਗਾ। ਇਸੇ ਤਰ੍ਹਾਂ ਹੋਣਾ ਸ਼ੁਰੂ ਹੋ ਗਿਆ। ਫੇਰ ਹੋਰ ਚਲੇ ਗਏ। ਫੇਰ ਮਹਾਰਾਜ ਜੀ ਨੇ ਕਿਹਾ ਕਿ ਦੋ ਦਿਨ ਲੰਗਰ ਬੰਦ ਤੇ ਇਕ ਦਿਨ ਇਕ ਡੰਗ ਚਲੇਗਾ। ਜਿਹੜੇ ਰਹਿੰਦੇ-ਖੂਹੰਦੇ ਸੀ ਉਹ ਵੀ ਚਲੇ ਗਏ। ਜਿਹੜੇ ਅਜੇ ਵੀ ਰਹਿ ਗਏ, ਮਹਾਰਾਜ ਉਨ੍ਹਾਂ ਨੂੰ ਕਹਿੰਦੇ, ਤੁਸੀਂ ਹਲ ਚਲਾਓ। ਓਧਰ ਭੁੱਖੇ ਨੇ, ਓਧਰ ਹਲ ਚਲਾਉਂਦੇ ਨੇ। ਦੋ ਦਿਨ ਕੁਝ ਨਹੀਂ ਮਿਲਣਾ ਖਾਣ ਨੂੰ। ਪਾਣੀ ਪੀ-ਪੀ ਕੇ ਗੁਜ਼ਾਰੇ ਕਰਦੇ ਨੇ ਬਾਹਰ ਦਰਿਆ ਤੇ। ਸੋ ਆਪ ਨੇ ਕਣਕ ਬਿਜਾ ਦਿੱਤੀ। ਜਦੋਂ ਕਣਕ ਹੋ ਗਈ ਇਕੱਠੀ, ਉਸ ਵੇਲੇ ਮਹਾਰਾਜ ਜੀ ਕਹਿੰਦੇ ਕਿ ਢੇਰ ਲਾ ਦਿਓ ਭਾਈ। ਉਨ੍ਹਾਂ ਨੇ ਢੇਰ ਲਾ ਦਿੱਤਾ। ਢੇਰ ਲਾ ਕੇ ਸੰਗਤ ਕਹਿੰਦੀ, ਮਹਾਰਾਜ ਜੀ! ਫੇਰ ਗਾਹ ਪਾਈਏ। ਮਹਾਰਾਜ ਜੀ ਕਹਿੰਦੇ, "ਨਾ! ਅੱਗ ਲਿਆਉ ਲੰਗਰ ਵਿਚੋਂ। ਅੱਗ ਲੈ ਆਂਦੀ। ਮਹਾਰਾਜ ਜੀ ਕਹਿੰਦੇ, "ਸਾਰੇ ਢੇਰਾਂ ਨੂੰ ਲਾ ਦਿਓ।" ਕਿੰਨੇ ਹੀ ਝਿਜਕ ਗਏ, ਪਿਛੇ ਹਟ ਗਏ ਕਿ ਅੰਨ ਸਾੜ ਦੇਈਏ? ਇਹੋ ਜਿਹਾ ਮਾੜਾ ਕੰਮ ਅਸੀਂ ਕਰੀਏ? ਮਹਾਰਾਜ ਜੀ ਨੂੰ ਕੀ ਹੋ ਗਿਆ, ਅੰਨ ਨੂੰ ਸਾੜ ਰਹੇ ਨੇ? ਪਹਿਲਾਂ ਬੜੀ ਜਬਰਦਸਤ ਖੇਤੀ ਕਰਾ ਰਹੇ ਸੀ, ਆਪ ਖੇਤਾਂ ਵਿਚ ਖੜ੍ਹਦੇ ਸੀ ਜਾ ਕੇ ਤੇ ਹੁਣ ਇਹ ਕੀ ਕੰਮ ਕਰਨ ਲੱਗ ਗਏ? ਉਸ ਵੇਲੇ ਮਹਾਰਾਜ ਜੀ ਦੀ ਕਿਰਿਆ ਨੂੰ ਕੋਈ ਨਾ ਸਮਝ ਸਕਿਆ। ਥੋੜ੍ਹੇ-ਜਿਹੇ ਸਿੱਖ ਨਿਤਰੇ ਜਿਨ੍ਹਾਂ ਨੇ ਸਾਰੇ ਢੇਰਾਂ ਨੂੰ ਅੱਗ ਲਾ ਦਿੱਤੀ ਤੇ ਐਸਾ ਸਾਂਗ ਮਹਾਰਾਜ ਜੀ ਨੇ ਵਰਤਾਉਣਾ ਸ਼ੁਰੂ ਕਰ ਦਿੱਤਾ। ਉਸ ਤੋਂ ਬਾਅਦ ਆਪ ਪ੍ਰਸ਼ਾਦਾ ਫੇਰ ਛਕਣ ਲੱਗ ਗਏ ਪਰ ਆਪ ਨੇ ਕਿਰਿਆ ਬਦਲ ਦਿੱਤੀ। ਇਕ ਕੁਤਕਾ ਲੈ ਲਿਆ ਹੱਥ ਵਿਚ, ਜਿਸ ਨੂੰ ਘੋਟਣਾ ਕਹਿੰਦੇ ਨੇ - ਲੂਣ ਘੋਟਣਾ। ਇਹ ਹੇਠੋਂ ਪਤਲਾ ਹੁੰਦਾ ਹੈ, ਉਪਰੋਂ ਮੋਟਾ ਹੁੰਦਾ ਹੈ। ਜਿਹੜਾ ਸਿੱਖ ਮੱਥਾ ਟੇਕਦਾ ਹੈ ਉਸਦੀ ਪਿੱਠ ਵਿਚ ਮਾਰ ਦੇਣ ਤੇ ਕਹਿੰਦੇ, "ਜਾਹ ਓ ਜਾਹ! ਗੁਰੂ-ਗੁਰੂ ਕਰ। ਜਾਹ ਨੱਠ ਜਾ ਘਰ ਨੂੰ।" ਇਸ ਨੂੰ ਸਾਧ ਸੰਗਤ ਜੀ! ਕਸਵੱਟੀ ਕਹਿੰਦੇ ਨੇ। ਜਦੋਂ ਕਸਵੱਟੀ ਲਾ ਦੇਵੇ ਗੁਰੂ ਜਾਂ ਸੰਤ, ਤਾਂ ਹਰ ਬੰਦਾ ਨਹੀਂ ਸਹਿ ਸਕਦਾ। ਕੋਈ ਵਿਰਲਾ ਹੁੰਦਾ ਹੈ ਜਿਸ ਨੇ ਮਰਨਾ ਮਿਥਿਆ ਹੁੰਦਾ ਹੈ, ਜਿਹੜਾ ਗੁਰੂ ਦੀ ਗੋਰ ਵਿਚ ਸਮਾਅ ਗਿਆ ਹੁੰਦਾ ਹੈ -

***ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।        ਭਾਈ ਗੁਰਦਾਸ ਜੀ ਦੀ ਵਾਰ 3/18***

ਉਹ ਵੀ ਗੁਰੂ ਦੀ ਕਿਰਪਾ ਨਾਲ ਕਸਵੱਟੀ ਸਹਿ ਸਕਦਾ ਹੈ ਤੇ ਹੋਰ ਤੇ ਨਹੀਂ ਸਹਿ ਹੁੰਦੀ।

***ਧਾਰਨਾ - ਜਦੋਂ ਲਗਦੀ ਹੈ ਰਾਮ ਕਸੌਟੀ,***
***ਪਾਸ ਹੁੰਦੇ ਮਰਜੀਵੜੇ -2, 2.***
***ਮੇਰੇ ਪਿਆਰੇ, ਪਾਸ ਹੁੰਦੇ ਮਰਜੀਵੜੇ -2, 2.***
***ਜਦੋਂ ਲਗਦੀ ਹੈ ਰਾਮ ਕਸੌਟੀ,....-2.***

***ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ॥***
***ਰਾਮ ਕਸਉਟੀ ਸੋ ਸਹੈ ਜੋ ਮਰਜੀਵਾ ਹੋਇ॥***
***ਪੰਨਾ - 948***

ਕਸੌਟੀ ਜਾਂ ਇਮਤਿਹਾਨ ਕਹਿ ਲਓ। ਬੱਚਾ ਪੜ੍ਹਦਾ ਹੈ, ਸਾਲ ਭਰ ਪੜ੍ਹੀ ਜਾਂਦਾ ਹੈ, ਅਗਲੀ ਜਮਾਤ ਵਿਚ ਜਾਣ ਲਈ ਇਮਤਿਹਾਨ ਪਾਸ ਕਰਨਾ ਪੈਂਦਾ ਹੈ। ਜਦੋਂ ਇਮਤਿਹਾਨ ਦਿੰਦਾ ਹੈ, ਉਦੋਂ ਪਤਾ ਲਗਦਾ ਹੈ ਕਿ ਇਹ ਪਾਸ ਹੈ ਜਾਂ ਫੇਲ੍ਹ ਹੈ, ਕਿੰਨੇ ਨੰਬਰ ਲੈ ਕੇ ਪਾਸ ਹੁੰਦਾ ਹੈ। ਗੁਰਮਤਿ ਦੇ ਅੰਦਰ 100 ਦਾ 100 ਨੰਬਰ ਲੈਣਾ ਪੈਂਦਾ ਹੈ - 99 ਵਾਲਾ ਫੇਲ੍ਹ, 100 ਵਾਲਾ ਪਾਸ। ਸਾਰਿਆਂ ਨਾਲੋਂ ਔਖੀ ਕਸੌਟੀ ਹੈ। ਇਹ ਇਸ ਕਰਕੇ ਲਾਉਂਦੇ ਨੇ ਕਿ ਖਰੇ ਤੇ ਖੋਟੇ ਦਾ ਪਤਾ ਲੱਗ ਜਾਵੇ

ਕਿਉਂਕਿ ਪਹਿਲਾਂ ਖਰਾ-ਪੁਣ ਤੇ ਖੋਟਾ-ਪੁਣ ਵਿਚ ਹੀ ਹੁੰਦਾ ਹੈ ਆਦਮੀ ਦੇ। ਕਸੌਟੀ ਲਾਏ ਤੇ, ਤਾਅ ਦਿੱਤੇ ਤੇ, ਜਿਉਂ-ਜਿਉਂ ਸੋਨੇ ਨੂੰ ਤਾਅ ਦਿਓ, ਤਿਉਂ-ਤਿਉਂ ਉਹ ਬਾਰਾਂ ਬੰਨ੍ਹੀ ਦਾ ਬਣਦਾ ਜਾਂਦਾ ਹੈ। ਇਸੇ ਤਰ੍ਹਾਂ ਸਿੱਖ ਦੇ ਉਤੇ ਜਦੋਂ ਕਸਵੱਟੀ ਲਗਦੀ ਹੈ, ਉਸ ਵੇਲੇ ਸਿੱਖ ਨਿਤਰਦਾ ਹੈ, ਪ੍ਰਗਟ ਹੁੰਦਾ ਹੈ, ਉਸ ਦੀ ਸੁਗੰਧੀ ਫੈਲਦੀ ਹੈ ਸਾਰੀ ਦੁਨੀਆਂ ਦੇ ਅੰਦਰ, ਤਰੱਕੀ ਕਰਦਾ ਹੈ।

ਸੋ ਗੁਰੂ ਪਾਤਿਸ਼ਾਹ ਨੇ ਕਸਵੱਟੀ ਲਾ ਦਿੱਤੀ। ਇਕ ਦੋ ਸਿੱਖ ਨਹੀਂ ਸਨ, ਹਜ਼ਾਰਾਂ ਦੀ ਤਾਦਾਦ ਵਿਚ ਸਨ। ਲਿਖਿਆ ਹੋਇਆ ਹੈ ਕਿ ਵੀਹ ਹਜ਼ਾਰ ਇਕੱਠਾ ਹੋ ਗਿਆ, ਬੇਅੰਤ ਝੜ ਗਏ। ਭੀੜਾਂ ਘਟ ਗਈਆਂ, ਗੁਰੂ ਮਹਾਰਾਜ ਜੀ ਤੇ ਅਸ਼ਰਧਕ ਖਿਆਲ ਹੋਣ ਲੱਗ ਗਏ ਕਿ ਹੈਂ! ਇਹ ਕੀ ਹੋ ਗਿਆ? ਕਿਉਂਕਿ ਜਮਾਲ ਤਾਂ ਦੇਖਿਆ ਸੀ, ਜਲਾਲ ਨਹੀਂ ਸੀ ਦੇਖਿਆ। ਜਲਾਲ ਵਾਲਾ ਰੂਪ ਧਾਰਨ ਕਰ ਲਿਆ-

***ਧਾਣਕ ਰੂਪਿ ਰਹਾ ਕਰਤਾਰ॥*** ***ਪੰਨਾ - 24***

ਮੈਲੇ ਕੱਪੜੇ ਪਾ ਲਏ - ਸ਼ਿਕਾਰੀਆਂ ਵਾਲੇ, ਛੁਰਾ ਲਟਕਾ ਲਿਆ, ਕੁੱਤੇ ਨਾਲ ਲੈ ਲਏ ਤੇ ਕੁਤਕਾ ਮੋਢੇ ਤੇ ਰੱਖ ਲਿਆ। ਜਿਹੜਾ ਸਿੱਖ ਨੇੜੇ ਆ ਕੇ ਨਮਸ਼ਕਾਰ ਕਰਦਾ ਹੈ ਥੜਾਕ ਪਿੱਠ ਦੇ ਉਤੇ ਪੈਂਦਾ ਹੈ, ਨਾਲ ਕਹਿੰਦੇ, "ਨੱਠ ਜਾ ਐਥੋਂ ਤੂੰ, ਇਥੇ ਕੀ ਕਰਦਾ ਹੈਂ?" ਸਾਰੇ ਹੈਰਾਨ ਨੇ ਕਿ ਓਹੀ ਗੁਰੂ ਸਾਹਿਬ ਜਿਹੜੇ ਪਿਆਰ ਦੀ ਮੂਰਤ ਸਨ, ਆਪ ਹੀ ਪਿਆਰ ਸਨ, ਪਿਆਰ ਨਾਲ ਬੁਲਾਉਂਦੇ ਸੀ, ਆਹ ਹੋ ਕੀ ਗਿਆ, ਕੋਈ ਦਿਮਾਗ ਵਿਚ ਫਰਕ ਪੈ ਗਿਆ? ਇਹ ਕੀ ਹੋ ਗਿਆ ਗੁਰੂ ਸਾਹਿਬ ਨੂੰ? ਪਾਣੀ ਵਿਚ ਖੜ੍ਹੇ ਰਹੇ ਨੇ, ਜ਼ਰੂਰ ਕੋਈ ਫਰਕ ਪਿਆ ਹੈ। ਸੋ ਉਸ ਵੇਲੇ ਅਸ਼ਰਧਕ ਖਿਆਲ ਪੈਦਾ ਹੋਣੇ ਸ਼ੁਰੂ ਹੋ ਗਏ, ਪਰ ਥੋੜ੍ਹੇ ਜਿਹੇ ਸਿੱਖ ਇਨ੍ਹਾਂ ਗੱਲਾਂ ਤੋਂ ਬਚੇ ਹੋਏ ਹਨ।

ਅੱਜ ਮਹਾਰਾਜ ਜੀ ਬਹੁਤ ਜਲਾਲ ਦੇ ਅੰਦਰ ਖੜ੍ਹੇ ਨੇ। ਜਿਹੜਾ ਨੇੜੇ ਆਉਂਦਾ ਹੈ ਨੱਠ ਕੇ ਮਾਰਦੇ ਨੇ, ਜਦੋਂ ਤੱਕ ਦੌੜਦਾ ਨਹੀਂ ਪਿੱਠ ਤੇ ਮਾਰੀ ਜਾਂਦੇ ਨੇ। ਬਾਬਾ ਬੁੱਢਾ ਜੀ ਨੇੜੇ ਗਏ, ਜਦੋਂ ਆਪ ਨੇ ਕੁਤਕਾ ਮਾਰਿਆ ਤਾਂ ਨੇੜੇ ਦਰਖਤ ਸੀ, ਇਕ ਦਮ ਦਰਖਤ ਦੇ ਓਹਲੇ ਖੜ੍ਹ ਗਏ। ਮਹਾਰਾਜ ਜੀ ਏਧਰ ਹੋਏ ਤਾਂ ਆਪ ਓਧਰ ਹੋ ਗਏ। ਕੁਤਕਾ ਨਾ ਸਹਿ ਸਕੇ। ਭਾਈ ਸਧਾਰਨ, ਭਾਈ ਭਗੀਰਥ, ਭਾਈ ਮਨਸੁਖ ਤੇ ਹੋਰ ਗੁਰਸਿੱਖ ਜਿਹੜੇ ਨੇੜੇ ਸੀ, ਬਚੇ ਹੋਏ ਨੇ, ਮਹਾਰਾਜ ਜੀ ਦੇ ਕੁਤਕੇ ਦੀ ਮਾਰ ਤੋਂ ਦੂਰ ਖੜ੍ਹੇ ਨੇ। ਮਹਾਰਾਜ ਜੀ ਕਹਿੰਦੇ, "ਜਾਂਦੇ ਨਹੀਂ ਤੁਸੀਂ? ਜਾਓ ਇਥੋਂ ਸਾਰੇ, ਚਲੇ ਜਾਓ।" ਅਖੀਰ ਨਮਸ਼ਕਾਰ ਕਰੀ, ਚਲੇ ਗਏ। ਰਾਹ ਵਿਚ ਗੱਲਾਂ ਕਰਦੇ ਨੇ ਕਿ ਕੀ ਹੋ ਗਿਆ ਮਹਾਰਾਜ ਜੀ ਨੂੰ? ਚੰਗੇ ਭਲੇ ਸੀ। ਉਸ ਵੇਲੇ ਭਾਈ ਲਹਿਣਾ ਜੀ ਰਹਿ ਗਏ ਇਕੱਲੇ।

ਮਹਾਰਾਜ ਜੀ ਕਹਿੰਦੇ, "ਲਹਿਣਿਆ! ਤੂੰ ਨਹੀਂ ਜਾਂਦਾ? ਦੋ ਚਾਰ ਮਾਰੀਆਂ। ਕਹਿੰਦੇ, "ਜਾਹ! ਜਾਂਦਾ ਕਿਉਂ ਨਹੀਂ? ਹੁਕਮ ਕਿਉਂ ਨਹੀਂ ਮੰਨਦਾ? ਤੈਨੂੰ ਨਹੀਂ ਡਰ ਲਗਦਾ?"

ਉਸ ਵੇਲੇ ਆਪ ਨੇ ਬੜੀ ਅਧੀਨਗੀ ਨਾਲ ਬੇਨਤੀ ਕਰੀ, ਕਹਿੰਦੇ, "ਪਾਤਿਸ਼ਾਹ! ਓਹ ਵੀ ਰੂਪ ਤੇਰਾ, ਇਹ ਵੀ ਰੂਪ ਤੇਰਾ। ਮੈਂ ਅਣਜਾਣ ਹਾਂ, ਮੈਨੂੰ ਨਹੀਂ ਪਤਾ ਲਗਦਾ।" ਏਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਮੈਂ ਕੀ ਜਾਣਾ ਓ, ਤੇਰੀ ਸਾਰ ਨੂੰ -2, 2.***
***ਤੂੰ ਤਾਂ ਕਿਹੜਿਆਂ ਰੰਗਾਂ ਦੇ ਵਿਚ ਖੇਡਦੈਂ -2, 2.***
***ਤੂੰ ਤਾਂ ਕਿਹੜਿਆਂ ਰੰਗਾਂ ਦੇ ਵਿਚ ਖੇਲ੍ਹੇਂ ਮਾਲਕਾ,***
***ਤੇਰੀ ਸਾਰ ਨੂੰ, ਮੈਂ ਕੀ ਜਾਣਾ ਓ, ..............॥***

***ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ॥***
***ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ॥*** ***ਪੰਨਾ - 726***

ਕਹਿੰਦੇ, "ਪਾਤਿਸ਼ਾਹ! ਇਹ ਵੀ ਤੇਰਾ ਰੂਪ ਹੈ, ਉਹ ਵੀ ਤੇਰਾ ਰੂਪ ਹੈ।"

ਕੁਤਕਾ ਮਾਰਿਆ, ਕਹਿੰਦੇ, "ਜਾਂਦਾ ਨਹੀਂ ਤੂੰ?"

ਸਿਰ ਨਿਵਾ ਦਿੱਤਾ, "ਪਾਤਿਸ਼ਾਹ! ਜੇ ਤੇਰਾ ਜਾਣ ਦਾ ਹੁਕਮ ਹੈ ਤਾਂ ਮੈਂ ਹੁਕਮ ਬਜਾ ਲਿਆਉਂਦਾ ਹਾਂ। ਹੁਕਮ ਮੰਨਦਾ ਹਾਂ।"

ਆਪ ਧਰਮਸ਼ਾਲਾ ਆ ਗਏ ਜਿਥੇ ਸਾਰੇ ਸਿੱਖ ਬੈਠੇ ਇੰਤਜਾਰ ਕਰ ਰਹੇ ਸੀ। ਦੇਖਦੇ ਸੀ ਕਿ ਭਾਈ ਲਹਿਣਾ ਨਾਲ ਕੀ ਬਣਦਾ ਹੈ।

ਜਦੋਂ ਉਹ ਆ ਗਏ ਤਾਂ ਕਹਿੰਦੇ, "ਭਾਈ ਲਹਿਣਾ! ਕੀ ਬਣਿਆ ਫੇਰ? ਗੁਰੂ ਨਾਨਕ ਮਹਾਰਾਜ ਨੇ ਤੁਹਾਡੇ ਨਾਲ ਕੀ ਬਣਾਇਆ?"

ਭਾਈ ਲਹਿਣਾ ਜੀ ਕਹਿੰਦੇ, "ਗੁਰਸਿਖੋ! ਆਹ ਗੱਲ ਨਾ ਕਰੋ। ਗੁਰੂ ਦਾ ਥਾਪੜਾ, ਗੁਰੂ ਦਾ ਕੁਤਕਾ ਇਕੋ ਹੀ ਚੀਜ਼ ਹੋਇਆ ਕਰਦਾ ਹੈ। ਇਸ ਦੇ ਵਿਚ ਵੀ ਸਾਡਾ ਹੀ ਭਲਾ ਹੈ। ਗੁਰੂ ਚਾਹੇ ਝਿੜਕਾਂ ਮਾਰੇ, ਚਾਹੇ ਵਡਿਆਈ ਦੇਵੇ। ਗੁਰੂ ਚਾਹੇ ਧੱਕੇ ਮਾਰੇ, ਚਾਹੇ ਨੇੜੇ ਲਾਵੇ, ਦੋਵੇਂ ਗੱਲਾਂ ਹੀ ਹੋਇਆ ਕਰਦੀਆਂ ਨੇ। ਦੋਹਾਂ ਦੇ ਵਿਚ ਗੁਰੂ ਦਾ ਹੀ ਰਸ ਹੋਇਆ ਕਰਦਾ ਹੈ।"

ਸੋ ਏਸ ਤਰ੍ਹਾਂ ਨਾਲ ਆਪ ਫੁਰਮਾਨ ਕਰਦੇ ਨੇ –

***ਧਾਰਨਾ – ਜੇ ਗੁਰ ਝਿੜਕੇ ਤਾਂ ਮੀਠਾ ਲਾਗੇ,***
***ਬਖਸ਼ੇ ਗੁਰ ਵਡਿਆਈ ਐ –2, 2.***
***ਬਖਸ਼ੇ ਗੁਰ ਵਡਿਆਈ ਐ –4, 2.***
***ਜੇ ਗੁਰ ਝਿੜਕੇ ਤਾਂ ਮੀਠਾ ਲਾਗੇ,.......2.***

ਕਹਿੰਦੇ, "ਪ੍ਰੇਮੀਓ! ਇਹ ਵੀ ਬਖਸ਼ਿਸ਼ ਜਾਣੋ ਗੁਰੂ ਮਹਾਰਾਜ ਜੀ ਦੀ। ਪਹਿਲਾਂ ਜਦੋਂ ਪਿਆਰ ਦੇ ਥਾਪੜੇ ਦਿੰਦੇ ਸੀ, ਪਿਆਰ ਦੀਆਂ ਗੱਲਾਂ ਕਰਦੇ ਸੀ, ਉਹ ਵੀ ਵਡਿਆਈ ਹੈ, ਦੋਹਾਂ ਨੂੰ ਇਕ ਸਮਾਨ ਜਾਣੋ।"

***ਜੇ ਗੁਰੁ ਝਿੜਕੇ ਤ ਮੀਠਾ ਲਾਗੈ ਜੇ ਬਖਸੇ ਤ ਗੁਰ ਵਡਿਆਈ॥***
***ਪੰਨਾ – 758***

***ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ॥***
***ਪੰਨਾ – 757***

ਕੋਲ ਬਿਠਾ ਲੈ ਤਾਂ ਵੀ ਪਾਤਿਸ਼ਾਹ ਤੇਰੀ ਅਰਾਧਨਾ ਕਰਨੀ ਹੈ –

***ਜੇ ਪਾਸਿ ਬਹਾਲਹਿ ਤਾ ਤੁਝਹਿ ਅਰਾਧੀ***
***ਜੇ ਮਾਰਿ ਕਢਹਿ ਭੀ ਧਿਆਈ॥ ਪੰਨਾ – 757***

***ਕੇਤਿਆ ਦੂਖ ਭੂਖ ਸਦ ਮਾਰ॥***
***ਏਹਿ ਭਿ ਦਾਤਿ ਤੇਰੀ ਦਾਤਾਰ॥ ਪੰਨਾ – 5***

ਇਹ ਵੀ ਦਾਤ ਹੀ ਹੈ ਤੇਰੀ। ਔਖਾ ਹੈ ਇਸ ਸਥਾਨ ਵੀ ਪਹੁੰਚਣਾ –

***ਜੇ ਲੋਕੁ ਸਾਲਾਹੇ ਤਾ ਤੇਰੀ ਉਪਮਾ***
***ਜੇ ਨਿੰਦੈ ਤ ਛੋਡਿ ਨ ਜਾਈ॥ ਪੰਨਾ – 757***

ਸਾਰੀ ਦੁਨੀਆਂ ਨਿੰਦਿਆ ਕਰਨ ਲੱਗ ਜਾਵੇ ਤਾਂ ਵੀ ਨਹੀਂ ਛਡਦਾ ਗੁਰਸਿੱਖ। ਸਾਰੀ ਦੁਨੀਆਂ ਸਾਲਾਹੀ ਜਾਵੇ ਤਾਂ ਕਹਿੰਦਾ ਗੁਰੂ ਦੀ ਵਡਿਆਈ ਹੈ। ਸੋ ਏਸ ਤਰ੍ਹਾਂ ਸਮਝਾਇਆ। ਕਹਿੰਦੇ, "ਗੁਰਸਿਖੋ! ਪਿੱਠ ਦੇ ਕੇ ਨਾ ਨੱਠੋ। ਠੀਕ ਨਹੀਂ ਹੁੰਦਾ ਗੁਰੂ ਨੂੰ ਪਿੱਠ ਦੇ ਕੇ ਨੱਠਣਾ। ਥਾਪੜੇ ਦਾ ਆਪਣਾ ਰਸ ਸੀ ਤੇ ਕੁਤਕੇ ਦਾ ਵੀ ਆਪਣਾ ਰਸ ਹੈ, ਬਖਸ਼ਿਸ਼ ਤਾਂ ਗੁਰੂ ਕਰ ਰਿਹਾ ਹੈ।"

ਇਕ ਵਾਰੀ ਬਾਬਾ ਰਾਮ ਸਿੰਘ ਨਾਮਧਾਰੀ – ਆਪ ਦੇ ਮਸਤਾਨੇ 100 ਹੋ ਗਏ ਤੇ ਕਈ ਖੁੱਲ੍ਹੀਆਂ ਗੱਲਾਂ ਕਰ ਲੈਣ। ਸ਼ਿਕਾਇਤ ਹੋ ਗਈ ਉਨ੍ਹਾਂ ਦੀ। ਬਾਬਾ ਜੀ ਨੇ ਸਮਝਾਇਆ ਬੁਲਾ ਕੇ,

ਹਟਦੇ ਨਹੀਂ ਹਨ। ਫੇਰ ਆਪ ਨੇ ਇਕ ਲਾਠੀ ਚੁੱਕ ਲਈ ਤੇ ਲਾਈਨ ਲਾ ਕੇ ਖੜ੍ਹਾਅ ਲਏ ਤੇ ਕੁੱਟਣੇ ਸ਼ੁਰੂ ਕਰ ਦਿੱਤੇ। ਇਕ ਪਾਸਿਓਂ ਮਾਰਦੇ ਨੇ, ਓਹ ਉਦੋਂ ਹੀ ਦੂਜਾ ਪਾਸਾ ਅੱਗੇ ਕਰ ਲੈਂਦੇ ਨੇ। ਕਹਿੰਦੇ, "ਸਤਿਗੁਰੋ! ਏਧਰ ਵੀ ਪਾਪ ਝਾੜ ਦਿਓ।" ਏਧਰ ਮਾਰਿਆ ਤਾਂ ਪਿੱਠ ਕਰ ਲਈ, ਕਹਿੰਦੇ ਏਧਰ ਵੀ ਪਾਪ ਝਾੜ ਦਿਓ। ਹੁਣ ਛਾਤੀ ਤੇ, ਆਹ ਮਹਾਰਾਜ! ਮੂੰਹ ਰਹਿ ਗਿਆ ਮੇਰਾ ਤੇ ਅਖੀਰ ਡੰਡਾ ਟੁੱਟ ਗਿਆ ਮਾਰਦੇ-ਮਾਰਦੇ। ਹੋਰ ਲੈ ਲਿਆ ਉਹ ਵੀ ਟੁੱਟ ਗਿਆ, ਪਰ ਉਹ ਨਹੀਂ ਪਿਛੇ ਹਟੇ। ਕਹਿੰਦੇ, "ਪ੍ਰਸ਼ਾਦਾ ਬੰਦ ਇਸ ਦਾ, ਲੰਗਰ ਵਿਚੋਂ ਨਹੀਂ ਦੇਣਾ।"

ਤਿੰਨ ਦਿਨ ਲੰਘ ਗਏ। ਉਥੇ ਬੈਠੇ ਹੀ ਵਾਹਿਗੁਰੂ-ਵਾਹਿਗੁਰੂ ਕਰੀ ਜਾਂਦੇ ਨੇ। ਕੋਈ ਮਨ ਵਿਚ ਸ਼ਿਕਵਾ ਨਹੀਂ, ਕੋਈ ਓਲਾਂਭਾ ਨਹੀਂ ਕਿ ਸਾਡੇ ਤੇ ਕੁੱਟ ਪਈ ਹੈ ਐਨੀ ਜ਼ਿਆਦਾ ਤੇ ਰੋਟੀ ਵੀ ਬੰਦ ਕਰ ਦਿੱਤੀ। ਤਿੰਨ ਦਿਨ ਆਪ ਨੂੰ (ਬਾਬਾ ਰਾਮ ਸਿੰਘ ਜੀ ਨੂੰ) ਲੰਘ ਗਏ, ਆਪ ਨੇ ਵੀ ਰੋਟੀ ਨਾ ਖਾਧੀ। ਫੇਰ ਪ੍ਰੇਮੀ ਇਕੱਠੇ ਹੋਏ ਸਾਰੇ, ਕਹਿਣ ਲੱਗੇ, "ਬਾਬਾ ਜੀ! ਤੁਹਾਡੇ ਅੰਦਰ ਵੀ ਰੋਟੀ ਨਹੀਂ ਲੰਘ ਰਹੀ ਕਿਉਂਕਿ ਤੁਹਾਨੂੰ ਪਿਆਰ ਹੈ, ਇਹ ਮਸਤਾਨੇ ਤੁਹਾਡੇ ਨਾਲ ਪਿਆਰ ਨਾਲ ਜੁੜੇ ਹੋਏ ਨੇ। ਸੋ ਹੁਕਮ ਦੇਵੋ ਅਸੀਂ ਇਨ੍ਹਾਂ ਨੂੰ ਪ੍ਰਸ਼ਾਦਾ ਛਕਾਈਏ।" ਹੁਕਮ ਕਰ ਦਿੱਤਾ। ਉਨ੍ਹਾਂ ਨੂੰ ਪ੍ਰਸ਼ਾਦਾ ਛਕਾਇਆ, ਜਦੋਂ ਆਪ ਨੂੰ ਲਿਆਂਦਾ, ਕਿਧਰੇ ਗਲ ਦੁਖਣ ਤੋਂ ਹਟ ਗਿਆ, ਪ੍ਰਸ਼ਾਦਾ ਛਕ ਲਿਆ।

ਸੋ ਕਹਿਣ ਲੱਗੇ, "ਗੁਰਸਿਖੋ! ਦੋਵੇਂ ਬਰਕਤਾਂ ਨੇ। ਜੇ ਉਹ ਕੁਤਕਾ ਮਾਰਦੇ ਨੇ ਤਾਂ ਵੀ ਬਰਕਤ ਹੈ ਉਨ੍ਹਾਂ ਵਿਚ, ਜੇ ਉਹ ਥਾਪੜਾ ਦਿੰਦੇ ਸੀ ਪਿਆਰ ਦਾ, ਓਹ ਵੀ ਬਰਕਤ ਹੈ। ਦੋਹਾਂ ਨੂੰ ਸਮਾਨ ਕਰਕੇ ਜਾਣੋ।"

ਸੋ ਇਸ ਤਰ੍ਹਾਂ ਦੇ ਨਾਲ ਸੰਗਤ ਦਾ ਦਿਲ ਧਰਾਉਂਦੇ ਨੇ ਪਰ ਗੁਰੂ ਨਾਨਕ ਸਾਹਿਬ ਬਹੁਤ ਭਿਆਨਕ ਰੂਪ ਧਾਰੀ ਬੈਠੇ ਨੇ।

ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੇ ਹੀ ਸਮਾਪਤੀ ਕਰਦੇ ਹਾਂ। ਹੁਣ ਸਾਰੇ ਪ੍ਰੇਮੀ ਅਨੰਦ ਸਾਹਿਬ ਵਿਚ ਬੋਲੋ; ਜਿਹੜੇ ਅਜੇ ਤੱਕ ਨਹੀਂ ਬੋਲੇ, ਉਹ ਵੀ ਆਪਣੀ ਰਸਨਾ ਪਵਿੱਤਰ ਕਰ ਲਉ।

-ਅਨੰਦ ਸਾਹਿਬ-

-ਗੁਰ ਸਤੋਤਰ-

-ਅਰਦਾਸ-

# 12

ਸ਼ਾਨ ......................................।

***ਸਤਿਨਾਮ ਸ੍ਰੀ ਵਾਹਿਗੁਰੂ,***
***ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!***

***ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥***
***ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*** ***ਪੰਨਾ - 256***

***ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥***
***ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*** ***ਪੰਨਾ - 289***

ਸਾਧ ਸੰਗਤ ਜੀ! ਆਪ ਦੂਰ ਦਰਾਜ ਤੋਂ ਬਹੁਤ ਤਪੱਸਿਆ ਕਰਦੇ ਹੋਏ ਇਥੇ ਗੁਰੂ ਦਰਬਾਰ ਵਿਚ ਪਹੁੰਚੇ ਹੋ। ਪੂਰਾ ਪੂਰਾ ਫਲ ਤਾਂ ਪ੍ਰਾਪਤ ਹੁੰਦਾ ਹੈ ਜੇ ਮਨ ਵਿਚ ਸ਼ਰਧਾ ਹੋਵੇ, ਹਿਰਦੇ ਦੇ ਅੰਦਰ ਨਿਮਰਤਾ ਹੋਵੇ। ਕੰਨਾਂ ਦੇ ਨਾਲ ਗੁਰੂ ਦੀ ਬਾਣੀ ਸਰਵਣ ਕਰੋ, ਬੁੱਧੀ ਦੇ ਨਾਲ ਵਿਚਾਰ ਕਰੋ, ਵਿਚਾਰ ਕੇ ਹਿਰਦੇ ਵਿਚ ਧਾਰਨ ਕਰੋ ਤੇ ਜਦੋਂ ਵਾਰੀ ਆਵੇ ਤਾਂ ਗੱਜ-ਵੱਜ ਕੇ ਸ਼ਬਦ ਦੇ ਅੰਦਰ ਬੋਲੋ। ਫਲ ਕਿੰਨਾ ਹੋਵੇਗਾ -

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥***
***ਪੰਨਾ - 546***

ਆਹ ਜਿਹੜੇ ਵਿਘਨ ਜਿਹੇ ਮੈਨੂੰ ਦੱਸੀ ਜਾਂਦੇ ਨੇ ਕਿ ਆਹ ਨਹੀਂ ਹੁੰਦਾ, ਓਹ ਨਹੀਂ ਹੁੰਦਾ; ਹਰੀ ਦਾ ਜਸ ਪੂਰੇ ਪ੍ਰੇਮ ਨਾਲ ਕਰ ਲਓ, ਬਿਮਾਰੀ ਵੀ ਖਤਮ, ਵਿਘਨ ਵੀ ਖਤਮ ਕਿਉਂਕਿ ਜਿਹੜੇ ਸੁਣਦੇ ਨੇ ਤੇ ਗਾਉਂਦੇ ਨੇ, ਉਨ੍ਹਾਂ ਦੇ ਪੁੰਨਾਂ ਦੇ ਨਾਲ ਜਿਹੜੇ ਮਾੜੇ ਮੋਟੇ ਵਿਘਨ ਨੇ ਓਹ ਇਉਂ ਹਟ ਜਾਂਦੇ ਨੇ ਜਿਵੇਂ ਬਹੁਤ ਪਾਣੀ ਆ ਜਾਵੇ ਦਰਿਆ ਦੇ ਅੰਦਰ, ਸਭ ਕੁਝ ਰੋੜ੍ਹ ਕੇ ਲੈ ਜਾਂਦਾ ਹੈ। ਸੋ ਇਸ ਕਰਕੇ ਸ਼ਬਦ ਦੇ ਅੰਦਰ ਸਾਰੇ ਪ੍ਰੇਮੀ ਬੋਲਿਆ ਕਰੋ।

***ਧਾਰਨਾ - ਮੇਰਾ ਸੁੰਦਰ ਸੁਆਮੀ ਜੀ,***
***ਪਿਆਰਿਓ, ਮੈਂ ਚਰਨਾਂ ਦੀ ਧੂੜੀ -2, 2.***
***ਮੈਂ ਚਰਨਾਂ ਦੀ ਧੂੜੀ ਪਿਆਰੇ, -2, 2.***
***ਮੇਰਾ ਸੁੰਦਰ ਸੁਆਮੀ ਜੀ, ........... -2.***

***ਹਉ ਬਿਸਮੁ ਭਈ ਜੀ ਹਰਿ ਦਰਸਨੁ ਦੇਖਿ ਅਪਾਰਾ॥***
***ਮੇਰਾ ਸੁੰਦਰੁ ਸੁਆਮੀ ਜੀ ਹਉ ਚਰਨ ਕਮਲ ਪਗ ਛਾਰਾ॥***
***ਪ੍ਰਭ ਪੇਖਤ ਜੀਵਾ ਠੰਢੀ ਥੀਵਾ ਤਿਸੁ ਜੇਵਡੁ ਅਵਰੁ ਨ ਕੋਈ॥***
***ਆਦਿ ਅੰਤਿ ਮਧਿ ਪ੍ਰਭੁ ਰਵਿਆ ਜਲਿ ਥਲਿ ਮਹੀਅਲਿ ਸੋਈ॥***
***ਚਰਨ ਕਮਲ ਜਪਿ ਸਾਗਰੁ ਤਰਿਆ ਭਵਜਲ ਉਤਰੇ ਪਾਰਾ॥***
***ਨਾਨਕ ਸਰਣਿ ਪੂਰਨ ਪਰਮੇਸੁਰ ਤੇਰਾ ਅੰਤੁ ਨ ਪਾਰਾਵਾਰਾ॥***
***ਪੰਨਾ - 784***

***ਧਾਰਨਾ - ਹਰਿ ਕੇ ਸੇਵਕ ਜੋ ਹਰਿ ਭਾਏ,***
***ਤਿਨ ਕੀ ਕਥਾ ਨਿਰਾਰੀ ਰੇ -2, 2.***
***ਤਿਨ ਕੀ ਕਥਾ ਨਿਰਾਰੀ ਰੇ -4, 2.***
***ਹਰਿ ਕੇ ਸੇਵਕ ਜੋ ਹਰਿ ਭਾਏ,......... -2.***

***ਹਰਿ ਕੇ ਸੇਵਕ ਜੋ ਹਰਿ ਭਾਏ ਤਿਨ ਕੀ ਕਥਾ ਨਿਰਾਰੀ ਰੇ॥***

*ਆਵਹਿ ਨ ਜਾਹਿ ਨ ਕਬਹੂ ਮਰਤੇ ਪਾਰਬ੍ਰਹਮ ਸੰਗਾਰੀ ਰੇ॥*
*ਪੰਨਾ - 855*

ਸਾਧ ਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ।

ਕਾਰੋਬਾਰ ਸੰਕੋਚਦੇ ਹੋਏ ਆਪ ਦੂਰ ਦਰਾਜ ਤੋਂ ਸਤਿਸੰਗ ਕਰਨ ਲਈ ਪਹੁੰਚੇ ਹੋਂ - ਫਰੀਦਕੋਟ ਤੋਂ, ਸਤਲੁਜ ਦੇ ਕੰਢੇ ਤੋਂ, ਮਾਛੀਵਾੜਾ, ਅੰਬਾਲਾ, ਯੂ.ਪੀ. ਤੋਂ। ਏਸ ਪਵਿੱਤਰ ਸਥਾਨ ਦੇ ਉਤੇ, ਜਿਥੇ ਹਰ ਵਕਤ ਭਜਨ ਹੁੰਦਾ ਹੈ, ਲਗਾਤਾਰ ਅਖੰਡ ਜਾਪ ਹੋ ਰਹੇ ਨੇ - ਵਾਹਿਗੁਰੂ ਮੰਤ੍ਰ, ਮੂਲ ਮੰਤਰ, ਜਪੁਜੀ ਸਾਹਿਬ ਤੇ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਅਖੰਡ ਪਾਠ। ਸੋ ਸਾਰੇ ਦੁੱਖਾਂ ਤੇ ਕਲੇਸ਼ਾਂ ਨੂੰ ਦੂਰ ਕਰਨ ਵਾਲੇ ਪਵਿੱਤਰ ਥਾਂ ਦੇ ਉਤੇ ਆਪ ਪਹੁੰਚੇ ਹੋ। ਥੋੜ੍ਹਾ ਸਮਾਂ ਜੋ ਆਪਾਂ ਨੂੰ ਮਿਲਿਆ ਹੈ ਉਸ ਨੂੰ ਮਨ ਚਿਤ ਲਾ ਕੇ, ਇਕਾਗਰ ਹੋ ਕੇ ਸਰਵਣ ਕਰਿਓ, ਬਹੁਤ ਵੱਡੀ ਸਾਨੂੰ ਸੇਧ ਮਿਲ ਜਾਏਗੀ - ਸਿੱਖੀ ਕਮਾਉਣ ਦੀ।

ਸੋ ਕੋਈ ਦੋ ਮਹੀਨੇ ਪਹਿਲਾਂ 6 ਮਈ ਤੋਂ ਇਕ ਵਿਚਾਰ ਸ਼ੁਰੂ ਹੋਈ ਸੀ। ਉਹ ਸੀ ਕਿ ਗੁਰੂ ਅੰਗਦ ਸਾਹਿਬ ਮਹਾਰਾਜ, ਜਿਨ੍ਹਾਂ ਦਾ ਨਾਂ ਪਹਿਲਾਂ ਭਾਈ ਲਹਿਣਾ ਸੀ, ਆਪ ਆਏ ਤਾਂ ਧੁਰੋਂ ਪੂਰੇ ਸੀ ਪਰ ਸਿੱਖੀ ਕਮਾਉਣ ਵਾਸਤੇ ਥੋੜ੍ਹਾ ਪੜਦਾ ਧਾਰਨ ਕੀਤਾ ਹੋਇਆ ਸੀ। ਸੋ ਆਪ ਜੀ ਦੀ ਕਥਾ ਆਪ ਸਭ ਸਰਵਣ ਕਰ ਰਹੇ ਹੋ। ਸੋ ਜਿਨ੍ਹਾਂ ਨੇ ਪਹਿਲਾਂ ਨਹੀਂ ਸੁਣਿਆ, ਉਨ੍ਹਾਂ ਨੂੰ ਸੰਖੇਪ ਦੇ ਵਿਚ ਮੈਂ ਬੇਨਤੀ ਕਰਦਾ ਹਾਂ ਕਿ ਗੁਰੂ ਅੰਗਦ ਸਾਹਿਬ ਮਹਾਰਾਜ ਜੀ, ਜਿਨ੍ਹਾਂ ਦਾ ਨਾਮ ਭਾਈ ਲਹਿਣਾ ਸੀ, ਆਪ ਦੇਵੀ ਦੇ ਉਪਾਸ਼ਕ ਸਨ। ਆਪ ਨੂੰ ਪੂਰਾ ਸਤਿਗੁਰੂ ਨਹੀਂ ਸੀ ਮਿਲਿਆ। ਜਦੋਂ ਪੂਰੇ ਸਤਿਗੁਰੂ ਦੀ ਦੱਸ ਪਈ, ਤੇ ਆ ਕੇ ਇਕ ਵਾਰੀ ਹੀ ਦਰਸ਼ਨ ਕੀਤੇ ਤਾਂ ਆਪਣਾ ਸਾਰਾ ਕੁਝ ਗੁਰੂ ਦੇ ਚਰਨਾਂ ਤੇ ਅਰਪਣ ਕਰ ਦਿੱਤਾ, ਕੁਝ ਵੀ ਬਾਕੀ ਨਾ ਰੱਖਿਆ, ਉਨ੍ਹਾਂ ਦੇ ਹੀ ਹੋ ਗਏ।

ਸੋ ਉਥੇ ਰਹਿ ਕੇ ਆਪ ਸੇਵਾ ਕਰਦੇ ਨੇ, ਕਿੰਨੇ ਸਾਲ ਲੰਘ ਗਏ ਸੇਵਾ ਕਰਦਿਆਂ ਨੂੰ। ਗੁਰੂ ਨਾਨਕ ਪਾਤਿਸ਼ਾਹ ਜੀ ਦੀ ਬਿਰਤੀ ਉਨ੍ਹਾਂ ਦਿਨਾਂ ਦੇ ਅੰਦਰ ਐਸੀ ਹੈ ਜਿਸ ਨੂੰ ਦੇਖ ਕੇ ਹੈਰਾਨ ਹੋ ਜਾਈਦਾ ਹੈ ਕਿ ਮਹਾਰਾਜ ਜੀ ਨੇ ਐਨਾ ਤਪ ਕਰਿਆ। ਆਪ ਸਾਰਾ ਦਿਨ, ਸਾਰੀ ਰਾਤ ਰਾਵੀ ਦੇ ਕੰਢੇ ਘੁੰਮਦੇ ਰਹਿੰਦੇ ਨੇ, ਬੈਠਦੇ ਨਹੀਂ, ਆਰਾਮ ਨਹੀਂ ਕਰਦੇ, ਸੌਂਦੇ ਨਹੀਂ ਕਿਉਂਕਿ ਸੌਣਾਂ ਸਾਡੇ ਹਿੱਸੇ ਵਿਚ ਹੀ ਆਇਆ ਹੋਇਆ ਹੈ। ਮਹਾਂਪੁਰਸ਼ਾਂ ਦੇ ਹਿੱਸੇ ਵਿਚ ਸੌਣਾਂ ਨਹੀਂ ਹੁੰਦਾ, ਉਹ ਤਾਂ ਸਦਾ ਹੀ ਜਾਗਦੇ ਨੇ। ਸੰਸਾਰ ਸੌਂਦਾ ਹੈ, ਗੁਰਮੁਖ ਹਮੇਸ਼ਾ ਹੀ ਜਾਗਦੇ ਨੇ। ਮਨਮੁਖ ਸੁੱਤੇ ਪਏ ਨੇ, ਜਾਗਦੇ ਵੀ ਸੁੱਤੇ ਪਏ ਨੇ, ਸੁੱਤੇ ਹੋਏ ਵੀ ਸੁੱਤੇ ਹੀ ਪਏ ਨੇ।

ਸੋ ਮਹਾਰਾਜ ਜੀ ਦੇ ਨਾਲ ਹੀ ਭਾਈ ਲਹਿਣਾ ਜੀ ਰਹਿੰਦੇ ਸਨ। ਬਹੁਤ ਘਾਲ ਕਮਾਈ ਕੀਤੀ ਮਹਾਰਾਜ ਜੀ ਨੇ-

*ਰੇਤੁ ਅਕੁ ਆਹਾਰੁ ਕਰਿ, ਰੋੜਾ ਕੀ ਗੁਰ ਕਰੀ ਵਿਛਾਈ।*
*ਭਾਈ ਗੁਰਦਾਸ ਜੀ ਦੀ ਵਾਰ 1/24*

ਐਸੀ ਤਪੱਸਿਆ ਅਖੀਰ ਵਿਚ ਵੀ ਸ਼ੁਰੂ ਕਰ ਦਿੱਤੀ। ਉਹ ਇਸ ਕਰਕੇ ਕਰੀ ਕਿ ਸਾਨੂੰ ਪਤਾ ਲੱਗ ਜਾਵੇ ਕਿ ਸਿੱਖੀ ਕਮਾਉਣੀ ਐਵੇਂ ਆਰਾਮ ਤਲਬਾਂ ਦਾ ਕੰਮ ਨਹੀਂ ਹੈ, ਇਸ ਦੇ ਵਿਚ ਸਾਧਨਾ, ਘਾਲਣਾ, ਤਿਆਗ, ਆਪਣਾ ਆਪਾ ਕੁਰਬਾਨ ਕਰਨਾ ਪੈਂਦਾ ਹੈ। ਉਹ ਸਬਕ ਦੇਣ ਵਾਸਤੇ ਆਪ ਸਾਰੀ ਸਾਰੀ ਰਾਤ, ਅੰਮ੍ਰਿਤ ਵੇਲੇ ਤੋਂ ਲੈ ਕੇ ਪਹਿਰ ਰਾਤ ਪੋਹ ਮਾਘ ਦੀ ਠੰਢ ਦੇ ਅੰਦਰ ਆਪ ਪਾਣੀ ਵਿਚ ਖੜ੍ਹੇ ਰਹਿੰਦੇ ਸੀ - ਰਾਵੀ ਦੇ ਵਿਚ। ਭਾਈ ਲਹਿਣਾ ਜੀ ਬਾਹਰ ਬੈਠੇ ਰਹਿੰਦੇ ਸਨ। ਸੋ ਏਸ ਤਰ੍ਹਾਂ ਦੀ ਘਾਲਣਾ ਘਾਲਦੇ-ਘਾਲਦੇ ਗੁਰਸਿਖੀ ਐਨੀ ਤਕੜੀ ਹੋ ਗਈ, ਐਨੀ ਜਬਰਦਸਤ ਹੋ ਗਈ ਕਿ ਸਾਰੇ ਹੀ ਲਗਦੇ ਸੀ ਕਿ ਬੜੇ ਪਹੁੰਚੇ ਹੋਏ ਨੇ, ਕੋਈ ਵੀ ਘੱਟ ਨਹੀਂ - ਨਾ ਭਾਈ ਮਨਮੁਖ ਜੀ,

ਨਾ ਬਾਬਾ ਬੁੱਢਾ ਜੀ, ਨਾ ਭਾਈ ਭਗੀਰਥ ਜੀ, ਨਾ ਭਾਈ ਸਾਧਾਰਨ ਜੀ, ਨਾ ਭਾਈ ਕਮਲੀਆ ਜੀ, ਨਾ ਭਾਈ ਦੁਨੀ ਚੰਦ; ਸਭ ਇਕ ਤੋਂ ਇਕ ਚੜ੍ਹਦੇ ਸੀ। ਜਦੋਂ ਵੱਡੇ ਬੱਚੇ ਵੱਡੀਆਂ ਜਮਾਤਾਂ ਵਿਚ ਚਲੇ ਜਾਣ ਤਾਂ ਪੇਪਰ ਬੜਾ ਔਖਾ ਹੁੰਦਾ ਹੈ। ਛੋਟੀਆਂ ਜਮਾਤਾਂ ਵਿਚ ਤਾਂ ਬਹੁਤ ਸੁਖਾਲਾ ਹੁੰਦਾ ਹੈ।

ਸੋ ਗੁਰੂ ਨਾਨਕ ਪਾਤਿਸ਼ਾਹ ਨੇ ਧਰਮ ਦਾ ਪੰਥ ਚਲਾਉਣ ਵਾਸਤੇ, ਇਹ ਦੇਖਣ ਵਾਸਤੇ ਕਿ ਪੂਰਾ ਕੌਣ ਹੈ, ਭਾਵੇਂ ਆਪ ਜਾਣਦੇ ਸੀ, ਪਹਿਲੇ ਦਿਨ ਹੀ ਕਹਿ ਦਿੱਤਾ ਸੀ ਕਿ ਅੱਛਾ ਭਾਈ! ਤੂੰ ਲਹਿਣਾ ਤੇ ਅਸੀਂ ਤੇਰਾ ਦੇਣਾ। ਸੋ ਸਿੱਖੀ ਸਿਰੇ ਤੇ ਪਹੁੰਚ ਗਈ। ਇਕ ਨੂੰ ਛਾਂਟਣਾ ਸੀ ਜਿਸ ਦੇ ਅੰਦਰ ਗੁਰੂ ਮਹਾਰਾਜ ਆਪਣੀ ਜੋਤ ਟਿਕਾਅ ਸਕਣ। ਮਾੜੇ-ਮੋਟੇ ਸਰੀਰ ਵਿਚ ਗੁਰੂ ਮਹਾਰਾਜ ਜੀ ਦੀ ਜੋਤ ਨਹੀਂ ਸੀ ਟਿਕਣੀ। ਜੋ ਜੀਵ 'ਜੀਵ ਕੋਟੀ' ਤੋਂ ਉਚਾ ਉਠਿਆ 'ਈਸ਼ਵਰ ਕੋਟੀ' ਵਿਚ ਪਹੁੰਚਿਆ, ਉਸ ਦੇ ਵਿਚ ਇਹ ਸੱਤਾ ਨਹੀਂ ਹੁੰਦੀ ਕਿ 'ਈਸ਼ਵਰ ਕੋਟੀ' ਦੀ ਜੋਤ ਆਪਣੇ ਵਿਚ ਸਮਾਅ ਲਏ। ਸੋ ਭਾਈ ਲਹਿਣਾ ਜੀ ਧੁਰ ਦਰਗਾਹ ਤੋਂ ਥਾਪੇ ਹੋਏ 'ਈਸ਼ਵਰ ਕੋਟੀ' ਦੇ, ਜਿਸ ਤਰ੍ਹਾਂ ਗੁਰੂ ਨਾਨਕ ਮਹਾਰਾਜ ਜੀ ਸਨ, ਠੀਕ ਉਸੇ ਤਰ੍ਹਾਂ ਆਪ ਸਨ ਪਰ ਅਜੇ ਪੜਦਾ ਪਿਆ ਹੋਇਆ ਸੀ। ਗੁਰੂ ਨਾਨਕ ਸਾਹਿਬ ਨੂੰ ਪਤਾ ਸੀ ਕਿ ਜੇ ਸਾਡੀ ਜੋਤ ਟਿਕਣੀ ਹੈ ਤਾਂ ਇਨ੍ਹਾਂ ਵਿਚ ਹੀ ਟਿਕਣੀ ਹੈ, ਹੋਰ ਕਿਸੇ ਵਿਚ ਨਹੀਂ ਟਿਕਣੀ। ਸੋ ਇਸ ਵਾਸਤੇ ਆਪ ਨੇ ਇਮਤਿਹਾਨ ਲੈਣਾ ਸ਼ੁਰੂ ਕਰ ਦਿੱਤਾ। ਸਕੂਲਾਂ ਵਿਚ ਵੀ ਇਮਤਿਹਾਨ ਹੁੰਦੇ ਨੇ, ਰੂਹਾਨੀ ਜਗਤ ਵਿਚ ਵੀ ਇਮਤਿਹਾਨ ਹੁੰਦੇ ਨੇ। ਜੋ ਸਿਆਣਾ ਗ੍ਰਿਹਿਸਥੀ ਹੈ ਉਹ ਵੀ ਬੱਚਿਆਂ ਦਾ ਇਮਤਿਹਾਨ ਲੈਂਦਾ ਹੈ ਕਿ ਕਿਹੜਾ ਕਾਬਲ ਹੈ ਤੇ ਕਿਹੜਾ ਨਹੀਂ ਕਾਬਲ।

ਸੋ ਆਪ ਜੀ ਨੇ ਹੁਕਮ ਦੇ ਦਿੱਤਾ ਕਿ ਲੰਗਰ ਇਕ ਵਕਤ ਵਰਤਾਇਆ ਜਾਵੇ। ਵੀਹ ਹਜ਼ਾਰ ਗੁਰਸਿੱਖ ਸੰਗਤ ਗੁਰੂ ਨਾਨਕ ਪਾਤਿਸ਼ਾਹ ਪਾਸ ਡੇਰਾ ਬਾਬਾ ਨਾਨਕ ਰਹਿੰਦੀ ਸੀ। ਉਸ ਵੇਲੇ ਲੰਗਰ ਇਕ ਵਕਤ ਕਰ ਦਿੱਤਾ। ਜਿਨ੍ਹਾਂ ਨੂੰ ਦੋ-ਤਿੰਨ ਵੇਲੇ ਖਾਣ ਦੀ ਆਦਤ ਸੀ, ਕੇਵਲ ਰੋਟੀਆਂ ਵਾਸਤੇ ਇਕੱਠੇ ਹੋਏ ਸੀ ਉਹ ਜਾਣੇ ਸ਼ੁਰੂ ਹੋ ਗਏ। ਕਿਸੇ ਨੂੰ ਕੋਈ ਕੰਮ ਹੋ ਗਿਆ, ਕਿਸੇ ਨੂੰ ਕੋਈ ਹੋ ਗਿਆ, ਖਿਸਕਣ ਲੱਗ ਗਏ। ਥੋੜ੍ਹੇ ਰਹਿ ਗਏ, ਗਿਣਤੀ ਘਟ ਗਈ ਕਿਉਂਕਿ ਮਹਾਂਪੁਰਸ਼ ਗਿਣਤੀ ਨੂੰ ਪਸੰਦ ਨਹੀਂ ਕਰਦੇ। Quality (ਗੁਣ, ਖੂਬੀ) ਨੂੰ ਪਸੰਦ ਕਰਦੇ ਨੇ, quantity (ਬਹੁਲਤਾ, ਗਿਣਤੀ) ਨੂੰ ਨਹੀਂ ਕਰਦੇ। ਗਿਣਤੀਆਂ ਨੂੰ ਨਹੀਂ ਦੇਖਦੇ ਕਿ ਕਿੰਨੇ ਨੇ, ਉਹ ਇਹ ਦੇਖਦੇ ਨੇ ਕਿ ਇਨ੍ਹਾਂ ਵਿਚੋਂ ਕਿੰਨੇ ਉੱਚੇ ਨੇ, ਕਿੰਨੇ ਨੇ ਜਿਨ੍ਹਾਂ ਨੇ ਮਾਇਆ ਦੇ ਚੱਕਰ ਨੂੰ ਪਾਰ ਕਰ ਲਿਆ। ਸੋ ਥੋੜ੍ਹੇ ਰਹਿ ਗਏ। ਗੁਰੂ ਮਹਾਰਾਜ ਜੀ ਨੇ ਹੁਕਮ ਕਰ ਦਿੱਤਾ ਕਿ ਇਕ ਦਿਨ ਛੱਡ ਕੇ ਲੰਗਰ ਹੋਇਆ ਕਰੇਗਾ। ਹੋਰ ਤੁਰ ਗਏ, ਫੇਰ ਹੁਕਮ ਕਰ ਦਿੱਤਾ ਕਿ ਦੋ ਦਿਨ ਛੱਡ ਕੇ ਲੰਗਰ ਹੋਇਆ ਕਰੇਗਾ। ਬਹੁਤ ਥੋੜ੍ਹੇ ਰਹਿ ਗਏ, ਸੈਕੜਿਆਂ ਦੀ ਤਾਦਾਦ ਵਿਚ ਰਹਿ ਗਏ। ਉਸ ਵੇਲੇ ਗੁਰੂ ਪਾਤਿਸ਼ਾਹ ਨੇ ਹੁਕਮ ਦਿੱਤਾ ਕਿ ਲੰਗਰ ਰੋਜ਼ ਹੋਏਗਾ, ਦੋ ਵੇਲੇ ਹੋਏਗਾ, ਖੇਤੀ ਕਰੋ ਤਕੜੇ ਹੋ ਕੇ। ਬੇਅੰਤ ਹਲ ਬਣਾ ਲਏ ਕਿਉਂਕਿ ਡੇਰਾ ਬਾਬਾ ਨਾਨਕ ਦਾ ਸਾਰਾ ਹੀ ਚੱਕ ਹਜ਼ਾਰਾਂ ਏਕੜ ਦਾ ਜੋਤ ਥੱਲੇ ਲੈ ਆਂਦਾ, ਫਸਲਾਂ ਬੀਜ ਦਿੱਤੀਆਂ, ਕਣਕ ਬੀਜ ਦਿੱਤੀ। ਬਹੁਤ ਮਿਹਨਤ ਨਾਲ ਵਧ-ਚੜ੍ਹ ਕੇ ਆਪਣੇ-ਆਪਣੇ ਖੇਤਾਂ ਦੀ ਖੇਤੀ ਕਰ ਰਹੇ ਨੇ। ਬੜੀ ਕਣਕ ਉਗਾਈ। ਜਦੋਂ ਕਣਕ ਹੋਈ, ਉਦੋਂ ਮਹਾਰਾਜ ਜੀ ਨੇ ਇਹ ਦੇਖਣਾ ਚਾਹਿਆ ਕਿ ਇਨ੍ਹਾਂ ਵਿਚ ਹੁਕਮ ਮੰਨਣ ਦੀ ਕਿੰਨੀ-ਕੁ ਸ਼ਕਤੀ ਆ ਗਈ। ਕਹਿੰਦੇ ਕਿ ਮਹਾਰਾਜ! ਕੀ ਕਰੀਏ ਇਸ ਨੂੰ? ਮਹਾਰਾਜ ਜੀ ਕਹਿੰਦੇ ਕਿ ਇਕੱਠੀ ਕਰਕੇ ਇਕ ਥਾਂ ਗਰੇ (ਢੇਰ) ਲਾ ਦਿਓ। ਗਰੇ ਲੱਗ ਗਏ ਤੇ ਪੁਛਿਆ, ਪਾਤਿਸ਼ਾਹ! ਗਾਹ ਪਾਈਏ, ਖਲਿਆਣ ਪਾਈਏ? ਕਹਿੰਦੇ, "ਨਾ! ਇਨ੍ਹਾਂ ਸਾਰਿਆਂ ਨੂੰ ਅੱਗ ਲਾ ਦਿਓ। ਕੋਈ ਗਰਾ ਨਹੀਂ ਛਡਣਾ, ਸਭ ਨੂੰ ਅੱਗ ਲਾ ਦਿਓ।" ਸਾਰੇ ਹੈਰਾਨ ਹੋ ਗਏ ਕਿ ਬੜੀ ਮਿਹਨਤ ਨਾਲ ਅਸੀਂ ਕਣਕ ਉਗਾਈ ਹੈ, ਹਜ਼ਾਰਾਂ ਏਕੜਾਂ ਦੇ ਅੰਦਰ ਕਣਕ ਬੀਜੀ ਹੈ, ਦਿਨ ਰਾਤ ਲਾ ਕੇ ਗੁਡਾਈਆਂ ਕਰੀਆਂ ਨੇ, ਪਾਣੀ ਦਿੱਤੇ ਨੇ, ਕਟਾਈ ਕਰੀ ਹੈ। ਆਸ ਇਹ ਰੱਖਦੇ ਸੀ ਕਿ ਮੇਰੇ ਖੇਤ ਦੀ ਕਣਕ ਵੱਧ ਹੋਵੇ ਤੇ ਗੁਰੂ ਮਹਾਰਾਜ ਕਹਿਣ, ਵਾਹ ਭਾਈ ਵਾਹ!

ਸ਼ਾਬਾਸ਼!! ਤੇ ਇਹ ਕੀ ਹੁਕਮ ਕਰ ਦਿੱਤਾ ਮਹਾਰਾਜ ਜੀ ਨੇ ਕਿ ਕਣਕ ਨੂੰ ਅੱਗ ਲਾ ਦਿਓ। ਕਈ ਪਿੱਛੇ ਨੂੰ ਹੱਥ ਕਰਕੇ ਖੜ੍ਹ ਗਏ, ਥੋੜ੍ਹੇ ਬੰਦੇ ਨਿਕਲੇ ਉਨ੍ਹਾਂ ਨੇ ਉਸੇ ਵੇਲੇ ਅੱਗ ਲਾ ਦਿੱਤੀ। ਮਹਾਰਾਜ ਜੀ ਨੇ ਦੇਖ ਲਿਆ ਕਿ ਹੁਕਮ ਮੰਨਣ ਵਿਚ ਕੁਝ ਨਿੱਤਰ ਸਕਦੇ ਨੇ, ਤਿਆਗ ਹੈ ਇਨ੍ਹਾਂ ਦੇ ਅੰਦਰ ਪਰ ਅਜੇ ਇਮਤਿਹਾਨ ਖਤਮ ਨਹੀਂ ਹੋਇਆ।

ਥੋੜ੍ਹੇ ਦਿਨਾਂ ਤੋਂ ਬਾਅਦ ਆਪ ਨੇ ਐਸੀ ਕਿਰਿਆ ਕਰੀ ਕਿ ਇਕ ਝੁੱਗੀ ਵਿਚ ਰਹਿਣਾ ਸ਼ੁਰੂ ਕਰ ਦਿੱਤਾ, ਰੋੜਾਂ ਦੀ ਵਿਛਾਈ ਕਰ ਲਈ, ਕਿਸੇ ਨੂੰ ਨੇੜੇ ਨਹੀਂ ਆਉਣ ਦਿੰਦੇ; ਜੇ ਕੋਈ ਨੇੜੇ ਆਉਂਦਾ ਹੈ ਤੇ ਮੱਥਾ ਟੇਕਦਾ ਹੈ ਤਾਂ ਮੋਢਿਆਂ ਤੋਂ ਫੜ ਕੇ ਪਿੱਛੇ ਧੱਕਾ ਮਾਰਦੇ ਨੇ ਤੇ ਕਹਿੰਦੇ ਨੇ, "ਓਏ ਭਲਿਆ! ਗੁਰੂ ਗੁਰੂ ਜਪ, ਮੇਰੇ ਕੋਲ ਕੀ ਕਰਨ ਆਇਆ ਹੈਂ? ਚੱਲ ਏਥੋਂ।" ਸਾਰੇ ਹੈਰਾਨ ਨੇ ਕਿ ਮਹਾਰਾਜ ਜੀ ਦਾ ਰਵੱਈਆ ਇਕ ਦਮ ਬਦਲ ਗਿਆ। ਪਹਿਲਾਂ ਕਣਕ ਨੂੰ ਅੱਗ ਲਵਾ ਦਿੱਤੀ, ਹੁਣ ਧੱਕੇ ਮਾਰਨੇ ਸ਼ੁਰੂ ਕਰ ਦਿੱਤੇ। ਅਖੀਰ ਨੌਬਤ ਇਥੋਂ ਤਕ ਆ ਗਈ ਕਿ ਗੁਰੂ ਮਹਾਰਾਜ ਜੀ ਨੇ ਇਕ ਕੁਤਕਾ ਜਿਸ ਨੂੰ ਘੋਟਣਾ ਕਹਿੰਦੇ ਨੇ, ਹੱਥਾਂ ਵਲੋਂ ਜਿਧਰੋਂ ਫੜੀਦਾ ਹੈ ਉਧਰੋਂ ਪਤਲਾ ਹੁੰਦਾ ਹੈ ਤੇ ਦੂਜਾ ਪਾਸਾ ਭਾਰੀ ਹੁੰਦਾ ਹੈ, ਉਹ ਲੈ ਲਿਆ। ਹੁਣ ਜਿਹੜਾ ਵੀ ਸਿੱਖ ਮੱਥਾ ਟੇਕਣ ਵਾਸਤੇ ਆਉਂਦਾ ਹੈ ਤੇ ਜਦੋਂ ਮੱਥਾ ਟੇਕਦਾ ਹੈ ਤਾਂ ਪਿੱਠ ਵਿਚ ਪੂਰੇ ਜ਼ੋਰ ਨਾਲ ਮਾਰਦੇ ਨੇ। ਸਭ ਹੈਰਾਨ ਹੁੰਦੇ ਨੇ ਕਿ ਆਹ ਮਹਾਰਾਜ ਜੀ ਨੇ ਕੀ ਕੰਮ ਸ਼ੁਰੂ ਕਰ ਲਿਆ। ਉਸ ਵੇਲੇ ਕਾਫੀ ਸਿੱਖ ਡੋਲਣੇ ਸ਼ੁਰੂ ਹੋ ਗਏ ਕਿ ਮਹਾਰਾਜ ਦਿਨ ਰਾਤ ਜਾਗਦੇ ਰਹੇ ਨੇ, ਤੁਰਦੇ ਰਹੇ ਨੇ, ਇਸ ਕਰਕੇ ਮਹਾਰਾਜ ਜੀ ਦੇ ਦਿਮਾਗ ਵਿਚ ਕੁਝ ਫਰਕ ਪੈ ਗਿਆ। ਸ੍ਰੀ ਚੰਦ ਨਾਲ ਗੱਲ ਕਰਦੇ ਨੇ, ਬਾਬਾ ਲਖਮੀ ਦਾਸ ਨਾਲ ਕਰਦੇ ਨੇ, ਮਾਤਾ ਜੀ ਨਾਲ ਗੱਲ ਕਰਦੇ ਨੇ ਕਿ ਮਹਾਰਾਜ ਜੀ ਨੂੰ ਕੀ ਹੋ ਗਿਆ? ਕਹਿੰਦੇ ਕੋਈ ਪਤਾ ਨਹੀਂ ਲਗਦਾ, ਉਮਰ ਵੱਡੀ ਹੋ ਗਈ ਹੈ, ਸ਼ਾਇਦ ਦਿਮਾਗ ਵਿਚ ਕੁਝ ਫਰਕ ਪੈ ਗਿਆ ਹੋਵੇ ਪਰ ਗੁਰੂ ਪਾਤਿਸ਼ਾਹ ਦੀ ਰੂਪ ਰੇਖਾ ਨੂੰ ਦੇਖ ਕੇ ਕੋਈ ਕੁਝ ਕਹਿ ਨਹੀਂ ਰਿਹਾ। ਡਰ ਆ ਰਿਹਾ ਹੈ ਕਿਉਂਕਿ ਪੂਰੇ ਜਲਾਲ ਵਿਚ ਆ ਗਏ। ਦੋ ਵਸਤਾਂ ਹੁੰਦੀਆਂ ਨੇ ਮਹਾਂਪੁਰਸ਼ਾਂ ਕੋਲ – ਇਕ ਜਮਾਲ ਹੁੰਦਾ ਹੈ, ਇਕ ਜਲਾਲ ਹੁੰਦਾ ਹੈ। ਜਮਾਲ ਹੁੰਦਾ ਹੈ ਖੇੜਾ, ਜਲਾਲ ਹੁੰਦਾ ਹੈ ਪੂਰਾ ਰੋਅਬ। ਇਹ ਦੋਵੇਂ ਚੀਜ਼ਾਂ ਨਹੀਂ ਝੱਲੀਆਂ ਜਾਂਦੀਆਂ। ਜਦੋਂ ਜਲਾਲ ਦੇਖਦੇ ਨੇ ਤਾਂ ਕੋਈ ਸਾਹਮਣੇ ਨਹੀਂ ਆਉਂਦਾ, ਨੇਤਰਾਂ ਨਾਲ ਨੇਤਰ ਨਹੀਂ ਮਿਲਾ ਸਕਦਾ, ਕੋਈ ਬਚਨ ਨਹੀਂ ਕਰਦਾ। ਸੋ ਇਸ ਤਰ੍ਹਾਂ ਦੇ ਨਾਲ ਇਹ ਖੇਲ੍ਹ ਮਹਾਰਾਜ ਜੀ ਨੇ ਕਰ ਲਈ। ਇਹ ਬਹੁਤ ਔਖੀ ਹੈ ਸਾਧ ਸੰਗਤ ਜੀ! ਅਸੀਂ ਤਾਂ ਕਹਾਣੀਆਂ ਕਰ ਸਕਦੇ ਹਾਂ ਪਰ ਜਰਾ-ਕੁ ਸਾਡੇ ਤੇ ਪੈ ਜਾਵੇ ਕਸਵੱਟੀ, ਅਸੀਂ ਤਾਂ ਮਾਮੂਲੀ ਜਿਹੀ ਕਸਵੱਟੀ ਨਹੀਂ ਸਹਿ ਸਕਦੇ। ਕੀ ਹੈ? ਅੰਮ੍ਰਿਤ ਛਕ ਲਿਆ, ਸ਼ਰਾਬ ਦੀ ਬੋਤਲ ਪਈ ਹੈ ਉਸ ਨੂੰ ਦੇਖ ਕੇ ਹੀ ਡੋਲ ਜਾਂਦਾ ਹੈ; ਵੱਡੀਆਂ ਕਸਵੱਟੀਆਂ ਕੀ ਸਹਿਣੀਆਂ ਨੇ, ਤਰੱਕੀ ਕੀ ਹੋਣੀ ਹੈ? ਪਹਿਲੀ ਜਮਾਤ ਵਿਚੋਂ ਹੀ ਫੇਲ੍ਹ ਹੋ ਕੇ ਸਕੂਲ ਹੀ ਛੱਡ ਦਿੰਦਾ ਹੈ। ਸਾਡਾ ਹਾਲ ਇਹ ਹੈ। ਅਸੀਂ ਅੱਜ ਗੱਲ ਕਰਨ ਲੱਗੇ ਹਾਂ ਡਾਕਟ੍ਰੇਟ ਕਰਨ ਦੀ, ਜਿਸ ਦੀ ਪੜ੍ਹਾਈ ਸਿਰੇ ਤੇ ਪਹੁੰਚੀ ਹੁੰਦੀ ਹੈ। ਸੋ ਸਮਝਣ ਦਾ ਯਤਨ ਕਰਿਓ ਤੇ ਮਹਾਰਾਜ ਜੀ ਕਿਰਪਾ ਕਰਨ, ਕਿਤੇ ਸਾਨੂੰ ਵੀ ਇਥੇ ਤੱਕ ਪਹੁੰਚਣਾ ਨਸੀਬ ਹੋ ਜਾਵੇ।

ਸੋ ਉਸ ਵੇਲੇ ਬਹੁਤ ਸਾਰੇ ਸਿੱਖ ਡੋਲਣ ਲੱਗ ਗਏ। ਆਪਸ ਵਿਚ ਗੱਲਾਂ ਕਰਦੇ ਨੇ ਬੈਠ ਕੇ ਕਿ ਮਹਾਰਾਜ ਜੀ ਨੂੰ ਕੀ ਹੋ ਗਿਆ? ਜਿਸ ਤਰ੍ਹਾਂ ਹਨ੍ਹੇਰੀ ਆਈ ਤੇ ਦਰਖਤ ਡੋਲਦੇ ਨੇ, ਇੰਜ ਹਿਰਦੇ ਡੋਲਣੇ ਸ਼ੁਰੂ ਹੋ ਗਏ। ਅੰਦਰਲੀ ਗੱਲ ਕਹਿੰਦੇ ਨੇ, ਅੰਦਰ ਸਾਰਿਆਂ ਦੇ ਸਮਾਈ ਹੋਈ ਹੈ – ਥੋੜ੍ਹਿਆਂ ਨੂੰ ਛੱਡ ਕੇ, ਕਿ ਮਹਾਰਾਜ ਜੀ ਦੇ ਦਿਮਾਗ ਵਿਚ ਕੋਈ ਫਰਕ ਪੈ ਗਿਆ ਹੈ।

ਇਸੇ ਤਰ੍ਹਾਂ ਗੁਰੂ ਦਸਵੇਂ ਪਾਤਿਸ਼ਾਹ ਮਹਾਰਾਜ ਜੀ ਨੇ ਜਦੋਂ ਪ੍ਰੀਖਿਆ ਲਈ, ਆਪ ਜੀ ਸਿਰੀ ਸਾਹਿਬ ਲੈ ਕੇ ਖੜ੍ਹੇ ਹੋ ਗਏ ਤਖਤ ਉਤੇ ਤੇ ਸੀਸ ਦੀ ਮੰਗ ਕਰੀ। ਉਸ ਵੇਲੇ ਘਬਰਾਅ ਗਏ ਸਿਆਣੇ ਬੰਦੇ ਕਿਉਂਕਿ ਸਿਆਣਪ ਤੇ ਭਰੋਸੇ ਵਿਚ ਜ਼ਮੀਨ ਤੇ ਅਸਮਾਨ ਦਾ ਫਰਕ ਹੈ। ਸਿਆਣਪ ਦੇਖਦੀ ਹੈ

ਕਾਰਨ, ਉਹ ਪਰਖ ਰੱਖਦੀ ਹੈ। ਜਿਹੜਾ ਭਰੋਸਾ ਹੈ ਇਹ ਨਹੀਂ ਦੇਖਦਾ, ਇਹ ਤਾਂ ਅੰਨ੍ਹੇ ਵਾਹ ਚਲਦਾ ਹੈ ਕਿ ਜਿਥੇ ਤੇਰੀ ਮਰਜ਼ੀ ਹੈ ਸੁੱਟ, ਖੂਹ ਵਿਚ ਸੁੱਟ ਦੇ, ਮਾਰ ਦੇ, ਰੱਖ ਲੈ ਪਰ ਮੈਂ ਤੈਥੋਂ ਪਿਛੇ ਨਹੀਂ ਹਟਣਾ। ਜਿਹੜੀ ਅਕਲ ਹੁੰਦੀ ਹੈ ਇਹ ਪੈਰ ਪੈਰ ਤੇ ਤੁਲਨਾ ਕਰਦੀ ਹੈ, ਅਕਲ ਵਾਲਾ ਫੇਲ੍ਹ ਹੋ ਜਾਇਆ ਕਰਦਾ ਹੈ, ਦਿਲ ਵਾਲਾ ਪਾਸ ਹੋ ਜਾਇਆ ਕਰਦਾ ਹੈ। ਅਕਲ ਰੂਹਾਨੀ ਕੰਮ ਵਿਚ ਬਹੁਤਾ ਸਾਥ ਨਹੀਂ ਦਿੰਦੀ, ਥੋੜ੍ਹਾ ਚਿਰ ਹੀ ਰਹਿੰਦੀ ਹੈ।

*ਗਿਆਨੀ ਸਾਨੂੰ ਹੋੜਦਾ ਤੇ, ਵਹਿਮੀ ਢੋਲਾ ਆਖਦਾ ਏ।*
*"ਮਾਰੇ ਗਏ ਜਿਨ੍ਹਾਂ ਲਾਈਆਂ ਬੁੱਧੋਂ ਪਾਰ ਤਾਰੀਆਂ।"* *ਡਾ. ਭਾਈ ਵੀਰ ਸਿੰਘ ਜੀ*

ਤੇ ਜਵਾਬ ਦਿੰਦੇ ਨੇ –

*"ਬੈਠ ਵੇ ਗਿਆਨੀ! ਬੁੱਧੀ ਮੰਡਲੇ ਦੀ ਕੈਦ ਵਿਚ,*
*'ਵਲਵਲੇ ਦੇ ਦੇਸ਼ ਸਾਡੀਆਂ ਲੱਗ ਗਈਆਂ ਯਾਰੀਆਂ।"* *ਡਾ. ਭਾਈ ਵੀਰ ਸਿੰਘ*

ਅਸੀਂ ਤਾਂ ਪਿਆਰ ਦੇ ਦੇਸ ਵਿਚ ਪਹੁੰਚ ਗਏ। ਹੁਣ ਸਾਡੇ ਕੋਲ ਕਾਰਨ ਨਹੀਂ ਹੈ, ਕਿਉਂ, ਕਿਥੇ, ਕੀ, ਕਿਵੇਂ ਨਹੀਂ ਹੈ ਸਾਡੇ ਕੋਲ। ਚਾਰ 'ਕੱਕੇ' ਹੁੰਦੇ ਨੇ, ਇਹ 'ਚਾਰੇ ਕੱਕੇ' ਨਹੀਂ ਹਨ ਸਾਡੇ ਕੋਲ।

ਸੋ ਉਸ ਵੇਲੇ ਜਿਹੜੇ ਪੂਰੇ ਨੇ ਉਹ ਹੈਰਾਨ ਹੁੰਦੇ ਨੇ ਕਿ ਕੀ ਕਿਰਿਆ ਮਹਾਰਾਜ ਜੀ ਦੀ ਹੈ ਪਰ ਜਿਵੇਂ ਦਰਖਤ ਡੋਲਦੇ ਨੇ ਇਉਂ ਡੋਲਣ ਲੱਗ ਗਏ ਮਨ, ਸ਼ੱਕ ਪੈ ਗਿਆ ਕਿ ਮਹਾਰਾਜ ਜੀ ਦਾ ਦਿਮਾਗ ਖਰਾਬ ਹੋ ਗਿਆ ਹੈ।

ਗੁਰੂ ਦਸਵੇਂ ਪਾਤਿਸ਼ਾਹ ਨੇ ਜਦੋਂ ਸਿਰੀ ਸਾਹਿਬ ਖਿੱਚੀ ਮਿਆਨ ਵਿਚੋਂ ਤਾਂ ਉਸ ਵੇਲੇ ਮਸੰਦ ਡੋਲ ਗਏ। ਮਾਤਾ ਜੀ ਕੋਲ ਗਏ, ਕਹਿੰਦੇ, ਮਾਤਾ ਜੀ! ਸਾਹਿਬਜ਼ਾਦਾ ਜੀ ਨੂੰ ਕੀ ਹੋ ਗਿਆ – ਗੁਰੂ ਮਹਾਰਾਜ ਜੀ ਨੂੰ। ਉਨ੍ਹਾਂ ਨੇ ਤਾਂ ਸਿੱਖਾਂ ਨੂੰ ਵੱਢਣਾ ਹੀ ਸ਼ੁਰੂ ਕਰ ਦਿੱਤਾ। ਤੁਸੀਂ ਜਾ ਕੇ ਦਖਲ ਦੇਵੋ, ਸਮਝਾਓ, ਇਹ ਕੀ ਕਰਨ ਲੱਗ ਗਏ। ਇਸ ਤਰ੍ਹਾਂ ਤਾਂ ਸਾਰੇ ਸਿੱਖ ਦੌੜ ਜਾਣਗੇ। ਡੋਲ ਜਾਂਦਾ ਹੈ ਉਹ ਬੰਦਾ ਜਿਹੜਾ ਪੂਜਾ ਦਾ ਧਾਨ ਖਾਂਦਾ ਹੈ ਕਿਉਂਕਿ ਉਸ ਦੇ ਵਿਚ ਸ਼ਰਧਾ ਭਰੋਸਾ ਨਹੀਂ ਹੋਇਆ ਕਰਦਾ। ਬਾਕੀ ਜਿਹੜੇ ਸਿੱਖ ਆਉਂਦੇ ਨੇ ਗੁਰੂ ਕੋਲ ਕਿ ਮੇਰਾ ਆਹ ਹੋ ਜਾਵੇ, ਮੇਰਾ ਓਹ ਹੋ ਜਾਵੇ, ਮੇਰੀ ਬਿਮਾਰੀ ਹਟ ਜਾਵੇ, ਮੇਰਾ ਫਲਾਣਾ ਕੰਮ ਹੋ ਜਾਵੇ, ਉਹ ਤਾਂ ਪਹਿਲਾਂ ਹੀ ਡੋਲੇ-ਡੁਲਾਏ ਹੁੰਦੇ ਨੇ। ਹੋ ਗਿਆ ਤਾਂ ਠੀਕ ਹੈ, ਫੇਰ ਵੀ ਨਹੀਂ ਮੰਨਣਾ। ਜੇ ਨਾ ਹੋਇਆ ਫੇਰ ਤਾਂ ਛੁੱਟੀਆਂ ਨੇ ਪਹਿਲਾਂ ਹੀ। ਸੋ ਇਹ ਬਹੁਤ ਔਖੀ ਬਾਤ ਹੈ ਸਾਧ ਸੰਗਤ ਜੀ! ਐਸਾ ਫੁਰਮਾਨ ਕਰਦੇ ਨੇ–

*ਧਾਰਨਾ – ਮਾਇਆ ਇਹ ਸਤਿਗੁਰ ਦੀ,*
*ਸਹਿਣੀ ਹੈ ਬਹੁਤੀ ਔਖੀ –2, 2.*
*ਸਹਿਣੀ ਹੈ ਬਹੁਤੀ ਔਖੀ –2, 2.*
*ਮਾਇਆ ਇਹ ਸਤਿਗੁਰ ਦੀ,......... –2.*

ਗੁਰੂ ਦੀ ਮਾਇਆ, ਵਾਹਿਗੁਰੂ ਵਲੋਂ ਪਾਈ ਹੋਈ ਮਾਇਆ, ਮੁਰਸ਼ਦ ਵਲੋਂ ਪਾਈ ਹੋਈ ਮਾਇਆ, ਸੰਤਾਂ ਵਲੋਂ ਪਾਈ ਹੋਈ ਮਾਇਆ ਕੋਈ ਵਿਰਲਾ ਹੈ ਜਿਹੜਾ ਸਹਿ ਜਾਂਦਾ ਹੈ, ਕੱਚਾ ਤਾਂ ਸਹਿ ਹੀ ਨਹੀਂ ਸਕਦਾ, ਪੱਕਾ ਵੀ ਡੋਲ ਜਾਂਦਾ ਹੈ ਕਿਉਂਕਿ ਧੁਰ ਤੋਂ ਆਈ ਹੈ –

*ਧੁਰ ਕੀ ਭੇਜੀ ਆਈ ਆਮਰਿ॥* *ਪੰਨਾ – 371*

ਜਿਹੜੀ ਜਿੱਤੀ ਨਾ ਜਾਵੇ ਕਿਸੇ ਤੋਂ, ਉਹ ਮਾਇਆ ਹੈ – ਧੁਰ ਤੋਂ ਆਈ ਹੋਈ।

***ਨਉਖੰਡ ਜੀਤੇ ਸਭਿ ਥਾਨ ਥਨੰਤਰ॥*** ***ਪੰਨਾ - 371***

ਸਾਰੀਆਂ ਸ੍ਰਿਸ਼ਟੀਆਂ, ਸਾਰੇ ਆਕਾਸ਼, ਸਾਰੇ ਪਾਤਾਲ ਏਸ ਮਾਇਆ ਨੇ ਜਿੱਤ ਲਏ।

***ਤਟਿ ਤੀਰਥਿ ਨ ਛੋਡੈ ਜੋਗ ਸੰਨਿਆਸ॥***
***ਪੜਿ ਥਾਕੇ ਸਿੰਮ੍ਰਿਤਿ ਬੇਦ ਅਭਿਆਸ॥*** ***ਪੰਨਾ - 371***

ਸੋ ਮਾਇਆ ਬੜੀ ਔਖੀ ਹੈ। ਸਾਰੇ ਵੱਡੇ ਵੱਡੇ ਵਿਚਾਰਵਾਨ ਗੁਰੂ ਨਾਨਕ ਪਾਤਿਸ਼ਾਹ ਨਾਲ ਜਿਹੜੇ ਰਹੇ, ਸਾਰੀਆਂ ਗੱਲਾਂ ਪ੍ਰਤੱਖ ਦੇਖ ਕੇ ਇਹ ਮੰਨ ਕੇ ਕਿ ਗੁਰੂ ਨਾਨਕ ਸਾਹਿਬ ਗੋਬਿੰਦ ਰੂਪ ਹੈ, ਫੇਰ ਡੋਲ ਰਹੇ ਨੇ। ਜਿਵੇਂ ਦਰਖਤਾਂ ਦੇ ਪੱਤੇ ਹਨ੍ਹੇਰੀ ਦੇ ਨਾਲ ਝੜਦੇ ਨੇ, ਇਸ ਤਰ੍ਹਾਂ ਵਿਸ਼ਵਾਸ ਦੇ ਪੱਤੇ ਝੜ ਰਹੇ ਨੇ। ਕਹਿੰਦੇ ਕੀ ਪਤਾ ਹੈ, ਦਿਮਾਗ ਹੀ ਖਰਾਬ ਹੋ ਗਿਆ ਹੋਵੇ। ਇਹ ਗੱਲਾਂ ਅਜੇ ਸੋਚ ਹੀ ਰਹੇ ਸੀ ਕਿ ਗੁਰੂ ਨਾਨਕ ਪਾਤਿਸ਼ਾਹ ਫੇਰ ਆ ਗਏ।

ਧਰਮਸ਼ਾਲਾ ਵਿਚ ਹੀ ਆ ਗਏ, ਕੁਤਕਾ ਹੱਥ ਵਿਚ ਹੈ। ਸੂਰੀਆਂ ਅੱਗੇ ਲਾਈਆਂ ਹੋਈਆਂ ਨੇ, ਦੋ ਤਿੰਨ ਕੁੱਤੇ ਨਾਲ ਲਏ ਹੋਏ ਨੇ ਤੇ ਸ਼ਿਕਾਰੀਆਂ ਵਾਲੇ ਮੈਲੇ ਕੱਪੜੇ ਪਾਏ ਹੋਏ ਨੇ, ਹੱਥ ਵਿਚ ਛੁਰਾ ਲਿਆ ਹੋਇਆ ਹੈ, ਨੇਤਰ ਜਲਾਲ ਵਿਚ ਲਾਲ ਹੋਏ ਪਏ ਨੇ, ਅੱਖ ਝਮਕਦੇ ਨਹੀਂ, ਜਿਸ ਦੇ ਵੱਲ ਦੇਖਦੇ ਨੇ ਨੱਠ ਕੇ ਪੈਂਦੇ ਨੇ। ਸਭ ਡਰ ਗਏ ਕਿ ਇਹ ਕੀ ਹੋ ਗਿਆ। ਸੋ ਇਸ ਤਰ੍ਹਾਂ ਅੱਗੇ ਹੀ ਅੱਗੇ ਜਾਂਦੇ ਨੇ। ਜਿਧਰ ਨੂੰ ਮਹਾਰਾਜ ਜੀ ਜਾਂਦੇ ਨੇ, ਨੇੜੇ ਨਹੀਂ ਕੋਈ ਹੁੰਦਾ, ਦੂਰ ਹੋ ਜਾਂਦੇ ਨੇ। ਧਰਮਸ਼ਾਲਾ ਤੋਂ ਸਾਰੇ ਹੀ ਸਿੱਖ ਭੱਜ ਗਏ, ਖਾਲੀ ਕਰ ਦਿੱਤੀ ਧਰਮਸ਼ਾਲਾ। ਉਸ ਤੋਂ ਬਾਅਦ ਮਹਾਰਾਜ ਜੀ ਜੰਗਲ ਵੱਲ ਨੂੰ ਚੱਲ ਪਏ, ਉਸੇ ਤਰ੍ਹਾਂ ਦੇ ਨਾਲ ਕੁੱਤੇ ਨਾਲ ਲਏ ਹੋਏ ਤੇ ਏਸ ਤਰ੍ਹਾਂ ਦੇ ਨਾਲ ਪੜ੍ਹਦੇ ਜਾਂਦੇ ਨੇ -

***ਧਾਰਨਾ - ਧਾਣਕ ਰੂਪ ਰਹਾ ਕਰਤਾਰ -2, 2.***
***ਧਾਣਕ ਰੂਪ ਰਹਾ ਕਰਤਾਰ -2, 4.***

ਪੜ੍ਹਦੇ ਹੋਏ ਜਾ ਰਹੇ ਨੇ, ਕੋਈ ਨੇੜੇ ਨਹੀਂ ਜਾ ਰਿਹਾ। ਗੁਰੂ ਅੰਗਦ ਪਾਤਿਸ਼ਾਹ ਇਕੱਲੇ ਹੀ ਪਿਛੇ ਪਿਛੇ ਜਾ ਰਹੇ ਨੇ। ਸੰਗਤ ਫੇਰ ਧਰਮਸ਼ਾਲਾ ਵਿਚ ਇਕੱਠੀ ਹੋ ਗਈ।

***ਏਕੁ ਸੁਆਨੁ ਦੁਇ ਸੁਆਨੀ ਨਾਲਿ॥ ਭਲਕੇ ਭਉਕਹਿ ਸਦਾ ਬਇਆਲਿ॥***
***ਕੂੜੁ ਛੁਰਾ ਮੁਠਾ ਮੁਰਦਾਰੁ॥ ਧਾਣਕ ਰੂਪਿ ਰਹਾ ਕਰਤਾਰ॥*** ***ਪੰਨਾ - 24***

ਸੋ ਭਾਈ ਲਹਿਣਾ ਜੀ ਪਿਛੇ-ਪਿਛੇ ਜਾ ਰਹੇ ਨੇ। ਗੁਰੂ ਨਾਨਕ ਸਾਹਿਬ ਨੇ ਫੇਰ ਮੁੜ ਕੇ ਦੇਖਿਆ ਕਿ ਹੋਰ ਤਾਂ ਦੂਰ ਨੇ, ਜਿਹੜੇ ਆ ਵੀ ਰਹੇ ਨੇ, ਕਾਫੀ ਫਾਸਲੇ ਤੇ ਨੇ ਤੇ ਇਹ ਸਾਡੇ ਬਹੁਤ ਨੇੜੇ ਆ ਰਿਹਾ ਹੈ। ਨੇੜੇ ਆਉਂਦੇ ਨੇ ਉਥੇ ਹੀ ਖੜ੍ਹ ਜਾਂਦੇ ਨੇ, ਕੁਤਕਾ ਮਾਰਦੇ ਨੇ ਤੇ ਉਹ ਚੁਪ ਕਰਕੇ ਸਹਿ ਲੈਂਦੇ ਨੇ।

ਮਹਾਰਾਜ ਜੀ ਕਹਿੰਦੇ, "ਤੂੰ ਕਿਉਂ ਨਹੀਂ ਜਾਂਦਾ ਜਦੋਂ ਸਾਰੇ ਚਲੇ ਗਏ?"

ਭਾਈ ਲਹਿਣਾ ਜੀ ਕਹਿੰਦੇ, "ਸੱਚੇ ਪਾਤਿਸ਼ਾਹ! ਮੈਂ ਕਿਥੇ ਜਾਵਾਂ? ਮੈਨੂੰ ਦੱਸ ਦਿਓ।"

ਮਹਾਰਾਜ ਜੀ ਕਹਿੰਦੇ, "ਜਿਥੇ ਉਹ ਬੈਠੇ ਨੇ ਉਥੇ ਜਾਹ! ਹੁਕਮ ਮੰਨ ਸਾਡਾ, ਫੌਰਨ ਜਾਹ। ਪਿੱਛੇ ਮੁੜ ਕੇ ਨਾ ਦੇਖੀਂ।"

ਕਹਿੰਦੇ, "ਪਾਤਿਸ਼ਾਹ! ਇਕ ਬੇਨਤੀ ਹੈ।"

ਮਹਾਰਾਜ ਜੀ ਕਹਿੰਦੇ, "ਕੀ ਹੈ?"

ਭਾਈ ਲਹਿਣਾ ਕਹਿੰਦੇ, "ਮੈਥੋਂ ਰਹਿ ਨਹੀਂ ਹੋਣਾ।"

***ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥***
***ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥***
***ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥***
***ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥***
***ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥***
***ਪੰਨਾ - 708***

ਪਾਤਿਸ਼ਾਹ! ਕਿਥੇ ਜਾਵਾਂ? ਮੈਨੂੰ ਕੋਈ ਟਿਕਾਣਾ ਨਹੀਂ ਹੈ, ਕੋਈ ਥਾਂ ਨਹੀਂ ਹੈ - ਤੇਰੇ ਚਰਨਾਂ ਤੋਂ ਬਗੈਰ। ਮੈਨੂੰ ਹੋਰ ਕੋਈ ਜੀਵਨ ਨਹੀਂ ਹੈ ਤੇਰੇ ਦਰਸ਼ਨ ਤੋਂ ਬਗੈਰ। ਸੋ ਪਾਤਿਸ਼ਾਹ! ਮੈਂ ਕਿਥੇ ਜਾਵਾਂ?"

ਮਹਾਰਾਜ ਜੀ ਕਹਿੰਦੇ, "ਜਾਂਦਾ ਹੈਂ ਜਾਂ ਨਹੀਂ ਜਾਂਦਾ?" ਕੁਤਕਾ ਲੈ ਕੇ ਆਉਂਦੇ ਨੇ। ਕਹਿੰਦੇ, "ਜਾਹ ਉਥੇ ਜਿਥੇ ਸੰਗਤ ਬੈਠੀ ਹੈ। ਪਿਛੇ ਮੁੜ ਕੇ ਨਾ ਦੇਖੀਂ, ਭੱਜਿਆ ਹੀ ਜਾਹ।"

ਹੁਕਮ ਦੀ ਤਾਮੀਲ ਕਰ ਲਈ, ਪੂਰੇ ਜ਼ੋਰ ਨਾਲ ਨੱਠੇ ਆਉਂਦੇ ਨੇ ਤੇ ਧਰਮਸ਼ਾਲਾ ਅੰਦਰ ਬੈਠੇ ਗੁਰਸਿੱਖ ਦੇਖ ਰਹੇ ਨੇ ਕਿ ਭਾਈ ਲਹਿਣਾ ਜੀ ਵੀ ਨੱਠੇ ਆਉਂਦੇ ਨੇ, ਪਤਾ ਨਹੀਂ ਕੀ ਬਣ ਗਿਆ। ਸੋ ਆਪ ਧਰਮਸ਼ਾਲਾ ਦੇ ਅੰਦਰ ਆ ਗਏ। ਸਾਰੇ ਪੁਛਦੇ ਨੇ ਕਿ ਭਾਈ ਲਹਿਣਾ! ਕੀ ਬਣਿਆ ਤੁਹਾਡੇ ਨਾਲ? ਤੁਹਾਨੂੰ ਐਨਾ ਪਸੀਨਾ ਆਇਆ ਹੋਇਆ ਹੈ, ਸਾਹੋ ਸਾਹ ਹੋਏ ਪਏ ਹੋ, ਦੱਸੋ ਤਾਂ ਸਹੀ, ਸੁੱਖ ਵੀ ਹੈ? ਕਹਿੰਦੇ ਬੈਠੋ ਗੱਲ ਕਰਦੇ ਹਾਂ। ਸਾਰੇ ਬੈਠ ਗਏ। ਕਹਿੰਦੇ ਦੱਸੋ ਕੀ ਹੋਇਆ? ਆਪਾਂ ਕੀ ਕਰੀਏ? ਤੁਸੀਂ ਗੁਰੂ ਮਹਾਰਾਜ ਜੀ ਦੇ ਬਹੁਤੇ ਨਿਕਟਵਰਤੀ ਹੋ ਸਾਰਿਆਂ ਨਾਲੋਂ, ਤੇ ਤੁਸੀਂ ਨੇੜੇ ਰਹੇ ਹੋ, ਤੁਸੀਂ ਦੱਸੋ ਤੁਹਾਡੇ ਨਾਲ ਕੀ ਵਰਤੀ?

ਕਹਿਣ ਲੱਗੇ, "ਕੁਝ ਵੀ ਨਹੀਂ ਵਰਤੀ। ਕਿਉਂ ਡੋਲਦੇ ਹੋ ਗੁਰਸਿਖੋ! ਡੋਲਣ ਵਾਲਾ ਥਾਂ ਨਹੀਂ ਹੈ। ਗੁਰੂ ਦੇ ਕੋਲ ਥਾਪੜਾ ਵੀ ਹੁੰਦਾ ਹੈ ਤੇ ਕੁਤਕਾ ਵੀ ਹੁੰਦਾ ਹੈ। ਜੋ ਰਸ ਥਾਪੜੇ ਵਿਚੋਂ ਮਾਣਦੇ ਹੋ, ਉਹ ਅੱਜ ਕੁਤਕੇ ਵਿਚੋਂ ਮਾਣੋ। ਜਿਹੜਾ ਇਹ ਸਰੂਪ ਧਾਣਕ ਦਾ ਧਾਰਿਆ ਹੈ - ਸ਼ਿਕਾਰੀਆਂ ਦਾ, ਇਹ ਵੀ ਉਸੇ ਦਾ ਸਰੂਪ ਹੈ ਜਿਸ ਦੇ ਅੱਗੇ ਆਪਾਂ ਪਹਿਲਾਂ ਨਮਸ਼ਕਾਰਾਂ ਕਰਦੇ ਸੀ, ਤੁਸੀਂ ਡੋਲੋ ਨਾ।"

ਏਸ ਤਰ੍ਹਾਂ ਨਾਲ ਧਰਵਾਸ ਦਿੰਦੇ ਨੇ, ਨਿਹਚਾ ਬੰਧਵਾਉਂਦੇ ਨੇ।

***ਧਾਰਨਾ - ਜੇ ਗੁਰ ਝਿੜਕੇ ਤਾ ਮੀਠਾ ਲਾਗੈ,***
***ਬਖਸ਼ੇ ਗੁਰ ਵਡਿਆਈ -2, 2.***

***ਜੇ ਗੁਰੁ ਝਿੜਕੇ ਤਾ ਮੀਠਾ ਲਾਗੈ....॥ ਪੰਨਾ - 758***

ਜਿਸ ਨੇ ਝਿੜਕ ਮਿੱਠੀ ਲਾ ਲਈ, ਉਹ ਪਾਸ ਕਰ ਗਿਆ, ਨੰਬਰ ਲੈ ਲਏ। ਜਿਹੜਾ ਨੰਬਰ ਹੀ ਨੰਬਰ ਚਾਹੁੰਦਾ ਹੈ, ਪ੍ਰਸੰਸਾ ਹੀ ਪ੍ਰਸੰਸਾ ਚਾਹੁੰਦਾ ਹੈ ਕਿ ਮੈਨੂੰ ਏਸ ਤਰ੍ਹਾਂ ਕਹਿਣ ਕਿ ਤੂੰ ਤਾਂ ਬੜੀ ਸੇਵਾ ਕਰਦਾ ਹੈਂ, ਤੂੰ ਪ੍ਰੇਮੀਆਂ! ਬਹੁਤ ਵਧੀਆ ਹੈਂ, ਤੇਰਾ ਗਲਾ ਬਹੁਤ ਵਧੀਆ ਹੈ, ਤੂੰ ਕੀਰਤਨ ਬੜਾ ਵਧੀਆ ਕਰਦਾ ਹੈਂ, ਤੂੰ ਕਥਾ ਬੜੀ ਵਧੀਆ ਕਰਦਾ ਹੈਂ, ਤੂੰ ਤਾਂ ਸੰਗਤਾਂ ਦੀ ਸੇਵਾ ਬਹੁਤ ਵਧੀਆ ਕਰਦਾ ਹੈਂ। ਸੋ ਇਹ ਵਡਿਆਈ ਹੈ ਤੇ ਵਡਿਆਈ ਮਿੱਠੀ ਲਗਦੀ ਹੈ। ਜਦੋਂ ਗੁਰੂ ਝਿੜਕਦਾ ਹੈ ਫੇਰ ਥਾਂ ਛੱਡ ਜਾਂਦਾ ਹੈ, ਨੱਠਦਾ ਹੈ। ਮੁਰਸ਼ਦ-ਏ-ਕਾਮਲ ਦੀ ਸੇਵਾ ਏਸ ਤਰ੍ਹਾਂ ਨਹੀਂ ਹੋਇਆ ਕਰਦੀ।

***ਜੇ ਪਾਸਿ ਬਹਾਲਹਿ ਤਾ ਤੁਝਹਿ ਅਰਾਧੀ...........॥ ਪੰਨਾ - 757***

ਜੇ ਕੋਲ ਬਿਠਾ ਲਏਂਗਾ ਤਾਂ ਮੈਂ ਗੁਸਤਾਖ਼ ਨਹੀਂ ਹੁੰਦਾ ਕਿ ਸ਼ਰਧਾ ਛੱਡ ਕੇ ਬਰਾਬਰ ਦਾ ਬਣ ਜਾਵਾਂਗਾ। ਇਹ ਵੀ ਤੇਰੀ ਮਿਹਰ ਹੈ ਪਾਤਿਸ਼ਾਹ! ਕਿ ਤੂੰ ਨੇੜੇ ਰੱਖਦਾ ਹੈਂ ਮੈਨੂੰ। ਕੀ ਪਤਾ ਹੈ ਤੂੰ ਕਿਹੜੇ ਵੇਲੇ ਕਹਿ ਦੇਵੇਂ ਕਿ ਦੂਰ ਹੋ ਜਾ ਤੇ ਮੇਰੇ ਕੋਲ ਨਾ ਆਇਆ ਕਰ।

***ਜੇ ਪਾਸਿ ਬਹਾਲਹਿ ਤਾ ਤੁਝਹਿ ਅਰਾਧੀ***
***ਜੇ ਮਾਰਿ ਕਢਹਿ ਭੀ ਧਿਆਈ॥*** ***ਪੰਨਾ - 757***

ਜੇ ਡੰਡੇ ਮਾਰ ਕੇ ਮੈਨੂੰ ਕੱਢ ਵੀ ਦੇਵੇਂ, ਫੇਰ ਵੀ ਮੈਂ ਤੈਨੂੰ ਧਿਆਵਾਂਗਾ। ਫੇਰ ਇਹ ਨਹੀਂ ਕਿ ਮੈਂ ਉਥੇ ਜਾਣਾ ਨਹੀਂ ਕਿ ਉਹ ਤਾਂ ਜੀ ਘੂਰਦੇ ਬਹੁਤ ਨੇ, ਝਿੜਕਾਂ ਬਹੁਤ ਮਾਰਦੇ ਨੇ।

***ਜੇ ਲੋਕੁ ਸਲਾਹੇ ਤਾ ਤੇਰੀ ਉਪਮਾ ............॥***
***ਪੰਨਾ - 757***

ਜੇ ਲੋਕ ਮੈਨੂੰ ਕਹਿੰਦੇ ਨੇ ਕਿ ਤੂੰ ਚੰਗੇ ਥਾਂ ਜਾਂਦਾ ਹੈਂ ਤਾਂ ਤੇਰੀ ਹੀ ਉਪਮਾ ਹੈ; ਜੇ ਮੇਰੀ ਨਿੰਦਿਆ ਕਰਦੇ ਨੇ ਕਿ ਉਥੇ ਕਿਉਂ ਜਾਂਦਾ ਹੈਂ? ਉਥੇ ਕੀ ਹੈ? ਫੇਰ ਵੀ ਮਹਾਰਾਜ ਮੈਂ ਛੱਡ ਕੇ ਨਹੀਂ ਜਾਂਦਾ –

***............ ਜੇ ਨਿੰਦੈ ਤ ਛੋਡਿ ਨ ਜਾਈ॥*** ***ਪੰਨਾ - 757***

ਸਾਧ ਸੰਗਤ ਜੀ! ਓਹੀ ਗੁਰੂ ਨਾਨਕ ਪਾਤਿਸ਼ਾਹ ਹੈ ਦੀਨ-ਦੁਨੀ ਦਾ ਮਾਲਕ –

***ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥*** ***ਪੰਨਾ - 1395***

ਤੇ ਅੱਜ ਤੁਹਾਡੇ ਨਿਹਚੇ ਹਿਲਦੇ ਜਾਂਦੇ ਨੇ। ਨਿਰੰਕਾਰ ਦੇ ਵਿਚ ਵੀ ਕਦੇ ਕੋਈ ਦੋਸ਼ ਆਉਂਦਾ ਹੈ? ਉਹ ਤਾਂ ਪੂਰਨ ਨੇ, ਇਹ ਤਾਂ ਸਾਂਗ ਵਰਤਿਆ ਹੈ। ਮੈਂ ਤੁਹਾਡੇ ਚਰਨਾਂ ਵਿਚ ਬੇਨਤੀ ਕਰਦਾ ਹਾਂ, ਧਿਆਨ ਨਾਲ ਸਰਵਣ ਕਰਿਓ।

ਕਹਿੰਦੇ, "ਸਾਰੇ ਮਹਾਂਪੁਰਸ਼, ਵਾਹਿਗੁਰੂ ਆਪ ਸਾਂਗ ਵਰਤਾ ਕੇ ਪ੍ਰੀਖਿਆ ਪਾਉਂਦੇ ਨੇ। ਜਦੋਂ ਤੱਕ ਰੂਹਾਨੀ ਪ੍ਰੀਖਿਆ ਨਹੀਂ ਹੁੰਦੀ, ਓਨੀ ਦੇਰ ਤੱਕ ਇਹ ਨਿਹਚਾ ਹੀ ਨਹੀਂ ਹੁੰਦਾ ਕਿ ਇਹ ਪਾਸ ਹੈ ਜਾਂ ਫੇਲ੍ਹ ਹੈ।"

ਜਦੋਂ ਆਪੇ ਹੀ ਘਰ ਪੜ੍ਹੀ ਜਾਓ ਤਾਂ ਕੋਈ ਪਤਾ ਨਹੀਂ ਲਗਦਾ ਕਿ ਪਾਸ ਹੈ ਜਾਂ ਫੇਲ੍ਹ। ਪਤਾ ਤਾਂ ਉਦੋਂ ਲੱਗਣਾ ਹੈ ਜਦੋਂ ਪੇਪਰ ਪੈਣਾ ਹੈ।

ਭਾਈ ਲਹਿਣਾ ਜੀ ਸੰਗਤ ਨੂੰ ਸਮਝਾਉਂਦੇ ਹੋਏ ਕਹਿੰਦੇ ਨੇ ਕਿ ਆਦਿ ਜੁਗਾਦਿ ਤੋਂ ਪ੍ਰੀਖਿਆ ਹੁੰਦੀ ਆਈ ਹੈ। ਧਿਆਨ ਦਿਓ, ਤ੍ਰੇਤਾ ਯੁਗ ਦੇ ਅੰਦਰ ਇਕ ਰਾਜਾ ਹੋਇਆ ਹੈ ਜਿਸ ਦਾ ਨਾਂ ਹਰੀ ਚੰਦ ਸੀ। ਇਹ ਹਰੀ ਚੰਦ ਸੱਤਵਾਦੀ ਸੀ, ਕਦੇ ਝੂਠ ਨਹੀਂ ਸੀ ਬੋਲਦਾ, ਕੁਝ ਵੀ ਹੋ ਜਾਵੇ। ਜੋ ਮੂੰਹ ਵਿਚੋਂ ਬਚਨ ਕਹਿ ਦਿੱਤਾ, ਚਾਹੇ ਜਾਨ ਚਲੀ ਜਾਵੇ ਪਰ ਬਚਨ ਨਹੀਂ ਸੀ ਜਾਣ ਦਿੰਦਾ। ਦਾਨੀ ਬਹੁਤ ਸੀ, ਇਨਸਾਫ ਕਰਦਾ ਸੀ। ਸੋ ਜਦੋਂ ਮਾਤ ਲੋਕ ਵਿਚ ਇਸ ਦਾ ਤਪ ਵਧਿਆ, ਇੰਦਰ ਦਾ ਜੋ ਰਾਜ ਹੈ ਇਹ ਪੰਜਵੇਂ-ਛੇਵੇਂ ਸਵਰਗ ਵਿਚ ਹੈ। ਪਹਿਲਾ ਗੰਧਰਵ ਲੋਕ ਹੈ, ਫੇਰ 'ਦੇਵ ਗੰਧਰਵ' ਹੁੰਦਾ ਹੈ, ਫੇਰ 'ਪਿੱਤਰ ਲੋਕ' ਹੁੰਦਾ ਹੈ, ਫੇਰ 'ਸਵਰਗ ਲੋਕ' ਹੁੰਦਾ ਹੈ। ਉਸ ਤੋਂ ਬਾਅਦ 'ਇੰਦਰ ਲੋਕ' ਹੁੰਦਾ ਹੈ-ਪੰਜਵੇਂ ਥਾਂ ਤੇ। ਇਥੇ ਬਹੁਤ ਹੀ ਸੁਖ ਨੇ। ਆਪਣੇ ਸੰਸਾਰ ਨਾਲੋਂ ਦਸ ਅਰਬ ਗੁਣਾਂ ਜ਼ਿਆਦਾ ਸੁਖ ਇੰਦਰ ਲੋਕ ਵਿਚ ਹੈ। ਜੇ ਸੌ ਯੱਗ ਪੂਰੇ ਨਿਰਵਿਘਨ ਹੋ ਜਾਣ ਤਾਂ 'ਇੰਦਰ' ਪਦਵੀ ਵਾਸਤੇ ਉਮੀਦਵਾਰ ਹੋ ਜਾਇਆ ਕਰਦਾ ਹੈ। ਪੂਰੇ ਕੋਈ-ਕੋਈ ਕਰਦਾ ਹੈ, ਇਨ੍ਹਾਂ ਵਿਚ ਵਿਘਨ ਪੈ ਜਾਇਆ ਕਰਦਾ ਹੈ। ਮੁੜ ਕੇ ਇਕ ਦੋ ਤੋਂ ਫੇਰ ਸ਼ੁਰੂ ਕਰਨਾ ਪੈਂਦਾ ਹੈ ਜਿਵੇਂ ਚਿਲਾ ਕੱਟੀਦਾ ਹੈ। ਉਨਤਾਲੀ ਦਿਨ ਪਾਠ ਕਰ ਲਿਆ, ਚਾਲੀ ਦਿਨ ਕਰ ਲਿਆ, ਜੇ ਇਕਤਾਲੀਵੇਂ ਦਿਨ ਨਹੀਂ ਹੋਇਆ, ਮੁੜ ਕੇ ਫੇਰ ਇਕ ਤੋਂ ਸ਼ੁਰੂ ਕਰੋ, ਨਹੀਂ ਤਾਂ ਹੋਇਆ ਨਹੀਂ ਕਰਦਾ, ਟੁੱਟ ਜਾਇਆ ਕਰਦਾ ਹੈ। ਇਸੇ

ਤਰ੍ਹਾਂ ਇੰਦਰ ਪਦਵੀ ਹੈ।

ਜਦੋਂ ਇੰਦਰ ਨੂੰ ਪਤਾ ਲੱਗਿਆ ਕਿ ਹਰੀ ਚੰਦ ਦਾ ਪ੍ਰਤਾਪ ਐਨਾ ਵਧ ਰਿਹਾ ਹੈ ਕਿ ਉਸ ਦਾ ਸੇਕ ਮੇਰੇ ਤੱਕ ਪਹੁੰਚਣ ਲੱਗ ਗਿਆ, ਉਸ ਵੇਲੇ ਬੜੀ ਚਿੰਤਾ ਹੋਈ ਉਸ ਦੇ ਮਨ ਵਿਚ।

ਇਕ ਦਿਨ ਹਰੀ ਚੰਦ ਕੋਲ ਵਿਸ਼ਵਾਮਿੱਤਰ ਆ ਗਿਆ ਤੇ ਉਸ ਨੂੰ ਕੁਝ ਈਰਖਾ ਹੋ ਗਈ ਕਿਉਂਕਿ ਜੋ ਹਰੀ ਚੰਦ ਸੀ ਉਹ ਵਸ਼ਿਸ਼ਟ ਜੀ ਦਾ ਸੇਵਕ ਸੀ। ਇਸ ਦਾ ਜੋ ਪਿਤਾ ਜੀ ਤ੍ਰਿਸ਼ੰਕੂ, ਉਹ ਸੀ ਵਿਸ਼ਵਾਮਿੱਤਰ ਦਾ ਸੇਵਕ। ਉਸ ਨੇ ਕਿਹਾ, ਪਿਤਾ ਤਾਂ ਮੈਨੂੰ ਮੰਨਦਾ ਹੈ ਤੇ ਚਲਿਆ ਗਿਆ ਵਸ਼ਿਸ਼ਟ ਜੀ ਕੋਲ। ਆਪਸ ਵਿਚ ਈਰਖਾ ਸਾਧੂ ਸੰਤਾਂ ਨੂੰ ਵੀ ਹੋ ਜਾਇਆ ਕਰਦੀ ਹੈ, ਕੋਈ ਇਕ ਅੱਧਾ ਹੀ ਬਰੀ ਹੁੰਦਾ ਹੈ ਸੰਸਾਰ ਵਿਚ ਜਿਹੜਾ ਇਨ੍ਹਾਂ ਗੱਲਾਂ ਤੋਂ ਉਪਰ ਹੋਵੇ, ਨਹੀਂ ਤਾਂ ਸੰਸਾਰ ਇਨ੍ਹਾਂ ਗੱਲਾਂ ਵਿਚ ਫਸਿਆ ਪਿਆ ਹੈ ਕਿਉਂਕਿ ਮਾਇਆ ਖਹਿੜਾ ਨਹੀਂ ਛੱਡਦੀ। ਮਾਇਆ ਦੇ ਹੱਥ ਬਹੁਤ ਲੰਮੇ ਨੇ, ਇਹ ਦੂਰ ਤੱਕ ਜਾਂਦੀ ਹੈ। ਅਕਾਸ਼ ਲੋਕ ਤੱਕ ਮਾਇਆ ਜਾਂਦੀ ਹੈ, ਅਕਾਸ਼ ਕਹਿੰਦੇ ਨੇ ਸਵਰਗਾਂ ਨੂੰ। 'ਵਿਸ਼ਨੂੰ ਲੋਕ' ਤੱਕ ਪਹੁੰਚਦੀ ਹੈ ਜਿਸ ਨੂੰ 'ਬੈਕੁੰਠ ਧਾਮ' ਕਹਿੰਦੇ ਨੇ। ਉਸ ਦੇ ਉਪਰਲੇ ਪਾਸੇ ਜਿਥੋਂ 'ਸੱਚ ਖੰਡ' ਸ਼ੁਰੂ ਹੁੰਦਾ ਹੈ ਉਥੇ ਮਾਇਆ ਦਾ ਵੱਸ ਨਹੀਂ ਚਲਦਾ, ਨਾ ਕਾਲ ਦਾ ਵਸ ਚਲਦਾ ਹੈ।

ਸੋ ਇਸ ਤਰ੍ਹਾਂ ਵਿਸ਼ਵਾਮਿੱਤਰ ਦੇ ਮਨ ਵਿਚ ਈਰਖਾ ਹੈ। ਇੰਦਰ ਨੂੰ ਜਦੋਂ ਮਿਲਿਆ ਤਾਂ ਉਥੇ ਹਰੀ ਚੰਦ ਦੀ ਗੱਲ ਚੱਲੀ। ਕਹਿਣ ਲੱਗੇ ਕਿ ਮਹਾਰਾਜ! ਐਸੀ ਬਾਤ ਸੁਣੀ ਹੈ ਕਿ ਹਰੀ ਚੰਦ ਸਤਿਵਾਦੀ ਹੈ ਤੇ ਵਿਸ਼ਵਾਮਿਤਰ ਨੇ ਵੀ ਕਿਹਾ ਕਿ ਹਾਂ! ਸਤਿਵਾਦੀ ਹੈ। ਉਹ ਕਹਿੰਦਾ, ਹੋ ਹੀ ਨਹੀਂ ਸਕਦਾ ਕਿ ਮਨੁੱਖ ਹੋ ਕੇ ਫੇਰ ਸਤਿਵਾਦੀ ਹੋਵੇ। ਮੈਂ ਨਹੀਂ ਮੰਨਦਾ ਏਸ ਗੱਲ ਨੂੰ, ਇਹ ਗੱਲ ਹੋ ਨਹੀਂ ਸਕਦੀ। ਸਤਿਵਾਦੀ ਓਨਾਂ ਚਿਰ ਹੀ ਹੈ ਜਿੰਨਾਂ ਚਿਰ ਪ੍ਰੀਖਿਆ ਨਹੀਂ ਹੋਈ। ਜੇ ਪ੍ਰੀਖਿਆ 'ਚ ਪੈ ਜਾਵੇ, ਫੇਰ ਸਤਿਵਾਦੀ ਨਹੀਂ ਰਹਿੰਦਾ। ਦੋਹਾਂ ਨੇ ਸਲਾਹ ਕਰ ਲਈ ਕਿ ਚਲੋ ਪ੍ਰੀਖਿਆ ਲੈਂਦੇ ਹਾਂ ਓਸ ਦੀ।

ਹਰੀ ਚੰਦ ਦਾਨ ਕਰਦਾ ਸੀ ਹਰ ਰੋਜ਼। ਸੋ ਵਿਸ਼ਵਾਮਿਤਰ ਬ੍ਰਾਹਮਣ ਬਣ ਕੇ ਸਭ ਤੋਂ ਪਹਿਲਾਂ ਆ ਗਿਆ। ਆ ਕੇ ਦਰਵਾਜ਼ੇ ਤੇ ਖੜ੍ਹਾ ਹੋ ਗਿਆ। ਹਰੀ ਚੰਦ ਬਾਹਰ ਆਇਆ, ਚਰਨਾਂ ਤੇ ਨਮਸ਼ਕਾਰ ਕੀਤੀ ਤੇ ਕਿਹਾ, "ਬ੍ਰਾਹਮਣ ਦੇਵਤਾ! ਕਿਸ ਤਰ੍ਹਾਂ ਨਾਲ ਆਏ ਹੋ?" ਬੜੀ ਸੇਵਾ ਕੀਤੀ, ਚਰਨ ਧੋਤੇ, ਚਰਨਾਮ੍ਰਿਤ ਲਿਆ। ਉਸ ਤੋਂ ਬਾਅਦ ਫੇਰ ਬੇਨਤੀ ਕਰੀ ਕਿ ਮਹਾਰਾਜ! ਮੈਨੂੰ ਦਸੋ, ਕੀ ਹੁਕਮ ਹੈ ਆਪ ਦਾ।

ਕਹਿੰਦਾ, "ਰਾਜਨ! ਹੁਕਮ ਤਾਂ ਕੋਈ ਨਹੀਂ ਹੈ, ਬਸ ਸਾਡਾ ਜੀਅ ਕਰਦਾ ਹੈ ਕਿ ਚਾਰ ਕੁ ਮਹੀਨੇ ਤੇਰੀ ਗੱਦੀ ਤੇ ਬੈਠ ਕੇ ਦੇਖ ਲਈਏ ਕਿਉਂਕਿ ਕਈ ਵਾਰੀ ਸਾਡੇ ਮਨ ਵਿਚ ਫੁਰਨਾ ਆ ਜਾਂਦਾ ਹੈ ਕਿ ਰਾਜੇ ਪਤਾ ਨਹੀਂ ਕਿਵੇਂ ਰਾਜ ਕਰਦੇ ਨੇ। ਕਿੰਨਾ-ਕੁ ਸੁਖ ਹੁੰਦਾ ਹੈ। ਤੇ ਸਾਨੂੰ ਚਾਰ ਮਹੀਨੇ ਵਾਸਤੇ ਰਾਜ ਦੇ ਦੇ।"

ਉਹ ਕਹਿੰਦਾ, "ਠੀਕ ਹੈ ਮਹਾਰਾਜ! ਰਾਜ ਦਿੱਤਾ ਤੁਹਾਨੂੰ। ਜਿੰਨਾ ਚਿਰ ਤੁਹਾਡਾ ਜੀਅ ਕਰਦਾ ਹੈ ਰਾਜ ਕਰੋ। ਜਦੋਂ ਤੁਹਾਡਾ ਜੀਅ ਭਰ ਗਿਆ ਤਾਂ ਦੇ ਦਿਓ, ਨਹੀਂ ਭਰਿਆ ਤਾਂ ਨਾ ਦਿਓ। ਤੁਹਾਡੀ ਮਰਜੀ ਹੈ।" ਹੁਣ ਬਚਨ ਕਰ ਦਿੱਤਾ। ਰਾਜ ਲੈ ਲਿਆ, ਕਹਿੰਦੇ, "ਰਾਜਨ! ਤੈਨੂੰ ਪਤਾ ਹੈ ਜਿਹੜਾ ਦਾਨ ਦਿੰਦਾ ਹੈ, ਨਾਲ ਦਛਣਾ ਵੀ ਦਿਆ ਕਰਦਾ ਹੈ?"

ਕਹਿੰਦਾ, "ਹਾਂ ਮਹਾਰਾਜ! ਮੈਨੂੰ ਪਤਾ ਹੈ।"

ਕਹਿੰਦਾ, "ਫੇਰ ਦਛਣਾ ਇਕ ਹਜ਼ਾਰ ਮੋਹਰ ਦੇਹ।"

ਉਸੇ ਵਕਤ ਖਜ਼ਾਨਚੀ ਨੂੰ ਹੁਕਮ ਕਰ ਦਿੱਤਾ ਕਿ ਇਕ ਹਜ਼ਾਰ ਮੋਹਰ ਦੱਛਣਾ ਦੀ ਦੇ ਦਿਓ।

ਉਸੇ ਵੇਲੇ ਉਹ ਬ੍ਰਾਹਮਣ ਨਾਰਾਜ਼ ਹੋ ਗਿਆ।

ਕਹਿਣ ਲੱਗਿਆ, ਤੂੰ ਤਾਂ ਬੜਾ ਮੂਰਖ ਬਾਦਸ਼ਾਹ ਹੈਂ, ਤੇਰੇ ਬਾਰੇ ਤਾਂ ਸੁਣਿਆ ਸੀ ਕਿ ਤੂੰ ਸਤਿਵਾਦੀ ਹੈਂ ਪਰ ਤੂੰ ਤਾਂ ਝੂਠਵਾਦੀ ਹੈਂ। ਤੂੰ ਮੈਨੂੰ ਰਾਜ ਦਿੱਤਾ ਹੈ ਜਾਂ ਨਹੀਂ?"

ਕਹਿੰਦਾ, "ਹਾਂ ਮਹਾਰਾਜ! ਦਿੱਤਾ ਹੈ।"

ਕਹਿੰਦਾ, "ਫੇਰ ਤੇਰਾ ਹੁਣ ਕੀ ਰਹਿ ਗਿਆ? ਕੀ ਇਹ ਖਜ਼ਾਨੇ ਤੇਰੇ ਨੇ, ਕੱਪੜੇ ਤੇਰੇ ਨੇ? ਜਿਸ ਕੱਪੜੇ ਵਿਚ ਖੜ੍ਹਾ ਹੈਂ, ਇਹੀ ਤੇਰਾ ਹੈ ਤੇ ਹੁਣ ਤੂੰ ਮੈਨੂੰ ਦੱਛਣਾ ਦੇਹ - ਇਕ ਹਜ਼ਾਰ ਮੋਹਰ, ਤੇ ਨਹੀਂ ਤਾਂ ਤੂੰ ਝੂਠਾ ਹੈਂ ਤੇ ਮੈਂ ਤੇਰੀ ਨਿੰਦਿਆ ਕਰਾਂਗਾ ਕਿ ਇਹ ਬਿਲਕੁਲ ਢੌਂਗ ਹੈ, ਸਤਿਵਾਦੀ ਨਹੀਂ ਹੈ।"

ਉਸ ਵੇਲੇ ਹਰੀ ਚੰਦ ਕਹਿੰਦਾ, "ਮਹਾਰਾਜ! ਤੁਸੀਂ ਨਰਾਜ਼ ਨਾ ਹੋਵੋ, ਮੈਥੋਂ ਭੁੱਲ ਹੋ ਗਈ, ਇਸ ਕਰਕੇ ਮੇਰੇ ਮੂੰਹ ਵਿਚੋਂ ਇਹ ਬਚਨ ਨਿਕਲ ਗਿਆ, ਸੋ ਮੈਨੂੰ ਤੁਸੀਂ ਮਾਫ ਕਰੋ। ਮੈਂ ਇਕ ਮਹੀਨੇ ਦੇ ਅੰਦਰ ਅੰਦਰ ਤੁਹਾਨੂੰ ਦੱਛਣਾ ਦੇ ਦਿਆਂਗਾ।"

ਕਹਿੰਦੇ, "ਦੇਖ! ਕਿਸੇ ਤੋਂ ਮੰਗਣਾ ਨਹੀਂ, ਕਿਸੇ ਤੋਂ ਮਦਦ ਨਹੀਂ ਲੈਣੀ ਆਪਣੇ ਰਾਜ ਵਿਚ ਕਿਉਂਕਿ ਇਹ ਰਾਜ ਸਾਰਾ ਹੁਣ ਮੇਰੇ ਕੋਲ ਆ ਗਿਆ ਤੇ ਤੂੰ ਐਨੀ ਦੇਰ ਦੇ ਅੰਦਰ ਅੰਦਰ ਏਸ ਰਾਜ ਤੋਂ ਬਾਹਰ ਹੋ ਜਾ।"

ਉਸ ਵੇਲੇ ਹਰੀ ਚੰਦ ਨੇ ਰਾਣੀ ਨੂੰ ਤੇ ਰਾਜਕੁਮਾਰ ਨੂੰ ਨਾਲ ਲਿਆ ਤੇ ਤੁਰਿਆ ਜਾਂਦਾ ਹੈ ਕਾਸ਼ੀ ਵੱਲ ਨੂੰ। ਰਸਤੇ ਵਿਚ ਕੋਈ ਰੋਟੀ ਪਾਣੀ ਨਹੀਂ ਦਿੰਦਾ ਕਿਉਂਕਿ ਵਿਸ਼ਵਾਮਿੱਤਰ ਦਾ ਹੁਕਮ ਹੈ ਕਿ ਕੁਝ ਨਹੀਂ ਦੇਣਾ। ਸੋ ਕਿਤੋਂ ਪ੍ਰਸ਼ਾਦਾ ਨਹੀਂ ਛਕਦਾ, ਕਿਤੇ ਪਾਣੀ ਪੀਣ ਨੂੰ ਨਹੀਂ ਮਿਲਦਾ। ਭੁੱਖੇ-ਪਿਆਸੇ ਤਿੰਨੇ ਜਣੇ ਤੁਰੇ ਜਾ ਰਹੇ ਨੇ, ਤੁਰਦੇ-ਤੁਰਦੇ ਪੈਰਾਂ ਵਿਚ ਛਾਲੇ ਪੈ ਗਏ। ਕਿੰਨੇ ਦਿਨ ਭੁੱਖੇ ਤੁਰੇ ਜਾਂਦਿਆਂ ਨੂੰ ਹੋ ਗਏ ਕਿਉਂਕਿ ਰਾਜ ਖੁਸ ਜਾਣ ਕਰਕੇ ਸਾਰੇ ਹੱਕ ਜਾਂਦੇ ਰਹੇ। ਚਲਦੇ-ਚਲਦੇ ਅਗਲੇ ਰਾਜ ਵਿਚ ਚਲੇ ਗਏ। ਤੁਰਦੇ-ਤੁਰਦੇ ਜੰਗਲ ਵਿਚ ਕੋਈ ਫਲ ਵਗੈਰਾ ਮਿਲ ਗਿਆ ਤਾਂ ਖਾ ਲਿਆ, ਕੁਝ ਪੱਤੇ ਖਾ ਲਏ ਤੇ ਕਾਸ਼ੀ ਵਿਚ ਪਹੁੰਚ ਜਾਂਦੇ ਨੇ। ਉਥੇ ਪਹੁੰਚੇ ਤਾਂ ਇਹ ਫੇਰ ਮਿਲ ਗਿਆ। ਕਹਿੰਦਾ, "ਕਿੰਨੇ ਦਿਨ ਲੰਘ ਗਏ? ਪੰਦਰਾਂ ਦਿਨ ਲੰਘ ਚੁੱਕੇ ਨੇ, ਸਿਰਫ ਪੰਦਰਾਂ ਦਿਨ ਰਹਿੰਦੇ ਨੇ ਮੇਰੀ ਦੱਛਣਾ ਦੇ, ਤੇ ਨਹੀਂ ਤਾਂ ਮੈਂ ਤੇਰੀ ਨਿੰਦਾ ਕਰਾਂਗਾ, ਤੇਰਾ ਦਾਨ ਤੈਨੂੰ ਮੋੜ ਦਿਆਂਗਾ ਤੇ ਤੈਨੂੰ ਦੋਸ਼ ਲੱਗੇਗਾ।"

ਉਸ ਵੇਲੇ ਹਰੀ ਚੰਦ ਕਹਿਣ ਲੱਗਿਆ, "ਮਹਾਰਾਜ! ਤੁਸੀਂ ਕ੍ਰੋਧ ਨਾ ਕਰੋ, ਬਹੁਤ ਜਲਦੀ ਮੈਂ ਤੁਹਾਡੀ ਦੱਛਣਾ ਦੇ ਦਿਆਂਗਾ।"

ਐਨਾ ਕਹਿ ਕੇ ਤਿੰਨੇ ਜਣੇ ਅੱਗੇ ਤੁਰ ਪਏ, ਗਲੀ-ਗਲੀ ਤੁਰੇ ਜਾਂਦੇ ਨੇ, ਹੋਕਾ ਦਿੰਦੇ ਨੇ ਕਿ ਅਸੀਂ ਤਿੰਨੇ ਵਿਕਾਊ ਹਾਂ ਕੋਈ ਲੈ ਲਓ ਸਾਨੂੰ, ਮੁੱਲ ਲੈ ਲਓ ਸਾਨੂੰ। ਲੋਕ ਹੈਰਾਨ ਹੁੰਦੇ ਨੇ ਕਿ ਕਿਸੇ ਦੇਸ਼ ਦਾ ਰਾਜਾ ਲਗਦਾ ਹੈ, ਚਿਹਰਾ-ਮੋਹਰਾ ਕੀ ਸੋਹਣਾ ਹੈ ਤੇ ਉਹ ਰਾਣੀ ਲਗਦੀ ਹੈ, ਉਹ ਰਾਜ ਕੁਮਾਰ ਲਗਦਾ ਹੈ। ਕੀ ਬਿਪਤਾ ਪੈ ਗਈ ਇਨ੍ਹਾਂ ਨੂੰ ਜਿਹੜੇ ਆਪਣੇ ਆਪ ਨੂੰ ਇਸ ਤਰ੍ਹਾਂ ਵੇਚ ਰਹੇ ਨੇ? ਸਾਰਾ ਦਿਨ ਗਲੀਆਂ ਵਿਚ ਘੁੰਮਦੇ ਰਹੇ, ਕੋਈ ਗਾਹਕ ਨਾ ਆਇਆ। ਰਾਤ ਹੋ ਗਈ ਧਰਤੀ ਤੇ ਥਾਂ ਸਾਫ ਕਰਿਆ ਤੇ ਉਥੇ ਪੈ ਗਏ। ਰਾਣੀ ਬੈਠੀ ਹੈ, ਨੀਂਦ ਨਹੀਂ ਆਉਂਦੀ।

ਕਹਿੰਦੀ, "ਮਹਾਰਾਜ! ਕੀ ਬਣੇਗਾ?"

ਕਹਿੰਦਾ, "ਕੀ ਬਣਨਾ ਹੈ, ਡੋਲੋ ਨਾ, ਆਪਣੀ ਪ੍ਰੀਖਿਆ ਹੋ ਰਹੀ ਹੈ ਤੇ ਗੱਲ ਓਹੀ ਹੁੰਦੀ ਹੈ

ਜਿਹੜੀ ਪ੍ਰਮੇਸ਼ਰ ਨੂੰ ਭਾਉਂਦੀ ਹੈ।"

*ਧਾਰਨਾ - ਓਹੀਓ ਗੱਲ ਚੰਗੀ ਹੈ, ਭਾਉਂਦੀ ਜੋ ਤੈਨੂੰ ਮਾਲਕਾ -2, 2.*
*ਭਾਉਂਦੀ ਜੋ ਤੈਨੂੰ ਮਾਲਕਾ -2, 2.*
*ਓਹੀਓ ਗੱਲ ਚੰਗੀ ਹੈ,................ -2.*

ਜ਼ਿੰਦਗੀ ਦੇ ਅੰਦਰ ਬੇਅੰਤ ਘਟਨਾਵਾਂ ਵਾਪਰਦੀਆਂ ਨੇ ਪਰ ਕੋਈ ਵਿਰਲਾ-ਵਿਰਲਾ ਹੈ ਜਿਸਦੇ ਮਨ ਵਿਚ ਇਹ ਹੋਵੇ ਕਿ ਓਹੀ ਗੱਲ ਚੰਗੀ ਹੈ ਜਿਹੜੀ ਮਾਲਕ ਨੂੰ ਭਾਉਂਦੀ ਹੈ, ਉਹ ਮੇਰੇ ਹਿਤ ਦੀ ਹੀ ਗੱਲ ਹੋ ਰਹੀ ਹੈ।

*ਸੁਖੁ ਦੂਖੁ ਤੇਰੀ ਆਗਿਆ ਪਿਆਰੇ ਦੂਜੀ ਨਾਹੀ ਜਾਇ॥*
*ਜੋ ਤੂੰ ਕਰਾਵਹਿ ਸੋ ਕਰੀ ਪਿਆਰੇ ਅਵਰੁ ਕਿਛੁ ਕਰਣੁ ਨ ਜਾਇ॥*
*ਪੰਨਾ - 432*

ਥਲਾਂ ਦੇ ਉਪਰੋਂ ਦਰਿਆ ਵਹਿੰਦੇ ਨੇ, ਕਮਲ ਦਾ ਫੁਲ ਆਕਾਸ਼ ਵਿਚ ਖਿੜ ਸਕਦਾ ਹੈ।

*ਭਾਣੈ ਥਲ ਸਿਰਿ ਸਰੁ ਵਹੈ ਕਮਲੁ ਫੁਲੈ ਆਕਾਸਿ ਜੀਉ॥*
*ਭਾਣੈ ਭਵਜਲੁ ਲੰਘੀਐ ਭਾਣੈ ਮੰਝਿ ਭਰੀਆਸਿ ਜੀਉ॥*
*ਪੰਨਾ - 762*

ਸੋ ਮਹਾਰਾਜ ਜੀ ਕਹਿੰਦੇ -

*ਜੋ ਤੁਧੁ ਭਾਵੈ ਸਾਈ ਭਲੀ ਕਾਰ॥*
*ਤੂ ਸਦਾ ਸਲਾਮਤਿ ਨਿਰੰਕਾਰ॥* *ਪੰਨਾ - 5*

ਕਹਿਣ ਲੱਗੇ, "ਇਹ ਗੱਲ ਚੰਗੀ ਹੀ ਹੈ, ਡੋਲਣਾ ਨਹੀਂ ਚਾਹੀਦਾ ਸਾਨੂੰ।"

ਗੁਰੂ ਗ੍ਰੰਥ ਸਾਹਿਬ ਵਿਚ ਏਸ ਰਾਜੇ ਦਾ ਜ਼ਿਕਰ ਆਇਆ ਹੈ, ਬੜੇ ਪਿਆਰ ਨਾਲ ਲਿਖਿਆ ਹੈ -

*ਤਿਨਿ ਹਰੀਚੰਦਿ ਪ੍ਰਿਥਮੀ ਪਤਿ ਰਾਜੈ ਕਾਗਦਿ ਕੀਮ ਨ ਪਾਈ॥*
*ਪੰਨਾ - 1344*

ਕਹਿੰਦੇ, ਐਨੇ ਪੁੰਨ ਕਰੇ ਕਿ ਕਾਗਜ਼ਾਂ ਤੇ ਲਿਖੇ ਨਹੀਂ ਜਾਂਦੇ, ਕੀਮਤ ਨਹੀਂ ਪੈਂਦੀ। ਬਹੁਤ ਮਹਿਮਾ ਵਧ ਗਈ -

*ਅਉਗਣੁ ਜਾਣੈ ਤ ਪੁੰਨ ਕਰੇ ਕਿਉ ਕਿਉ ਨੇਖਾਸਿ ਬਿਕਾਈ॥*
*ਪੰਨਾ - 1344*

ਜੇ ਇਸ ਦੇ ਵਿਚ ਔਗੁਣ ਹੁੰਦੇ ਤਾਂ ਪੁੰਨ ਕਿਉਂ ਕਰਦਾ ਉਹ ਕਿਉਂ ਜਾ ਕੇ ਵਿਕਦਾ? ਏਸ ਤਰ੍ਹਾਂ ਪੜ੍ਹੋ ਪਿਆਰ ਨਾਲ-

*ਧਾਰਨਾ - ਹਰੀ ਚੰਦ ਦੇ ਪੁੰਨਾਂ ਦੀ ਮਹਿਮਾ ਬਹੁਤੀ,*
*ਪੁੰਨ ਕਰਦਾ ਆਪ ਵਿਕਿਆ -2, 2.*
*ਮੇਰੇ ਪਿਆਰੇ, ਪੁੰਨ ਕਰਦਾ ਆਪ ਵਿਕਿਆ -2, 2.*
*ਹਰੀ ਚੰਦ ਦੇ ਪੁੰਨਾਂ ਦੀ ਮਹਿਮਾ ਬਹੁਤੀ -2.*

*ਤਿਨਿ ਹਰੀਚੰਦਿ ਪ੍ਰਿਥਮੀ ਪਤਿ ਰਾਜੈ ਕਾਗਦਿ ਕੀਮ ਨ ਪਾਈ॥*
*ਪੰਨਾ - 1344*

ਬੜੇ ਵੱਡੇ ਰਾਜ ਦਾ ਮਾਲਕ ਸੀ। ਐਨੇ ਪੁੰਨ ਕਰੇ, ਜੇ ਕਾਗਜ਼ਾਂ ਤੇ ਲਿਖੀਏ ਤਾਂ ਕਹਿੰਦੇ ਕੀਮਤ ਨਹੀਂ ਪੈਂਦੀ -

*ਅਉਗਣੁ ਜਾਣੈ ਤ ਪੁੰਨ ਕਰੇ ਕਿਉ ਕਿਉ ਨੇਖਾਸਿ ਬਿਕਾਈ॥*
*ਪੰਨਾ - 1344*

ਕਿਉਂ ਜਾ ਕੇ ਮੰਡੀ ਵਿਚ ਵਿਕਦਾ ਕਿਉਂਕਿ ਮਹਾਰਾਜ ਜੀ ਦਾ ਫੁਰਮਾਨ ਹੈ ਕਿ -

*ਪੁੰਨ ਦਾਨ ਕਾ ਕਰੇ ਸਰੀਰੁ॥ ਸੋ ਗਿਰਹੀ ਗੰਗਾ ਕਾ ਨੀਰੁ॥*
*ਪੰਨਾ - 952*

ਜਿਹੜਾ ਸਰੀਰ ਨੂੰ ਹੀ ਪੁੰਨ ਦਾਨ ਤੇ ਲਾ ਦੇਵੇ, ਉਹ ਅਸਲੀ ਗ੍ਰਹਿਸਤੀ ਹੋਇਆ ਕਰਦਾ ਹੈ। ਸੋ ਆਪ ਬੋਲੀ ਦਿੰਦੇ ਫਿਰਦੇ ਨੇ, ਕੋਈ ਨਹੀਂ ਲੈ ਰਿਹਾ। ਮੰਡੀ ਵਿਚ ਚਲੇ ਗਏ। ਉਥੇ ਫੱਟਾ ਹੁੰਦਾ ਹੈ। ਪਿਛਲੇ ਜ਼ਮਾਨੇ ਵਿਚ ਰਿਵਾਜ਼ ਸੀ, ਜਦੋਂ ਗੁਲਾਮ ਬਣਾ ਕੇ ਵੇਚਿਆ ਕਰਦੇ ਸੀ ਤਾਂ ਫੱਟੇ ਤੇ ਖੜ੍ਹਾ ਕਰਕੇ ਬੋਲੀ ਲਾਉਂਦੇ ਸਨ। ਇਕ ਢੋਲ ਵਾਲਾ ਢੋਲ ਵਜਾਈ ਜਾਂਦਾ ਸੀ ਤੇ ਬੇਅੰਤ ਭੀੜ ਇਕੱਠੀ ਹੋ ਜਾਂਦੀ ਸੀ ਕਿ ਅੱਜ ਬਜ਼ਾਰ ਲੱਗਿਆ ਹੋਇਆ ਹੈ ਬੰਦੇ ਵਿਕਣ ਦਾ। ਗੁਰੂ ਨਾਨਕ ਪਾਤਿਸ਼ਾਹ ਵੀ ਵਿਕੇ ਸੀ ਜਾ ਕੇ, ਯੂ.ਪੀ. ਦੇ ਅੰਦਰ ਜਿਥੇ ਕੁ ਸਾਡੇ ਫਾਰਮ ਨੇ, ਉਥੇ ਕੁ ਵਿਕੇ ਸੀ। ਗੁਰਦੁਆਰਾ ਬਣ ਗਿਆ ਉਸ ਥਾਂ ਤੇ ਬਹੁਤ ਵੱਡਾ ਅੱਜ ਕੱਲ੍ਹ। ਸੋ ਫੱਟੇ ਤੇ ਖੜ੍ਹੇ ਕਰ ਦਿੱਤਾ - ਘਰ ਵਾਲੀ ਨੂੰ ਤੇ ਬੱਚੇ ਨੂੰ। ਆਪ ਬੋਲੀ ਦੇ ਰਿਹਾ ਹੈ ਕਿ ਕੋਈ ਬੰਦਾ ਖਰੀਦਾਰ ਹੋਵੇ ਤਾਂ 500 ਮੋਹਰ ਵਿਚ ਵਿਕਦੇ ਨੇ। ਉਸ ਵੇਲੇ ਇਕ ਪੰਡਤ ਆਇਆ, ਉਸ ਨੇ ਵਿਚਾਰਿਆ, ਨਾਲ ਉਸ ਦੇ ਬਹੁਤ ਸਾਰੇ ਸ਼ਗਿਰਦ ਨੇ। ਕਹਿੰਦਾ, ਕੋਈ ਬਿਪਤਾ ਦਾ ਮਾਰਿਆ ਹੋਇਆ ਹੈ ਪਰ ਚਿਹਨ ਚੱਕਰ ਤੋਂ ਲਗਦਾ ਹੈ ਕਿ ਕੋਈ ਵੱਡਾ ਆਦਮੀ ਹੈ, ਕੋਈ ਘਾਟਾ ਪੈ ਗਿਆ ਜਾਂ ਕੋਈ ਬਾਤ ਹੋ ਗਈ।

ਉਸ ਨੇ ਪੁਛਿਆ, "ਪ੍ਰੇਮੀਓ! ਕਿਉਂ ਵਿਕਦੇ ਹੋ ਤੁਸੀਂ? ਤੁਹਾਨੂੰ ਕੋਈ ਖਾਸ ਤਕਲੀਫ ਹੈ?"

ਕਹਿੰਦੇ, "ਹਾਂ! ਅਸੀਂ ਕੁਝ ਕਰਜ਼ਾ ਦੇਣਾ ਹੈ ਕਿਸੇ ਦਾ, 500 ਮੋਹਰ ਇਨ੍ਹਾਂ ਦੀ ਲਗਦੀ ਹੈ।"

ਸੋ ਉਸ ਵੇਲੇ ਉਸ ਪੰਡਤ ਨੇ 500 ਮੋਹਰ ਦੇ ਕੇ ਰਾਣੀ ਤੇ ਬੱਚਾ ਖਰੀਦ ਲਿਆ।

ਰਾਣੀ ਕਹਿਣ ਲੱਗੀ, "ਬ੍ਰਾਹਮਣ ਦੇਵਤਾ! ਮੇਰੀ ਇਕ ਬੇਨਤੀ ਜ਼ਰੂਰ ਪਰਵਾਨ ਕਰ ਲਿਓ। ਇਕ ਤਾਂ ਮੈਂ ਪਰਾਏ ਮਰਦ ਦਾ ਜੂਠਾ ਨਹੀਂ ਖਾਣਾ ਤੇ ਦੂਸਰਾ ਇਹ ਹੈ ਕਿ ਕਿਸੇ ਮਰਦ ਦੀ ਸੇਵਾ ਨਹੀਂ ਕਰਨੀ। ਮੈਂ ਪਤੀ ਬ੍ਰਤਾ ਇਸਤਰੀ ਹਾਂ। ਵਖਤ ਪੈ ਗਿਆ ਸਾਡੇ ਤੇ, ਵਿਕਣਾ ਪੈ ਗਿਆ ਸਾਨੂੰ।"

ਓਧਰੋਂ ਵਿਸ਼ਵਾਮਿੱਤਰ ਆ ਗਿਆ ਤੇ ਕਹਿੰਦਾ, "ਦੱਛਣਾ ਦੇਹ ਮੇਰੀ।"

ਕਹਿੰਦੇ, "ਆਹ 500 ਤਾਂ ਤਿਆਰ ਹੈ, ਬਾਕੀ ਫੇਰ ਲੈ ਜਾਇਓ।"

ਕਹਿੰਦਾ, "ਤੂੰ ਦੇਰ ਲਾਉਂਦਾ ਹੈਂ, ਝੂਠਾ ਹੈਂ, ਤੂੰ ਸਤਿਵਾਦੀ ਨਹੀਂ ਹੈਂ।"

ਬਹੁਤ ਤਾੜਨਾ ਕਰੀ। ਦੋਏ ਹੱਥ ਜੋੜੀ ਖੜ੍ਹੇ ਨੇ ਕਿ ਮੈਨੂੰ ਮੋਹਲਤ ਦਿਓ, ਥੋੜ੍ਹੇ ਦਿਨ ਹੋਰ ਰਹਿੰਦੇ ਨੇ। ਦਸਾਂ ਦਿਨਾਂ ਦੇ ਅੰਦਰ-ਅੰਦਰ ਜ਼ਰੂਰ ਤੁਹਾਡੀ ਦੱਛਣਾ ਮਿਲ ਜਾਏਗੀ। ਦਿਨ ਲੰਘਦੇ ਜਾਂਦੇ ਨੇ, ਇਹ ਰੁਕਾਵਟ ਪਾ ਰਹੇ ਨੇ। ਐਸੀ ਮਾਇਆ ਪਾਉਂਦੇ ਨੇ ਕਿ ਦੁਨੀਆਂ ਆਉਂਦੀ ਹੈ ਪਰ ਕੋਈ ਖਰੀਦਦਾ ਨਹੀਂ। ਹਰੀ ਚੰਦ ਆਪੇ ਹੀ ਖੜ੍ਹਾ ਹੋ ਕੇ ਬੋਲੀ ਦਿੰਦਾ ਹੈ ਕਿ ਮੈਂ ਵਿਕਾਊ ਹਾਂ, ਕੋਈ ਮੈਨੂੰ ਲੈ ਜਾਓ, ਮੈਨੂੰ ਲੈ ਜਾਓ। ਅਖੀਰ ਇਕ ਚੰਡਾਲ ਆਇਆ ਜਿਸ ਦੇ ਪਾਸ ਬਹੁਤ ਸਾਰੇ ਸੂਰ ਸੀ ਤੇ ਨਾਲ ਸਮਸ਼ਾਨ ਭੂਮੀ ਦਾ ਵੀ ਚੌਕੀਦਾਰ ਸੀ, ਨਾਲ ਤੀਸਰਾ ਕੰਮ ਇਹ ਸੀ ਕਿ ਜਿਸ ਨੂੰ ਮੌਤ ਦੰਡ ਮਿਲਦਾ ਤਾਂ ਉਸ ਦਾ ਸਿਰ ਉਤਾਰਨਾ, ਕਤਲ ਕਰਨਾ ਵੀ ਉਸ ਦਾ ਹੀ ਕੰਮ ਹੁੰਦਾ ਸੀ।

ਉਹ ਕਹਿੰਦਾ, "ਓ ਮਨੁੱਖ! ਕਿੰਨੇ ਪੈਸੇ ਵਿਚ ਵਿਕਦਾ ਹੈਂ?"

ਕਹਿੰਦਾ, "ਪੰਜ ਸੌ ਮੋਹਰ ਵਿਚ।"

ਕਹਿੰਦਾ, "ਠੀਕ ਹੈ।" ਵਿਸ਼ਵਾਮਿੱਤਰ ਆ ਗਿਆ। ਪੰਜ ਸੌ ਮੋਹਰ ਫੜਾਈ ਤੇ ਕਹਿੰਦੇ ਲੈ। ਵਿਸ਼ਵਾਮਿੱਤਰ ਇੰਦਰ ਨੂੰ ਮਿਲਿਆ, ਕਹਿੰਦਾ, "ਅਜੇ ਤੱਕ ਤਾਂ ਡੋਲਿਆ ਨਹੀਂ।"

ਉਹ ਕਹਿੰਦਾ, "ਹੋਰ ਕਸਵੱਟੀ ਲਾਓ ਅਜੇ।"

ਵਿਉਂਤ ਬਣਾ ਲਈ, ਥੋੜ੍ਹੇ ਦਿਨ ਲੰਘੇ। ਇਹ ਆਪਣੀ ਡਿਊਟੀ ਦਿੰਦਾ ਹੈ। ਸਾਰਾ ਦਿਨ ਸੂਰ ਚਾਰਦਾ ਹੈ ਫੇਰ ਰਾਤ ਨੂੰ ਜਾ ਕੇ ਸ਼ਮਸਾਨ ਭੂਮੀ ਪਹਿਰਾ ਦਿੰਦਾ ਹੈ ਤੇ ਟੈਕਸ ਲਏ ਬਗੈਰ ਕਿਸੇ ਦਾ ਸਸਕਾਰ ਨਹੀਂ ਹੋਣ ਦਿੰਦਾ ਤੇ ਏਧਰ ਐਸੀ ਕਸਵੱਟੀ ਲੱਗੀ ਕਿ ਇੰਦਰ, ਤੱਛਕ ਨਾਗ ਦਾ ਰੂਪ ਧਾਰ ਕੇ ਆ ਗਿਆ। ਇਕ ਬੱਚਾ ਬਾਗ ਵਿਚ ਖੇਡਦਾ ਹੈ ਤੇ ਜਦੋਂ ਦਰਖਤ ਦੇ ਕੋਲ ਆਇਆ ਤਾਂ ਉਸ ਦੇ ਡੰਗ ਮਾਰਿਆ, ਉਥੇ ਹੀ ਸੁੱਟ ਦਿੱਤਾ। ਰਾਣੀ ਨੂੰ ਪਤਾ ਲੱਗਿਆ ਕਿ ਤੇਰਾ ਪੁੱਤਰ ਤਾਂ ਬਾਗ ਵਿਚ ਮਰਿਆ ਪਿਆ ਹੈ। ਉਹ ਛੁੱਟੀ ਲੈਂਦੀ ਹੈ ਤੇ ਓਧਰ ਪੰਡਤ ਦੀ ਘਰਵਾਲੀ ਬਹੁਤ ਸਖਤ ਹੈ। ਉਹ ਕਹਿੰਦੀ ਦੇਖ, ਇਸ ਮਰੇ ਹੋਏ ਨੂੰ ਮੇਰੇ ਘਰ ਨਾ ਲਿਆਈਂ, ਐਥੋਂ ਹੀ ਬਾਹਰ ਨਿਕਲ ਜਾ। ਪਤਾ ਨਹੀਂ ਤੂੰ ਕਿੱਡੀ ਬਦ-ਕਿਸਮਤ ਹੈਂ, ਮੇਰਾ ਘਰ ਵੀ ਖਰਾਬ ਕਰ ਦਿੱਤਾ; ਮੇਰੇ ਬਾਗ ਵਿਚ ਮੁਰਦਾ! ਮੇਰਾ ਤਾਂ ਬਾਗ ਭ੍ਰਿਸ਼ਟਿਆ ਗਿਆ। ਛੇਤੀ ਨਿਕਲ ਜਾ, ਮੇਰੇ ਘਰ ਵਿਚੋਂ।

ਸੋ ਉਸ ਵੇਲੇ ਇਹ ਵਿਚਾਰੀ ਪੁੱਤਰ ਦੀ ਲਾਸ਼ ਨੂੰ ਚੁੱਕੀ ਲਈ ਜਾਂਦੀ ਹੈ। ਇਸ ਨੂੰ ਕੋਈ ਪਤਾ ਨਹੀਂ ਕਿ ਮੇਰਾ ਪਤੀ ਕਿਥੇ ਹੈ? ਕਿਥੇ ਵਿਕਿਆ ਹੈ? ਕੋਈ ਸੰਪਰਕ ਨਹੀਂ ਹੈ ਆਪਸ ਵਿਚ। ਇਸ ਵੇਲੇ ਸੰਸਾਰ ਵਿਚ ਪ੍ਰਮੇਸ਼ਰ ਤੋਂ ਬਗੈਰ ਇਸ ਦਾ ਹੋਰ ਕੋਈ ਹੈ ਨਹੀਂ। ਅੱਖਾਂ ਵਿਚੋਂ ਜਲ ਜਾ ਰਿਹਾ ਹੈ, ਪੁੱਤਰ ਦਾ ਪਿਆਰ ਹੈ। ਸੋਚਦੀ ਹੈ ਕਿ ਮੈਂ ਕਿਵੇਂ ਸਸਕਾਰ ਕਰਾਂਗੀ। ਚਲਦੀ-ਚਲਦੀ ਸ਼ਮਸ਼ਾਨ ਭੂਮੀ ਵਿਚ ਪਹੁੰਚੀ। ਹੈਰਾਨ ਹੋ ਗਈ ਕਿ ਇਹ ਤਾਂ ਮੇਰਾ ਪਤੀ ਇਥੇ ਹੀ ਪਹਿਰੇ ਤੇ ਲੱਗਿਆ ਹੋਇਆ ਹੈ। ਉਥੇ ਇਕ ਚਿਖਾ ਜਲਦੀ ਹੈ ਤੇ ਇਸ ਨੇ ਖਿਆਲ ਕਰਿਆ ਕਿ ਜਲਦੀ ਚਿਖਾ ਵਿਚ ਹੀ ਮੈਂ ਸਸਕਾਰ ਕਰ ਦੇਵਾਂ। ਜਦੋਂ ਸਸਕਾਰ ਕਰਨ ਲੱਗੀ, ਉਸ ਵੇਲੇ ਉਸ ਨੇ ਕੜਕ ਕੇ ਕਿਹਾ, "ਕੌਣ ਹੈਂ ਤੂੰ ਜੋ ਇਥੇ ਆ ਕੇ ਬਗੈਰ ਟੈਕਸ ਦਿੱਤੇ ਸਸਕਾਰ ਕਰ ਰਹੀ ਹੈਂ?" ਨੇੜੇ ਗਿਆ।

ਉਹ ਕਹਿਣ ਲੱਗੀ, "ਮੈਂ ਤੇਰੀ ਰਾਣੀ ਹਾਂ, ਇਹ ਤੇਰਾ ਪੁੱਤਰ ਹੈ।"

ਉਹ ਕਹਿੰਦਾ, "ਠੀਕ ਹੈ ਮੇਰਾ ਪੁੱਤਰ ਹੈ ਪਰ ਮੈਂ ਇਸ ਵੇਲੇ ਡਿਊਟੀ ਤੇ ਹਾਂ, ਮੇਰਾ ਧਰਮ ਹੈ ਕਿ ਨੌਕਰੀ ਇਮਾਨਦਾਰੀ ਨਾਲ ਕਰਾਂ।"

ਅਸੀਂ ਸੁਣ ਤਾਂ ਲੈਂਦੇ ਹਾਂ ਪਰ ਅਸੀਂ ਤਾਂ ਰਿਸ਼ਵਤਾਂ ਹੀ ਬਹੁਤ ਖਾਂਦੇ ਹਾਂ। ਨੌਕਰੀ ਤਾਂ ਨਹੀਂ ਕਰਦੇ, ਕੁਤਾਹੀ ਕਰਦੇ ਹਾਂ। ਮਾਲਕ ਪੈਸੇ ਦਿੰਦਾ ਹੈ ਪੂਰੇ, ਪਰ ਫੇਰ ਵੀ ਨਹੀਂ ਕੰਮ ਕਰਨਾ। ਇਹ ਵਫਾਦਾਰੀ ਨਹੀਂ ਹੈ।

ਸੋ ਉਹ ਸਮੇਂ ਨਹੀਂ ਸੀ ਐਸੇ, ਉਸ ਵੇਲੇ ਨੌਕਰੀ ਦਾ ਵੀ ਧਰਮ ਹੋਇਆ ਕਰਦਾ ਸੀ। ਉਹ ਕਹਿੰਦਾ, "ਮੇਰਾ ਧਰਮ ਹੈ। ਜੇ ਮੈਂ ਕੁਤਾਹੀ ਕਰਾਂਗਾ ਤਾਂ ਮੇਰਾ ਧਰਮ ਜਾਂਦਾ ਰਹੇਗਾ।"

ਉਹ ਕਹਿੰਦੀ, "ਤੇਰਾ ਪੁੱਤਰ ਹੈ।"

ਕਹਿੰਦਾ, "ਠੀਕ ਹੈ ਮੇਰਾ ਪੁੱਤਰ ਹੈ ਪਰ ਐਸ ਵੇਲੇ ਮੈਂ ਤੇਰਾ ਪਤੀ ਨਹੀਂ ਹਾਂ, ਮੈਂ ਇਸ ਥਾਂ ਦਾ ਰਾਖਾ ਹਾਂ। ਮੈਂ ਆਪਣੀ ਡਿਊਟੀ ਦੇਣੀ ਹੈ। ਜਾਹ! ਕਿਤੋਂ ਪੈਸੇ ਲੈ ਕੇ ਆ, ਤਾਂ ਮੈਂ ਸਸਕਾਰ ਕਰਨ ਦੇਵਾਂਗਾ।"

ਸ਼ਾਮ ਹੋ ਗਈ, ਹੌਲੀ-ਹੌਲੀ ਰਾਤ ਹੋ ਗਈ, ਕਿਤੋਂ ਪੈਸਾ ਨਹੀਂ ਮਿਲਦਾ, ਕੱਫਣ ਨਹੀਂ ਮਿਲਦਾ। ਅੱਧੀ ਸਾੜ੍ਹੀ ਪਾੜ ਕੇ ਉਤੇ ਦੇ ਦਿੱਤੀ। ਬੱਚਾ ਅੱਗੇ ਪਿਆ ਹੈ, ਰੋਈ ਜਾ ਰਹੀ ਹੈ, ਰੋਂਦੀ-

ਰੋਂਦੀ ਦੇ ਹੰਝੂ ਸੁੱਕ ਗਏ। ਹੁਣ ਚੁੱਪ ਕਰੀ ਹੋਈ ਪੱਥਰ ਬਣੀ ਬੈਠੀ ਹੈ। ਐਨੇ ਨੂੰ ਕੁਝ ਚੋਰ ਕੋਲੋਂ ਦੀ ਲੰਘੇ – ਡਾਕਾ ਮਾਰਨ ਵਾਲੇ। ਉਹ ਕਹਿਣ ਲੱਗੇ ਕਿ ਆਹ ਸ਼ਮਸ਼ਾਨ ਦੀ ਦੇਵੀ ਬੈਠੀ ਹੈ। ਚਲੋ ਇਸ ਦੇ ਗਲ ਵਿਚ ਵੀ ਇਕ ਹਾਰ ਪਾ ਚਲੀਏ। ਰਾਜੇ ਦੀ ਚੋਰੀ ਕਰੀ ਸੀ ਤੇ ਰਾਣੀ ਦਾ ਹਾਰ ਉਸ ਦੇ ਗਲ ਵਿਚ ਪਾ ਗਏ। ਉਹ ਤੁਰ ਗਏ, ਇਸ ਨੂੰ ਕੋਈ ਪਤਾ ਨਹੀਂ। ਏਧਰੋਂ ਸਿਪਾਹੀ ਲਭਦੇ ਹੋਏ ਆ ਗਏ। ਅੱਗੇ ਆ ਕੇ ਦੇਖਿਆ ਕਿ ਇਸ ਦੇ ਗਲ ਵਿਚ ਹਾਰ ਪਿਆ ਹੋਇਆ ਹੈ, ਉਨ੍ਹਾਂ ਨੇ ਫੜ ਲਈ। ਉਹ ਬਥੇਰਾ ਦਸਦੀ ਹੈ ਕਿ ਮੇਰਾ ਤਾਂ ਪੁੱਤਰ ਮਰਿਆ ਪਿਆ ਹੈ, ਮੈਨੂੰ ਤਾਂ ਕੋਈ ਪਤਾ ਨਹੀਂ ਕੌਣ ਹਾਰ ਮੇਰੇ ਗੱਲ ਵਿਚ ਪਾ ਗਿਆ, ਮੈਨੂੰ ਤਾਂ ਹੁਣ ਪਤਾ ਲੱਗਿਐ।

ਕਹਿੰਦੇ, "ਨਹੀਂ ਨਹੀਂ, ਤੂੰ ਚੋਰਾਂ ਨਾਲ ਰਲੀ ਹੋਈ ਹੈਂ। ਦੱਸ ਕਿਥੇ ਨੇ?" ਰਾਜੇ ਕੋਲ ਫੜ ਕੇ ਲੈ ਜਾਂਦੇ ਨੇ। ਰਾਜੇ ਨੇ ਕੋਈ ਗੱਲ ਨਹੀਂ ਸੁਣੀ।

ਕਹਿੰਦਾ, "ਇਸ ਨੂੰ ਹੁਣੇ ਕਤਲ ਕਰ ਦਿਓ।"

ਸ਼ਮਸ਼ਾਨ ਭੂਮੀ ਵਿਚ ਫੇਰ ਲੈ ਆਉਂਦੇ ਨੇ। ਹਰੀ ਚੰਦ ਦੀ ਡਿਊਟੀ ਲੱਗ ਗਈ ਕਤਲ ਕਰਨ ਦੀ। ਪਤਾ ਲੱਗ ਗਿਆ ਕਿ ਮੈਂ ਆਪਣੀ ਰਾਣੀ ਦਾ ਸਿਰ ਵੱਢਣਾ ਹੈ। ਇਕ ਪਾਸੇ ਡਿਊਟੀ ਹੈ, ਇਕ ਪਾਸੇ ਪਿਆਰ ਹੈ। ਇਕ ਪਾਸੇ 'ਸਤਿ' ਹੈ, ਇਕ ਪਾਸੇ ਮੋਹ ਹੈ। ਬਹੁਤ ਵੱਡੀ ਕਸਵੱਟੀ ਹੈ ਸਾਧ ਸੰਗਤ ਜੀ!

***ਧਾਰਨਾ – ਲੱਗ ਗਈ ਕਸਵੱਟੀ ਓ, ਸਹਿਣੀ ਹੈ ਬਹੁਤੀ ਔਖੀ –2, 2.***
***ਲੱਗ ਗਈ ਕਸਵੱਟੀ ਓ,........... –2.***

***ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ॥***
***ਰਾਮ ਕਸਉਟੀ ਸੋ ਸਹੈ ਜੋ ਮਰਿ ਜੀਵਾ ਹੋਇ॥ ਪੰਨਾ – 1366***

ਇਕ ਪਾਸੇ ਰਾਜਕੁਮਾਰ ਜਿਸ ਨੂੰ ਲਾਡ ਨਾਲ ਪਾਲਿਆ, ਜਿਸ ਨੂੰ ਦੇਖ-ਦੇਖ ਕੇ ਜੀਊਂਦਾ ਸੀ, ਇਕ ਸਕਿੰਟ ਵਾਸਤੇ ਅੱਖਾਂ ਤੋਂ ਓਹਲੇ ਕਰਨ ਲਈ ਤਿਆਰ ਨਹੀਂ ਸੀ, ਅੱਜ ਕੋਲ ਮਰਿਆ ਪਿਆ ਹੈ, ਸਸਕਾਰ ਦਾ ਕੋਈ ਪ੍ਰਬੰਧ ਨਹੀਂ ਹੋ ਰਿਹਾ। ਇਕ ਪਾਸੇ ਰਾਣੀ ਹੈ ਜੋ ਪਤੀਬ੍ਰਤਾ ਇਸਤਰੀ ਹੈ, ਐਨਾ ਪਿਆਰ ਸੀ ਕਿ ਕੋਈ ਦੁਫੇੜ ਨਹੀਂ ਸੀ ਪਾ ਸਕਦਾ, ਅੱਜ ਉਸ ਦੀ ਗਰਦਨ ਵੱਢਣੀ ਹੈ। ਰਾਜਾ ਆ ਗਿਆ, ਹੋਰ ਲੋਕ ਵੀ ਸਭ ਆ ਗਏ। ਹਰੀ ਚੰਦ ਦਾ ਮਾਲਕ ਸੀ ਜੋ ਕਾਲੂ, ਉਹ ਕਿਤੇ ਬਾਹਰ ਗਿਆ ਹੋਇਆ ਹੈ ਤੇ ਇਹ ਡਿਊਟੀ ਇਸ ਦੇ ਜ਼ੁੰਮੇ ਹੀ ਆ ਗਈ। ਉਸੇ ਤਰ੍ਹਾਂ ਮੈਲੇ ਕੱਪੜਿਆਂ ਵਿਚ ਰਾਣੀ ਨੂੰ ਫੜ ਕੇ ਲੈ ਆਏ। ਉਸ ਨੂੰ ਹੁਣ ਇਕ ਘੜੀ ਵਿਚ ਕਤਲ ਕਰ ਦੇਣਾ ਹੈ।

ਉਹ ਕਹਿੰਦਾ, "ਮਹਾਰਾਣੀ! ਮੈਂ ਇਸ ਵੇਲੇ ਤੇਰਾ ਪਤੀ ਨਹੀਂ ਹਾਂ। ਮੈਂ ਆਪਣੇ ਮਾਲਕ ਦਾ ਗੁਲਾਮ ਹਾਂ ਤੇ 'ਸਤਿ' ਦਾ ਸਵਾਲ ਹੈ। 'ਸਤਿ' ਤੇ ਚਾਹੇ ਸਾਰਿਆਂ ਦੀ ਜਾਨ ਚਲੀ ਜਾਏ ਤਾਂ ਵੀ ਸਤਿ ਕਾਇਮ ਰਹਿਣਾ ਚਾਹੀਦਾ ਹੈ, ਝੂਠ ਨਹੀਂ ਆਉਣਾ ਚਾਹੀਦਾ, ਦਿਖਾਵਾ ਨਹੀਂ ਆਉਣਾ ਚਾਹੀਦਾ।"

ਉਸ ਵੇਲੇ ਰਾਣੀ ਨੂੰ ਲਕੜੀ ਤੇ ਗਰਦਨ ਰੱਖਣ ਲਈ ਕਿਹਾ। ਉਹ ਝੁਕ ਗਈ ਤੇ ਗਰਦਨ ਰੱਖ ਲਈ ਤੇ ਹਰੀਚੰਦ ਨੇ ਪੂਰੇ ਜ਼ੋਰ ਨਾਲ ਮਾਰਨ ਵਾਸਤੇ ਤਲਵਾਰ ਉਲਾਰੀ। ਜਦੋਂ ਤਲਵਾਰ ਕੰਨ ਕੋਲੋਂ ਦੀ ਲੰਘ ਕੇ ਹੇਠਾਂ ਨੂੰ ਆਉਣ ਲੱਗੀ ਤਾਂ ਹੈਰਾਨ ਰਹਿ ਗਿਆ ਕਿ ਕਿਸੇ ਜਬਰਦਸਤ ਹੱਥ ਨੇ ਪਿਛੋਂ ਤਲਵਾਰ ਫੜ ਲਈ, ਚਾਨਣਾ ਹੋ ਗਿਆ, ਸੰਖ ਵੱਜਣੇ ਸ਼ੁਰੂ ਹੋ ਗਏ, ਧੁਨਾਂ ਵੱਜਣ ਲੱਗ ਗਈਆਂ, ਜੈ-ਜੈਕਾਰ ਹੋਣ ਲੱਗ ਗਈ, ਫੁੱਲਾਂ ਦੀ ਵਰਖਾ ਹੋਣ ਲੱਗ ਗਈ। ਕੀ ਦੇਖਿਆ, ਭਗਵਾਨ ਦਰਸ਼ਨ ਦੇ ਰਹੇ ਨੇ। ਰਾਜੇ ਨੂੰ ਵੀ ਪਤਾ ਲੱਗਿਆ ਕਿ ਇਹ ਤਾਂ ਹਰੀਚੰਦ ਰਾਜਾ ਹੈ। ਹੈਰਾਨ ਹੋਇਆ

ਕਿ ਹੈਂ! ਮੇਰੇ ਰਾਜ ਵਿਚ ਆ ਕੇ ਚੰਡਾਲ ਦੇ ਵਿਕਿਆ? ਉਸੇ ਵੇਲੇ ਇੰਦਰ ਤੇ ਵਿਸ਼ਵਾਮਿੱਤਰ ਆ ਗਏ, ਪਛਤਾਏ ਕਿ ਰਾਜਨ! ਅਸੀਂ ਤੈਨੂੰ ਬਹੁਤ ਤੰਗ ਕਰਿਆ, ਸਾਨੂੰ ਤੂੰ ਮਾਫ ਕਰ।

ਸੋ ਗੁਰੂ ਅੰਗਦ ਸਾਹਿਬ ਕਹਿਣ ਲੱਗੇ, "ਸਾਧ ਸੰਗਤ ਜੀ! ਤੁਸੀਂ ਅੱਜ ਹੀ ਗੁਰੂ ਨਾਨਕ ਪਾਤਿਸ਼ਾਹ ਤੋਂ ਦੂਰ ਹੋ ਗਏ - ਐਨੀ-ਕੁ ਗੱਲ ਦੇਖ ਕੇ ਹੀ? ਤੁਸੀਂ ਤਕੜੇ ਹੋਵੋ, ਪੁਰਾਣੇ ਬਜ਼ੁਰਗਾਂ ਦੇ ਇਤਿਹਾਸ ਯਾਦ ਕਰੋ। ਇਹ ਬਾਜੀ ਤਾਂ ਸਿਰ ਧੜ ਦੀ ਹੁੰਦੀ ਹੈ। ਗੁਰੂ ਦਾ ਪਿਆਰ ਆਸਾਨ ਨਹੀਂ ਹੋਇਆ ਕਰਦਾ, ਇਸ ਦੇ ਵਿਚ ਸਭ ਕੁਝ ਕੁਰਬਾਨ ਕਰਨਾ ਪੈਂਦਾ ਹੈ।"

ਇਕ ਰਾਜਾ ਸੀ ਜਿਸ ਦਾ ਸ਼ਿਵੀ ਨਾਂ ਸੀ। ਇਸ ਦੇ ਯੱਗਾਂ ਦੀ ਮਹਿਮਾ ਬਹੁਤ ਵਧ ਗਈ। ਯੱਗ ਸਵਰਗ ਲੋਕਾਂ ਵਿਚ ਪਹੁੰਚਾਉਂਦੇ ਨੇ। ਇੰਦਰ ਦੇ ਮਨ ਵਿਚ ਫੇਰ ਈਰਖਾ ਹੋ ਗਈ। ਉਹ ਕਹਿੰਦਾ ਕਿ ਇਸ ਦਾ ਸਤਿ ਤੋੜਨਾ ਚਾਹੀਦਾ ਹੈ ਕਿਉਂਕਿ ਇਸ ਦੀ ਮਹਿਮਾ ਬਹੁਤ ਵਧ ਰਹੀ ਹੈ। ਉਸ ਵੇਲੇ ਅਗਨ ਦੇਵਤਾ ਤੇ ਧਰਮਰਾਜ ਨੂੰ ਕਿਹਾ ਕਿ ਤੁਸੀਂ ਜਾ ਕੇ ਇਸ ਨੂੰ ਸਤਿ ਤੋਂ ਗਿਰਾਓ। ਉਸ ਵੇਲੇ ਅਗਨ ਦੇਵਤਾ ਬਾਜ ਬਣ ਗਿਆ ਤੇ ਧਰਮ ਰਾਜ ਕਬੂਤਰ ਬਣ ਗਿਆ। ਬਾਜ ਨੇ ਕਬੂਤਰ ਤੇ ਹਮਲਾ ਕਰਿਆ ਤੇ ਕਬੂਤਰ ਜਾ ਕੇ ਰਾਜੇ ਦੀ ਝੋਲੀ ਵਿਚ ਗਿਰ ਗਿਆ। ਰਾਜਾ ਕਹਿਣ ਲੱਗਿਆ, ਮੈਂ ਤੈਨੂੰ ਮਾਰਨਾ ਨਹੀਂ ਸਗੋਂ ਜੀਵਨ ਦਾਨ ਦਿੰਦਾ ਹਾਂ। ਏਨੇ ਨੂੰ ਬਾਜ ਆ ਗਿਆ। ਬਾਜ ਕਹਿੰਦਾ, "ਇਹ ਤਾਂ ਮੇਰੀ ਖ਼ੁਰਾਕ ਹੈ, ਤੂੰ ਇਸ ਨੂੰ ਜੀਵਨ ਦਾਨ ਦਿੰਦਾ ਹੈਂ।"

ਉਹ ਕਹਿੰਦਾ, "ਹੁਣ ਤਾਂ ਮੇਰਾ ਬਚਨ ਹੋ ਗਿਆ, ਤੈਨੂੰ ਮੈਂ ਏਨਾ ਹੀ ਮਾਸ ਹੋਰ ਦੇ ਦਿੰਦਾ ਹਾਂ ਕਿਸੇ ਜਾਨਵਰ ਦਾ।"

ਬਾਜ ਕਹਿੰਦਾ, "ਨਹੀਂ! ਜੇ ਮੈਨੂੰ ਮਾਸ ਦੇਣਾ ਹੈ ਤਾਂ ਆਪਣਾ ਦੇਹ।"

ਤੱਕੜੀ ਦੇ ਇਕ ਪਲੜੇ ਵਿਚ ਕਬੂਤਰ ਪਾ ਲਿਆ, ਦੂਜੇ ਵਿਚ ਰਾਜਾ ਮਾਸ ਕੱਟ ਕੇ ਪਾ ਰਿਹਾ ਹੈ, ਓਹ ਹਿਲਦਾ ਹੀ ਨਹੀਂ, ਪਾਸਕੂ ਵੀ ਨਹੀਂ ਬਣਿਆ। ਕਰਦੇ-ਕਰਦੇ ਇਕ ਲੱਤ ਕੱਟ ਕੇ ਪਾ ਦਿੱਤੀ ਪੂਰੀ, ਫੇਰ ਵੀ ਕੁਝ ਨਾ ਬਣਿਆ; ਬਾਂਹ ਕੱਟ ਦਿੱਤੀ, ਫੇਰ ਵੀ ਕੁਝ ਨਹੀਂ ਬਣਿਆ।

ਬਾਜ ਕਹਿੰਦਾ, "ਇਹ ਮਾਸ ਤਾਂ ਇਸ ਦੇ ਬਰਾਬਰ ਬਣਿਆ ਨਹੀਂ, ਤੂੰ ਪੂਰਾ ਤੋਲ।"

ਅਖੀਰ ਜਦੋਂ ਗਰਦਨ ਵੱਢਣ ਲੱਗਿਆ ਕਿ ਮੈਂ ਆਪਣਾ ਆਪ ਹੀ ਵੱਢ ਦਿਆਂ, ਤੂੰ ਸਾਰਾ ਹੀ ਲੈ ਲੈ, ਉਸੇ ਵੇਲੇ ਭਗਵਾਨ ਦੇ ਦਰਸ਼ਨ ਹੋਏ, ਦੇਵਤਿਆਂ ਦੇ ਦਰਸ਼ਨ ਹੋਏ।

ਸੋ ਗੁਰੂ ਅੰਗਦ ਦੇਵ ਮਹਾਰਾਜ ਜੀ ਕਹਿਣ ਲੱਗੇ, "ਦੇਖੋ! ਕਿੱਡੀਆਂ-ਕਿੱਡੀਆਂ ਕਸਵੱਟੀਆਂ ਵਿਚੋਂ ਲੰਘੇ ਨੇ ਤੇ ਤੁਸੀਂ ਹੁਣੇ ਡੋਲਣਾ ਸ਼ੁਰੂ ਕਰ ਦਿੱਤਾ। ਇਹ ਜੋ ਕਸਵੱਟੀਆਂ ਨੇ, ਇਹ ਕੋਈ ਛੋਟੀ ਚੀਜ਼ ਨਹੀਂ ਹੁੰਦੀ।" ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਸਿਰ ਧੜ ਦੀ ਬਾਜੀ ਲਾ ਕੇ,*
*ਪਿਆਰੇ, ਪ੍ਰੇਮ ਕਮਾਈਦੈ -2, 2.*
*ਪ੍ਰੇਮ ਕਮਾਈਦੈ, ਪਿਆਰੇ ਪ੍ਰੇਮ ਕਮਾਈਦੈ -2, 2.*
*ਸਿਰ ਧੜ ਦੀ ਬਾਜੀ ਲਾ ਕੇ, .. -2.*

*ਜਉ ਤਉ ਪ੍ਰੇਮ ਖੇਲਣ ਕਾ ਚਾਉ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ॥*
*ਇਤੁ ਮਾਰਗਿ ਪੈਰੁ ਧਰੀਜੈ॥*
*ਸਿਰੁ ਦੀਜੈ ਕਾਣਿ ਨ ਕੀਜੈ॥* *ਪੰਨਾ - 1412*

ਸੋ ਕਹਿਣ ਲੱਗੇ, "ਸਾਧ ਸੰਗਤ ਜੀ! ਸਿਰਾਂ ਦੀਆਂ ਬਾਜੀਆਂ ਲਾ ਕੇ ਪਿਆਰ ਪੂਰਾ ਨਿਭਿਆ ਕਰਦਾ ਹੈ। ਤੁਸੀਂ ਤਾਂ ਜਰਾ ਕੁ ਕੁਤਕੇ ਖਾ ਕੇ ਹੀ ਡਰ ਗਏ, ਗੁਰੂ ਸਾਹਿਬ ਦਾ ਸਰੂਪ ਦੇਖ ਕੇ ਹੀ ਡਰ ਗਏ।" ਸਾਧ ਸੰਗਤ ਜੀ! ਕੋਈ ਕੋਈ ਹੋਇਆ ਕਰਦਾ ਹੈ ਜਿਹੜਾ ਇਨ੍ਹਾਂ ਗੱਲਾਂ ਵਿਚੋਂ ਲੰਘ ਸਕਦਾ ਹੈ।

ਇਕ ਰਾਜਾ ਸੀ ਜਿਸ ਦਾ ਨਾਂ ਰੰਤੀ ਦੇਵ ਸੀ, ਰਘੁਵੰਸ਼ ਦਾ ਸੀ ਇਹ। ਸੰਕ੍ਰਿਤੀ ਰਾਜਾ ਸੀ ਜਿਸ ਦਾ ਇਹ ਪੁੱਤਰ ਸੀ। ਇਹ ਬਹੁਤ ਦਾਨੀ ਹੋਇਆ ਹੈ, ਬਹੁਤ ਦਾਨ ਕਰਦਾ ਸੀ। ਦਾਨ ਐਨਾ ਕਰਿਆ ਕਿ ਖਜ਼ਾਨੇ ਵੀ ਖਾਲੀ ਹੋ ਗਏ, ਕਿਸੇ ਨੂੰ ਵਾਪਸ ਨਹੀਂ ਸੀ ਕਰਦੇ। ਕੁਦਰਤੀ ਬਾਰਸ਼ਾਂ ਨਾ ਹੋਈਆਂ, ਕਾਲ ਪੈ ਗਿਆ ਤੇ ਇਹ ਰਾਜ ਛੱਡ ਕੇ ਚਲਿਆ ਗਿਆ। ਕਿਤੇ ਅੰਨ ਖਾਣ ਨੂੰ ਨਾ ਮਿਲੇ, 48 ਦਿਨ ਭੁੱਖੇ ਨੂੰ ਲੰਘ ਗਏ, ਨਾਲ ਰਾਣੀ ਤੇ ਰਾਜਕੁਮਾਰ ਹੈ, ਤਿੰਨੇ ਸਤਿ ਦੀ ਮੂਰਤੀ ਨੇ। ਭੁੱਖੇ ਨੇ ਤਿੰਨੇ ਹੀ, ਪ੍ਰਮੇਸ਼ਰ ਦਾ ਭਜਨ ਕਰੀ ਜਾਂਦੇ ਨੇ ਕਿ ਜੇ ਮਾਲਕ ਭੇਜੇਗਾ ਤਾਂ ਖਾ ਲਵਾਂਗੇ, ਕੋਈ ਗੱਲ ਨਹੀਂ, ਡੋਲੇ ਨਾ।

ਅੱਜ ਇਕ ਨਿਰਜਨ ਜੰਗਲ ਵਿਚ ਬੈਠੇ ਨੇ। ਅਚਾਨਕ ਕੀ ਦੇਖਦੇ ਨੇ, ਅਸਮਾਨ ਦੇ ਉਪਰੋਂ ਤਿੰਨ ਥਾਲ ਉੱਤਰੇ। ਇਕ ਰਾਜੇ ਅੱਗੇ ਆ ਗਿਆ, ਇਕ ਰਾਣੀ ਅੱਗੇ ਆ ਗਿਆ ਤੇ ਇਕ ਰਾਜ ਕੁਮਾਰ ਅੱਗੇ ਆ ਗਿਆ। ਉਸ ਵੇਲੇ ਇਨ੍ਹਾਂ ਨੇ ਨਮਸ਼ਕਾਰ ਕੀਤੀ। ਜੋ ਆਸਤਕ ਬੰਦੇ ਹੁੰਦੇ ਨੇ, ਇਹ ਮੂੰਹ ਵਿਚ ਗ੍ਰਾਹੀ ਪਾਉਣ ਤੋਂ ਪਹਿਲਾਂ, ਜਿਸ ਨੇ ਇਹ ਭੋਜਨ ਭੇਜਿਆ ਹੈ ਉਸ ਨੂੰ ਅਰਪਣ ਕਰਿਆ ਕਰਦੇ ਨੇ। ਅਸੀਂ ਵੀ ਇਸੇ ਤਰ੍ਹਾਂ ਕਰਦੇ ਹਾਂ। ਪ੍ਰਸ਼ਾਦਾ ਛਕਣ ਤੋਂ ਪਹਿਲਾਂ ਅਰਦਾਸ ਹੁੰਦੀ ਹੈ ਅੰਦਰ ਕਿ ਸੱਚੇ ਪਾਤਿਸ਼ਾਹ! ਮੇਰੇ ਵਰਗੇ ਜੀਵ ਨੂੰ ਵੀ ਤੂੰ ਪਾਲ ਰਿਹਾ ਹੈਂ, ਮੇਰੇ ਵਰਗੇ ਅਕ੍ਰਿਤਘਣ ਨੂੰ ਵੀ ਤੂੰ ਰੋਜ਼ੀ ਦੇ ਰਿਹਾ ਹੈਂ। ਪਾਤਿਸ਼ਾਹ! ਇਹ ਤੇਰਾ ਦਿੱਤਾ ਹੈ, ਤੂੰ ਪਰਵਾਨ ਕਰ, ਭੋਗ ਲਾ, ਚਾਹੇ ਦ੍ਰਿਸ਼ਟੀ ਭੋਗ ਲਾ। ਕਹਿੰਦੇ ਜਿਹੜਾ ਇਸ ਤਰ੍ਹਾਂ ਕਰੇ ਤੋਂ ਬਗੈਰ ਪ੍ਰਸ਼ਾਦ ਛਕਦਾ ਹੈ ਉਹ ਪਾਪ ਦਾ ਖਾਂਦਾ ਹੈ। ਹਮੇਸ਼ਾ ਪ੍ਰਸ਼ਾਦਾ ਛਕਣ ਤੋਂ ਪਹਿਲਾਂ ਗੁਰੂ ਨੂੰ ਅਰਪਣ ਕਰਨਾ ਚਾਹੀਦਾ ਹੈ। ਭੋਗ ਲਗਵਾਓ, ਬੇਨਤੀ ਕਰੋ। ਇਥੋਂ ਤੱਕ ਲਿਖਿਆ ਹੈ ਕਿ ਨਹੀਂ ਤਾਂ ਉਹ ਪਾਪ ਦੀ ਕਮਾਈ ਹੁੰਦੀ ਹੈ, ਬਿਸ਼ਟਾ ਦੇ ਸਮਾਨ ਹੁੰਦਾ ਹੈ ਜਿਹੜਾ ਬਿਨਾਂ ਅਰਦਾਸ ਕਰੇ ਛਕ ਲਵੇ ਪ੍ਰਸ਼ਾਦਾ।

ਸੋ ਉਹ ਸ਼ੁਕਰਗੁਜ਼ਾਰ ਹੋਏ। ਨੇਤਰ ਬੰਦ ਹੋ ਗਏ ਤੇਹਾਂ ਦੇ, ਕਿ ਹੇ ਪ੍ਰਭੂ! ਤੂੰ ਐਡਾ ਦਇਆਲੂ ਹੈਂ ਕਿ ਸਾਨੂੰ ਪ੍ਰਸ਼ਾਦੇ ਭੇਜ ਰਿਹਾ ਹੈਂ ਇਸ ਨਿਰਜਨ ਵਣ ਦੇ ਅੰਦਰ। ਜਦੋਂ ਨੇਤਰ ਖੋਲ੍ਹੇ ਤਾਂ ਕੀ ਦੇਖਦੇ ਨੇ, ਸਾਹਮਣੇ ਇਕ ਬ੍ਰਾਹਮਣ ਖੜ੍ਹਾ ਹੈ। ਦੁਹਾਈ ਪਾ ਰਿਹਾ ਹੈ ਕਿ ਰਾਜਨ! ਪ੍ਰਸ਼ਾਦਾ ਇਕੱਲੇ ਹੀ ਛਕ ਰਹੇ ਹੋ, ਮੈਨੂੰ ਵੀ ਛਕਾ ਦਿਓ, ਮੈਂ ਬੜਾ ਭੁੱਖਾ ਹਾਂ, ਮੈਨੂੰ ਜ਼ਰੂਰ ਛਕਾਓ। ਉਸੇ ਵੇਲੇ ਰਾਜੇ ਨੇ ਆਪਣਾ ਥਾਲ ਉਸ ਦੇ ਅੱਗੇ ਕਰ ਦਿੱਤਾ ਕਿ ਲੈ ਪ੍ਰੇਮੀਆਂ! ਅਸੀਂ ਇਨ੍ਹਾਂ ਦੋ ਥਾਲਾਂ ਦੇ ਨਾਲ ਗੁਜ਼ਾਰਾ ਕਰ ਲਵਾਂਗੇ, ਇਹ ਤੂੰ ਛਕ ਲੈ। ਉਹ ਸਾਰਾ ਹੀ ਛਕ ਗਿਆ। ਦੋ ਥਾਲਾਂ ਨੂੰ ਤਿੰਨਾਂ ਹਿਸਿਆਂ ਵਿਚ ਵੰਡ ਕੇ ਛਕਣ ਦਾ ਅਜੇ ਇਰਾਦਾ ਕਰਦੇ ਨੇ, ਅਜੇ ਗ੍ਰਾਹੀ ਮੂੰਹ ਵਿਚ ਨਹੀਂ ਪਾਈ, ਏਨੇ ਨੂੰ ਇਕ ਸ਼ੂਦਰ ਆ ਗਿਆ। ਆ ਕੇ ਦੁਹਾਈ ਪਾਈ ਕਿ ਮੈਂ 7 ਦਿਨਾਂ ਤੋਂ ਭੁੱਖਾ ਹਾਂ, ਮੈਨੂੰ ਕਿਧਰੇ ਅੰਨ ਨਹੀਂ ਮਿਲਿਆ ਖਾਣ ਨੂੰ। ਦੇਖਿਓ! ਮੈਨੂੰ ਨਾਲ ਰਲਾ ਲਓ ਖਾਣ ਨੂੰ। ਉਸੇ ਵੇਲੇ ਰਾਜੇ ਨੇ ਆਪਣਾ ਹਿੱਸਾ ਫੇਰ ਦੇ ਦਿੱਤਾ। ਕਹਿੰਦੇ, ਚਲੋ ਜਿਹੜਾ ਬਾਕੀ ਬਚ ਗਿਆ ਅਸੀਂ ਇਸ ਦੇ ਵਿਚੋਂ ਖਾ ਲਵਾਂਗੇ। ਉਸ ਤੋਂ ਬਾਅਦ ਇਕ ਬੰਦਾ ਫੇਰ ਆਇਆ ਤੇ ਕਹਿੰਦਾ, ਮੈਂ ਤੇ ਮੇਰਾ ਕੁੱਤਾ, ਅਸੀਂ ਕਈ ਦਿਨਾਂ ਦੇ ਭੁੱਖੇ ਹਾਂ ਰਾਜਨ! ਸਾਨੂੰ ਵੀ ਕੁਝ ਦੇਹ। ਉਸ ਨੇ ਰਾਣੀ ਵਾਲਾ ਥਾਲ ਉਸ ਦੇ ਅੱਗੇ ਕਰ ਦਿੱਤਾ। ਉਹ ਉਸ ਨੇ ਖਾ ਲਿਆ ਤੇ ਕਹਿੰਦਾ, ਮੈਂ ਕੁੱਤਿਆਂ ਨੂੰ ਕੀ ਦੇਵਾਂ? ਉਸ ਵੇਲੇ ਰਾਜ ਕੁਮਾਰ ਵਾਲਾ ਥਾਲ ਵੀ ਦੇ ਦਿੱਤਾ ਤੇ ਹੱਥ ਜੋੜ ਲਏ ਤੇ ਕਹਿੰਦੇ, "ਚਲੋ! ਆਪਾਂ ਪਾਣੀ ਪੀ ਲਵਾਂਗੇ।" ਜਦੋਂ ਜਲ ਪੀਣ ਲੱਗੇ, ਉਸੇ ਵੇਲੇ ਇਕ ਬੰਦਾ ਆ ਗਿਆ, ਕਹਿੰਦਾ, "ਪਾਣੀ ਮੈਨੂੰ ਵੀ ਦਿਓ, ਮੈਂ ਬਹੁਤ ਪਿਆਸਾ ਹਾਂ, ਮੇਰੀ ਜਾਨ ਨਿਕਲਦੀ ਜਾਂਦੀ ਹੈ।" ਪਾਣੀ ਵੀ ਦੇ ਦਿੱਤਾ। ਰਾਜਾ ਸ਼ੁਕਰ ਕਰਦਾ ਹੈ,

ਅਰਦਾਸ ਵਿਚ ਖੜ੍ਹਾ ਹੋ ਗਿਆ ਕਿ ਤੂੰ ਕਿੰਨਾ ਦਇਆਲੂ ਹੈਂ ਕਿ ਇਹੋ ਜਿਹੇ ਹਾਲਾਤ ਵਿਚ ਵੀ ਸਾਥੋਂ ਦਾਨ ਕਰਵਾ ਰਿਹਾ ਹੈਂ। ਐਨੀ ਗੱਲ ਕਹਿਣ ਦੀ ਦੇਰ ਸੀ, ਉਸੇ ਵੇਲੇ ਭਗਵਾਨ ਪ੍ਰਗਟ ਹੋ ਗਏ।

ਕਹਿੰਦੇ, "ਜਾਹ ਰਾਜਨ! ਤੇਰੇ ਤੇ ਅਸੀਂ ਬਹੁਤ ਪ੍ਰਸੰਨ ਹਾਂ।" ਸੋ ਐਸਾ ਕੋਈ-ਕੋਈ ਬੰਦਾ ਹੁੰਦਾ ਹੈ, ਏਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਕੋਈ ਵਿਰਲੇ-ਵਿਰਲੇ ਬੰਦੇ,***
***ਸਹਿੰਦੇ ਤਾਓ ਕਸਵੱਟੀ ਦਾ -2, 2.***
***ਸਹਿੰਦੇ ਤਾਓ ਕਸਵੱਟੀ ਦਾ -4, 2.***
***ਕੋਈ ਵਿਰਲੇ ਵਿਰਲੇ ਬੰਦੇ,.......... -2.***

***ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ॥*** ***ਪੰਨਾ - 1411***

ਬਹੁਤ ਘੱਟ ਬੰਦੇ ਨੇ। ਸਾਡਾ ਤਾਂ ਸਾਧ ਸੰਗਤ ਜੀ! ਜੇ ਵਿਚਾਰ ਕਰਨ ਲੱਗੀਏ ਤਾਂ ਕਿਤੇ ਵੀ ਨੰਬਰ ਨਹੀਂ ਆਉਂਦਾ, ਸਿਫਰ ਨੰਬਰ ਆਉਂਦਾ ਹੈ ਸਾਡਾ, ਕਸਵੱਟੀ ਤਾਂ ਇਕ ਪਾਸੇ ਰਹੀ। ਪ੍ਰਮੇਸ਼ਰ ਨੇ ਦਾਤਾਂ ਦਿੱਤੀਆਂ ਹੋਈਆਂ ਨੇ, ਸਾਰੀਆਂ ਦਾਤਾਂ ਪ੍ਰਮੇਸ਼ਰ ਤੋਂ ਮਿਲਦੀਆਂ ਨੇ ਪਰ ਜੇ ਇਕ ਵਾਪਸ ਲੈ ਲਏ ਤਾਂ ਅਸੀਂ ਚੀਕਦੇ ਹਾਂ, ਰੋਂਦੇ ਹਾਂ, ਓਲਾਂਭੇ ਦਿੰਦੇ ਹਾਂ। ਕੋਈ ਕਹਿੰਦਾ ਜੀ ਸਤਿਸੰਗ ਵਿਚ ਜਾਂਦਾ ਸੀ, ਇਸ ਦੇ ਨਾਲ ਐਸਾ ਨਹੀਂ ਸੀ ਹੋਣਾ ਚਾਹੀਦਾ; ਕੋਈ ਕੁਝ ਕਹਿੰਦਾ ਹੈ, ਕੋਈ ਕੁਝ ਕਹਿੰਦਾ ਹੈ-

***ਦਸ ਬਸਤੂ ਲੇ ਪਾਛੈ ਪਾਵੈ॥***
***ਏਕ ਬਸਤੁ ਕਾਰਨਿ ਬਿਖੋਟਿ ਗਵਾਵੈ॥***
***ਏਕ ਭੀ ਨ ਦੇਇ ਦਸ ਭੀ ਹਿਰਿ ਲੇਇ॥***
***ਤਉ ਮੂੜਾ ਕਹੁ ਕਹਾ ਕਰੇਇ॥*** ***ਪੰਨਾ - 268***

ਫੇਰ ਕਹਿੰਦੇ ਮੂੜ੍ਹਾ ਕੀ ਕਰੇ? ਸੋ ਕੋਈ ਵਿਰਲਾ-ਵਿਰਲਾ ਬੰਦਾ ਹੈ ਜਿਹੜਾ ਕਸਵੱਟੀ ਲੱਗੀ ਤੇ ਤਾਅ ਸਹਿ ਜਾਵੇ, ਸਾਰੇ ਨਹੀਂ ਸਹਿੰਦੇ।

ਇਕ ਰਾਜਾ ਹੋਇਆ ਹੈ ਦੁਆਪਰ ਯੁੱਗ ਦੇ ਅੰਦਰ। ਉਦੋਂ ਦੁਆਪਰ ਖਤਮ ਹੋ ਰਿਹਾ ਸੀ ਤੇ ਕਲਜੁਗ ਸ਼ੁਰੂ ਹੋ ਰਿਹਾ ਸੀ ਕਿਉਂਕਿ -

***ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ॥*** ***ਪੰਨਾ - 951***

ਬਜ਼ੁਰਗਾਂ ਦੀਆਂ ਕਹਾਣੀਆਂ ਸਾਨੂੰ ਵੀ ਰਾਹ ਦਿਖਾਉਂਦੀਆਂ ਨੇ। ਸਾਡੀ ਕਸਵੱਟੀ ਕਿੰਨੀ ਹੈ। ਜੇ ਸ਼ਰਾਬ ਦੀ ਹੀ ਕਸਵੱਟੀ ਲੱਗ ਜਾਵੇ; ਇਥੇ ਅੰਮ੍ਰਿਤ ਛਕਾਇਆ ਤਾਂ ਇਕ ਪ੍ਰੇਮੀ ਮੇਰੇ ਕੋਲ ਆਇਆ। ਕਹਿੰਦਾ, "ਜੀ! ਬੜਾ ਮੁਸ਼ਕਲ ਹੋ ਗਿਆ?"

ਮੈਂ ਕਿਹਾ, "ਕੀ ਹੋ ਗਿਆ?"

ਕਹਿੰਦਾ, "ਜਿਹੜਾ ਸੈਣੀ ਮਾਜਰੇ ਦਾ ਠੇਕਾ ਹੈ, ਉਹ ਸਾਨੂੰ ਲੰਘਣ ਨਹੀਂ ਦਿੰਦਾ।"

ਮੈਂ ਕਿਹਾ, "ਕਿਉਂ? ਠੇਕਾ ਤੁਹਾਡੇ ਰਾਹ ਵਿਚ ਸੜਕ ਤੇ ਖੜ੍ਹਦਾ ਹੈ?"

ਕਹਿੰਦਾ, "ਨਹੀਂ ਜੀ! ਉਹ ਠੇਕੇਦਾਰ ਬਾਂਹ ਕੱਢ ਲੈਂਦਾ ਹੈ ਬਾਹਰ ਤੇ ਸਾਨੂੰ ਹਾਕਾਂ ਮਾਰਦਾ ਹੈ। ਸ਼ਰਾਬ ਦੀ ਬੋਤਲ ਦਿਖਾ ਕੇ ਕਹਿੰਦਾ ਹੈ ਕਿ ਅੱਜ ਤੈਨੂੰ ਮੁਫਤ ਹੀ ਪਿਲਾਉਣੀ ਹੈ।"

ਮੈਂ ਕਿਹਾ, "ਫੇਰ।"

ਕਹਿੰਦਾ, “ਜੀ ਫੇਰ ਜੀਅ ਕਰ ਆਉਂਦਾ ਹੈ ਤੇ ਫੇਰ ਟੁੱਟ ਜਾਂਦੇ ਹਾਂ ਅਸੀਂ।”

ਆਹ ਸਾਡੀ ਹਾਲਤ ਹੈ। ਹੋਰ ਕਸਵੱਟੀਆਂ ਤਾਂ ਕੀ ਸਹਿਣੀਆਂ ਨੇ! ਨਿਤਨੇਮ ਨਹੀਂ ਕਰਨਾ, ਅੰਮ੍ਰਿਤ ਵੇਲੇ ਜਾਗਣਾ ਨਹੀਂ, ਉਠ ਕੇ ਇਸ਼ਨਾਨ ਨਹੀਂ ਕਰਨਾ, ਸੇਵਾ ਨਹੀਂ ਕਰਨੀ, ਗੁਰੂ ਘਰ ਨਹੀਂ ਆਉਣਾ; ਹੋਰ ਅਸੀਂ ਕੀ ਸਹਿ ਸਕਦੇ ਹਾਂ? ਬਾਕੀ ਗੱਲਾਂ ਤਾਂ ਬਹੁਤ ਵੱਡੀਆਂ ਜਮਾਤਾਂ ਦੀਆਂ ਨੇ। ਵੱਡੀਆਂ-ਵੱਡੀਆਂ ਕਸਵੱਟੀਆਂ ਸਹਿੰਦੇ ਆਏ ਨੇ।

ਇਕ ਰਾਜਾ ਸੀ ਜਿਸ ਦਾ ਨਾਂ ਮੋਰਧੁਜ ਸੀ। ਉਹ ਰਾਜਾ ਦੁਆਪਰ ਦੇ ਅੰਤ ਤੇ ਕਲਜੁਗ ਦੇ ਸ਼ੁਰੂ ਵਿਚ ਹੋਇਆ ਹੈ। ਜਿਸ ਵਕਤ ਮਹਾਂਭਾਰਤ ਦਾ ਯੁੱਧ ਹਟ ਗਿਆ ਉਸ ਵੇਲੇ ਪਾਂਡਵਾਂ ਨੇ ਰਾਜਸੂ ਯੱਗ ਕਰਨਾ ਸੀ। ਉਸ ਵਾਸਤੇ ਇਹ ਘੋੜਾ ਫੇਰ ਰਹੇ ਨੇ। ਦਿੱਲੀ ਤੋਂ ਘੋੜਾ ਸ਼ੁਰੂ ਹੋਇਆ, ਸਾਰੇ ਪਾਸੇ ਅਫਗਾਨਿਸਤਾਨ, ਕਰਾਚੀ ਵਲੋਂ ਹੋ ਕੇ ਰਾਜਸਥਾਨ ਦੇ ਰਾਜਿਆਂ ਦੇ ਰਾਜ ਵਿਚੋਂ ਦੀ ਹੋ ਕੇ ਚਲਦਾ-ਚਲਦਾ ਕੇਰਲਾ ਵਿਚ ਪਹੁੰਚ ਗਿਆ। ਉਥੇ ਕ੍ਰਿਸ਼ਨ ਮਹਾਰਾਜ ਕਹਿਣ ਲੱਗੇ ਕਿ ਅਰਜੁਨ! ਇਸ ਰਾਜੇ ਨੂੰ ਜਿੱਤਣਾ ਸਭ ਤੋਂ ਔਖਾ ਹੈ।

ਕਹਿੰਦਾ, “ਮਹਾਰਾਜ! ਮੈਂ ਤਾਂ ਹੈਰਾਨ ਹਾਂ ਕਿ ਅੱਜ ਜਦੋਂ ਆਪਾਂ ਗਏ ਸੀ ਸੈਰ ਕਰਨ ਤਾਂ ਦੇਖਿਆ ਕਿ ਇਹ ਤਾਂ ਸਾਰਾ ਸ਼ਹਿਰ ਇਕੋ ਜਿਹਾ ਹੈ, ਇਕੋ ਜਿਹੇ ਘਰ ਨੇ, ਇਕੋ ਜਿਹੀ ਪੁਸ਼ਾਕ ਹੈ, ਇਕੋ ਜਿਹੀ ਖੁਰਾਕ ਹੈ। ਆਪਾਂ ਕਿਸ ਰਾਜੇ ਦੇ ਰਾਜ ਵਿਚ ਆ ਗਏ, ਐਸਾ ਭਲਾ ਰਾਜਾ ਕੌਣ ਹੈ ਜਿਥੇ ਛੋਟਾ ਵੱਡਾ ਹੀ ਨਹੀਂ ਹੈ?”

ਭਗਵਾਨ ਕਹਿੰਦੇ, “ਇਹ ਰਾਜ ਚੰਦਰ ਹੰਸ ਰਾਜੇ ਦਾ ਹੈ। ਚੰਦਰ ਹੰਸ ਬ੍ਰਹਮਗਿਆਨੀ ਹੈ ਤੇ ਨਿਰਗੁਣ ਦਾ ਉਪਾਸ਼ਕ ਹੈ। ਇਸ ਦੇ ਨਾਲ ਜੇ ਤੂੰ ਯੁੱਧ ਕੀਤਾ ਤਾਂ ਇਸ ਨੂੰ ਤੂੰ ਨਹੀਂ ਜਿੱਤ ਸਕਦਾ ਕਿਉਂਕਿ ਨਿਰਗੁਣ ਬ੍ਰਹਮ ਪੂਰੀਆਂ ਸ਼ਕਤੀਆਂ ਵਾਲਾ ਹੁੰਦਾ ਹੈ।”

ਕਹਿੰਦਾ, “ਮਹਾਰਾਜ! ਤੁਸੀਂ ਨਾਲ ਹੋ ਮੇਰੇ।”

ਕ੍ਰਿਸ਼ਨ ਮਹਾਰਾਜ ਕਹਿੰਦੇ, “ਨਾ, ਮੈਂ ਸਾਕਾਰ ਰੂਪ ਵਿਚ ਹਾਂ ਤੇ ਇਹ ਨਿਰਗੁਣ ਦਾ ਉਪਾਸ਼ਕ ਹੈ।”

ਕਹਿੰਦਾ, “ਫੇਰ ਕੀ ਕਰਿਆ ਜਾਵੇ, ਜੇ ਘੋੜਾ ਇਸ ਨੇ ਫੜ ਲਿਆ?”

ਕਹਿੰਦੇ, “ਫੜੇਗਾ ਇਹ ਜ਼ਰੂਰ।”

ਸੋ ਘੋੜਾ ਜਦੋਂ ਤੋਰਿਆ ਤਾਂ ਰਾਜੇ ਦੇ ਸਿਪਾਹੀਆਂ ਨੇ ਫੜ ਲਿਆ। ਰਾਜੇ ਚੰਦਰਹੰਸ ਨੂੰ ਖਬਰ ਦਿੱਤੀ ਤਾਂ ਉਹ ਆ ਗਿਆ। ਇਹ ਕਹਿੰਦੇ ਕਿ ਘੋੜਾ ਛੱਡ ਦਿਓ। ਉਹ ਕਹਿੰਦਾ, “ਨਾ! ਘੋੜਾ ਨਹੀਂ ਅਸੀਂ ਛੱਡਣਾ।”

ਕ੍ਰਿਸ਼ਨ ਮਹਾਰਾਜ ਅਰਜੁਨ ਨੂੰ ਕਹਿੰਦੇ, “ਯੁੱਧ ਨਾ ਕਰੀਂ ਕਿਸੇ ਵੀ ਕੀਮਤ ਤੇ ਇਸ ਦੇ ਨਾਲ। ਇਥੇ ਤੂੰ ਤੇ ਮੈਂ ਹਾਰ ਖਾ ਜਾਵਾਂਗੇ ਕਿਉਂਕਿ ਇਹ ਨਿਰਗੁਣ ਬ੍ਰਹਮ ਦਾ ਪੁਜਾਰੀ ਹੈ। ਮੇਰੇ ਨਿਰਗੁਣ ਸਰੂਪ ਨੂੰ ਮੰਨਦਾ ਹੈ ਇਹ। ਹਰੇਕ ਵਿਚ ਪ੍ਰਮੇਸ਼ਰ ਦੇਖਦਾ ਹੈ। ਸਾਰੀ ਰਿਆਇਆ, ਜਿਥੇ ਤੱਕ ਰਾਜ ਹੈ ਇਸ ਦਾ, ਕੋਈ ਵੀ ਗਰੀਬ ਨਹੀਂ ਹੈ, ਕੋਈ ਅਮੀਰ ਨਹੀਂ। ਇਕੋ ਜਿਹੇ ਕੱਪੜੇ ਨੇ, ਇਕੋ ਜਿਹਾ ਖਾਣਾ ਹੈ, ਇਕੋ ਜਿਹੀ ਜ਼ਮੀਨ, ਇਕੋ ਜਿਹਾ ਸਭ ਨੂੰ ਹੱਕ ਹੈ। ਇਹ ਆਪ ਵੀ ਉਨ੍ਹਾਂ ਵਾਂਗ ਹੀ ਰਹਿੰਦਾ ਹੈ। ਇਹ ਕੋਈ ਰਾਜਾ ਨਹੀਂ, ਨਾਂ ਦਾ ਹੀ ਰਾਜਾ ਹੈ। ਇਹ ਤਾਂ ਸਾਧੂ ਬ੍ਰਹਮਗਿਆਨੀ ਮਹਾਂਪੁਰਸ਼ ਹੈ।”

ਅਰਜੁਨ ਕਹਿੰਦਾ, “ਮਹਾਰਾਜ! ਫੇਰ ਲੰਘੀਏ ਕਿਵੇਂ?”

ਕਹਿੰਦੇ, “ਜਦੋਂ ਕੱਲ੍ਹ ਨੂੰ ਯੁੱਧ ਕਰਨ ਆਏਗਾ ਤਾਂ ਤੂੰ ਨਮਸ਼ਕਾਰ ਕਰੀਂ ਤੇ ਓਸ ਵੇਲੇ ਮੈਂ ਇਸ ਦੇ

ਹਿਰਦੇ ਵਿਚ ਪ੍ਰਵੇਸ਼ ਕਰ ਜਾਵਾਂਗਾ।"

ਸੋ ਦੂਜੇ ਦਿਨ ਜਦੋਂ ਯੁੱਧ ਕਰਨ ਗਏ ਤਾਂ ਅਰਜੁਨ ਨੇ ਰਾਜੇ ਨੂੰ ਨਮਸ਼ਕਾਰ ਕੀਤੀ, ਇਸ ਨੇ ਵੀ ਕਰੀ ਤਾਂ ਏਨੇ ਨੂੰ ਕ੍ਰਿਸ਼ਨ ਮਹਾਰਾਜ ਜੀ ਦੀ ਪ੍ਰੇਰਨਾ ਨਾਲ ਉਹ ਕਹਿਣ ਲੱਗਿਆ, "ਠੀਕ ਹੈ ਅਰਜੁਨ! ਤੂੰ ਵੀ ਭਗਵਾਨ ਨੂੰ ਮੰਨਣ ਵਾਲਾ ਹੈਂ। ਦੱਸ ਕੀ ਚਾਹੁੰਦਾ ਹੈਂ?"

ਉਹ ਕਹਿੰਦਾ, "ਮੇਰਾ ਘੋੜਾ ਲੰਘਾਅ ਦਿਓ।"

ਕਹਿੰਦਾ, "ਜਾਹ! ਆਪਾਂ ਮਿੱਤਰ ਹੋਏ।" ਸੋ ਘੋੜਾ ਲੰਘਾਅ ਦਿੱਤਾ।

ਇਥੋਂ ਚਲਦਾ-ਚਲਦਾ ਘੋੜਾ ਜਦੋਂ ਮਣੀਪੁਰ ਵਿਚ ਗਿਆ ਤਾਂ ਉਥੇ ਮੋਰਧੁਜ ਰਾਜਾ ਵੀ ਅਸ਼੍ਵਮੇਧ ਯੱਗ ਕਰ ਰਿਹਾ ਸੀ ਤੇ ਉਸ ਦਾ ਜੋ ਪੁੱਤਰ ਸੀ ਉਸ ਦਾ ਨਾਂ ਤਾਮਰਕਵ ਸੀ। ਉਹ ਵੀ ਆਪਣੀਆਂ ਫੌਜਾਂ ਲਈ ਫਿਰਦਾ ਸੀ, ਦੋਹਾਂ ਦਾ ਹੀ ਟਾਕਰਾ ਹੋ ਗਿਆ। ਅਖੀਰ ਯੁੱਧ ਹੀ ਹੋਣਾ ਸੀ ਤੇ ਯੁੱਧ ਸ਼ੁਰੂ ਹੋ ਗਿਆ ਤੇ ਉਸ ਨੇ ਯੁੱਧ ਵਿਚ ਕ੍ਰਿਸ਼ਨ ਜੀ ਤੇ ਅਰਜੁਨ ਦੋਹਾਂ ਨੂੰ ਮੂਰਛਤ ਕਰ ਦਿੱਤਾ। ਜਦੋਂ ਉਸ ਨੇ ਆਪਣੇ ਪਿਤਾ ਨੂੰ ਜਾ ਕੇ ਦੱਸਿਆ ਕਿ ਏਸ ਤਰ੍ਹਾਂ ਦੇ ਨਾਲ ਹੋਇਆ ਤੇ ਘੋੜਾ ਮੈਂ ਲੈ ਆਇਆ ਹਾਂ।

ਉਹ ਕਹਿੰਦਾ, "ਤੂੰ ਤਾਂ ਬੜਾ ਮਾੜਾ ਕੰਮ ਕਰਿਆ। ਆਪਾਂ ਤਾਂ ਇਨ੍ਹਾਂ ਦੇ ਉਪਾਸ਼ਕ ਹਾਂ।"

ਪੁੱਤਰ ਕਹਿੰਦਾ, "ਠੀਕ ਹੈ! ਉਪਾਸ਼ਕ ਤਾਂ ਉਪਾਸ਼ਕ ਦੇ ਥਾਂ, ਪਰ ਇਹ ਤਾਂ ਯੁੱਧ ਵਿਚ ਵੰਗਾਰ ਰਹੇ ਸੀ। ਜਦੋਂ ਯੁੱਧ ਛਡਾਂਗੇ, ਉਦੋਂ ਉਪਾਸ਼ਕ ਬਣ ਜਾਵਾਂਗੇ।"

ਦੂਸਰੇ ਦਿਨ ਫੇਰ ਯੁੱਧ ਹੋਇਆ। ਕ੍ਰਿਸ਼ਨ ਮਹਾਰਾਜ, ਜਦੋਂ ਉਹ ਬਾਣ ਮਾਰਦਾ ਹੈ, ਤਾਂ ਚਾਰ ਵਾਰੀ ਵਾਹ-ਵਾਹ ਕਹਿੰਦੇ ਨੇ।

ਅਰਜੁਨ ਕਹਿੰਦਾ, "ਮਹਾਰਾਜ! ਬੜੀ ਪ੍ਰਸੰਸਾ ਕਰਨ ਲੱਗੇ ਹੋ।"

ਕਹਿੰਦੇ, "ਅਰਜੁਨ! ਪ੍ਰਸੰਸਾ ਕਰਾਂ ਨਾ? ਮੈਂ ਤੇਰੇ ਰੱਥ ਤੇ ਤ੍ਰਿਲੋਕੀ ਦਾ ਭਾਰ ਦੇ ਕੇ ਬੈਠਾ ਹਾਂ। ਪਰ ਜਦੋਂ ਉਸ ਦਾ ਬਾਣ ਲਗਦਾ ਹੈ ਤਾਂ ਤੇਰਾ ਰਥ ਪਿਛੇ ਹਟ ਜਾਂਦਾ ਹੈ। ਉਸ ਦੇ ਅੰਦਰ ਬਹੁਤ ਸ਼ਕਤੀ ਹੈ। ਇਸ ਕਰਕੇ ਮੈਂ ਉਸ ਦੀ ਪ੍ਰਸੰਸਾ ਕਰਦਾ ਹਾਂ।"

ਦੂਜੇ ਦਿਨ ਇਨ੍ਹਾਂ ਨੇ ਬ੍ਰਾਹਮਣ ਦਾ ਭੇਸ ਬਣਾ ਲਿਆ ਤੇ ਰਾਜੇ ਦੇ ਕੋਲ ਚਲੇ ਗਏ। ਰਾਜਾ ਦਾਨ ਕਰ ਰਿਹਾ ਸੀ, ਉਸ ਨੇ ਦੇਖਿਆ ਕਿ ਬ੍ਰਾਹਮਣ ਨੇ।

ਕਹਿਣ ਲੱਗਿਆ, "ਕੀ ਚਾਹੁੰਦੇ ਹੋ? ਦੱਸੋ ਮੈਨੂੰ।"

ਕਹਿੰਦੇ, "ਰਾਜਨ! ਅਸੀਂ ਦੋਵੇਂ ਤੇਰੇ ਕੋਲ ਆ ਰਹੇ ਸੀ। ਇਹ ਮੇਰਾ ਚੇਲਾ ਹੈ ਤੇ ਮੈਂ ਬ੍ਰਾਹਮਣ ਹਾਂ। ਰਸਤੇ ਵਿਚ ਸਾਨੂੰ ਸ਼ੇਰ ਮਿਲਿਆ। ਅਸੀਂ ਕਿਹਾ ਕਿ ਅਸੀਂ ਰਾਜੇ ਕੋਲ ਜਾ ਆਈਏ ਤੇ ਸਾਨੂੰ ਤੂੰ ਛੱਡ ਦੇ। ਅਸੀਂ ਬਚਨ ਦਿੰਦੇ ਹਾਂ, ਤੈਨੂੰ ਮਾਸ ਦੇਵਾਂਗੇ ਮਨੁੱਖ ਦਾ। ਸੋ ਆਹ ਸ਼ੇਰ ਸਾਡੇ ਨਾਲ ਹੈ, ਸਾਨੂੰ ਮਾਸ ਚਾਹੀਦਾ ਹੈ।"

ਉਹ ਕਹਿੰਦਾ, "ਕੋਈ ਨਾ, ਮਨੁੱਖ ਦਾ ਮਾਸ ਦੇ ਦਿੰਦੇ ਹਾਂ, ਕੋਈ ਵੱਡੀ ਬਾਤ ਨਹੀਂ ਹੈ।"

ਕਹਿੰਦੇ, "ਮਨੁੱਖ ਦਾ ਮਾਸ ਨਹੀਂ ਲੈਣਾ, ਅਸੀਂ ਰਾਜਕੁਮਾਰ ਦਾ ਮਾਸ ਲੈਣਾ ਹੈ।"

ਉਦੋਂ ਰਾਜੇ ਸਤਿਵਾਦੀ ਹੋਇਆ ਕਰਦੇ ਸੀ। ਬਚਨ ਕਰ ਬੈਠਿਆ ਤੇ ਕਹਿੰਦਾ ਕਿ ਦੱਸੋ ਕਿਵੇਂ ਲੈਣਾ ਹੈ?

ਕਹਿੰਦੇ, "ਰਾਜਕੁਮਾਰ ਦੇ ਸਰੀਰ ਦਾ ਅੱਧਾ ਹਿੱਸਾ ਲੈਣਾ ਹੈ। ਰਾਣੀ ਇਕ ਪਾਸੇ ਲੱਗੇ, ਦੂਜੇ ਪਾਸੇ ਰਾਜਾ ਲੱਗੇ ਤੇ ਅੱਧਾ ਹਿੱਸਾ ਚੀਰ ਕੇ ਲੈਣਾ ਹੈ।"

ਜਦੋਂ ਸਿਰ ਤੇ ਆਰਾ ਰੱਖਿਆ, ਚੀਰਿਆ ਉਨ੍ਹਾਂ ਨੇ ਥੋੜ੍ਹਾ ਜਿਹਾ ਤਾਂ ਉਸ ਵੇਲੇ ਰਾਜਕੁਮਾਰ ਦੀ ਖੱਬੀ ਅੱਖ ਦੇ ਅੰਦਰ ਪਾਣੀ ਆ ਗਿਆ। ਉਸੇ ਵੇਲੇ ਉਹ ਬਿਗੜ ਗਏ।

ਕਹਿੰਦੇ, "ਤੂੰ ਤਾਂ ਤਮੋ-ਗੁਣੀ ਦਾਨ ਦੇ ਰਿਹਾ ਹੈਂ। ਅਸੀਂ ਤਮੋਗੁਣੀ ਦਾਨ ਨਹੀਂ ਲੈਣਾ, ਸਤੋਗੁਣੀ ਲੈਣਾ ਹੈ।"

ਜਿਹੜਾ ਆਦਮੀ ਖਿਝ ਕੇ ਦਾਨ ਦੇਵੇ, ਦੁੱਖ ਨਾਲ ਦੇਵੇ, ਬੁਰਾ ਮੰਨੇ, ਨਿੰਦਿਆ ਕਰੇ, ਉਹ ਤਮੋਗੁਣੀ ਦਾਨ ਪਾਪ ਦਾ ਕਾਰਨ ਹੋਇਆ ਕਰਦਾ ਹੈ - ਲੈਣ ਵਾਲੇ ਨੂੰ ਵੀ ਪਾਪ, ਦੇਣ ਵਾਲੇ ਨੂੰ ਵੀ ਪਾਪ। ਰਾਜਕੁਮਾਰ ਕਹਿੰਦਾ, "ਮੈਂ ਇਸ ਕਰਕੇ ਨਹੀਂ ਰੋਂਦਾ। ਤੁਸੀਂ ਮੈਥੋਂ ਕਾਰਨ ਤਾਂ ਪੁਛੋ?"

ਕਹਿੰਦੇ, "ਕੀ ਕਾਰਨ ਹੈ?"

ਕਹਿੰਦਾ, "ਮੇਰੀ ਅੱਖ ਵਿਚ ਇਸ ਕਰਕੇ ਪਾਣੀ ਆਇਆ ਹੈ - ਖੱਬੀ ਵਿਚ ਕਿ ਸੱਜਾ ਪਾਸਾ ਤਾਂ ਤੁਸੀਂ ਸ਼ੇਰ ਨੂੰ ਖੁਆ ਦੇਣਾ ਹੈ ਪਰ ਖੱਬਾ ਪਾਸਾ ਐਵੇਂ ਹੀ ਗਿਆ, ਕਿਸੇ ਲੇਖੇ ਨਾ ਆਇਆ ਮੇਰਾ ਸਰੀਰ।" ਜਦੋਂ ਐਡੀ ਵੱਡੀ ਦ੍ਰਿੜ੍ਹਤਾ ਦੇਖੀ, ਓਸੇ ਵੇਲੇ ਭਗਵਾਨ ਦੇ ਦਰਸ਼ਨ ਹੋਏ, ਸਰੀਰ ਸਹੀ ਕਰ ਦਿੱਤਾ।

ਸੋ ਗੁਰੂ ਅੰਗਦ ਸਾਹਿਬ ਕਹਿਣ ਲੱਗੇ ਕਿ ਪ੍ਰੇਮੀਓ! ਦੇਖੋ ਕਿੱਡੇ ਵੱਡੇ-ਵੱਡੇ ਹੋਏ ਨੇ ਤੇ ਤੁਸੀਂ ਤਾਂ ਹੁਣੇ ਹੀ ਡੋਲ ਗਏ ਕੁਤਕੇ ਖਾ ਕੇ, ਗੁਰੂ ਸਾਹਿਬ ਦਾ ਸਰੂਪ ਦੇਖ ਕੇ। ਪਰ ਇਸ ਦੇ ਵਿਚ ਪੱਕਾ ਨਿਹਚਾ ਹੋਵੇ, ਗੁਰੂ ਦੀ ਹੋਵੇ ਕਿਰਪਾ, ਫੇਰ ਤਾਂ ਲੰਘ ਜਾਂਦਾ ਹੈ। ਜਿਹੜੇ ਦੂਸਰੇ ਨੇ ਉਹ ਨਹੀਂ ਲੰਘਦੇ।

***ਧਾਰਨਾ - ਕੱਚੇ ਝੜ ਜਾਂਦੇ ਨੇ, ਸਹਿਣੀ ਕਸਵੱਟੀ ਔਖੀ -2, 2.***
***ਸਹਿਣੀ ਕਸਵੱਟੀ ਔਖੀ -2, 2.***
***ਕੱਚੇ ਝੜ ਜਾਂਦੇ ਨੇ, ................ -2.***

***ਰਤੇ ਸੇਈ ਜਿ ਮੁਖੁ ਨ ਮੋੜੰਨਿ੍ ਜਿਨ੍ੀ ਸਿਞਾਤਾ ਸਾਈ॥***
***ਝੜਿ ਝੜਿ ਪਵਦੇ ਕਚੇ ਬਿਰਹੀ ਜਿਨ੍ਾ ਕਾਰਿ ਨ ਆਈ॥ ਪੰਨਾ - 1425***

ਪੱਕਾ ਹੀ ਲੰਘਦਾ ਹੈ, ਕੱਚਾ ਨਹੀਂ ਲੰਘ ਸਕਦਾ। ਜੇ ਇਹ ਕਹੇ ਕਿ ਮੈਂ ਲੰਘ ਜਾਵਾਂਗਾ, ਨਾ ਸਾਧ ਸੰਗਤ ਜੀ! ਇਹ ਕਿਸੇ ਚੀਜ਼ ਦੀ ਕਸਵੱਟੀ ਲੱਗ ਜਾਵੇ, ਫੇਰ ਕੱਚੇ ਪੱਕੇ ਹੋਣ ਦਾ ਪਤਾ ਲਗਦਾ ਹੈ।

ਗੁਰੂ ਦਸਵੇਂ ਪਾਤਿਸ਼ਾਹ ਮਹਾਰਾਜ, ਆਪ ਜੀ ਦੇ ਵੇਲੇ ਗੁਰਸਿੱਖੀ ਬਹੁਤ ਜੁਆਨ ਹੋ ਚੁੱਕੀ ਸੀ, ਸਿਖਰ ਪਹੁੰਚ ਗਈ ਸੀ ਜਿਥੋਂ ਇਹ ਡੋਲ ਨਹੀਂ ਸਕਦੇ। ਉਸ ਵੇਲੇ ਅਨੰਦਪੁਰ ਸਾਹਿਬ ਦੇ ਅੰਦਰ ਆਪ ਸੰਗਤਾਂ ਨੂੰ ਰੂਹਾਨੀ ਉਪਦੇਸ਼ ਦਿੰਦੇ ਨੇ ਤੇ ਨਾਲ ਦੀ ਨਾਲ ਸ਼ਸ਼ਤਰ ਵਿਦਿਆ ਦਾ ਵੀ ਅਭਿਆਸ ਹੋ ਰਿਹਾ ਹੈ। ਰਾਜਿਆਂ ਨੇ, ਜੋ ਆਲੇ ਦੁਆਲੇ ਦੇ ਸੀ, ਕਈ ਵਾਰੀ ਆ ਕੇ ਝੜਪਾਂ ਲਈਆਂ। ਅਖੀਰ ਇਕ ਬੈਠਕ ਹੋਈ ਬਹੁਤ ਵੱਡੀ - ਬਾਈ ਧਾਰ ਦੇ ਰਾਜਿਆਂ ਦੀ। ਨਾਲ ਇਨ੍ਹਾਂ ਨੇ ਸੂਬੇ ਸਰਹੰਦ ਦੀਆਂ ਫੌਜਾਂ ਰਲਾਈਆਂ। ਕਹਿੰਦੇ ਬਾਰ-ਬਾਰ ਨਾਲੋਂ ਇਕ ਬਾਰ ਹਮਲਾ ਕਰੋ ਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਇਥੋਂ ਉਜਾੜ ਦਿਓ ਤੇ ਫੜ ਲਓ। ਗ੍ਰਿਫਤਾਰ ਕਰਕੇ ਔਰੰਗਜੇਬ ਦੇ ਹਵਾਲੇ ਕਰ ਦਿਓ ਨਹੀਂ ਤਾਂ ਰੋਜ਼-ਰੋਜ਼ ਦਾ ਝੇੜਾ ਰਹਿਣਾ ਹੈ ਕਿ ਅੱਜ ਬਿਲਾਸਪੁਰ ਵਾਲਾ ਲੜ ਪਿਆ, ਕੱਲ੍ਹ ਨੂੰ ਫਲਾਣਾ ਲੜ ਪਿਆ। ਇਕੋ ਵਾਰੀ ਜ਼ੋਰ ਲਾ ਕੇ ਦੇਖ ਲਓ। ਉਸ ਵੇਲੇ ਡੇਢ ਲੱਖ ਫੌਜ ਇਕੱਠੀ ਕਰ ਲਈ।

ਲੜਾਈਆਂ ਲੜੀਆਂ, ਨੇੜੇ ਨਾ ਜਾਣ। ਓਧਰ ਤਾਂ ਸਿਰ-ਲੱਥ ਸੂਰਮੇ ਸੀ। ਜਿਹੜੇ ਸਿਰ ਲੱਥ ਸੂਰਮੇ ਹੁੰਦੇ ਨੇ ਸਾਧ ਸੰਗਤ ਜੀ! ਉਹ ਕਰਾਮਾਤਾਂ ਕਰਕੇ ਦਿਖਾ ਦਿੰਦੇ ਨੇ, ਫੇਰ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੀ ਹੋਵੇ ਦ੍ਰਿਸ਼ਟੀ, ਬਲ ਹੋਵੇ ਗੁਰੂ ਮਹਾਰਾਜ ਜੀ ਦਾ, ਫੇਰ ਤਾਂ ਸਾਹਮਣੇ ਕੋਈ ਆ ਹੀ ਨਹੀਂ ਸਕਦਾ। ਬਹੁਤ ਭਿਆਨਕ ਯੁੱਧ ਹੋਏ, ਬਹੁਤ ਬੰਦੇ ਮਰ ਗਏ। ਅਖੀਰ ਫੈਸਲਾ ਹੋਇਆ ਕਿ ਘੇਰਾ ਪਾ ਲਓ, ਰਾਸ਼ਨ ਖਤਮ ਹੋ ਜਾਏਗਾ, ਉਸੇ ਵੇਲੇ ਇਨ੍ਹਾਂ ਨੂੰ ਫੜ ਲਵਾਂਗੇ। ਘੇਰਾ ਪਾ ਕੇ ਬੈਠ ਗਏ। ਦੋ ਮਹੀਨੇ ਲੰਘ ਗਏ ਘੇਰਾ ਪਾਏ ਨੂੰ। ਸਿੰਘ ਬਾਹਰ ਨਿਕਲਦੇ ਨੇ ਤੇ ਜਿਥੇ ਰਾਸ਼ਨ ਹੁੰਦਾ ਹੈ ਉਨ੍ਹਾਂ ਦਾ, ਉਥੇ ਜਾ ਕੇ ਹੱਲਾ ਕਰਦੇ ਨੇ ਤੇ ਰਾਸ਼ਨ ਚੁੱਕ ਲਿਆਉਂਦੇ ਨੇ। ਅਖੀਰ ਖੰਡੂਰ ਦਾ ਰਾਜਾ ਕੇਸਰੀ ਚੰਦ ਕਹਿਣ ਲਗਿਆ, ਕਿਉਂ ਬੁਜ਼ਦਿਲਾਂ ਵਾਂਗ ਗੱਲਾਂ ਕਰਦੇ ਹੋ? ਆਪਾਂ ਬਹਾਦਰ ਹਾਂ, ਰਾਜਪੂਤਾਂ ਦੀ ਔਲਾਦ ਹਾਂ। ਸਾਡੇ ਬਜ਼ੁਰਗ ਮਰ ਮਿਟਦੇ ਸੀ ਤੇ ਤੁਸੀਂ ਇਹ ਕੀ ਗੱਲਾਂ ਕਰਨ ਲੱਗੇ ਹੋ? ਥੋੜ੍ਹੇ ਜਿਹੇ ਬੰਦੇ ਨੇ ਉਨ੍ਹਾਂ ਨਾਲ, ਉਹ ਕਿਲੇ ਦੇ ਵਿਚ ਲੜਦੇ ਨੇ। ਦੂਸਰੇ ਨੇ ਕਿਹਾ ਕਿ ਕਿਲ੍ਹਾ ਬੜਾ ਮਜ਼ਬੂਤ ਹੈ, ਤੋੜਨਾ ਬੜਾ ਔਖਾ ਹੈ, ਮੈਦਾਨ ਵਿਚ ਆਉਣ ਤਾਂ ਫੇਰ ਸਾਨੂੰ ਪਤਾ ਲੱਗ ਜਾਵੇ, ਫੇਰ ਤਾਂ ਅਸੀਂ ਲੜਾਈ ਲੜੀਏ। ਹੁਣ ਤਾਂ ਉਹ ਲੜਦੇ ਨੇ ਤੇ ਕਿਲ੍ਹੇ ਵਿਚ ਚਲੇ ਜਾਂਦੇ ਨੇ। ਇਕ ਕਹਿੰਦਾ ਉਨ੍ਹਾਂ ਦੀ ਲੜਾਈ ਵੀ ਦੇਖੀ ਹੈ ਤੁਸੀਂ? ਕਿਵੇਂ ਸ਼ਸਤਰ ਚਲਦੇ ਨੇ, ਕਿਵੇਂ ਨੇਜੇ ਚਲਦੇ ਨੇ, ਕਿਵੇਂ ਤਲਵਾਰਾਂ ਚਲਦੀਆਂ ਨੇ, ਜਿਵੇਂ ਬਿਜਲੀਆਂ ਲਿਸ਼ਕਦੀਆਂ ਹੁੰਦੀਆਂ ਨੇ। ਕਿਹੜੀਆਂ ਗੱਲਾਂ ਤੁਸੀਂ ਕਰਦੇ ਹੋ? ਉਹ ਕਹਿਣ ਲੱਗਿਆ ਕਿ ਆਹ ਬੁਜ਼ਦਿਲ ਗੱਲਾਂ ਨਹੀਂ ਅਸੀਂ ਸੁਣਦੇ। ਵਿਉਂਤ ਬਣਾਈ ਕਿ ਕੱਲ੍ਹ ਨੂੰ ਹਾਥੀ ਮਸਤ ਕਰਕੇ ਕਿਲ੍ਹੇ ਦਾ ਦਰਵਾਜ਼ਾ ਤੁੜਵਾਉਣਾ ਹੈ। ਸੋ ਉਸ ਵਿਉਂਤ ਨਾਲ ਇਹ ਕਰ ਲਿਆ ਕਿ ਹੁਣ ਮੋਜੇ ਚੁੱਕ ਲਓ। ਸਾਰੀ ਡੇਢ ਲੱਖ ਫੌਜ ਇਕੱਠੀ ਕਰਕੇ ਹੱਲਾ ਕਰੋ। ਕਿੰਨੇ-ਕੁ ਮਰ ਜਾਣਗੇ? ਦਰਵਾਜ਼ਾ ਟੁੱਟ ਜਾਵੇ, ਫੇਰ ਨਹੀਂ ਆਪਾਂ ਜਾਣ ਦੇਣਾ। ਸੋ ਵਿਉਂਤ ਬਣ ਗਈ, ਫੌਜਾਂ ਉਠਣੀਆਂ ਸ਼ੁਰੂ ਹੋ ਗਈਆਂ।

ਜਾਸੂਸ ਬਿਜਲਾ ਸਿੰਘ ਨੇ ਗੁਰੂ ਦਸਮੇਸ਼ ਪਿਤਾ ਕੋਲ ਆ ਕੇ ਅਰਜ਼ ਕੀਤੀ ਕਿ ਪਾਤਿਸ਼ਾਹ! ਫੌਜਾਂ ਉਠ ਰਹੀਆਂ ਨੇ, ਮੋਰਚੇ ਛੱਡ ਕੇ ਜਾ ਰਹੀਆਂ ਨੇ। ਪਤਾ ਨਹੀਂ ਕੋਈ ਨਵੀਂ ਵਿਉਂਤ ਬਣਾਈ ਹੈ ਇਨ੍ਹਾਂ ਨੇ। ਆਪ ਅੰਤਰਜਾਮੀ ਹੋ ਮਹਾਰਾਜ! ਆਪ ਵਿਚਾਰ ਕਰ ਲਓ। ਮਹਾਰਾਜ ਜੀ ਉਸੇ ਤਰ੍ਹਾਂ ਵੇਪਰਵਾਹ ਬੈਠੇ ਨੇ, ਕੋਈ ਗੱਲ ਨਹੀਂ ਕਰੀ ਤੇ ਏਧਰ ਇਹ ਇਕੱਠੇ ਹੁੰਦੇ ਤੁਰੇ ਜਾ ਰਹੇ ਨੇ। ਜਿਹੜੇ ਜਥੇਦਾਰ ਸੀ, ਉਹ ਕਹਿਣ ਲੱਗੇ ਕਿ ਹੁਣ ਇਹ ਹਿੱਲ ਰਹੇ ਨੇ, ਚਲੋ ਰਾਸ਼ਨ ਖੋਹੀਏ ਇਨ੍ਹਾਂ ਤੋਂ। ਜਿੰਨਾਂ ਖੋਹ ਸਕਦੇ ਹਾਂ ਖੋਹ ਲਓ। ਜਾ ਕੇ ਹੱਲਾ ਕਰਿਆ, ਬੇਅੰਤ ਰਾਸ਼ਨ ਖੋਹ ਲਿਆਂਦਾ, ਬਹੁਤ ਸਾਰੇ ਮਾਰ ਦਿੱਤੇ। ਉਸ ਤੋਂ ਬਾਅਦ ਇਹ ਇਕੱਠੇ ਹੋ ਗਏ। ਇਕ ਹਾਥੀ ਮੰਗਵਾਇਆ। ਮਹਾਰਾਜ ਜੀ ਨੂੰ ਆ ਕੇ ਦੱਸਿਆ ਕਿ ਸੱਚੇ ਪਾਤਿਸ਼ਾਹ! ਹਾਥੀ ਮੰਗਵਾ ਲਿਆ ਹੈ, ਬੜਾ ਬਲੀ ਹਾਥੀ ਹੈ ਤੇ ਵਿਉਂਤ ਇਹ ਬਣਾਈ ਹੈ ਕਿ ਹਾਥੀ ਦੇ ਸਿਰ ਤੇ ਤਵੀਆਂ ਬੰਨ੍ਹਣਗੇ। ਬਾਕੀ ਸਾਰੇ ਸਰੀਰ ਤੇ ਲੋਹਾ ਮੜ੍ਹਨਾ ਹੈ ਕਿ ਤੀਰ ਨਾ ਕੋਈ ਲੱਗੇ, ਬਰਛਾ ਵੀ ਨਾ ਲੱਗੇ, ਤਲਵਾਰ ਵੀ ਨਾ ਲੱਗੇ। ਸਾਰੀ ਸੁੰਡ ਵਿਚੋਂ ਕੇਵਲ ਇਕ ਹੱਥ ਬਾਹਰ ਰੱਖੀ ਹੈ ਤੇ ਉਸ ਦੇ ਵਿਚ ਵੀ 5-6 ਫੁੱਟ ਦੀ ਤਲਵਾਰ ਤਿਆਰ ਕਰੀ ਹੈ ਕਿ ਉਹ ਇਸ ਦੇ ਨਾਲ ਬੰਨ੍ਹਣਗੇ।

ਪਾਤਿਸ਼ਾਹ! ਹਾਥੀ ਨੂੰ ਮੜ੍ਹਨ ਵਾਸਤੇ ਲੋਹਾ ਹੀ ਲੋਹਾ ਲਿਆਂਦਾ ਪਿਆ ਹੈ। ਚਾਦਰਾਂ ਬੰਨ੍ਹ ਦੇਣੀਆਂ ਨੇ ਚਾਰੇ ਪਾਸੇ। ਸਾਰੇ ਸਿੰਘ ਬੈਠੇ ਨੇ, ਕੱਲ੍ਹ ਦੀ ਵਿਉਂਤ ਬਣ ਰਹੀ ਹੈ। ਏਨੇ ਨੂੰ ਦੁਨੀ ਚੰਦ, ਜੋ ਮਸੰਦ ਸੀ ਮਾਝੇ ਦਾ, ਉਹ ਆ ਗਿਆ - ਭਾਈ ਸਾਲ੍ਹੋ ਦਾ ਲੜਕਾ। ਉਸ ਨੇ ਆ ਕੇ ਮਹਾਰਾਜ ਜੀ ਨੂੰ ਮੱਥਾ ਟੇਕਿਆ ਤਾਂ ਮਹਾਰਾਜ ਜੀ ਕਹਿੰਦੇ, "ਆਹ ਸਾਡਾ ਹਾਥੀ ਦੇਖੋ ਕਿੱਡਾ ਹੈ। ਪੰਜਾਹ ਇੰਚ ਦੇ ਤਾਂ ਇਸ ਦੇ ਡੌਲੇ ਨੇ, ਛਾਤੀ ਬਵੰਜਾ-ਤਰਵੰਜਾ ਇੰਚ ਹੈ। ਇਹ ਤਾਂ ਆਪ ਹੀ ਹਾਥੀ ਨਾਲੋਂ ਤਕੜਾ ਹੈ। ਇਹ ਕੱਲ੍ਹ ਨੂੰ ਲੜੇਗਾ, ਬੇਫਿਕਰ ਰਹੋ ਤੁਸੀਂ।"

ਗੱਲ ਸੁਣ ਲਈ, ਮੂੰਹ ਪੀਲਾ ਹੋਣਾ ਸ਼ੁਰੂ ਹੋ ਗਿਆ ਕਿ ਮਸਤ ਹਾਥੀ ਨਾਲ ਮੇਰੀ ਲੜਾਈ? ਅਸੀਂ ਤਾਂ ਸੰਗਤਾਂ ਇਥੇ ਲਿਆਉਂਦੇ ਹਾਂ ਤੇ ਗੁਰੂ ਮਹਾਰਾਜ ਆਹ ਕੀ ਕਰਨ ਲੱਗ ਗਏ? ਆਪਣੇ ਆਪ ਨੂੰ ਕਿਹਾ ਕਰਦਾ ਸੀ ਕਿ ਮੇਰੇ ਮੁਕਾਬਲੇ ਦਾ ਸੂਰਮਾ ਸਾਰੇ ਪੰਜਾਬ ਵਿਚ ਨਹੀਂ ਹੈ। ਜੇ ਮੈਂ ਦੋਹਾਂ ਹੱਥਾਂ ਦੇ ਨਾਲ ਤਲਵਾਰ ਮਾਰਾਂ ਤਾਂ ਜੁਆਨ ਦੇ ਸਾਰੇ ਜਰ੍ਹਾ-ਬਖਤਰ (ਲੋਹੇ ਦੀ ਵਰਦੀ) ਕੱਟ ਕੇ, ਘੋੜੇ ਦੀ ਕਾਠੀ ਕੱਟ ਕੇ, ਪਿੱਠ ਘੋੜੇ ਦੀ ਕੱਟ ਕੇ ਧਰਤੀ ਦੇ ਵਿਚ ਵੀ ਹੱਥ ਭਰ ਮੇਰੀ ਤਲਵਾਰ ਖੁਭ ਜਾਂਦੀ ਹੈ। ਬੜੀਆਂ ਸ਼ੇਖੀਆਂ ਮਾਰਿਆ ਕਰਦਾ ਸੀ। ਮਹਾਰਾਜ ਜੀ ਨੂੰ ਪਤਾ ਸੀ ਕਿ ਵਕਤ ਆਏ ਤੇ ਕਿਤੇ ਪਰਖਾਂਗੇ ਏਸ ਨੂੰ। ਸੋ ਓਸ ਵੇਲੇ ਕਸਵੱਟੀ ਲੱਗ ਗਈ ਸਾਧ ਸੰਗਤ ਜੀ! ਦਮ ਚੜ੍ਹ ਗਿਆ, ਥੋੜ੍ਹੀ ਦੇਰ ਗੁਰੂ ਸਾਹਿਬ ਕੋਲ ਬੈਠਾ, ਪਾਣੀ ਦੀ ਪਿਆਸ ਲੱਗੀ, ਉਠ ਕੇ ਪਾਣੀ ਪੀਣ ਚਲਿਆ ਗਿਆ। ਡੇਰੇ ਆ ਗਿਆ, ਮੰਜੇ ਤੇ ਪੈ ਗਿਆ।

ਸੇਵਾਦਾਰ ਪੁਛਦੇ ਨੇ ਕਿ ਕੀ ਗੱਲ ਮਹਾਰਾਜ! ਕੁਝ ਤਬੀਅਤ ਖਰਾਬ ਹੈ?"

ਕਹਿੰਦੇ, ਨਹੀਂ! ਭਾਈ ਦਯਾ ਸਿੰਘ ਨੂੰ ਮਿਲਣਾ ਹੈ।"

ਭਾਈ ਦਯਾ ਸਿੰਘ ਜੀ ਦਾ ਪਤਾ ਕਰਿਆ, ਕਹਿੰਦੇ ਉਹ ਆਪਣੇ ਡੇਰੇ ਵਿਚ ਹੀ ਨੇ। ਪਤਾ ਕਰਕੇ ਉਥੇ ਚਲਿਆ ਗਿਆ।

ਕਹਿੰਦਾ, "ਭਾਈ ਦਯਾ ਸਿੰਘਾ! ਦੇਖ ਆਪਾਂ ਮਾਝੇ ਦੇ ਰਹਿਣ ਵਾਲੇ ਹਾਂ ਦੋਵੇਂ। ਤੂੰ ਲਾਹੌਰ ਦਾ ਤੇ ਮੈਂ ਪੱਟੀ ਦਾ। ਆਹ ਗੁਰੂ ਸਾਹਿਬ ਕੀ ਕਰਨ ਲੱਗ ਗਏ? ਆਪਾਂ ਨੂੰ ਹੀ ਮਰਵਾਉਣ ਲੱਗ ਗਏ।" ਆਪਣਾ ਬਣਾ ਲਿਆ ਨਾਲ ਹੁਣ ਭਾਈ ਦਯਾ ਸਿੰਘ ਨੂੰ।

ਕਹਿੰਦਾ, "ਕੱਲ੍ਹ ਨੂੰ ਮੈਨੂੰ ਕਹਿੰਦੇ ਹਾਥੀ ਨਾਲ ਲੜ। ਹਾਥੀ ਨਾਲ ਲੜਨਾ ਕਿਤੇ ਖੇਡ ਹੈ? ਤੇ ਮੈਂ ਕਿੰਨੀ ਸੇਵਾ ਕਰਦਾ ਹਾਂ, ਕਿੰਨੇ ਸਿੱਖ ਲੈ ਕੇ ਆਉਂਦਾ ਹਾਂ, ਕਿੰਨੀ ਭੇਟਾ ਲਿਆਉਂਦਾ ਹਾਂ। ਆਹੀ ਮੈਨੂੰ ਫਲ ਮਿਲਣਾ ਸੀ ਕਿ ਹਾਥੀ ਤੋਂ ਮਰਵਾਉਣਾ ਹੈ?"

ਭਾਈ ਸਾਹਿਬ ਕਹਿੰਦੇ, "ਭਾਈ ਦੁਨੀ ਚੰਦ! ਤੂੰ ਹੌਸਲਾ ਨਾ ਹਾਰ। ਬਲ ਤਾਂ ਗੁਰੂ ਮਹਾਰਾਜ ਜੀ ਦਾ ਕੰਮ ਕਰਨਾ ਹੈ। ਤੈਥੋਂ ਤਾਂ ਇਹ ਕੰਮ ਕਰਵਾਉਣਾ ਹੈ, ਤੇਰੀ ਤਾਂ ਨੇਕ ਨਾਮੀ ਹੋਣੀ ਹੈ।"

ਕਹਿੰਦਾ, "ਸੁਆਹ ਨੇਕ ਨਾਮੀ, ਮਰਨ ਤੋਂ ਬਾਅਦ ਹੋਈ ਜਾਵੇ ਜਿਹੜੀ ਹੋਣੀ ਹੈ। ਜਦੋਂ ਦੇਖਿਆ ਕਿ ਨਾਲ ਨਹੀਂ ਰਲਦੇ, ਫੇਰ ਬਾਬੇ ਬੁੱਢੇ ਕਿਆਂ ਦੇ ਕੋਲ ਚਲਿਆ ਗਿਆ - ਬਾਬਾ ਗੁਰਬਖਸ਼ ਸਿੰਘ ਕੋਲ, ਬਾਬਾ ਰਾਮ ਕੁਇਰ ਕੋਲ।

ਕਹਿਣ ਲੱਗਿਆ, "ਦੇਖੋ! ਤੁਸੀਂ ਹੋ ਰਾਮਦਾਸ ਦੇ। ਮੈਂ ਵੀ ਮਾਝੇ ਦਾ ਤੇ ਤੁਸੀਂ ਵੀ ਮਾਝੇ ਦੇ। ਆਹ ਗੁਰੂ ਸਾਹਿਬ ਕੀ ਕਰਨ ਲੱਗ ਗਏ? ਮੈਨੂੰ ਮਰਵਾਉਂਦੇ ਨੇ। ਪਹਿਲੇ ਗੁਰੂ ਦੇਖੋ, ਗੁਰੂ ਨਾਨਕ ਸਾਹਿਬ ਤੋਂ ਦੇਖੋ, ਕੋਈ ਲੜਾਈ ਲੜਦਾ ਸੀ? ਇਨ੍ਹਾਂ ਨੂੰ ਤਾਂ ਜਿਵੇਂ ਲੜਨ ਦਾ ਸ਼ੌਕ ਹੀ ਲੱਗਿਆ ਹੁੰਦਾ ਹੈ।"

ਸੋ ਨਿੰਦਿਆ ਕਰਦਾ ਹੈ। ਕਿੰਨੀਆਂ ਹੀ ਗੱਲਾਂ ਕਹਿ ਦਿੱਤੀਆਂ।

ਉਹ ਕਹਿੰਦੇ, "ਓ ਗੁਰਮੁਖਾ! ਇਹ ਤਾਂ ਗੁਰੂ ਦੀ ਮਾਇਆ ਹੈ। ਤੂੰ ਡੋਲ ਨਾ, ਤੈਨੂੰ ਤਾਂ ਨੇਕ-ਨਾਮੀ ਮਿਲਣੀ ਹੈ।"

ਨਹੀਂ ਡਟਦਾ ਕਿਉਂਕਿ ਸਾਧ ਸੰਗਤ ਜੀ! ਸਤਿਗੁਰੂ ਦੀ ਮਾਇਆ ਜਿਹੜੀ ਹੈ ਇਸ ਨੂੰ ਜਣਾ-ਖਣਾ ਨਹੀਂ ਸਹਿ ਸਕਦਾ। ਏਸ ਤਰ੍ਹਾਂ ਫੁਰਮਾਨ ਹੈ -

*ਧਾਰਨਾ - ਇਹ ਮਾਇਆ ਸਤਿਗੁਰੂ ਦੀ,*
*ਪਿਆਰਿਓ ਝੱਲਣੀ ਹੈ ਅਤਿ ਔਖੀ -2, 2.*
*ਝੱਲਣੀ ਹੈ ਅਤਿ ਔਖੀ ਪਿਆਰੇ -2, 2.*
*ਇਹ ਮਾਇਆ ਸਤਿਗੁਰੂ ਦੀ,...... -2.*

ਕਹਿਣ ਲੱਗਾ, "ਬਾਬਾ ਜੀ! ਤੁਹਾਡੇ ਵਿਚ ਤਾਂ ਸ਼ਕਤੀ ਹੈ ਕਿ ਜਿਸ ਦੇ ਤਿਲਕ ਲਾ ਦੇਵੋਂ, ਓਹੀ ਗੁਰੂ ਹੋ ਜਾਂਦਾ ਹੈ।"

ਕਹਿੰਦੇ, "ਫੇਰ?"

ਹੁਣ ਅਕਲ ਕੰਮ ਕਰ ਰਹੀ ਹੈ, ਭਰੋਸਾ ਨਹੀਂ ਕੰਮ ਕਰ ਰਿਹਾ।

ਬਾਬਾ ਜੀ ਕਹਿਣ ਲੱਗੇ, "ਪ੍ਰੇਮੀਆਂ! ਇਹ ਤਾਂ ਸਤਿਗੁਰੂ ਦੀ ਮਾਇਆ ਹੈ, ਤੂੰ ਤਕੜਾ ਹੋ, ਹੌਸਲਾ ਕਰ। ਤੈਨੂੰ ਕੋਈ ਮਰਵਾਉਣ ਵਾਸਤੇ ਕਹਿੰਦੇ ਨੇ? ਬਲ ਤਾਂ ਓਨ੍ਹਾਂ ਨੇ ਦੇਣਾ ਹੈ।"

ਕਹਿੰਦਾ, "ਨਾ! ਮੈਂ ਦੇਖਦਾ ਹਾਂ ਕੁਝ ਨਹੀਂ ਉਹ ਕਰਦੇ। ਆਹ ਦੇਖੋ ਕਿੰਨੇ ਸਿੰਘ ਰੋਜ਼ ਸ਼ਹੀਦ ਹੁੰਦੇ ਨੇ। ਜੇ ਉਹ ਕੁਝ ਕਰਨ ਫੇਰ ਤਾਂ ਇਕ ਵੀ ਸ਼ਹੀਦ ਨਾ ਹੋਵੇ।"

ਏਸ ਤਰ੍ਹਾਂ ਦੀਆਂ ਕੱਚੀਆਂ-ਪਿੱਲੀਆਂ ਗੱਲਾਂ ਕਰੀਆਂ। ਹੋਰ ਵੀ ਜਿਹੜੇ ਮਾਝੇ ਦੇ ਚੰਗੇ-ਚੰਗੇ ਸਿੱਖ ਸੀ, ਉਨ੍ਹਾਂ ਕੋਲ ਜਾਂਦਾ ਹੈ। ਦੂਜਿਆਂ ਨੂੰ ਵੀ ਵਰਗਲਾਉਂਦਾ ਹੈ। ਅਖੀਰ ਆਪਣੇ ਡੇਰੇ ਆ ਗਿਆ ਤੇ ਸਾਥ ਨਾ ਕਿਸੇ ਨੇ ਦਿੱਤਾ। ਉਥੇ ਆ ਕੇ ਸਾਰਿਆਂ ਨੂੰ ਬੁਲਾ ਲਿਆ ਜਿਹੜੀ ਸੰਗਤ ਲੈ ਕੇ ਆਇਆ ਸੀ।

ਕਹਿੰਦਾ, "ਲਓ ਬਈ ਪ੍ਰੇਮੀਓ! ਆਪਣਾ ਤਾਂ ਦੋ ਟੁਕ ਹੋ ਗਿਆ ਕੰਮ। ਗੁਰੂ ਤਾਂ ਆਪਾਂ ਨੂੰ ਮਰਵਾਉਣ ਲੱਗਿਆ ਹੋਇਆ ਹੈ। ਮੈਨੂੰ ਮਰਨ ਲਈ ਕਿਹਾ ਹੈ ਤੇ ਮੇਰੇ ਨਾਲ ਤੁਸੀਂ ਸਭ ਨੇ ਜਾਣਾ ਹੈ ਤੇ ਆਪਾਂ ਤਾਂ ਸਾਰੇ ਖਤਮ ਹਾਂ। ਸਾਨੂੰ ਗੁਰੂ ਦੀ ਹੀ ਲੋੜ ਹੈ ਨਾ? ਆਪਾਂ ਚੱਲ ਕੇ ਧੀਰ ਮੱਲ ਨੂੰ ਬਣਾਉਂਦੇ ਹਾਂ ਗੁਰੂ। ਬਥੇਰੀ ਮਾਝੇ ਦੀ ਸੰਗਤ ਹੈ ਮੇਰੇ ਨਾਲ, ਕਿਉਂ ਇਥੇ ਲੜ ਕੇ ਮਰਦੇ ਹਾਂ?"

ਸੋ ਵਿਉਂਤ ਬਣਾ ਲਈ। ਅੱਧੀ ਰਾਤ ਹੋ ਗਈ। ਲੱਜਾਂ (ਵੱਡੀਆਂ ਲੰਮੀਆਂ ਰੱਸੀਆਂ) ਲੈ ਲਈਆਂ। ਜਿਥੇ ਦੇਖਿਆ ਪਹਿਰੇਦਾਰ ਘੱਟ ਨੇ, ਉਸ ਥਾਂ ਤੋਂ ਹਨ੍ਹੇਰੇ ਵਿਚ ਲੱਜ ਪਾ ਲਈ ਤੇ ਲੱਜਾਂ ਦੇ ਨਾਲ ਉਤਰਨਾ ਸ਼ੁਰੂ ਕਰ ਦਿੱਤਾ। ਆਪ ਉਪਰ ਖੜ੍ਹਾ ਉਤਾਰ ਰਿਹਾ ਹੈ ਤੇ ਕਿੰਨੇ ਹੀ ਬੰਦੇ ਕੱਢ ਦਿੱਤੇ ਤੇ ਅਖੀਰ ਵਿਚ ਆਪ ਉਤਰਨ ਲੱਗਿਆ। ਜਦੋਂ ਵਿਚਾਲੇ ਆਇਆ, ਕਿਉਂਕਿ ਭਾਰਾ ਸੀ ਕਈ ਕੁਇੰਟਲ ਦਾ, ਲੱਜ ਤੋਂ ਬੋਝ ਸਹਿ ਨਾ ਹੋਇਆ, ਧੜੰਮ ਥੱਲੇ ਗਿਰਿਆ, ਗਿਰਦੇ ਦੀ ਹੀ ਲੱਤ ਟੁੱਟ ਗਈ, ਹਾਏ-ਹਾਏ ਕਰਨ ਲੱਗ ਗਿਆ। ਨਾਲ ਦੇ ਸਿੱਖ ਕਹਿੰਦੇ ਰੌਲਾ ਨਾ ਪਾਓ, ਫੜ ਕੇ ਲੈ ਜਾਣਗੇ। ਚੁੱਪ ਕਰੋ, ਅੱਗੇ ਜਾ ਕੇ ਕਰ ਲਿਓ। ਉਥੋਂ ਮੰਜਾ ਲੈ ਆਂਦਾ ਕੋਈ, ਉਸ ਦੇ ਉਤੇ ਪਾ ਕੇ ਲਈ ਜਾਂਦੇ ਨੇ। ਸਾਧ ਸੰਗਤ ਜੀ! ਇਉਂ ਝੜ ਜਾਂਦੇ ਨੇ ਕੱਚੇ ਜਿਹੜੇ ਹੁੰਦੇ ਨੇ -

*ਧਾਰਨਾ - ਕੱਚੇ ਝੜ ਗਏ ਸਿਦਕ ਤੋਂ ਹੀਣੇ,*
*ਪਿੱਠ ਦੇ ਕੇ ਸਤਿਗੁਰੂ ਨੂੰ - 2, 2.*
*ਮੇਰੇ ਪਿਆਰੇ, ਪਿੱਠ ਦੇ ਕੇ ਸਤਿਗੁਰੂ ਨੂੰ -2.*
*ਕੱਚੇ ਝੜ ਗਏ ਸਿਦਕ ਤੋਂ ਹੀਣੇ,.......2*

*ਝੜਿ ਝੜਿ ਪਵਦੇ ਕਚੇ ਬਿਰਹੀ ਜਿਨ੍ਾ ਕਾਰਿ ਨ ਆਈ॥*
*ਪੰਨਾ - 1425*

ਪਿੱਠ ਦੇ ਗਏ ਗੁਰੂ ਦਸਮੇਸ਼ ਪਿਤਾ ਨੂੰ। ਤੁਰੇ ਜਾਂਦੇ ਨੇ, ਬਹੁਤਿਆਂ ਦੇ ਮਨ ਡੋਲ ਰਹੇ ਨੇ, ਕਹਿੰਦੇ ਫੇਰ ਵੀ ਤਾਂ ਮਰਨਾ ਹੈ। ਕਿੱਡੀ ਗਲਤੀ ਕਰੀ ਅਸੀਂ ਕਿ ਗੁਰੂ ਮਹਾਰਾਜ ਜੀ ਨੂੰ ਐਸੇ ਮੌਕੇ ਤੇ ਪਿੱਠ ਦੇ ਕੇ ਆ ਗਏ। ਚਲਦੇ ਚਲਦੇ ਮਾਝੇ 'ਚ ਪਹੁੰਚ ਗਏ। ਆਪਣੇ ਘਰ ਪਹੁੰਚ ਗਿਆ। ਉਥੇ ਜਦੋਂ ਪਤਾ ਲੱਗਿਆ, ਬੇਅੰਤ ਸੰਗਤ ਮਿਲਣ ਆਉਂਦੀ ਹੈ, ਹਰੇਕ ਹੀ ਕਹਿੰਦਾ ਹੈ ਕਿ ਤੂੰ ਇਹ ਮਾੜਾ ਕੰਮ ਕਰਿਆ। ਘਰਵਾਲੀ ਨੂੰ ਅਤੇ ਸੇਵਾਦਾਰਾਂ ਨੂੰ ਕਿਹਾ ਕਿ ਮੈਨੂੰ ਕੋਈ ਨਾ ਮਿਲੇ।

ਕਹਿਣ ਲੱਗੇ, "ਮਹਾਰਾਜ! ਤੁਹਾਡਾ ਮੰਜਾ ਬਾਹਰ ਹੈ, ਸਭ ਨੇ ਮਿਲਣਾ ਹੈ।"

ਕਹਿੰਦਾ, "ਕੋਠੜੀ ਵਿਚ ਡਾਹ ਦਿਓ।" ਮੰਜਾ ਚੁੱਕ ਕੇ ਕੋਠੜੀ ਵਿਚ ਡਾਹ ਦਿੱਤਾ, ਉਥੇ ਕਾਲਾ ਨਾਗ ਰਹਿੰਦਾ ਸੀ। ਲੱਤ ਟੁੱਟੀ ਹੋਈ ਹੈ, ਹਾਏ ਹਾਏ ਕਰੀ ਜਾਂਦਾ ਹੈ। ਮੰਜਾ ਅੰਦਰ ਡਾਹ ਕੇ ਜਦੋਂ ਬਿਠਾਇਆ ਤੇ ਇਸ ਨੇ ਲੱਤ ਹੇਠਾਂ ਰੱਖੀ, ਉਦੋਂ ਹੀ ਕਾਲੇ ਨਾਗ ਨੇ ਡੰਗ ਮਾਰਿਆ।

ਕਹਿੰਦਾ, "ਓਏ! ਖਾ ਲਿਆ ਸੱਪ ਨੇ, ਮਰ ਗਿਆ ਮੈਂ।"

ਉਸ ਵੇਲੇ ਸਿਆਣੇ ਬੰਦੇ ਕਹਿੰਦੇ, "ਓ ਦੁਨੀਚੰਦ! ਮੌਤ ਤਾਂ ਰੁਕ ਨਹੀਂ ਸਕਦੀ ਪਰ ਸਾਰੀ ਜ਼ਿੰਦਗੀ ਦੀ ਕੀਤੀ ਹੋਈ ਅਖੀਰ ਵਿਚ ਗੁਆ ਲਈ ਤੂੰ, ਤੇ ਹੁਣ ਜਿਹੜੀ ਤੇਰੀ ਮੌਤ ਹੈ ਇਹ ਨਿੰਦਣ ਵਾਲੀ ਮੌਤ ਹੈ, ਇਹ ਕੋਈ ਸਲਾਹੁਣ ਵਾਲੀ ਮੌਤ ਨਹੀਂ ਹੈ।"

***ਧਾਰਨਾ - ਕਿਉਂ ਜਨਮ ਗਵਾ ਲਿਆ ਓ,***
***ਮੂਰਖਾ, ਗੁਰਾਂ ਤੋਂ ਬੇਮੁਖ ਹੋ ਕੇ -2, 2.***
***ਗੁਰਾਂ ਤੋਂ ਬੇਮੁਖ ਹੋ ਕੇ ਮੂਰਖਾ -2, 2.***
***ਕਿਉਂ ਜਨਮ ਗਵਾ ਲਿਆ ਓ,... -2.***

***ਮਨਮੁਖਿ ਆਵੈ ਮਨਮੁਖਿ ਜਾਵੈ॥***
***ਮਨਮੁਖਿ ਫਿਰਿ ਫਿਰਿ ਚੋਟਾ ਖਾਵੈ॥***
***ਜਿਤਨੇ ਨਰਕ ਸੇ ਮਨਮੁਖਿ ਭੋਗੈ ਗੁਰਮੁਖਿ ਲੇਪੁ ਨ ਮਾਸਾ ਹੇ॥***
***ਪੰਨਾ - 1073***

ਕਹਿੰਦੇ, "ਓ ਪ੍ਰੇਮੀਆਂ! ਮੌਤ ਤਾਂ ਟਲਣੀ ਨਹੀਂ ਸੀ ਤੇ ਹੁਣ ਗੁਰੂ ਤੋਂ ਬੇਮੁਖ ਹੋ ਗਿਆ।"

ਏਧਰ ਗੁਰੂ ਦਸਵੇਂ ਪਾਤਿਸ਼ਾਹ ਜੀ ਨੂੰ ਸਵੇਰੇ ਹੀ ਸਿੰਘਾਂ ਨੇ ਦੱਸਿਆ ਕਿ ਮਹਾਰਾਜ! ਤੁਹਾਡਾ ਹਾਥੀ ਤਾਂ ਨੱਠ ਗਿਆ ਰਾਤ।

ਮਹਾਰਾਜ ਜੀ ਕਹਿੰਦੇ, "ਮੌਤ ਤੋਂ ਡਰਦਾ ਨੱਠਿਆ ਹੈ ਉਹ। ਟਲ ਜਾਣੀ ਸੀ ਇਥੇ ਮੌਤ ਉਸ ਦੀ ਪਰ ਹੁਣ ਤਾਂ ਤਿਆਰ ਹੀ ਖੜ੍ਹੀ ਹੈ ਜਾਂਦੇ ਨੂੰ।"

ਕਹਿੰਦੇ, "ਮਹਾਰਾਜ! ਹੁਣ ਕੀ ਹੋਏਗਾ?"

ਮਹਾਰਾਜ ਜੀ ਕਹਿੰਦੇ, "ਸਾਡਾ ਸ਼ੇਰ ਖੜ੍ਹਾ ਹੈ - ਬਚਿੱਤਰ ਸਿੰਘ।"

ਨਾਉਂ ਲੈਣ ਦੀ ਦੇਰ ਸੀ, ਜੈਕਾਰੇ ਬੁਲਾਉਣ ਲੱਗ ਗਿਆ, ਚਾਓ ਚੜ੍ਹ ਗਿਆ ਕਿ ਮਹਾਰਾਜ ਜੀ ਨੇ ਅੱਜ ਮੈਨੂੰ ਆਪਣਾ ਬਲ ਦੇਣਾ ਹੈ। ਚਰਨਾਂ ਤੇ ਆ ਕੇ ਨਮਸ਼ਕਾਰ ਕੀਤੀ।

ਕਹਿੰਦਾ, "ਪਾਤਿਸ਼ਾਹ! ਮੇਰੇ ਵਿਚ ਬਲ ਨਹੀਂ ਹੈ, ਆਪ ਬਲ ਦੇਵੋਗੇ ਤਾਂ ਇਕ ਹਾਥੀ ਤਾਂ ਕੀ, ਕੁਝ ਕਰਾ ਲਓ ਚਾਹੇ।"

ਸੋ ਉਧਰੋਂ ਹਾਥੀ ਨੂੰ ਸਵਾ ਮਣ ਸ਼ਰਾਬ ਪਿਲਾ ਕੇ, ਤਲਵਾਰ ਉਸ ਦੀ ਸੁੰਡ ਦੇ ਨਾਲ ਬੰਨ੍ਹ ਕੇ, ਸਾਰੇ ਬਰਛਿਆਂ ਦੇ ਨਾਲ ਹੱਕੀਂ ਆਉਂਦੇ ਨੇ ਦਰਵਾਜ਼ੇ ਵੱਲ ਨੂੰ।

ਸਿੰਘ ਕਹਿੰਦੇ, "ਮਹਾਰਾਜ! ਨੇੜੇ ਹੀ ਆ ਗਏ।"

ਮਹਾਰਾਜ ਜੀ ਕਹਿੰਦੇ, "ਕੋਈ ਨਾ! ਸਾਡਾ ਸ਼ੇਰ ਜਾਣ ਨੂੰ ਤਿਆਰ ਹੈ।"

ਮਹਾਰਾਜ ਜੀ ਨੇ ਤੋਸ਼ੇਖਾਨੇ ਵਿਚੋਂ ਨਾਗਣੀ ਮੰਗਾਈ, ਦੱਸਿਆ ਵਲ ਕਿ ਏਸ ਤਰ੍ਹਾਂ ਮਾਰਨੀ ਹੈ। ਸਾਰੀ ਗੱਲ ਸਮਝਾ ਦਿੱਤੀ।

ਏਧਰ ਉਦੈ ਸਿੰਘ ਨੂੰ ਕਹਿਣ ਲੱਗੇ, "ਜਦੋਂ ਇਹ ਹਾਥੀ ਨੂੰ ਜਖਮੀ ਕਰ ਦੇਵੇ ਤਾਂ ਹਾਥੀ ਨੇ ਪਿੱਛੇ ਨੂੰ ਹਟਣਾ ਹੈ। ਉਸ ਵੇਲੇ ਹਫੜਾ ਤਫੜੀ ਪੈਣੀ ਹੈ ਤੇ ਤੇਰਾ ਕੀ ਕੰਮ ਹੈ?"

ਕਹਿੰਦਾ, "ਮਹਾਰਾਜ! ਜੋ ਹੁਕਮ ਹੋਵੇ।"

ਕਹਿੰਦੇ, "ਤੂੰ ਕੇਸਰੀ ਚੰਦ ਦਾ ਸਿਰ ਲਿਆਉਣਾ ਹੈ। ਬਹੁਤ ਘੁਮੰਡੀ ਹੈ ਇਹ, ਬੜਾ ਅਭਿਮਾਨ ਹੈ ਇਹਦੇ ਅੰਦਰ।"

ਸੋ ਇਸੇ ਤਰ੍ਹਾਂ ਹੋਇਆ। ਜਦੋਂ ਫੌਜ ਨੇੜੇ ਆ ਗਈ, ਜਦੋਂ ਲੋਹਗੜ੍ਹ ਕਿਲ੍ਹੇ ਦੇ ਦਰਵਾਜ਼ੇ ਤੇ ਟੱਕਰ ਮਾਰਨ ਲੱਗੇ, ਬਚਿੱਤਰ ਸਿੰਘ ਉਸੇ ਵੇਲੇ ਘੋੜੇ ਤੇ ਸਵਾਰ ਹੋ ਕੇ ਬਾਹਰ ਨਿਕਲ ਆਇਆ ਇਕੱਲਾ ਹੀ। ਉਧਰੋਂ ਹਾਥੀ ਆਉਂਦਾ ਹੈ ਤੇ ਏਧਰੋਂ ਇਹ ਸ਼ੇਰ ਜਾਂਦਾ ਹੈ। ਜਾਂਦੇ ਨੇ ਹੀ ਰਕਾਬਾਂ ਤੇ ਪੈਰ ਟਕਾਅ ਕੇ ਪੂਰੇ ਜ਼ੋਰ ਦੇ ਨਾਲ ਗੁਰੂ ਕਲਗੀਧਰ ਦਾ ਧਿਆਨ ਧਰ ਕੇ ਨਾਗਣੀ ਮਾਰੀ ਤੇ ਉਹ ਤਵੇ ਚੀਰਦੀ ਹੋਈ ਹਾਥੀ ਦੇ ਸਿਰ ਵਿਚ ਧਸ ਗਈ, ਚੀਕਾਂ ਮਾਰਦਾ ਹਾਥੀ ਉੱਚੀ-ਉੱਚੀ, ਪਿਛੇ ਨੂੰ ਮੁੜ ਗਿਆ। ਫੌਜ ਨੂੰ ਮਿਧਦਾ ਹੀ ਤੁਰਿਆ ਜਾਂਦਾ ਹੈ, ਹਫੜਾ ਤਫੜੀ ਮਚ ਗਈ। ਉਦੈ ਸਿੰਘ ਨੇ ਉਸੇ ਵੇਲੇ ਥੋੜ੍ਹੇ-ਜਿਹੇ ਸਿੰਘ ਨਾਲ ਲੈ ਕੇ ਕੇਸਰੀ ਚੰਦ ਦਾ ਸਿਰ ਵੱਢ ਲਿਆ। ਸੋ ਇਹ ਕਰਦਾ ਕਰਾਉਂਦਾ ਗੁਰੂ ਹੈ, ਪਰ ਕੱਚੇ ਬੰਦਿਆਂ ਦਾ ਨਿਹਚਾ ਹਿੱਲ ਜਾਇਆ ਕਰਦਾ ਹੈ।

ਇਕ ਵਾਰੀ ਐਸਾ ਬਚਨ ਸੰਗਤ ਵਿਚ ਚੱਲ ਪਿਆ ਕਿ ਸਿੱਖ ਕਿੰਨੀ-ਕੁ ਗੁਰੂ ਦੀ ਝਾਲ ਝੱਲ ਸਕਦਾ ਹੈ। ਪੇਪਰ ਤਾਂ ਪੈਂਦੇ ਹੀ ਰਹਿੰਦੇ ਨੇ ਪਰ ਭਾਈ ਮੰਝ ਵਰਗਾ ਇਮਤਿਹਾਨ ਕਿਸੇ ਤੇ ਨਹੀਂ ਪਿਆ। ਬਹੁਤ ਔਖਾ ਪੇਪਰ ਸੀ ਉਹ, ਸਾਧ ਸੰਗਤ ਜੀ! ਉਸ ਵੇਲੇ ਭਾਈ ਗੁਰਦਾਸ ਜੀ ਬੈਠੇ ਨੇ, ਬਾਬਾ ਬੁਢਾ ਜੀ ਬੈਠੇ ਨੇ ਤੇ ਹੋਰ ਵੱਡੇ-ਵੱਡੇ ਨਾਮੀ ਸਿੱਖ, ਭਾਈ ਬਿਧੀ ਚੰਦ ਜੀ, ਭਾਈ ਜੇਠਾ ਜੀ, ਭਾਈ ਭਗਤੂ ਜੀ, ਭਾਈ ਬਹਿਲੋ ਜੀ, ਭਾਈ ਪ੍ਰਾਣਾ ਜੀ, ਭਾਈ ਪ੍ਰਾਗਾ ਜੀ, ਭਾਈ ਲਾਲ ਜੀ, ਭਾਈ ਮਈਆ ਜੀ, ਆਦਿ ਪੂਰੇ ਬ੍ਰਹਮਗਿਆਨ ਦੀ ਅਵਸਥਾ ਵਾਲੇ ਸਿੱਖ ਬੈਠੇ ਨੇ ਤਾਂ ਬਚਨ ਇਹ ਚੱਲ ਪਿਆ ਕਿ ਸਿੱਖ ਗੁਰੂ ਦੀ ਕਸਵੱਟੀ ਸਹਿ ਸਕਦਾ ਹੈ ਜਾਂ ਨਹੀਂ। ਸਾਰੇ ਚੁੱਪ ਕਰ ਗਏ। ਕਹਿੰਦੇ ਦੱਸੋ ਮਹਾਂਪੁਰਸ਼ੋ! ਤੁਸੀਂ ਐਡੇ ਵੱਡੇ-ਵੱਡੇ ਸੰਤ ਮਹਾਂਪੁਰਸ਼ ਬੈਠੇ ਹੋ। ਕਹਿੰਦੇ ਕਿ ਗੁਰੂ ਦੀ ਕਸਵੱਟੀ ਤਾਂ ਹੈ ਔਖੀ, ਉਹ ਤਾਂ ਸਹਿ ਹੁੰਦੀ ਹੈ ਜੇ ਗੁਰੂ ਕਿਰਪਾ ਕਰੇ। ਵੈਸੇ ਸਿੱਖ ਦੇ ਵਿਚ ਇਹ ਬਲ ਨਹੀਂ ਹੈ ਕਿ ਗੁਰੂ ਦੀ ਲੱਗੀ ਹੋਈ ਕਸਵੱਟੀ ਸਿੱਖ ਸਹਿ ਜਾਵੇ।

ਉਸ ਵੇਲੇ ਭਾਈ ਗੁਰਦਾਸ ਜੀ ਕਹਿੰਦੇ, "ਨਹੀਂ! ਮੈਂ ਨਹੀਂ ਸਹਿਮਤ ਏਸ ਗੱਲ ਨਾਲ।"

ਕਹਿੰਦੇ, "ਫੇਰ ਤੁਹਾਡਾ ਕੀ ਮੱਤ ਹੈ?"

ਭਾਈ ਗੁਰਦਾਸ ਜੀ ਕਹਿੰਦੇ, "ਦੇਖੋ! ਦਾਣੇ ਜੇ ਭੁੱਜ ਜਾਣ ਤਾਂ ਇਹ ਦੁਬਾਰਾ ਹਰੇ ਨਹੀਂ ਹੋਇਆ ਕਰਦੇ। ਜਿਸ ਨੂੰ ਬ੍ਰਹਮਗਿਆਨ ਹੋ ਜਾਵੇ ਤੇ ਪੁਰਾਣੇ ਸੰਸਕਾਰਾਂ ਦੇ ਦਾਣੇ ਭੁੱਜ ਜਾਣ, ਉਹ ਸਿੱਖ ਨਹੀਂ ਡੋਲਿਆ ਕਰਦਾ।"

ਉਹ ਕਹਿੰਦੇ, "ਨਹੀਂ! ਚਾਹੇ ਬ੍ਰਹਮਗਿਆਨ ਵੀ ਹੋ ਜਾਵੇ, ਕਿੱਡੀ ਵੀ ਵੱਡੀ ਪ੍ਰਾਪਤੀ ਹੋ ਜਾਵੇ, ਗੁਰੂ ਦੀ ਮਿਹਰ ਤੋਂ ਬਗੈਰ ਸਿੱਖ ਕਾਇਮ ਨਹੀਂ ਰਿਹਾ ਕਰਦਾ, ਸਿੱਖ ਵਿਚ ਤਾਕਤ ਨਹੀਂ ਹੈ।"

ਜਦੋਂ ਇਹ ਗੱਲ ਚਲਦੀ ਹੈ ਤਾਂ ਗੁਰੂ ਛੇਵੇਂ ਪਾਤਿਸ਼ਾਹ ਸੁਣ ਰਹੇ ਨੇ ਕੋਲ ਹੀ, ਨੇੜੇ ਹੀ ਬੈਠੇ ਨੇ, ਬਚਨ ਸੁਣ ਰਹੇ ਨੇ ਤੇ ਮੁਸਕਰਾ ਰਹੇ ਨੇ। ਓਧਰ ਸਾਰੇ ਗੁਰਸਿੱਖ ਕਹਿੰਦੇ ਕਿ ਨਹੀਂ! ਗੁਰੂ ਦੀ ਕਿਰਪਾ ਤੋਂ ਬਗੈਰ ਨਹੀਂ ਲੰਘਿਆ ਜਾਂਦਾ। ਭਾਈ ਗੁਰਦਾਸ ਜੀ ਇਸ ਗੱਲ ਤੇ ਨੇ ਕਿ ਸਿੱਖ ਜਿਹੜਾ ਸੱਚੇ ਦਿਲੋਂ ਸਿੱਖ ਬਣ ਗਿਆ, ਜਿਸ ਨੂੰ ਗਿਆਨ ਹੋ ਗਿਆ, ਗੁਰੂ ਦੀ ਕਿਰਪਾ ਹੋ ਗਈ, ਉਹ ਸਿੱਖ ਕਸਵੱਟੀ ਸਹਿ ਜਾਂਦਾ ਹੈ, ਏਸ ਤਰ੍ਹਾਂ ਕਹਿੰਦੇ ਨੇ –

*ਧਾਰਨਾ – ਕਦੇ ਸਿੱਖ ਸਿਦਕੋਂ ਨਾ ਡੋਲੇ,*
*ਧਰਤੀ ਬੇਸ਼ਕ ਡੋਲ ਜਾਏ –2, 2.*
*ਮੇਰੇ ਪਿਆਰੇ, ਧਰਤੀ ਬੇਸ਼ਕ ਡੋਲ ਜਾਏ –2, 2.*
*ਕਦੇ ਸਿੱਖ ਸਿਦਕੋਂ ਨਾ ਡੋਲੇ,......... –2.*

*ਜੇ ਮਾਂ ਹੋਵੈ ਜਾਰਨੀ ਕਿਉ ਪੁਤੁ ਪਤਾਰੇ।*
*ਗਾਈ ਮਾਣਕੁ ਨਿਗਲਿਆ ਪੇਟੁ ਪਾੜਿ ਨ ਮਾਰੇ।*
*ਜੇ ਪਿਰੁ ਬਹੁ ਘਰੁ ਹੰਢਣਾ ਸਤੁ ਰਖੈ ਨਾਰੇ।*
*ਅਮਰੁ ਚਲਾਵੈ ਚੰਮ ਦੇ ਚਾਕਰ ਵੇਚਾਰੇ।*
*ਜੇ ਮਦੁ ਪੀਤਾ ਬਾਮਣੀ ਲੋਇ ਲੁਝਨਿ ਸਾਰੇ।*
*ਜੇ ਗੁਰ ਸਾਂਗਿ ਵਰਤਦਾ ਸਿਖੁ ਸਿਦਕੁ ਨ ਹਾਰੇ॥ ਭਾਈ ਗੁਰਦਾਸ ਜੀ ਦੀ ਵਾਰ 35/20*

*ਧਰਤੀ ਉਪਰਿ ਕੋਟਗੜ ਭੁਇਚਾਲ ਕਮੰਦੇ।*
*ਝਖੜਿ ਆਏ ਤਰੁਵਰਾ ਸਰਬਤ ਹਲੰਦੇ।*
*ਡਵਿ ਲਗੈ ਉਜਾੜਿ ਵਿਚਿ ਸਭ ਘਾਹ ਜਲੰਦੇ।*
*ਹੜ ਆਏ ਕਿਨਿ ਥੰਮੀਅਨਿ ਦਰੀਆਉ ਵਹੰਦੇ।*
*ਅੰਬਰਿ ਪਾਟੇ ਥਿਗਲੀ ਕੂੜਿਆਰ ਕਰੰਦੇ।*
*ਸਾਂਗੈ ਅੰਦਰਿ ਸਾਬਤੇ ਸੇ ਵਿਰਲੇ ਬੰਦੇ॥ ਭਾਈ ਗੁਰਦਾਸ ਜੀ ਦੀ ਵਾਰ 35/21*

ਬਾਬਾ ਬੁੱਢਾ ਜੀ ਕਹਿਣ ਲੱਗੇ, "ਤਾਂ ਭਾਈ ਗੁਰਦਾਸ ਜੀ! ਤੁਸੀਂ ਬਹੁਤ ਉਚੇ ਗੁਰਸਿੱਖ ਹੋ, ਪਰਵਾਨ ਹੋ ਗੁਰੂ ਨੂੰ। ਗੁਰੂ ਗ੍ਰੰਥ ਸਾਹਿਬ ਦਾ ਇਕ ਤਰ੍ਹਾਂ ਨਾਲ ਤੁਸੀਂ ਅਨੁਵਾਦ ਕਰਿਆ ਹੈ, ਟੀਕਾ ਕਰਿਆ ਹੈ ਆਪਣੀ ਬਾਣੀ ਦੇ ਅੰਦਰ ਪਰ ਸਾਡਾ ਤਾਂ ਏਹੀ ਮੱਤ ਹੈ ਕਿ ਜਿੰਨਾਂ ਚਿਰ ਗੁਰੂ ਦੀ ਕਿਰਪਾ ਨਾ ਹੋਵੇ, ਓਨਾਂ ਚਿਰ ਸਿੱਖ ਨਹੀਂ ਕੁਝ ਕਰ ਸਦਕਾ, ਸਿੱਖ ਦੀ ਤਾਕਤ ਨਹੀਂ ਕਿ ਗੁਰੂ ਮਾਇਆ ਅੱਗੇ ਠਹਿਰ ਜਾਵੇ।"

ਤੇ ਆਪ ਨੇ ਫੁਰਮਾਨ ਕਰਿਆ ਕਿ –

*ਜੇ ਮਾਂ ਹੋਵੈ ਜਾਰਨੀ ਕਿਉ ਪੁਤੁ ਪਤਾਰੇ। ਭਾਈ ਗੁਰਦਾਸ ਜੀ ਦੀ ਵਾਰ 35/20*

ਮਾਂ ਮਾੜੀ ਹੈ ਤਾਂ ਕਦੇ ਪੁੱਤ ਨਹੀਂ ਨਿੰਦਿਆ ਕਰਦਾ ਹੁੰਦਾ।

*ਗਾਈ ਮਾਣਕੁ ਨਿਗਲਿਆ ਪੇਟੁ ਪਾੜਿ ਨ ਮਾਰੇ। ਭਾਈ ਗੁਰਦਾਸ ਜੀ ਦੀ ਵਾਰ 35/20*

ਜੇ ਗਾਂ ਨੇ ਹੀਰਾ ਖਾ ਲਿਆ ਹੋਵੇ ਤਾਂ ਵੀ ਪੇਟ ਪਾੜ ਕੇ ਉਸ ਨੂੰ ਮਾਰਦੇ ਨਹੀਂ ਕਿ ਹੀਰਾ ਕੱਢ ਲਈਏ।

***ਜੇ ਪਿਰੁ ਬਹੁ ਘਰੁ ਹੰਢਣਾ ਸਤੁ ਰਖੇ ਨਾਰੇ।*** ***ਭਾਈ ਗੁਰਦਾਸ ਜੀ ਦੀ ਵਾਰ 35/20***

ਜੇ ਕਿਸੇ ਇਸਤਰੀ ਦਾ ਪਤੀ ਖਰਾਬ ਹੈ, ਬਹੁਤੇ ਘਰਾਂ ਵਿਚ ਜਾਂਦਾ ਹੈ ਤਾਂ ਉਹ ਤਾਂ ਆਪਣਾ ਸਤ ਰੱਖਦੀ ਹੈ। ਉਹ ਤਾਂ ਨਹੀਂ ਆਪਣਾ ਸਤ ਖਰਾਬ ਕਰਦੀ।

***ਅਮਰੁ ਚਲਾਵੈ ਚੰਮ ਦੇ ਚਾਕਰ ਵੇਚਾਰੇ।***
***ਜੇ ਮਦੁ ਪੀਤਾ ਬਾਮਣੀ ਲੋਇ ਲੁਝਣਿ ਸਾਰੇ।*** ***ਭਾਈ ਗੁਰਦਾਸ ਜੀ ਦੀ ਵਾਰ 35/20***

ਜੇ ਬਾਹਮਣੀ ਪੀ ਲਵੇ ਸ਼ਰਾਬ ਤਾਂ ਸਾਰੇ ਕਹਿੰਦੇ ਨੇ, ਨਾ ਓਏ! ਗੱਲ ਨਾ ਕਰੋ, ਬੇਇਜ਼ਤੀ ਹੋਏਗੀ।

***ਜੇ ਗੁਰ ਸਾਂਗਿ ਵਰਤਦਾ ਸਿਖੁ ਸਿਦਕੁ ਨ ਹਾਰੇ॥*** ***ਭਾਈ ਗੁਰਦਾਸ ਜੀ ਦੀ ਵਾਰ 35/20***

ਇਸੇ ਤਰ੍ਹਾਂ ਜੇ ਗੁਰੂ ਸਾਂਗ ਵਰਤ ਲਏ ਤਾਂ ਸਿੱਖ ਸਿਦਕ ਨਹੀਂ ਹਾਰਦਾ। ਗੱਲ ਇਹ ਚੱਲ ਰਹੀ ਸੀ ਕਿ ਉਸ ਸਮੇਂ ਇਹ ਸਾਧ ਸੰਗਤ ਜੀ! ਸਾਰੀ ਰੀਤੀ ਗੁਰੂ ਛੇਵੇਂ ਪਾਤਿਸ਼ਾਹ ਨੇ ਬਦਲ ਦਿੱਤੀ। ਪਹਿਲਾਂ ਜਿਹੜੇ ਵੇਲੇ ਕਥਾ ਹੁੰਦੀ ਸੀ ਉਸ ਵੇਲੇ ਘੋਲ ਹੋਣੇ ਸ਼ੁਰੂ ਹੋ ਗਏ, ਸ਼ਸਤਰ ਵਿਦਿਆ ਸ਼ੁਰੂ ਹੋ ਗਈ। ਪੈਂਦੇ ਖਾਂ ਨੂੰ ਰੱਖ ਲਿਆ। ਮਹਾਰਾਜ ਜੀ ਦੇ ਨਾਲ ਉਹ ਵਰਜਿਸ਼ ਕਰਦਾ ਹੈ। ਜਿਹੜੇ ਪਹਿਲੇ ਮੁਖੀ ਸਿਖ ਸੀ ਉਹ ਬੁਰਾ ਮੰਨਣ ਲੱਗ ਗਏ ਕਿ ਆਹ ਕੀ ਹੋ ਗਿਆ, ਗੁਰੂ ਕਿਆਂ ਨੇ ਨਵਾਂ ਹੀ ਰਾਹ ਚਲਾ ਦਿੱਤਾ। ਭਾਈ ਗੁਰਦਾਸ ਜੀ ਨੇ ਇਕ ਵਾਰ ਲਿਖੀ ਹੈ ਇਸ ਦੇ ਉਤੇ ਕਿ ਬਾਹਰ ਨੂੰ ਚਲੇ ਜਾਂਦੇ ਨੇ, ਸ਼ਿਕਾਰ ਖੇਡਦੇ ਨੇ, ਰਾਜਿਆਂ ਵਾਂਗ ਰਹਿੰਦੇ ਨੇ, ਕਲਗੀਆਂ ਲਾਉਂਦੇ ਨੇ, ਸ਼ਸਤਰ ਪਹਿਨਦੇ ਨੇ ਤੇ ਆਹ ਕੀ ਹੋ ਗਿਆ ਗੁਰੂ ਕਿਆਂ ਨੂੰ? ਤੇ ਏਨੇ ਨੂੰ ਇਕ ਬੀਬੀ ਜਿਸ ਦਾ ਨਾਂ ਕੌਲਾਂ ਸੀ ਉਹ ਬ੍ਰਹਮਗਿਆਨ ਦੀ ਅਵਸਥਾ ਦੀ ਸੀ। ਸਾਈਂ ਮੀਆਂ ਮੀਰ ਜੀ ਦੀ ਮੁਰੀਦ ਸੀ ਉਹ ਤੇ ਕੋਈ ਐਸਾ ਘਰ ਵਿਚ ਕਲੇਸ਼ ਪਿਆ ਕਿ ਉਸ ਦੀ ਜਾਨ ਨੂੰ ਖਤਰਾ ਹੋ ਗਿਆ। ਉਸ ਨੇ ਮੀਆਂ ਮੀਰ ਜੀ ਨੂੰ ਕਿਹਾ ਕਿ ਮੇਰੀ ਰੱਖਿਆ ਕਰੋ। ਉਹ ਕਹਿੰਦੇ ਤੇਰੀ ਰੱਖਿਆ ਕੇਵਲ ਗੁਰੂ ਹਰਗੋਬਿੰਦ ਸਾਹਿਬ ਕਰ ਸਕਦੇ ਨੇ, ਹੋਰ ਨਹੀਂ ਕੋਈ ਕਰ ਸਕਦਾ। ਗੁਰੂ ਹਰਗੋਬਿੰਦ ਮਹਾਰਾਜ ਜੀ ਨੇ ਉਸ ਨੂੰ ਲੈ ਆਂਦਾ। ਇਥੋਂ ਬੜਾ ਕਲੇਸ਼ ਛਿੜ ਗਿਆ। ਵੱਡੇ-ਵੱਡੇ ਸਿੱਖ ਡੋਲ ਗਏ, ਕਹਿਣ ਲੱਗੇ ਦੇਖੋ ਜੀ! ਨਵਾਂ ਹੀ ਕੰਮ ਕਰ ਲਿਆ, ਕੌਲਾਂ ਨੂੰ ਲੈ ਆਂਦਾ, ਉਸ ਨੂੰ ਅੱਡ ਮਕਾਨ ਪਾ ਦਿੱਤਾ, ਉਸ ਦੇ ਕੋਲ ਜਾ ਕੇ ਬਹਿੰਦੇ ਨੇ। ਗੱਲ ਚਲਦੀ ਰਹੀ ਤੇ ਭਾਈ ਗੁਰਦਾਸ ਜੀ ਕਹਿਣ ਲੱਗੇ ਕਿ ਦੇਖੋ! ਗੁਰੂ ਦੇ ਸਾਂਗ ਵਰਤਦੇ ਨੇ ਤੇ ਸਿੱਖ ਸਿਦਕ ਨਹੀਂ ਹਾਰਦਾ ਹੁੰਦਾ। ਉਨ੍ਹਾਂ ਨੇ ਇਹ ਪਉੜੀ ਦੂਜੀ ਕਹੀ -

***ਧਰਤੀ ਉਪਰਿ ਕੋਟਗੜ ਭੁਇਚਾਲ ਕੰਮੰਦੇ॥*** ***ਭਾਈ ਗੁਰਦਾਸ ਜੀ ਦੀ ਵਾਰ 35/21***

ਜਦੋਂ ਭੂਚਾਲ ਆਉਂਦਾ ਹੈ ਉਦੋਂ ਕਿਲ੍ਹੇ ਵੀ, ਪਹਾੜ ਵੀ ਸਾਰੇ ਕੰਬਦੇ ਨੇ।

***ਝਖੜਿ ਆਏ ਤਰੁਵਰਾ ਸਰਬਤ ਹਲੰਦੇ।*** ***ਭਾਈ ਗੁਰਦਾਸ ਜੀ ਦੀ ਵਾਰ 35/21***

ਜਦੋਂ ਝੱਖੜ ਆ ਜਾਂਦਾ ਹੈ ਤਾਂ ਦਰਖਤ ਸਾਰੇ ਹਿਲਦੇ ਨੇ।

***ਡਵਿ ਲਗੈ ਉਜਾੜਿ ਵਿਚਿ ਸਭ ਘਾਹ ਜਲੰਦੇ।*** ***ਭਾਈ ਗੁਰਦਾਸ ਜੀ ਦੀ ਵਾਰ 35/21***

ਜਦੋਂ ਅੱਗ ਲੱਗ ਜਾਂਦੀ ਹੈ ਉਜਾੜ ਵਿਚ ਤਾਂ ਸਾਰੇ ਘਾਹ ਜਲ ਜਾਂਦੇ ਨੇ।

***ਹੜ ਆਏ ਕਿਨਿ ਥੰਮੀਅਨਿ ਦਰੀਆਉ ਵਹੰਦੇ।*** ***ਭਾਈ ਗੁਰਦਾਸ ਜੀ ਦੀ***

*ਵਾਰ 35/21*

ਜਦੋਂ ਹੜ੍ਹ ਆ ਜਾਵੇ ਤਾਂ ਫੇਰ ਉਸ ਦੇ ਅੱਗੇ ਬੰਨ੍ਹ ਨਹੀਂ ਲਗਦਾ, ਜਿਧਰ ਜ਼ੋਰ ਪੈ ਗਿਆ ਉਸ ਨੇ ਕੱਟ ਕੇ ਲੈ ਹੀ ਜਾਣਾ ਹੈ।

***ਅੰਬਰਿ ਪਾਟੇ ਥਿਗਲੀ ਕੂੜਿਆਰ ਕਹੰਦੇ।*** ***ਭਾਈ ਗੁਰਦਾਸ ਜੀ ਦੀ ਵਾਰ 35/21***

ਜੋ ਅਸਮਾਨ ਨੂੰ ਟਾਕੀਆਂ ਲਾਉਂਦੇ ਹਨ ਉਹ ਝੂਠੇ ਬੰਦੇ ਕਹੇ ਜਾਂਦੇ ਹਨ।

***ਸਾਂਗੈ ਅੰਦਰਿ ਸਾਬਤੇ ਸੇ ਵਿਰਲੇ ਬੰਦੇ॥*** ***ਭਾਈ ਗੁਰਦਾਸ ਜੀ ਦੀ ਵਾਰ 35/21***

ਵਿਰਲੇ-ਵਿਰਲੇ ਬੰਦੇ ਨੇ ਜਿਹੜੇ ਸਾਂਗ ਵਿਚ ਸਾਬਤੇ ਰਹਿ ਜਾਣ। ਬਾਬਾ ਬੁੱਢਾ ਜੀ ਕਹਿਣ ਲੱਗੇ, "ਭਾਈ ਗੁਰਦਾਸ ਜੀ! ਇਹ ਤੁਹਾਡੇ ਵਿਚ ਤਾਕਤ ਹੈ, ਸਾਡੇ ਵਿਚ ਤਾਂ ਹੈ ਨਹੀਂ। ਅਸੀਂ ਤਾਂ ਡੋਲ ਜਾਂਦੇ ਹਾਂ। ਹਾਂ! ਗੁਰੂ ਮਦਦ ਕਰੇ, ਗੁਰੂ ਹੱਥ ਰੱਖੇ ਪਿੱਠ ਤੇ ਤਾਂ ਸਾਂਗ ਵਿਚ ਸਾਬਤ ਰਹੀਦਾ ਹੈ।"

ਗੁਰੂ ਛੇਵੇਂ ਪਾਤਿਸ਼ਾਹ ਜੀ ਨੇ ਇਹ ਸਾਰੇ ਬਚਨ ਸੁਣ ਲਏ। ਉਸ ਵੇਲੇ ਮਹਾਰਾਜ ਜੀ ਦੇ ਮਨ ਵਿਚ ਖਿਆਲ ਆਇਆ ਕਿ ਬਾਕੀ ਸਾਰੇ ਗੁਰੂ ਆਸਰਾ ਚਾਹੁੰਦੇ ਨੇ ਪਰ ਭਾਈ ਗੁਰਦਾਸ ਜੀ ਆਪਣੀ ਨਿਜ ਤਾਕਤ ਤੇ ਵਿਸ਼ਵਾਸ ਰੱਖਦੇ ਨੇ, ਨਿਜ ਸਿਦਕ ਤੇ ਵਿਸ਼ਵਾਸ ਰੱਖਦੇ ਨੇ। ਇਸ ਕਰਕੇ ਇਨ੍ਹਾਂ ਦੇ ਮਨ ਦੇ ਅੰਦਰ ਹਉਮੈ ਦਾ ਬੀਜ ਅੰਸ ਮਾਤਰ ਰਹਿ ਗਿਆ ਹੈ। ਅਸੀਂ ਤਾਂ ਐਵੇਂ ਹੀ ਕਹਿ ਦਿੰਦੇ ਹਾਂ ਕਿ ਅਸੀਂ ਤਾਂ ਕਰੋੜਾਂ ਗੁਣਾਂ ਘਟੀਆ ਹਾਂ। ਇਹ ਬਹੁਤ ਉਚੀ ਬਾਤ ਹੋ ਰਹੀ ਹੈ। ਇਕ ਨਿਰਮਲ ਹੰਕਾਰ ਹੁੰਦਾ ਹੈ ਜਿਹੜਾ ਅਖੀਰ ਤੇ ਰਹਿ ਜਾਂਦਾ ਹੈ। ਉਸ ਦਾ ਵੀ ਜੇ ਨਾਸ਼ ਹੋਵੇ ਤਾਂ ਪ੍ਰਮੇਸ਼ਰ ਮਿਲਿਆ ਕਰਦਾ ਹੈ, ਨਹੀਂ ਤਾਂ ਅਧੂਰਾ ਰਹਿ ਜਾਇਆ ਕਰਦਾ ਹੈ। ਸੋ ਮਹਾਰਾਜ ਜੀ ਨੇ ਵਿਚਾਰਿਆ ਕਿ ਇਸ ਦੇ ਅੰਦਰ ਤਾਂ ਹਉਮੈ ਰਹਿ ਗਈ ਅੰਸ-ਮਾਤਰ, ਇਹ ਸਾਡੇ ਕੋਲ ਰਹਿੰਦਾ ਹੈ ਤੇ ਸਾਰਿਆਂ ਤੋਂ ਸਰਵੋਤਮ ਹੈ, ਤੇ ਹੁਣ ਸਾਡਾ ਫਰਜ਼ ਬਣਦਾ ਹੈ ਕਿ ਇਸ ਦੇ ਅੰਦਰੋਂ ਇਹ ਕਢੀਏ। ਜੇ ਨਾ ਕੱਢੀ ਤਾਂ ਇਨ੍ਹਾਂ ਦਾ ਪ੍ਰਮੇਸ਼ਰ ਨਾਲੋਂ ਵਿਛੋੜਾ ਰਹਿ ਜਾਏਗਾ।

ਜੇ ਅੰਦਰ ਹਉਮੈ ਰਹਿ ਜਾਏ, ਚਾਹੇ ਅੰਸ਼ ਮਾਤਰ ਰਹਿ ਜਾਏ, ਫੇਰ ਵੀ ਪ੍ਰਮੇਸ਼ਰ ਨਾਲ ਮਿਲਾਪ ਨਹੀਂ ਹੋਇਆ ਕਰਦਾ। ਫੁਰਮਾਨ ਹੈ ਕਿ –

***ਹਉਮੈ ਕਰਤ ਭੇਖੀ ਨਹੀ ਜਾਨਿਆ॥***
***ਗੁਰਮੁਖਿ ਭਗਤ ਵਿਰਲੇ ਮਨੁ ਮਾਨਿਆ॥***
***ਹਉ ਹਉ ਕਰਤ ਨਹੀ ਸਚੁ ਪਾਈਐ॥***
***ਹਉਮੈ ਜਾਇ ਪਰਮ ਪਦੁ ਪਾਈਐ॥***
***ਪੰਨਾ – 226***

ਸੋ ਮਹਾਰਾਜ ਜੀ ਨੇ ਵਿਚਾਰਿਆ ਕਿ ਬਾਕੀ ਤਾਂ ਸਾਰੇ ਗੁਰੂ ਦਾ ਆਸਰਾ ਚਾਹੁੰਦੇ ਨੇ ਤੇ ਭਾਈ ਗੁਰਦਾਸ ਜੀ ਆਪਣੇ ਨਿਜ ਆਸਰੇ ਤੇ ਵਿਸ਼ਵਾਸ ਰੱਖਦੇ ਨੇ ਤੇ ਇਨ੍ਹਾਂ ਦੇ ਅੰਦਰ ਤਾਂ ਬੀਜ ਮਾਤਰ ਹਉਮੈ ਰਹਿ ਗਈ, 'ਅਹੰ' ਰਹਿ ਗਿਆ। ਸੋ ਐਸਾ ਫੁਰਮਾਨ ਹੈ 'ਸੂਰਜ ਪ੍ਰਕਾਸ਼' ਦੇ ਅੰਦਰ ਕਿ –

***ਅਪਰ ਸਰਬ ਗੁਰ ਆਸ੍ਰਾ ਚਹੈਂ।***
***ਨਿਜ ਬਿਸਾਸ ਗੁਰਦਾਸਹਿ ਕਹੈਂ॥***
***ਯਾਂਤੇ ਬੀਜ ਮਾਤ੍ਰ ਅਹੰਕਾਰ।***

*ਹੈ ਇਸ ਬਿਖੈ ਸੁ ਬੁਰੋ ਬਿਕਾਰ।* *ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ 3047*

ਜੇ ਇਹ ਕਿਸੇ ਦੇ ਅੰਦਰ ਵੀ ਆ ਜਾਵੇ ਤਾਂ ਇਕ ਲਹਿਰ ਚਲੀ ਆਉਂਦੀ ਹੈ ਸਾਧ ਸੰਗਤ ਜੀ! ਜਿਹੜਾ ਕਹਿੰਦਾ ਮੈਂ ਕਰਦਾ ਹਾਂ, ਕੋਈ ਵੀ ਕਹਿ ਦੇਵੇ ਮੇਰਾ ਲੈਕਚਰ ਚੰਗਾ ਹੈ, ਮੇਰਾ ਕੀਰਤਨ ਚੰਗਾ ਹੈ, ਉਸ ਦੇ ਅੰਦਰ ਬੀਜ ਮਾਤਰ ਅਹੰਕਾਰ ਰਹਿ ਜਾਂਦਾ ਹੈ ਤੇ ਫੇਰ –

*ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ॥* *ਪੰਨਾ – 1089*

ਸੋ ਕਹਿੰਦੇ ਇਸ ਦੇ ਅੰਦਰ ਤਾਂ ਬਿਕਾਰ ਰਹਿ ਗਿਆ ਇਹ –

*ਰਹਿਬੋ ਸਦਾ ਸਮੀਪ ਹਮਾਰੇ।*
*ਚਹੀਅਹਿ ਉਰ ਤੇ ਮੂਲ ਉਖਾਰੇ॥* *ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ 3047*

ਕਹਿਣ ਲੱਗੇ ਇਹ ਸਾਡੇ ਕੋਲ ਰਿਹਾ ਹੈ, ਹਰ ਵਕਤ ਨਾਲ ਰਹਿੰਦਾ ਹੈ, ਸਿੱਖਾਂ ਨੂੰ ਉਪਦੇਸ਼ ਦਿੰਦਾ ਹੈ। ਸੋ ਇਹ ਤਾਂ ਹੁਣ ਸਾਡਾ ਫਰਜ਼ ਹੈ ਕਿ ਹੁਣ ਅਸੀਂ ਜੜ੍ਹ ਤੋਂ ਉਖੇੜੀਏ ਇਸ ਦੇ ਅਭਿਮਾਨ ਨੂੰ।

*ਇਮ ਹੰਕਾਰ ਬਿਨਾਸਜੋ ਜੇਨ।*
*ਤਉ ਹਮ ਕੋ ਚਹੀਅਤਿ ਹਤਿ ਦੇਨਿ।* *ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ 3047*

ਜੇ ਇਹ ਇਸ ਤੋਂ ਨਹੀਂ ਲਹਿੰਦਾ ਤਾਂ ਸਾਡੀ ਡਿਊਟੀ ਬਣ ਜਾਂਦੀ ਹੈ ਕਿ ਅਸੀਂ ਇਸ ਦਾ ਅਹੰਕਾਰ ਖਤਮ ਕਰ ਦੇਈਏ।

*ਦੇਹਿਂ ਕਸੌਟੀ, ਸਹੈ ਕਿ ਨਾਂਹੀ।*
*ਕਰਹਿਂ ਕ੍ਰਿਤੀ ਕੁਛ ਪਰਖਨ ਮਾਂਹੀ॥* *ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ 3047*

ਕਹਿੰਦੇ ਕਸੌਟੀ ਲਾ ਕੇ ਦੇਖਦੇ ਹਾਂ, ਪਰਖਦੇ ਹਾਂ ਕਿ ਸਚਮੁਚ ਹੀ ਸਹਿ ਜਾਏਗਾ ਜਾਂ ਨਹੀਂ। ਉਸ ਵੇਲੇ ਗੁਰੂ ਛੇਵੇਂ ਪਾਤਿਸ਼ਾਹ ਨੇ ਸਾਰੀ ਬਾਤ ਵਿਚਾਰ ਲਈ, ਵਿਚਾਰ ਕੇ ਆਪ ਨੇ ਗੱਲ ਟਾਲ ਦਿੱਤੀ, ਕੋਈ ਬਚਨ ਨਹੀਂ ਕੀਤਾ ਕਿਸੇ ਨਾਲ, ਸੁਣ ਕੇ ਹੀ ਚੁਪ ਕਰ ਗਏ। ਮਹੀਨਾ ਲੰਘ ਗਿਆ, ਏਨੇ ਨੂੰ ਕੋਈ ਪ੍ਰੇਮੀ ਅਰਬ ਦੇਸ਼ ਦਾ ਆਇਆ – ਈਰਾਨ ਵਲੋਂ। ਉਸ ਨੇ ਆ ਕੇ ਬੇਨਤੀ ਕਰੀ ਕਿ ਮਹਾਰਾਜ! ਘੋੜੇ ਬੜੇ ਸੋਹਣੇ ਓਧਰ ਮਿਲਦੇ ਨੇ।

ਮਹਾਰਾਜ ਜੀ ਕਹਿੰਦੇ, “ਦੇਖੋ ਭਾਈ! ਆਪਾਂ ਨੂੰ ਵੀ ਘੋੜੇ ਚਾਹੀਦੇ ਨੇ – ਸਿੱਖਾਂ ਵਾਸਤੇ ਤੇ ਸਾਡੇ ਵਾਸਤੇ ਵੀ ਦੋ ਘੋੜੇ ਚਾਹੀਦੇ ਨੇ। ਕਿਥੋਂ ਖਰੀਦਣੇ ਚਾਹੀਦੇ ਨੇ?”

ਕੋਈ ਕਹਿੰਦਾ ਮੁਲਤਾਨ ਵਿਚ ਬਹੁਤ ਵਧੀਆ ਘੋੜੇ ਨੇ, ਗੁਜਰਾਤ ਵਿਚ ਬਹੁਤ ਵਧੀਆ ਨੇ। ਅਖੀਰ ਗੱਲ ਇਹ ਹੋਈ ਕਿ ਕਾਬਲ ਵਿਚ ਵਧੀਆ ਘੋੜੇ ਮਿਲਦੇ ਨੇ। ਕਾਬਲ ਤੋਂ ਅੱਗੇ ਬਲਖ-ਬੁਖਾਰੇ ਵੱਲ ਜਾਓ, ਉਥੇ ਘੋੜੇ ਬਹੁਤ ਕਮਾਲ ਦੇ ਨੇ। ਉਥੇ ਈਰਾਨੀ ਨਸਲ ਦੇ ਘੋੜੇ ਆਉਂਦੇ ਨੇ ਮੰਡੀਆਂ ਵਿਚ ਤੇ ਜੇ ਉਨ੍ਹਾਂ ਤੇ ਬਹਿ ਜਾਓ, ਜੇ ਉਹ ਰੇਵੀਆ ਚਾਲ ਚਲ ਪੈਣ ਤਾਂ ਚਾਹੇ ਪਾਣੀ ਦਾ ਛੰਨਾ ਹੱਥ ਤੇ ਰੱਖ ਕੇ ਪੀ ਲਓ ਤਾਂ ਪਾਣੀ ਦਾ ਕਤਰਾ ਨਹੀਂ ਗਿਰਦਾ। ਜੇ ਉਹ ਸਰਪਟ ਦੌੜਦੇ ਨੇ ਤਾਂ ਉਨ੍ਹਾਂ ਦੀ ਰੀਸ ਪੰਛੀ ਵੀ ਨਹੀਂ ਕਰ ਸਕਦੇ ਐਨਾ ਤੇਜ਼ ਦੌੜਦੇ ਨੇ।

ਮਹਾਰਾਜ ਜੀ ਕਹਿੰਦੇ, “ਫੇਰ ਜਾਓ! ਐਸੇ ਘੋੜੇ ਖਰੀਦੋ।” ਤਾਂ ਉਸ ਵੇਲੇ ਸੰਗਤ ਵੱਲ ਨਿਗ੍ਹਾ ਮਾਰੀ ਤੇ ਕਹਿੰਦੇ, “ਭਾਈ ਗੁਰਦਾਸ ਜੀ!”

ਦੋਏ ਹੱਥ ਬੰਨ੍ਹ ਕੇ ਖੜ੍ਹੇ ਹੋ ਗਏ।

ਮਹਾਰਾਜ ਜੀ ਕਹਿੰਦੇ, "ਦੇਖੋ! ਤੁਸੀਂ ਪੁਰਾਣੇ ਗੁਰਸਿੱਖ ਹੋ, ਬਾਕੀ ਨਵੇਂ ਨੇ ਸਾਰੇ, ਡਿਊਟੀਆਂ ਨੇ ਸਭ ਕੋਲ। ਤੁਸੀਂ ਜਾਓ ਤੇ ਜਾ ਕੇ ਬਹੁਤ ਸੋਹਣੇ ਘੋੜੇ ਖਰੀਦ ਕੇ ਲਿਆਓ ਤੇ ਮੋਹਰਾਂ ਲੈ ਜਾਓ ਪਰ ਏਸ ਤਰ੍ਹਾਂ ਕਰਨਾ ਹੈ ਕਿ ਪਹਿਲਾਂ ਘੋੜੇ ਛਾਂਟ ਲੈਣੇ। ਅਸੀਂ ਤੁਹਾਡੇ ਨਾਲ, ਜਿਹੜੇ ਘੋੜਿਆਂ ਦੇ ਵਾਕਫ ਨੇ, ਉਹ ਦਿੰਦੇ ਹਾਂ। ਇਹ ਘੋੜੇ ਛਾਂਟ ਲੈਣਗੇ, ਚਾਲਾਂ ਦੇਖ ਲੈਣਗੇ, ਨਠਾ ਭਜਾ ਕੇ ਦੇਖ ਲੈਣਗੇ; ਜਿਹੜੇ ਪਸੰਦ ਆਉਣਗੇ ਉਹ ਫੇਰ ਸਾਡੇ ਕੋਲ ਭੇਜਿਓ। ਅਸੀਂ ਜਦੋਂ ਮਨਜ਼ੂਰੀ ਦੇ ਦਿਆਂਗੇ, ਉਸ ਵੇਲੇ ਤੁਸੀਂ ਫੇਰ ਇਨ੍ਹਾਂ ਘੋੜਿਆਂ ਦਾ ਮੁਲ ਦੇਣਾ।"

ਉਸ ਵੇਲੇ ਗੁਰੂ ਮਹਾਰਾਜ ਜੀ ਨੇ ਦਸ ਖੱਚਰਾਂ ਤੇ ਪੰਜਾਹ ਹਜ਼ਾਰ ਮੋਹਰ ਲਦਾਅ ਦਿੱਤੀ। ਬੇਅੰਤ ਧਨ ਹੋ ਜਾਂਦਾ ਹੈ, ਅੱਜ ਕੱਲ੍ਹ ਤਾਂ ਇਕ ਮੋਹਰ ਦਾ ਹੀ ਬਹੁਤ ਮੁਲ ਹੈ।

ਸੋ ਮਹਾਰਾਜ ਜੀ ਕਹਿੰਦੇ, "ਪੈਸੇ ਦਾ ਧਿਆਨ ਰੱਖੋ, ਸੀਲ ਕਰ ਲਓ ਤੇ ਮੋਹਰਾਂ ਲਾ ਲਓ ਤੇ ਉਥੇ ਜਾ ਕੇ ਹੀ ਖੋਲ੍ਹਿਓ - ਬੜੀ ਸਾਵਧਾਨੀ ਨਾਲ, ਤੇ ਨਾਲ ਦੁਨੀ ਚੰਦ ਜੀ ਦੇ ਦਿੱਤੇ ਕਿ ਇਹ ਹਿਸਾਬ ਕਿਤਾਬ ਕਰਨਗੇ। ਇਨ੍ਹਾਂ ਨੂੰ ਲੈ ਜਾਓ ਇਹ ਸਿਆਣੇ ਨੇ ਤੇ ਉਥੋਂ ਦੇ ਰਹਿਣ ਵਾਲੇ ਨੇ।" ਸੋ ਚਲਦੇ ਚਲਦੇ ਕਾਬਲ ਆ ਗਏ। ਕਾਬਲ ਕੁਝ ਦਿਨ ਆਰਾਮ ਕਰਿਆ। ਉਸ ਤੋਂ ਬਾਅਦ ਪਤਾ ਲੱਗਿਆ ਕਿ ਫਲਾਣੇ ਦਿਨ ਮੰਡੀ ਉਥੇ ਲਗਣੀ ਹੈ, ਦੋ ਤਿੰਨ ਮਹੀਨੇ ਰਹਿਣੀ ਹੈ ਤੇ ਚਲੋ ਉਥੇ ਘੋੜੇ ਖਰੀਦਦੇ ਹਾਂ। ਜਦੋਂ ਚਲਦੇ-ਚਲਦੇ ਇਕ ਮੰਜ਼ਲ ਤੇ ਗਏ, ਉਸ ਵੇਲੇ ਪਿਛੋਂ ਘੋੜ ਸਵਾਰ ਸੁਨੇਹਾ ਲੈ ਕੇ ਆ ਗਿਆ। ਆ ਕੇ ਕਹਿਣ ਲੱਗਿਆ, "ਦੁਨੀ ਚੰਦ ਜੀ! ਤੁਹਾਡੇ ਘਰ ਡਾਕਾ ਪੈ ਗਿਆ। ਤੁਹਾਡੇ ਘਰਵਾਲੀ ਬਹੁਤ ਜਖਮੀ ਹੋ ਗਈ ਹੈ। ਤੁਸੀਂ ਚਲੋ ਤੇ ਸਰਕਾਰ ਕਹਿੰਦੀ ਹੈ ਕਿ ਚਲ ਕੇ ਲਿਖਾਓ ਕਿਹੜਾ ਕਿਹੜਾ ਨੁਕਸਾਨ ਹੋਇਆ ਹੈ।"

ਉਹ ਕਹਿੰਦੇ, "ਹੁਣ ਤਾਂ ਡਾਕਾ ਪੈ ਗਿਆ ਜਿਹੜਾ ਪੈਣਾ ਸੀ। ਹੁਣ ਤਾਂ ਮੈਂ ਗੁਰੂ ਸਾਹਿਬ ਦੀ ਡਿਊਟੀ ਤੇ ਜਾ ਰਿਹਾ ਹਾਂ ਤੇ ਮੈਂ ਨਹੀਂ ਮੁੜਨਾ। ਜਾਓ ਕਹਿ ਦਿਓ ਕਿ ਜਿਹੜਾ ਕੁਝ ਲਿਖਾਉਣਾ ਹੈ ਲਿਖਾ ਦੇਣ।"

ਦੋ ਕੁ ਮੰਜ਼ਲਾਂ ਗਏ, ਫੇਰ ਆ ਗਿਆ ਘੋੜ ਸਵਾਰ, ਕਹਿੰਦਾ, "ਮਹਾਰਾਜ! ਤੁਹਾਡੇ ਘਰ ਵਾਲੀ ਬਿਮਾਰ ਹੋ ਕੇ ਚੜ੍ਹਾਈ ਕਰ ਗਈ। ਸਾਰੇ ਤੁਹਾਡਾ ਇੰਤਜ਼ਾਰ ਕਰਦੇ ਨੇ। ਇਥੇ ਕੈਂਪ ਰੋਕ ਦਿਓ ਤੇ ਜਾ ਕੇ ਤੁਸੀਂ ਸਸਕਾਰ ਕਰ ਦਿਓ।"

ਉਹ ਕਹਿੰਦੇ, "ਪ੍ਰੇਮੀਆਂ! ਹੁਣ ਤਾਂ ਚੜ੍ਹਾਈ ਕਰ ਗਈ, ਤੁਸੀਂ ਸਸਕਾਰ ਕਰ ਦਿਓ ਆਪੇ ਹੀ। ਜਾਓ! ਮੇਰੇ ਵਲੋਂ ਠੀਕ ਹੈ।"

ਦੋ ਮੰਜਲਾਂ ਹੋਰ ਗਏ, ਸੁਨੇਹਾ ਆ ਗਿਆ ਕਿ ਮਹਾਰਾਜ! ਤੁਹਾਡਾ ਪੁੱਤਰ ਮਰ ਗਿਆ ਬਿਮਾਰ ਹੋ ਕੇ, ਘਰ ਸੁੰਨਾ ਹੋ ਗਿਆ। ਹੁਕਮ ਕੀ ਹੈ?"

ਕਹਿੰਦੇ, "ਪੁੱਤਰ ਦਾ ਸਸਕਾਰ ਕਰ ਦਿਓ ਤੇ ਸੰਗਤ ਪਹਿਲਾਂ ਵੀ ਸਾਡੇ ਘਰ ਵਿਚ ਰਹਿੰਦੀ ਹੈ ਸੋ ਹੁਣ ਵੀ ਰਹੀ ਜਾਣ ਦਿਓ ਸੰਗਤ ਨੂੰ।"

ਭਾਈ ਗੁਰਦਾਸ ਜੀ ਦੇਖਦੇ ਨੇ ਕਿ ਸਿੱਖ ਦਾ ਕਿੱਡਾ ਸਿਦਕ ਹੈ। ਚਲਦੇ-ਚਲਦੇ ਮੰਡੀ ਵਿਚ ਪਹੁੰਚ ਗਏ। ਉਥੇ ਘੋੜੇ ਛਾਂਟ ਲਏ, ਚਾਲਾਂ ਕਢਾ ਲਈਆਂ, ਦੇਖ ਲਏ ਚੰਗੀ ਤਰ੍ਹਾਂ ਤੇ ਪਸੰਦ ਕਰਕੇ ਗੁਰੂ ਛੇਵੇਂ ਪਾਤਿਸ਼ਾਹ ਕੋਲ ਭੇਜ ਦਿੱਤੇ। ਉਨ੍ਹਾਂ ਨਾਲ ਗੱਲ ਹੋ ਗਈ ਕਿ ਜਿਹੜੇ ਪਰਵਾਣ ਹੋ ਜਾਣਗੇ, ਉਨ੍ਹਾਂ ਦਾ ਮੁੱਲ ਦੇ ਦਿਆਂਗੇ, ਜਿਹੜੇ ਵਾਪਸ ਆਉਣਗੇ ਉਨ੍ਹਾਂ ਦਾ ਮੁਲ ਨਹੀਂ ਦੇਣਾ। ਸੌਦਾਗਰ ਨੇ ਇਸੇ ਤਰ੍ਹਾਂ ਮੰਨ ਲਿਆ। ਪਠਾਣ ਸੌਦਾਗਰ ਸਨ। ਦੇਖ ਲਿਆ ਕਿ ਬਹੁਤ ਕੁਝ ਹੈ ਇਨ੍ਹਾਂ ਕੋਲ, ਨਠਦੇ ਨਹੀਂ, ਭੱਜਦੇ ਨਹੀਂ, ਧੋਖਾ ਨਹੀਂ ਦਿੰਦੇ।

ਸੋ ਗੁਰੂ ਮਹਾਰਾਜ ਜੀ ਨੇ ਪ੍ਰਵਾਨਗੀ ਦੇ ਦਿੱਤੀ - ਘੋੜਿਆਂ ਤੇ ਚੜ੍ਹ ਕੇ, ਕਿ ਠੀਕ ਹੈ, ਬਹੁਤ ਸੋਹਣੇ ਨੇ, ਮੁਲ ਤਾਰ ਦਿਓ। ਜਦੋਂ ਮਨਜ਼ੂਰੀ ਆ ਗਈ ਤਾਂ ਭਾਈ ਗੁਰਦਾਸ ਜੀ ਉਸ ਵਪਾਰੀ ਨੂੰ ਨਾਲ ਲੈ ਕੇ ਤੰਬੂ ਵਿਚ ਆ ਗਏ। ਉਥੇ ਉਨ੍ਹਾਂ ਨੂੰ ਬਿਠਾ ਕੇ ਕਹਿੰਦੇ ਕਿ ਆਪਾਂ ਹੁਣੇ ਹੀ ਗਿਣ ਕੇ ਪੈਸੇ ਦੇ ਦਿੰਦੇ ਹਾਂ, ਤੁਸੀਂ ਇਥੇ ਹੀ ਬਹਿ ਜਾਓ। ਇਕ ਇਕ ਪੇਟੀ ਖੋਲ੍ਹੀ ਜਾਵਾਂਗੇ ਤੇ ਇਕ ਇਕ ਪੇਟੀ ਵਿਚੋਂ ਕੱਢ ਕੇ ਗਿਣੀ ਜਾਵਾਂਗੇ।

ਸੋ ਉਸ ਵੇਲੇ ਵਪਾਰੀ ਸਾਹਮਣੇ ਬੈਠੇ ਨੇ। ਭਾਈ ਗੁਰਦਾਸ ਜੀ ਨੇ ਜਾ ਕੇ ਬਾਹਰਲੀ ਮੋਹਰ ਦੇਖੀ, ਮੋਹਰ ਸਹੀ ਸਲਾਮਤ ਹੈ। ਤਾਲਾ ਖੋਲ੍ਹਿਆ ਤੇ ਤਾਲਾ ਖੋਲ੍ਹਦੀਸਾਰ ਜਦੋਂ ਹੱਥ ਪਾਇਆ ਤਾਂ ਮੋਹਰਾਂ ਹੱਥ ਨੂੰ ਨਹੀਂ ਲਗਦੀਆਂ, ਠੀਕਰੀਆਂ ਲੱਗ ਰਹੀਆਂ ਨੇ। ਪੈਰਾਂ ਥੱਲਿਓਂ ਧਰਤੀ ਨਿਕਲ ਗਈ ਕਿ ਹੁਣ ਕੀ ਹੋਏਗਾ? ਇਹ ਪਠਾਣ ਲੋਕ ਨੇ, ਇਹ ਤਾਂ ਮਾਰ ਦੇਣਗੇ ਮਾੜੀ-ਜਿਹੀ ਗੱਲ ਤੇ ਹੀ। ਮੁੱਲ ਮਿਲਣਾ ਨਹੀਂ ਹੈ। ਕਹਿੰਦੇ ਚਲੋ ਸ਼ਾਇਦ ਇਹ ਹੋ ਸਕਦਾ ਹੈ ਕਿ ਖਜਾਨਚੀ ਨੇ ਕੋਈ ਗੱਲ ਕਰ ਲਈ ਹੋਵੇ, ਦੂਸਰੀ ਖੋਲ੍ਹਦੇ ਹਾਂ। ਦੂਸਰੀ ਪੇਟੀ ਖੋਲ੍ਹੀ, ਉਹ ਵੀ ਠੀਕਰੀਆਂ, ਤੀਸਰੀ ਵਿਚ ਵੀ। ਇਸ ਤਰ੍ਹਾਂ ਦਸਾਂ ਵਿਚ ਹੀ ਠੀਕਰੀਆਂ ਨਿਕਲੀਆਂ। ਉਸ ਵੇਲੇ ਸੌਦਾਗਰਾਂ ਨੂੰ ਕਹਿਣ ਲੱਗੇ ਕਿ ਇਉਂ ਕਰੋ, ਸਾਨੂੰ ਗਿਣਦਿਆਂ ਨੂੰ ਲੱਗ ਜਾਣੀ ਹੈ ਦੇਰ ਤੇ ਤੁਸੀਂ ਉਸ ਸਾਹਮਣੇ ਵਾਲੇ ਤੰਬੂਆਂ ਵਿਚ ਬਹਿ ਜਾਓ ਜਾ ਕੇ। ਉਸ ਨੇ ਵੀ ਸੋਚਿਆ ਕਿ ਹੁਣ ਪੇਟੀਆਂ ਖੋਲ੍ਹ ਲਈਆਂ ਨੇ, ਗਿਣ ਕੇ ਦੇ ਦੇਣਗੇ। ਕਹਿੰਦੇ, ਠੀਕ ਹੈ! ਅਸੀਂ ਬੈਠੇ ਹਾਂ। ਡੇਢ ਪਹਿਰ ਲੰਘ ਗਿਆ - ਸਾਢੇ ਚਾਰ ਘੰਟੇ ਬੈਠਿਆਂ ਨੂੰ।

ਏਧਰ ਭਾਈ ਗੁਰਦਾਸ ਜੀ ਨੇ ਦੇਖਿਆ ਕਿ ਹੁਣ ਤਾਂ ਮਾਰੇ ਜਾਵਾਂਗੇ, ਇਥੋਂ ਸਹੀ ਸਲਾਮਤ ਨਹੀਂ ਜਾ ਸਕਾਂਗੇ, ਬੜੀ ਬੇਇਜ਼ਤੀ ਹੋਏਗੀ। ਕੀ ਹੋਏਗਾ? ਗੁਰੂ ਸਾਹਿਬ ਨੇ ਮੋਹਰਾਂ ਦਿੱਤੀਆਂ ਨੇ, ਮੈਂ ਦੇਖ ਕੇ ਲਈਆਂ ਨੇ। ਸੀਲ ਮੈਂ ਕੀਤਾ ਹੈ ਆਪਣੇ ਹੱਥਾਂ ਦੇ ਨਾਲ ਸਾਰੇ ਸੰਦੂਕਾਂ ਨੂੰ ਤੇ ਰਾਹ ਵਿਚ ਕੀ ਹੋ ਗਿਆ? ਕਿਥੇ ਜਾ ਕੇ ਬਦਲੀ ਹੋ ਗਈ - ਠੀਕਰੀਆਂ ਪਾ ਦਿੱਤੀਆਂ ਕਿਸੇ ਨੇ? ਡਾਵਾਂ-ਡੋਲ ਹੋ ਗਏ, ਵਿਸ਼ਵਾਸ ਛੇਕ ਹੋ ਗਿਆ ਕਿ ਕਿਤੇ ਗੁਰੂ ਮਹਾਰਾਜ ਜੀ ਨੇ ਤਾਂ ਨਹੀਂ ਬਦਲਾਅ ਦਿੱਤੀਆਂ ਹੋਣਗੀਆਂ ਅੱਗੇ ਆ ਕੇ, ਮੈਨੂੰ ਨਾ ਪਤਾ ਲੱਗਿਆ ਹੋਵੇ ਪਰ ਗੁਰੂ ਮਹਾਰਾਜ ਜੀ ਤਾਂ ਇਹ ਗੱਲ ਕਰ ਨਹੀਂ ਸਕਦੇ। ਡਾਵਾਂ ਡੋਲ ਹੋਏ ਪਏ ਨੇ, ਕਿਤੇ ਸਿਦਕ ਨੂੰ ਥਾਂ ਨਹੀਂ ਲੱਭ ਰਿਹਾ ਖੜ੍ਹਨ ਨੂੰ। ਉਸ ਵੇਲੇ ਤੰਬੂ ਪਾੜਿਆ ਪਿਛੋਂ, ਬਾਹਰ ਨਿਕਲ ਗਏ ਤੇ ਹੁਣ ਅੱਖ ਬਚਾ-ਬਚਾ ਕੇ ਜਾ ਰਹੇ ਨੇ। ਪਹਾੜ ਦੀ ਉਤਰਾਈ ਆ ਗਈ, ਇਕ ਦਮ ਦੌੜਨਾ ਸ਼ੁਰੂ ਕਰ ਦਿੱਤਾ ਕਿ ਕਿਤੇ ਫੜ ਨਾ ਲੈਣ।

ਸਾਢੇ ਚਾਰ ਘੰਟੇ ਜਦੋਂ ਲੰਘ ਗਏ ਤਾਂ ਆਪ ਪੰਦਰਾਂ ਸੋਲਾਂ ਮੀਲ ਨਿਕਲ ਗਏ। ਉਸ ਵੇਲੇ ਉਸ ਸੌਦਾਗਰ ਨੇ ਗੁਰਸਿੱਖਾਂ ਨੂੰ ਕਿਹਾ ਕਿ ਕੀ ਗੱਲ ਅਜੇ ਗਿਣ ਨਹੀਂ ਹੋਇਆ ਪੈਸਾ? ਡੇਢ ਪਹਿਰ ਬੀਤ ਗਿਆ ਹੈ। ਸਿੱਖ ਅੰਦਰ ਆਏ ਤਾਂ ਦੇਖਿਆ, ਪੇਟੀਆਂ ਖੁੱਲ੍ਹੀਆਂ ਨੇ ਤੇ ਮੋਹਰਾਂ ਉਵੇਂ ਜਿਵੇਂ ਲਿਸ਼ਕਾਰੇ ਮਾਰ ਰਹੀਆਂ ਹਨ।

ਉਨ੍ਹਾਂ ਨੂੰ ਕਹਿਣ ਲੱਗੇ, "ਤੁਸੀਂ ਆਪ ਆ ਜਾਓ। ਉਹ ਤਾਂ ਪਤਾ ਨਹੀਂ ਕਿੱਧਰ ਨੂੰ ਚਲੇ ਗਏ? ਸਾਨੂੰ ਕੋਈ ਸਮਝ ਨਹੀਂ ਆਉਂਦੀ, ਕੀ ਭਾਣਾ ਵਰਤਿਆ ਹੈ? ਕਿਉਂਕਿ ਪੇਟੀਆਂ ਸਾਰੀਆਂ ਖੁਲ੍ਹੀਆਂ ਨੇ, ਇਸ ਕਰਕੇ ਆਪਣੇ ਪੈਸੇ ਗਿਣ ਲਓ।"

ਸੌਦਾਗਰਾਂ ਨੇ ਆਪ ਗਿਣਤੀ ਸ਼ੁਰੂ ਕਰ ਦਿੱਤੀ ਤੇ ਜਿੰਨੇ ਘੋੜੇ ਭੇਜੇ ਸੀ, ਸਭ ਦੇ ਪੈਸੇ ਲੈ ਲਏ ਤੇ ਉਸ ਤੋਂ ਬਾਅਦ ਬਾਕੀ ਦੇ ਪੇਟੀਆਂ ਵਿਚ ਬੰਦ ਕਰਕੇ ਗੁਰਸਿੱਖ ਗੁਰੂ ਸਾਹਿਬ ਕੋਲ ਆ ਗਏ। ਆ ਕੇ ਸਾਰੀ ਵਿਥਿਆ ਦੱਸੀ ਕਿ ਸੱਚੇ ਪਾਤਿਸ਼ਾਹ! ਪਤਾ ਨਹੀਂ ਲੱਗਿਆ ਕਿ ਭਾਈ ਗੁਰਦਾਸ ਜੀ ਕਿੱਧਰ ਚਲੇ ਗਏ?

ਮਹਾਰਾਜ ਜੀ ਮੁਸਕਰਾ ਪਏ। ਕਹਿੰਦੇ, "ਕੋਈ ਨਾ, ਠੀਕ ਹੈ!"

ਓਧਰ ਭਾਈ ਗੁਰਦਾਸ ਜੀ ਚਲਦੇ-ਚਲਦੇ ਅੰਮ੍ਰਿਤਸਰ ਦੇ ਨੇੜੇ ਗੁਰੂ ਸਾਹਿਬ ਦੇ ਦਰਸ਼ਨ ਕਰਨ ਨਹੀਂ ਗਏ ਕਿ ਜਾ ਕੇ ਮਾਫੀ ਮੰਗ ਲਈਏ ਤੇ ਦੱਸ ਦੇਈਏ ਗੱਲ ਕਿ ਸੱਚੇ ਪਾਤਿਸ਼ਾਹ! ਆਹ ਭਾਣਾ ਵਰਤ ਗਿਆ ਤੇ ਮੈਂ ਤਾਂ ਆ ਗਿਆ ਹਾਂ, ਪਿਛਲੇ ਸਿੱਖਾਂ ਦਾ ਪਤਾ ਨਹੀਂ ਕੀ ਹਾਲ ਹੋਇਆ ਹੋਏਗਾ। ਉਥੇ ਵੀ ਜਾਣ ਦੀ ਹਿੰਮਤ ਨਹੀਂ ਪਈ। ਸਾਧੂਆਂ ਵਾਲਾ ਭੇਸ ਬਣਾਇਆ ਹੋਇਆ ਹੈ। ਜੁੱਤੀ ਟੁੱਟ ਗਈ, ਪੈਰ ਨੰਗੇ ਨੇ, ਪੈਸਾ ਕਿਤੇ ਮਿਲਦਾ ਨਹੀਂ, ਮੰਗ-ਮੰਗ ਕੇ ਰੋਟੀ ਖਾਂਦੇ ਨੇ, ਸਰੀਰ ਬਹੁਤ ਕਮਜ਼ੋਰ ਹੋ ਗਿਆ। ਅਖੀਰ ਕਾਸ਼ੀ ਵਿਚ ਆ ਗਏ। ਕਾਸ਼ੀ ਵਿਚ ਗੁਰੂ ਮਹਾਰਾਜ ਜੀ ਦੀ ਸਿੱਖੀ ਸੇਵਕੀ ਸੀ। ਜਦੋਂ ਉਨ੍ਹਾਂ ਨੂੰ ਪਤਾ ਲੱਗਿਆ ਉਥੋਂ ਦੇ ਮਸੰਦ ਨੂੰ ਕਿ ਭਾਈ ਗੁਰਦਾਸ ਜੀ ਆਏ ਨੇ ਤਾਂ ਉਨ੍ਹਾਂ ਨੇ ਰਾਜੇ ਨੂੰ ਜਾ ਕੇ ਕਿਹਾ ਕਿ ਬਹੁਤ ਉਚ ਕੋਟੀ ਦੇ ਮਹਾਂਪੁਰਸ਼, ਗੁਰੂ ਮਹਾਰਾਜ ਜੀ ਦੇ ਪਰਵਾਣ ਗੁਰਸਿੱਖਾਂ ਵਿਚੋਂ, ਜਿਹੜੇ ਇਕ ਨੰਬਰ ਦੇ ਨੇ, ਉਹ ਆਏ ਨੇ ਆਪਣੇ ਸ਼ਹਿਰ ਦੇ ਅੰਦਰ। ਰਾਜੇ ਨੇ ਆਦਰ ਸਤਿਕਾਰ ਦੇ ਨਾਲ ਆਪ ਨੂੰ ਬੁਲਾਇਆ। ਸਤਿਸੰਗ ਸ਼ੁਰੂ ਹੋ ਗਿਆ ਤੇ ਬਹੁਤ ਸੰਗਤ ਹਜ਼ਾਰਾਂ ਦੀ ਗਿਣਤੀ ਵਿਚ ਆਉਣੀ ਸ਼ੁਰੂ ਹੋ ਗਈ। ਪੰਡਤ ਆਉਂਦੇ ਨੇ, ਉਹ ਸਵਾਲ ਕਰਦੇ ਨੇ, ਭਾਈ ਗੁਰਦਾਸ ਜੀ ਜਵਾਬ ਦਿੰਦੇ ਨੇ ਤੇ ਕਬਿੱਤ, ਸਵੱਯੇ ਜਿਹੜੇ ਨੇ, ਉਹ ਸਾਰੇ ਹੀ ਉਥੇ ਆਪ ਨੇ ਉਚਾਰੇ।

ਸਮਾਂ ਲੰਘ ਗਿਆ ਪਰ ਮਨ ਦੇ ਅੰਦਰ ਵੈਰਾਗ ਪੈਦਾ ਹੋ ਗਿਆ ਕਿ ਹੇ ਸਤਿਗੁਰੂ! ਕਦੇ ਮੈਂ ਵੀ ਤੁਹਾਡੇ ਦਰਸ਼ਨ ਕਰਾਂਗਾ? ਮੈਂ ਤਾਂ ਵਿਛੜ ਗਿਆ, ਮੇਰੇ ਕਰਮਾਂ ਨੇ ਵਿਛੋੜਾ ਪਾ ਲਿਆ ਤੇ ਬਾਰ-ਬਾਰ ਏਸ ਤਰ੍ਹਾਂ ਦੇ ਨਾਲ ਬੇਨਤੀਆਂ ਕਰਦੇ ਨੇ -

***ਧਾਰਨਾ - ਖੋਟੇ ਕਰਮਾਂ ਨੇ ਵਿਛੋੜਾ ਤੈਥੋਂ ਪਾ ਲਿਆ,***
***ਕਿਰਪਾ ਕਰਕੇ ਮੇਲ ਲੈ ਗੁਰਾ -2, 2.***
***ਕਿਰਪਾ ਕਰਕੇ ਓ, ਮੇਲ ਲੈ ਗੁਰਾ -2, 2.***
***ਖੋਟੇ ਕਰਮਾਂ ਨੇ ਵਿਛੋੜਾ ਤੈਥੋਂ ਪਾ ਲਿਆ,.. -2.***

ਵਾਰ-ਵਾਰ ਬੇਨਤੀਆਂ ਕਰਦੇ ਨੇ, ਅੱਖਾਂ ਵਿਚੋਂ ਹੰਝੂ ਜਾਂਦੇ ਨੇ। ਭਾਵੇਂ ਸੰਗਤਾਂ ਬੇਅੰਤ ਆਉਂਦੀਆਂ ਨੇ, ਮਾਨਤਾ ਬਹੁਤ ਹੈ। ਸਾਰਾ ਸ਼ਹਿਰ ਮੰਨਦਾ ਹੈ ਪਰ ਸਾਧ ਸੰਗਤ ਜੀ! ਸਤਿਗੁਰੂ ਦੀ ਮਾਇਆ ਕੋਈ ਝੱਲ ਸਕਦਾ ਹੈ? ਕੋਈ ਨਹੀਂ ਝੱਲ ਸਕਦਾ, ਇਹ ਬਹੁਤ ਤਕੜੀ ਹੈ, ਏਸ ਤਰ੍ਹਾਂ ਫੁਰਮਾਨ ਹੈ -

***ਧਾਰਨਾ - ਮਾਇਆ ਬਲਵਾਨ ਜੀ,***
***ਬੰਦਾ ਕਿਆ ਕਰੇ ਵੇਚਾਰਾ -2, 2.***
***ਬੰਦਾ ਕਿਆ ਕਰੇ ਵੇਚਾਰਾ -2, 2.***
***ਮਾਇਆ ਬਲਵਾਨ ਓ,................ -2.***

***ਇਨਿ ਮਾਇਆ ਜਗਦੀਸ ਗੁਸਾਈ ਤੁਮਰ੍ਹੇ ਚਰਨ ਬਿਸਾਰੇ॥***
***ਪੰਨਾ - 857***

ਮਾਇਆ ਨੇ ਬ੍ਰਹਮਾ, ਵਿਸ਼ਨੂੰ, ਮਹਾਦੇਵ, ਸਾਰਾ ਸੰਸਾਰ, ਸਾਰਾ ਆਕਾਸ਼, ਸਾਰੇ ਦੇਵਤੇ ਭੁਲਾ ਦਿਤੇ -

***ਤਪੁ ਕਰਤੇ ਤਪਸੀ ਭੂਲਾਏ॥***
***ਪੰਡਿਤ ਮੋਹੇ ਲੋਭਿ ਸਬਾਏ॥***
***ਤ੍ਰੈ ਗੁਣ ਮੋਹੇ ਮੋਹਿਆ ਆਕਾਸੁ॥***
***ਹਮ ਸਤਿਗੁਰ ਰਾਖੇ ਦੇ ਕਰਿ ਹਾਥੁ॥ ਪੰਨਾ - 370***

***ਸਰਪਨੀ ਤੇ ਊਪਰਿ ਨਹੀ ਬਲੀਆ॥***
***ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ॥ ਪੰਨਾ - 480***

ਭਾਈ ਗੁਰਦਾਸ ਜੀ ਛਲ ਵਿਚ ਆ ਗਏ, ਵਾਰ-ਵਾਰ ਅਰਦਾਸਾਂ ਕਰਦੇ ਨੇ ਕਿ ਪਾਤਿਸ਼ਾਹ!

ਮੇਰੇ ਯਾਦ ਹੈ ਜਿਸ ਵਕਤ ਮੇਰੇ ਸਾਥੀ ਗੁਰਸਿੱਖਾਂ ਨੇ ਕਿਹਾ ਸੀ ਕਿ ਗੁਰੂ ਦੀ ਕਿਰਪਾ ਬਿਨਾਂ ਨਹੀਂ ਬਚ ਸਕਦਾ। ਗੁਰੂ ਤੋਂ ਟੁੱਟ ਕੇ ਕਿਤੇ ਤੋਂ ਕਿਤੇ ਬੰਦਾ ਜਾਂਦਾ ਹੈ। ਹੇ ਪਾਤਿਸ਼ਾਹ! ਮੇਰੇ ਤੇ ਮਿਹਰ ਕਰ। ਓਧਰ ਗੁਰੂ ਮਹਾਰਾਜ ਜੀ ਨੂੰ ਖਿੱਚਾਂ ਪੈਂਦੀਆਂ ਨੇ ਤਾਂ ਮਹਾਰਾਜ ਜੀ ਨੇ ਸਿੱਖ ਭੇਜਿਆ ਕਿ ਜਾਹ! ਕਾਸ਼ੀ ਸਾਡੀ ਚਿੱਠੀ ਲੈ ਜਾ ਤੇ ਉਥੋਂ ਦੇ ਰਾਜੇ ਨੂੰ ਦੇਈਂ। ਸਿੱਖ ਚਿੱਠੀ ਲੈ ਕੇ ਆ ਜਾਂਦਾ ਹੈ। ਰਾਜੇ ਦੇ ਪੇਸ਼ ਕਰ ਦਿੱਤੀ। ਚਿੱਠੀ ਵਿਚ ਲਿਖਿਆ ਹੋਇਆ ਹੈ ਕਿ ਰਾਜਨ! ਇਥੇ ਇਕ ਸਾਡਾ ਚੋਰ ਰਹਿੰਦਾ ਹੈ, ਜਿਸ ਦਾ ਨਾਂ ਗੁਰਦਾਸ ਹੈ। ਪਤਾ ਕਰੋ ਉਹ ਸਾਡੀ ਬੜੀ ਭਾਰੀ ਅਵੱਗਿਆ ਕਰਕੇ ਗਿਆ ਹੈ ਤੇ ਮੁਸ਼ਕਾਂ ਬੰਨ੍ਹ ਕੇ ਉਸ ਨੂੰ ਸਾਡੇ ਸਾਹਮਣੇ ਪੇਸ਼ ਕਰੋ। ਉਸ ਵੇਲੇ ਰਾਜੇ ਨੇ ਸਾਰੇ ਰਾਜ ਵਿਚ ਢੰਡੋਰਾ ਫਿਰਾਇਆ ਕਿ ਕੋਈ ਗੁਰਦਾਸ ਨਾਮ ਦਾ ਚੋਰ ਹੈ, ਉਹ ਹਾਜ਼ਰ ਹੋਵੇ। ਉਸ ਵੇਲੇ ਪਤਾ ਲੱਗਿਆ ਕਿ ਗੁਰਦਾਸ ਨਾਂ ਦਾ ਕੋਈ ਚੋਰ ਨਹੀਂ ਹੈ।

ਦੂਸਰਾ ਦਿਨ ਹੋਇਆ, ਸਤਿਸੰਗ ਲੱਗਿਆ ਹੋਇਆ ਹੈ ਤੇ ਰਾਜੇ ਨੇ ਭਾਈ ਗੁਰਦਾਸ ਜੀ ਨੂੰ ਉਹ ਚਿੱਠੀ ਦਿਖਾਈ। ਕਹਿਣ ਲੱਗੇ ਕਿ ਮਹਾਰਾਜ! ਇਕ ਸਮੱਸਿਆ ਬੜੀ ਜਬਰਦਸਤ ਆ ਗਈ। ਇਕ ਗੁਰੂ ਦਾ ਚੋਰ ਰਹਿੰਦਾ ਹੈ ਏਸ ਨਗਰੀ ਦੇ ਅੰਦਰ ਤੇ ਮੈਨੂੰ ਲਾਹਨਤ ਹੈ ਜੇ ਮੈਂ ਓਸ ਚੋਰ ਨੂੰ ਫੜ ਨਾ ਸਕਿਆ ਤੇ ਗੁਰੂ ਮਹਾਰਾਜ ਜੀ ਦਾ ਇਹ ਹੁਕਮਨਾਮਾ ਆਇਆ ਹੈ।

ਭਾਈ ਗੁਰਦਾਸ ਜੀ ਨੇ ਹੁਕਮਨਾਮਾ ਪੜ੍ਹਿਆ। ਧਰਤੀ ਨਿਕਲ ਗਈ ਪੈਰਾਂ ਥੱਲਿਓਂ, ਪਰ ਨਾਲ ਖੁਸ਼ੀ ਹੋਈ ਕਿ ਚਲੋ ਹੁਣ ਗੁਰੂ ਮਹਾਰਾਜ ਜੀ ਦੇ ਚਰਨੀਂ ਲੱਗਾਂਗੇ ਜਾ ਕੇ। ਗੁਰੂ ਬਖਸ਼ਿੰਦ ਹੈ, ਬਖਸ਼ ਦਿਆ ਕਰਦਾ ਹੈ। ਸੋ ਓਸ ਵੇਲੇ ਉਠ ਕੇ ਖੜ੍ਹੇ ਹੋ ਗਏ। ਹਜ਼ਾਰਾਂ ਦੀ ਤਾਦਾਦ ਵਿਚ ਉਥੇ ਸੰਗਤ ਬੈਠੀ ਹੈ, ਕਿਸੇ ਦੀ ਪਰਵਾਹ ਨਹੀਂ ਕਰੀ। ਗਲਤੀ ਮਹਿਸੂਸ ਹੋ ਗਈ ਕਿ ਮੈਂ ਕਿਹਾ ਸੀ ਕਿ –

***ਜੇ ਗੁਰ ਸਾਂਗਿ ਵਰਤਦਾ ਸਿਖੁ ਸਿਦਕੁ ਨ ਹਾਰੇ॥***

***ਭਾਈ ਗੁਰਦਾਸ ਜੀ ਦੀ ਵਾਰ 35/20***

ਸੋ ਹੁਣ ਮੌਕਾ ਹੈ ਜੋ ਹੋਣਾ ਹੈ ਹੋ ਜਾਵੇ। ਗੁਰੂ ਦੇ ਚਰਨੀਂ ਚਲ ਲੱਗ। ਕਿੰਨਾ ਕੁ ਚਿਰ ਏਸ ਤਰ੍ਹਾਂ ਬੈਠਾ ਰਹੇਂਗਾ। ਇਹ ਤਾਂ ਗੁਰੂ ਮਹਾਰਾਜ ਜੀ ਨੇ ਕੋਈ ਕੌਤਕ ਰਚਿਆ ਹੈ।

ਉਸੇ ਵੇਲੇ ਖੜ੍ਹੇ ਹੋ ਕੇ ਕਹਿੰਦੇ, "ਰਾਜਨ! ਚੋਰ ਮੈਂ ਹਾਂ। ਮੇਰੀਆਂ ਮੁਸ਼ਕਾਂ ਬੰਨ੍ਹ ਦਿਓ ਤੇ ਲੈ ਚਲੋ ਮੈਨੂੰ। ਕੌਣ ਲਿਆਇਆ ਹੈ ਚਿੱਠੀ?"

ਰਾਜਾ ਕਹਿੰਦਾ, "ਮੇਵੜਾ!"

ਸਿੱਖ ਨੇ ਦੇਖਿਆ ਤੇ ਕਿਹਾ, "ਭਾਈ ਗੁਰਦਾਸ ਜੀ! ਤੁਸੀਂ ਇਥੇ?"

ਕਹਿੰਦੇ, "ਹਾਂ, ਮੈਂ ਗੁਰੂ ਦਾ ਚੋਰ ਹਾਂ।"

ਰਾਜਾ ਮੰਨਦਾ ਨਹੀਂ ਕਿ ਤੁਸੀਂ ਐਡੇ ਵੱਡੇ ਮਹਾਂਪੁਰਸ਼, ਸਾਰੀ ਕਾਸ਼ੀ ਦੇ ਪੰਡਤਾਂ ਨੂੰ ਤੁਸੀਂ ਜਿੱਤ ਲਿਆ। ਸਾਰੇ ਤੁਹਾਡੇ ਚਰਨਾਂ ਤੇ ਸੀਸ ਨਿਵਾਉਂਦੇ ਨੇ, ਤੁਸੀਂ ਗੁਰੂ ਕੇ ਚੋਰ?

ਕਹਿੰਦਾ, "ਹਾਂ! ਮੈਂ ਗੁਰੂ ਕਾ ਚੋਰ। ਦੇਰ ਨਾ ਕਰੋ, ਮੈਨੂੰ ਹੁਣੇ ਬੰਨ੍ਹੋ।"

ਆਪ ਜਾ ਕੇ ਰੱਸਾ ਲੈ ਆਏ, ਹੱਥ ਬਨ੍ਹਾ ਲਏ। ਰੱਸਾ ਫੜਾ ਦਿੱਤਾ ਮੇਵੜੇ ਦੇ ਹੱਥ ਤੇ ਕਹਿੰਦੇ, "ਮੈਨੂੰ ਲੈ ਚਲੋ।"

ਸੰਗਤ ਹੈਰਾਨ ਹੋ ਗਈ, ਸਨਾਟਾ ਛਾ ਗਿਆ। ਸਾਧ ਸੰਗਤ ਜੀ! ਬੜੀ ਔਖੀ ਗੱਲ ਹੈ ਇਹ। ਮਾਨਤਾ ਹੋਵੇ, ਕਦੇ ਬੰਦਾ ਸਹਿਨ ਨਹੀਂ ਕਰਦਾ ਜੇ ਉਸ ਦੀ ਮਾਨਤਾ ਨੂੰ ਠੇਸ ਪਹੁੰਚੇ ਕਿਸੇ ਗੱਲ ਤੋਂ। ਇਹ ਭਾਈ ਗੁਰਦਾਸ ਜੀ ਦਾ ਹੀ ਜਿਗਰਾ ਸੀ ਜਿਹੜੇ ਸਾਰੀ ਸੰਗਤ ਵਿਚ ਉਠ ਕੇ ਕਹਿਣ ਲੱਗੇ ਕਿ ਮੈਂ ਚੋਰ ਹਾਂ, ਮੇਰੀਆਂ ਮੁਸ਼ਕਾਂ ਬੰਨ੍ਹੋ। ਦੂਸਰੇ ਦਿਨ ਤਿਆਰੀ ਹੋ ਗਈ। ਹਜ਼ਾਰਾਂ ਸੰਗਤਾਂ

ਨਾਲ ਚੱਲ ਪਈਆਂ ਕਿ ਅਸੀਂ ਵੀ ਚੱਲਾਂਗੇ; ਰਾਜਾ ਕਹਿੰਦਾ, ਮੈਂ ਵੀ ਚੱਲਾਂਗਾ। ਕਈ ਮੰਜਲਾਂ ਚੱਲ ਆਏ, ਅਖੀਰ ਭਾਈ ਗੁਰਦਾਸ ਜੀ ਨੇ ਬਹੁਤ ਬੇਨਤੀਆਂ ਕਰਕੇ ਮੋੜੇ ਪਰ ਸੱਤ ਸੌ ਫੇਰ ਵੀ ਨਾਲ ਰਹਿ ਗਿਆ। ਚਲਦੇ-ਚਲਦੇ ਰਾਜਾ ਕਹਿਣ ਲੱਗਿਆ, "ਮਹਾਰਾਜ! ਰਸਤਾ ਬੜਾ ਲੰਮਾ ਹੈ। ਹੱਥ ਉਥੇ ਜਾ ਕੇ ਬੰਨ੍ਹ ਲਵਾਂਗੇ।" ਮੇਵੜੇ ਨੇ ਵੀ ਕਿਹਾ, "ਮਹਾਰਾਜ! ਤਾਮੀਲ ਅੰਮ੍ਰਿਤਸਰ ਜਾ ਕੇ ਹੋ ਜਾਏਗੀ। ਤੁਸੀਂ ਹੁਣ ਖੁੱਲੇ ਚਲੋ।"

ਆਪ ਮੰਨਦੇ ਨਹੀਂ, ਅਖੀਰ ਸਾਰੀ ਸੰਗਤ ਦੀ ਮਰਜ਼ੀ ਦੇਖ ਕੇ ਹੱਥ ਖੁਲ੍ਹਾਅ ਲਏ। ਮੰਜ਼ਲੋ-ਮੰਜ਼ਲ ਚਲਦੇ ਜਦੋਂ ਦਰਬਾਰ ਸਾਹਿਬ ਦੇ ਨੇੜੇ ਆਏ ਤਾਂ ਸਾਧ ਸੰਗਤ ਜੀ! ਫੇਰ ਧਰਤੀ ਦੇ ਉਤੇ ਮਸਤਕ ਨਿਵਾਉਂਦੇ ਨੇ, ਚੁੱਕ-ਚੁੱਕ ਕੇ ਮਿੱਟੀ ਉਤੇ ਸੁੱਟਦੇ ਜਾਂਦੇ ਨੇ ਆਪ ਦੇ, ਜਿਥੇ ਗੁਰੂ ਚਰਨਾਂ ਦੀ ਛੋਹ ਪ੍ਰਾਪਤ ਸੀ ਕਿ ਧੰਨ ਹੈਂ ਤੂੰ ਪਵਿੱਤਰ ਧਰਤੀ ਜਿਥੇ ਮੇਰਾ ਸਤਿਗੁਰੂ ਰਹਿੰਦਾ ਹੈ। ਕਿੱਡੀ ਗਲਤੀ ਕਰੀ, ਮੈਂ ਇਸ ਧਰਤੀ ਨੂੰ ਛੱਡ ਕੇ ਚਲਾ ਗਿਆ। ਵਾਰ-ਵਾਰ ਪਛਤਾਵਾ ਕਰਦੇ ਨੇ। ਅਖੀਰ ਗੁਰੂ ਮਹਾਰਾਜ ਜੀ ਕੋਲ ਜਦੋਂ ਗਏ ਤਾਂ ਦੋਏ ਹੱਥ ਬੰਨ੍ਹੇ ਹੋਏ ਨੇ, ਰੱਸਾ ਮੇਵੜੇ ਦੇ ਹੱਥ ਵਿਚ ਫੜਾਇਆ ਹੋਇਆ ਹੈ ਤੇ ਦੂਰ ਖੜ੍ਹੇ ਨੇ। ਮਹਾਰਾਜ ਜੀ ਦਾ ਦਰਬਾਰ ਲੱਗਿਆ ਹੋਇਆ ਹੈ।

ਕਹਿੰਦੇ, "ਕੌਣ ਹੈ ਭਾਈ ਇਹ? ਹਾਜ਼ਰ ਕਰੋ ਨੇੜੇ।"

ਨੇੜੇ ਹਾਜ਼ਰ ਕਰੇ। ਮਹਾਰਾਜ ਜੀ ਕਹਿੰਦੇ, "ਗੁਰਦਾਸ! ਕਿਥੇ ਹੈ ਤੇਰਾ ਸਿਦਕ? ਕਿੰਨੀ ਓਸ ਦਿਨ ਬਹਿਸ ਕਰਦਾ ਸੀ ਤੂੰ ਕਿ ਸਿੱਖ ਸਿਦਕ ਨਹੀਂ ਹਾਰਦਾ ਤੇ ਤੂੰ ਕਿੱਡੀਆਂ-ਕਿੱਡੀਆਂ ਮਿਸਾਲਾਂ ਦਿੱਤੀਆਂ ਤੇ ਹੁਣ ਸਾਨੂੰ ਜਵਾਬ ਦੇਹ, ਤੈਥੋਂ ਜਵਾਬ ਮੰਗਦੇ ਹਾਂ।"

ਚੁੱਪ ਕਰੇ ਖੜ੍ਹੇ ਨੇ, ਨੀਵੀਂ ਪਾਈ ਹੋਈ ਹੈ, ਚਰਨਾਂ ਤੇ ਧਿਆਨ ਹੈ। ਮਹਾਰਾਜ ਜੀ ਵਾਰ-ਵਾਰ ਅਵਾਜ਼ ਦਿੰਦੇ ਨੇ ਕਿ ਹੁਣ ਤੂੰ ਕਹਿੰਦਾ ਕਿਉਂ ਨਹੀਂ ਕੁਝ? ਬੋਲਦਾ ਕਿਉਂ ਨਹੀਂ? ਬੋਲ ਕੇ ਦੱਸ ਸਾਨੂੰ ਆਪਣੇ ਸਿਦਕ ਦੀ ਗੱਲ।"

ਉਸ ਵੇਲੇ ਭਾਈ ਗੁਰਦਾਸ ਜੀ ਦੇ ਮੁਖ 'ਚੋਂ ਬਹੁਤ ਆਜਜ਼ੀ ਦੇ ਨਾਲ ਏਸ ਤਰ੍ਹਾਂ ਦੀ ਬੇਨਤੀ ਨਿਕਲੀ -

***ਧਾਰਨਾ - ਕਿਹੜਾ ਬੋਲ ਓ, ਬੋਲਾਂ ਮਾਲਕਾ -2, 2.***
***ਤੇਰੀ ਗਤੀ ਨਾ ਹੋਰ ਕੋਈ ਜਾਣੇ -2, 2.***
***ਤੇਰੀ ਗਤੀ ਨਾ ਹੋਰ ਕੋਈ ਜਾਣੇ ਮਾਲਕਾ-ਬੋਲਾਂ ਮਾਲਕਾ -2,***
***ਕਿਹੜਾ ਬੋਲ ਓ,............... -2.***

***ਜਉ ਗਰਬੈ ਬਹੁ ਬੂੰਦ ਚਿਤੰਤਰਿ, ਸਨਮੁਖ ਸਿੰਧ ਸੋਭ ਨਹੀਂ ਪਾਵੈ॥***
***ਜਉ ਬਹੁ ਉਡੈ ਖਗ ਧਾਰਿ ਮਹਾਂ ਬਲ, ਪੇਖਿ ਅਕਾਸ ਰਿਦੈ ਸੁਕਚਾਵੈ॥***
***ਜਿਉ ਬ੍ਰਹਮੰਡ ਪ੍ਰਚੰਡ ਬਿਲੋਕਤ, ਗੂਲਰ ਜੰਤ ਉਡੰਤ ਲਜਾਵੈ॥***
***ਤੂੰ ਕਰਤਾ ਹਮ ਕੀਏ ਤਿਹਾਰੇ ਜੀ, ਤੋ ਪਹਿ ਬੋਲਨ ਕਿਉ ਬਨਿ ਆਵੈ॥***
***ਕਬਿੱਤ ਭਾਈ ਗੁਰਦਾਸ ਜੀ, 527***

ਪਾਤਿਸ਼ਾਹ! ਕਿਸ ਤਰ੍ਹਾਂ ਮੈਂ ਬੋਲ ਸਕਦਾ ਹਾਂ?

***ਜਉ ਗਰਬੈ ਬਹੁ ਬੂੰਦ ਚਿਤੰਤਰਿ***
***ਸਨਮੁਖ ਸਿੰਧ ਸੋਭ ਨਹੀਂ ਪਾਵੈ॥*** ***ਕਬਿੱਤ ਭਾਈ ਗੁਰਦਾਸ ਜੀ, 527***

ਇਕ ਬੂੰਦ, ਸਮੁੰਦਰ ਦੇ ਮੁਕਾਬਲੇ ਤੇ ਗਰਬ ਕਰੇ।

ਸਮੁੰਦਰ ਦੇ ਸਾਹਮਣੇ ਸੋਭਾ ਨਹੀਂ ਦਿੰਦੀ ਬੂੰਦ ਗਰਬ ਕਰਦੀ।

*ਜਉ ਬਹੁ ਉਡੈ ਖਗ ਧਾਰਿ ਮਹਾਂ ਬਲ*
*ਪੇਖਿ ਆਕਾਸ ਰਿਦੈ ਸੁਕਚਾਵੈ॥* *ਕਬਿੱਤ ਭਾਈ ਗੁਰਦਾਸ ਜੀ, 527*

ਜੇ ਪੰਛੀ ਉਡਦਾ ਹੈ, ਬਹੁਤ ਬਲ ਧਾਰ ਕੇ ਅਕਾਸ਼ ਨੂੰ ਦੇਖ ਕੇ ਸੁੰਗੜ ਜਾਂਦਾ ਹੈ, ਹੌਸਲਾ ਹਾਰ ਜਾਂਦਾ ਹੈ ਕਿ ਅਕਾਸ਼ ਕਿਤੇ ਮੁਕਣਾ ਹੈ?

*ਜਿਉ ਬ੍ਰਹਮੰਡ ਪ੍ਰਚੰਡ ਬਿਲੋਕਤ,*
*ਗੂਲਰ ਜੰਤ ਉਡੰਤ ਲਜਾਵੈ॥* *ਕਬਿੱਤ ਭਾਈ ਗੁਰਦਾਸ ਜੀ, 527*

ਜੇ ਗੂਲਰ ਦੀ ਗੋਲ੍ਹ ਵਿਚੋਂ ਜੰਤ ਉਡਿਆ ਹੋਇਆ ਕਹੇ ਕਿ ਮੈਂ ਬ੍ਰਹਿਮੰਡ ਦਾ ਭੇਦ ਪਾ ਲਵਾਂ ਤਾਂ ਕਿਵੇਂ ਪਾਇਆ ਜਾ ਸਕਦਾ ਹੈ?

*ਤੂ ਕਰਤਾ ਹਮ ਕੀਏ ਤਿਹਾਰੇ ਜੀ,*
*ਤੋ ਪਹਿ ਬੋਲਨ ਕਿਉ ਬਨਿ ਆਵੈ॥* *ਕਬਿੱਤ ਭਾਈ ਗੁਰਦਾਸ ਜੀ, 527*

ਤੇਰੇ ਕੋਲ ਤਾਂ ਬੋਲਣਾ ਬਣ ਨਹੀਂ ਸਕਦਾ ਪਾਤਿਸ਼ਾਹ! ਤੇਰੇ ਕੋਲ ਜਿਹੜਾ ਬੋਲਣਾ ਬਣਦਾ ਹੈ ਉਹ ਤਾਂ ਆਹੀ ਬਣਦਾ ਹੈ –

*ਧਾਰਨਾ – ਮੇਰੇ ਵਰਗਾ ਓ ਦੀਨ ਕੋਈ ਨਾ –2, 2.*
*ਤੇਰੇ ਵਰਗਾ ਨਾ ਦਇਆਲ ਹੋਰ ਜੱਗ ਤੇ –2, 2.*
*ਤੇਰੇ ਵਰਗਾ ਨਾ ਦਇਆਲ ਹੋਰ ਜੱਗ ਤੇ ਵਾਹਿਗੁਰੂ,*
*ਦੀਨ ਕੋਈ ਨਾ,*
*ਮੇਰੇ ਵਰਗਾ ਓ, .............. –2.*

*ਤੋ ਸੋ ਨ ਨਾਥੁ, ਅਨਾਥ ਨ ਮੋ ਸਰਿ,*
*ਤੋ ਸੋ ਨ ਦਾਨੀ, ਨ ਮੋ ਸੋ ਭਿਖਾਰੀ॥*
*ਮੋ ਸੋ ਨ ਦੀਨ, ਦਇਆਲ ਨ ਤੋ ਸਰਿ,*
*ਮੋ ਸੋ ਅਗਿਆਨੁ, ਨ ਤੋ ਸੋ ਬਿਚਾਰੀ॥*
*ਮੋ ਸੋ ਨ ਪਤਿਤ, ਨ ਪਾਵਨ ਤੋ ਸਰਿ,*
*ਮੋ ਸੋ ਬਿਕਾਰੀ ਨ ਤੋ ਸੋ ਉਪਕਾਰੀ॥*
*ਮੋਰੇ ਹੈ ਅਵਗੁਨ, ਤੂ ਗੁਨ ਸਾਗਰ,*
*ਜਾਤ ਰਸਾਤਲ ਓਟ ਤਿਹਾਰੀ॥* *ਕਬਿੱਤ ਭਾਈ ਗੁਰਦਾਸ ਜੀ, 528*

ਪਾਤਿਸ਼ਾਹ! ਮੇਰੇ ਵਰਗਾ ਮਾੜਾ ਹੋਰ ਸੰਸਾਰ ਤੇ ਕੋਈ ਨਹੀਂ ਹੈ। ਕਿਵੇਂ ਸਿਦਕ ਰਹਿ ਸਕਦਾ ਹੈ? ਔਖਾ ਹੈ ਸਿਦਕ ਰੱਖਣਾ।

*ਧਾਰਨਾ – ਕਿਆ ਸਿੱਖ ਵਿਚਾਰਾ ਜੀ –2, 2.*
*ਜੇ ਗੁਰ ਭਰਮਾਏ ਸਾਂਗ ਕਰ –2, 4.*

*ਜੇ ਮਾਉ ਪੁਤੈ ਵਿਸ ਦੇ ਤਿਸਤੇ ਕਿਸੁ ਪਿਆਰਾ।*
*ਜੇ ਘਰੁ ਭੰਨੈ ਪਾਹਰੂ ਕਉਣੁ ਰਖਣਹਾਰਾ।*
*ਬੇੜੀ ਡੋਬੈ ਪਾਤਣੀ ਕਿਉ ਪਾਰਿ ਉਤਾਰਾ।*
*ਆਗੂ ਲੈ ਉਝੜਿ ਪਵੇ ਕਿਸੁ ਕਰੈ ਪੁਕਾਰਾ।*
*ਜੇਕਰਿ ਖੇਤੈ ਖਾਇ ਵਾੜਿ ਕੋ ਲਹੈ ਨ ਸਾਰਾ।*
*ਜੇ ਗੁਰ ਭਰਮਾਏ ਸਾਂਗੁ ਕਰਿ ਕਿਆ ਸਿਖੁ ਵਿਚਾਰਾ॥*
*ਭਾਈ ਗੁਰਦਾਸ ਜੀ ਦੀ ਵਾਰ 35/22*
*ਦੀਵੇ ਵਟੀ ਤੇਲੁ ਦੇ ਸਭ ਰਾਤਿ ਜਲਾਏ।* *ਭਾਈ ਗੁਰਦਾਸ ਜੀ ਦੀ ਵਾਰ*

*35/23*

ਜੇ ਦੀਵੇ ਵਿਚ ਤੇਲ ਹੋਵੇ ਤਾਂ ਬੱਤੀ ਜਲਦੀ ਹੈ, ਨਹੀਂ ਤਾਂ ਸਾਰੀ ਸੜ ਜਾਂਦੀ ਹੈ।

***ਵਾਇ ਮੰਡਲ ਜਿਉ ਡੋਰ ਫੜਿ ਗੁਡੀ ਓਡਾਏ।***
***ਮੁਹ ਵਿਚਿ ਗਰੜ ਦੁਗਾਰੁ ਪਾਇ ਜਿਉ ਸਪੁ ਲੜਾਏ।***
***ਰਾਜਾ ਫਿਰੈ ਫਕੀਰੁ ਹੋਇ ਸੁਣਿ ਦੁਖਿ ਮਿਟਾਏ।***
***ਸਾਂਗੈ ਅੰਦਰਿ ਸਾਬਤਾ ਜਿਸੁ ਗੁਰੂ ਸਹਾਏ॥*** ***ਭਾਈ ਗੁਰਦਾਸ ਜੀ ਦੀ ਵਾਰ 34/23***

ਮਹਾਰਾਜ ਜੀ ਪ੍ਰਸੰਨ ਹੋ ਗਏ, ਕਹਿੰਦੇ, "ਮੁਸ਼ਕਾਂ ਖੋਲ੍ਹ ਦਿਓ।"

ਭਾਈ ਗੁਰਦਾਸ ਜੀ ਧਾਹ ਕੇ ਚਰਨਾਂ ਤੇ ਪੈ ਗਏ। ਮਹਾਰਾਜ ਜੀ ਨੇ ਚੁੱਕ ਕੇ ਛਾਤੀ ਨਾਲ ਲਾ ਲਏ।

ਕਹਿੰਦੇ, "ਗੁਰਸਿੱਖਾ! ਧੰਨ ਹੈਂ। ਇਕ ਗਿਆ ਸੀ, ਸੱਤ ਸੌ ਲੈ ਕੇ ਆਇਆ ਹੈਂ। ਭਾਈ! ਗੁਰਦਾਸ ਜੀ ਨੂੰ ਐਸਾ ਨਾ ਕਿਹੋ ਕਿ ਇਹ ਕਸਵੱਟੀ ਵਿਚੋਂ ਹਾਰ ਗਏ ਸੀ। ਮਾਇਆ ਐਡੀ ਪ੍ਰਬਲ ਸੀ ਕਿ ਕੋਈ ਵੀ ਨਹੀਂ ਸੀ ਠਹਿਰ ਸਕਦਾ ਇਸ ਦੇ ਅੱਗੇ। ਮਾੜੇ ਮੋਟੇ ਨਹੀਂ ਰਹਿ ਸਕਦੇ। ਬਹੁਤ ਵਿਰਲਾ ਹੈ।"

ਸੋ ਸੰਸਾਰ ਵਿਚ ਗੱਲਾਂ ਨੇ। ਸੋ ਭਾਈ ਲਹਿਣਾ ਜੀ ਸਮਝਾਉਂਦੇ ਨੇ ਕਿ ਪ੍ਰੇਮੀਓ! ਕਸਵੱਟੀ ਲੱਗੀ ਹੋਈ ਹੈ।

***ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ॥***
***ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ॥***
***ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ॥***
***ਪੰਨਾ - 757***

ਡੋਲੋ ਨਾ, ਕਸਵੱਟੀ ਹੈ ਲੱਗੀ ਹੋਈ। ਸੋ ਇਸ ਤਰ੍ਹਾਂ ਦੇ ਨਾਲ ਸਾਰੇ ਅਸੀਂ ਤਾਂ ਮਾਣ ਕਰਦੇ ਹਾਂ। ਬਿਲਕੁਲ ਨਹੀਂ, ਸਾਧ ਸੰਗਤ ਜੀ! ਜੇ ਗੁਰੂ ਦੀ ਕਿਰਪਾ ਹੋਵੇ ਤਾਂ ਬਚਦੇ ਹਾਂ, ਨਹੀਂ ਬਚਣਾ ਔਖਾ ਹੈ -

***ਧਾਰਨਾ - ਗੱਲਾਂ ਵਾਲੀ ਦੁਨੀਆਂ ਬਹੁਤੀ,***
***ਕਸਵੱਟੀ ਸਹਿੰਦਾ ਕੋਈ ਨਾ -2, 2.***
***ਕਸਵੱਟੀ ਸਹਿੰਦਾ ਕੋਈ ਨਾ -4, 2.***
***ਗੱਲਾਂ ਵਾਲੀ ਦੁਨੀਆਂ ਬਹੁਤੀ,....-2.***

***ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ॥***
***ਰਾਮ ਕਸਉਟੀ ਸੋ ਸਹੈ ਜੋ ਮਰਿ ਜੀਵਾ ਹੋਇ॥*** ***ਪੰਨਾ - 1366***

ਸੋ ਏਸ ਤਰ੍ਹਾਂ ਗੁਰੂ ਅੰਗਦ ਸਾਹਿਬ ਮਹਾਰਾਜ ਜੀ ਸਾਰੇ ਗੁਰਸਿੱਖਾਂ ਨੂੰ, ਜਿਨ੍ਹਾਂ ਵਿਚ ਵੱਡੇ-ਵੱਡੇ ਬਾਬਾ ਬੁੱਢਾ ਜੀ ਵਰਗੇ, ਭਾਈ ਦੁਨੀ ਚੰਦ ਵਰਗੇ, ਭਾਈ ਸਧਾਰਨ, ਭਾਈ ਮਨਸੁਖ, ਭਾਈ ਭਗੀਰਥ ਵਰਗਿਆਂ ਨੂੰ ਕਹਿੰਦੇ ਨੇ ਕਿ ਪ੍ਰੇਮੀਓ! ਕਸਵੱਟੀ ਲੱਗੀ ਹੈ ਗੁਰੂ ਦੀ, ਡੋਲੋ ਨਾ।

ਹੁਣ ਕਿਉਂਕਿ ਸਮਾਂ ਇਜਾਜ਼ਤ ਨਹੀਂ ਦਿੰਦਾ। ਕੱਲ੍ਹ ਦੇ ਦੀਵਾਨ ਵਿਚ ਇਸ ਤੋਂ ਅਗਲੀ ਵਿਚਾਰ ਕੀਤੀ ਜਾਏਗੀ। ਸੋ ਹੁਣ ਸਾਰੇ ਪ੍ਰੇਮੀ ਅਨੰਦ ਸਾਹਿਬ ਵਿਚ ਬੋਲੋ। ਜਿਹੜੇ ਹਾਲ ਤੱਕ ਨਹੀਂ ਬੋਲੇ, ਉਹ ਵੀ ਆਪਣੀ ਰਸਨਾ ਪਵਿੱਤਰ ਕਰੋ।

-ਅਨੰਦ ਸਾਹਿਬ-

-ਗੁਰਸਤੋਤਰ-

-ਅਰਦਾਸ-

# 13

ਸ਼ਾਨ ......................................।

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ।*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥* *ਪੰਨਾ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥* *ਪੰਨਾ - 289*

*ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ॥*
*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥* *ਪੰਨਾ - 1291*

*ਧਾਰਨਾ - ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ,*
*ਆਪੇ ਸਰਬ ਸਮਾਣਾ ਜੀ -2, 2.*
*ਆਪੇ ਸਰਬ ਸਮਾਣਾ ਜੀ -4, 2.*
*ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ,.-2.*

*ਪੁੜੁ ਧਰਤੀ ਪੁੜੁ ਪਾਣੀ ਆਸਣੁ ਚਾਰਿ ਕੁੰਟ ਚਉਬਾਰਾ॥*
*ਸਗਲ ਭਵਣ ਕੀ ਮੂਰਤਿ ਏਕਾ ਮੁਖਿ ਤੇਰੈ ਟਕਸਾਲਾ॥*
*ਮੇਰੇ ਸਾਹਿਬਾ ਤੇਰੇ ਚੋਜ ਵਿਡਾਣਾ॥*
*ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਆਪੇ ਸਰਬ ਸਮਾਣਾ॥*
*ਜਹ ਜਹ ਦੇਖਾ ਤਹ ਜੋਤਿ ਤੁਮਾਰੀ ਤੇਰਾ ਰੂਪੁ ਕਿਨੇਹਾ॥*
*ਇਕਤੁ ਰੂਪਿ ਫਿਰਹਿ ਪਰਛੰਨਾ ਕੋਇ ਨ ਕਿਸ ਹੀ ਜੇਹਾ॥*
*ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ॥*
*ਏਕੁ ਪੁਰਬੁ ਮੈ ਤੇਰਾ ਦੇਖਿਆ ਤੂ ਸਭਨਾ ਮਾਹਿ ਰਵੰਤਾ॥*
*ਤੇਰੇ ਗੁਣ ਬਹੁਤੇ ਮੈ ਏਕੁ ਨ ਜਾਣਿਆ ਮੈ ਮੂਰਖ ਕਿਛੁ ਦੀਜੈ॥*
*ਪ੍ਰਣਵਤਿ ਨਾਨਕ ਸੁਣਿ ਮੇਰੇ ਸਾਹਿਬਾ ਡੁਬਦਾ ਪਥਰੁ ਲੀਜੈ॥*
*ਪੰਨਾ - 596*

*ਧਾਰਨਾ - ਹਰਿ ਕੇ ਸੇਵਕ ਜੋ ਹਰਿ ਭਾਏ,*
*ਤਿਨ ਕੀ ਕਥਾ ਨਿਰਾਰੀ ਰੇ -2, 2.*
*ਤਿਨ ਕੀ ਕਥਾ ਨਿਰਾਰੀ ਰੇ -4, 2.*
*ਹਰਿ ਕੇ ਸੇਵਕ ਜੋ ਹਰਿ ਭਾਏ,........ -2.*

ਸਾਡੀਆਂ ਕਥਾਵਾਂ ਹੋਰ ਤਰ੍ਹਾਂ ਦੀਆਂ ਨੇ, ਅਸੀਂ ਦੁਨੀਆਂਦਾਰ ਬੰਦੇ ਹਾਂ, ਫਰਸ਼ ਤੇ ਰਹਿਣ ਵਾਲੇ ਹਾਂ। ਅਰਸ਼ਾਂ ਵਿਚ ਰਹਿਣ ਵਾਲਿਆਂ ਦੀਆਂ ਹੋਰ ਤਰ੍ਹਾਂ ਕਥਾਵਾਂ ਹੁੰਦੀਆਂ ਨੇ। ਸਾਡੀਆਂ ਕਥਾਵਾਂ ਰਸ ਤੋਂ ਰਹਿਤ ਹੁੰਦੀਆਂ ਨੇ, ਅਨ੍ਹੇਰੀਆਂ ਹੁੰਦੀਆਂ ਨੇ। ਉਨ੍ਹਾਂ ਦੀਆਂ ਕਥਾਵਾਂ ਰਸ ਭਰੀਆਂ ਹੁੰਦੀਆਂ ਨੇ ਤੇ ਨਿਰਾ ਹੀ ਪ੍ਰਕਾਸ਼ ਹੁੰਦਾ ਹੈ।

ਸੋ ਐਸੀ ਹੀ ਇਕ ਵਾਰਤਾ ਬਹੁਤ ਸਾਰੇ ਪ੍ਰੋਗਰਾਮਾਂ ਦੇ ਅੰਦਰ ਆਪਾਂ ਸੁਣ ਰਹੇ ਹਾਂ। ਗੁਰੂ ਅੰਗਦ ਸਾਹਿਬ ਮਹਾਰਾਜ, ਆਪ ਪੂਰਨ ਸਨ ਪਰ ਸਿੱਖੀ ਦਾ ਨਾਟਕ ਸਾਨੂੰ ਸਿਖਾਉਣ ਵਾਸਤੇ ਕਿ

ਸਿੱਖੀ ਕਿਵੇਂ ਹੁੰਦੀ ਹੈ, ਇਹ ਆਪ ਨੂੰ ਕਰਨਾ ਪਿਆ।

ਸੋ ਕੱਲ੍ਹ ਆਪ ਨੇ ਸਰਵਣ ਕਰਿਆ ਸੀ ਕਿ ਗੁਰੂ ਨਾਨਕ ਪਾਤਿਸ਼ਾਹ ਨੇ ਜਦੋਂ ਇਹ ਦੇਖਿਆ ਕਿ ਸਾਰੀ ਜ਼ਿੰਦਗੀ ਦੇ ਪ੍ਰਚਾਰ ਦੇ ਨਾਲ, ਵੱਡੀਆਂ ਉਚੀਆਂ ਸੁਰਤਾਂ ਵਾਲੇ, ਤ੍ਰਿਕਾਲ ਦਰਸ਼ੀ ਗੁਰਸਿਖ ਸਿੱਖ ਮੰਡਲ ਵਿਚੋਂ ਆ ਗਏ ਨੇ ਤੇ ਇਕ ਤੋਂ ਇਕ ਚੜ੍ਹਦਾ ਹੈ, ਕੋਈ ਵੀ ਘੱਟ ਨਹੀਂ ਹੈ ਤਾਂ ਉਸ ਵੇਲੇ ਇਹ ਜ਼ਰੂਰੀ ਹੋ ਗਿਆ ਕਿ ਇਨ੍ਹਾਂ ਸਾਰਿਆਂ ਵਿਚੋਂ ਇਕ ਛਾਂਟਿਆ ਜਾਵੇ। ਸੋ ਆਪ ਨੇ ਲੰਗਰ ਘਟਾ ਦਿੱਤਾ, ਬਹੁਤ ਸਾਰੇ ਸਿੱਖ ਚਲੇ ਗਏ; ਫਸਲ ਨੂੰ ਅੱਗ ਲਗਵਾ ਦਿੱਤੀ ਫੇਰ ਹੋਰ ਚਲੇ ਗਏ। ਕੌਤਕ ਵਰਤਿਆ, ਆਪ ਨੇ ਕੁਤਕਾ ਹੱਥ ਵਿਚ ਲਿਆ, ਧਾਣਕ ਰੂਪ ਧਾਰਨ ਕਰਿਆ, ਸੂਰੀਆਂ ਅੱਗੇ ਲਾ ਲਈਆਂ, ਕੁੱਤੇ ਨਾਲ ਲੈ ਲਏ ਤੇ ਇਕੋ ਬਚਨ ਗਾਉਂਦੇ ਜਾਂਦੇ ਨੇ –

***ਧਾਣਕ ਰੂਪਿ ਰਹਾ ਕਰਤਾਰ॥***

***ਪੰਨਾ – 24***

ਜੇ ਕੋਈ ਨੇੜੇ ਆ ਕੇ ਮੱਥਾ ਟੇਕਦਾ ਹੈ ਤਾਂ ਦੋਏ ਮੋਢਿਆਂ ਤੇ ਹੱਥ ਰੱਖ ਕੇ ਪਿਛੇ ਨੂੰ ਧੱਕਾ ਮਾਰ ਦਿੰਦੇ ਨੇ ਤੇ ਨਾਲ ਕਹਿੰਦੇ ਨੇ – ਜਾਹ! ਜਾਹ!! ਗੁਰੂ-ਗੁਰੂ ਜਪ। ਨੇੜੇ ਨਹੀਂ ਕਿਸੇ ਨੂੰ ਲੱਗਣ ਦਿੰਦੇ, ਬੋਲਦੇ ਨਹੀਂ। ਰਾਵੀ ਦੇ ਕੰਢੇ ਘੁੰਮਦੇ ਰਹਿੰਦੇ ਨੇ ਸਾਰੀ ਰਾਤ। ਇਨ੍ਹਾਂ ਚੀਜ਼ਾਂ ਕਰਕੇ ਤੇ ਬਾਹਰ ਰਹਿਣ ਨਾਲ ਸ਼ੱਕ ਪੈ ਗਿਆ ਤੇ ਵੱਡਾ ਸ਼ੱਕ ਉਸ ਵੇਲੇ ਪਿਆ ਜਦੋਂ ਆਪ ਨੇ ਸ਼ਿਕਾਰੀਆਂ ਵਾਲੇ ਕੱਪੜੇ ਪਾ ਲਏ ਤੇ ਹੱਥ ਵਿਚ ਕੁਤਕਾ ਲੈ ਲਿਆ, ਕੁੱਤੇ ਨਾਲ ਲੈ ਲਏ ਤੇ ਜਿਹੜਾ ਵੀ ਨੇੜੇ ਆਉਂਦਾ ਹੈ ਉਸ ਦੇ ਕੁਤਕਾ ਮਾਰਦੇ ਨੇ। ਬਹੁਤ ਸਾਰੇ ਭੱਜ ਗਏ। ਭਾਈ ਲਹਿਣਾ ਜੀ ਜੋ ਗੁਰੂ ਮਹਾਰਾਜ ਜੀ ਦੇ ਨਾਲ ਰਹਿੰਦੇ ਨੇ, ਜਿਵੇਂ ਪਰਛਾਵਾਂ ਰਹਿੰਦਾ ਹੈ, ਉਨ੍ਹਾਂ ਨੂੰ ਵੀ ਬਹੁਤ ਕੜਕ ਕੇ ਕਿਹਾ ਕਿ ਤੂੰ ਜਾਹ, ਜਾਂਦਾ ਕਿਉਂ ਨਹੀਂ? ਆਪ ਕਹਿੰਦੇ, "ਮਹਾਰਾਜ! ਕਿਥੇ ਜਾਵਾਂ?"

ਮਹਾਰਾਜ ਜੀ ਕਹਿੰਦੇ, "ਜਾਹ! ਜਿਥੇ ਸਾਰੇ ਗਏ। ਜਾਹ! ਛੇਤੀ ਜਾਹ।"

ਉਸ ਵੇਲੇ ਖਿਆਲ ਹੋਇਆ ਕਿ ਹੁਕਮ ਮੰਨਣਾ ਹੈ। ਹੁਕਮ ਦਿੰਦੇ ਨੇ, ਚਾਹੇ ਕਿਸੇ ਵੀ ਹਾਲਤ ਵਿਚ ਨੇ, ਫੇਰ ਵੀ ਸਮਰੱਥ ਨੇ। ਸਾਂਗ ਹੈ ਇਹ ਇਨ੍ਹਾਂ ਦਾ ਬਣਾਇਆ ਹੋਇਆ ਭੁਲਾਉਣ ਵਾਸਤੇ। ਸੋ ਆਪ ਧਰਮਸ਼ਾਲਾ ਆ ਜਾਂਦੇ ਨੇ।

ਉਥੇ ਆਇਆਂ ਤੋਂ ਸਿਖ ਪੁਛਦੇ ਨੇ ਕਿ ਭਾਈ ਲਹਿਣਾ ਜੀ! ਤੁਹਾਡੇ ਨਾਲ ਕੀ ਬੀਤੀ?

ਕਹਿੰਦੇ, "ਕੁਝ ਨਹੀਂ! ਠੀਕ ਹੈ ਗੁਰੂ ਮਹਾਰਾਜ ਜੀ ਦੇ ਥਾਪੜੇ ਪਿਆਰ ਦੇ ਭਰੇ ਹੋਏ, ਤੇ ਜਲਾਲ ਦੇ ਭਰੇ ਹੋਏ ਕੁਤਕੇ, ਇਕੋ ਹੀ ਰੂਪ ਹੈ, ਦੋ ਨਹੀਂ ਹਨ। ਉਹ ਵੀ ਬਖਸ਼ਿਸ਼ ਹੈ, ਇਹ ਵੀ ਬਖਸ਼ਿਸ਼ ਹੈ।"

ਕੋਈਓ ਹੈ ਜਿਹੜਾ ਇਹ ਸਮਝਦਾ ਹੈ ਕਿ ਇਹ ਵੀ ਬਖਸ਼ਿਸ਼ ਹੈ ਜੇ ਕੁਤਕਿਆਂ ਨਾਲ ਕੁੱਟੇ ਗੁਰੂ। ਕਿੰਨੀਆਂ ਹੀ ਮਿਸਾਲਾਂ ਨੇ ਐਸੀਆਂ। ਬਧੌਸ਼ੀ ਪਿੰਡ ਵਿਚ ਇਕ ਮਹਾਂਪੁਰਸ਼ ਬੀਰਮ ਦਾਸ ਜੀ ਹੋਇਆ ਕਰਦੇ ਸੀ। ਆਪ ਨਿਰਵਿਰਤੀ ਪੱਖ ਦੇ ਸੀ ਪਰ ਸੰਸਾਰ ਨਿਰਵਿਰਤੀ ਵਾਲਿਆਂ ਦਾ ਵੀ ਖਹਿੜਾ ਨਹੀਂ ਛੱਡਦਾ ਕਿਉਂ ਕਿ ਗਰਜ਼ਾਂ ਨੇ ਸੰਸਾਰ ਦੇ ਅੰਦਰ – ਬਿਮਾਰੀਆਂ, ਘਾਟੇ, ਲੜਾਈਆਂ, ਝਗੜੇ, ਫਸਾਦ, ਲਾਲਚ, ਬੇਅੰਤ ਕਿਸਮ ਦੇ ਵਿਘਨ। ਸੰਤ ਬੰਦਗੀ ਕਰਦੇ ਨੇ, ਉਨ੍ਹਾਂ ਦੇ ਪਾਸ ਜਾਣਾ ਸ਼ੁਰੂ ਕਰ ਦਿੰਦੇ ਨੇ। ਸੰਤ ਕਹਿੰਦੇ ਤੁਸੀਂ ਵੀ ਨਾਮ ਜਪ ਲਓ, ਤੁਸੀਂ ਏਸ ਤਰ੍ਹਾਂ ਕਰ ਲਓ ਪਰ ਆਪ ਨਾਮ ਨਹੀਂ ਜਪਣਾ, ਏਸ ਰਸਤੇ ਨਹੀਂ ਪੈਣਾ। ਉਥੇ ਜਾ ਕੇ ਕਹਿੰਦੇ ਨੇ ਕਿ ਕੋਈ ਬਚਨ ਕਰ ਦੇਣ, ਕੋਈ ਅਸ਼ੀਰਵਾਦ ਦੇ ਦੇਣ। ਸੋ ਏਸ ਤਰ੍ਹਾਂ ਉਨ੍ਹਾਂ ਦੇ ਕੋਲ ਡੰਡਾ ਹੁੰਦਾ ਸੀ। ਜੇ ਕਿਸੇ ਨੇ ਨੇੜੇ ਆਉਣਾ ਤਾਂ ਡੰਡਾ ਪਿੱਠ ਵਿਚ ਮਾਰਦੇ ਸੀ ਜ਼ੋਰ ਨਾਲ। ਆਮ ਤੌਰ ਤੇ ਦੂਰ ਰਹਿੰਦੇ ਸੀ, ਤੀਹ-ਚਾਲੀ ਫੁੱਟ ਤੇ। ਸੱਟੇ ਵਾਲੇ ਜ਼ਿਆਦਾ ਜਾਂਦੇ ਸਨ, ਉਨ੍ਹਾਂ ਨੇ ਇੱਟਾਂ ਮਾਰਨੀਆਂ, ਨਠਾਉਣੇ, ਫੇਰ ਪਰ੍ਹੇ ਜਾ ਕੇ ਬਹਿ ਜਾਣਾ ਜਿਥੇ ਇੱਟ ਨਾ ਜਾਵੇ। ਕਈ ਵਾਰੀ ਉਨ੍ਹਾਂ ਦੇ ਪਿਛੇ ਨੱਠ ਲੈਣ ਤਾਂ ਉਹ ਵੀ ਨੱਠ

ਲੈਂਦੇ ਤੇ ਫੇਰ ਆ ਜਾਂਦੇ ਸਨ ਕਿ ਅੱਜ ਬਾਬਾ ਦੇਖੋ ਕੀ ਨੰਬਰ ਬੋਲਦਾ ਹੈ। ਨੰਬਰ ਕੀ ਬੋਲਣਾ, ਕੋਈ ਸਹਿਜ ਸੁਭਾਅ ਬਚਨ ਨਿਕਲ ਗਿਆ, ਓਹੀ ਜਾ ਕੇ ਦਾਓ ਤੇ ਲਾ ਦਿੰਦੇ ਸੀ ਕਿ ਅਸੀਂ ਤਾਂ ਉਥੋਂ ਸੁਣ ਕੇ ਆਏ ਹਾਂ ਜੀ। ਇਸ ਕਰਕੇ ਉਨ੍ਹਾਂ ਨੇ ਬਿਰਤੀ ਇਹ ਰੱਖੀ ਹੋਈ ਸੀ ਕਿ ਮਾਇਆਧਾਰੀ ਮੱਖੀਆਂ ਪਿਛੇ ਪਈਆਂ ਹੋਈਆਂ ਨੇ, ਜਿੰਨੀਆਂ ਉਡਾਈਆਂ ਜਾਣ, ਓਨਾਂ ਹੀ ਠੀਕ ਹੈ।

ਮਹਾਰਾਜਾ ਪਟਿਆਲਾ ਭੁਪਿੰਦਰ ਸਿੰਘ - ਆਪ ਦੇ ਬੜੀ ਦੇਰ ਤੱਕ ਔਲਾਦ ਨਹੀਂ ਸੀ ਹੋਈ। ਕਿਸੇ ਨੇ ਦੱਸਿਆ ਕਿ ਬਿਧੋਸ਼ੀ ਵਾਲੇ ਸੰਤਾਂ ਕੋਲ ਜਾਓ। ਸੋ ਆਪ ਨੇ ਸੁਣਿਆ ਤੇ ਕਾਰ ਤੇ ਚੜ੍ਹ ਕੇ ਆਏ। ਨਾਲ ਦੇ ਉਨ੍ਹਾਂ ਦੇ ਵਜ਼ੀਰ, ਅਹਿਲਕਾਰ ਆਦਿ ਕਹਿੰਦੇ ਕਿ ਮਹਾਰਾਜ! ਇਥੇ ਹੀ ਗੱਡੀ ਖੜ੍ਹਾਅ ਦਿਓ। ਇਥੋਂ ਪੈਦਲ ਚੱਲ ਕੇ ਜਾਓ। ਇਕ ਵੱਡਾ ਸਾਰਾ ਖੇਤ ਵਾਹਿਆ ਹੋਇਆ ਸੀ ਤੇ ਬੜੇ ਡਲੇ ਉਠੇ ਹੋਏ ਸੀ, ਡਾਕਰ ਖੇਤ ਸੀ, ਉਸ ਦੇ ਵਿਚ ਸੰਤ ਆ ਕੇ ਬੈਠ ਗਏ। ਇਹ ਨੰਗੇ ਪੈਰੀਂ ਕਦੇ ਤੁਰਿਆ ਨਹੀਂ ਸੀ, ਡਲਿਆਂ ਤੇ ਤੁਰਨਾ ਨਹੀਂ ਸੀ ਆਉਂਦਾ ਤੇ ਬੜੀ ਮੁਸ਼ਕਲ ਦੇ ਨਾਲ ਗਿਰਦਾ-ਢਹਿੰਦਾ ਉਥੇ ਪਹੁੰਚਿਆ। ਉਸ ਦਿਨ ਉਨ੍ਹਾਂ ਨੇ ਕਿਹਾ ਕਿ ਅੱਜ ਛੋਟੀ ਸੋਟੀ ਨਾ ਲਿਆਇਓ, ਵੱਡਾ ਬਾਂਸ ਲਿਆਇਓ। ਜਦੋਂ ਉਹ ਆਇਆ ਤੇ ਦੂਰੋਂ ਮੱਥਾ ਟੇਕਿਆ ਤਾਂ ਸੰਤਾਂ ਨੇ ਬਾਂਸ ਮਾਰਿਆ ਜ਼ੋਰ ਦੀ। ਇਸ ਨੂੰ ਕਹਿ ਦਿੱਤਾ ਕਿ ਮਹਾਰਾਜ! ਤੁਸੀਂ ਉਸੇ ਤਰ੍ਹਾਂ ਰਹਿਓ। ਉਹ ਜਦੋਂ ਆਪੇ ਹੀ ਖੁਸ਼ੀ ਨਾਲ ਤੁਹਾਨੂੰ ਕਹਿਣ ਕਿ ਜਾਹ! ਨੱਠ ਜਾ, ਫੇਰ ਉਠਿਓ। ਜਿਹੜੇ ਵਿਚੋਲੇ ਹੁੰਦੇ ਨੇ ਇਹ ਵੱਡੇ-ਵੱਡੇ ਕੰਮ ਕਰਾ ਦਿੰਦੇ ਨੇ ਸੰਤਾਂ ਤੋਂ। ਸੰਤ ਵਿਚੋਲਾ ਜਿਹੜਾ ਹੁੰਦਾ ਹੈ, ਵਾਹਿਗੁਰੂ ਰੂਪ-ਰੰਗ, ਰੇਖ ਭੇਖ ਤੋਂ ਨਿਆਰਾ ਜਿਹੜਾ ਕਿਸੇ ਨੂੰ ਦਿਸਦਾ ਨਹੀਂ ਹੈ - ਹਰ ਥਾਂ ਹੁੰਦਾ ਹੋਇਆ ਵੀ, ਇਹ ਵਿਚੋਲੇ ਮਿਲਾ ਦਿੰਦੇ ਹੁੰਦੇ ਨੇ ਉਸ ਨੂੰ ਵੀ, ਪ੍ਰਗਟ ਕਰਾ ਦਿੰਦੇ ਨੇ। ਸੋ ਕਹਿਣ ਲੱਗੇ ਕਿ ਉਠਿਓ ਨਾ। ਇਕ ਬਾਂਸ ਮਾਰਿਆ, ਦੋ ਮਾਰੇ; ਗਿਣਦੇ ਜਾਂਦੇ ਨੇ। ਜਦੋਂ ਬਾਰਾਂ-ਤੇਰਾਂ ਲੱਗੇ ਤਾਂ ਕਹਿੰਦੇ ਕਿ ਹੁਣ ਤੂੰ ਬੱਸ ਹੀ ਨਹੀਂ ਕਰਨੀ? ਨੱਠ ਜਾ ਇਥੋਂ। ਨਮਸ਼ਕਾਰ ਕਰੀ, ਦੋਏ ਹੱਥ ਜੋੜੇ, ਤੁਰ ਆਏ।

ਸੋ ਭਾਈ ਲਹਿਣਾ ਜੀ ਦਸਦੇ ਨੇ ਸੰਗਤਾਂ ਨੂੰ ਕਿ ਪ੍ਰੇਮੀਓ! ਸਾਰੀ ਜ਼ਿੰਦਗੀ ਆਪਾਂ ਇਨ੍ਹਾਂ ਦੇ ਪਿਆਰ ਥਾਪੜੇ ਲੈਂਦੇ ਰਹੇ ਤੇ ਇਨ੍ਹਾਂ ਦੇ ਜਲਾਲ ਦੇ ਨਾਲ ਰੋਸ਼ਨੀ ਦਾ ਆਨੰਦ ਮਾਣਦੇ ਰਹੇ, ਰਸ ਦਾ ਅਨੰਦ ਮਾਣਦੇ ਰਹੇ। ਹੁਣ ਜਲਾਲ ਦੇ ਕੁਤਕੇ ਵੀ ਖਾਓ। ਉਹ ਵੀ ਕੋਈ ਬੁਰੀ ਬਾਤ ਨਹੀਂ ਹੈ। ਡੰਡਾ ਐਨੇ ਜ਼ੋਰ ਨਾਲ ਵੱਜਦਾ ਹੈ, ਸਹਿ ਨਹੀਂ ਹੁੰਦਾ, ਬੜਾ ਮੁਸ਼ਕਲ ਹੈ। ਸੋ ਆਪ ਸਾਰਿਆਂ ਨੂੰ ਬਾਰ-ਬਾਰ ਦਿਲਾਸਾ ਦਿੰਦੇ ਨੇ ਕਿ ਇਹ ਗੁਰੂ ਦਾ ਸਾਂਗ ਹੈ, ਭਰਮਣਾ ਨਹੀਂ ਚਾਹੀਦਾ।

ਕੱਲ੍ਹ ਬੜੀ ਲੰਮੀ ਵਿਚਾਰ ਹੋਈ ਸੀ ਕਿ ਜਦੋਂ ਗੁਰੂ ਕਸਵੱਟੀ ਲਾ ਦਿੰਦਾ ਹੈ ਫੇਰ ਸਿੱਖ ਦੇ ਵਾਸਤੇ ਸਹਿਣੀ ਹੱਦ ਤੋਂ ਜ਼ਿਆਦਾ ਮੁਸ਼ਕਲ ਹੋ ਜਾਂਦੀ ਹੈ। ਬੜਾ ਮੁਸ਼ਕਲ ਹੈ ਸਾਧ ਸੰਗਤ ਜੀ! ਨਾ ਸੰਤਾਂ ਦੀ ਕਸਵੱਟੀ ਸਹੀ ਜਾਂਦੀ ਹੈ ਤੇ ਨਾ ਗੁਰੂ ਦੀ ਕਸਵੱਟੀ ਕਿਉਂਕਿ ਦੋਏ ਬੇਲਾਗ ਹੁੰਦੇ ਨੇ, ਇਨ੍ਹਾਂ ਨੂੰ ਇਹ ਨਹੀਂ ਹੁੰਦਾ ਕਿ ਕੋਈ ਸਾਡੇ ਕੋਲ ਆਵੇ।

ਕਬੀਰ ਸਾਹਿਬ ਨੇ ਇਕ ਵਾਰੀ ਸੰਗਤ ਤੇ ਕਸਵੱਟੀ ਲਾਈ। ਬਹੁਤੇ ਇਕੱਠ ਹੋਣ ਲੱਗ ਗਏ। ਆਪ ਨੇ ਸੋਚਿਆ ਕਿ ਇਉਂ ਤਾਂ ਨਹੀਂ ਜਾਂਦੇ, ਕਸਵੱਟੀ ਲਾਈ ਜਾਵੇ। ਸੋ ਇਕ ਵੇਸਵਾ ਸੀ ਉਸੇ ਸ਼ਹਿਰ ਵਿਚ। ਉਹ ਆਪ ਦੇ ਉਪਦੇਸ਼ ਨਾਲ ਉਚੇ ਜੀਵਨ ਵਾਲੀ ਹੋ ਗਈ ਪਰ ਲੋਕਾਂ ਦੀ ਨਿਗ੍ਹਾ ਉਸ ਦੇ ਉਤੇ ਇਹੀ ਸੀ ਕਿ ਇਹ ਵੇਸਵਾ ਹੈ, ਅੰਦਰ ਦੀ ਅਵਸਥਾ ਨਹੀਂ ਸੀ ਜਾਣਦੇ।

ਕਬੀਰ ਸਾਹਿਬ ਨੇ ਇਕ ਦਿਨ ਉਸ ਨੂੰ ਨਾਲ ਲਿਆ ਤੇ ਇਕ ਹੱਥ ਵਿਚ ਰੰਗੀਨ ਪਾਣੀ ਦੀ ਬੋਤਲ, ਸ਼ਰਾਬ ਵਰਗੀ ਲੈ ਲਈ ਤੇ ਥੋੜ੍ਹੀ-ਥੋੜ੍ਹੀ ਦੇਰ ਬਾਅਦ ਮੂੰਹ ਨੂੰ ਲਾ ਲੈਂਦੇ ਨੇ ਤੇ ਰੌਲਾ ਪਾਉਂਦੇ ਹੋਏ ਜਾਂਦੇ ਨੇ। ਸਾਰੇ ਸ਼ਹਿਰ ਵਿਚ ਦੀ ਲੰਘ ਗਏ। ਜਿੰਨੇ ਕੱਚੇ ਸੇਵਕ ਸੀ, ਸਭ ਕਹਿਣ ਲੱਗੇ ਕਿ ਕਬੀਰ ਸਾਹਿਬ ਨੂੰ ਇਹ ਕੀ ਹੋ ਗਿਆ? ਇਨ੍ਹਾਂ ਦਾ ਇਕ ਸੇਵਕ ਸ਼ਹਿਰ ਦਾ ਰਾਜਾ ਵੀ ਸੀ, ਉਸ ਦੇ ਮਹਿਲਾਂ (ਮਹੱਲਾਂ) ਵੱਲ ਚਲੇ ਗਏ। ਰਾਜੇ ਨੇ ਦੂਰੋਂ ਦੇਖਿਆ ਕਿ ਗੁਰੂ ਜੀ ਆ ਰਹੇ ਨੇ। ਰਾਣੀ ਨੂੰ ਬੁਲਾਇਆ, ਕਹਿੰਦੇ, "ਆਹ ਕੀ ਹੋ ਗਿਆ ਇਨ੍ਹਾਂ ਨੂੰ?"

ਕਹਿੰਦੀ, "ਮਹਾਰਾਜ! ਇਨ੍ਹਾਂ ਦਾ ਕੋਈ ਕੌਤਕ ਹੋਣਾ ਹੈ।"

ਕਹਿੰਦਾ, "ਕੌਤਕ ਨਹੀਂ! ਮੈਨੂੰ ਦੱਸ ਗਏ ਨੇ ਕਿ ਕਬੀਰ ਸਾਹਿਬ ਅੱਜ ਪਤਾ ਨਹੀਂ ਕੀ ਹੋ ਗਿਆ, ਵੇਸਵਾ ਨੂੰ ਨਾਲ ਲਿਆ ਹੋਇਆ ਹੈ, ਸ਼ਰਾਬ ਦੀ ਬੋਤਲ ਮੂੰਹ ਨੂੰ ਲਾਉਂਦੇ ਨੇ ਤੇ ਰੌਲਾ ਪਾਉਂਦੇ ਜਾਂਦੇ ਨੇ।"

ਰਾਣੀ ਕਹਿੰਦੀ, "ਤੁਸੀਂ ਸਿਦਕ ਵਿਚ ਰਹੋ।"

ਕਹਿੰਦਾ, "ਕਾਹਦਾ ਸਿਦਕ ਰੱਖਾਂ। ਇਹ ਜੁਲਾਹਾ ਸੀ, ਜੁਲਾਹੇ ਦਾ ਜੁਲਾਹਾ ਹੀ ਰਿਹਾ, ਓਹੀ ਕੰਮ ਕਰ ਦਿੱਤਾ। ਮੈਂ ਤਾਂ ਸਮਝਿਆ ਸੀ ਕਿ ਬਹੁਤ ਵੱਡਾ ਹੈ।"

ਰਾਣੀ ਬਾਰ-ਬਾਰ ਸਮਝਾਉਂਦੀ ਹੈ ਕਿ ਨਾ ਮਹਾਰਾਜ! ਗੁਰੂ ਦੇ ਉਤੇ ਤਰਕ ਨਹੀਂ ਕਰੀਦੀ, ਸੰਤ ਉਤੇ ਤਰਕ ਕਰੇ ਤੇ ਛੇ ਕਲਾਂ ਵੈਰਾਗ ਦੀਆਂ ਨਸ਼ਟ ਹੋ ਜਾਂਦੀਆਂ ਨੇ। ਇਕ ਕਲਾ ਬੈਰਾਗ ਦੀ ਕਈ ਜਨਮਾਂ ਦੇ ਵਿਚ ਪ੍ਰਾਪਤ ਹੁੰਦੀ ਹੈ। ਰੂਹਾਨੀ ਜੀਵਨ ਬਿਲਕੁਲ ਖਤਮ ਹੋ ਜਾਇਆ ਕਰਦਾ ਹੈ। ਜੇ ਗੁਰੂ ਤੇ ਤਰਕ ਕਰ ਦਿਓ ਤਾਂ ਸਾਰਾ ਜੀਵਨ ਖਤਮ ਹੋ ਜਾਂਦਾ ਤੇ ਕਈ ਜੀਵਨ ਉਸ ਦੇ ਭ੍ਰਿਸ਼ਟੇ ਜਾਂਦੇ ਨੇ। ਰਾਜੇ ਦੇ ਮਨ ਵਿਚ ਤਰਕ ਹੈ।

ਕਬੀਰ ਸਾਹਿਬ ਨੇੜੇ ਨੂੰ ਉਸੇ ਤਰ੍ਹਾਂ ਆਉਂਦੇ ਨੇ ਲਟਬੌਰਿਆਂ ਵਾਂਗੂ, ਪੈਰ ਮਸਾਂ ਲਗਦਾ ਹੈ ਧਰਤੀ ਤੇ, ਰੌਲਾ ਪਾਉਂਦੇ ਆਉਂਦੇ ਨੇ। ਰਾਜਾ ਉਠ ਕੇ ਖੜ੍ਹਾ ਨਹੀਂ ਹੋਇਆ। ਰਾਜੇ ਦੀਆਂ ਭਵਾਂ ਚੜ੍ਹੀਆਂ ਹੋਈਆਂ ਨੇ, ਮੱਥੇ ਵਿਚ ਤਿਉੜੀ ਪਈ ਹੋਈ ਹੈ ਤੇ ਬੁਲ੍ਹ ਦੰਦਾਂ ਵਿਚ ਲੈ ਕੇ ਟੁਕਦਾ ਹੈ ਕਿ ਮੈਂ ਸਭ ਕੁਝ ਬੋਲ ਦੇਵਾਂ ਪਰ ਫੇਰ ਸੋਚਦਾ ਹੈ, ਕੁਝ ਦਿਮਾਗ ਕੰਮ ਕਰ ਰਿਹਾ ਹੈ। ਕਬੀਰ ਸਾਹਿਬ ਨੇ ਰਾਜੇ ਦੇ ਗਲੀਚੇ ਤੇ ਬੋਤਲ ਡੋਲ੍ਹ ਦਿੱਤੀ। ਹਵਾ ਦੇ ਨਾਲ ਸ਼ਰਾਬ ਵਰਗਾ ਮੁਸ਼ਕ ਆਇਆ।

ਰਾਜਾ ਕਹਿਣ ਲੱਗਿਆ, "ਕਬੀਰ! ਆਹ ਕੀ ਕਰਿਆ ਤੂੰ? ਮੇਰਾ ਐਡਾ ਕੀਮਤੀ ਗਲੀਚਾ ਖਰਾਬ ਕਰ ਦਿੱਤਾ।"

ਕਬੀਰ ਸਾਹਿਬ ਕਹਿੰਦੇ, "ਤੇਰਾ ਗਲੀਚਾ ਖਰਾਬ ਨਹੀਂ ਹੋਇਆ, ਅਸੀਂ ਤਾਂ ਜਗਨਨਾਥ ਪੁਰੀ ਦੇ ਮੰਦਰ ਦੀ ਅੱਗ ਬੁਝਾਈ ਹੈ।"

ਰਾਣੀ ਨੇ ਸਮਝਾਇਆ ਰਾਜੇ ਨੂੰ ਕਿ ਮਹਾਰਾਜ! ਜੇ ਕੋਈ ਬਚਨ ਕਰਨਾ ਹੋਵੇ ਤਾਂ ਪਹਿਲਾਂ ਵਿਚਾਰ ਜ਼ਰੂਰੀ ਹੁੰਦੀ ਹੈ, ਵਿਚਾਰ ਤੋਂ ਬਗੈਰ ਬਚਨ ਨਹੀਂ ਕਰਨਾ ਚਾਹੀਦਾ। ਸੋ ਇਨ੍ਹਾਂ ਦੇ ਮੁਖ ਤੋਂ ਇਹ ਫੁਰਮਾਨ ਹੋਇਆ ਹੈ ਕਿ ਮੰਦਰ ਦੀ ਅੱਗ ਬੁਝਾਈ ਹੈ, ਪਹਿਲਾਂ ਤੁਸੀਂ ਪਤਾ ਕਰ ਲਓ, ਬਾਕੀ ਗੱਲਾਂ ਫੇਰ ਕਰ ਲਿਉ।

ਸੋ ਕਬੀਰ ਸਾਹਿਬ ਐਨਾ ਕਹਿ ਕੇ ਵਾਪਸ ਚਲੇ ਜਾਂਦੇ ਨੇ ਤੇ ਰਾਜੇ ਨੇ ਘੋੜ-ਸਵਾਰ ਭੇਜਿਆ ਤੇ ਮੰਦਰ ਵਿਚ ਜਾ ਕੇ ਪਤਾ ਕਰਵਾਇਆ। ਉਹ ਕਹਿੰਦੇ ਕਿ ਹੁਣੇ ਹੀ ਥੋੜ੍ਹੀ ਦੇਰ ਪਹਿਲਾਂ ਅਚਾਨਕ ਅੱਗ ਲੱਗ ਗਈ ਸੀ ਮੰਦਰ ਨੂੰ, ਤੇ ਕੋਈ ਆਸ ਨਹੀਂ ਸੀ ਕਿ ਇਹ ਬੁਝ ਜਾਏਗੀ ਪਰ ਪਤਾ ਨਹੀਂ ਕੀ ਹੋਇਆ, ਪ੍ਰਮੇਸ਼ਰ ਦੀ ਐਸੀ ਕਿਰਪਾ ਹੋਈ ਕਿ ਅਚਾਨਕ ਹੀ ਅੱਗ ਬੁਝ ਗਈ।

ਉਸ ਵੇਲੇ ਰਾਜਾ ਬੜਾ ਪਛਤਾਇਆ ਕਿ ਮੈਂ ਆਪਣੇ ਗੁਰੂ ਨੂੰ ਕਿੰਨੀਆਂ ਮਾੜੀਆਂ ਗੱਲਾਂ ਕਹਿ ਦਿੱਤੀਆਂ ਤੇ ਮੇਰੇ ਮਨ ਵਿਚ ਕਿੰਨੀ ਘਿਰਣਾ ਉਨ੍ਹਾਂ ਵਾਸਤੇ ਪੈਦਾ ਹੋਈ। ਸੋ ਕਸਵੱਟੀ ਨਾ ਸਹਿ ਸਕਿਆ।

ਸੋ ਏਸ ਤਰ੍ਹਾਂ ਦੇ ਨਾਲ ਭਾਈ ਲਹਿਣਾ ਜੀ ਕਹਿੰਦੇ ਨੇ ਕਿ ਗੁਰਸਿਖੋ! ਇਹ ਗੁਰੂ ਦਾ ਸਾਂਗ ਹੈ। ਨਾ ਘਬਰਾਓ, ਸਿਦਕ ਵਿਚ ਰਹੋ। ਕੋਈ ਵਿਰਲਾ ਹੀ ਹੈ ਜਿਹੜਾ ਕਸਵੱਟੀ ਸਹਿ ਸਕਦਾ

ਹੈ, ਸਾਰਿਆਂ ਦਾ ਕੰਮ ਨਹੀਂ ਹੁੰਦਾ, ਬਹੁਤ ਮੁਸ਼ਕਲ ਹੈ। ਕੋਈ ਵੀ ਸੰਤ ਜੇ ਭੀੜਾਂ ਨੂੰ ਦੂਰ ਕਰਨਾ ਚਾਹੇ ਤਾਂ ਮਾਮੂਲੀ ਜਿਹੀ ਗੱਲ ਹੁੰਦੀ ਹੈ ਉਨ੍ਹਾਂ ਵਾਸਤੇ, ਸਾਰੀਆਂ ਸੰਗਤਾਂ ਪਾਸੇ ਹਟ ਜਾਇਆ ਕਰਦੀਆਂ ਨੇ, ਕੋਈਓ ਰਹਿ ਜਾਂਦਾ ਹੈ ਵੱਡੇ ਦਿਲ ਵਾਲਾ, ਹੋਰ ਨਹੀਂ ਰਿਹਾ ਕਰਦਾ।

ਸੋ ਦੇਖਦੇ-ਦੇਖਦੇ ਗੁਰੂ ਨਾਨਕ ਸਾਹਿਬ ਓਥੇ ਵੀ ਆ ਗਏ - ਧਰਮਸ਼ਾਲਾ ਵਿਚ, ਤੇ ਆਉਂਦੇ ਹੀ ਕਹਿੰਦੇ, "ਤੁਸੀਂ ਇਥੇ ਕੀ ਕਰਦੇ ਹੋ? ਤੁਸੀਂ ਜਾਂਦੇ ਕਿਉਂ ਨਹੀਂ, ਮੈਂ ਜਦੋਂ ਤੁਹਾਨੂੰ ਕਹਿੰਦਾ ਹਾਂ ਚਲੇ ਜਾਓ।"

ਨੱਠ ਕੇ ਜਾ ਕੇ ਇਕ ਦੋ ਕੁਤਕਾ ਮਾਰਦੇ ਨੇ, ਬਾਕੀ ਸਭ ਨੱਠ ਲੈਂਦੇ ਨੇ, ਕੋਈ ਏਧਰ ਨੂੰ ਜਾਂਦਾ ਹੈ ਕੋਈ ਓਧਰ ਨੂੰ ਜਾਂਦਾ ਹੈ। ਜਿਹੜੇ ਸਿਦਕੀ ਸਿੱਖ ਸਨ ਉਹ ਖੜ੍ਹੇ ਨੇ। ਮਹਾਰਾਜ ਜੀ ਉਨ੍ਹਾਂ ਦੇ ਵੀ ਮਾਰੀ ਜਾਂਦੇ ਨੇ ਤੇ ਕਹਿੰਦੇ ਤੁਸੀਂ ਜਾਂਦੇ ਕਿਉਂ ਨਹੀਂ? ਕੋਈ ਜਵਾਬ ਨਹੀਂ ਹੈ। ਉਸ ਤੋਂ ਬਾਅਦ ਮਹਾਰਾਜ ਫੇਰ ਮੁੜ ਕੇ ਜੰਗਲ ਵੱਲ ਨੂੰ ਚੱਲ ਪਏ। ਚਲਦਿਆਂ-ਚਲਦਿਆਂ ਫੇਰ ਕਾਫੀ ਭੀੜ ਨਾਲ ਤੁਰ ਪਈ ਕਿ ਕਿੱਧਰ ਨੂੰ ਜਾਂਦੇ ਨੇ ਦੇਖੀਏ ਤਾਂ ਸਹੀ। ਅੱਗੇ ਕੀ ਦੇਖਦੇ ਨੇ ਕਿ ਧਰਤੀ ਦੇ ਉਤੇ ਲੱਖਾਂ ਦੀ ਤਾਦਾਦ ਵਿਚ ਰੁਪਈਏ ਡਿੱਗੇ ਪਏ ਨੇ। ਉਹ ਚੁਕਣੇ ਸ਼ੁਰੂ ਕਰ ਦਿੱਤੇ, ਗਠੜੀਆਂ ਬੰਨ੍ਹਣੀਆਂ ਸ਼ੁਰੂ ਕਰ ਦਿੱਤੀਆਂ, ਬਹੁਤ ਸਾਰੇ ਉਥੇ ਹੀ ਰੁਝ ਗਏ, ਕੁਝ ਥੋੜ੍ਹੇ ਜਿਹੇ ਅੱਗੇ ਗਏ। ਅੱਗੇ ਜਾ ਕੇ ਕੀ ਦੇਖਦੇ ਨੇ ਕਿ ਮੋਹਰਾਂ ਹੀ ਮੋਹਰਾਂ ਪਈਆਂ ਨੇ। ਜਿਹੜੇ ਰੁਪਈਆਂ ਤੇ ਨਹੀਂ ਸੀ ਗਿਰੇ, ਉਹ ਮੋਹਰਾਂ ਉਤੇ ਗਿਰ ਗਏ। ਉਸ ਤੋਂ ਅੱਗੇ ਚਲੇ ਗਏ, ਉਥੇ ਹੀਰੇ ਜਵਾਹਰਾਤ ਬੇਅੰਤ ਪਏ ਨੇ। ਕਹਿਣ ਲੱਗੇ ਪਹਿਲਾਂ ਰੁਪਈਏ ਆਏ, ਫੇਰ ਮੋਹਰਾਂ ਆਈਆਂ, ਹੁਣ ਹੀਰੇ ਆਏ; ਸਾਰੇ ਚੁੱਕਣ ਲੱਗ ਗਏ। ਗੁਰੂ ਮਹਾਰਾਜ ਜੀ ਉਸੇ ਤੇਜ਼ੀ ਨਾਲ ਜਾ ਰਹੇ ਨੇ, ਨਾਲ ਸਿਰਫ ਤਿੰਨ ਰਹਿ ਗਏ ਜਿਹੜੇ ਮਹਾਰਾਜ ਜੀ ਦੇ ਪਿਛੇ ਪਿਛੇ ਉਸੇ ਤਰ੍ਹਾਂ ਜਾਂਦੇ ਨੇ। ਮਹਾਰਾਜ ਜੀ ਪਿਛੇ ਮੁੜ ਕੇ ਕੁਤਕੇ ਮਾਰਦੇ ਨੇ, ਰੁਕ ਕੇ ਖੜ੍ਹ ਜਾਂਦੇ ਨੇ; ਜਦੋਂ ਚਲਦੇ ਨੇ, ਫੇਰ ਪਿਛੇ ਚੱਲ ਪੈਂਦੇ ਨੇ। ਬਾਕੀਆਂ ਤੇ, ਸਾਧ ਸੰਗਤ ਜੀ! ਮਾਇਆ ਦਾ ਅਸਰ ਹੋ ਗਿਆ। ਇਸ ਮਾਇਆ ਨੇ ਸਾਰਾ ਹੀ ਸੰਸਾਰ ਮੋਹਿਆ ਹੋਇਆ ਹੈ - ਇਕ ਦੋ ਚਾਰ ਨਹੀਂ। ਏਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਇਸ ਮਾਇਆ ਮੋਹਣੀ ਨੇ,***
***ਪਿਆਰਿਓ, ਮੋਹ ਲਿਆ ਜੱਗ ਸਾਰਾ -2, 2.***
***ਮੋਹ ਲਿਆ ਜਗ ਸਾਰਾ ਪਿਆਰੇ -2, 2.***
***ਇਸ ਮਾਇਆ ਮੋਹਣੀ ਨੇ,....... -2.***

***ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ॥***
***ਮਨਮੁਖ ਖਾਧੇ ਗੁਰਮੁਖਿ ਉਬਰੇ ਜਿਨੀ ਸਚਿ ਨਾਮਿ ਚਿਤੁ ਲਾਇਆ॥***
***ਪੰਨਾ - 643***

ਵੱਡੇ ਵੱਡੇ ਸੰਸਾਰ ਵਿਚ ਹੋਏ ਨੇ ਜਿਨ੍ਹਾਂ ਨੇ ਇਹ ਦਾਅਵਾ ਕਰ ਦਿੱਤਾ ਸੀ ਕਿ ਸਾਨੂੰ ਗਿਆਨ ਹੋ ਗਿਆ, ਅਸੀਂ ਨਹੀਂ ਹੁਣ ਮੋਹੇ ਜਾ ਸਕਦੇ। ਵੇਦ-ਵਿਆਸ ਜੀ ਦਾ ਇਕ ਚੇਲਾ ਸੀ ਜਿਸ ਦਾ ਨਾਂ ਜੈਮਿਨੀ ਸੀ। ਇਸ ਨੇ ਛੇ ਸ਼ਾਸ਼ਤਰਾਂ ਦੇ ਵਿਚੋਂ ਇਕ 'ਨਿਆਏ ਸਾਸ਼ਤਰ' ਬਣਾਇਆ ਹੈ। ਉਸ ਦੇ ਵਿਚ ਇਹ ਲਿਖ ਦਿੱਤਾ ਕਿ ਜਿਸ ਵਕਤ ਆਦਮੀ ਨੂੰ ਗਿਆਨ ਹੋ ਜਾਵੇ, ਫੇਰ ਇਹ ਮਾਇਆ ਤੋਂ ਮੋਹਿਆ ਨਹੀਂ ਜਾ ਸਕਦਾ। ਮਾਇਆ ਦਾ ਇਕ ਰੂਪ ਤਾਂ ਹੈ ਨਹੀਂ, ਜਿੰਨਾ ਦੇਖਦੇ ਹੋ ਤੁਸੀਂ, ਇਹ ਸਭ ਮਾਇਆ ਹੈ। ਜਿਹੜੀ ਚੀਜ਼ ਦਾ ਨਾਂ ਹੈ, ਰੂਪ ਹੈ, ਉਹ ਮਾਇਆ ਹੀ ਹੈ। ਨਾਮ ਤਾਂ ਵਾਹਿਗੁਰੂ ਦਾ ਵੀ ਹੈ ਪਰ ਅਸਲ ਨਾਮ ਕੋਈ ਨਹੀਂ ਹੈ ਉਸ ਦਾ, ਉਹ ਅਨਾਮ ਹੈ। ਉਹ ਸਾਰਿਆਂ ਨਾਵਾਂ ਦਾ ਅਧਾਰ ਹੁੰਦਾ ਹੈ, ਉਥੇ ਮਾਇਆ ਨਹੀਂ ਹੈ। ਪੁੱਤਰ ਵੀ ਮਾਇਆ, ਪੈਸਾ ਵੀ, ਮਕਾਨ ਵੀ, ਆਪਣਾ ਸਰੀਰ ਵੀ, ਇਸਤਰੀ ਵੀ ਤੇ ਪੁਰਸ਼ ਵੀ, ਇਹ ਸਭ ਮਾਇਆ ਹੀ ਮਾਇਆ ਹੈ। ਅਹੁਦੇ ਵੀ ਮਾਇਆ, ਉਸਤਤ ਵੀ ਮਾਇਆ ਹੈ। ਇਹ ਚੀਜ਼ਾਂ ਬੰਦੇ ਨੂੰ ਮੋਂਹਦੀਆਂ ਨੇ, ਨਿਕਲਣ ਨਹੀਂ ਦਿੰਦੀਆਂ। ਐਸੀ ਜਬਰਦਸਤ ਇਨ੍ਹਾਂ ਵਿਚ ਤਾਕਤ ਹੈ ਕਿ ਉਹ ਨਿਕਲਣ ਨਹੀਂ ਦਿੰਦੀਆਂ, ਘੁੰਮਣ ਘੇਰੀ ਵਿਚ ਪਾ ਲੈਂਦੀਆਂ ਹਨ ਤੇ ਨਿਕਲੇ ਹੋਇਆਂ ਨੂੰ ਫੇਰ ਸੁੱਟ ਲੈਂਦੀਆਂ ਨੇ।

ਜੈਮਿਨੀ ਗ੍ਰੰਥ ਪੂਰਾ ਕਰਕੇ ਵਿਆਸ ਜੀ ਦੇ ਪਾਸ ਲੈ ਗਿਆ, ਉਹ ਬੜੇ ਅਨੁਭਵੀ ਮਹਾਂਪੁਰਸ਼ ਸਨ। ਉਹ ਕਾਰਕ ਨੇ ਸਾਧ ਸੰਗਤ ਜੀ। ਜਿਹੜਾ ਕਾਰਕ ਹੁੰਦਾ ਹੈ, ਚਾਰ ਅਰਬ ਬੱਤੀ ਕਰੋੜ ਸਾਲ ਦੀ ਉਮਰ ਭੋਗਿਆ ਕਰਦਾ ਹੈ। ਬ੍ਰਹਮਗਿਆਨੀ ਹੋਰ ਹੁੰਦਾ ਹੈ। ਬ੍ਰਹਮ ਗਿਆਨੀ ਬਹੁਤ ਉਚਾ ਹੁੰਦਾ ਹੈ, ਕਾਰਕ ਹੇਠਾਂ ਹੋਇਆ ਕਰਦਾ ਹੈ। ਉਹ ਬਦੇਹ-ਮੁਕਤਿ ਨਹੀਂ ਹੋਇਆ ਕਰਦਾ। ਮੁਕਤ ਤਾਂ ਹੁੰਦਾ ਹੈ ਉਹ, ਪਰ ਹੇਠਲੇ ਦਰਜੇ ਦੀ ਮੁਕਤੀ ਉਸ ਦੇ ਕੋਲ ਹੁੰਦੀ ਹੈ।

***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥***
***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥***
***ਪੰਨਾ - 273***

ਸੋ ਏਸ ਤਰ੍ਹਾਂ ਦੇ ਨਾਲ ਵੇਦ ਵਿਆਸ ਜੀ ਨੂੰ ਉਹ ਗ੍ਰੰਥ ਪੜ੍ਹਾਇਆ ਤੇ ਜਦੋਂ ਉਨ੍ਹਾਂ ਨੇ ਉਹ ਸੂਤਰ ਪੜ੍ਹਿਆ ਤਾਂ ਕਹਿਣ ਲੱਗੇ, "ਜੈਮਿਨੀ ਜੀ! ਆਹ ਕੱਟ ਦਿਓ ਕਿਉਂਕਿ ਜਿਤਨਾ ਪਰਮੇਸ਼ਰ ਤਕੜਾ ਹੈ, ਓਡੀ ਹੀ ਉਸ ਦੀ ਮਾਇਆ ਤਕੜੀ ਹੈ।"

ਕਹਿੰਦਾ, "ਨਹੀਂ ਜੀ! ਇਹ ਹੋ ਹੀ ਨਹੀਂ ਸਕਦਾ, ਜਦੋਂ ਦਾਣੇ ਭੁੱਜ ਜਾਣ ਤਾਂ ਹਰੇ ਨਹੀਂ ਹੋ ਸਕਦੇ।"

ਉਹ ਕਹਿੰਦੇ, "ਇਹ ਬਾਤ ਨਹੀਂ ਹੈ, ਮਾਇਆ ਵਿਚ ਐਨੀ ਸ਼ਕਤੀ ਹੈ ਕਿ ਭੁੱਜੇ ਦਾਣੇ ਵੀ ਹਰੇ ਕਰ ਦਿੰਦੀ ਹੈ।"

ਦੋਹਾਂ ਦਾ ਤਕਰਾਰ ਹੋ ਗਿਆ। ਵਿਆਸ ਜੀ ਨੇ ਸੋਚਿਆ ਕਿ ਇਹ ਏਸ ਤਰ੍ਹਾਂ ਨਹੀਂ ਸਮਝਦਾ, ਇਸ ਦੇ ਉਤੇ ਕਸਵੱਟੀ ਲਾਈਏ, ਫੇਰ ਇਹ ਸਮਝੇਗਾ। ਸੋ ਐਸਾ ਮਾਇਆ ਦਾ ਜਾਲ ਰਚ ਦਿੱਤਾ ਆਪ ਨੇ ਕਿ ਸ਼ਾਮ ਹੋ ਗਈ, ਜੰਗਲ ਵਿਚ ਇਕ ਬੀਬੀ ਦੇ ਰੋਣ ਦੀ ਆਵਾਜ਼ ਆ ਰਹੀ ਹੈ, ਬੜੀ ਦਰਦਨਾਕ ਆਵਾਜ਼ ਹੈ, ਕੋਈ ਨਹੀਂ ਹੈ ਉਸ ਦੇ ਕੋਲ। ਜੈਮਿਨੀ ਆਪਣੇ ਆਸ਼ਰਮ ਵਿਚ ਰਹਿੰਦਾ ਹੈ। ਇਸ ਨੇ ਉਸ ਦੀ ਆਵਾਜ਼ ਸੁਣੀ, ਦਿਲ ਵਿਚ ਆਇਆ ਕਿ ਇਸ ਦੇ ਕੰਮ ਆਉਣਾ ਚਾਹੀਦਾ ਹੈ, ਪਤਾ ਨਹੀਂ ਇਸ ਅਬਲਾ ਨੂੰ ਕੀ ਦੁੱਖ ਹੈ। ਫੇਰ ਮੈਂ ਵੀ ਇਨਸਾਨ ਹਾਂ, ਪੱਥਰ ਤਾਂ ਹਾਂ ਨਹੀਂ। ਸੋ ਰਹਿਮ ਆਇਆ, ਦਇਆ ਆਈ ਤੇ ਦਇਆ ਦੇ ਵਸ ਵਿਚ ਆ ਕੇ ਉਹ ਉਥੇ ਚਲਿਆ ਗਿਆ ਤੇ ਜਾ ਕੇ ਕਹਿਣ ਲੱਗਿਆ ਕਿ ਐ ਲੜਕੀ! ਕਿਆ ਬਾਤ ਹੈ?

ਕਹਿੰਦੀ, "ਬਾਤ ਇਹ ਹੈ ਮੁਨੀ ਜੀ! ਇਥੇ ਮੈਂ ਤੇ ਮੇਰਾ ਪਤੀ ਜਾ ਰਹੇ ਸੀ। ਇਕ ਸ਼ੇਰ ਨੇ ਮੇਰਾ ਪਤੀ ਖਾ ਲਿਆ। ਹੁਣ ਮੈਨੂੰ ਰਸਤੇ ਦਾ ਨਹੀਂ ਪਤਾ ਕਿ ਕਿਧਰ ਨੂੰ ਜਾਂਦਾ ਹੈ। ਭਿਆਨਕ ਆਵਾਜ਼ਾਂ ਆ ਰਹੀਆਂ ਨੇ ਤੇ ਇਥੇ ਭੀਲ ਵਗੈਰਾ ਹੋਰ ਬਹੁਤ ਰਾਖਸ਼ ਕਿਸਮ ਦੇ ਲੋਕ ਰਹਿੰਦੇ ਨੇ। ਪਤਾ ਨਹੀਂ ਮੇਰਾ ਕੀ ਹਾਲ ਹੋਵੇ, ਮੈਨੂੰ ਕੋਈ ਆਸਰਾ ਨਹੀਂ ਹੈ ਤੇ ਮੈਂ ਪਰਮੇਸ਼ਰ ਨੂੰ ਯਾਦ ਕਰਕੇ ਰੋ ਰਹੀ ਹਾਂ ਕਿ ਹੇ ਪ੍ਰਭੂ! ਮੈਨੂੰ ਕੋਈ ਆਸਰਾ ਦੇਹ, ਮੇਰਾ ਕੋਈ ਬੰਦੋਬਸਤ ਕਰ।"

ਜੈਮਿਨੀ ਦੇ ਦਿਲ ਵਿਚ ਦਰਦ ਆਇਆ ਤੇ ਆਸ਼ਰਮ ਵਿਚ ਨਾਲ ਲੈ ਆਇਆ। ਅੱਜ ਪਹਿਲਾ ਦਿਨ ਸੀ ਕਿ ਆਸ਼ਰਮ ਵਿਚ ਕਿਸੇ ਇਸਤ੍ਰੀ ਨੂੰ ਲਿਆਇਆ। ਉਸਨੂੰ ਆਪਣਾ ਕਮਰਾ ਦੇ ਦਿੱਤਾ।

ਕਹਿਣ ਲੱਗਿਆ, "ਇਉਂ ਕਰੀਂ! ਦਰਵਾਜ਼ਾ ਅੰਦਰੋਂ ਬੰਦ ਕਰ ਲੈ। ਇਥੇ ਜਾਨਵਰ ਅਤੇ ਰਾਖਸ਼ ਆਇਆ ਕਰਦੇ ਨੇ, ਬੜੀ ਕਿਸਮ ਦੀਆਂ ਆਵਾਜ਼ਾਂ ਦਿੰਦੇ ਨੇ, ਤੂੰ ਇਹ ਦਰਵਾਜ਼ਾ ਨਹੀਂ ਖੋਲ੍ਹਣਾ, ਕਿੰਨੀਆਂ ਹੀ ਆਵਾਜ਼ਾਂ ਦੇਣ, ਚਾਹੇ ਮੇਰਾ ਬੋਲ ਬਣਾ ਕੇ ਹੀ ਦੇਣ। ਜੇ ਮੈਂ ਵੀ ਕਹਾਂ, ਤਾਂ ਵੀ ਤੂੰ ਦਰਵਾਜ਼ਾ ਨਹੀਂ ਖੋਲ੍ਹਣਾ।"

ਪੱਕੀ ਕਰ ਦਿੱਤੀ ਤੇ ਨਾਲ ਦੇ ਕਮਰੇ ਵਿਚ ਆਪ ਠਹਿਰ ਗਿਆ। ਉਹ ਲੜਕੀ ਵੇਦਾਂ ਦੀਆਂ

ਰਿਚਾਂ ਬੜੇ ਪਿਆਰ ਨਾਲ, ਮਿੱਠੇ ਗਲੇ ਨਾਲ ਗਾਉਣ ਲੱਗ ਗਈ। ਜਦੋਂ ਉਸ ਦੇ ਸੰਗੀਤ ਦੀ ਆਵਾਜ਼ ਇਸ ਦੇ ਕੰਨਾਂ ਵਿਚ ਪਈ, ਨੇੜੇ ਆ ਗਿਆ ਤੇ ਅਖੀਰ ਦਰਵਾਜ਼ੇ ਕੋਲ ਆ ਕੇ ਸੁਣਦਾ ਰਿਹਾ। ਮਾਇਆ ਪੈ ਗਈ, ਮਨ ਵਿਚ ਆ ਗਿਆ ਕਿ ਦਰਵਾਜ਼ਾ ਖੁਲ੍ਹਾਅ ਲਈਏ, ਮੰਦੇ ਖਿਆਲ ਉਠਣੇ ਸ਼ੁਰੂ ਹੋ ਗਏ। ਇਸ ਨੇ ਆਵਾਜ਼ ਮਾਰੀ ਕਿ ਦਰਵਾਜ਼ਾ ਖੋਲ੍ਹ, ਮੈਂ ਜੈਮਿਨੀ ਹਾਂ।

ਉਹ ਕਹਿੰਦੀ, "ਮੈਂ ਤਾਂ ਸਵੇਰ ਦਿਨ ਚੜ੍ਹੇ ਤੋਂ ਪਹਿਲਾਂ ਖੋਲ੍ਹਣਾ ਹੀ ਨਹੀਂ।"

ਕਹਿੰਦਾ, "ਤੂੰ ਮੇਰਾ ਕਮਰਾ ਮੱਲ ਕੇ ਬੈਠ ਗਈ, ਦਰਵਾਜ਼ਾ ਕਿਉਂ ਨਹੀਂ ਖੋਲ੍ਹਦੀ? ਮੈਂ ਦਰਵਾਜ਼ੇ ਤੋੜ ਦਿਆਂਗਾ।"

ਕਹਿੰਦੀ, "ਕੁਝ ਕਰ, ਤੂੰ ਹੀ ਕਿਹਾ ਸੀ ਕਿ ਦਰਵਾਜ਼ੇ ਨਹੀਂ ਖੋਲ੍ਹਣੇ।"

ਅਖੀਰ ਛੱਤ ਤੇ ਚੜ੍ਹ ਕੇ ਛੱਪਰ ਪਾੜ ਲਿਆ ਤੇ ਜਦੋਂ ਅੰਦਰ ਜਾਣ ਲੱਗਿਆ ਕਾਹਲੀ ਵਿਚ, ਮੋਢਿਆਂ ਦੇ ਥੱਲੇ ਤੱਕ ਥੱਲੇ ਆ ਗਿਆ, ਬਾਹਾਂ ਬਾਹਰ ਰਹਿ ਗਈਆਂ, ਉਥੇ ਹੀ ਲਟਕ ਗਿਆ। ਨਾ ਹੇਠਾਂ ਜਾ ਹੁੰਦਾ ਹੈ, ਨਾ ਉਪਰ ਨਿਕਲ ਹੁੰਦਾ ਹੈ, ਵਿਚਾਲੇ ਫਸ ਗਿਆ। ਸਾਰੀ ਰਾਤ ਲਟਕਦਾ ਰਿਹਾ। ਸਵੇਰੇ ਵਿਆਸ ਜੀ ਆ ਗਏ ਤੇ ਆਵਾਜ਼ ਦਿੱਤੀ, "ਬੇਟਾ ਜੈਮਿਨੀ! ਕਿਥੇ ਹੈਂ ਤੂੰ?" ਸ਼ਰਮਿੰਦਾ ਹੈ, ਹੁਣ ਬੋਲਦਾ ਨਹੀਂ। ਲੜਕੀ ਨੇ ਦਰਵਾਜ਼ਾ ਖੋਲ੍ਹ ਦਿੱਤਾ। ਦੇਖਦੇ ਨੇ, ਲਟਕ ਰਿਹਾ ਹੈ ਤੋਰੀ ਵਾਂਗ, ਨਾ ਹੇਠਾਂ ਹੁੰਦਾ ਹੈ ਨਾ ਉਤੇ ਹੁੰਦਾ ਹੈ। ਸਹਾਰਾ ਦੇ ਕੇ ਕੱਢਿਆ।

ਕਹਿੰਦੇ, "ਕਿਉਂ ਬੇਟਾ! ਤੈਨੂੰ ਮੈਂ ਕੀ ਕਿਹਾ ਸੀ ਤੇ ਤੂੰ ਮੈਨੂੰ ਕੀ ਜਵਾਬ ਦਿੱਤਾ ਸੀ? ਜੇ ਗੁਰੂ ਦੀ ਕਿਰਪਾ ਨਾ ਹੋਵੇ ਤਾਂ ਮਾਇਆ ਤੋਂ ਕੋਈ ਬਚ ਨਹੀਂ ਸਕਦਾ, ਕਸਵੱਟੀ 'ਚੋਂ ਪਾਰ ਨਹੀਂ ਹੋ ਸਕਦਾ। ਸਿਰਫ ਓਹੀ ਹੋ ਸਕਦਾ ਹੈ ਜਿਸ ਦੇ ਉਤੇ ਗੁਰੂ ਦੀ ਕਿਰਪਾ ਹੋਵੇ, ਬਾਕੀ ਨਹੀਂ ਕੋਈ ਕੁਝ ਕਰ ਸਕਦਾ।"

ਕਹਿੰਦਾ, "ਮਹਾਰਾਜ! ਠੀਕ ਹੈ, ਮੈਂ ਭੁੱਲ ਗਿਆ।"

ਸੋ ਇਸ ਮਾਇਆ ਵਿਚੋਂ ਕੋਈ ਨਹੀਂ ਨਿਕਲ ਸਕਦਾ ਜੇ ਕਸਵੱਟੀ ਲੱਗ ਜਾਵੇ। ਸੋ ਤਿੰਨ ਰਹਿ ਗਏ, ਬਾਕੀ ਸਭ ਝੜ ਗਏ। ਉਸ ਤੋਂ ਬਾਅਦ ਗੁਰੂ ਮਹਾਰਾਜ ਜੀ ਦੋਹਾਂ ਨੂੰ ਕਹਿਣ ਲੱਗੇ – ਬਾਬਾ ਬੁੱਢਾ ਜੀ ਨੂੰ ਤੇ ਦੁਨੀ ਚੰਦ ਨੂੰ ਕਿ ਤੁਸੀਂ ਜਾਂਦੇ ਹੋ ਜਾਂ ਨਹੀਂ। ਜਾਓ – ਜਾਓ ਸਾਰੇ। ਪਿਛੇ ਖੜ੍ਹ ਗਏ ਦੋਏ ਕਿ ਜਦੋਂ ਲਹਿਣਾ ਜੀ ਮੁੜਨਗੇ, ਫੇਰ ਮੁੜਾਂਗੇ ਅਸੀਂ, ਤੇ ਜਦੋਂ ਲਹਿਣਾ ਜੀ ਇਕੱਲੇ ਰਹਿ ਗਏ ਤਾਂ ਮਹਾਰਾਜ ਨੇ ਬੜਾ ਘੂਰ ਕੇ ਇਨ੍ਹਾਂ ਵੱਲ ਦੇਖਿਆ –

***ਪੁਨ ਲਹਿਣੇ ਕੀ ਦਿਸ ਗੁਰ ਹੇਰਾ॥***
***ਠਾਂਢੋ ਧਰਮ ਨ ਤ੍ਰਾਸ ਘਨੇਰਾ॥*** ***ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ, ਪੰਨਾ – 193***

ਕੀ ਦੇਖਿਆ ਕਿ ਉਵੇਂ ਜਿਵੇਂ ਖੜ੍ਹਾ ਹੈ, ਭੋਰਾ ਜਿੰਨਾ ਵੀ ਡਰ ਨਹੀਂ ਹੈ। ਡਰ ਭਾਵੇਂ ਕਿੰਨਾ ਹੀ ਦਿੱਤਾ ਹੋਇਆ ਹੈ ਪਰ ਡਰ ਨਹੀਂ।

***ਰਿਸ ਕਰ ਤਿਸ ਕੋ ਬਚਨ ਉਚਾਰਾ॥*** ***ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ, ਪੰਨਾ – 193***

ਬੜੇ ਗੁੱਸੇ ਵਿਚ ਆ ਕੇ ਬਚਨ ਉਚਾਰਿਆ।

***ਕਿਉਂ ਠਾਂਢੇ ਅਬ ਜਾਹੁ ਸਿਧਾਰਾ॥*** ***ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ, ਪੰਨਾ – 193***

ਇਥੇ ਖੜ੍ਹਾ ਕੀ ਕਰਦਾ ਹੈਂ? ਤੂੰ ਜਾਂਦਾ ਕਿਉਂ ਨਹੀਂ? ਉਸ ਵੇਲੇ ਆਪ ਨੇ ਦੋਏ ਹੱਥ ਜੋੜ ਲਏ ਤੇ ਕਹਿੰਦੇ, "ਪਾਤਿਸ਼ਾਹ! ਮੈਂ ਕਿਥੇ ਜਾਵਾਂ? ਚੰਦ, ਸੂਰਜ, ਤਾਰੇ, ਸਮੁੰਦਰ, ਧਰਤੀ, ਪਹਾੜ,

ਮਾਰੂਥਲ, ਦਰਿਆ, ਅਸਮਾਨ, ਪਤਾਲ ਹੋਰ ਜਿਥੇ ਤੱਕ ਨਿਗ੍ਹਾ ਜਾਂਦੀ ਹੈ, ਕਿਤੇ ਮੇਰਾ ਥਾਂ ਨਹੀਂ। ਪਾਤਿਸ਼ਾਹ! ਜੇ ਮੇਰੀ ਥਾਂ ਹੈ ਤਾਂ ਤੇਰੇ ਚਰਨਾਂ ਵਿਚ ਹੈ, ਹੋਰ ਮੇਰੀ ਕਿਤੇ ਕੋਈ ਥਾਂ ਨਹੀਂ ਹੈ। ਸਭ ਕੁਝ ਛੱਡ ਦਿੱਤਾ। ਜੇ ਸੰਸਾਰ ਵਿਚ ਕੁਝ ਰੱਖਿਆ ਹੈ ਤਾਂ ਕੇਵਲ ਤੇਰੇ ਚਰਨ ਰੱਖੇ ਨੇ, ਮੈਨੂੰ ਨਹੀਂ ਹੈ ਹੋਰ ਕੋਈ ਆਸਰਾ।"

ਏਸ ਤਰ੍ਹਾਂ ਕਹਿੰਦੇ ਨੇ, ਪੜ੍ਹੋ ਪਿਆਰ ਨਾਲ –

***ਧਾਰਨਾ – ਮੈਂ ਕਿਥੇ ਜਾਵਾਂ ਓ, ਮਾਲਕਾ,***
***ਮੈਨੂੰ ਠਉਰ ਨਾ ਕੋਈ –2, 2.***
***ਮੈਨੂੰ ਠਉਰ ਨਾ ਕੋਈ ਮਾਲਕਾ –2, 2.***
***ਮੈਂ ਕਿਥੇ ਜਾਵਾਂ ਓ, ਮਾਲਕਾ,.......... –2.***

***ਸਗਲ ਦੁਆਰ ਕਉ ਛਾਡਿ ਕੈ ਗਹਿਓ ਤੁਹਾਰੋ ਦੁਆਰ॥***
***ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ॥***
***(ਰਹਰਾਸਿ ਸਾਹਿਬ)***

***ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ॥***
***ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ ਨ ਆਵਹੀ॥***
***ਪੰਨਾ – 791***

ਹੇ ਪਾਤਿਸ਼ਾਹ! ਸੰਸਾਰ ਦੇ ਅੰਦਰ ਕੋਈ ਹੋਰ ਥਾਉਂ ਨਹੀਂ – ਸਿਵਾਏ ਤੇਰੇ ਚਰਨਾਂ ਤੋਂ –

***ਕਹਿਤ ਭਯੋ ਗੁਰ ਠਹੁਰ ਨ ਕੋਈ॥***
***ਕਿਤ ਕੋ ਜਾਹੁੰ ਸ਼ਰਨ ਪ੍ਰਭ ਤੋਹੀ॥ ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ,***
***ਪੰਨਾ – 193***

ਕਹਿੰਦੇ ਮੈਂ ਜਾਵਾਂ ਕਿਥੇ? ਕੋਈ ਥਾਉਂ ਹੋਵੇ ਤਾਂ ਉਥੇ ਜਾਵਾਂ। ਮੈਨੂੰ ਤਾਂ ਕੋਈ ਥਾਉਂ ਹੀ ਨਹੀਂ ਹੈ – ਸਾਰੀ ਸ੍ਰਿਸ਼ਟੀ ਦੇ ਅੰਦਰ – ਨਾ ਦਰਿਆ ਵਿਚ, ਨਾ ਸਮੁੰਦਰ ਵਿਚ, ਨਾ ਸੂਰਜ ਤੇ, ਨਾ ਚੰਦਰਮਾ ਤੇ, ਨਾ ਬਨਸਪਤੀ ਵਿਚ, ਨਾ ਕਿਸੇ ਘਰ ਵਿਚ, ਕਿਤੇ ਥਾਂ ਨਹੀਂ; ਜੇ ਥਾਂ ਹੈ ਪਾਤਿਸ਼ਾਹ ਤਾਂ ਤੇਰੇ ਚਰਨਾਂ ਵਿਚ ਹੈ।

ਐਸੀਆਂ ਅਵਸਥਾਵਾਂ ਵਿਚ ਜਿਹੜੇ ਮਹਾਂਪੁਰਸ਼ਾਂ ਦੇ ਪਿਆਰੇ ਹੋਇਆ ਕਰਦੇ ਨੇ, ਉਨ੍ਹਾਂ ਨੂੰ ਪੁਛ ਕੇ ਦੇਖੋ, ਉਹ ਜਾਣਦੇ ਨੇ, ਦੂਸਰਿਆਂ ਨੂੰ ਤਾਂ ਇਹ ਕਹਾਣੀ ਲਗਦੀ ਹੈ।

ਨਿਜ਼ਾਮੁਦੀਨ ਔਲੀਆ ਬਾਬਾ ਫਰੀਦ ਜੀ ਦੇ ਮੁਰੀਦ ਸਨ। ਬਹੁਤ ਉਚੀ ਕਮਾਈ ਵਾਲੇ ਵੇਪਰਵਾਹ ਸਨ। ਸੱਤ ਬਾਦਸ਼ਾਹੀਆਂ ਉਨ੍ਹਾਂ ਦੇ ਹੁੰਦੇ ਲੰਘੀਆਂ ਪਰ ਆਪਣੀ ਦਰਗਾਹ ਵਿਚ ਬਾਦਸ਼ਾਹ ਦੇ ਪੈਰ ਨਹੀਂ ਪੈਣ ਦਿੱਤੇ। ਇਕ ਪ੍ਰੇਮੀ ਸੀ, ਉਸ ਨੇ ਨੇੜੇ ਮਕਾਨ ਬਣਾ ਲਿਆ। ਸਾਰਾ ਦਿਨ ਮਹੱਲ ਦੀ ਖਿੜਕੀ ਵਿਚ ਬੈਠਾ ਦਰਸ਼ਨ ਕਰੀ ਜਾਂਦਾ ਸੀ। ਬੜੀ ਵਾਰੀ ਸੁਨੇਹੇ ਭੇਜੇ ਕਿ ਮੈਨੂੰ ਕਦਮ-ਬੋਸੀ ਕਰ ਲੈਣ ਦਿਓ। ਪਰ ਹਰ ਵਾਰੀ ਜਵਾਬ ਦੇ ਦਿੱਤਾ ਕਿ ਨਹੀਂ, ਰਾਜਾ ਨਹੀਂ ਸਾਡੇ ਕੋਲ ਆ ਸਕਦਾ। ਇਹ ਬੇਪਰਵਾਹੀ ਹੋਇਆ ਕਰਦੀ ਹੈ –

***ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ॥***
***ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ॥ ਪੰਨਾ – 473***

ਪਰਵਾਹ ਨਹੀਂ ਹੋਇਆ ਕਰਦੀ ਸੰਸਾਰ ਦੀ ਬਿਲਕੁਲ ਵੀ। ਗਰਜ (ਲੋੜ) ਤੋਂ ਉਤੇ ਉਠੇ ਹੋਏ ਹੁੰਦੇ ਨੇ। ਸੰਸਾਰ ਵਿਚ ਵਾਸ਼ਨਾ ਚੱਲ ਰਹੀ ਹੈ ਸਭ ਦੇ ਅੰਦਰ ਪਰ ਉਨ੍ਹਾਂ ਦੀਆਂ ਸਾਰੀਆਂ ਵਾਸ਼ਨਾਵਾਂ ਖ੍ਯੈ ਹੋਈਆਂ ਹੁੰਦੀਆਂ ਹਨ। ਮਨੋ ਨਾਸ਼, ਵਾਸ਼ਨਾ ਖ੍ਯੈ, ਅਤੇ ਨਿਰੋਲ ਤਤ੍ਵ ਗਿਆਨ ਹੋਇਆ

ਕਰਦਾ ਹੈ।

ਜਦੋਂ ਇਹ ਤਿੰਨ ਚੀਜ਼ਾਂ ਆ ਜਾਣ ਤਾਂ ਸਾਧੂ ਹੋਇਆ ਕਰਦਾ ਹੈ ਪੂਰਾ। ਸੋ ਆਪ ਦਾ ਇਕ ਮੁਰੀਦ ਖੁਸਰੋ, ਜਿਹੜਾ ਰਾਜਸੀ ਕਵੀ ਸੀ, ਸੱਤ-ਬਾਦਸ਼ਾਹੀਆਂ ਦਾ ਕਵੀ ਰਿਹਾ ਹੈ ਉਹ। ਜਦੋਂ ਸੇਵਾ ਮੁਕਤ ਹੋਇਆ, ਉਸ ਵੇਲੇ ਸਾਰਾ ਸਮਾਨ ਦੋ ਸੌ ਊਠ ਤੇ ਲਦਿਆ ਉਸ ਨੇ। ਕਾਫਲਾ ਜਾਂਦਾ ਹੈ ਬਹੁਤ ਵੱਡਾ। ਏਧਰ ਇਕ ਐਸਾ ਕੌਤਕ ਹੋਇਆ। ਜਦੋਂ ਇਹ ਦਿੱਲੀਓਂ ਇਜਾਜ਼ਤ ਲੈ ਕੇ ਤੁਰਿਆ ਕਿ ਮੈਂ ਘਰ ਛੱਡ ਆਵਾਂ ਤਾਂ ਜਦੋਂ ਇਹ ਕਾਫਲੇ ਸਮੇਤ ਜਾ ਰਿਹਾ ਹੈ, ਉਸ ਵੇਲੇ ਇਕ ਬੰਦਾ ਆਇਆ। ਉਸ ਦੇ ਕੋਲ ਜੁੱਤੀ ਸੀ। ਉਹ ਪਹਿਲਾਂ ਦਿੱਲੀ ਆਇਆ ਨਿਜ਼ਾਮੁਦੀਨ ਔਲੀਆ ਦੇ ਪਾਸ। ਉਥੇ ਆ ਕੇ ਬੇਨਤੀ ਕਰੀ ਕਿ ਮੇਰੀ ਲੜਕੀ ਦੀ ਸ਼ਾਦੀ ਹੈ, ਮੇਰੀ ਮਦਦ ਕਰੋ। ਉਹ ਕਹਿੰਦੇ ਕਿ ਪ੍ਰੇਮੀਆਂ! ਸਾਡੇ ਕੋਲ ਜੋ ਕੁਝ ਆਉਂਦਾ ਹੈ - ਚਾਹੇ ਹਜ਼ਾਰ ਆ ਜਾਵੇ, ਚਾਹੇ ਦਸ-ਹਜ਼ਾਰ ਆ ਜਾਵੇ, ਅਸੀਂ ਉਸੇ ਵੇਲੇ ਮੁਕਾ ਦਿੰਦੇ ਹਾਂ, ਜਮ੍ਹਾਂ ਨਹੀਂ ਅਸੀਂ ਰਖਿਆ ਕਰਦੇ। ਇਹ ਕਲਾ ਦੀ ਜੜ੍ਹ ਹੈ - ਮਾਇਆ ਜਮ੍ਹਾ ਹੋ ਜਾਣੀ, ਇਸ ਨੂੰ ਛੇਤੀ ਹੀ ਮੁਕਾਉਣ ਦੀ ਗੱਲ ਕਰੋ। ਅਸੀਂ ਨਹੀਂ ਰੱਖਦੇ ਤੇ ਏਸ ਤਰ੍ਹਾਂ ਕਰ, ਜਿਹੜਾ ਕੱਲ੍ਹ ਨੂੰ ਚੜ੍ਹਾਵਾ ਹੋਏਗਾ ਉਹ ਲੈ ਜਾਈਂ। ਉਹ ਕਹਿੰਦਾ, ਇਕ ਦਿਨ ਦੇ ਚੜ੍ਹਾਵੇ ਨਾਲ ਤਾਂ ਕੁਝ ਹੋਣਾ ਨਹੀਂ। ਉਹ ਕਹਿੰਦੇ ਕਿ ਤਿੰਨ ਦਿਨ ਠਹਿਰ ਜਾ, ਤਿੰਨਾਂ ਦਿਨਾਂ ਦਾ ਲੈ ਲਈਂ। ਕੁਦਰਤ ਐਸੀ ਹੋਈ, ਇਕ ਪੈਸਾ ਵੀ ਮੱਥਾ ਨਾ ਕਿਸੇ ਨੇ ਟੇਕਿਆ ਤਿੰਨਾ ਦਿਨਾਂ ਵਿਚ। ਇਹ ਦੇਖੀ ਜਾਂਦਾ ਹੈ ਕਿ ਹੁਣ ਮੱਥਾ ਟੇਕਿਆ, ਹੁਣ ਟੇਕਿਆ ਪਰ ਕਿਸੇ ਨੇ ਪੈਸਾ ਮੱਥਾ ਨਾ ਟੇਕਿਆ। ਅਖੀਰ ਕਹਿਣ ਲੱਗਿਆ, "ਔਲੀਆ! ਮੇਰੀ ਕਿਸਮਤ ਤਾਂ ਹਦ ਤੋਂ ਜ਼ਿਆਦਾ ਮਾੜੀ ਹੈ। ਇਥੇ ਢੇਰ ਲੱਗੇ ਰਹਿੰਦੇ ਨੇ ਤੇ ਜਦੋਂ ਮੇਰੀ ਵਾਰੀ ਆਈ ਤਾਂ ਕੋਈ ਨਹੀਂ ਆਇਆ।"

ਕਹਿੰਦੇ, "ਪ੍ਰੇਮੀਆਂ! ਹੁਣ ਅਸੀਂ ਕੀ ਕਰੀਏ?"

ਕਹਿੰਦਾ, "ਮਹਾਰਾਜ! ਤੁਸੀਂ ਸ਼ਕਤੀ ਨਾਲ ਰੋਕ ਦਿੱਤਾ।" ਕਿਉਂਕਿ ਫੇਰ ਸੰਤਾਂ ਦੇ ਉਤੇ ਸ਼ੱਕ ਕਰ ਲੈਂਦੀ ਹੈ ਦੁਨੀਆਂ।

ਉਹ ਕਹਿੰਦੇ, "ਨਹੀਂ! ਸ਼ਕਤੀ ਨਾਲ ਨਹੀਂ ਰੋਕਿਆ, ਆਇਆ ਹੀ ਨਹੀਂ ਕੋਈ।" ਸੋ ਉਸ ਵੇਲੇ ਕਹਿਣ ਲੱਗੇ ਕਿ ਤੂੰ ਖਾਲੀ ਕਿਉਂ ਜਾਣਾ ਹੈ, ਸਾਡਾ ਜੋੜਾ ਲੈ ਜਾ।

ਜੋੜਾ ਉਸ ਨੇ ਲੈ ਲਿਆ। ਉਹ ਵੀ ਬਦਾਯੂੰ ਦੇ ਰਹਿਣ ਵਾਲਾ ਸੀ ਤੇ ਕਾਫਲੇ ਦੇ ਨਾਲ ਜਾ ਮਿਲਿਆ। ਕਾਫਲੇ ਵਿਚ ਜਾ ਕੇ ਗੱਲ ਬਾਤ ਚੱਲੀ ਤੇ ਅਮੀਰ ਖੁਸਰੋ ਨੂੰ ਪਤਾ ਲੱਗਿਆ ਕਿ ਜੋੜਾ! ਮੇਰੇ ਮੁਰਸ਼ਦ ਦਾ ਜੋੜਾ!! ਲੈ ਲਿਆ ਉਸ ਤੋਂ, ਪਹਿਲਾਂ ਸੀਸ ਤੇ ਰੱਖਿਆ, ਫੇਰ ਨੇਤਰਾਂ ਤੇ ਲਾਇਆ, ਫੇਰ ਛਾਤੀ ਨਾਲ ਲਾਇਆ, ਘੁਟਿਆ ਉਸ ਨੂੰ।

ਕਹਿਣ ਲੱਗੇ, "ਪ੍ਰੇਮੀਆਂ! ਵੇਚਣਾ ਹੈ?"

ਕਹਿੰਦਾ, "ਮੈਂ ਦੇਖਿਆ ਹੈ ਕਿ ਤੁਹਾਨੂੰ ਇਸ ਜੋੜੇ ਨਾਲ ਬੜਾ ਪਿਆਰ ਹੈ, ਲੈ ਲਓ।"

ਕਹਿੰਦੇ, "ਇਹ ਜੋੜਾ ਮਾਮੂਲੀ ਨਹੀਂ ਹੈ। ਇਸ ਦੇ ਵਿਚ ਤਾਂ ਬੇਅੰਤ ਬਰਕਤਾਂ ਨੇ; ਫੇਰ ਨਾ ਕਹੀਂ ਕਿ ਤੇਰੇ ਨਾਲ ਧੋਖਾ ਹੋ ਗਿਆ।" ਫੇਰ ਵੀ ਸਮਝ 'ਚ ਨਾ ਆਈ ਗੱਲ।

ਕਹਿਣ ਲੱਗਿਆ, "ਤੁਸੀਂ ਦਿਓ ਜਿੰਨੇ ਪੈਸੇ ਦਿੰਦੇ ਹੋ।"

ਕਹਿੰਦੇ, "ਆਹ ਮੇਰੀ ਸਾਰੀ ਜਿੰਦਗੀ ਦੀ ਕਮਾਈ - ਦੋ ਸੌ ਊਠ, ਇਹ ਸਾਰੇ ਹੀ ਲੈ ਲੈ ਤੇ ਮੈਨੂੰ ਜੋੜਾ ਦੇ ਦੇ।"

ਸਾਰਾ ਕਾਫਲਾ ਉਸ ਦੇ ਹਵਾਲੇ ਕਰਕੇ, ਜੋੜਾ ਲੈ ਲਿਆ ਤੇ ਸੀਸ ਤੇ ਰੱਖ ਕੇ ਵਾਪਸ ਆ ਗਏ।

ਨਿਜ਼ਾਮੁਦੀਨ ਔਲੀਆ ਨੇ ਪੁਛਿਆ, "ਖੁਸਰੋ! ਤੂੰ ਮੁੜ ਆਇਆਂ?"

ਕਹਿੰਦਾ, "ਔਲੀਆ! ਮੈਂ ਜਾ ਨਹੀਂ ਸੀ ਸਕਦਾ। ਆਪ ਨੇ ਮੇਰੇ ਤੇ ਬੜੀ ਭਾਰੀ ਕਿਰਪਾ ਕੀਤੀ ਕਿ ਜੋੜਾ ਭੇਜ ਕੇ ਮੈਨੂੰ ਬੁਲਾ ਲਿਆ।"

ਸੋ ਆਪ ਉਥੇ ਰਹਿੰਦੇ ਰਹੇ ਤੇ ਰਹਿੰਦੇ ਰਹਿੰਦੇ ਉਚੀ ਅਵਸਥਾ ਵਿਚ ਚਲੇ ਗਏ। ਸੰਤਾਂ ਪਾਸ ਰਹਿੰਦੇ ਤਾਂ ਬੇਅੰਤ ਨੇ ਪਰ ਕੋਈ ਕੋਈ ਹੈ ਜਿਹੜਾ ਉਚਾ ਲੰਘ ਜਾਂਦਾ ਹੈ, ਬਾਕੀ ਤਾਂ ਥੱਲੇ ਰਹਿ ਜਾਂਦੇ ਨੇ। ਸੋ ਇਕ ਸਕਿੰਟ ਵਾਸਤੇ ਵੀ ਆਪ ਜੁਦਾ ਨਹੀਂ ਹੁੰਦੇ। ਉਸ ਤਰ੍ਹਾਂ ਦੇ ਹੀ ਬੱਤੀ ਮੁਰੀਦ ਸੀ ਉਨ੍ਹਾਂ ਕੋਲ। ਉਨ੍ਹਾਂ ਨੇ ਸੋਚਿਆ, ਇਨ੍ਹਾਂ ਤੇ ਕਸਵੱਟੀ ਲਾ ਕੇ ਦੇਖੀਏ ਕਿ ਨਿਤਰਦਾ ਕਿਹੜਾ ਹੈ। ਅੱਜ ਦਿੱਲੀ ਸ਼ਹਿਰ ਵੱਲ ਨੂੰ ਚਲ ਪਏ, ਨਾਲ ਹੀ ਬੱਤੀ ਮੁਰੀਦ ਨੇ। ਵੇਸ਼ਵਾਵਾਂ ਦੇ ਬਜ਼ਾਰ ਵਿਚ ਚਲੇ ਗਏ। ਇਕ ਵੇਸ਼ਵਾ ਦਾ ਖੁੱਲ੍ਹਾ ਦਰਵਾਜ਼ਾ ਦੇਖ ਕੇ ਔਲੀਆ ਉਤੇ ਚੜ੍ਹ ਗਏ ਤੇ ਮੁਰੀਦਾਂ ਨੂੰ ਹੇਠਾਂ ਖੜ੍ਹਾਅ ਦਿੱਤਾ। ਓਧਰ ਜਦੋਂ ਉਸ ਨੇ ਦੇਖਿਆ ਕਿ ਮੇਰੇ ਘਰ ਵਿਚ ਔਲੀਆ ਆ ਗਿਆ ਤਾਂ ਉਹ ਨਮਸ਼ਕਾਰਾਂ ਕਰਦੀ ਹੈ। ਦ੍ਰਿਸ਼ਟੀ ਕਰਨ ਦੀ ਦੇਰ ਸੀ; ਸਾਰੇ ਪਾਪ ਝਾੜ ਦਿੱਤੇ, ਸ਼ੁਧ ਕਰ ਦਿੱਤਾ ਹਿਰਦਾ।

ਹੱਥ ਜੋੜ ਕੇ ਬੇਨਤੀ ਕਰਦੀ ਹੈ ਕਿ ਸੇਵਾ ਦਸੋ ਮਹਾਰਾਜ! ਤੁਸੀਂ ਏਸ ਮੰਦੇ ਘਰ ਵਿਚ ਆ ਗਏ, ਜਿਥੇ ਨਰਕ ਹੀ ਨਰਕ ਹੈ ਨਿਰਾ।

ਕਹਿੰਦੇ, "ਬੀਬੀ! ਤੇਰੇ ਤੱਕ ਕੰਮ ਹੈ ਸਾਨੂੰ। ਆਹ ਜਿਹੜੇ ਮੁਰੀਦ ਨੇ, ਇਨ੍ਹਾਂ ਨੂੰ ਨਠਾਉਣ ਦਾ ਕੋਈ ਹੀਲਾ ਕਰ। ਦੌੜਾਅ ਦੇ ਇਨ੍ਹਾਂ ਨੂੰ, ਇਹ ਇਥੇ ਨਾ ਰਹਿਣ।"

ਕਹਿੰਦੀ, "ਲਓ ਮਹਾਰਾਜ! ਇਹ ਤਾਂ ਮਾਮੂਲੀ ਗੱਲ ਹੈ।"

ਉਸ ਵੇਲੇ ਸਾਂਗ ਰਚ ਲਿਆ। ਸ਼ਰਾਬ ਲੈ ਆਂਦੀ, ਕਬਾਬ ਲੈ ਆਂਦਾ।

ਉਨ੍ਹਾਂ ਨੂੰ ਏਸ ਤਰ੍ਹਾਂ ਜ਼ਾਹਿਰ ਹੋਇਆ ਕਿ ਔਲੀਆ ਵਾਸਤੇ ਜਾ ਰਹੀ ਹੈ ਸ਼ਰਾਬ। ਫੇਰ ਲੈ ਆਂਦੀ ਬੋਤਲ। ਨਾਲੇ ਗੱਲਾਂ ਕਰੀ ਜਾਂਦੇ ਨੇ ਕਿ ਇਕ ਤਾਂ ਪੀ ਲਈ ਉਨ੍ਹਾਂ ਨੇ, ਹੁਣ ਦੂਜੀ ਪੀਣ ਲੱਗੇ ਨੇ। ਅੱਧੀ ਰਾਤ ਤੱਕ ਵੀਹ ਚਲੇ ਗਏ, ਬਾਰਾਂ ਰਹਿ ਗਏ। ਉਸ ਤੋਂ ਬਾਅਦ ਫੇਰ ਸੋਚਦੇ ਰਹੇ, ਉਹ ਵੀ ਝੜ ਗਏ। ਅਖੀਰ ਦੋ ਰਹਿ ਗਏ।

ਜਿਹੜਾ ਦੂਜਾ ਸੀ, ਉਹ ਚਾਰ ਵਜੇ ਕਹਿਣ ਲੱਗਿਆ, "ਖੁਸਰੋ! ਇਹ ਤਾਂ ਔਲੀਆ ਗਿਰ ਗਿਆ, ਇਸ ਦੇ ਮਗਰ ਕੀ ਲਗਣਾ ਹੈ। ਵੇਸ਼ਵਾ ਦੇ ਰਾਤ ਕੱਟੀ ਹੈ ਇਸ ਨੇ। ਚੱਲ ਚਲੀਏ।"

ਉਹ ਕਹਿੰਦਾ, "ਮੈਂ ਤਾਂ ਨਹੀਂ ਜਾਣਾ।"

ਦੂਸਰਾ ਚਲਿਆ ਗਿਆ ਤੇ ਇਹ ਇਕੱਲਾ ਰਹਿ ਗਿਆ।

ਉਹ ਬੀਬੀ ਕਹਿਣ ਲੱਗੀ, "ਮਹਾਰਾਜ! ਇਕ ਰਹਿ ਗਿਆ, ਉਹ ਨਹੀਂ ਜਾਂਦਾ। ਬਾਕੀ ਤਾਂ ਸਭ ਚਲੇ ਗਏ।"

ਕਹਿਣ ਲੱਗੇ, "ਉਸ ਨੂੰ ਵੀ ਭੇਜੋ, ਕੁਟਾਈ ਕਰੋ ਓਸ ਦੀ।"

ਡੰਡੇ ਲੈ ਕੇ ਕੁੱਟਣ ਲੱਗ ਗਏ। ਉਹ ਫੇਰ ਵੀ ਨਾ ਜਾਵੇ। ਉਥੇ ਹੀ ਲੰਮਾ ਪੈ ਗਿਆ, ਕਹਿੰਦਾ, "ਮਾਰ ਦਿਓ ਭਾਵੇਂ, ਮੈਂ ਇਥੋਂ ਨਹੀਂ ਜਾਣਾ।"

ਔਲੀਆ ਕਹਿੰਦੇ, "ਘੜੀਸ ਕੇ ਸੁੱਟ ਆਓ ਉਸ ਨੂੰ।"

ਬਜ਼ਾਰ ਵਿਚ ਘੜੀਸ ਕੇ ਦੂਰ ਤੱਕ ਸੁੱਟ ਆਏ। ਜ਼ਖਮ ਹੋ ਗਏ ਸਰੀਰ ਦੇ ਉਤੇ। ਉਹ ਫੇਰ ਤੁਰ ਕੇ ਆ ਗਿਆ। ਉਹ ਫੇਰ ਘੜੀਸ ਕੇ ਸੁੱਟ ਆਉਂਦੇ ਨੇ, ਫੇਰ ਆ ਜਾਂਦਾ ਹੈ, ਫੇਰ ਘੜੀਸ ਕੇ ਸੁੱਟ ਆਉਂਦੇ ਨੇ।

ਅਖੀਰ ਆ ਕੇ ਕਹਿਣ ਲੱਗੇ, ਮਹਾਰਾਜ! ਉਹ ਨਹੀਂ ਜਾਂਦਾ, ਬਥੇਰਾ ਘੜੀਸ-ਘੜੀਸ ਅਸੀਂ ਸੁੱਟ ਕੇ ਆਉਂਦੇ ਹਾਂ।"

ਏਨੇ ਨੂੰ ਔਲੀਆ ਬਾਹਰ ਨਿਕਲ ਆਏ। ਕਹਿੰਦੇ, "ਓ ਖੁਸਰੋ! ਤੂੰ ਕਿਉਂ ਨਹੀਂ ਜਾਂਦਾ? ਜਿਥੇ ਸਾਰੇ ਚਲੇ ਗਏ, ਤੂੰ ਕਿਉਂ ਨਹੀਂ ਗਿਆ?"

ਕਹਿੰਦਾ, "ਔਲੀਆ! ਜਿਨ੍ਹਾਂ ਦਾ ਕੋਈ ਥਾਂ ਸੀ ਉਹ ਚਲੇ ਗਏ। ਉਨ੍ਹਾਂ ਨੂੰ ਕੋਈ ਠਾਹਰ ਸੀ, ਆਪਣੀ ਠਾਹਰ ਵਿਚ ਚਲੇ ਗਏ ਤੇ ਮੇਰੀ ਤਾਂ ਸੰਸਾਰ ਵਿਚ ਤੇਰੇ ਚਰਨਾਂ ਤੋਂ ਬਗੈਰ ਕੋਈ ਠਾਹਰ ਨਹੀਂ ਹੈ, ਸੋ ਮੈਂ ਕਿਥੇ ਜਾਵਾਂ?"

ਉਸ ਵੇਲੇ ਔਲੀਆ ਵਜਦ ਵਿਚ ਆ ਗਿਆ। ਰੂਹਾਨੀ ਕਾਂਗ ਉਠ ਖੜ੍ਹੀ, ਬੁੱਕਲ ਵਿਚ ਲੈ ਲਿਆ, ਪੂਰਾ ਕਰ ਦਿੱਤਾ ਉਸੇ ਵੇਲੇ।

ਸੋ ਇਸੇ ਤਰ੍ਹਾਂ ਭਾਈ ਲਹਿਣਾ ਜੀ ਬੇਨਤੀਆਂ ਕਰਦੇ ਨੇ ਕਿ ਸੱਚੇ ਪਾਤਿਸ਼ਾਹ! ਜਿਨ੍ਹਾਂ ਦੀਆਂ ਥਾਵਾਂ ਸਨ ਉਹ ਤਾਂ ਚਲੇ ਗਏ।

***ਕਹਿਤ ਭਯੋ ਗੁਰ ਠਹੁਰ ਨ ਕੋਈ॥*** — ***ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ, ਪੰਨਾ - 193***

ਮੇਰੀ ਤਾਂ ਠਹੁਰ ਹੀ ਕੋਈ ਨਹੀਂ ਹੈ -

***ਕਿਤ ਕੋ ਜਾਹੁੰ ਸ਼ਰਨ ਪ੍ਰਭ ਤੋਹੀ॥*** — ***ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ, ਪੰਨਾ - 193***

ਮੈਂ ਹੁਣ ਤੁਹਾਡੀ ਸ਼ਰਨ ਆਇਆ ਹਾਂ ਤੇ ਹੁਣ ਮੈਂ ਜਾਵਾਂ ਕਿਥੇ?

ਕਹਿੰਦੇ, "ਜਾਂਦਾ ਹੈਂ ਕਿ ਨਹੀਂ?"

ਕਹਿੰਦਾ, "ਨਹੀਂ ਮਹਾਰਾਜ! ਮੇਰਾ ਠਹੁਰ ਹੀ ਨਹੀਂ ਕੋਈ, ਮੈਂ ਜਾਵਾਂ ਕਿਥੇ ਦੱਸੋ।"

***ਸੁਨਤ ਕਹਯੋ ਗੁਰ ਜੇ ਨਹਿੰ ਜਾਵਹੁ॥***
***ਤਬ ਬਿਲੰਭ ਬਿਨ ਮੁਰਦਹਿ ਖਾਵਹੁ॥*** — ***ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ, ਪੰਨਾ - 193***

ਕਹਿੰਦੇ, ਲਹਿਣਿਆ! ਟਿਕਾਣਾ ਤੈਨੂੰ ਵੀ ਨਹੀਂ ਲੱਭਦਾ ਤੇ ਟਿਕਾਣਾ ਮੈਨੂੰ ਵੀ ਨਹੀਂ ਲੱਭ ਰਿਹਾ। ਇਸ ਮਾਮਲੇ ਵਿਚ ਆਪਾਂ ਦੋਏ ਇਕੋ ਜਿਹੇ ਹਾਂ।" ਇਸ ਤਰ੍ਹਾਂ ਫੁਰਮਾਉਂਦੇ ਨੇ -

***ਧਾਰਨਾ - ਮੈਨੂੰ ਦਿਸਦਾ ਟਿਕਾਣਾ ਨਾ,***
***ਜਿਥੇ ਆਪਣੀ ਜੋਤ ਟਿਕਾਵਾਂ -2, 4.***

ਸੋ ਤਿੰਨ ਰਹਿ ਗਏ ਸਾਧ ਸੰਗਤ ਜੀ! ਸਰੀਰ ਇਕ ਚਾਹੀਦਾ ਹੈ ਤਿੰਨਾਂ ਵਿਚੋਂ ਤੇ ਉਹ ਸਰੀਰ ਚਾਹੀਦਾ ਹੈ ਜਿਥੇ ਗੁਰੂ ਨਾਨਕ ਮਹਾਰਾਜ ਜੀ ਦੀ ਜੋਤ ਟਿਕ ਜਾਵੇ। ਸੋ ਉਸ ਵੇਲੇ ਆਪ ਨੇ ਕਿਹਾ ਕਿ ਜੇ ਨਹੀਂ ਜਾਣਾ ਤਾਂ ਔਹ ਦੇਖੋ ਸਾਹਮਣੇ ਮੁਰਦਾ ਪਿਆ ਹੈ, ਉਹ ਖਾਓ। ਬੜਾ ਔਖਾ ਹੈ ਸਾਧ ਸੰਗਤ ਜੀ! ਕਹਾਣੀ ਸੁਣਨੀ ਸੁਖਾਲੀ ਹੈ ਤੇ ਗੱਲ ਬਹੁਤ ਔਖੀ ਹੈ।

***ਧਾਰਨਾ - ਪਰਚਾ ਪੈ ਗਿਆ ਗੁਰਾਂ ਵਲੋਂ ਔਖਾ,***

*ਤਨ ਮਨ ਡੋਲਣ ਲੱਗਿਆ -2, 2.*
*ਮੇਰੇ ਪਿਆਰੇ, ਤਨ ਮਨ ਡੋਲਣ ਲੱਗਿਆ -2, 2.*
*ਪਰਚਾ ਪੈ ਗਿਆ ਗੁਰਾਂ ਵਲੋਂ ਔਖਾ,......-2.*

***ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ॥***
***ਰਾਮ ਕਸਉਟੀ ਸੋ ਸਹੈ ਜੋ ਮਰਿ ਜੀਵਾ ਹੋਇ॥*** *ਪੰਨਾ - 1366*

ਇਮਤਿਹਾਨ ਆ ਗਿਆ। ਮਰਜੀਵੜਾ ਪਾਸ ਹੁੰਦਾ ਹੈ, ਦੂਜਾ ਨਹੀਂ ਪਾਸ ਹੋਇਆ ਕਰਦਾ। ਜਿੰਨਾਂ ਵੱਡਾ ਮੁਰਸ਼ਦ ਹੋਇਆ ਕਰਦਾ ਹੈ, ਓਨਾਂ ਵੱਡਾ ਹੀ ਪਰਚਾ ਹੋਇਆ ਕਰਦਾ ਹੈ।

ਸੋ ਬਾਬਾ ਫਰੀਦ ਜੀ ਨੇ ਬਾਰਾਂ ਸਾਲ ਪਹਿਲਾਂ ਤਪ ਕਰਿਆ, ਰਿਧੀਆਂ ਸਿਧੀਆਂ ਆ ਗਈਆਂ, ਸ਼ਕਤੀਆਂ ਆ ਗਈਆਂ। ਮਾਂ ਕੋਲ ਵਾਪਸ ਆ ਰਹੇ ਨੇ। ਰਸਤੇ ਵਿਚ ਇਕ ਬੀਬੀ ਮਿਲੀ। ਉਸ ਨੇ ਦੱਸ ਦਿੱਤਾ ਕਿ ਫਰੀਦਾ! ਇਹ ਚਿੜੀਆਂ ਨਹੀਂ ਕਿ ਮਾਰ ਕੇ ਜੀਉਂਦੀਆਂ ਕਰ ਦਏਂਗਾ। ਜੰਗਲ ਵਿਚ ਚਿੜੀਆਂ ਮਾਰੀਆਂ ਸੀ ਤੇ ਜੀਉਂਦੀਆਂ ਕੀਤੀਆਂ ਸੀ। ਸੋਚਿਆ ਕਿ ਇਹ ਲੜਕੀ ਤਾਂ ਘਰ ਵਿਚ ਰਹਿੰਦੀ ਹੋਈ ਮੈਥੋਂ ਵੱਧ ਸ਼ਕਤੀ ਰੱਖਦੀ ਹੈ।

ਕਹਿੰਦੇ, "ਬੀਬਾ! ਪਾਣੀ ਪਿਲਾ।"

ਕਹਿੰਦੀ, "ਦਰਵੇਸ! ਠਹਿਰ! ਹੋਰ ਜਿਹੜੇ ਆਉਂਦੇ ਨੇ, ਉਨ੍ਹਾਂ ਨੂੰ ਪਾਣੀ ਪਿਲਾਈ ਜਾਂਦੀ ਹੈ।

ਪਿਛੋਂ ਪੁਛਿਆ, "ਬੀਬਾ! ਮੈਨੂੰ ਪਾਣੀ ਕਿਉਂ ਨਹੀਂ ਸੀ ਪਿਲਾਉਂਦੀ?"

ਕਹਿੰਦੀ, "ਦਰਵੇਸ! ਤੇਰੇ ਕੋਲ ਅੱਖ ਨਹੀਂ? ਤੂੰ ਦੇਖ ਲੈਂਦਾ ਕਿ ਮੈਂ ਕੀ ਕਰਦੀ ਸੀ?"

ਕਹਿੰਦਾ, "ਹੈਂ! ਤੂੰ ਕੁਝ ਕਹਿ ਰਹੀ ਸੀ।"

ਕਹਿੰਦੀ, "ਹਾਂ, ਅੱਖ ਹੈ ਤੇਰੇ ਕੋਲ?"

ਕਹਿੰਦਾ, "ਨਾ, ਇਹ ਅੱਖ ਮੇਰੇ ਕੋਲ ਨਹੀਂ ਹੈ।"

ਕਹਿੰਦੀ, "ਮੇਰੀ ਭੈਣ ਦੇ ਘਰ ਨੂੰ ਅੱਗ ਲੱਗ ਗਈ ਸੀ, ਇਥੋਂ ਅੱਠ ਦਸ ਮੀਲ ਦੇ ਉਤੇ ਹੈ ਤੇ ਮੈਂ ਇਹ ਪਾਣੀ ਡੋਲ੍ਹ ਕੇ ਉਸ ਦੇ ਘਰ ਦੀ ਅੱਗ ਬੁਝਾਅ ਰਹੀ ਸੀ। ਜਾਹ! ਪਤਾ ਕਰ ਆ।"

ਪਤਾ ਕਰ ਆਇਆ ਤੇ ਫੇਰ ਮੁੜ ਕੇ ਆ ਗਿਆ।

ਕਹਿੰਦਾ, "ਬੀਬਾ! ਐਡੀ ਸ਼ਕਤੀ ਘਰ ਵਿਚ ਰਹਿੰਦੇ ਹੋਏ?"

ਕਹਿੰਦੀ, "ਬਾਬਾ! ਸਾਡਾ ਤ੍ਰੀਮਤਾਂ ਦਾ ਜੋ ਰੱਬ ਹੈ, ਉਹ ਸਾਡਾ ਪਤੀ ਹੋਇਆ ਕਰਦਾ ਹੈ। ਉਸ ਨੂੰ ਮੈਂ ਪਰਮੇਸ਼ਰ ਰੂਪ ਮੰਨਦੀ ਹਾਂ, ਉਸ ਦੀ ਸੇਵਾ ਕਰਦੀ ਹਾਂ। ਉਸ ਦੇ ਵਿਚੋਂ ਹੀ ਆਹ ਤੁਛ ਜਿਹੀਆਂ ਸ਼ਕਤੀਆਂ ਪ੍ਰਾਪਤ ਹੋਈਆਂ ਨੇ। ਤੂੰ ਸਾਧੂ ਹੈਂ, ਬਾਰਾਂ ਸਾਲ ਲਾ ਕੇ ਆਇਆ ਹੈਂ, ਤੈਨੂੰ ਵੀ ਕੁਝ ਪ੍ਰਾਪਤ ਹੋਇਆ?"

ਹੈਰਾਨ ਹੋ ਗਿਆ। ਮੁੜ ਕੇ ਫੇਰ ਚਲਿਆ ਗਿਆ, ਜਾ ਕੇ ਫੇਰ ਘੋਰ ਤਪਸਿਆ ਕਰੀ।

***ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ॥***
***ਅਜੈ ਸੁ ਰਬੁ ਨ ਬਹੁੜਿਓ ਦੇਖੁ ਬੰਦੇ ਕੇ ਭਾਗ॥***
***ਕਾਗਾ ਕਰੰਗ ਢਢੋਲਿਆ ਸਗਲਾ ਖਾਇਆ ਮਾਸੁ॥***
***ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ॥***
*ਪੰਨਾ - 1382*

ਐਸੀ ਅਵਸਥਾ ਹੋ ਗਈ, ਮੁਰਦਿਆਂ ਵਾਂਗ ਬਣ ਗਏ। ਆਵਾਜ਼ ਆਈ ਕਿ –

*ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ॥*
*ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥* *ਪੰਨਾ – 1378*

ਫਰੀਦਾ ਜਿਸਨੂੰ ਟੋਲ੍ਹਦਾ ਹੈਂ ਉਹ ਤਾਂ ਤੇਰੇ ਅੰਦਰ ਵਸਦਾ ਹੈ। ਮੁਰਸ਼ਦ-ਏ-ਕਾਮਲ ਦੀ ਸ਼ਰਨ ਵਿਚ ਜਾਹ, ਟੋਲ੍ਹ ਲੈ ਕੋਈ ਪੂਰਾ ਬਖਸ਼ਿਆ ਹੋਇਆ, ਮਿਲਿਆ ਹੋਇਆ, ਉਹ ਤੈਨੂੰ ਮਿਲਾ ਦਏਗਾ। ਜੰਗਲਾਂ ਵਿਚੋਂ ਰੱਬ ਨਹੀਂ ਮਿਲਦਾ, ਰੱਬ ਤੇਰੇ ਅੰਦਰ ਹੈ, ਤੇਰੀ ਅੱਖ ਬੰਦ ਹੋਈ ਹੋਈ ਹੈ, ਉਹ ਅੱਖ ਖੁੱਲ੍ਹਾਅ ਲੈ, ਖੁੱਲ੍ਹ ਜਾਂਦੀ ਹੈ ਮਹਾਂਪੁਰਸ਼ਾਂ ਨਾਲ, ਫੇਰ ਤੈਨੂੰ ਰੱਬ ਹਰ ਥਾਂ ਤੇ ਨਜ਼ਰ ਆਏਗਾ। ਬਖਤਿਆਰ ਕਾਕੀ ਕੋਲ ਚਲਿਆ ਗਿਆ, ਉਥੇ ਜਾ ਕੇ ਉਨ੍ਹਾਂ ਨੂੰ ਮੁਰਸ਼ਦ ਧਾਰਨ ਕਰਿਆ। ਚੌਦਾਂ ਸਾਲ ਸੇਵਾ ਕਰਦੇ ਨੂੰ ਲੰਘ ਗਏ। ਪਹਿਲੇ ਦਿਨ ਬਚਨ ਹੋਏ ਸੀ। ਸ਼ਕਤੀਆਂ ਦਿਖਾਈਆਂ, ਮੁਰਸ਼ਦ ਨੇ ਗਿਣਿਆ ਨਾ ਕਿ ਐਵੇਂ ਹੀ ਕੋਈ ਫੋਕਾ ਬੰਦਾ ਆ ਗਿਆ। ਚੌਦਾਂ ਸਾਲ ਲੱਗੇ, ਮੁਰਸ਼ਦ ਦੁਬਾਰਾ ਨਹੀਂ ਸੀ ਬੋਲਿਆ, ਪਰ ਸਾਰਾ ਹੀ ਪਤਾ ਹੁੰਦਾ ਹੈ ਸੰਤਾਂ ਨੂੰ ਕਿ ਕਿਹੜਾ ਸੇਵਾ ਕਰਦਾ ਹੈ, ਕੌਣ ਨਾਮ ਜਪਦਾ ਹੈ, ਕਿਹੜਾ ਲਗਨ ਵਿਚ ਹੈ, ਕਿਹੜਾ ਲਗਨ ਤੋਂ ਬਾਹਰ ਹੈ, ਕਿਹੜਾ ਦਿਖਾਵੇ ਵਿਚ ਹੈ। ਸਭ ਜਾਣਦੇ ਸਨ। ਅੰਦਰ ਕਦਰ ਸੀ ਕਿ ਜੇ ਕੋਈ ਹੈ ਇਸ ਡੇਰੇ ਦੇ ਅੰਦਰ, ਏਸ ਤਕੀਏ ਦੇ ਅੰਦਰ ਤਾਂ ਕੇਵਲ ਫਰੀਦ ਹੈ ਤੇ ਅੱਜ ਉਸ ਦੀ ਕਮਾਈ ਘਾਲ ਜਿਹੜੀ ਸੀ, ਉਹ ਸਿਰੇ ਲੱਗ ਗਈ ਤੇ ਪਰਚਾ ਪਾ ਦਿੱਤਾ। ਰਾਤ ਨੂੰ ਐਨੀ ਜ਼ੋਰ ਦਾ ਮੀਂਹ ਵਰਸਿਆ, ਐਨਾ ਝਾਂਜਾ ਚਲਿਆ, ਝੱਖੜ ਚਲਿਆ ਕਿ ਅੰਦਰ ਛਰਾਟੇ ਆਉਣ ਤੇ ਜਿਥੇ ਅੱਗ ਦੱਬੀ ਹੋਈ ਸੀ, ਓਸ ਟੋਏ ਵਿਚ ਵੀ ਪਾਣੀ ਜਮ੍ਹਾਂ ਹੋ ਗਿਆ।

ਫਰੀਦ ਆਪਣੇ ਨੇਮ ਅਨੁਸਾਰ ਉਠਿਆ ਤੇ ਮੁਰਸ਼ਦ ਦੇ ਇਸ਼ਨਾਨ ਵਾਸਤੇ ਪਾਣੀ ਗਰਮ ਕਰਨ ਲਈ ਜਦੋਂ ਉਥੇ ਗਿਆ ਤਾਂ ਹੈਰਾਨ ਹੋ ਗਿਆ ਕਿ ਟੋਏ ਵਿਚ ਤਾਂ ਪਾਣੀ ਭਰਿਆ ਹੋਇਆ ਹੈ ਤੇ ਅੱਗ ਬੁਝ ਚੁੱਕੀ ਹੈ ਸਾਰੀ। ਸੋ ਬਹੁਤ ਅਫਸੋਸ ਵਿਚ ਆ ਗਿਆ ਤੇ ਸੋਚਿਆ ਕਿ ਮੇਰੀ ਚੌਦਾਂ ਸਾਲ ਦੀ ਇਹ ਮਿਹਨਤ, ਬਾਰਾਂ ਸਾਲਾਂ ਦਾ ਪਹਿਲਾ ਤਪ ਤੇ ਬਾਰਾਂ ਸਾਲਾਂ ਦਾ ਦੂਸਰਾ ਤਪ, ਜੇ ਅੱਜ ਮੈਂ ਫੇਲ੍ਹ ਹੋ ਗਿਆ ਤਾਂ ਅਠੱਤੀ ਸਾਲ ਗਏ ਮੇਰੇ। ਬਹੁਤ ਸੋਚਾਂ ਸੋਚਦਾ ਹੈ। ਅਖੀਰ ਖਿਆਲ ਆਇਆ ਕਿ ਸ਼ਹਿਰ ਵਿਚ ਜਾਵਾਂ, ਨਾਲ ਹੀ ਸੋਚਿਆ ਕਿ ਚਿੱਕੜ ਬਹੁਤ ਹੈ, ਭਿੱਜ ਜਾਵਾਂਗਾ ਪਰ ਨਾਲ ਦੀ ਨਾਲ ਕਿਹਾ –

*ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ॥*
*ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ॥* *ਪੰਨਾ – 1379*

ਏਸ ਤਰ੍ਹਾਂ ਦੇ ਨਾਲ ਵਿਚਾਰ ਕਰਦਾ ਹੈ –

*ਧਾਰਨਾ – ਜੇ ਚਲਦਾਂ ਤਾਂ ਭਿੱਜਦੀ ਹੈ ਕੰਬਲੀ,*
*ਜੇ ਚਲਦਾਂ, ਜੇ ਚਲਦਾਂ ਤਾਂ ਭਿੱਜਦੀ ਹੈ ਕੰਬਲੀ,*
*ਰਹਿੰਦਾਂ ਨੇਹੁੰ ਟੁਟਦਾ ਮੇਰਾ, ਮੇਰਾ,*
*ਰਹਿੰਦਾਂ ਨੇਹੁੰ ਟੁਟਦਾ, ਜੇ ਚਲਦਾਂ -2, 2.*
*ਜੇ ਚਲਦਾਂ ਤਾਂ ਭਿਜਦੀ ਹੈ ਕੰਬਲੀ,... 2*

ਸਮੱਸਿਆ ਹੋ ਗਈ, ਮੀਂਹ ਪੈ ਰਿਹਾ ਹੈ, ਸਰਦੀ ਦਾ ਮਹੀਨਾ ਹੈ, ਹੱਥ ਬਾਹਰ ਨਹੀਂ ਨਿਕਲਦਾ। ਚਿੱਕੜ ਹੀ ਚਿੱਕੜ ਹੋਇਆ ਪਿਆ ਹੈ। ਹੁਣ ਜੇ ਇਸ਼ਨਾਨ ਨਹੀਂ ਕਰਾਉਂਦਾ ਤਾਂ ਚੌਦਾਂ ਸਾਲ ਦਾ ਨੇਮ ਟੁੱਟ ਜਾਂਦਾ ਹੈ। ਉਸ ਵੇਲੇ ਫੈਸਲਾ ਕਰਿਆ ਕਿ ਜੋ ਹੋਣਾ ਹੈ ਹੋ ਜਾਵੇ ਪਰ ਮੇਰਾ ਨੇਹੁੰ ਨਹੀਂ ਟੁਟਣਾ ਚਾਹੀਦਾ –

*ਧਾਰਨਾ – ਮੇਰੀ ਟੁਟੇ ਨਾ ਪ੍ਰੇਮ ਵਾਲੀ ਡੋਰੀ,*
*ਭਿੱਜ ਭਾਵੇਂ ਜਾਵੇ ਕੰਬਲੀ -2, 2.*
*ਮੇਰੇ ਪਿਆਰੇ, ਭਿੱਜ ਭਾਵੇਂ ਜਾਵੇ ਕੰਬਲੀ -2.*

***ਵਾਹਵਾ-ਵਾਹਵਾ, ਭਿੱਜ ਭਾਵੇਂ ਜਾਵੇ ਕੰਬਲੀ -2.***
***ਮੇਰੀ ਟੁਟੇ ਨਾ ਪ੍ਰੇਮ ਵਾਲੀ ਡੋਰੀ,....... -2.***

***ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ॥***
***ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ॥ ਪੰਨਾ - 1379***

ਕੰਬਲੀ ਲਈ ਉਤੇ, ਭਿੱਜਦੇ ਹੋਏ, ਠੁਰ ਠੁਰ ਕਰਦੇ ਹੋਏ ਆਪ ਅਜਮੇਰ ਸ਼ਰੀਫ ਵੱਲ ਨੂੰ ਜਾ ਰਹੇ ਨੇ। ਬਜਾਰ ਵਿਚ ਫਿਰਦੇ ਨੇ, ਰਾਤ ਦਾ ਇਕ ਵੱਜਿਆ ਹੋਇਆ ਹੈ। ਸਾਰਿਆਂ ਦੇ ਘਰਾਂ ਵਿਚ ਹਨ੍ਹੇਰਾ ਹੈ, ਕੋਈ ਨਹੀਂ ਜਾਗ ਰਿਹਾ, ਮੀਂਹ ਪੈ ਰਿਹਾ ਹੈ। ਛਾਛੜੇ ਦਾ ਮੀਂਹ ਪੈਂਦਾ ਹੈ, ਜ਼ੋਰ ਦੀ ਹਵਾ ਚੱਲ ਰਹੀ ਹੈ।

ਸੋ ਅੱਗੇ ਜਾ ਕੇ ਦੇਖਦੇ ਨੇ ਕਿ ਇਕ ਘਰ ਦੇ ਅੰਦਰੋਂ ਖਿੜਕੀਆਂ ਦੇ ਵਿਚੋਂ ਲੋਅ ਆ ਰਹੀ ਹੈ - ਕਿਸੇ ਦੀਵੇ ਦੀ। ਜੇ ਹਨ੍ਹੇਰਾ ਹੋਵੇ ਤਾਂ ਚਾਹੇ ਇਕ ਦੀਵਾ ਜਲਦਾ ਹੋਵੇ ਤਾਂ ਦੂਰ-ਦੂਰ ਤੱਕ ਦਿਸਣ ਲੱਗ ਜਾਂਦਾ ਹੈ। ਉਥੇ ਜਾ ਕੇ ਦਸਤਕ ਦਿੱਤੀ, ਦਰਵਾਜ਼ਾ ਖੜਕਾਇਆ।

ਆਵਾਜ਼ ਆਈ, "ਕੌਣ?"

ਕਹਿੰਦਾ, "ਮੈਂ ਫਰੀਦ ਹਾਂ, ਮੁਰਸ਼ਦ ਦਾ ਮੁਰੀਦ।"

ਆਵਾਜ਼ ਆਈ, "ਫਰੀਦਾ! ਜਿਸ ਦਰਵਾਜ਼ੇ ਨੂੰ ਤੂੰ ਖੜਕਾਉਂਦਾ ਹੈਂ, ਇਹ ਪੀਰਾਂ ਮੁਰੀਦਾਂ ਦਾ ਦਰਵਾਜ਼ਾ ਨਹੀਂ, ਇਥੇ ਪੀਰਾਂ ਮੁਰੀਦਾਂ ਦਾ ਨਹੀਂ ਕੋਈ ਕੰਮ। ਇਥੋਂ ਤਾਂ ਨਰਕ ਦੇ ਟਿਕਟ ਮਿਲਦੇ ਨੇ।"

***ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ॥***
***ਪੰਨਾ - 642***

ਕਹਿੰਦਾ, "ਬੀਬੀ! ਮੈਂ ਸਮਝਿਆ ਨਹੀਂ।"

ਕਹਿੰਦੀ, "ਫਰੀਦਾ! ਇਹ ਤਾਂ ਵੇਸ਼ਵਾ ਦਾ ਘਰ ਹੈ।"

ਕਹਿੰਦਾ, "ਬੀਬਾ! ਚਾਹੇ ਵੇਸ਼ਵਾ ਦਾ ਘਰ ਹੈ ਪਰ ਮੈਨੂੰ ਅੱਜ ਕੰਮ ਪਿਆ ਹੈ ਤੇਰੇ ਤੱਕ। ਕਿਰਪਾ ਕਰ ਤੇ ਹੇਠਾਂ ਆ ਕੇ ਮੇਰੀ ਬੇਨਤੀ ਸੁਣ।"

ਹੇਠਾਂ ਆ ਗਈ। ਮੁਰਸ਼ਦ ਨੇ ਐਸਾ ਸਖਤ ਕਰ ਦਿੱਤਾ ਆਪਣੀ ਸ਼ਕਤੀ ਦੇ ਨਾਲ ਉਸ ਦਾ ਦਿਲ ਕਿ ਉਹ ਬਹੁਤ ਕੜਕ ਕੇ ਬੋਲਦੀ ਹੈ।

ਕਹਿੰਦੀ, "ਕੀ ਕੰਮ ਹੈ? ਇਥੇ ਆ ਕੇ ਦਰਵਾਜ਼ਾ ਖੜਕਾਇਆ ਹੈ ਮੇਰਾ।"

ਕਹਿਣ ਲੱਗੇ, "ਬੀਬਾ! ਮੇਰੇ ਮੁਰਸ਼ਦ ਦੇ ਇਸ਼ਨਾਨ ਦਾ ਵੇਲਾ ਹੋ ਰਿਹਾ ਹੈ, ਅੱਗ ਬੁਝ ਗਈ ਹੈ ਤੇ ਮੈਨੂੰ ਅੱਗ ਚਾਹੀਦੀ ਹੈ ਛੇਤੀ।"

ਕਹਿੰਦੀ, "ਅੱਗ ਚਾਹੀਦੀ ਹੈ? ਅੱਗ ਕਿਤੇ ਮੁਫਤ ਮਿਲ ਜਾਏਗੀ ਤੈਨੂੰ?"

ਕਹਿੰਦਾ, "ਬੀਬਾ! ਮੈਥੋਂ ਜੋ ਮੰਗਣਾ ਹੈ ਮੰਗ।"

ਉਹ ਕਹਿੰਦੀ, "ਤੈਨੂੰ ਆਪਣੇ ਸਰੀਰ ਦਾ ਅੰਗ ਦੇਣਾ ਪੈਣਾ ਹੈ।"

ਖੁਸ਼ ਹੋ ਗਿਆ ਕਿ ਇਹ ਤਾਂ ਸਸਤਾ ਤੇ ਸੁਖਾਲਾ ਸੌਦਾ ਹੈ। ਜੇ ਸਰੀਰ ਦੇ ਅੰਗ ਦੇ ਬਦਲੇ ਅੱਗ ਮਿਲ ਜਾਵੇ ਤੇ ਮੁਰਸ਼ਦ ਖੁਸ਼ ਹੋ ਜਾਵੇ, ਮੰਨ ਜਾਵੇ ਫੇਰ ਤਾਂ ਇਹ ਸੌਦਾ ਹੀ ਬਹੁਤ ਸਸਤਾ

ਹੈ। ਇਉਂ ਪੜ੍ਹ ਲਓ -

*ਧਾਰਨਾ - ਸਿਰ ਦਿਤਿਆਂ ਜੇ ਮੁਰਸ਼ਦ ਮੰਨ ਜਾਏ,*
*ਸਿਰ ਦਿੱਤਿਆਂ,*
*ਸਿਰ ਦਿਤਿਆਂ ਜੇ ਮੁਰਸ਼ਦ ਮੰਨ ਜਾਏ,*
*ਹੱਸ ਕੇ ਸੀਸ ਵਾਰੀਏ, ਪਿਆਰਿਓ,*
*ਪਿਆਰਿਓ, ਹਸ ਕੇ ਸੀਸ ਵਾਰੀਏ,*
*ਸਿਰ ਦਿਤਿਆਂ -2.*

*ਜਉ ਤਉ ਪ੍ਰੇਮ ਖੇਲਣ ਕਾ ਚਾਉ ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ ॥*
*ਇਤੁ ਮਾਰਗਿ ਪੈਰੁ ਧਰੀਜੈ ॥*
*ਸਿਰੁ ਦੀਜੈ ਕਾਣਿ ਨ ਕੀਜੈ ॥* *ਪੰਨਾ - 1412*

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥*
*ਪੰਨਾ - 1102*

ਖੁਸ਼ ਹੋ ਗਿਆ ਬਾਬਾ ਫਰੀਦ ਕਿ ਇਹ ਤਾਂ ਬਹੁਤ ਸਸਤਾ ਸੌਦਾ ਹੈ। ਜੇ ਸੀਸ ਵੀ ਮੰਗ ਲਿਆ, ਫੇਰ ਵੀ ਸਸਤਾ ਹੀ ਸੌਦਾ ਹੈ। ਸੀਸ ਮੰਗਦਾ ਹੈ ਨਾ ਮੁਰਸ਼ਦ?

ਵਿਸਾਖੀ ਦਾ ਦੀਵਾਨ ਲੱਗਿਆ ਹੋਇਆ ਹੈ। ਅਚਾਨਕ ਗੁਰੂ ਦਸਮੇਸ਼ ਪਿਤਾ ਸਿਰੀ ਸਾਹਿਬ ਕੱਢ ਕੇ ਤਖਤ ਦੇ ਉਤੇ ਖੜ੍ਹੇ ਹੋ ਗਏ ਤੇ ਆਵਾਜ਼ ਦਿਤੀ - ਇਕ ਸੀਸ ਦੀ ਲੋੜ ਹੈ, ਨਿਤਰੋ ਕੋਈ ਸਿੱਖ। ਨੱਠ-ਨੱਠ ਕੇ ਨਿਕਲਦੇ ਨੇ ਇਕ, ਦੋ, ਤਿੰਨ, ਚਾਰ, ਪੰਜ ਕਿ ਐਨਾ ਸਸਤਾ ਸੌਦਾ? ਸਾਡਾ ਗੁਰੂ ਮੰਨ ਜਾਏਗਾ, ਪ੍ਰਸੰਨ ਹੋ ਜਾਏਗਾ ਸੀਸ ਦਿਤਿਆਂ। ਸੀਸ ਤਾਂ ਅਸੀਂ ਬਹੁਤ ਛੋਟੀ ਜਿਹੀ ਚੀਜ਼ ਤੇ ਹੀ ਦੇਣ ਨੂੰ ਤਿਆਰ ਹਾਂ। ਜੇ ਮੁਰਸ਼ਦ ਮੰਨ ਜਾਵੇ ਤੇ ਮੁਰਸ਼ਦ ਦੇ ਲੇਖੇ ਸਰੀਰ ਲੱਗ ਜਾਵੇ, ਫੇਰ ਕੋਈ ਔਖੀ ਬਾਤ ਨਹੀਂ ਹੁੰਦੀ, ਇਹ ਬਹੁਤ ਸਸਤਾ ਸੌਦਾ ਹੈ। ਸਾਡੇ ਤਾਂ ਏਸ ਤਰ੍ਹਾਂ ਹੈ ਕਿ ਛੋਟੀ ਜਿਹੀ ਚੀਜ਼ ਤੇ ਹੀ ਅਸੀਂ ਸੀਸ ਕੁਰਬਾਨ ਕਰਨ ਨੂੰ ਤਿਆਰ ਹਾਂ। ਏਸ ਤਰ੍ਹਾਂ ਫੁਰਮਾਉਂਦੇ ਨੇ-

*ਧਾਰਨਾ - ਸੀਸ ਵੱਢ ਕੇ ਬਣਾ ਦੇਵਾਂ ਮੂੜ੍ਹਾ,*
*ਗੱਲਾਂ ਜੋ ਸੁਣਾਵੇ ਤੇਰੀਆਂ -2, 2.*
*ਮੇਰੇ ਸਾਹਿਬਾ! ਗੱਲਾਂ ਜੋ ਸੁਣਾਵੇ ਤੇਰੀਆਂ -2, 2.*
*ਸੀਸ ਵੱਢ ਕੇ ਬਣਾ ਦੇਵਾਂ ਮੂੜ੍ਹਾ... -2, 2.*

*ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥*
*ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥* *ਪੰਨਾ - 558*

ਪਿਆਰੇ ਦੀਆਂ, ਮੁਰਸ਼ਦ ਦੀਆਂ ਕੋਈ ਗੱਲਾਂ ਸੁਣਾ ਦੇਵੇ ਤਾਂ ਜੀਅ ਕਰਦਾ ਹੈ ਕਿ ਇਸ ਨੂੰ ਸੀਸ ਵੱਢ ਕੇ ਇਸ ਦੇ ਉਤੇ ਬਿਠਾਈਏ। ਸੋ ਏਸ ਤਰ੍ਹਾਂ ਦੇ ਨਾਲ ਬਾਬਾ ਫਰੀਦ ਕਹਿਣ ਲੱਗੇ ਕਿ ਇਹ ਤਾਂ ਬਹੁਤ ਸਸਤਾ ਹੈ ਸੌਦਾ। ਸਰੀਰ ਦਾ ਅੰਗ ਦੇਣਾ ਤਾਂ ਕੋਈ ਵੀ ਔਖੀ ਬਾਤ ਨਹੀਂ, ਕੋਈ ਸਰੀਰ ਦਾ ਅੰਗ ਲੈ ਲਵੇ।

ਕਹਿਣ ਲੱਗੇ, "ਬੀਬਾ! ਆਹ ਸਰੀਰ ਹਾਜ਼ਰ ਹੈ, ਦੱਸ ਸਰੀਰ ਦਾ ਕਿਹੜਾ ਅੰਗ ਚਾਹੀਦਾ ਹੈ?"

ਕਹਿੰਦੀ, "ਫਰੀਦਾ! ਡੇਲਾ ਚਾਹੀਦਾ ਹੈ ਤੇਰੀ ਅੱਖ ਦਾ।"

ਸ਼ੁਕਰ ਕੀਤਾ ਮੁਰਸ਼ਦ ਦਾ ਕਿ ਡੇਲਾ ਦੇਣਾ ਕਿਹੜੀ ਔਖੀ ਗੱਲ ਹੈ। ਅੱਖ ਅੱਗੇ ਕਰ ਦਿੱਤੀ ਤੇ ਕਹਿੰਦੇ, "ਲੈ ਬੀਬੀ! ਕੱਢ ਲੈ।"

ਕਹਿੰਦੀ, "ਨਾ, ਆਪ ਕੱਢ ਕੇ ਦੇਹ।" ਪਲੇਟ ਲੈ ਆਂਦੀ ਜਾ ਕੇ।

ਫਰੀਦ ਨੇ ਉਂਗਲੀਆਂ ਪਾਈਆਂ ਦੋ, ਡੇਲਾ ਕੱਢਿਆ ਤੇ ਹਵਾਲੇ ਕਰ ਦਿੱਤਾ। ਪੱਟੀ ਬੰਨ੍ਹ ਲਈ ਆਪਣੀ ਦਸਤਾਰ ਪਾੜ ਕੇ। ਉਸੇ ਤਰ੍ਹਾਂ ਅੱਗ ਲੈ ਕੇ ਡੇਰੇ ਵਾਪਸ ਪਹੁੰਚਿਆ, ਇਸ਼ਨਾਨ ਕਰਾਇਆ। ਆਪ ਇਸ਼ਨਾਨ ਕਰਿਆ। ਕੋਈ ਬਾਤ ਨਹੀਂ ਕਹੀ ਕਿ ਮਹਾਰਾਜ! ਅੱਜ ਮੈਂ ਅੱਗ ਬਹੁਤ ਔਖਾ ਹੋ ਕੇ ਲਿਆਇਆ ਹਾਂ। ਆਹ ਫਰਕ ਹੈ ਸਾਡਾ ਤੇ ਉਹਨਾਂ ਦਾ। ਅਸੀਂ ਇਕ ਰਾਈ ਕਰਕੇ ਮਣ ਦਸਦੇ ਹਾਂ। ਥੋੜ੍ਹਾ ਜਿਹਾ ਕੰਮ ਕਰਨਾ ਪੈ ਜਾਵੇ, ਸੇਵਾ ਕਰਨੀ ਪੈ ਜਾਵੇ, ਓਹਦਾ ਹੀ ਅਸੀਂ ਰੌਲਾ ਪਾਈ ਜਾਵਾਂਗੇ ਕਿ ਆਹ ਸੇਵਾ ਮੈਂ ਕਰਦਾ ਹਾਂ, ਮੈਂ ਸੇਵਾ ਕਰਦਾ ਥੱਕ ਗਿਆ। ਓ ਭਲੇ ਮਾਣਸੋ! ਸ਼ੁਕਰ ਕਰੋ ਵਾਹਿਗੁਰੂ ਦਾ ਕਿ ਤੁਹਾਨੂੰ ਸੇਵਾ ਦੇ ਦਿਤੀ ਮਹਾਰਾਜ ਜੀ ਨੇ, ਰੋਜ਼ ਸ਼ੁਕਰ ਕਰੋ, ਦਸ ਵਾਰੀ ਮੱਥਾ ਟੇਕੋ ਕਿ ਸੱਚੇ ਪਾਤਿਸ਼ਾਹ! ਇਹ ਸੇਵਾ ਮੈਨੂੰ ਦੇਈ ਰੱਖੀਂ। ਸੇਵਾ ਤਾਂ ਭਾਗਾਂ ਵਾਲਿਆਂ ਨੂੰ ਮਿਲਦੀ ਹੈ, ਹਰ ਬੰਦੇ ਨੂੰ ਸੇਵਾ ਨਹੀਂ ਮਿਲਦੀ –

***ਕਰਿਕੇ ਨੀਚ ਸਦਾਵਣਾ ਤਾ ਪ੍ਰਭੁ ਲੇਖੈ ਅੰਦਰਿ ਪਾਈ॥***

***ਭਾਈ ਗੁਰਦਾਸ ਜੀ ਦੀ ਵਾਰ 1/16***

ਸੇਵਾ ਕਰੋ ਤੇ ਫੇਰ ਕਹੋ ਮੈਂ ਤਾਂ ਕੁਝ ਕਰਿਆ ਹੀ ਨਹੀਂ; ਸੱਚੇ ਦਿਲ ਨਾਲ ਕਹੋ। ਗੁੱਸਾ ਉਸ ਨੂੰ ਆਏਗਾ ਜਿਹੜਾ ਕਹੇਗਾ ਮੈਂ ਸੇਵਾ ਕਰਦਾ ਹਾਂ। ਹੋਰ ਕਿਸੇ ਨੂੰ ਲਾ ਦਿਓ ਤਾਂ ਔਖਾ ਹੋ ਜਾਏਗਾ ਕਿ ਮੇਰੀ ਸੇਵਾ ਉਸ ਨੂੰ ਦੇ ਦਿੱਤੀ। ਉਹ ਲੇਖੇ ਵਿਚ ਨਹੀਂ ਪਿਆ ਕਰਦੀ, ਉਹ ਥਕੇਵਾਂ ਹੋਇਆ ਕਰਦਾ ਹੈ।

ਸੋ ਛੋਟੀ ਛੋਟੀ ਗੱਲ ਨੂੰ ਅਸੀਂ ਬਹੁਤ ਵੱਡੀ ਬਣਾ ਕੇ ਦੱਸਦੇ ਹਾਂ। ਏਧਰ ਅੱਖ ਦਾ ਡੇਲਾ ਦਿੱਤਾ ਹੋਇਆ ਹੈ, ਕਿੰਨੀ ਦਰਦ ਹੁੰਦੀ ਹੋਣੀ ਹੈ, ਕਿੰਨੀ ਤਕਲੀਫ ਹੋਏਗੀ? ਆਪ ਇਸ਼ਨਾਨ ਕਰਿਆ, ਮੁਰਸ਼ਦ ਦਾ ਇਸ਼ਨਾਨ ਕਰਾਇਆ, ਕੋਈ ਗੱਲ ਨਹੀਂ ਕਰੀ ਕਿ ਮਹਾਰਾਜ! ਅੱਜ ਤਾਂ ਅੱਗ ਬੁਝ ਗਈ ਸੀ, ਆਹ ਡੇਲੇ ਦੇ ਬਦਲੇ ਲਿਆਇਆ ਹਾਂ। ਜਾਣਦੇ ਸੀ ਕਿ ਸਭ ਕੁਝ ਜਾਣਦੇ ਨੇ। ਗੋਸ਼ਾ-ਨਸ਼ੀਨ ਹੋ ਕੇ ਬੈਠ ਗਏ, ਕੰਧ ਵੱਲ ਮੂੰਹ ਕਰ ਲਿਆ, ਸਿਮਰਨ ਕਰ ਰਹੇ ਨੇ, ਦਿਨ ਚੜ੍ਹ ਗਿਆ। ਮੁਰਸ਼ਦ ਨੇ ਕਿਹਾ ਕਿ ਫਰੀਦ ਨਹੀਂ ਨਜ਼ਰ ਆ ਰਿਹਾ।

ਕਹਿੰਦੇ, "ਉਹ ਤਾਂ ਬੈਠਾ ਹੈ ਮਹਾਰਾਜ।"

ਕਹਿੰਦੇ, "ਬੁਲਾ ਕੇ ਲਿਆਓ।" ਬੁਲਾ ਕੇ ਲੈ ਆਏ, ਸਾਹਮਣੇ ਆ ਗਏ।

ਮੁਰਸ਼ਦ ਕਹਿੰਦੇ, "ਫਰੀਦਾ! ਅੱਖ ਬੰਨ੍ਹੀ ਹੋਈ ਹੈ?"

ਕਹਿੰਦਾ, "ਮੁਰਸ਼ਦ! ਅੱਖ ਆਈ ਹੋਈ ਹੈ।" ਪੰਜਾਬ ਵਿਚ 'ਆਈ ਹੋਈ' ਅੱਖ ਕਹਿੰਦੇ ਨੇ ਜੇ ਅੱਖ ਦੁਖਦੀ ਹੋਵੇ।

ਕਹਿੰਦੇ, "ਫਰੀਦਾ! ਆਈਆਂ ਅੱਖਾਂ ਨਹੀਂ ਬੰਨ੍ਹੀਦੀਆਂ, ਗਈਆਂ ਬੰਨ੍ਹੀਦੀਆਂ ਨੇ। ਖੋਲ੍ਹ ਦੇ ਪੱਟੀ।"

ਪੱਟੀ ਖੋਲ੍ਹੀ ਤਾਂ ਸਵਾਈ ਅੱਖ। ਉਸੇ ਵੇਲੇ ਬੁਕਲ ਵਿਚ ਲੈ ਲਿਆ। ਸਾਰੀਆਂ ਰਿਧੀਆਂ ਸਿਧੀਆਂ, ਬ੍ਰਹਮ ਗਿਆਨ ਦੇ ਭੰਡਾਰੇ ਬਖਸ਼ ਦਿੱਤੇ। ਉਸ ਸੇਵਾ ਦੇ ਬਦਲੇ ਅੱਜ ਫਰੀਦ ਜੀ ਸਾਡੇ ਸਤਿਗੁਰੂ ਬਣੇ ਹੋਏ ਨੇ ਗੁਰੂ ਗ੍ਰੰਥ ਸਾਹਿਬ ਦੇ ਅੰਦਰ। ਅਸੀਂ ਕੋਈ ਨਹੀਂ ਕਹਿੰਦੇ ਕਿ ਇਹ ਤਾਂ ਫਰੀਦ ਜੀ ਦੀ ਬਾਣੀ ਹੈ। ਜਿਹੜਾ ਇਹ ਗੱਲ ਕਹਿੰਦਾ ਹੈ ਉਹ ਬੜਾ ਭੁੱਲ ਵਿਚ ਹੈ ਕਿਉਂਕਿ ਸਾਰੀ ਗੁਰੂ ਦਸਵੇਂ ਪਾਤਿਸ਼ਾਹ ਜੀ ਦੇ ਮੁਖਾਰਬਿੰਦ ਤੋਂ ਉਚਾਰਣ ਹੋਈ ਬਾਣੀ ਹੈ। ਕਿਸੇ ਦੀ ਬਾਣੀ ਨਹੀਂ ਇਥੇ,

ਸਿਵਾਏ ਗੁਰੂ ਨਾਨਕ ਮਹਾਰਾਜ ਜੀ ਤੋਂ। ਚਾਹੇ ਫਰੀਦ ਜੀ ਦਾ ਨਾਉਂ ਲਿਖਿਆ ਹੋਇਆ ਹੈ, ਚਾਹੇ ਕਬੀਰ ਜੀ ਦਾ ਨਾਮ ਹੋਵੇ, ਇਹ ਸਾਰੀ ਬਾਣੀ ਗੁਰੂ ਦਸਵੇਂ ਪਾਤਿਸ਼ਾਹ ਦੇ ਮੁੱਖ ਤੋਂ ਉਚਾਰਨ ਹੋ ਕੇ ਗੁਰੂ ਗ੍ਰੰਥ ਸਾਹਿਬ ਵਿਚ ਆਈ ਹੈ।

ਸੋ ਜਿਨ੍ਹਾਂ ਨੇ ਮਰਦਾਂ ਵਾਂਗ ਘਾਲਣਾ ਘਾਲੀਆਂ ਨੇ, ਉਹ ਪਹੁੰਚਦੇ ਨੇ। ਜਿਹੜੇ ਅੱਧ ਦੇ ਵਿਚ ਟੁਟਦੇ ਨੇ, ਉਹ ਰਹਿ ਜਾਂਦੇ ਨੇ ਸਾਧ ਸੰਗਤ ਜੀ। ਸੋ ਏਸ ਤਰ੍ਹਾਂ ਦੇ ਨਾਲ ਬੜਾ ਔਖਾ ਪਰਚਾ ਪਿਆ ਸੀ।

ਸੋ ਏਧਰ ਵੀ ਪਰਚਾ ਬਹੁਤ ਔਖਾ ਪੈ ਗਿਆ। ਗੁਰੂ ਨਾਨਕ ਮਹਾਰਾਜ ਜੀ ਕਹਿੰਦੇ ਕਿ ਜੇ ਮੇਰੇ ਪਿਛੋਂ ਨਹੀਂ ਲਹਿਣਾ ਤੁਸੀਂ ਤਾਂ ਜਾ ਕੇ ਮੁਰਦਾ ਖਾਓ। ਉਸ ਵੇਲੇ ਭਾਈ ਲਹਿਣਾ ਜੀ ਡਾਵਾਂਡੋਲ ਨਹੀਂ ਹੋਏ ਪਰ ਬਾਬਾ ਬੁਢਾ ਜੀ ਤੇ ਦੂਨੀ ਚੰਦ ਪੈਰ ਮਲਣ ਲੱਗ ਗਏ, ਤੁਰਦੇ ਨਹੀਂ, ਹੌਲੀ-ਹੌਲੀ ਕਦਮ ਪੁਟਦੇ ਨੇ ਕਿ ਹੈਂ! ਮੁਰਦਾ ਖਾਣਾ ਹੈ? ਕਿਵੇਂ ਖਾਵਾਂਗੇ ਮੁਰਦਾ? ਪਤਾ ਨਹੀਂ ਕਿੰਨੇ ਦਿਨਾਂ ਦਾ ਸੜਿਆ ਹੋਇਆ ਹੋਵੇ ਮੁਰਦਾ। ਆਪ ਉਸ ਵੇਲੇ ਅੰਤਰ ਧਿਆਨ ਹੋ ਕੇ ਨਾਲੇ ਤੁਰੇ ਜਾਂਦੇ ਨੇ ਤੇ ਨਾਲੇ ਬੇਨਤੀ ਇਸ ਤਰ੍ਹਾਂ ਕਰਦੇ ਨੇ-

***ਧਾਰਨਾ - ਏਹੋ ਮੇਰੀ ਓ, ਬੇਨਤੀ ਗੁਰਾ -2, 2.***
***ਮੇਰਾ ਸਿਦਕ ਸਲਾਮਤ ਰਹਿ ਜਾਏ -2, 2.***
***ਮੇਰਾ ਸਿਦਕ ਸਲਾਮਤ ਰਹਿ ਜਾਏ ਮਾਲਕਾ,***
***ਬੇਨਤੀ ਗੁਰਾ,***
***ਏਹੋ ਮੇਰੀ ਓ, ਬੇਨਤੀ ਗੁਰਾ....... -2.***

ਇਸ਼ਾਰਾ ਕਰ ਦਿੱਤਾ ਕਿ ਔਹ ਸਾਹਮਣੇ ਮੁਰਦਾ ਪਿਆ ਹੈ; ਜੇ ਮੇਰੇ ਮਗਰੋਂ ਨਹੀਂ ਹਟਣਾ ਤਾਂ ਅੱਗੇ ਵਧੋ ਤੇ ਮੁਰਦਾ ਖਾਓ। ਸਾਹਮਣੇ ਮੁਰਦਾ ਪਿਆ ਹੈ, ਹੁਣ ਮੁਰਦਾ ਖਲਾਉਣਗੇ, ਗਿਣਤੀ ਆ ਗਈ ਮਨਾਂ ਵਿਚ ਪਰ ਭਾਈ ਲਹਿਣਾ ਜੀ - ਆਪ ਬੇਨਤੀ ਵਿਚ ਆ ਗਏ ਕਿ ਪਾਤਿਸ਼ਾਹ! ਅਸੀਂ ਤੇਰੇ ਸੇਵਕ ਹਾਂ, ਜੋ ਤੈਨੂੰ ਭਾਉਂਦਾ ਹੈ, ਅਸੀਂ ਤਾਂ ਤੇਰਾ ਬਚਨ ਹੀ ਮੰਨਣਾ ਹੈ ਤੇ ਸਾਡਾ ਸਿਦਕ ਸਲਾਮਤ ਰਹਿ ਜਾਵੇ -

***ਧਾਰਨਾ - ਭਾਵੇਂ ਮੁਰਦਾ ਖਲਾ ਦੇ ਮਾਲਕਾ,***
***ਅਸੀਂ ਤੇਰਾ ਹੁਕਮ ਮੰਨਣਾ -2, 2.***
***ਮੇਰੇ ਸਾਹਿਬਾ, ਅਸੀਂ ਤੇਰਾ ਹੁਕਮ ਮੰਨਣਾ -2, 2.***
***ਭਾਵੇਂ ਮੁਰਦਾ ਖਲਾ ਦੇ ਮਾਲਕਾ,.... -2.***

ਪਾਤਿਸ਼ਾਹ! ਹੁਕਮ ਤੇਰਾ ਸਿਰ ਮੱਥੇ।

***ਸੁਨ ਸ੍ਰੀ ਮੁਖ ਤੇ ਬਚਨ ਕੌ ਸ੍ਰੀ ਲਹਿਣਾ ਤਤ ਕਾਲ॥***
***ਤਤ ਛਿਨ ਮੁਰਦੇ ਢਿਗ ਗਯੋ ਸਤਿਗੁਰ ਬਚਨੰ ਪਾਲ॥***
***ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ, ਪੰਨਾ - 193***

ਬਚਨ ਦੀ ਪਾਲਣਾ ਕਰੀ ਕਿ ਪਾਤਿਸ਼ਾਹ! ਅਸੀਂ ਤਾਂ ਤੇਰਾ ਬਚਨ ਮੰਨਣਾ ਹੈ, ਸਾਨੂੰ ਨਾ ਮੁਰਦੇ ਖਾਣ ਨਾਲ ਹੈ, ਨਾ ਅੰਨ ਖਾਣ ਨਾਲ ਹੈ। ਤੇਰਾ ਬਚਨ ਜੋ ਹੋ ਗਿਆ, ਅਸੀਂ ਪਾਲਣਾ ਹੈ। ਕਿੰਨਾ ਫਰਕ ਹੈ ਬਚਨ ਵਿਚ; ਸਾਡੇ ਵਾਸਤੇ ਇਹ ਹੁਕਮ ਨਹੀਂ ਹੈ ਕਿ ਮੁਰਦੇ ਖਾਓ। ਸਾਡੇ ਵਾਸਤੇ ਬੜਾ ਹੀ ਸੁਖਾਲਾ ਹੁਕਮ ਹੈ -

***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ***
***ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥***
***ਉਦਮੁ ਕਰੇ ਭਲਕੇ ਪਰਭਾਤੀ***
***ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥***
***ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ***

*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ॥*
*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥*
*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥* *ਪੰਨਾ - 305*

ਸਾਡੇ ਵਾਸਤੇ ਤਾਂ ਬੜਾ ਹੀ ਸੁਖਾਲਾ ਹੁਕਮ ਹੈ ਕਿ ਅੰਮ੍ਰਿਤ ਵੇਲੇ ਉਠੋ ਭਾਈ, ਸੁਸਤੀ ਨੂੰ ਤਿਆਗੋ, ਪਹਿਰ ਰਾਤ ਰਹਿੰਦੀ ਉਠ ਕੇ ਇਸ਼ਨਾਨ ਕਰੋ। ਇਸ਼ਨਾਨ ਕਰਕੇ ਜੋ ਪੰਜ ਪਿਆਰਿਆਂ ਨੇ ਨਾਮ ਦਿੱਤਾ ਹੈ ਉਸ ਨੂੰ ਜਪੋ ਤੇ ਜਦੋਂ ਦਿਨ ਚੜ੍ਹ ਜਾਵੇ ਤਾਂ ਬਾਣੀ ਪੜ੍ਹੋ, ਬਹਿੰਦੇ ਉਠਦੇ ਪ੍ਰਮੇਸ਼ਰ ਵਿਚ ਧਿਆਨ ਰੱਖੋ, ਗੁਰੂ ਦਇਆਲ ਹੋ ਜਾਏਗਾ ਤੇ ਜੀਵ ਤੇ ਬ੍ਰਹਮ ਦੀ ਏਕਤਾ ਦਾ ਉਪਦੇਸ਼ ਦੇ ਕੇ ਪਰਮੇਸ਼ਰ ਬਣਾ ਦਏਗਾ ਤੇ ਫੇਰ ਜਿਹੜਾ ਆਪ ਜਪਦਾ ਹੈ ਤੇ ਦੂਸਰਿਆਂ ਨੂੰ ਜਪਾਉਂਦਾ ਹੈ, ਮਹਾਰਾਜ ਜੀ ਕਹਿੰਦੇ ਉਸ ਦੀ ਪਦਵੀ ਐਡੀ ਉਚੀ ਹੋ ਗਈ ਕਿ ਅਸੀਂ ਉਸ ਦੇ ਚਰਨਾਂ ਦੀ ਧੂੜ ਬਣ ਜਾਂਦੇ ਹਾਂ। ਐਡਾ ਕਰੜਾ ਹੁਕਮ ਤਾਂ ਹੈ ਹੀ ਨਹੀਂ ਸਾਨੂੰ ਕਿ ਮੁਰਦੇ ਖਾਓ ਜਾਂ ਸੀਸ ਦਿਓ। ਗੁਰੂ ਗ੍ਰੰਥ ਸਾਹਿਬ ਮਹਾਰਾਜ ਸਾਨੂੰ ਸਖਤ ਕਸਵੱਟੀ ਵਿਚ ਨਹੀਂ ਪਾਉਂਦੇ; ਪਾਉਂਦੇ ਤਾਂ ਹਨ, ਬਹੁਤ ਸਖਤ ਹੈ, ਬੜਾ ਔਖਾ ਹੈ ਇਹਨਾਂ ਦਾ ਹੁਕਮ ਮੰਨਣਾ ਪਰ ਉਹ ਸੁਖਾਲਾ-ਸੁਖਾਲਾ ਹੀ ਹੈ, ਫੇਰ ਵੀ ਐਨਾ ਔਖਾ ਨਹੀਂ ਹੈ ਜਿੰਨਾ ਭਾਈ ਮੰਝ ਨੇ ਮੰਨਿਆ, ਜਿੰਨਾ ਲਹਿਣਾ ਜੀ ਨੇ ਮੰਨਿਆ। ਐਸਾ ਹੁਕਮ ਨਹੀਂ ਜਿੰਨਾ ਗੁਰੂ ਅਮਰਦਾਸ ਮਹਾਰਾਜ ਜੀ ਨੇ ਬਾਰਾਂ ਸਾਲ ਦਿਨ ਰਾਤ ਜਾਗ ਕੇ ਹੁਕਮ ਮੰਨਿਆ। ਸੋ ਉਸ ਵੇਲੇ ਜਦੋਂ ਬਚਨ ਸੁਣਿਆ-

*ਸੁਨ ਸੁ ਮੁਖ ਤੇ ਬਚਨ ਕੋ ਸ੍ਰੀ ਲਹਿਣਾ ਤਤ ਕਾਲ॥*
*ਤਤ ਛਿਨ ਮੁਰਦੇ ਢਿਗ ਗਯੋ ਸਤਿਗੁਰ ਬਚਨੰ ਪਾਲ॥*
*ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ, ਪੰਨਾ - 193*

ਆਪ ਖੜ੍ਹ ਗਏ ਕੋਲ ਜਾ ਕੇ, ਏਧਰ ਹੋਏ, ਓਧਰ ਹੋਏ। ਬਾਬਾ ਬੁਢਾ ਜੀ ਤੇ ਦੁਨੀ ਚੰਦ ਦੂਰ ਖੜ੍ਹੇ ਨੇ, ਨੇੜੇ ਨਹੀਂ ਆਏ। ਆਪ ਇਕੱਲੇ ਹੀ ਰਹਿ ਗਏ।

ਮਹਾਰਾਜ ਜੀ ਕੜਕ ਕੇ ਬੋਲੇ, "ਖੜ੍ਹਾ ਕੀ ਕਰਦਾ ਹੈਂ? ਖਾਂਦਾ ਕਿਉਂ ਨਹੀਂ?"

ਕਹਿੰਦੇ, "ਪਾਤਿਸ਼ਾਹ! ਤੇਰਾ ਹੁਕਮ ਚਾਹੁੰਦਾ ਹਾਂ ਕਿ ਕਿਧਰੋਂ ਖਾਵਾਂ?"

ਮਹਾਰਾਜ ਜੀ ਕਹਿੰਦੇ, "ਸਿਰ ਵਲੋਂ ਖਾਹ।"

ਹੋਰ ਸਮੱਸਿਆ ਪੈ ਗਈ ਕਿ ਹੋਰ ਪਾਸੇ ਤਾਂ ਬੁਰਕੀ ਵੱਢੀ ਜਾਏਗੀ ਪਰ ਸਿਰ ਤੇ ਤਾਂ ਵਾਲ ਹੁੰਦੇ ਨੇ।

ਕਹਿੰਦੇ, "ਠੀਕ ਹੈ ਮਹਾਰਾਜ!" ਜਦੋਂ ਮੁਰਦੇ ਉਪਰੋਂ ਕੱਪੜਾ ਉਤਾਰਿਆ ਤਾਂ -

*ਸੇਤ ਸੁ ਬਸਤ੍ਰ ਉਤਾਰਾ ਜਬਹੀ॥*
*ਦੇਖਿਯੋ ਨੀਚੇ ਕਛੁ ਨਹਿੰ ਤਬ ਹੀ॥* *ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ, ਪੰਨਾ - 193*

ਕੁਝ ਵੀ ਨਹੀਂ ਇਸ ਦੇ ਥੱਲੇ ਤਾਂ -

*ਲਖ ਅਸਚਰਜ ਰਹਿਯੋ ਬਿਸਮਾਈ॥*
*ਧਾਇ ਸਤਿਗੁਰੂ ਪਗ ਲਪਟਾਈ॥* *ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ,*

ਦੌੜ ਕੇ ਜਾ ਕੇ ਗੁਰੂ ਨਾਨਕ ਪਾਤਿਸ਼ਾਹ ਦੇ ਚਰਨ ਫੜ ਲਏ, ਨਾਲੇ ਉਚੀ ਉਚੀ ਰੋਂਦੇ ਨੇ, ਕਹਿੰਦੇ, "ਪਾਤਿਸ਼ਾਹ! ਐਡਾ ਸਾਂਗ ਵਰਤਿਆ ਆਪ ਨੇ। ਸਾਰੀ ਸਿੱਖੀ ਭਰਮਾ ਦਿਤੀ, ਕੋਈ ਵੀ ਨਹੀਂ ਪੂਰਾ ਉਤਰ ਸਕਿਆ ਪਾਤਿਸ਼ਾਹ! ਐਡਾ ਸਾਂਗ?" ਜੇ ਕਿਤੇ ਪਤਾ ਲੱਗ ਜਾਂਦਾ ਕਿ ਐਵੇਂ ਹੀ ਕੱਪੜਾ ਬਣਾ ਕੇ ਰੱਖਿਆ ਹੋਇਆ ਹੈ ਕਿਸੇ ਚੀਜ਼ ਦੇ ਉਤੇ ਤਾਂ ਉਨ੍ਹਾਂ ਨੇ ਪਾਸ ਨਹੀਂ ਸੀ ਹੋਣਾ, ਬਾਕੀ ਸਾਰਿਆਂ ਨੇ ਹੀ ਪਾਸ ਹੋ ਜਾਣਾ ਸੀ। ਪਰ ਇਕ ਚਾਹੀਦਾ ਸੀ ਓਨ੍ਹਾਂ ਨੂੰ।

ਕਹਿੰਦੇ, "ਪਾਤਿਸ਼ਾਹ! ਤੂੰ ਦਇਆਲੂ ਹੈਂ, ਤੂੰ ਕਿਰਪਾਲੂ ਹੈਂ, ਇਮਤਿਹਾਨਾਂ ਵਿਚ ਪਾਇਆ ਤੇ ਬਚਾ ਵੀ ਲਿਆ।"

ਉਸ ਵੇਲੇ ਗੁਰੂ ਨਾਨਕ ਪਾਤਿਸ਼ਾਹ ਤੋਂ ਰਿਹਾ ਨਾ ਗਿਆ ਸਾਧ ਸੰਗਤ ਜੀ! ਆਪ ਝੁਕੇ, ਦੋਹੇ ਮੋਢਿਆਂ ਤੋਂ ਫੜ ਕੇ ਲਹਿਣਾ ਜੀ ਨੂੰ ਖੜ੍ਹਾ ਕਰ ਲਿਆ ਤੇ ਘੁਟ ਕੇ ਜੱਫੀ ਦੇ ਵਿਚ ਲੈ ਲਿਆ। ਲੱਭ ਗਿਆ ਟਿਕਾਣਾ ਕਿ ਜਿਥੇ ਮੈਂ ਆਪਣੀ ਜੋਤ ਟਿਕਾਵਾਂ। ਖੁਸ਼ੀ ਹੋ ਗਈ ਕਿ ਹੈ ਥਾਂ, ਜਿਥੇ ਮੈਂ ਆਪਣੀ ਜੋਤ ਟਿਕਾਵਾਂ ਕਿਉਂਕਿ ਗੁਰੂ ਨਾਨਕ ਪਾਤਿਸ਼ਾਹ ਨੇ ਜਾਣਾ ਨਹੀਂ ਸੀ ਸੰਸਾਰ ਤੋਂ।

ਜਿਸ ਵਕਤ ਅਜਿੱਤਾ ਰੰਧਾਵਾ ਨਾਲ ਗੋਸ਼ਟ ਹੋਈ ਗੁਰੂ ਨਾਨਕ ਦੇਵ ਜੀ ਦੀ ਤਾਂ ਗੁਰੂ ਮਹਾਰਾਜ ਜੀ ਕਹਿੰਦੇ, "ਅਜਿੱਤਿਆ! ਅਸੀਂ ਜਾਣਾ ਨਹੀਂ ਹੈ, ਸਰੀਰ ਬਦਲਣਾ ਹੈ, ਅਸੀਂ ਜੋਤ ਨਹੀਂ ਬਦਲਣੀ, ਜੋਤ ਅਸੀਂ ਆਪਣੀ ਓਵੇਂ ਹੀ ਚਲਦੀ ਰੱਖਣੀ ਹੈ। ਦਸ ਜਾਮੇ ਸਾਡੇ ਪ੍ਰਗਟ ਹੋਣਗੇ, ਚਹੌਤਰ ਜਾਮੇ ਸਾਡੇ ਸਾਧੂ ਸੰਤਾਂ ਵਿਚ ਹੋਣਗੇ ਪਰ ਉਨ੍ਹਾਂ ਨੂੰ ਰੱਖ ਨਹੀਂ ਕੋਈ ਸਕੇਗਾ। ਪ੍ਰਭੂ ਦਾ ਨਾਮ ਜਪਾਉਣਾ ਹੈ, ਕਲਜੁਗ ਬਹੁਤ ਡਾਹਢਾ ਹੈ, ਇਸ ਨੇ ਸਾਰਿਆਂ ਦੀ ਮੱਤ ਫੇਰ ਦੇਣੀ ਹੈ, ਸੰਸਾਰ ਨੇ ਅਰਥ ਦਾ ਅਨਰਥ ਕਰਨਾ ਸ਼ੁਰੂ ਕਰ ਦੇਣਾ ਹੈ।"

ਸੋ ਉਸ ਵੇਲੇ ਗੁਰੂ ਨਾਨਕ ਸਾਹਿਬ ਨੂੰ ਬਹੁਤ ਖੁਸ਼ੀ ਹੋਈ ਕਿ ਟਿਕਾਣਾ ਮਿਲ ਗਿਆ ਮੈਨੂੰ ਜੋਤ ਟਿਕਾਉਣ ਵਾਸਤੇ।

ਕਹਿੰਦੇ, "ਲੈ ਭਾਈ ਲਹਿਣਾ! ਤੂੰ ਸਾਡੇ ਅੰਗ ਤੋਂ ਬਣਿਆਂ ਤੇ ਅੱਜ ਤੋਂ ਬਾਅਦ ਤੇਰਾ ਨਾਉਂ ਅੰਗਦ ਹੋਇਆ ਤੇ ਹੁਣ ਤੇਰੇ ਮੇਰੇ ਰੂਪ ਵਿਚ ਕੋਈ ਫਰਕ ਨਹੀਂ ਰਿਹਾ।"

ਏਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਬਣਾ ਲਿਆ ਆਪਣਾ ਰੂਪ,*
*ਗੁਰਾਂ ਨੇ ਗੁਰਸਿਖ ਨੂੰ ਗਲ ਲਾ ਕੇ -2, 2.*
*ਗੁਰਸਿੱਖ ਨੂੰ ਗਲ ਲਾ ਕੇ, ਗੁਰਾਂ ਨੇ -2, 2*
*ਬਣਾ ਲਿਆ ਆਪਣਾ ਰੂਪ..........2*

*ਗੁਰ ਉਠਾਇ ਗਰ ਸੰਗ ਲਗਾਯੋ॥*
*ਕਹਿਯੋ ਕਿ ਅਬ ਅੰਗਦ ਤੂੰ ਥਾਯੋ॥*
*ਪੁਨਾ ਕਹਯੋ ਮੇਰੋ ਜੋ ਰੂਪਾ॥*
*ਸੋ ਤੁਮ ਹ੍ਵੈ ਹੋ ਪਰਮ ਸਰੂਪਾ॥*

*ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ, ਪੰਨਾ - 193*

ਕਹਿੰਦੇ, "ਲੈ ਭਾਈ ਲਹਿਣਾ! ਲਹਿਣਾ ਖਤਮ ਹੋਇਆ। ਹੁਣ ਮੇਰੇ ਅੰਗ ਤੋਂ ਤੇਰਾ ਨਵਾਂ ਜਨਮ ਹੋਇਆ ਤੇ ਤੇਰਾ ਨਾਉਂ ਅੱਜ ਤੋਂ ਅੰਗਦ ਹੋਇਆ।"

*ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥*

***ਤਾ ਤੇ ਅੰਗਦ ਭਯਉ ਤਤ ਸਿਉ ਤਤੁ ਮਿਲਾਯਉ॥*** ***ਪੰਨਾ - 1408***

ਘਾਲਣਾ ਘਾਲੀ, ਪਦਵੀ ਪ੍ਰਾਪਤ ਹੋ ਗਈ। ਸੋ ਐਸਾ ਫੁਰਮਾਨ ਹੈ ਕਿ ਗੁਰੂ ਅੰਗਦ ਸਾਹਿਬ ਜੀ ਦੀ ਜਿਹੜੀ ਘਾਲ ਸੀ ਉਹ ਕੋਈ ਖਿਝਣ ਵਾਲੀ, ਰੋਣ ਵਾਲੀ, ਨਿਰਾਸ਼ਾ ਵਾਦੀ ਵਾਲੀ ਘਾਲ ਨਹੀਂ ਸੀ, ਉਹ ਆਸ਼ਾਵਾਦੀ ਘਾਲ ਸੀ, ਹੌਂਸਲੇ ਨਾਲ ਕਰਦੇ ਸਨ। ਕਦੇ ਓਲਾਂਭਾ ਨਹੀਂ ਸੀ ਦਿੰਦੇ, ਕਦੇ ਸ਼ਿਕਵਾ ਨਹੀਂ ਸੀ ਕਰਦੇ ਕਿ ਮੈਂ ਥੱਕ ਗਿਆ ਮਹਾਰਾਜ; ਆਪ ਜੀ ਕਹਿੰਦੇ, "ਨਹੀਂ ਮਹਾਰਾਜ! ਮੈਂ ਆਪ ਤੋਂ ਦੂਰ ਨਹੀਂ ਹੋ ਸਕਦਾ, ਮੈਂ ਆਪ ਦੇ ਦਰਸ਼ਨ ਕਰਕੇ ਜੀਉਂਦਾ ਹਾਂ।"

ਸੋ ਆਪ ਦੀ ਘਾਲ, ਮਰਦਾਂ ਵਾਲੀ ਸੀ। ਐਸਾ ਫੁਰਮਾਨ ਹੈ ਬਾਣੀ ਦਾ -

***ਧਾਰਨਾ - ਗੁਰਸਿਖ ਹੋ ਗਿਆ ਪਰਵਾਣ ਸਤਿਗੁਰੂ ਨਾਨਕ ਨੂੰ,***
***ਮਰਦਾਂ ਵਾਲੀ ਘਾਲ ਘਾਲ ਕੇ -2, 2.***
***ਮੇਰੇ ਪਿਆਰੇ, ਮਰਦਾਂ ਵਾਲੀ ਘਾਲ ਘਾਲ ਕੇ -2, 2.***
***ਗੁਰਸਿਖ ਹੋ ਗਿਆ ਪਰਵਾਣ ਸਤਿਗੁਰੂ ਨਾਨਕ ਨੂੰ.. -2.***

***ਗੁਰਸਿਖਾ ਕੇ ਮੁਖ ਉਜਲੇ ਮਨਮੁਖ ਥੀਏ ਪਰਾਲੀ॥***
***ਪਏ ਕਬੂਲੁ ਖਸੰਮ ਨਾਲਿ ਜਾਂ ਘਾਲ ਮਰਦੀ ਘਾਲੀ॥***
***ਪੰਨਾ - 967***

ਗੁਰੂ ਗ੍ਰੰਥ ਸਾਹਿਬ ਜੀ ਵਿਚ ਆਉਂਦਾ ਹੈ ਕਿ ਜਦੋਂ ਗੁਰੂ ਅੰਗਦ ਪਾਤਿਸ਼ਾਹ ਨੇ ਮਰਦਾਂ ਵਾਲੀ ਘਾਲ ਘਾਲੀ ਤਾਂ ਗੁਰੂ ਨਾਨਕ ਪਾਤਿਸ਼ਾਹ ਨੂੰ ਪਰਵਾਣ ਹੋ ਗਏ। ਸੰਸਾਰ ਵਿਚ ਗੁਰੂ ਨਾਨਕ ਪਾਤਿਸ਼ਾਹ ਨੂੰ ਗੁਰੂ ਨਹੀਂ ਸੀ ਮਿਲਿਆ। ਸਾਰਾ ਸੰਸਾਰ ਨਿਗ੍ਹਾ ਮਾਰ ਕੇ ਟੋਲ੍ਹਿਆ (ਲੱਭਿਆ) ਪਰ ਗੁਰੂ ਨਾਨਕ ਨੂੰ ਸਿੱਖ ਮਿਲ ਗਿਆ ਤੇ ਸਿੱਖ ਵੀ ਉਹ ਮਿਲਿਆ ਜਿਹੜਾ ਉਨ੍ਹਾਂ ਦਾ ਗੁਰੂ ਹੋਇਆ।

ਗੋਰਖ ਨਾਥ ਬੜਾ ਹੈਰਾਨ ਸੀ, ਕਹਿੰਦਾ, "ਹੇ ਨਾਨਕ! ਮੈਨੂੰ ਇਉਂ ਲਗਦਾ ਹੈ ਕਿ ਤੇਰਾ ਕੋਈ ਸਿੱਖ ਆਉਣਾ ਹੈ ਤੇ ਉਹ ਤੇਰਾ ਗੁਰੂ ਬਣੇਗਾ।" ਬਣਿਆ ਹੀ ਫੇਰ -

***ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥*** ***ਭਾਈ ਗੁਰਦਾਸ ਜੀ ਦੀ ਵਾਰ 41/1***

ਆਪ ਹੀ ਮਸਤਕ ਨਿਵਾਉਂਦੇ ਨੇ। ਸੋ ਉਸ ਵੇਲੇ ਗੁਰੂ ਨਾਨਕ ਪਾਤਿਸ਼ਾਹ ਕਹਿਣ ਲੱਗੇ, "ਅੰਗਦ ਜੀ! ਹੁਣ ਤੂੰ ਤੇ ਮੈਂ ਇਕ ਹੋ ਗਏ। ਪਿਆਰ ਦੇ ਨਾਲ ਗੰਢ ਪੈ ਗਈ, ਖੁਸ਼ਕ ਗਿਆਨ ਦੇ ਨਾਲ ਨਹੀਂ ਪਈ। ਤੇਰੇ ਵਿਚ 'ਮੈਂ' ਖਤਮ ਹੋ ਗਈ, ਹੁਣ ਤੇਰੀ 'ਮੈਂ' ਮੇਰੀ 'ਮੈਂ', ਤੇਰੀ 'ਤੂੰ' ਮੇਰੀ 'ਤੂੰ'। ਹੁਣ ਤੂੰ ਤੇ ਮੈਂ ਦੋਵੇਂ ਖਤਮ ਹੋ ਗਏ।" ਏਸ ਤਰ੍ਹਾਂ ਫੁਰਮਾਉਂਦੇ ਨੇ -

***ਧਾਰਨਾ - ਤੇਰਾ ਵਸਿਆ ਪਿਆਰ ਹਿਰਦੇ ਮੇਰੇ,***
***ਤੂੰ ਤੂੰ ਮੈਂ ਮੈਂ ਵਿਚੋਂ ਹਟ ਗਈ -2, 2.***
***ਪਿਆਰਿਆ, ਤੂੰ ਤੂੰ ਮੈਂ ਮੈਂ ਵਿਚੋਂ ਹਟ ਗਈ -2, 2.***
***ਤੇਰਾ ਵਸਿਆ ਪਿਆਰ ਹਿਰਦੇ ਮੇਰੇ, ............... -2.***

ਕਹਿੰਦੇ, "ਅੰਗਦ ਜੀ! ਤੇਰੇ ਤੇ ਮੇਰੇ ਵਿਚ ਫਰਕ ਏਹੀ ਸੀ ਕਿ ਤੇਰੇ ਵਿਚ ਜਿਹੜੀ ਤੇਰੀ 'ਮੈਂ' ਸੀ, ਉਹ ਤੈਨੂੰ ਮੇਰੇ ਕੋਲ ਨਹੀਂ ਸੀ ਆਉਣ ਦਿੰਦੀ।"

***ਹਉ ਹਉ ਮੈ ਮੈ ਵਿਚਹੁ ਖੋਵੈ॥ ਦੂਜਾ ਮੇਟੈ ਏਕੋ ਹੋਵੈ॥***
***ਪੰਨਾ - 943***

ਜਦੋਂ ਹਉਂ ਹਉਂ ਤੇ ਮੈਂ ਮੈਂ ਹਟ ਜਾਂਦੀ ਹੈ, ਦੂਜਾ ਮਿਟ ਜਾਂਦਾ ਹੈ, ਫੇਰ ਹੁੰਦਾ ਕੀ ਹੈ?

***ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ॥***
***ਅਨਲ ਅਗਮ ਜੈਸੇ ਲਹਰਿ ਮਇ ਓਦਧਿ ਜਲ ਕੇਵਲ ਜਲ ਮਾਂਹੀ॥***
***ਪੰਨਾ - 657***

ਕਹਿੰਦੇ, "ਫਰਕ ਕੇਵਲ ਤੇਰੇ ਤੇ ਮੇਰੇ ਵਿਚ 'ਤੂੰ ਤੂੰ, 'ਮੈਂ ਮੈਂ' ਦਾ ਸੀ। ਹੁਣ ਤੇਰੇ ਵਿਚੋਂ 'ਮੈਂ' ਖਤਮ ਹੋ ਗਈ।"

***ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ॥***
***ਪੰਨਾ - 624***

ਰਹਿੰਦੇ ਰੱਬ ਦੇ ਨਾਲ ਹੀ ਹਾਂ, ਉਸ ਦਾ ਹੀ ਰੂਪ ਹਾਂ ਪਰ ਇਕ ਦੀਵਾਰ ਬਣ ਗਈ ਸਾਡੀ consciousness (ਚੇਤੰਨਤਾ) ਦੇ ਅੰਦਰ, ਜਾਗਰਤ ਦੇ ਅੰਦਰ - 'ਮੈਂ' ਹੋਰ, 'ਤੂੰ' ਹੋਰ। ਰੋਈ ਜਾਂਦੇ ਹਾਂ ਅਸੀਂ ਉਸ ਨੂੰ। ਜਦੋਂ ਇਹ ਹਟ ਜਾਂਦੀ ਹੈ, ਫੇਰ ਨਾ 'ਤੂੰ', ਨਾ 'ਮੈਂ', ਦੋਏ ਖਤਮ ਹੋ ਜਾਂਦੇ ਨੇ - ਆਪੇ ਆਪ ਹੋ ਜਾਂਦਾ ਹੈ। ਕਹਿੰਦੇ -

***ਮੇਰੋ ਮਨ ਮੈਂ ਤੂ ਬਸੇਂ, ਮੈਂ ਸਦ ਹਿਰਦੇ ਤੋਹਿ।***

ਕਹਿੰਦੇ, "ਅੰਗਦ ਜੀ! ਮੇਰੇ ਮਨ ਵਿਚ ਤੂੰ ਸਦਾ ਹੀ ਵਸਦਾ ਹੈਂ ਤੇ ਮੈਂ ਤੇਰੇ ਹਿਰਦੇ ਵਿਚ ਸਦਾ ਹੀ ਵਸਦਾ ਹਾਂ।

***ਅਭੇਦ ਭਗਤ ਮੇਰੀ ਕਰੀ, ਮੈ ਮਨ ਤੁਮਾਰਾ ਢੋਹ।***

ਭੇਦ ਤੋਂ ਰਹਿਤ ਭਗਤੀ ਕਰ ਲਈ, ਤੂੰ ਮੇਰੇ ਵਿਚ ਸਮਾਅ ਗਿਆ।

***ਅਬ ਤੂੰ ਮੇਰੇ ਅੰਗ ਤੇ ਭਇਆ। ਤੁਮ ਲਹਿਨਾ ਮੈਂ ਦੇਨ ਦਇਆ।***

ਤੇਰਾ ਨਾਉਂ ਲਹਿਣਾ ਸੀ, ਮੈਂ ਤੈਨੂੰ ਦੇਣਾ ਸੀ। ਹੁਣ ਤੂੰ ਮੇਰੇ ਅੰਗ ਤੋਂ ਬਣ ਗਿਆ।

***ਕਹਯੋ ਜੁ ਮੇਰੋ ਅਹੈ ਸਰੂਪਾ॥ ਸੋ ਤੁਮ ਹ੍ਵੈ ਹੈ ਪਰਮ ਅਨੂਪਾ॥***
***ਸਾਖੀ 58-59, ਮਹਿਮਾ ਪ੍ਰਕਾਸ਼***

ਜਿਹੜਾ ਮੇਰਾ ਉਪਮਾ ਤੋਂ ਰਹਿਤ ਸਰੀਰ ਸੀ ਉਹ ਹੁਣ ਤੇਰਾ ਸਰੂਪ ਬਣ ਗਿਆ। ਮੈਂ ਬਹੁਤ ਪ੍ਰਸੰਨ ਹਾਂ ਕਿ ਸਿੱਖੀ ਬਹੁਤ ਸੀ ਲੱਖਾਂ ਦੀ, ਕਰੋੜਾਂ ਦੀ ਤਦਾਦ ਵਿਚ ਸਾਰੀ ਦੁਨੀਆਂ ਦੇ ਅੰਦਰ। ਖੁਸ਼ੀ ਹੈ ਮੇਰੇ ਮਨ ਦੇ ਅੰਦਰ ਕਿ ਸਿੱਖੀ ਦਾ ਬੀਜ ਰਹਿ ਗਿਆ।

***ਧਾਰਨਾ - ਵਾਹਵਾ-ਵਾਹਵਾ ਸਿੱਖੀ ਵਾਲੀ ਪੱਤ ਰੱਖ ਲਈ-2, 2***
***ਗੁਰਸਿਖ ਰੂਪ ਗੁਰਾਂ ਦਾ ਬਣਿਆ -2, 2.***
***ਸਿੱਖੀ ਵਾਲੀ ਪੱਤ ਰੱਖ ਲਈ,.... -2.***

ਪ੍ਰਸੰਨ ਹਨ ਗੁਰੂ ਨਾਨਕ ਪਾਤਿਸ਼ਾਹ। ਕਹਿਣ ਲੱਗੇ ਕਿ ਅੰਗਦ ਜੀ! ਤੁਸੀਂ ਸਿੱਖੀ ਦੀ ਪੱਤ ਰੱਖ ਲਈ। ਮੈਂ ਐਡੀ ਉੱਚੀ ਹੀ ਸਿੱਖੀ ਚਾਹੁੰਦਾ ਸੀ। ਓਹ ਥਾਂ ਭਾਲਦਾ ਸੀ ਜਿਸ ਗੁਰਸਿਖ ਦੇ ਹਿਰਦੇ ਦੇ ਅੰਦਰ ਮੈਂ ਆਪਣੀ ਪੂਰਨ ਜੋਤ ਟਿਕਾ ਸਕਾਂ।

***ਸਭ ਸਿੱਖਨ ਕੀ ਰਾਖੀ ਟੇਕਾ॥***
***ਹਿਰਦੈ ਪੂਰਨ ਤੁਮਰ ਬਿਬੇਕਾ॥*** ***ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ, ਪੰਨਾ - 193***

ਸਾਰੇ ਸਿੱਖਾਂ ਨੇ ਟੇਕ ਰੱਖੀ ਹੋਈ ਸੀ, ਮੇਰੀ ਵੀ ਟੇਕ ਸਭ ਸਿਖਾਂ ਤੇ ਸੀ ਪਰ ਤੇਰੇ ਹਿਰਦੇ ਵਿਚ ਪੂਰਨ ਗਿਆਨ ਸੀ।

***ਭਾ ਅਵਲੰਬ ਭਲੇ ਜਗ ਤਾਰਨ॥***
***ਸਭ ਸਿੱਖਨ ਜਮ ਜਾਲ ਨਿਵਾਰਨ॥*** ***ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ, ਪੰਨਾ - 193***

ਅੰਗਦ ਜੀ! ਤੁਸੀਂ ਹੁਣ ਸਾਰੇ ਸਿੱਖਾਂ ਦੇ ਜਮਾਂ ਦੇ ਜਾਲ ਕਟਣ ਦੇ ਸਮਰੱਥ ਹੋ ਗਏ।

***ਤੁਝ ਸਮਾਨ ਜਗ ਅਵਰ ਨ ਲਖਿਓ।*** ***ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ, ਪੰਨਾ - 193***

ਬੜਾ ਪ੍ਰਸੰਨ ਹਾਂ। ਸਾਰੇ ਸੰਸਾਰ ਦੇ ਅੰਦਰ ਤੇਰੇ ਵਰਗਾ ਹੋਰ ਕੋਈ ਸਿੱਖ ਲੱਭਿਆ ਹੀ ਨਹੀਂ ਮੈਨੂੰ।

***ਨੀਕੇ ਸਿੱਖੀ ਬੀਰਜ ਰਖਿਯੋ॥*** ***ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ, ਪੰਨਾ - 193***

ਬਹੁਤ ਚੰਗਾ ਹੋਇਆ ਤੁਸੀਂ ਸਿੱਖੀ ਦਾ ਬੀਜ ਰੱਖ ਲਿਆ।

***ਤਾਉ ਕਸੌਟੀ ਉਤਰਿਓ ਪੂਰਾ॥*** ***ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ, ਪੰਨਾ - 193***

ਕਿੰਨੀਆਂ ਕਸਵੱਟੀਆਂ ਲੱਗੀਆਂ ਨੇ, ਕਿੰਨੇ ਤਾਉ ਦਿੱਤੇ ਨੇ। ਇਹ ਤਾਂ ਸਹਿਣੀ ਬਹੁਤ ਔਖੀ ਹੁੰਦੀ ਹੈ -

***ਰਾਮ ਕਸਉਟੀ ਸੋ ਸਹੈ ਜੋ ਮਰਿ ਜੀਵਾ ਹੋਇ॥*** ***ਪੰਨਾ - 1366***

ਦੂਜਾ ਤਾਂ ਸਹਿ ਹੀ ਨਹੀਂ ਸਕਦਾ ਤੇ ਕਸੌਟੀਆਂ ਦੇ ਉਤੇ ਉਤਰਿਆ ਹੈਂ ਤੂੰ ਪੂਰਾ।

***ਬਾਰਹਿ ਬਨੀ ਭਯੋ ਸੋ ਰੂਰਾ॥*** ***ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ, ਪੰਨਾ - 193***

ਤੇ ਹੁਣ ਤੂੰ ਸ਼ੁਧ ਸੋਨਾ, ਬਾਰਾਂ ਬੰਨੀ ਦਾ ਜਿਸ ਨੂੰ ਕਹਿੰਦੇ ਨੇ, ਉਹ ਬਣ ਗਿਆ।

***ਧਾਰਨਾ - ਪਿਆਰੇ ਜੀ, ਸੋਨਾ ਬਣ ਗਿਆ ਬਾਰਾਂ ਵੰਨੀ ਦਾ -2, 2.***
***ਗੁਰਸਿਖ ਤਾਉ ਕਸਵੱਟੀ ਸਹਿ ਕੇ -2, 2.***
***ਪਿਆਰੇ ਜੀ, ਸੋਨਾ ਬਣ ਗਿਆ ਬਾਰਾਂ ਵੰਨੀ ਦਾ,............ -2.***

ਕਸਵੱਟੀ ਦੇ ਤਾਉ ਸਹੇ - ਇਕ ਨਹੀਂ, ਸਾਰੇ ਹੀ - ਜਿੰਨਾ ਚਿਰ ਸੇਵਾ ਕਰੀ।

***ਮਨੁ ਰਾਮਿ ਕਸਵਟੀ ਲਾਇਆ ਕੰਚਨੁ ਸੋਵਿੰਨਾ॥***
***ਪੰਨਾ - 448***

ਜਦੋਂ ਗੁਰੂ ਨਾਨਕ ਪਾਤਿਸ਼ਾਹ ਦੇ ਨਾਲ ਮਨ ਲੱਗ ਗਿਆ, ਕਸਵੱਟੀਆਂ ਸਹੀਆਂ, ਉਸ ਵੇਲੇ ਬਾਰਾਂ ਵੰਨੀ ਦਾ ਸੋਨਾ ਬਣ ਗਿਆ।

ਕਹਿੰਦੇ, "ਅੰਗਦ ਜੀ! ਹੁਣ ਮੰਗੋ ਮੈਥੋਂ ਕੀ ਕੁਝ ਮੰਗਦੇ ਹੋ? ਕੋਈ ਚੀਜ਼ ਦੁਨੀਆਂ ਦੇ ਅੰਦਰ ਐਸੀ ਨਹੀਂ ਜੋ ਮੈਂ ਤੁਹਾਨੂੰ ਨਾ ਦੇ ਸਕਾਂ।"

ਹੱਥ ਜੋੜ ਲਏ ਆਪ ਨੇ, ਕਹਿੰਦੇ, "ਪਾਤਿਸ਼ਾਹ! ਕਲਜੁਗ ਦਾ ਸਮਾਂ ਹੈ, ਮਿਹਰ ਕਰੋ, ਜਿਹੜੇ ਗੁਰਸਿਖ ਚਲੇ ਗਏ, ਕਸਵੱਟੀ ਵਿਚ ਪੂਰੇ ਨਹੀਂ ਉਤਰੇ, ਪਾਤਿਸ਼ਾਹ! ਨੰਬਰ ਤਾਂ ਉਹਨਾਂ ਨੇ ਵੀ ਲਏ ਹੋਏ ਨੇ, ਆਪ ਕਿਰਪਾ ਕਰਕੇ ਰਿਆਇਤੀ ਪਾਸ ਉਹਨਾਂ ਨੂੰ ਵੀ ਕਰ ਦਿਓ।"

ਕਹਿੰਦੇ, "ਲੈ ਗੁਰਸਿਖਾ! ਤੂੰ ਜੋ ਕਹੇਂ; ਠੀਕ ਹੈ ਉਹ ਵੀ ਸਿੱਖ ਸੀ, ਕਿਸੇ ਦੇ ਨੰਬਰ ਘੱਟ ਨੇ ਕਿਸੇ ਦੇ ਵੱਧ ਨੇ। ਤੂੰ ਪੂਰਾ ਰਿਹਾ, ਜਾਹ! ਤੇਰੇ ਕਹੇ ਮੈਂ ਸਾਰੇ ਬਖਸ਼ ਦਿੱਤੇ।"

ਉਧਰ ਜਿਹੜੇ ਰੁਪਈਆਂ ਦੀਆਂ ਪੰਡਾਂ ਬੰਨ੍ਹ ਕੇ ਲੈ ਗਏ, ਹੀਰੇ ਜਵਾਹਰਾਤਾਂ ਦੀਆਂ ਪੰਡਾਂ ਭਰ ਕੇ ਲੈ ਗਏ ਤੇ ਜਦੋਂ ਘਰ ਜਾ ਕੇ ਪੰਡਾਂ ਖੋਲ੍ਹਦੇ ਨੇ ਤਾਂ ਕੁਝ ਨਹੀਂ, ਮਿੱਟੀ ਬਣੀ ਪਈ ਹੈ, ਪਛਤਾਏ ਕਿ ਸਿੱਖੀ ਤੋਂ ਵੀ ਅਸੀਂ ਮੁਨਕਰ ਹੋਏ, ਅਸੀਂ ਗੁਰੂ ਨਾਨਕ ਦਾ ਵੀ ਸਾਥ ਛੱਡਿਆ ਤੇ ਪੱਲੇ ਵੀ ਕੁਝ ਨਾ ਪਿਆ, ਇਹ ਤਾਂ ਮਾਇਆ ਦਾ ਝਲਕਾਰਾ ਸੀ। ਵਾਪਸ ਆ ਗਏ ਤੇ ਮਿਲਣਾ ਲੋਚਦੇ ਨੇ। ਗੁਰੂ ਅੰਗਦ ਸਾਹਿਬ ਨੇ ਉਨ੍ਹਾਂ ਦੀ ਪੀੜ ਸਮਝੀ ਤੇ ਕਹਿੰਦੇ, "ਪਾਤਿਸ਼ਾਹ! ਉਨ੍ਹਾਂ ਨੂੰ ਬਖਸ਼ ਦਿਉ।"

ਮਹਾਰਾਜ ਜੀ ਕਹਿੰਦੇ, "ਅੰਗਦ ਜੀ! ਅਸੀਂ ਤੁਹਾਡੇ ਕਰਕੇ ਸਾਰੇ ਬਖਸ਼ੇ। ਉਹ ਵੀ ਬਖਸ਼ੇ ਜਿਹੜੇ ਦੌੜ ਗਏ, ਉਹ ਵੀ ਬਖਸ਼ੇ ਜਿਨ੍ਹਾਂ ਨੇ ਸਾਡੀਆਂ ਗੱਲਾਂ ਕਰੀਆਂ, ਉਹ ਵੀ ਅਸੀਂ ਸਾਰੇ ਬਖਸ਼ੇ ਜਿਹੜੇ ਸਾਨੂੰ ਕਹਿੰਦੇ ਸੀ ਕਿ ਦਿਮਾਗ ਹਿੱਲ ਗਿਆ ਓਹਦਾ।"

ਬਖਸ਼ਿਸ਼ਾਂ ਹੋਈਆਂ, ਬਾਬਾ ਬੁਢਾ ਜੀ ਨੂੰ ਕਹਿਣ ਲੱਗੇ ਕਿ ਤੁਸੀਂ ਉਦਾਸ ਨਾ ਹੋਵੋ, ਇਕ ਅੰਕ ਦਾ ਹੀ ਫਰਕ ਹੈ ਤੁਹਾਡਾ ਸਾਰਾ। ਆ ਤਾਂ ਗਏ ਤੁਸੀਂ, ਪਰ ਨੇੜੇ ਖੜ੍ਹ ਗਏ, ਪੈਰ ਦੱਬ ਲਿਆ ਥੋੜ੍ਹਾ ਜਿਹਾ। ਹੁਣ ਇਹ ਹੋਇਆ ਕਰੇਗਾ ਕਿ ਜਦੋਂ ਗੁਰੂ ਤਖਤ ਤੇ ਬੈਠਿਆ ਕਰੇਗਾ, ਬੈਠੇਗਾ ਸਿੱਖ ਹੀ ਤਖਤ ਦੇ ਉਤੇ, ਤੇ ਗੁਰੂ ਸਿਖ ਦੇ ਅੱਗੇ ਨਿਵੇਗਾ, ਨਿਵ ਕੇ ਤਖਤ ਤੇ ਬਿਠਾਏਗਾ ਤੇ ਉਸ ਦੇ ਮੱਥੇ ਤੇ ਜਦੋਂ ਤੱਕ ਟਿੱਕਾ ਨਹੀਂ ਲਗਾਉਂਦੇ, ਉਨੀ ਦੇਰ ਤੱਕ ਗੱਲ ਨਹੀਂ ਬਣਨੀ, ਗੁਰਿਆਈ ਦਾ ਟਿੱਕਾ ਤੁਸੀਂ ਹੀ ਲਾਉਣਾ ਹੈ ਹਮੇਸ਼ਾ। ਸੋ ਇਹ ਬਖਸ਼ਿਸ਼ਾਂ ਜਦੋਂ ਦੇਖੀਆਂ ਤਾਂ ਭਾਈ ਭਗੀਰਥ ਜੀ ਨੇ, ਬਾਬਾ ਬੁਢਾ ਜੀ ਨੇ, ਭਾਈ ਸਧਾਰਨ ਜੀ ਨੇ, ਭਾਈ ਦੁਨੀ ਚੰਦ, ਭਾਈ ਕਮਲੀਏ ਨੇ ਤੇ ਹੋਰ ਜਿੰਨੇ ਮੁਖੀ ਸਿੱਖ ਸਨ, ਉਨ੍ਹਾਂ ਦੇ ਮਨ ਵਿਚ ਵੀ ਚਾਓ ਆਇਆ ਕਿ ਗੁਰੂ ਅੰਗਦ ਸਾਹਿਬ ਜਿਸ ਤਰ੍ਹਾਂ ਰਹਿੰਦੇ ਨੇ, ਅਸੀਂ ਵੀ ਨਾਲ ਹੀ ਰਿਹਾ ਕਰੀਏ ਗੁਰੂ ਮਹਾਰਾਜ ਜੀ ਦੇ। ਇਹ ਤਾਂ ਪਰਛਾਵੇਂ ਵਾਂਗ ਲੱਗੇ ਰਹਿੰਦੇ ਨੇ, ਅਸੀਂ ਘੌਲ ਕਰ ਜਾਂਦੇ ਹਾਂ। ਸੋ ਓਸ ਦਿਨ ਤੋਂ ਆਪ ਨੇ ਕਰ ਲਿਆ ਕਿ ਅੰਮ੍ਰਿਤ ਵੇਲੇ ਜਦੋਂ ਇਸ਼ਨਾਨ ਕਰਨ ਜਾਂਦੇ ਨੇ, ਉਸ ਵੇਲੇ ਆਪਾਂ ਨਾਲ ਚੱਲਿਆ ਕਰੀਏ। ਸੋ ਮਹਾਰਾਜ ਜੀ ਨੇ ਕਿਸੇ ਨੂੰ ਨਹੀਂ ਰੋਕਿਆ। ਅੰਮ੍ਰਿਤ ਵੇਲੇ ਉਠੇ, ਇਸ਼ਨਾਨ ਕਰਨ ਲਈ ਰਾਵੀ ਦੇ ਕੰਢੇ ਨੂੰ ਜਾ ਰਹੇ ਨੇ, ਸਾਰੇ ਪਿਛੇ ਪਿਛੇ ਨੇ। ਪੰਦਰਾਂ ਵੀਹ ਗੁਰਸਿਖ ਨੇ, ਗੁਰੂ ਅੰਗਦ ਸਾਹਿਬ ਮਹਾਰਾਜ ਜੀ ਨੇ, ਤੇ ਅੱਗੇ ਜਾ ਕੇ ਮਹਾਰਾਜ ਜੀ ਪਾਣੀ ਵਿਚ ਰਾਵੀ ਦੇ ਅੰਦਰ ਚਲੇ ਗਏ। ਅਚਾਨਕ ਇਕ ਬੜੀ ਭਾਰੀ ਹਨ੍ਹੇਰੀ ਉਠੀ। ਬੱਦਲ ਬਹੁਤ ਬੁਰੀ ਤਰ੍ਹਾਂ ਲਿਸ਼ਕ ਰਿਹਾ ਹੈ, ਜ਼ਮੀਨ ਨੂੰ ਚੱਟ ਰਿਹਾ ਹੈ ਤੇ ਵੱਡੇ ਵੱਡੇ ਗੜ੍ਹੇ ਪੈਣੇ ਸ਼ੁਰੂ ਹੋ ਗਏ। ਉਸ ਵੇਲੇ ਸਾਰੇ ਗੁਰਸਿਖ ਜਿੰਨੇ ਵੀ ਆਏ ਸਨ, ਭੱਜ ਕੇ ਦਰਖਤਾਂ ਦੇ ਥੱਲੇ ਚਲੇ ਗਏ ਪਰ ਗੁਰੂ ਅੰਗਦ ਪਾਤਿਸ਼ਾਹ ਇਕ ਟਕ ਲਾਈ ਹੋਈ ਗੁਰੂ ਨਾਨਕ ਪਾਤਿਸ਼ਾਹ ਵੱਲ ਦੇਖ ਰਹੇ ਨੇ। ਜਦੋਂ ਮਹਾਰਾਜ ਜੀ ਨੇ ਦੇਖਿਆ ਕਿ ਗੜ੍ਹਿਆਂ (ਔਲਿਆਂ) ਦੇ ਵਿਚ ਦਬਦੇ ਜਾਂਦੇ ਨੇ, ਐਨੇ ਗੜੇ ਪੈ ਗਏ ਤਾਂ ਆਪ ਪਾਣੀ ਵਿਚੋਂ ਛੇਤੀ ਨਾਲ ਨਿਕਲੇ ਤੇ ਆ ਕੇ ਕਹਿਣ ਲੱਗੇ ਕਿ ਅੰਗਦ ਜੀ! ਬਾਕੀ ਸਾਰੇ ਬ੍ਰਿਛਾਂ ਦੇ ਥੱਲੇ ਚਲੇ ਗਏ, ਤੁਸੀਂ ਕਿਉਂ ਨਾ ਗਏ? ਤੁਸੀਂ ਇਥੇ ਹੀ ਕਿਉਂ ਬੈਠੇ ਰਹੇ? ਕਹਿੰਦੇ, ਸੱਚੇ ਪਾਤਿਸ਼ਾਹ!

***ਜਗਤ ਮੋ ਕਿਸੀ ਬਿਰਛ ਨਾਲ ਅਰਥ ਨਹੀ ਰਹਾ॥***

ਸਾਡਾ ਕੋਈ ਮਤਲਬ ਨਹੀਂ ਰਿਹਾ ਕਿਸੇ ਚੀਜ਼ ਨਾਲ, ਨਾ ਕਿਸੇ ਬ੍ਰਿਛ ਨਾਲ।

***ਜਿਸ ਚਰਨੋਂ ਸੇ ਪਰਯੋਜਨ ਹੈ ਤਿਸ ਕੇ ਅੰਗ ਬੈਠਾ ਹਾਂ॥***

ਮੇਰਾ ਤਾਂ ਪ੍ਰਯੋਜਨ ਤੇਰੇ ਚਰਨ ਕਮਲ ਨੇ, ਮੈਂ ਤਾਂ ਉਨ੍ਹਾਂ ਦੇ ਸਾਹਮਣੇ ਬੈਠਾ ਹਾਂ ਤੇ ਮੈਨੂੰ ਨਹੀਂ ਕਿਸੇ ਚੀਜ਼ ਦੀ ਪਰਵਾਹ। ਸਰੀਰ ਚਲਿਆ ਜਾਵੇ ਤਾਂ ਜਾਵੇ ਪਰ ਮੈਂ ਤੇਰੇ ਦਰਸ਼ਨ ਤੋਂ ਬਗੈਰ ਨਹੀਂ ਜੀਉਂਦਾ ਰਹਿ ਸਕਦਾ।

*ਧਾਰਨਾ - ਤੇਰੇ ਦਰਸ਼ ਬਿਨਾ ਨਾ ਜੀਵਾਂ,*
*ਹੋਰ ਪਰਵਾਹ ਕੋਈ ਨਾ -2, 2.*
*ਹੋਰ ਪਰਵਾਹ ਕੋਈ ਨਾ -4, 2.*
*ਤੇਰੇ ਦਰਸ ਬਿਨਾ ਨਾ ਜੀਵਾ,.....2*

*ਦਰਸਨੁ ਦੇਖਿ ਪਤੰਗ ਜਿਉ ਜੋਤੀ ਜੋਤਿ ਸਮਾਵੈ।*
*ਸਬਦ ਸੁਰਤਿ ਲਿਵ ਮਿਰਗ ਜਿਉ ਅਨਹਦ ਲਿਵ ਲਾਵੈ।*
*ਸਾਧ ਸੰਗਤਿ ਵਿਚਿ ਮੀਨੁ ਹੋਇ ਗੁਰਮਤਿ ਸੁਖ ਪਾਵੈ।*
*ਚਰਣ ਕਵਲ ਚਿਤਿ ਭਵਰੁ ਹੋਇ ਸੁਖ ਰੈਣਿ ਵਿਹਾਵੈ।*
*ਗੁਰ ਉਪਦੇਸੁ ਨ ਵਿਸਰੈ ਬਾਬੀਹਾ ਧਿਆਵੈ।*
*ਪੀਰ ਮੁਰੀਦਾਂ ਪਿਰਹੜੀ ਦੁਬਿਧਾ ਨ ਸੁਖਾਵੈ॥ ਭਾਈ ਗੁਰਦਾਸ ਜੀ ਦੀ ਵਾਰ 27/14*

ਪਤੰਗਾ ਜਦੋਂ ਦਰਸ਼ਨ ਕਰਦਾ ਹੈ ਜੋਤ ਦੇ, ਤਾਂ ਜੋਤ ਦੇ ਵਿਚ ਹੀ ਸਮਾਅ ਜਾਂਦਾ ਹੈ। ਉਸ ਨੂੰ ਨਹੀਂ ਪਤਾ ਹੁੰਦਾ ਕਿ ਮੈਂ ਮਰ ਜਾਵਾਂਗਾ; ਦੀਵੇ ਦੀ ਲਾਟ ਜਲਦੀ ਹੈ ਤੇ ਵਿਚ ਆ ਕੇ ਜਲ ਜਾਂਦਾ ਹੈ।

*ਦਰਸਨੁ ਦੇਖਿ ਪਤੰਗ ਜਿਉ ਜੋਤੀ ਜੋਤਿ ਸਮਾਵੈ।*
*ਸਬਦ ਸੁਰਤਿ ਲਿਵ ਮਿਰਗ ਜਿਉ ਅਨਹਦ ਲਿਵ ਲਾਵੈ।*
*ਭਾਈ ਗੁਰਦਾਸ ਜੀ ਦੀ ਵਾਰ 27/14*

ਮਿਰਗ ਘੰਡੇਹੇੜੇ ਦਾ ਸ਼ਬਦ ਸੁਣਦਾ ਹੈ, ਐਨੀ ਲਿਵ ਲਗ ਜਾਂਦੀ ਹੈ ਕਿ ਉਸ ਨੂੰ ਪਤਾ ਹੀ ਨਹੀਂ ਲਗਦਾ ਕਿ ਮੈਨੂੰ ਸ਼ਿਕਾਰੀ ਫੜ ਲਏਗਾ। ਸ਼ਿਕਾਰੀ ਵੱਲ ਨੂੰ ਸਿਧਾ ਹੀ ਆਈ ਜਾਂਦਾ ਹੈ।

*ਸਾਧ ਸੰਗਤਿ ਵਿਚਿ ਮੀਨੁ ਹੋਇ ਗੁਰਮਤਿ ਸੁਖ ਪਾਵੈ।*
*ਭਾਈ ਗੁਰਦਾਸ ਜੀ ਦੀ ਵਾਰ 27/14*

ਸੰਤਾਂ ਦੀ ਸੰਗਤ ਵਿਚ ਆ ਕੇ ਐਨਾ ਲੀਨ ਹੋ ਜਾਵੇ ਜਿਸ ਤਰ੍ਹਾਂ ਮੱਛੀ ਪਾਣੀ ਦੇ ਵਿਚ ਲੀਨ ਹੋ ਜਾਂਦੀ ਹੈ, ਬਾਹਰ ਨਹੀਂ ਨਿਕਲਦੀ। ਇਸ ਤਰ੍ਹਾਂ ਨਹੀਂ ਕਿ ਘੜੀ ਹੀ ਦੇਖੀ ਜਾਓ ਕਿ ਹੁਣ ਉਠਾਂ, ਹੁਣ ਕੀਰਤਨ ਸਮਾਪਤ ਹੋਵੇ। ਕਹਿੰਦੇ ਜਿਵੇਂ ਮੀਨ ਪਾਣੀ ਦੇ ਵਿਚ ਖੁਸ਼ ਹੋ ਜਾਂਦੀ ਹੈ - ਮੱਛੀ, ਇਉਂ ਸੰਗਤ ਵਿਚ ਆ ਕੇ ਰਹੇ।

*ਚਰਣ ਕਵਲ ਚਿਤਿ ਭਵਰੁ ਹੋਇ ..........॥ ਭਾਈ ਗੁਰਦਾਸ ਜੀ ਦੀ ਵਾਰ 27/14*

ਚਰਨਾਂ ਕਮਲਾਂ ਦਾ ਜਦੋਂ ਧਿਆਨ ਧਰਿਆ ਹੋਇਆ ਹੈ ਤਾਂ ਕਹਿੰਦੇ ਜਿਵੇਂ ਭਵਰ ਫੁਲ ਦੇ ਵਿਚ ਬੈਠ ਜਾਂਦਾ ਹੈ ਫੇਰ ਉਠਦਾ ਨਹੀਂ, ਇਉਂ ਬਿਰਤੀ ਨਾ ਤੋੜੇ -

*ਚਰਣ ਕਵਲ ਚਿਤਿ ਭਵਰੁ ਹੋਇ ਸੁਖ ਰੈਣਿ ਵਿਹਾਵੈ।*
*ਗੁਰ ਉਪਦੇਸੁ ਨ ਵਿਸਰੈ ਬਾਬੀਹਾ ਧਿਆਵੈ।*
*ਪੀਰ ਮੁਰੀਦਾਂ ਪਿਰਹੜੀ ਦੁਬਿਧਾ ਨ ਸੁਖਾਵੈ॥ ਭਾਈ ਗੁਰਦਾਸ ਜੀ ਦੀ ਵਾਰ 27/14*

ਸੋ ਮਹਾਰਾਜ! ਸੱਚੇ ਪਾਤਸ਼ਾਹ!

*ਜਗਤ ਮੇ ਕਿਸੀ ਬਿਰਛ ਨਾਲ ਅਰਥ ਨਹੀ ਰਹਾ॥*
*ਜਿਸ ਚਰਨੋਂ ਸੇ ਪ੍ਰਯੋਜਨ ਹੈ ਤਿਸ ਕੇ ਅੰਗ ਬੈਠਾ ਹਾਂ॥*

ਸੋ ਬਾਬਾ ਬੁਢਾ ਜੀ ਨੇ ਦੇਖਿਆ ਕਿ ਫਰਕ ਹੈ ਸਾਡੇ ਵਿਚ, ਸਚ ਮੁਚ ਹੀ ਇਨ੍ਹਾਂ ਵਿਚ

ਇਹ ਬਾਤ ਨਹੀਂ। ਅਸੀਂ ਤਾਂ ਨੱਠ ਕੇ ਦਰਖਤਾਂ ਥੱਲੇ ਹੋ ਗਏ। ਸਾਡੀ ਲਿਵ ਤਾਂ ਇਹ ਨਾ ਰਹੀ ਜੋ ਅੰਗਦ ਜੀ ਦੀ ਰਹੀ। ਇਹ ਤਾਂ ਇਕ ਟੱਕ ਦੇਖਦੇ ਰਹੇ, ਗੜੇ ਵਰ੍ਹਦੇ ਰਹੇ, ਪਤਾ ਹੀ ਨਹੀਂ ਲੱਗਿਆ ਕਿ ਗੜੇ ਵੀ ਪੈ ਰਹੇ ਨੇ। ਹਰ ਰੋਜ਼ ਮਨ ਵਿਚ ਆਉਂਦਾ ਹੈ ਕਿ ਇਨ੍ਹਾਂ ਤੇ ਜ਼ਿਆਦਾ ਖੁਸ਼ੀ ਹੋ ਗਈ। ਕਿਹੜੇ ਗੁਣ ਨੇ ਜਿਨ੍ਹਾਂ ਕਰਕੇ ਜ਼ਿਆਦਾ ਰਿਝਾਅ ਲਿਆ ਇਹਨਾਂ ਨੇ – ਗੁਰੂ ਪਾਤਿਸਾਹ ਨੂੰ।

ਇਕ ਦਿਨ ਗੁਰੂ ਨਾਨਕ ਪਾਤਿਸ਼ਾਹ ਛੋਟੀ ਕੁਟੀਆ ਵਿਚ ਪਏ ਨੇ। ਬਾਹਰ ਛਾਛੜੇ ਦਾ ਮੀਂਹ ਪੈ ਰਿਹਾ ਹੈ, ਕੰਧਾਂ ਕੱਚੀਆਂ ਨੇ ਤੇ ਜਿਥੇ ਸ਼ਤੀਰ ਰੱਖਿਆ ਹੋਇਆ ਹੈ, ਉਥੇ ਚੋਆ ਪੈ ਕੇ ਕੰਧ ਥੱਲੇ ਨੂੰ ਜਾਣ ਲੱਗ ਗਈ। ਜਿਸ ਵੇਲੇ ਗੁਰੂ ਅੰਗਦ ਸਾਹਿਬ ਇਕ ਦਮ ਦਰਵਾਜ਼ੇ ਦੇ ਅੱਗੇ ਆਏ ਤਾਂ ਦੇਖਿਆ ਕਿ ਸ਼ਤੀਰ ਗਿਰ ਰਿਹਾ ਹੈ। ਸਕਿੰਟ ਨਹੀਂ ਲਾਇਆ, ਉਸੇ ਵੇਲੇ ਸੀਸ ਹੇਠਾਂ ਦੇ ਦਿੱਤਾ, ਸਾਰੀ ਰਾਤ ਖੜ੍ਹੇ ਰਹੇ। ਜਦੋਂ ਅੰਮ੍ਰਿਤ ਵੇਲਾ ਹੋਇਆ, ਗੁਰੂ ਨਾਨਕ ਪਾਤਿਸ਼ਾਹ ਸਾਵਧਾਨ ਹੋਏ ਤਾਂ ਦੇਖਿਆ ਕਿ ਕੰਧ ਗਿਰ ਰਹੀ ਹੈ ਤੇ ਮੀਂਹ ਪੈ ਰਿਹਾ ਹੈ। ਹੋਰ ਵੀ ਸਾਰੇ ਗੁਰਸਿਖ ਆ ਗਏ ਤੇ ਸ੍ਰੀ ਚੰਦ ਜੀ ਵੀ ਆ ਗਏ, ਲਖਮੀ ਦਾਸ ਜੀ ਵੀ ਆ ਗਏ।

ਗੁਰੂ ਨਾਨਕ ਪਾਤਿਸ਼ਾਹ ਕਹਿਣ ਲੱਗੇ ਕਿ ਪਿਆਰਿਓ! ਅੰਗਦ ਜੀ ਕਦੋਂ ਕੁ ਦੇ ਖੜ੍ਹੇ ਨੇ?

ਕਹਿੰਦੇ, "ਮਹਾਰਾਜ! ਮੀਂਹ ਤਾਂ ਰਾਤ ਦਾ ਬਹੁਤ ਜ਼ੋਰ ਨਾਲ ਪੈ ਰਿਹਾ ਹੈ, ਸਾਨੂੰ ਨਹੀਂ ਪਤਾ ਕਦੋਂ ਦੇ ਖੜ੍ਹੇ ਨੇ।"

ਕਹਿੰਦੇ, "ਇਉਂ ਕਰੋ, ਇਨ੍ਹਾਂ ਨੂੰ ਸ਼ਤੀਰ ਥੱਲਿਓਂ ਕੱਢੋ ਤੇ ਹੁਣ ਕੰਧ ਬਣਾ ਲਓ। ਸ੍ਰੀ ਚੰਦ ਜੀ! ਕੰਧ ਬਣਾ ਲਓ।"

ਸ੍ਰੀ ਚੰਦ ਜੀ ਕਹਿੰਦੇ, "ਮਹਾਰਾਜ! ਬੱਦਲ ਹੋਇਆ ਪਿਆ ਹੈ, ਕੰਧ ਗਿੱਲੀ ਹੈ, ਗਾਰਾ ਬਹੁਤ ਗਿੱਲਾ ਪਾਣੀ ਵਰਗਾ ਪਤਲਾ ਹੈ, ਕੰਧ ਕਿਵੇਂ ਬਣ ਜਾਏਗੀ? ਦਿਨ ਚੜ੍ਹੇਗਾ, ਹਿਸਾਬ ਲਾਵਾਂਗੇ; ਹੁਣ ਰਾਤ ਨੂੰ ਹੀ ਕੰਧ ਬਣਾ ਲਈਏ?"

ਮਹਾਰਾਜ ਜੀ ਕਹਿੰਦੇ, "ਕਿਤੇ ਗਿਰ ਨਾ ਜਾਵੇ।"

ਕਹਿੰਦੇ, "ਤੁਹਾਨੂੰ ਤਾਂ ਵਹਿਮ ਹੋ ਗਿਆ। ਜੇ ਗਿਰ ਜਾਏਗੀ ਤਾਂ ਕੀ ਹੋ ਜਾਏਗਾ? ਮਾੜੀ ਜਿਹੀ ਕੋਠੜੀ ਹੀ ਹੈ, ਫੇਰ ਬਣਾ ਲਵਾਂਗੇ।"

ਮਹਾਰਾਜ ਜੀ ਕਹਿੰਦੇ, "ਲਖਮੀਦਾਸ! ਤੁਸੀਂ ਬਣਾ ਦਿਓ।"

ਕਹਿੰਦੇ, "ਮਹਾਰਾਜ! ਪਿਤਾ ਜੀ!! ਤੁਸੀਂ ਤਾਂ ਗੱਲਾਂ ਹੀ ਹੋਰ ਤਰ੍ਹਾਂ ਦੀਆਂ ਕਰਦੇ ਹੋ। ਹੁਣ ਕੋਈ ਵੇਲਾ ਹੈ ਕੰਧ ਬਣਾਉਣ ਦਾ? ਇਨ੍ਹਾਂ ਨੇ ਤੁਹਾਨੂੰ ਜਿਹੜੀ ਗੱਲ ਕਹੀ ਹੈ, ਉਹ ਸੱਚੀ ਹੀ ਹੈ। ਕਿਉਂ ਭਾਈ ਗੁਰਸਿਖੋ! ਕੀ ਵਿਚਾਰ ਹੈ ਤੁਹਾਡਾ?"

ਬਾਬਾ ਬੁਢਾ ਜੀ ਕਹਿੰਦੇ, "ਮਹਾਰਾਜ! ਠੀਕ ਹੀ ਕਹਿੰਦੇ ਨੇ ਇਹ। ਸੂਰਜ ਚੜ੍ਹ ਆਏਗਾ, ਗਾਰਾ ਆਠਰ ਜਾਏਗਾ, ਫੇਰ ਕੰਧ ਬਣਾ ਲਵਾਂਗੇ।"

ਗੁਰੂ ਅੰਗਦ ਸਾਹਿਬ ਜੀ ਵੱਲ ਦੇਖਿਆ, "ਕਹਿੰਦੇ, "ਪੁਰਖਾ! ਕੀ ਵਿਚਾਰ ਹੈ?"

ਕਹਿੰਦੇ, "ਮਹਾਰਾਜ! ਮੇਰੀ ਤਾਂ ਕੋਈ ਵਿਚਾਰ ਨਹੀਂ, ਜੋ ਆਪ ਦੀ ਰਜ਼ਾਅ ਹੈ, ਮੇਰੇ ਲਈ ਓਹੀ ਧੰਨ ਹੈ। ਇਹ ਧਰਮ ਦਾ ਕੰਮ ਹੈ, ਮਹਾਰਾਜ! ਇਸ ਨੂੰ ਦੇਰ ਨਹੀਂ ਕਰਨੀ ਚਾਹੀਦੀ।"

ਏਸ ਤਰ੍ਹਾਂ ਫੁਰਮਾਨ ਹੈ –

***ਧਾਰਨਾ – ਦੇਰੀ ਕਰੀਏ ਨਾ ਧਰਮ ਕਮਾਉਣ ਨੂੰ,***
***ਪਾਪਾਂ ਬਾਰੇ ਲੱਖ ਸੋਚੀਏ –2, 2.***

***ਪਿਆਰਿਓ, ਪਾਪਾਂ ਬਾਰੇ ਲੱਖ ਸੋਚੀਏ -2, 2.***
***ਦੇਰੀ ਕਰੀਏ ਨਾ ਧਰਮ ਕਮਾਉਣ ਨੂੰ, ..........।***

ਨੇਕ ਕੰਮ ਕਰਨਾ ਹੋਵੇ, ਦਾਨ ਕਰਨਾ ਹੋਵੇ, ਕਿਸੇ ਤੀਰਥ ਅਸਥਾਨ ਤੇ, ਸਤਿਸੰਗ ਤੇ ਜਾਣਾ ਹੋਵੇ, ਫੇਰ ਨਾ ਸੋਚੋ। ਪਾਪ ਕਰਨਾ ਹੋਵੇ, ਮਾੜਾ ਕੰਮ ਕਰਨਾ ਹੋਵੇ, ਰਿਸ਼ਵਤ ਲੈਣੀ ਹੋਵੇ, ਝੂਠ ਬੋਲਣਾ ਹੋਵੇ ਤਾਂ ਲੱਖ ਵਾਰ ਸੋਚੋ। ਧਰਮ ਕਰਨ ਲੱਗੇ ਨਾ ਸੋਚੋ ਕਿਉਂਕਿ ਧਰਮ ਦਾ ਮੌਕਾ ਲੰਘਿਆ ਹੋਇਆ ਫੇਰ ਹੱਥ ਨਹੀਂ ਆਇਆ ਕਰਦਾ -

***ਮਨ ਕੀ ਮਨ ਹੀ ਮਾਹਿ ਰਹੀ॥***
***ਨਾ ਹਰਿ ਭਜੇ ਨ ਤੀਰਥ ਸੇਵੇ ਚੋਟੀ ਕਾਲਿ ਗਹੀ॥***

***ਪੰਨਾ - 631***

ਇਕ ਸੇਠ ਸੀ, ਚਾਰ ਬੱਚੇ ਸਨ ਉਸ ਦੇ। ਬੜਾ ਧਨ ਕਮਾਇਆ, ਪੰਜ ਹਿੱਸੇ ਕਰ ਦਿੱਤੇ। ਕਹਿੰਦਾ, "ਲਓ ਕਾਕਾ! ਹੁਣ ਤੁਸੀਂ ਆਪਣੇ ਕਾਰੋਬਾਰ ਕਰੋ। ਇਕ ਹਿੱਸਾ ਮੈਂ ਰੱਖਿਆ ਹੈ, ਇਹ ਮੈਂ ਪੁੰਨ ਦਾਨ ਕਰਨਾ ਹੈ। ਅੱਗੇ ਵਾਸਤੇ ਮੈਂ ਆਪਣੇ ਲਈ ਬਣਾਉਣਾ ਹੈ ਕੁਝ।"

ਸਮਾਂ ਲੰਘਦਾ ਗਿਆ। ਸੋਚਦਾ ਹੈ ਕਿ ਜੇ ਇਥੇ ਦਿੱਤਾ ਤਾਂ ਇਥੇ ਖਾਣ ਵਾਲੇ ਬੰਦੇ ਨੇ, ਇਥੇ ਆਹ ਮਾੜਾ ਬੰਦਾ ਹੈ, ਇਥੇ ਆਹ ਮਾੜਾ ਬੰਦਾ ਹੈ; ਸੋਚਦਾ ਹੀ ਰਹਿੰਦਾ ਹੈ। ਅਖੀਰ ਉਹ ਦਿਨ ਆ ਗਿਆ ਜੋ ਸਭ ਦੇ ਉਤੇ ਆਉਣਾ ਹੈ ਜਿਸ ਨੂੰ ਮੌਤ ਕਹਿੰਦੇ ਨੇ। ਸੁੱਟ ਲਿਆ ਮੰਜੇ ਦੇ ਉਤੇ, ਬੋਲਿਆ ਨਹੀਂ ਜਾਂਦਾ, ਅੱਖਾਂ ਦੇਖਦੀਆਂ ਨੇ, ਜ਼ੁਬਾਨ ਮੁੜ ਗਈ। ਭਾਈਚਾਰਾ ਸਾਰਾ ਇਕੱਠਾ ਹੋਈ ਬੈਠਾ ਹੈ ਕਿ ਸੇਠ ਜੀ! ਕੋਈ ਦੱਸ ਦਿਓ ਗੁਪਤ ਗੱਲ, ਕੋਈ ਗੱਲ ਕਰ ਜਾਓ। ਤੁਸੀਂ ਬੋਲ ਕੇ ਦੱਸ ਦਿਓ ਕਿਸ ਤੋਂ ਕੀ ਲੈਣਾ ਹੈ, ਕਿਸ ਨੂੰ ਕੀ ਦੇਣਾ ਹੈ। ਕੁਝ ਨਹੀਂ ਬੋਲਦੇ। ਬੱਚੇ ਖੜ੍ਹੇ ਕਰ ਦਿੱਤੇ ਚਾਰੇ ਹੀ ਕਿ ਤੁਸੀਂ ਸਮਝੋ, ਕੀ ਕਹਿੰਦੇ ਨੇ। ਉਹ ਕੰਧ ਵੱਲ ਨੂੰ ਹੱਥ ਕਰੀਂ ਜਾਂਦਾ ਹੈ। ਹੁਣ ਬੱਚਿਆਂ ਨੂੰ ਪਤਾ ਸੀ ਕਿ ਜਿਧਰ ਨੂੰ ਹੱਥ ਕਰਦਾ ਹੈ ਉਧਰ ਇਕ ਆਲਾ ਹੈ। ਉਸ ਦੇ ਵਿਚ ਇਸ ਨੇ ਪੰਜਵਾਂ ਹਿੱਸਾ ਧਨ ਰੱਖਿਆ ਹੋਇਆ ਹੈ। ਉਪਰੋਂ ਇੱਟਾਂ ਨਾਲ ਬੰਦ ਕਰਿਆ ਹੋਇਆ ਹੈ ਕਿ ਚੋਰ ਨਾ ਲੈ ਜਾਵੇ। ਪਹਿਲਾਂ ਇਹ ਕਹਿੰਦਾ ਹੁੰਦਾ ਸੀ ਕਿ ਮੈਂ ਇਹ ਦਾਨ ਕਰਨਾ ਹੈ। ਸਾਰੀ ਗੱਲ ਸਮਝ ਲਈ, ਭੋਲੇ ਬਣ ਗਏ ਜਾਣ ਕੇ। ਭਾਈਚਾਰੇ ਨੇ ਪੁਛਿਆ ਕਿ ਕਾਕਾ! ਇਹ ਕੀ ਕਹਿ ਰਿਹਾ ਹੈ?

ਕਹਿੰਦੇ, "ਪਿਤਾ ਜੀ ਇਉਂ ਕਹਿੰਦੇ ਨੇ ਕਿ ਮੈਂ ਪੈਸਾ ਤਾਂ ਬਹੁਤ ਕਮਾਇਆ ਸੀ ਪਰ ਸਾਰਾ ਪੈਸਾ ਇਨ੍ਹਾਂ ਇੱਟਾਂ ਤੇ ਲਾ ਦਿੱਤਾ।"

ਉਹ ਕੰਨਾਂ ਨਾਲ ਸੁਣਦਾ ਹੈ, ਬੋਲ ਨਹੀਂ ਸਕਦਾ, ਉਠ ਨਹੀਂ ਸਕਦਾ। ਫੇਰ ਨਾਂਹ ਵਿਚ ਸਿਰ ਹਿਲਾਇਆ ਤੇ ਹੱਥ ਕੰਧ ਵੱਲ ਨੂੰ ਕਰੇ। ਉਹ ਕਹਿੰਦੇ ਕਿ ਇਹ ਕਹਿੰਦਾ ਹੈ ਕੁਝ।

ਮੁੰਡੇ ਕਹਿੰਦੇ, "ਆਹ ਸਿਰ ਹਿਲਾਇਆ ਸੀ ਨਾ, ਪਛਤਾਵਾ ਕਰ ਰਿਹਾ ਹੈ ਕਿ ਮੈਂ ਕੁਝ ਨਾ ਕਰਿਆ।"

ਉਸ ਦੀ ਗੱਲ ਹੀ ਨਾ ਹੋਣ ਦਿੱਤੀ ਕਿਉਂਕਿ ਧਰਮ ਕਰਨ ਨੂੰ ਦੇਰ ਕਰ ਦਿੱਤੀ। ਮਹਾਰਾਜ ਜੀ ਕਹਿੰਦੇ -

***ਨਹ ਬਿਲੰਬ ਧਰਮੰ ਬਿਲੰਬ ਪਾਪੰ॥*** ***ਪੰਨਾ - 1354***

ਧਰਮ ਕਰਨ ਨੂੰ ਨਾ ਦੇਰ ਲਾਓ, ਪਾਪ ਕਰਨ ਨੂੰ ਲਾਓ -

***ਦ੍ਰਿੜੰਤ ਨਾਮੰ ਤਜੰਤ ਲੋਭੰ॥*** ***ਪੰਨਾ - 1354***

ਦ੍ਰਿੜ ਕਰੋ ਨਾਮ ਨੂੰ ਤੇ ਛੱਡ ਦਿਓ ਲੋਭ ਨੂੰ -

***ਸਰਣਿ ਸੰਤੰ ਕਿਲਬਿਖ ਨਾਸੰ.............॥***

***ਪੰਨਾ - 1354***

ਸੰਤਾਂ ਦੀ ਸਰਨ ਜਾਣਾ ਹੈ ਤਾਂ ਪਾਪਾਂ ਦਾ ਨਾਸ ਹੋ ਜਾਂਦਾ ਹੈ -

*........... ਪ੍ਰਾਪਤੰ ਧਰਮ ਲਖ੍ਯਿਣ॥* ***ਪੰਨਾ - 1354***

ਧਰਮ ਦੇ ਲੱਖਣ ਸੰਤਾਂ ਦੀ ਸੰਗਤ ਵਿਚ ਜਾ ਕੇ ਪ੍ਰਾਪਤ ਹੁੰਦੇ ਨੇ -

***ਨਾਨਕ ਜਿਹ ਸੁਪ੍ਰਸੰਨ ਮਾਧਵਹ॥*** ***ਪੰਨਾ - 1354***

ਸੋ ਏਸ ਤਰ੍ਹਾਂ ਉਸੇ ਵੇਲੇ ਕੰਧ ਬਣਾਉਣ ਲੱਗ ਗਏ। ਬੜੀ ਮਿਹਨਤ ਨਾਲ ਆਪ ਨੇ ਕੰਧ ਬਣਾਈ। ਜਦੋਂ ਕੰਧ ਬਣ ਗਈ ਤਾਂ ਗੁਰੂ ਨਾਨਕ ਪਾਤਿਸ਼ਾਹ ਕਹਿਣ ਲੱਗੇ, "ਭਾਈ ਅੰਗਦ! ਆਹ ਤਾਂ ਤੂੰ ਵਿੰਗੀ-ਤੜਿੰਗੀ ਜਿਹੀ ਬਣਾ ਦਿੱਤੀ, ਢਾਹ ਦੇ ਏਸਨੂੰ।" ਆਪ ਨੇ ਢਾਹ ਦਿੱਤੀ। ਫੇਰ ਬਣਾਉਣੀ ਸ਼ੁਰੂ ਕਰ ਦਿੱਤੀ। ਜਦੋਂ ਪੂਰੀ ਬਣ ਗਈ, ਉਪਰ ਤੱਕ ਕੰਧ ਚਲੀ ਗਈ, ਤਾਂ ਮਹਾਰਾਜ ਜੀ ਕਹਿੰਦੇ, "ਆਹ ਵਿਚੋਂ ਕੁੱਬੀ ਹੈ, ਢਾਹ ਦੇ।"

ਢਾਹ ਦਿੱਤੀ। ਤੀਸਰੀ ਵਾਰੀ ਫੇਰ ਬਣਾਉਣ ਲੱਗ ਗਏ, ਫੇਰ ਢੁਹਾ ਦਿੱਤੀ। ਜਦੋਂ ਚੌਥੀ ਵਾਰੀ ਬਣਾਈ ਤਾਂ ਸਿਰੀ ਚੰਦ ਜੀ ਕਹਿਣ ਲੱਗੇ, "ਪਿਤਾ ਜੀ! ਤੁਸੀਂ ਵੀ ਖਹਿੜੇ ਪੈ ਗਏ। ਕੋਈ ਰਾਜ ਲੈ ਆਵਾਂਗੇ, ਉਹ ਬਣਾ ਦਏਗਾ। ਵਿਚਾਰਾ ਤੜਕੇ ਦਾ ਲੱਗਿਆ ਹੋਇਆ ਹੈ; ਪਹਿਲਾਂ ਸ਼ਤੀਰ ਹੇਠ ਖੜ੍ਹਾ ਰਿਹਾ, ਹੁਣ ਕੰਧ ਬਣਾਈ ਜਾਂਦਾ ਹੈ, ਤੁਸੀਂ ਮਲਕ ਜਿਹੇ ਕਹਿ ਦਿੰਦੇ ਹੋ ਕਿ ਢਾਹ ਦੇ, ਇਹ ਤਾਂ ਚੰਗੀ ਨਹੀਂ ਹੈ। ਉਹ ਢਾਹੁੰਦਾ ਹੈ, ਫੇਰ ਗਾਰਾ ਪਰ੍ਹੇ ਕਰਦਾ ਹੈ, ਇੱਟਾਂ ਪਰ੍ਹੇ ਕਰਦਾ ਹੈ; ਕਿੰਨਾ ਔਖਾ ਹੋ ਰਿਹਾ ਹੈ। ਸਵੇਰੇ ਦਿਨ ਚੜ੍ਹ ਜਾਏਗਾ, ਆ ਜਾਣਗੇ ਗੁਰਸਿਖ ਸਾਰੇ, ਹੱਥੋ-ਹੱਥੀ ਬਣਾ ਦਿਆਂਗੇ। ਚੌਥੀ ਵਾਰ ਜਦੋਂ ਬਣਾਈ ਤਾਂ ਮਹਾਰਾਜ ਜੀ ਕਹਿੰਦੇ, "ਢਾਹ ਦੇ ਇਹ ਵੀ।"

ਜਾ ਕੇ ਚਰਨ ਫੜ ਲਏ, "ਪਾਤਿਸ਼ਾਹ! ਕਿੱਡੀ ਮੇਰੇ ਵਿਚ ਮੂਰਖਤਾ ਹੈ ਕਿ ਮੈਂ ਆਪ ਦਾ ਬਚਨ ਨਹੀਂ ਸਮਝ ਰਿਹਾ। ਕਿਰਪਾ ਕਰਕੇ ਮੈਨੂੰ ਸ਼ਕਤੀ ਦੇਵੋ, ਜਿਹੋ ਜਿਹੀ ਕੰਧ ਤੁਸੀਂ ਬਣਾਉਣਾ ਚਾਹੁੰਦੇ ਹੋ ਮੈਂ ਓਹੋ ਜਿਹੀ ਬਣਾ ਦੇਵਾਂ। ਮੈਂ ਤਾਂ ਅਤਿ ਮੂਰਖ ਹਾਂ, ਮੇਰੇ ਤੇ ਕਿਰਪਾ ਕਰੋ।"

ਮਹਾਰਾਜ ਜੀ ਪ੍ਰਸੰਨ ਹੋਏ ਤੇ ਕਹਿੰਦੇ, "ਪਿਆਰਿਓ! ਸਾਡਾ ਕੰਧ ਬਣਾਉਣ ਤੱਕ ਮਤਲਬ ਨਹੀਂ ਸੀ, ਜੋ ਸਾਡਾ ਮਤਲਬ ਸੀ ਉਹ ਤੁਸੀਂ ਸਮਝ ਲਿਆ ਸਾਰਿਆਂ ਨੇ।"

ਦਿਨ ਚੜ੍ਹ ਗਿਆ ਤਾਂ ਮਾਤਾ ਸੁਲੱਖਣੀ ਜੀ ਨੂੰ ਸਾਰੀਆਂ ਗੱਲਾਂ ਦਾ ਪਤਾ ਲੱਗਿਆ ਤੇ ਇਹ ਵੀ ਗੱਲਾਂ ਚੱਲ ਪਈਆਂ ਕਿ ਗੁਰੂ ਨਾਨਕ ਪਾਤਿਸ਼ਾਹ ਨੇ ਗੱਦੀ ਦੇ ਦੇਣੀ ਹੈ। ਬੜੀ ਚਿੰਤਾ ਮਨ ਵਿਚ ਜਾਗੀ, ਮਮਤਾ ਜਾਗ ਪਈ, ਦੋਹਾਂ ਪੁੱਤਰਾਂ ਨੂੰ ਲੈ ਕੇ ਆਪ ਆ ਗਏ।

ਕਹਿਣ ਲੱਗੇ, "ਪਾਤਿਸ਼ਾਹ! ਸਾਰੀ ਜ਼ਿੰਦਗੀ ਤੁਸੀਂ ਪੁੱਤਰਾਂ ਦੀ ਸੰਭਾਲ ਨਹੀਂ ਕਰੀ, ਉਦਾਸੀਆਂ ਵਿਚ ਰਹੇ ਹੋ। ਇਹ ਪੁੱਤਰ ਜਿਵੇਂ ਪਲੇ ਨੇ ਤੁਹਾਨੂੰ ਪਤਾ ਹੈ ਤੇ ਜਦੋਂ ਹੁਣ ਕੁਝ ਦੇਣ ਦਾ ਮੌਕਾ ਆਇਆ ਤਾਂ ਤੁਸੀਂ ਇਨ੍ਹਾਂ ਦੇ ਹੱਕ ਤੋਂ ਇਨ੍ਹਾਂ ਨੂੰ ਵਾਂਝੇ ਕਰ ਦਿੱਤਾ।"

ਮਹਾਰਾਜ ਜੀ ਕਹਿੰਦੇ, "ਭਲੀਏ! ਇਹ ਤਾਂ ਕਰਤਾਰ ਦੇ ਹੱਥ ਦੀ ਚੀਜ਼ ਹੈ, ਮੇਰੇ ਹੱਥ ਦੀ ਚੀਜ਼ ਨਹੀਂ, ਇਹ ਉਸ ਕਸਵੱਟੀ ਤੇ ਪੂਰੇ ਨਹੀਂ ਉਤਰ ਰਹੇ, ਮੈਂ ਕੀ ਕਰਾਂ?"

ਸਾਰੇ ਗੁਰਸਿੱਖ ਬੈਠੇ ਨੇ। ਏਨੇ ਨੂੰ ਵੱਡਾ ਸਾਰਾ ਚੂਹਾ ਲੈ ਕੇ, ਬਿੱਲੀ ਧਰਮਸ਼ਾਲਾ ਵਿਚ ਵੜ ਗਈ। ਗੁਰੂ ਮਹਾਰਾਜ ਜੀ ਦੇ ਅੱਗੇ ਦੀ ਲੰਘਣ ਲੱਗੀ ਤੇ ਜਦੋਂ ਸਿੱਖਾਂ ਨੇ ਡਰਾਈ, ਦਬਕਾ ਮਾਰਿਆ ਤਾਂ ਉਸ ਦੇ ਮੂੰਹ ਵਿਚੋਂ ਚੂਹਾ ਗਿਰ ਗਿਆ। ਸ੍ਰੀ ਚੰਦ ਜੀ, ਲਖਮੀ ਦਾਸ ਜੀ ਬੈਠੇ ਨੇ, ਮਾਤਾ ਜੀ ਵੀ ਕੋਲ ਬੈਠੇ ਨੇ।

ਮਹਾਰਾਜ ਜੀ ਕਹਿੰਦੇ, "ਬੇਟਾ ਸ੍ਰੀ ਚੰਦ! ਆਹ ਚੂਹੇ ਨੂੰ ਚੁੱਕ ਕੇ ਬਾਹਰ ਸੁਟ ਦੇ ਜਰਾ। ਇਥੇ ਚੰਗਾ ਨਹੀਂ ਲਗਦਾ।"

ਕਹਿੰਦਾ, "ਪਿਤਾ ਜੀ! ਮੁਰਦੇ ਨੂੰ ਤਾਂ ਉਈਂ ਹੱਥ ਲਾਉਣਾ ਮਾੜਾ ਹੈ। ਜੇ ਆਦਮੀ ਵੀ ਮਰ ਜਾਵੇ ਤਾਂ ਵੀ ਹੱਥ ਨਹੀਂ ਲਾਈਦਾ, ਇਹ ਤਾਂ ਚੂਹਾ ਹੈ। ਇਸ ਨੂੰ ਮੈਂ ਕਿਵੇਂ ਹੱਥ ਲਾ ਦੇਵਾਂ?"

ਮਹਾਰਾਜ ਜੀ ਕਹਿੰਦੇ, "ਲਖਮੀ ਦਾਸ ਬੇਟਾ! ਤੂੰ ਚੁੱਕ ਕੇ ਸੁੱਟ ਦੇ।"

ਕਹਿੰਦਾ, "ਹੁਣ ਮੇਰਾ ਹੱਥ ਲੁਆਉਣਾ ਹੈ ਪਿਤਾ ਜੀ ਚੂਹੇ ਨੂੰ? ਆਹ ਸਿੱਖ ਬੈਠੇ ਨੇ, ਮੈਂ ਮਾਰ ਦਿੰਦਾ ਹਾਂ ਆਵਾਜ਼ ਕਿਸੇ ਨੂੰ।"

ਉਸ ਵੇਲੇ ਗੁਰੂ ਅੰਗਦ ਸਾਹਿਬ ਆ ਗਏ। ਮਹਾਰਾਜ ਜੀ ਕਹਿੰਦੇ, "ਪੁਰਖਾ! ਆਹ ਚੂਹਾ ਪਿਆ ਹੈ।"

ਕਹਿੰਦੇ, "ਅੱਛਾ! ਸਤਿ ਬਚਨ ਮਹਾਰਾਜ।"

ਉਸੇ ਵੇਲੇ ਚੁਕਿਆ ਤੇ ਚੁੱਕ ਕੇ ਬਾਹਰ ਸੁੱਟ ਦਿੱਤਾ ਤੇ ਉਸ ਵੇਲੇ ਮਹਾਰਾਜ ਜੀ ਕਹਿੰਦੇ –

***'ਮੂਲੇ ਸੁਤਾ! ਪਿਖਹੁ ਮਨ ਗੁਨੀਏ। ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ – 1198***

ਮੂਲੇ ਸੁੱਤਾ ਕਿਉਂਕਿ ਮੂਲੇ ਦੀ ਲੜਕੀ ਸੀ ਮਾਤਾ ਸੁਲਖਣੀ ਜੀ। ਕਹਿੰਦੇ ਦੇਖ, ਨਾਲੇ ਮਨ ਵਿਚ ਹੁਣ ਤੂੰ ਗਿਣਤੀ ਕਰ –

***ਏ ਨਿਜ ਸੁਤ ਸੋ ਪਰਸੁਤ ਜਨੀਏ। ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ – 1198***

ਹੁਣ ਇਸ ਨੂੰ ਮੈਂ ਆਪਣਾ ਪੁੱਤਰ ਸਮਝਾਂ ਜਾਂ ਪਰਾਇਆ ਸਮਝਾਂ? ਤੇਰੇ ਪੁੱਤਰ ਤਾਂ ਮੇਰੇ ਆਖੇ ਹੀ ਨਹੀਂ ਲਗਦੇ ਤੇ ਭਾਲਦੇ ਨੇ ਗੁਰਗੱਦੀ। ਹਉਂ ਰਹਿਤ ਜਿਸ ਦਾ ਹਿਰਦਾ ਹੋ ਗਿਆ, ਉਹ ਨੀਵਾਂ ਹੋ ਜਾਂਦਾ ਹੈ; ਜਿਹੜਾ ਨੀਵਾਂ ਹੁੰਦਾ ਹੈ ਉਥੇ ਗੁਰੂ ਦੀ ਜੋਤ ਸਮਾਉਂਦੀ ਹੈ।

***ਨਹਿੰ ਕਿਸਹੂੰ ਕੇ ਕਰ ਬਿਖੈ ਸਭਿ ਕਰਤਾਰ ਅਧੀਨ।***
***ਜਿਸ ਪਰ ਕਰੁਨਾ ਦ੍ਰਿਸ਼ਟਿ ਹ੍ਵੈ ਤਿਨਹਿ ਬਸਤੁ ਇਹ ਲੀਨਿ॥***

***ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ – 1198***

ਜਿਸ ਦੇ ਉਤੇ ਦ੍ਰਿਸ਼ਟੀ ਹੋ ਗਈ ਕਰਤਾਰ ਦੀ, ਉਹ ਇਸ ਚੀਜ਼ ਨੂੰ ਲੈਂਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਪਰਖ ਤੇ ਪਰਖ ਹੁੰਦੀ ਜਾ ਰਹੀ ਹੈ।

ਦੂਸਰੀ ਪਰਖ ਵੇਲੇ ਫੇਰ ਸਾਰਿਆਂ ਦੇ ਸਾਹਮਣੇ ਤੁਰੇ ਜਾ ਰਹੇ ਨੇ, ਮਹਾਰਾਜ ਜੀ ਨਾਲ ਸ੍ਰੀ ਚੰਦ, ਲਖਮੀ ਦਾਸ ਜੀ ਵੀ ਨੇ। ਮਾਤਾ ਜੀ ਵੀ ਦੇਖ ਰਹੇ ਨੇ, ਹੋਰ ਗੁਰਸਿਖ ਵੀ ਨੇ ਸਾਰੇ। ਮਹਾਰਾਜ ਜੀ ਕੋਲ ਇਕ ਬਹੁਤ ਸੋਹਣੇ ਪੱਥਰ ਦਾ ਕਟੋਰਾ ਸੀ। ਜਿਥੇ ਇਸ਼ਨਾਨ ਕਰਕੇ ਸਾਰਾ ਪਾਣੀ ਆ ਕੇ ਖੜ੍ਹਦਾ ਸੀ – ਗੰਦਾ ਪਾਣੀ, ਉਸ ਦੇ ਵਿਚ ਮਹਾਰਾਜ ਜੀ ਨੇ ਕਟੋਰਾ ਸੁੱਟ ਦਿੱਤਾ।

ਇਕ ਦਮ ਕਿਹਾ, "ਸ੍ਰੀ ਚੰਦ! ਕਟੋਰਾ ਕੱਢੋ, ਛੇਤੀ।"

ਕਹਿੰਦੇ, "ਮਹਾਰਾਜ! ਸਾਰੀ ਦੁਨੀਆਂ ਦੀ ਜੂਠ ਇਥੇ ਆਉਂਦੀ ਹੈ। ਕੋਈ ਥੁੱਕਦਾ ਹੈ, ਕੋਈ ਕੁਝ ਕਰਦਾ ਹੈ। ਆਹ ਗੰਦਾ ਪਾਣੀ ਹੈ, ਇਸ ਦੇ ਵਿਚ ਮੈਂ ਕਿਵੇਂ ਵੜ ਜਾਵਾਂ? ਮੇਰਾ ਸਰੀਰ ਅਪਵਿਤਰ ਹੋ ਜਾਏਗਾ ਸਾਰਾ, ਬਸਤਰ ਖਰਾਬ ਹੋ ਜਾਣਗੇ।"

ਮਹਾਰਾਜ ਜੀ ਕਹਿੰਦੇ, "ਬੇਟਾ ਲਖਮੀ ਦਾਸ! ਤੁਸੀਂ ਕੱਢੋ।"

ਕਹਿੰਦੇ, "ਪਿਤਾ ਜੀ! ਤੁਸੀਂ ਤਾਂ ਬਾਰ-ਬਾਰ ਇਹੋ ਜਿਹੀਆਂ ਗੱਲਾਂ ਕਰਦੇ ਹੋ ਜਿਹੜੀਆਂ ਮੰਨੀਆਂ ਹੀ ਨਹੀਂ ਜਾ ਸਕਦੀਆਂ; ਉਸ ਦਿਨ ਚੂਹੇ ਦੀਆਂ ਗੱਲਾਂ ਕਰਦੇ ਸੀ, ਹੁਣ ਤੁਸੀਂ ਕਟੋਰੇ ਦੀਆਂ ਗੱਲਾਂ ਕਰਨ ਲੱਗ ਗਏ। ਕਟੋਰੇ ਘਰ ਥੋੜ੍ਹੇ ਪਏ ਨੇ? ਕਿੰਨੇ ਹੀ ਪਏ ਨੇ, ਕਢਾ ਦਿਆਂਗੇ ਫੇਰ। ਕੀ ਫਰਕ ਪੈਂਦਾ ਹੈ? ਫੇਰ ਕੋਈ ਚੀਜ਼ ਲਿਆਵਾਂਗੇ ਉਸ ਦੇ ਨਾਲ ਕੱਢ ਲਵਾਂਗੇ। ਕੰਡਾ ਲੈ ਆਵਾਂਗੇ, ਕੁੰਡੇ ਨਾਲ ਕੱਢ ਲਵਾਂਗੇ।"

ਮਹਾਰਾਜ ਜੀ ਕਹਿੰਦੇ, "ਭਾਈ ਲਹਿਣਾ ਜੀ! ਤੁਸੀਂ ਕੱਢ ਦਿਓ।"

ਘੜੰਮ ਦੇ ਕੇ ਛਾਲ ਮਾਰੀ, ਸਾਰੇ ਹੀ ਕਪੜੇ ਲਿਬੜ ਗਏ। ਟੁੱਭੀ ਮਾਰ ਕੇ ਕੱਢਿਆ ਥੱਲਿਓਂ, ਦਾੜ੍ਹੀ ਕੇਸ ਸਭ ਕੁਝ ਲਿਬੜ ਗਏ।

ਕਹਿੰਦੇ, "ਪਾਤਿਸ਼ਾਹ! ਮੈਂ ਸਾਫ ਕਰਕੇ ਲਿਆਉਂਦਾ ਹਾਂ।"

ਰਾਵੀ ਵੱਲ ਨੂੰ ਚਲੇ ਗਏ, ਜਾ ਕੇ ਕਟੋਰਾ ਸਾਫ ਕਰਿਆ, ਬਸਤਰ ਧੋਤੇ, ਆਪ ਇਸ਼ਨਾਨ ਕਰਿਆ, ਲਿਆ ਕੇ ਦੇ ਦਿੱਤਾ।

ਮਹਾਰਾਜ ਜੀ ਮਾਤਾ ਸੁਲਖਣੀ ਜੀ ਨੂੰ ਕਹਿੰਦੇ, "ਦੇਖਦੇ ਹੋ ਤੁਸੀਂ, ਕੀ ਹੋ ਰਿਹਾ ਹੈ? ਫੇਰ ਤੁਸੀਂ ਗੁਰਗੱਦੀ ਮੰਗਦੇ ਹੋ।"

ਫੇਰ ਗੁਰਸਿਖਾਂ ਦੇ ਮਨ ਵਿਚ ਬਾਰ-ਬਾਰ ਆਈ ਜਾਂਦਾ ਸੀ ਕਿ ਇਨ੍ਹਾਂ ਨੇ ਤਿੰਨ ਸਾਲ ਸਾਰੀ ਸੇਵਾ ਕਰੀ ਹੈ। ਬਾਬਾ ਬੁਢਾ ਜੀ ਦੇ ਮਨ ਵਿਚ ਵੀ ਆਉਂਦਾ ਸੀ ਕਿ ਮੈਂ ਬਚਪਨ ਤੋਂ ਨਾਲ ਹਾਂ। ਅਸੀਂ ਪਰਵਾਨ ਕਿਉਂ ਨਹੀਂ ਹੁੰਦੇ, ਇਹ ਕਿਉਂ ਪਰਵਾਨ ਹੁੰਦੇ ਤੁਰੇ ਜਾਂਦੇ ਨੇ?

ਗੁਰੂ ਨਾਨਕ ਪਾਤਿਸ਼ਾਹ ਅੱਧੀ ਰਾਤ ਨੂੰ ਕਹਿਣ ਲੱਗੇ ਕਿ ਸ੍ਰੀ ਚੰਦ ਜੀ! ਸਵੇਰੇ ਸੰਗਤ ਆ ਰਹੀ ਹੈ ਨਵੀਂ, ਤੇ ਸਾਡੇ ਬਸਤਰ ਮੈਲੇ ਹੋਏ ਹੋਏ ਨੇ। ਤੁਸੀਂ ਇਹ ਬਸਤਰ ਧੋ ਲਿਆਓ।

ਕਹਿੰਦੇ, "ਪਿਤਾ ਜੀ! ਤੁਸੀਂ ਤਾਂ ਸੌਣ ਵੀ ਨਹੀਂ ਦਿੰਦੇ। ਅੱਧੀ ਰਾਤ ਹੈ, ਤੁਸੀਂ ਕਹਿੰਦੇ ਹੋ ਕਿ ਸਵੇਰੇ ਪਾਉਣੇ ਨੇ ਤੇ ਇਹ ਕਿਵੇਂ ਪਾ ਲਓਗੇ ਸਵੇਰੇ – ਹੁਣ ਦੇ ਧੋਤੇ ਹੋਏ?"

ਉਸ ਤੋਂ ਬਾਅਦ ਲਖਮੀ ਦਾਸ ਜੀ ਨੂੰ ਕਿਹਾ। ਕਹਿੰਦੇ, "ਪਿਤਾ ਜੀ! ਜੇ ਹੁਣ ਅਸੀਂ ਧੁਆ ਵੀ ਦੇਈਏ ਕਿਸੇ ਤੋਂ, ਇਹ ਫੇਰ ਵੀ ਨਹੀਂ ਸੁਕਣੇ। ਕਪੜੇ ਹੋਰ ਵੀ ਹਨ, ਓਹ ਪਾ ਲਿਓ।"

ਕਹਿੰਦੇ, "ਨਹੀਂ, ਇਹੀ ਪਾਉਣੇ ਨੇ।"

ਬਾਬਾ ਬੁਢਾ ਜੀ ਆਦਿ ਸਾਰੇ ਗੁਰਸਿਖ ਪਏ ਸਨ, ਕੋਈ ਨਾ ਹੁੰਗਾਰਾ ਭਰੇ।

ਮਹਾਰਾਜ ਜੀ ਕਹਿੰਦੇ, "ਭਾਈ ਅੰਗਦ! ਤੁਸੀਂ ਹੀ ਧੋ ਲਿਆਓ।"

ਕਹਿੰਦੇ, "ਲਿਆਓ ਸੱਚੇ ਪਾਤਿਸ਼ਾਹ! ਮੈਂ ਧੋ ਲਿਆਉਂਦਾ ਹਾਂ।"

ਬਾਹਰ ਗਏ। ਕਪੜੇ ਧੋਤੇ, ਸੁਕਾਏ। ਬਾਹਰ ਅੱਧੀ ਰਾਤ ਨਹੀਂ, ਦੁਪਹਿਰ ਹੋਈ ਪਈ ਹੈ। ਕਪੜੇ ਸੁਕਾਅ ਕੇ ਲੈ ਆਂਦੇ ਤੇ ਜਿਸ ਵਕਤ ਮਹਾਰਾਜ ਜੀ ਦੇ ਕੋਲ ਲਿਆ ਕੇ ਬਸਤਰ ਰੱਖ ਦਿੱਤੇ, ਮਹਾਰਾਜ ਜੀ ਕਹਿੰਦੇ, "ਪੁਰਖਾ! ਰਾਤ ਹੈ ਜਾਂ ਦਿਨ ਹੈ? ਕੀ ਸਮਾਂ ਹੈ?"

ਕਹਿੰਦੇ, "ਪਾਤਿਸ਼ਾਹ! ਮੈਨੂੰ ਨਹੀਂ ਪਤਾ।" ਏਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ –

*ਧਾਰਨਾ - ਦਿਨ ਰਾਤ ਦੀ ਖਬਰ ਨਾ ਕੋਈ,*
*ਚਰਨਾਂ ਵਿਚ ਧਿਆਨ ਲੱਗਿਐ -2, 2.*
*ਮੇਰੇ ਸਾਹਿਬਾ! ਚਰਨਾਂ ਵਿਚ ਧਿਆਨ ਲੱਗਿਐ -2, 2.*
*ਦਿਨ ਰਾਤ ਦੀ ਖਬਰ ਨਾ ਕੋਈ, ......... -2.*

*ਰਾਤ ਦਿਨਸ ਹਮ ਜਾਨਤ ਨਾਹੀ॥*
*ਨਿਸ ਦਿਨ ਧਿਆਨ ਸਤਿਗੁਰ ਮਨ ਮਾਹੀ॥*

"ਪਾਤਿਸ਼ਾਹ! ਮੈਨੂੰ ਕੋਈ ਪਤਾ ਨਹੀਂ ਕਿ ਰਾਤ ਹੈ, ਮੈਨੂੰ ਕੋਈ ਪਤਾ ਨਹੀਂ ਕਿ ਸੂਰਜ ਚੜ੍ਹਿਆ ਹੋਇਆ ਹੈ, ਮੈਨੂੰ ਕੋਈ ਪਤਾ ਨਹੀਂ ਤਾਰੇ ਚਮਕਦੇ ਨੇ, ਪਾਤਿਸ਼ਾਹ! ਮੈਂ ਤਾਂ ਜਿਧਰ ਨਜ਼ਰ ਮਾਰਦਾ ਹਾਂ, ਤੈਥੋਂ ਬਗੈਰ ਕੋਈ ਨਜ਼ਰ ਹੀ ਨਹੀਂ ਆਉਂਦਾ। ਤੈਨੂੰ ਰਾਤ ਚਾਹੀਦੀ ਹੈ ਤਾਂ ਰਾਤ ਹੋ ਜਾਂਦੀ ਹੈ; ਜੇ ਤੈਨੂੰ ਦਿਨ ਚਾਹੀਦਾ ਹੈ ਤਾਂ ਦਿਨ ਹੋ ਜਾਂਦਾ ਹੈ, ਮੈਨੂੰ ਨਹੀਂ ਪਤਾ ਪਾਤਿਸ਼ਾਹ।"

ਬਾਬਾ ਬੁਢਾ ਜੀ ਸਮਝ ਗਏ ਕਿ ਫਰਕ ਹੈ ਸਾਡੇ ਸਿਦਕ ਵਿਚ ਤੇ ਇਨ੍ਹਾਂ ਦੇ ਸਿਦਕ ਵਿਚ। ਬਹੁਤ ਫਰਕ ਹੈ। ਮਹਾਰਾਜ ਜੀ ਨੇ ਹੋਰ ਨਿਸ਼ਾ ਕਰਵਾਉਣ ਵਾਸਤੇ ਇਕ ਦਿਨ ਆਪ ਰਾਤ ਨੂੰ ਜਾਗੇ ਤੇ ਕਹਿਣ ਲੱਗੇ, "ਬਾਬਾ ਬੁਢਾ ਜੀ! ਦੇਖਿਓ ਤਾਂ ਕਿੰਨੀ ਕੁ ਰਾਤ ਗਈ ਹੈ, ਮੇਰਾ ਖਿਆਲ ਹੈ ਕਿ ਪਹਿਰ ਰਾਤ ਰਹਿੰਦੀ ਹੈ।"

ਬਾਬਾ ਜੀ ਗਏ, ਜਾ ਕੇ ਗਿੱਠ ਅੱਗੇ ਕਰ ਲਿਆ ਕਿਉਂਕਿ ਜਿਹੜੇ ਜ਼ਿਮੀਦਾਰ ਨੇ, ਉਹ ਜਦੋਂ ਹਲ ਚਲਾਉਂਦੇ ਨੇ ਤਾਂ ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਜੇ ਇਕ ਗਿੱਠ ਚੜ੍ਹ ਜਾਵੇ ਖਿੱਤੀ ਤਾਂ ਐਨੇ ਵਜਦੇ ਨੇ, ਜੇ ਤਿੰਗੜ ਇਥੇ ਹੋਣ ਤਾਂ ਐਨੇ ਵੱਜਦੇ ਨੇ। ਇਸ ਤਰ੍ਹਾਂ ਉਹ ਸਹੀ ਸਮਾਂ ਕੱਢ ਲੈਂਦੇ ਨੇ। ਬਾਬਾ ਬੁਢਾ ਜੀ ਬਾਹਰ ਤਾਰੇ ਦੇਖ ਕੇ ਆ ਗਏ। ਆ ਕੇ ਕਹਿੰਦੇ, "ਮਹਾਰਾਜ! ਅੱਧੀ ਰਾਤ ਹੈ ਬਾਕੀ।"

ਮਹਾਰਾਜ ਜੀ ਕਹਿੰਦੇ, "ਨਹੀਂ! ਇਸ਼ਨਾਨ ਦਾ ਵੇਲਾ ਹੋ ਗਿਆ ਹੈ। ਫੇਰ ਦੇਖ ਧਿਆਨ ਨਾਲ।"

ਫੇਰ ਗਏ, ਆ ਕੇ ਕਹਿੰਦੇ, "ਮਹਾਰਾਜ! ਅੱਧੀ ਰਾਤ ਹੈ।"

ਕਹਿੰਦੇ, "ਫੇਰ ਦੇਖ ਕੇ ਆ।"

ਤੀਜੀ ਵਾਰ ਫੇਰ ਗਏ, ਆ ਕੇ ਕਹਿੰਦੇ, "ਅੱਧੀ ਰਾਤ ਹੈ।"

ਮਹਾਰਾਜ ਜੀ ਕਹਿੰਦੇ, "ਤੈਨੂੰ ਕਿਵੇਂ ਪਤਾ ਹੈ?"

ਕਹਿੰਦੇ, "ਮਹਾਰਾਜ! ਅਸੀਂ ਹਲ ਚਲਾਉਣ ਜਾਂਦੇ ਹਾਂ, ਘੜੀਆਂ ਤਾਂ ਹੁੰਦੀਆਂ ਨਹੀਂ ਸਾਡੇ ਕੋਲ ਕੋਈ, ਅਸੀਂ ਤਾਂ ਤਾਰਿਆਂ ਦੇ ਹਿਸਾਬ ਨਾਲ ਜੋੜਦੇ ਹਾਂ। ਹੁਣ ਜਿਹੜਾ ਮਹੀਨਾ ਚੱਲ ਰਿਹਾ ਹੈ ਕੱਤਕ ਦਾ, ਇਸ ਦੇ ਵਿਚ ਜੇ ਤਿੰਗੜ ਇਥੇ ਹੋਵੇ, ਖਿੱਤੀ ਇਥੇ ਹੋਵੇ ਤਾਂ ਅੱਧੀ ਰਾਤ ਹੁੰਦੀ ਹੈ।"

ਕਹਿੰਦੇ, "ਅੱਛਾ! ਭਾਈ ਭਗੀਰਥ ਜੀ! ਤੁਸੀਂ ਦੇਖੋ।"

ਤਿੰਨ ਵਾਰੀ ਦੇਖ ਆਏ, ਕਹਿੰਦੇ, "ਮਹਾਰਾਜ! ਅੱਧੀ ਰਾਤ ਹੀ ਹੈ। ਇਹ ਠੀਕ ਹੀ ਕਹਿੰਦੇ ਨੇ।"

ਕਹਿੰਦੇ, "ਅੱਛਾ! ਅੰਗਦ ਜੀ! ਤੁਸੀਂ ਦੇਖੋ।"

ਆਪ ਚਲੇ ਗਏ। ਜਾ ਕੇ ਦੇਖਿਆ, ਵਾਪਸ ਆ ਗਏ।

ਕਹਿੰਦੇ, "ਪਾਤਿਸ਼ਾਹ! ਇਸ ਤਰ੍ਹਾਂ ਲਗਦਾ ਹੈ ਜਿਵੇਂ ਅੱਧੀ ਰਾਤ ਹੋਵੇ।"

ਕਹਿੰਦੇ, "ਨਾ! ਧਿਆਨ ਨਾਲ ਦੇਖ ਕੇ ਆ, 'ਲਗਦਾ' ਨਾ ਕਹਿ।"

ਬਾਹਰ ਚਲੇ ਗਏ, ਵਾਪਸ ਆ ਗਏ। ਜਾ ਕੇ ਦੇਖਣਾ ਤਾਂ ਕੀ ਸੀ, ਦੇਖੀ ਹੀ ਨਹੀਂ, ਓਵੇਂ ਜਿਵੇਂ ਵਾਪਸ ਆ ਗਏ।

ਮਹਾਰਾਜ ਜੀ ਕਹਿੰਦੇ, "ਕਿੰਨੀ ਹੈ?"

ਕਹਿੰਦੇ, "ਪਾਤਿਸ਼ਾਹ!

***ਜਿਤਨੀ ਨਿਸਾ ਬਤਾਈ ਰਾਉਰ॥***
***ਤਿਤਨੀ ਬਿਤੀ ਨ ਮੈਂ ਲਖਿ ਬਾਉਰ॥*** ***ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ - 1202***

ਜਿੰਨੀ ਤੁਸੀਂ ਰਾਤ ਲੰਘਾਅ ਦਿੱਤੀ ਹੈ ਓਨੀ ਲੰਘ ਗਈ, ਜਿੰਨੀ ਬਾਕੀ ਰੱਖੀ ਹੈ ਤੁਸੀਂ, ਓਨੀ ਰਹਿ ਗਈ ਹੈ।

***ਅਬ ਜਿਤਨੀ ਰਾਖੀ ਸੋ ਰਹੀ॥***
***ਸਰਬ ਕਾਲ ਕੋ ਕਰਤਾ ਤੁਹੀ॥*** ***ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ - 1202***

ਕਾਲ ਨੂੰ ਬਣਾਉਣ ਵਾਲਾ ਤੂੰ ਹੈਂ, ਜਿੰਨੀ ਰਾਤ ਰੱਖੀ ਹੈ, ਓਨੀ ਰਹਿੰਦੀ ਹੈ।"

***ਧਾਰਨਾ - ਤੂੰ ਹੈਂ ਮਾਲਕ, ਸਮਾਂ ਤੇਰੀ ਖੇਡ ਹੈ,***
***ਨਹੀਓਂ ਤੇਰੀ ਸਾਰ ਜਾਣਦਾ -2, 2.***
***ਮੇਰੇ ਸਾਹਿਬਾ, ਨਹੀਓਂ ਤੇਰੀ ਸਾਰ ਜਾਣਦਾ -2, 2.***
***ਤੂੰ ਹੈਂ ਮਾਲਕ, ਸਮਾਂ ਤੇਰੀ ਖੇਡ ਹੈ,............. -2.***

"ਤੇਰੀ ਕੁਦਰਤ ਨੂੰ ਮੈਂ ਨਹੀਂ ਸਮਝ ਸਕਦਾ।

***ਇਉਂ ਮਨ ਗੁਨਿ ਕੈ ਬੈਨ ਅਲਾਏ॥*** ***ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ - 1202***

ਤੂੰ ਤਾਂ ਕਰੋੜਾਂ ਬ੍ਰਹਿਮੰਡਾਂ ਦਾ ਮਾਲਕ ਆਪ ਪਾਰਬ੍ਰਹਮ ਪ੍ਰਮੇਸਰ ਹੈਂ, ਇਥੇ ਅਸੀਂ ਕੀ ਦੱਸ ਸਕਦੇ ਹਾਂ ਕਿ ਕਿੰਨੀ ਰਾਤ ਬੀਤੀ ਹੈ ਤੇ ਕਿੰਨੀ ਰਹਿੰਦੀ ਹੈ?"

***ਪ੍ਰਭੁ ਮਮ ਨੈਨ ਨ ਹੁਤੇ ਅਲਸਾਏ॥*** ***ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ - 1202***

ਕਹਿੰਦੇ, "ਪਾਤਿਸ਼ਾਹ! ਜਦੋਂ ਮੈਂ ਪਹਿਲੀ ਵਾਰੀ ਗਿਆ ਸੀ, ਉਦੋਂ ਮੇਰੇ ਨੈਣ ਸੁੱਤੇ ਪਏ ਸੀ, ਆਲਸ ਆਈ ਹੋਈ ਸੀ।

***ਭੂਲ ਕਹਜੋ ਮੈਂ ਆਧੀ ਰਾਤੀ॥***
***ਜਾਮ ਏਕ ਹੀ ਅਬਿ ਸੁਧ ਜਾਤੀ॥*** ***ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ - 1202***

ਆਪ ਫੁਰਮਾਉਂਦੇ ਹੋ ਕਿ ਤੜਕਾ ਹੋ ਗਿਆ, ਪਾਤਿਸ਼ਾਹ! ਹੁਣ ਤੜਕਾ ਹੀ ਹੋ ਗਿਆ, ਪਹਿਰ ਰਾਤ ਹੀ ਹੋ ਗਈ ਤੇ ਪਹਿਲਾਂ ਮੈਂ ਭੁੱਲ ਕੇ ਕਹਿ ਦਿੱਤੀ ਸੀ।

***ਅਬ ਜਿਤਨੀ ਰਾਖੀ ਸੋ ਰਹੀ॥***
***ਸਰਬ ਕਾਲ ਕੋ ਕਰਤਾ ਤੁਹੀ॥*** ***ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ - 1202***

ਜਿੰਨੀ ਤੁਸੀਂ ਲੰਘਾਅ ਦਿੱਤੀ, ਓਨੀ ਲੰਘ ਗਈ, ਜਿੰਨੀ ਰੱਖ ਲਈ ਓਨੀ ਰਹਿੰਦੀ ਹੈ।

***ਭਈ ਅਵੱਗਜਾ ਛਿਮਾ ਕਰੀਜੈ॥***
***ਅਉਗਣਹਾਰ ਸਦਾ ਬਖਸ਼ੀਜੈ॥*** ***ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ – 1202***

ਮੈਨੂੰ ਖਿਮਾ ਕਰੋ ਪਾਤਿਸ਼ਾਹ! ਮੈਂ ਗਲਤ ਕਹਿ ਬੈਠਿਆ।"

ਬਾਬਾ ਬੁਢਾ ਜੀ, ਭਾਈ ਭਗੀਰਥ, ਭਾਈ ਸਧਾਰਨ ਜੀ, ਭਾਈ ਦੁਨੀ ਚੰਦ ਜਿੰਨੇ ਵੀ ਗੁਰੂ ਘਰ ਦੇ ਵਿਚ ਰਹਿੰਦੇ ਸੀ, ਸਾਰਿਆਂ ਨੂੰ ਸੋਝੀ ਪੈ ਗਈ ਕਿ ਅਸੀਂ ਤਾਂ ਆਪਣੇ ਆਪ ਉਤੇ ਰੱਖਿਆ ਕਿ ਸਾਨੂੰ ਕਾਲ ਦਾ ਗਿਆਨ ਹੈ। ਆਹ ਗੱਲ ਤਾਂ ਸਾਡੇ ਮਨ ਵਿਚ ਹੀ ਨਹੀਂ ਆ ਸਕੀ। ਸਮੱਰਥ ਗੁਰੂ ਨਾਨਕ ਪਾਤਿਸ਼ਾਹ ਨੂੰ ਅਸੀਂ ਭੁਲ ਗਏ। ਭੁਲ ਕੇ ਆਪਣਾ ਹੀ ਗਿਆਨ ਦੇਣ ਲੱਗ ਗਏ ਕਿ ਅੱਧੀ ਰਾਤ ਹੈ ਮਹਾਰਾਜ! ਫਲਾਣਾ ਤਾਰਾ ਫਲਾਣੇ ਥਾਂ ਹੈ।

ਸੋ ਇਸ ਤਰ੍ਹਾਂ ਆਪ ਜੀ ਗੁਰੂ ਅੰਗਦ ਦੇਵ ਮਹਾਰਾਜ ਜੀ ਤੇ ਬਖਸ਼ਿਸ਼ ਤੇ ਬਖਸ਼ਿਸ਼ ਕਰੀ ਜਾਂਦੇ ਨੇ, ਨਾਲ ਭੇਤ ਖੁਲ੍ਹ ਰਿਹਾ ਹੈ, ਰੰਜ ਨਿਕਲ ਰਿਹਾ ਹੈ ਸਿੱਖਾਂ ਦੇ ਮਨਾਂ ਅੰਦਰੋਂ। ਕੁਦਰਤੀ ਤੌਰ ਤੇ ਥੋੜ੍ਹੀ-ਥੋੜ੍ਹੀ ਈਰਖਾ ਜਾਗਣੀ ਸ਼ੁਰੂ ਹੋ ਗਈ ਕਿ ਇਨ੍ਹਾਂ ਦੇ ਉਤੇ ਮਹਾਰਾਜ ਜੀ ਬਹੁਤ ਹੀ ਕਿਰਪਾ ਕਰਦੇ ਨੇ ਤੇ ਬਾਕੀ ਵੀ ਸਿੱਖ ਨੇ, ਜਿੰਦਗੀ ਲੰਘਾਈ ਹੈ, ਬੜੀਆਂ-ਬੜੀਆਂ ਕੁਰਬਾਨੀਆਂ ਕੀਤੀਆਂ ਨੇ ਤੇ ਸਾਥੋਂ ਕਿਹੜੀਆਂ ਭੁੱਲਾਂ ਹੋਈਆਂ ਨੇ? ਜਿਉਂ ਜਿਉਂ ਮਹਾਰਾਜ ਪਰਤਿਆਵੇ ਲੈਂਦੇ ਨੇ, ਤਿਉਂ ਤਿਉਂ ਉਨ੍ਹਾਂ ਦੇ ਹਿਰਦਿਆਂ ਵਿਚ ਗਿਆਨ ਹੁੰਦਾ ਜਾਂਦਾ ਹੈ ਕਿ ਆਹ ਸਾਡੇ ਵਿਚ ਕਸਰ ਸੀ, ਆਹ ਕਸਰ ਸੀ।

ਇਕ ਦਿਨ ਗੁਰੂ ਨਾਨਕ ਪਾਤਿਸ਼ਾਹ ਨੇ ਰਾਵੀ ਦੇ ਕੰਢੇ ਜਾ ਕੇ ਬਸਤਰ ਉਤਾਰੇ। ਬਾਕੀ ਸਿੱਖ ਵੀ ਨਾਲ ਨੇ ਤੇ ਗੁਰੂ ਅੰਗਦ ਸਾਹਿਬ ਜੀ ਨੂੰ ਬਸਤਰ ਸੰਭਾਲ ਦਿੱਤੇ। ਆਪ ਪਾਣੀ ਵਿਚ ਚਲੇ ਗਏ। ਏਧਰ ਇਹ ਗੁਰੂ ਸਾਹਿਬ ਦੇ ਸਰੂਪ ਵਿਚ ਐਨੇ ਲੀਨ ਹੋ ਗਏ ਕਿ ਜੇ ਅੱਖਾਂ ਖੋਲ੍ਹਦੇ ਨੇ, ਤਾਂ ਵੀ ਗੁਰੂ ਨਾਨਕ, ਜੇ ਬੰਦ ਕਰਦੇ ਨੇ ਤਾਂ ਵੀ ਗੁਰੂ ਨਾਨਕ ਸਾਹਿਬ ਨਜ਼ਰ ਆਉਂਦੇ ਨੇ, ਬਾਕੀ ਫੁਰਨੇ ਹੀ ਖਤਮ ਹੋ ਗਏ ਸਾਰੇ ਤੇ ਜਦੋਂ ਮਹਾਰਾਜ ਜੀ ਬਾਹਰ ਨਿਕਲੇ ਤਾਂ ਅਵਾਜ਼ਾਂ ਦਿੱਤੀਆਂ, "ਪੁਰਖਾ! ਭਾਈ ਅੰਗਦ!!"

ਆਪ ਬੋਲੇ ਨਹੀਂ, ਚੁਪ ਨੇ। ਇਕ ਟੱਕ ਬੈਠੇ ਨੇ ਸਮਾਧੀ ਦੇ ਅੰਦਰ ਤੇ ਮਹਾਰਾਜ ਜੀ ਨੇ ਸਾਰੇ ਬਸਤਰ ਆਪੇ ਹੀ ਲੈ ਕੇ ਪਹਿਨ ਲਏ। ਕੱਪੜੇ ਪਹਿਨ ਕੇ ਮਹਾਰਾਜ ਜੀ ਸਾਹਮਣੇ ਖੜ੍ਹੇ ਹੋ ਕੇ, ਜਿਹੜੇ ਸਰੂਪ ਦਾ ਧਿਆਨ ਧਰਿਆ ਹੋਇਆ ਸੀ, ਉਹ ਸਰੂਪ ਅੰਦਰੋਂ ਖਿੱਚ ਲਿਆ ਬਾਹਰ, ਖਿੱਚਦੀ ਸਾਰ ਛਟਪਟਾਏ, ਇਕ ਦਮ ਨੇਤਰ ਖੋਲ੍ਹ ਲਏ। ਚਰਨਾਂ ਤੇ ਢਹਿ ਪਏ ਤੇ ਕਹਿੰਦੇ, "ਪਾਤਿਸ਼ਾਹ! ਮੈਨੂੰ ਨਹੀਂ ਪਤਾ ਲੱਗਿਆ, ਬੜੀ ਅਵੱਗਿਆ ਹੋਈ। ਕਦੋਂ ਦੇ ਤੁਸੀਂ ਖੜ੍ਹੇ ਹੋ?"

ਮਹਾਰਾਜ ਜੀ ਕਹਿੰਦੇ, "ਪੁਰਖਾ! ਅਸੀਂ ਅਤਿ ਪ੍ਰਸੰਨ ਹੋ ਗਏ ਤੇਰੇ ਤੇ। ਤੇਰਾ ਤੇ ਮੇਰਾ ਹੁਣ ਇਕ ਰੂਪ ਹੋ ਗਿਆ। ਹੁਣ ਮੇਰੇ ਤੇ ਤੇਰੇ ਰੂਪ ਵਿਚ ਕਿਸੇ ਨੂੰ ਭੁਲੇਖਾ ਨਹੀਂ ਚਾਹੀਦਾ। ਪੁਰਖਾ!

***'ਜੋ ਤੁਝੇ ਮਾਨੇਗਾ, ਉਹ ਮੁਝੇ ਮਾਨੇਗਾ॥***
***ਤਉ ਕਉ ਸੇਵੇਗਾ, ਸੋ ਮੋ ਕਉ ਸੇਵੇਗਾ॥***

ਤੂੰ ਮੈਂ, ਮੈਂ ਤੂੰ –

***ਤੁਮ ਹਮ ਕਉ ਭਿੰਨ ਜਾਨੇਗਾ॥***
***ਸੋ ਗੁਰੂ ਬਿਛਰਿਆ ਰਹੇਗਾ॥***
***ਜੇ ਕੋ ਹੈ ਮੇਰੇ ਅਨਸਾਰੀ॥***

ਜੇ ਕੋਈ ਮੇਰਾ ਅਨੁਸਾਰੀ ਹੈ –

***ਨਮੋ ਕਰਹਿ ਪਦ ਧਾਰੀ॥***

*ਮਮ ਸਰੂਪ ਕੋ ਜੈਸਾ ਜਾਨੈ॥*
*ਤਿਸੀ ਪ੍ਰਕਾਰ ਇਸੈ ਮਨ ਮਾਨੈ॥*

ਜਿਵੇਂ ਮੈਨੂੰ ਮੰਨਦੇ ਹੋ, ਇਸੇ ਤਰ੍ਹਾਂ ਦੇ ਨਾਲ ਭਾਈ! ਹੁਣ ਤੁਸੀਂ ਇਨ੍ਹਾਂ ਦੀ ਮਾਨਤਾ ਕਰੋ ਕਿਉਂਕਿ ਇਹ ਮੇਰਾ ਰੂਪ ਨੇ, ਮੇਰੇ ਵਿਚ ਤੇ ਇਨ੍ਹਾਂ ਵਿਚ ਕੋਈ ਫਰਕ ਨਹੀਂ ਹੈ।"

*ਧਾਰਨਾ - ਬਣਾ ਲਿਆ ਆਪਣਾ ਰੂਪ,*
*ਸਤਿਗੁਰ ਨਾਨਕ ਨੇ ਗੁਰੂ ਅੰਗਦ ਨੂੰ -2, 2.*
*ਗੁਰੂ ਨਾਨਕ ਨੇ ਗੁਰ ਅੰਗਦ ਨੂੰ -4, 2.*
*ਬਣਾ ਲਿਆ ਆਪਣਾ ਰੂਪ,...... -2.*

*ਗੁਰੁ ਅੰਗਦੁ ਗੁਰੁ ਅੰਗੁ ਤੇ*
*ਅੰਮ੍ਰਿਤ ਬਿਰਖੁ ਅੰਮ੍ਰਿਤ ਫਲ ਫਲਿਆ। ਭਾਈ ਗੁਰਦਾਸ ਜੀ ਦੀ ਵਾਰ 24/8*

ਅੰਮ੍ਰਿਤ ਦਾ ਫਲ ਲੱਗ ਗਿਆ। ਗੁਰੂ ਨਾਨਕ ਸਾਹਿਬ ਦੇ ਅੰਗ ਤੋਂ ਗੁਰੂ ਅੰਗਦ ਹੋ ਗਏ।

*ਜੋਤੀ ਜੋਤਿ ਜਗਾਈਅਨੁ ਦੀਵੇ ਤੇ ਜਿਉ ਦੀਵਾ ਬਲਿਆ।*
*ਭਾਈ ਗੁਰਦਾਸ ਜੀ ਦੀ ਵਾਰ 24/8*

ਦੋ ਦੀਵੇ ਪਏ ਨੇ। ਉਸ ਦੇ ਵਿਚ ਬੱਤੀ ਵੀ ਹੈ, ਤੇਲ ਵੀ ਹੈ, ਠੂਠੀ ਵੀ ਹੈ। ਜਦੋਂ ਦੂਜਾ ਜਗਦਾ ਦੀਵਾ ਉਸ ਦੇ ਕੋਲ ਆ ਜਾਵੇ ਤਾਂ ਉਸ ਦੇ ਵਰਗੀ ਹੀ ਜੋਤ ਉਸ ਦੇ ਵਿਚ ਆ ਜਾਂਦੀ ਹੈ।

*ਜੋਤੀ ਜੋਤਿ ਜਗਾਈਅਨ ਦੀਵੇ ਤੇ ਜਿਉ ਦੀਵਾ ਬਲਿਆ।*
*ਹੀਰੈ ਹੀਰਾ ਬੇਧਿਆ ਛਲੁ ਕਰਿ ਅਛਲੀ ਅਛਲੁ ਛਲਿਆ।*
*ਕੋਈ ਬੁਝਿ ਨ ਹੰਘਈ ਪਾਣੀ ਅੰਦਰਿ ਪਾਣੀ ਰਲਿਆ।*

*ਭਾਈ ਗੁਰਦਾਸ ਜੀ ਦੀ ਵਾਰ 24/8*

ਜਿਵੇਂ ਪਾਣੀ ਵਿਚ ਪਾਣੀ ਰਲ ਜਾਂਦਾ ਹੈ, ਇਸੇ ਤਰ੍ਹਾਂ ਗੁਰੂ ਅੰਗਦ ਤੇ ਗੁਰੂ ਨਾਨਕ ਪਾਤਿਸ਼ਾਹ ਘੁਲ ਮਿਲ ਕੇ ਇਕ ਹੋ ਗਏ।

*ਸਚਾ ਸਚੁ ਸੁਹਾਵੜਾ ਸਚੁ ਅੰਦਰਿ ਸਚੁ ਸਚਹੁ ਢਲਿਆ।*

*ਭਾਈ ਗੁਰਦਾਸ ਜੀ ਦੀ ਵਾਰ 24/8*

ਸੱਚ ਸੱਚ ਨੂੰ ਮਿਲ ਗਿਆ।

ਗੁਰੂ ਨਾਨਕ ਪਾਤਿਸ਼ਾਹ ਬਾਬਾ ਬੁਢਾ ਜੀ ਨੂੰ ਕਹਿਣ ਲੱਗੇ, "ਬੁਢਾ ਜੀ! ਜਾਓ ਨਾਰੀਅਲ ਲਿਆਓ, ਪੰਜ ਪੈਸੇ ਲਿਆਓ ਤੇ ਟਿੱਕਾ ਲਾਉਣ ਦਾ ਸਮਾਨ ਲਿਆਓ। ਛੇਤੀ ਵਾਪਸ ਆਓ। ਹੋਰ ਜਿਹੜੇ ਗੁਰਸਿਖ ਨੇੜੇ ਤੇੜੇ ਨੇ, ਬੁਲਾ ਲਓ ਉਨ੍ਹਾਂ ਨੂੰ।"

ਉਸ ਵੇਲੇ ਸਾਰੇ ਹੀ ਆ ਕੇ ਖੜ੍ਹੇ ਹੋ ਗਏ, ਗੁਰੂ ਅੰਗਦ ਸਾਹਿਬ ਵੀ ਵਿਚ ਖੜ੍ਹੇ ਨੇ, ਕਿਸੇ ਨੂੰ ਨਹੀਂ ਪਤਾ ਕਿ ਕੀ ਕਰਨ ਲੱਗੇ ਨੇ। ਬਾਬਾ ਸ੍ਰੀ ਚੰਦ ਜੀ ਤੇ ਲਖਮੀ ਦਾਸ ਵੀ ਖੜ੍ਹੇ ਨੇ। ਉਸ ਵੇਲੇ ਗੁਰੂ ਪਾਤਿਸ਼ਾਹ

ਕਹਿਣ ਲੱਗੇ, "ਪੁਰਖਾ! ਆ ਮੇਰੇ ਪਾਸ, ਜਿਥੇ ਮੈਂ ਬਹਿੰਦਾ ਹੁੰਦਾ ਹਾਂ, ਇਥੇ ਬੈਠ ਹੁਣ ਤੂੰ।"

ਕਹਿੰਦੇ, "ਸਚੇ ਪਾਤਿਸ਼ਾਹ! ਮੈਂ ਇਥੇ ਬੈਠਾਂ?"

ਮਹਾਰਾਜ ਜੀ ਕਹਿੰਦੇ, "ਹਾਂ! ਸਾਡਾ ਹੁਕਮ ਹੈ, ਤੂੰ ਇਥੇ ਬੈਠ।"

ਸੋ ਉਤੇ ਬਿਠਾ ਦਿਤਾ। ਮਹਾਰਾਜ ਜੀ ਨੇ ਪ੍ਰਕਰਮਾ ਕਰੀਆਂ, ਪਰਕਰਮਾ ਕਰਕੇ ਪੰਜ ਪੈਸੇ ਤੇ ਨਾਰੀਅਲ ਅੱਗੇ ਰੱਖ ਕੇ ਮੱਥਾ ਟੇਕ ਦਿਤਾ।

ਆਪ ਘਬਰਾ ਗਏ, ਕਹਿੰਦੇ, "ਪਾਤਿਸ਼ਾਹ! ਤੁਸੀਂ ਮੈਨੂੰ ਮੱਥਾ ਟੇਕਦੇ ਹੋ? ਆਹ ਸਰੀਰ........।"

ਮਹਾਰਾਜ ਜੀ ਕਹਿੰਦੇ, "ਪੁਰਖਾ! ਬੋਲੀਂ ਨਾ; ਜੋ ਬੋਲੇਂਗਾ, ਓਹੀ ਹੋ ਜਾਏਗਾ। ਹੁਣ ਨਹੀਂ ਬੋਲਣੀ ਕੋਈ ਗੱਲ, ਚੁਪ ਰਹਿ। ਅਕਾਲ ਪੁਰਖ ਦਾ ਹੁਕਮ ਇਵੇਂ ਹੀ ਸੀ। ਰਜ਼ਾਅ ਮੰਨ ਤੂੰ।"

ਦ੍ਰਿਸ਼ਟੀ ਖੁਲ੍ਹ ਗਈ। ਕੀ ਦੇਖਦੇ ਨੇ? ਸਾਰੀਆਂ ਰਿਧੀਆਂ ਸਿਧੀਆਂ, ਬ੍ਰਹਮ ਗਿਆਨ ਦੇ ਭੰਡਾਰੇ, ਕੁਲ ਬ੍ਰਹਿਮੰਡਾਂ ਦੀ ਮਾਲਕੀ, ਸੱਚਾ ਤਖਤ ਹਵਾਲੇ ਕਰ ਦਿੱਤਾ - ਇਥੋਂ ਦਾ ਤਖਤ ਤੇ ਸੱਚਾ ਤਖਤ। ਸਾਰੀਆਂ ਦਰਗਾਹਾਂ ਵਿਚ, ਸਾਰੀਆਂ ਦੁਨੀਆਂ (ਸ੍ਰਿਸ਼ਟੀਆਂ) ਵਿਚ, ਦੁਹਾਈ ਪੈ ਗਈ। ਸੋ ਉਸ ਵੇਲੇ ਵੱਡੇ ਵੱਡੇ ਅਵਤਾਰ, ਸਿਧ ਨਾਥ ਸਾਰੇ ਹੱਥ ਜੋੜ ਕੇ ਹਾਜ਼ਰ ਹੋ ਗਏ, ਇਉਂ ਪੜ੍ਹ ਲਓ -

***ਧਾਰਨਾ - ਸਿਧ ਨਾਥ ਤੇ ਅਵਤਾਰ ਸਾਰੇ ਆ ਕੇ,***
***ਹੱਥ ਜੋੜ ਖੜ੍ਹੇ ਹੋ ਗਏ -2, 2.***
***ਪਿਆਰਿਓ, ਹੱਥ ਜੋੜ ਖੜ੍ਹੇ ਹੋ ਗਏ -2, 2.***
***ਸਿਧ ਨਾਥ ਤੇ ਅਵਤਾਰ ਸਾਰੇ ਆ ਕੇ,.. -2.***

ਸਚਖੰਡ ਦਾ ਤਖਤ ਨਦਰੀ ਆਇਆ, ਜਿੰਨਾ ਅਸਮਾਨ ਸੀ ਦੇਵਤੇ ਸਵਰਗ ਲੋਕਾਂ ਦੇ, ਸਿਧ ਨਾਥ, ਬਖਸ਼ੀਆਂ ਹੋਈਆਂ ਰੂਹਾਂ, ਸਾਰੀਆਂ ਫੁੱਲ ਬਰਸਾਅ ਰਹੀਆਂ ਨੇ, ਗੁਰੂ ਨਾਨਕ ਪਾਤਿਸ਼ਾਹ ਨਾਲ ਧੰਨ ਧੰਨ ਹੋ ਰਹੀ ਹੈ।

ਗੋਰਖ ਨਾਥ ਪ੍ਰਗਟ ਹੋਇਆ, ਕਹਿੰਦਾ, "ਨਾਨਕ ਜੀ! ਮੈਂ ਜਾਣਦਾ ਸੀ ਕਿ ਤੈਨੂੰ ਕੋਈ ਮਰਦ ਮਿਲੇਗਾ, ਉਸ ਦੇ ਅੱਗੇ ਤੂੰ ਝੁਕੇਂਗਾ ਤੇ ਅਸੀਂ ਵੀ ਇਸੇ ਦੇ ਅੱਗੇ ਨਿਵਦੇ ਹਾਂ।"

***ਨਿਹਚਲੁ ਸਚਾ ਤਖਤੁ ਹੈ ਅਬਿਚਲ ਰਾਜ ਨ ਹਲੈ ਹਲਿਆ।***
***ਸਚ ਸਬਦੁ ਗੁਰਿ ਸਉਪਿਆ ਸਚ ਟਕਸਾਲਹੁ ਸਿਕਾ ਚਲਿਆ।***
***ਸਿਧ ਨਾਥ ਅਵਤਾਰ ਸਭ ਹਥ ਜੋੜਿ ਕੈ ਹੋਏ ਖਲਿਆ।***
***ਸਚਾ ਹੁਕਮੁ ਸੁ ਅਟਲੁ ਨ ਟਲਿਆ॥*** ***ਭਾਈ ਗੁਰਦਾਸ ਜੀ ਦੀ ਵਾਰ 24/8***

ਸੋ -

***ਜੋਤੀ ਜੋਤਿ ਜਗਾਈਅਨ ਦੀਵੇ ਤੇ ਜਿਉ ਦੀਵਾ ਬਲਿਆ।***

***ਭਾਈ ਗੁਰਦਾਸ ਜੀ ਦੀ ਵਾਰ 24/8***

ਜੋਤ ਦੇ ਵਿਚ ਜੋਤ ਇਉਂ ਰਲ ਗਈ -

***ਜੋਤ ਜੋਤ ਦੀ ਸੰਧ, ਸ਼ਮਾ ਸ਼ਮਾ ਦਾ ਮੇਲ ਜਿਉ॥***

*ਮਿਲੇ ਗੰਧ ਨੂੰ ਗੰਧ, ਆਤਮਹੁ ਆਤਮ ਤਿਉ ਮਿਲੇ॥*
*(ਭਾਈ ਵੀਰ ਸਿੰਘ ਜੀ, ਰਾਣਾ ਸੂਰਤ ਸਿੰਘ ਮਹਾਕਾਵਿ)*

ਜਿਵੇਂ ਖੁਸ਼ਬੂ, ਖੁਸ਼ਬੂ ਨਾਲ ਮਿਲ ਜਾਂਦੀ ਹੈ, ਜੋਤੀ, ਜੋਤੀ ਨਾਲ ਮਿਲ ਜਾਂਦੀ ਹੈ, ਇਉਂ ਆਤਮਾ, ਆਤਮਾ ਨਾਲ ਮਿਲ ਕੇ ਪਰਮ ਆਤਮਾ ਹੋ ਜਾਂਦੀ ਹੈ।

*ਜੋਤਿ ਸਮਾਣੀ ਜੋਤਿ ਮਾਹਿ ਆਪੁ ਆਪੈ ਸੇਤੀ ਮਿਕਿਓਨੁ॥*
*ਪੰਨਾ - 967*

ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਆਉਂਦਾ ਹੈ। ਸੋ ਗੁਰੂ ਨਾਨਕ ਪਾਤਿਸ਼ਾਹ ਗਏ ਨਹੀਂ ਕਿਤੇ ਵੀ, ਆਹੀ ਅਸਚਰਜ ਖੇਲ੍ਹ ਹੈ ਇਸ ਦੇ ਅੰਦਰ। ਉਹ ਗਏ ਨਹੀਂ, ਉਨ੍ਹਾਂ ਨੇ ਰੂਪ ਵਟਾਅ ਲਿਆ। ਓਧਰ ਵੀ ਨਜ਼ਰ ਆਉਂਦੇ ਨੇ, ਏਧਰ ਵੀ ਨਜ਼ਰ ਆਉਂਦੇ ਨੇ; ਜਿਵੇਂ ਦੋ ਦੀਵੇ ਨਜ਼ਰ ਆਉਂਦੇ ਨੇ, ਹੈ ਇਕੋ ਹੀ।

ਗੁਰੂ ਦਸਵੇਂ ਪਾਤਿਸ਼ਾਹ ਜੀ ਨੇ ਕਿਹਾ ਕਿ ਉਹ ਲੋਕ ਭੁੱਲੇ ਹੋਏ ਨੇ ਜਿਹੜੇ ਕਹਿੰਦੇ ਨੇ ਗੁਰੂ ਨਾਨਕ ਸਾਹਿਬ ਚਲੇ ਗਏ। ਨਾ, ਗੁਰੂ ਨਾਨਕ ਸਾਹਿਬ ਨੇ ਆਪਣੀ ਜੋਤ ਟਿਕਾ ਕੇ, ਆਪ ਹੀ ਗੁਰੂ ਅੰਗਦ ਸਾਹਿਬ ਦੇ ਸਰੀਰ ਦੇ ਅੰਦਰ ਆ ਕੇ 'ਅੰਗਦ' ਨਾਉਂ ਧਰਾ ਲਿਆ।

*ਧਾਰਨਾ - ਜੋਤੀ ਜੋਤ ਮਿਲਾਇਕੇ,*
*ਸਤਿਗੁਰ ਨਾਨਕ ਰੂਪ ਵਟਾਇਆ -2, 2.*
*ਸਤਿਗੁਰ ਨਾਨਕ ਰੂਪ ਵਟਾਇਆ -4, 2.*
*ਜੋਤੀ ਜੋਤ ਮਿਲਾਇਕੇ,................ -2.*

*ਮਾਰਿਆ ਸਿਕਾ ਜਗਤ੍ਰਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ।*
*ਥਾਪਿਆ ਲਹਿਣਾ ਜੀਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ।*
*ਜੋਤੀ ਜੋਤਿ ਮਿਲਾਇਕੈ ਸਤਿਗੁਰ ਨਾਨਕ ਰੂਪ ਵਟਾਇਆ।*
*ਲਖਿ ਨ ਕੋਈ ਸਕਈ ਆਚਰਜੇ ਆਚਰਜ ਦਿਖਾਇਆ।*

*ਭਾਈ ਗੁਰਦਾਸ ਜੀ ਦੀ ਵਾਰ 1/45*

ਕਮਾਲ ਦੀ ਗੱਲ ਇਥੇ ਲਿਖੀ ਹੈ ਭਾਈ ਗੁਰਦਾਸ ਜੀ ਨੇ ਕਿ ਗੁਰੂ ਨਾਨਕ ਜੀ ਵੀ ਅਚਰਜ ਸੀ, ਪੂਰੇ ਸੀ ਤੇ ਗੁਰੂ ਅੰਗਦ ਜੀ ਵੀ ਪੂਰੇ ਸਨ ਪਰ ਸਿੱਖ ਦਾ ਨਾਟਕ ਕਰਨ ਵਾਸਤੇ ਐਨੀ ਦੇਰ ਤੱਕ ਪੜਦਾ ਰਿਹਾ ਉਨ੍ਹਾਂ ਉਤੇ।

*ਕਾਇਆ ਪਲਟਿ ਸਰੂਪ ਬਣਾਇਆ॥*
*ਭਾਈ ਗੁਰਦਾਸ ਜੀ ਦੀ ਵਾਰ 1/45*

*ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ॥ ਪੰਨਾ - 966*

ਸਾਰੇ ਖੰਡਾਂ ਬ੍ਰਹਿਮੰਡਾਂ ਦੇ ਵਿਚ ਦੁਹਾਈ ਮੱਚ ਗਈ ਕਿ ਹੁਣ ਦੁਹਾਈ ਲਹਿਣੇ ਦੀ ਹੈ, ਗੁਰੂ ਅੰਗਦ ਜੀ ਦੀ। ਉਨ੍ਹਾਂ ਦਾ ਨਾਉਂ ਲਏ ਤੇ ਜਮਦੂਤ ਛੱਡਣਗੇ।

*ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥*
*ਝੁਲੈ ਸੁ ਛਤੁ ਨਿਰੰਜਨੀ ਮਲਿ ਤਖਤੁ ਬੈਠਾ ਗੁਰ ਹਟੀਐ॥ ਪੰਨਾ - 966*

ਸੋ ਉਸ ਵੇਲੇ ਗੁਰੂ ਨਾਨਕ ਪਾਤਿਸ਼ਾਹ ਸਾਰਿਆਂ ਵੱਲ ਸੰਬੋਧਨ ਕਰਕੇ ਏਸ ਤਰ੍ਹਾਂ ਨਾਲ

ਫੁਰਮਾਨ ਕਰਦੇ ਨੇ।

*ਧਾਰਨਾ - ਮੇਰਾ ਰੂਪ ਅੰਗਦ ਜੀ ਜਾਣੋਂ,*
*ਛੱਡ ਕੇ ਭੁਲੇਖਿਆਂ ਨੂੰ -2, 2.*
*ਪਿਆਰਿਓ, ਛੱਡ ਕੇ ਭੁਲੇਖਿਆਂ ਨੂੰ -2, 2.*
*ਮੇਰਾ ਰੂਪ ਅੰਗਦ ਜੀ ਜਾਣੋਂ, ....... -2.*

*ਅੰਗਹੁ ਅੰਗੁ ਉਪਾਇਅਨੁ ਗੰਗਹੁ ਜਾਣੁ ਤਰੰਗੁ ਉਠਾਇਆ।*
*ਗਹਿਰ ਗੰਭੀਰੁ ਗਹੀਰੁ ਗੁਣੁ ਗੁਰਮੁਖਿ ਗੁਰੁ ਗੋਬਿੰਦੁ ਸਦਾਇਆ।*
*ਦੁਖ ਸੁਖ ਦਾਤਾ ਦੇਣਿਹਾਰੁ ਦੁਖੁ ਸੁਖ ਸਮਸਰਿ ਲੇਪੁ ਨ ਲਾਇਆ।*
*ਗੁਰ ਚੇਲਾ ਚੇਲਾ ਗੁਰੂ ਗੁਰੁ ਚੇਲੇ ਪਰਚਾ ਪਰਚਾਇਆ।*
*ਬਿਰਖਹੁ ਫਲੁ ਫਲ ਤੇ ਬਿਰਖੁ ਪਿਉ ਪੁਤਹੁ ਪੁਤੁ ਪਿਉ ਪਤੀਆਇਆ।*
*ਪਾਰਬ੍ਰਹਮੁ ਪੂਰਨੁ ਬ੍ਰਹਮੁ ਸਬਦੁ ਸੁਰਤਿ ਲਿਵ ਅਲਖ ਲਖਾਇਆ।*
*ਬਾਬਾਣੇ ਗੁਰ ਅੰਗਦੁ ਆਇਆ॥* *ਭਾਈ ਗੁਰਦਾਸ ਜੀ ਦੀ ਵਾਰ 24/5*

ਕਹਿੰਦੇ, ਗੁਰੂ ਨਾਨਕ ਪਾਤਿਸ਼ਾਹ ਹੁਣ ਗੁਰੂ ਅੰਗਦ ਦੇਵ ਜੀ ਦੇ ਸਰੀਰ ਵਿਚ ਆ ਗਏ। ਸੋ ਏਸ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਜੀ ਨੇ -

*ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥*
*ਤਾ ਤੇ ਅੰਗਦੁ ਭਯਉ ਤਤੁ ਸਿਉ ਤਤੁ ਮਿਲਾਯਉ॥* *ਪੰਨਾ - 1408*

*ਸਤਿਗੁਰਿ ਨਾਨਕਿ ਭਗਤਿ ਕਰੀ*
*ਇਕ ਮਨਿ ਤਨੁ ਮਨੁ ਧਨੁ ਗੋਬਿੰਦ ਦੀਅਉ॥*
*ਅੰਗਦਿ ਅਨੰਤ ਮੂਰਤਿ ਨਿਜ ਧਾਰੀ*
*ਅਗਮ ਗ੍ਯ੍ਯਾਨਿ ਰਸਿ ਰਸ੍ਯਉ ਹੀਅਉ॥* *ਪੰਨਾ - 1405*

ਸੋ ਕਾਇਆ ਦਾ ਪਲਟਾ ਹੋ ਗਿਆ।

ਮਹਾਰਾਜ ਜੀ ਕਹਿੰਦੇ, "ਪ੍ਰੇਮੀਓਂ! ਇਹ ਤਾਂ ਹੁਣ ਜਾਣਾ ਹੈ - ਸਾਡਾ ਸਰੀਰ, ਅਸੀਂ ਨਹੀਂ ਜਾਣਾ। ਅਸੀਂ ਇਸ ਸਰੀਰ ਵਿਚ ਆਪਣੀ ਜੋਤ ਟਿਕਾਅ ਦਿੱਤੀ।"

ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਇਸ ਤੋਂ ਅਗਲੀ ਵਿਚਾਰ ਮਹਾਰਾਜ ਨੇ ਚਾਹਿਆ ਤਾਂ ਅੱਗੇ ਹੋਏਗੀ।

- ਅਨੰਦ ਸਾਹਿਬ -

- ਗੁਰ ਸਤੋਤਰ -

- ਅਰਦਾਸ -

## 14

ਸ਼ਾਨ .........................................।

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥* *ਪੰਨਾ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥* *ਪੰਨਾ - 289*

*ਧਾਰਨਾ - ਬ੍ਰਹਮਾ ਬਿਸ਼ਨ ਤੇ ਪੈਗੰਬਰ ਪੀਰ ਔਲੀਏ,*
*ਤੇਰਾ ਜਸ ਗਾਉਂਦੇ ਮਾਲਕਾ -2, 2.*
*ਮੇਰੇ ਸਾਹਿਬਾ, ਤੇਰਾ ਜਸ ਗਾਉਂਦੇ ਮਾਲਕਾ -2, 2.*
*ਬ੍ਰਹਮਾ ਬਿਸ਼ਨ ਤੇ ਪੈਗੰਬਰ ਪੀਰ ਔਲੀਏ,....... -2.*

*ਤੁਧੁ ਧਿਆਇਨਿ੍ ਬੇਦ ਕਤੇਬਾ ਸਣੁ ਖੜੇ॥*
*ਗਣਤੀ ਗਣੀ ਨ ਜਾਇ ਤੇਰੈ ਦਰਿ ਪੜੇ॥*
*ਬ੍ਰਹਮੇ ਤੁਧੁ ਧਿਆਇਨਿ੍ ਇੰਦ੍ਰ ਇੰਦ੍ਰਾਸਣਾ॥*
*ਸੰਕਰ ਬਿਸਨ ਅਵਤਾਰ ਹਰਿ ਜਸੁ ਮੁਖਿ ਭਣਾ॥*
*ਪੀਰ ਪਿਕਾਬਰ ਸੇਖ ਮਸਾਇਕ ਅਉਲੀਏ॥*
*ਓਤਿ ਪੋਤਿ ਨਿਰੰਕਾਰ ਘਟਿ ਘਟਿ ਮਉਲੀਏ॥*
*ਕੂੜਹੁ ਕਰੇ ਵਿਣਾਸੁ ਧਰਮੇ ਤਗੀਐ॥*
*ਜਿਤੁ ਜਿਤੁ ਲਾਇਹਿ ਆਪਿ ਤਿਤੁ ਤਤੁ ਲਗੀਐ॥* *ਪੰਨਾ - 518*

ਸਾਧ ਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ।

ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਹੋ। ਹਰ ਵਾਰੀ ਬੇਨਤੀ ਕੀਤੀ ਜਾਂਦੀ ਹੈ ਕਿ ਸਤਿਸੰਗ ਕਲਿਜੁਗ ਦੇ ਅੰਦਰ ਅਪਾਰ ਕਿਰਪਾ ਵਾਹਿਗੁਰੂ ਦੀ ਹੋਵੇ ਤਾਂ ਪ੍ਰਾਪਤ ਹੋਇਆ ਕਰਦਾ ਹੈ। ਬੜੀ ਦੇਰ ਹੋ ਗਈ ਆਪ ਨੂੰ ਸਤਿਸੰਗ ਕਰਦਿਆਂ, ਬਹੁਤ ਪ੍ਰੇਮੀ ਸਾਲਾਂ ਤੋਂ ਕਰ ਰਹੇ ਨੇ। ਬੰਦਗੀ ਵੀ ਕਰ ਰਹੇ ਨੇ, ਨਾਮ ਵੀ ਜਪ ਰਹੇ ਨੇ, ਪਾਠ ਵੀ ਕਰ ਰਹੇ ਨੇ ਤੇ ਹੌਲੀ ਹੌਲੀ ਕਲਿਜੁਗ ਦੇ ਮਹਾਂ ਭਿਆਨਕ ਭਵਜਲ ਵਿਚੋਂ ਤਾਣ ਲਾ ਰਹੇ ਨੇ ਨਿਕਲਣ ਵਾਸਤੇ। ਪਿਛੇ ਆਪਾਂ ਗੁਰੂ ਅੰਗਦ ਸਾਹਿਬ ਮਹਾਰਾਜ ਜੀ ਦੇ ਰੂਪ ਅੰਦਰ ਇਕ ਗੁਰਸਿਖ ਦੇ ਜੀਵਨ ਦੀ ਵਿਚਾਰ ਕੀਤੀ ਸੀ।

ਪਹਿਲਾ ਪ੍ਰਸੰਗ ਜੋ ਸ਼ੁਰੂ ਹੋਇਆ, ਉਹ ਛੇ ਮਈ ਨੂੰ ਸ਼ੁਰੂ ਹੋਇਆ ਸੀ ਤੇ ਅੱਜ ਤੱਕ ਬਹੁਤ ਸਾਰੀਆਂ ਫਿਲਮਾਂ ਬਣ ਚੁੱਕੀਆਂ ਨੇ। ਇਨ੍ਹਾਂ ਵਿਚ ਬਹੁਤ ਵਿਸਥਾਰ ਨਾਲ ਵਿਚਾਰ ਕੀਤੀ ਗਈ ਕਿ ਇਕ ਸਿੱਖ, ਬਹੁਤੇ ਸਮੇਂ ਅੰਦਰ ਨਹੀਂ, ਕੋਈ ਤਿੰਨ ਸਾਢੇ ਤਿੰਨ ਸਾਲ ਹੀ ਸੇਵਾ ਕੀਤੀ ਹੈ। ਚਾਰ ਪੰਜ ਸਾਲ ਬਾਅਦ ਆਪ ਦਾ ਸਥਾਨ ਪੂਰਨ ਗੁਰਸਿਖਾਂ 'ਚੋਂ ਪਹਿਲੀ ਲਾਇਨ (ਕਤਾਰ) ਤੇ ਹੋ ਗਿਆ ਸੀ। ਉਸ ਦੀ ਵਿਚਾਰ ਆਪ ਸਭ ਨੇ ਸਰਵਣ ਕੀਤੀ ਹੈ।

ਪਿਛਲੇ ਦੀਵਾਨ ਦੇ ਅੰਦਰ ਵਿਚਾਰ ਕੀਤੀ ਸੀ ਕਿ ਗੁਰੂ ਨਾਨਕ ਪਾਤਿਸ਼ਾਹ ਐਨੇ ਪ੍ਰਸੰਨ ਹੋਏ ਕਿ ਪ੍ਰੀਖਿਆ ਵਿਚੋਂ ਪਹਿਲੇ ਨੰਬਰ ਤੇ ਆਉਣ ਵਾਲੇ ਭਾਈ ਲਹਿਣਾ ਜੀ ਨੂੰ ਆਪਣਾ ਹੀ ਰੂਪ ਬਣਾ ਲਿਆ। ਇਕ ਗੁਰੂ ਨਾਨਕ ਦੋ ਸਰੀਰਾਂ ਦੇ ਅੰਦਰ ਹੈ। ਇਕ ਗੁਰੂ ਨਾਨਕ ਭਾਈ ਲਹਿਣੇ ਦੇ

ਸਰੀਰ ਦੇ ਅੰਦਰ ਹੈ। ਐਸਾ ਸਾਰਿਆਂ ਨੇ ਦੇਖਿਆ, ਅਸਚਰਜ ਹੋ ਗਏ ਸਾਰੇ ਕਿ ਚੇਲੇ ਗੁਰੂ ਤਾਂ ਬਣਦੇ ਆਏ ਨੇ ਪਰ ਜਿਸ ਦਿਨ ਗੁਰੂ ਸਰੀਰ ਛਡਦਾ ਸੀ ਤੇ ਕਿਰਿਆ ਕਰਮ ਹੋ ਜਾਂਦੀ ਸੀ, ਉਸ ਤੋਂ ਬਾਅਦ ਸਾਰੇ ਇਕੱਠੇ ਹੁੰਦੇ ਸੀ, ਸਿਆਣਿਆਂ ਨੇ ਫੇਰ ਗਵਾਹੀ ਦੇਣੀ ਕਿ ਇਨ੍ਹਾਂ ਨੂੰ ਥਾਪਿਆ ਗਿਆ ਹੈ, ਫੇਰ ਉਸ ਦੇ ਵਿਚ ਜੋਤ ਪ੍ਰਵੇਸ਼ ਕਰਿਆ ਕਰਦੀ ਸੀ ਪਰ ਐਸਾ ਨਹੀਂ ਸੀ ਕਦੇ ਹੋਇਆ ਕਿ ਗੁਰੂ ਵੀ ਹੋਵੇ ਤੇ ਨਾਲ ਇਕ ਸਿੱਖ ਵੀ ਗੁਰੂ ਦੇ ਦਰਜੇ ਤੱਕ ਪਹੁੰਚ ਕੇ ਗੁਰੂ ਹੋ ਜਾਵੇ ਕਿਉਂਕਿ ਗੁਰੂ ਜੋਤ ਇਕ ਹੈ, ਇਹ ਵੰਡੀ ਨਹੀਂ ਜਾਂਦੀ, ਇਕੋ ਹੀ ਹੋਇਆ ਕਰਦੀ ਹੈ। ਦੋ ਜੋਤਾਂ ਨਹੀਂ ਹੋਇਆ ਕਰਦੀਆਂ ਗੁਰੂ ਦੀਆਂ, ਤੇ ਕਿਸੇ ਦੇ ਇਹ ਬਾਤ ਸਮਝ ਵਿਚ ਨਹੀਂ ਆ ਰਹੀ ਵੱਡੇ ਵੱਡੇ ਗੁਰਸਿਖਾਂ ਦੇ ਤੇ ਹੋਰ ਸਾਧੂ ਸੰਤਾਂ ਮਹਾਂਪੁਰਸ਼ਾਂ ਦੇ, ਗੋਰਖ ਵਰਗਿਆਂ ਦੇ ਕਿਸੇ ਦੇ ਸਮਝ ਵਿਚ ਨਹੀਂ ਆ ਰਹੀ ਕਿ ਗੁਰੂ ਨਾਨਕ ਸਾਹਿਬ ਨੇ ਇਹ ਕੀ ਕਰਾਮਾਤ ਕਰ ਦਿੱਤੀ। ਨਾਲੇ ਆਪ ਗੁਰੂ ਹੈ, ਨਾਲੇ ਇਕ ਸਿੱਖ ਨੂੰ ਤਖਤ ਤੇ ਬਿਠਾ ਕੇ ਪੰਜ ਪੈਸੇ ਤੇ ਨਾਰੀਅਲ ਦੇ ਨਾਲ ਮੱਥਾ ਟੇਕ ਦਿੱਤਾ। ਇਹ ਅਜੀਬ ਬਾਤ ਸੀ ਸਾਰੀ ਦੁਨੀਆਂ ਦੇ ਸਾਹਮਣੇ, ਪਹਿਲਾਂ ਕਿਸੇ ਨੇ ਕੀਤੀ ਨਹੀਂ ਸੀ ਇਹ ਗੱਲ। ਜਦੋਂ ਗੁਰੂ ਨਾਨਕ ਸਾਹਿਬ ਨੇ ਕਿਹਾ ਕਿ ਹੁਣ ਮੈਂ ਤੇ ਤੂੰ ਇਕ ਹੋ ਗਏ ਹਾਂ ਤੇ ਗੁਰੂ ਨਾਨਕ ਸਾਹਿਬ ਨੇ ਜਦੋਂ ਚਰਨਾਂ ਤੇ ਮਸਤਕ ਨਿਵਾਇਆ ਤਾਂ ਉਹ ਸਿੱਖ, ਜਿਹੜਾ ਉਨ੍ਹਾਂ ਦੇ ਚਰਨਾਂ ਦੀ ਧੂੜ ਬਣਿਆ ਹੋਇਆ ਸੀ, ਜਿਸ ਦੇ ਵਿਚ ਅੰਸ ਮਾਤਰ ਵੀ ਹਉਮੈ ਨਹੀਂ ਸੀ, ਉਸ ਨੇ ਜਦੋਂ ਦੇਖਿਆ ਕਿ ਗੁਰੂ ਨਾਨਕ ਮੇਰੇ ਚਰਨਾਂ ਤੇ ਝੁਕ ਗਿਆ ਤੇ ਮੈਨੂੰ ਤਖਤ ਤੇ ਬਿਠਾ ਦਿੱਤਾ, ਉਸ ਵੇਲੇ ਆਪ ਦੇ ਮੁਖ ਤੋਂ ਕੁਝ ਬਚਨ ਨਿਕਲੇ ਦੱਸੇ ਜਾਂਦੇ ਨੇ ਤੇ ਆਪ ਨੇ ਫੁਰਮਾਨ ਕੀਤਾ ਕਿ –

*ਤੁਮ ਕਰਤਾਰ ਸਰਬ ਸਿਰਤਾਜਾ।*
*ਪਰਮ ਪ੍ਰਮੇਸ਼ੁਰ ਸ੍ਰੀ ਮਹਾਰਾਜਾ।*
*ਜਿਸ ਤਨ ਕੋ ਤੁਮ ਨੈ ਸਿਰ ਨਜਾਯੋ।*
*ਉਚਿਤ ਬਡੇ ਦੁਖ, ਮੈਂ ਲਖਿ ਪਾਯੋ॥* *ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ, ਪੰਨਾ – 1205*

ਇਹ ਤਨ ਮੇਰਾ........, ਅਜੇ ਐਨੀ ਹੀ ਗੱਲ ਕਹਿ ਰਹੇ ਸੀ। ਕਹਿਣਾ ਕੀ ਸੀ ਕਿ ਇਸ ਨੂੰ ਕੁਸ਼ਟੀ ਹੋ ਜਾਏ ਜਿਸ ਨੂੰ ਗੁਰੂ ਨਾਨਕ ਪਾਤਿਸ਼ਾਹ ਨੇ ਸੀਸ ਨਿਵਾ ਦਿੱਤਾ। ਉਸੇ ਵੇਲੇ ਗੁਰੂ ਨਾਨਕ ਪਾਤਿਸ਼ਾਹ ਨੇ ਮੁਖ ਦੇ ਅੱਗੇ ਹੱਥ ਦੇ ਕੇ ਕਿਹਾ ਕਿ ਬੱਸ ਪੁਰਖਾ! ਬੱਸ!! ਅੱਗੇ ਨਾ ਗੱਲ ਕਰੀਂ, ਹੋਰ ਕੁਝ ਨਾ ਕਹੀਂ। ਜੋ ਤੇਰੇ ਮੂੰਹ ਵਿਚੋਂ ਗੱਲ ਨਿਕਲਣੀ ਹੈ ਉਹ ਹੁਣੇ ਹੋ ਜਾਣੀ ਹੈ। ਜੇ ਤੂੰ ਇਹ ਗੱਲ ਵੀ ਕਹਿ ਦੇਵੇਂ ਕਿ ਸਾਰਾ ਸੰਸਾਰ ਖਤਮ ਹੋ ਜਾਵੇ ਤਾਂ ਹੁਣੇ ਹੋ ਜਾਏਗਾ; ਬਿਲਕੁਲ ਨਹੀਂ ਕਹਿਣੀ ਕੋਈ ਗੱਲ –

*ਜੋ ਉਚਰਹੁ ਸੋ ਹੋਵੈ ਸਾਚੀ॥*
*ਪੁਨ ਅਸ ਕਰਹੁ ਨ ਗਿਰਾ ਉਬਾਚੀ॥* *ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ, ਪੰਨਾ – 1205*

ਏਹੋ ਜਿਹੀ ਬਾਤ ਨਹੀਂ ਫੇਰ ਮੂੰਹ 'ਚੋਂ ਕੱਢਣੀ –

*ਆਇਸੁ ਮੰਨਹੁ ਅਸ ਮਤ ਮੇਰੋ।* *ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ, ਪੰਨਾ – 1205*

ਮੇਰਾ ਹੁਕਮ ਮੰਨ, ਮੇਰੀ ਮਰਜ਼ੀ ਇਸੇ ਤਰ੍ਹਾਂ ਕਰਨ ਦੀ ਸੀ –

*ਭਾ ਸਭਿ ਕੋ ਗੁਰ ਹ੍ਵੈ ਜਗ ਚੇਰੋ॥* *ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ, ਪੰਨਾ – 1205*

ਹੁਣ ਤੂੰ ਇਕ ਦੋ ਚਾਰ ਸਿੱਖਾਂ ਦਾ ਗੁਰੂ ਨਹੀਂ ਹੈਂ ਸਗੋਂ ਸਾਰੇ ਬ੍ਰਹਿਮੰਡਾਂ, ਅਕਾਸ਼ਾਂ, ਜਿਥੇ ਤੱਕ ਵੀ ਸ੍ਰਿਸ਼ਟੀ ਹੈ, ਤੂੰ ਸਾਰਿਆਂ ਦਾ ਗੁਰੂ ਹੈਂ ਕਿਉਂਕਿ ਗੁਰੂ ਪਰਮੇਸ਼ਰ ਇਕ ਹੋਇਆ ਕਰਦਾ ਹੈ, ਦੋ ਨਹੀਂ ਹੋਇਆ ਕਰਦੇ।

ਗੁਰੂ ਨਾਨਕ ਪਾਤਿਸ਼ਾਹ ਜਿਸ ਵਕਤ ਵੇਈਂ ਨਦੀ ਵਿਚ ਚੁੱਭੀ ਮਾਰ ਕੇ ਗਏ ਨੇ ਤਾਂ ਅਕਾਲ ਪੁਰਖ ਨੇ ਗੁਰੂ ਨਾਨਕ ਸਾਹਿਬ ਨੂੰ ਇਕ ਬਚਨ ਕਿਹਾ ਸੀ ਜੋ ਸਾਖੀਕਾਰਾਂ ਨੇ ਏਸ ਤਰ੍ਹਾਂ ਲਿਖਿਆ ਹੈ- ਹੇ ਨਾਨਕ! ਮੈਂ ਪਾਰਬ੍ਰਹਮ ਪਰਮੇਸ਼ਰ, ਮੇਰਾ ਕੋਈ ਅੰਤ ਨਹੀਂ ਪਾ ਸਕਦਾ, ਮੈਂ ਅਗੰਮ ਅਗੋਚਰ ਹਾਂ ਮੈਨੂੰ ਕੋਈ ਸਮਝ ਨਹੀਂ ਸਕਦਾ, ਕੋਈ ਦੇਖ ਨਹੀਂ ਸਕਦਾ - ਕੋਈ ਦੇਵਤਾ ਵੀ -

***ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ॥*** ***ਪੰਨਾ - 6***

ਪਰ ਤੂੰ ਗੁਰੂ ਪਰਮੇਸ਼ਰ। ਤੇਰੇ ਵਿਚ ਤੇ ਮੇਰੇ ਵਿਚ ਜੇ ਕੋਈ ਭੇਦ ਜਾਣੇਗਾ, ਉਸ ਦੀ ਕਲਿਆਣ ਨਹੀਂ ਹੋਏਗੀ; ਜੋ ਇਸ ਬਾਤ ਨੂੰ ਸੱਚ ਮੰਨੇਗਾ, ਮੇਰੀ ਦਰਗਾਹ ਵਿਚ ਆਏਗਾ।

ਸੋ ਵਾਹਿਗੁਰੂ ਵੀ ਇਕ, ਤੇ ਗੁਰਪ੍ਰਮੇਸ਼ਰ ਵੀ, ਅਰਬਾਂ ਖਰਬਾਂ ਬ੍ਰਹਿਮੰਡਾਂ ਵਿਚ ਇਕ। ਜਿਸ ਵਕਤ ਬਗਦਾਦ ਵਾਲੇ ਪੀਰ ਦੇ ਲੜਕੇ ਨੂੰ ਨਾਲ ਲਿਆ ਗੁਰੂ ਸਾਹਿਬ ਨੇ - ਇਸ ਗੱਲ ਕਰਕੇ, ਕਿ ਸੱਤ ਅਕਾਸ਼, ਸੱਤ ਪਤਾਲ ਨੇ; ਗੁਰੂ ਨਾਨਕ ਪਾਤਿਸ਼ਾਹ ਕਹਿੰਦੇ ਕਿ ਜਿਸ ਨੇ ਜਿੰਨਾ ਦੇਖਿਆ ਹੈ, ਉਹ ਓਨੀ ਹੀ ਗੱਲ ਕਰਦਾ ਹੈ। ਸੋ ਆਪ ਜਦੋਂ ਪੀਰ ਦੇ ਮੁੰਡੇ ਨੂੰ ਨਾਲ ਲੈ ਜਾਂਦੇ ਨੇ ਤਾਂ ਓਹ ਦੇਖਦਾ ਹੈ ਕਿ ਹਰ ਬ੍ਰਹਿਮੰਡ ਵਿਚ, ਹਰ ਧਰਤੀ ਤੇ ਜਿਥੇ ਵੀ ਅਬਾਦੀ ਹੈ, ਇਹ ਦੇਖ ਕੇ ਹੈਰਾਨ ਹੋ ਜਾਂਦਾ ਹੈ ਕਿ ਇਹ ਤਾਂ ਪਹਿਲਾਂ ਹੀ ਗੁਰੂ ਨਾਨਕ ਪਾਤਿਸ਼ਾਹ ਦੇ ਸਿੱਖ ਨੇ ਤੇ ਕੌਤਕ ਐਸਾ ਵਰਤਿਆ ਕਿ ਦੀਵਾਨ ਲੱਗੇ ਹੋਏ ਨੇ, ਹਰੀ ਦਾ ਜਸ ਹੋ ਰਿਹਾ ਹੈ ਤੇ ਹਰ ਥਾਂ ਤੇ ਗੁਰੂ ਨਾਨਕ ਪਾਤਿਸ਼ਾਹ ਹੀ ਤਖਤ ਤੇ ਬੈਠੇ ਨੇ।

ਇਕ ਸ਼ੀਸ਼ਾ ਹੋਵੇ, ਉਸ ਦੇ ਕਰੋੜ ਟੁਕੜੇ ਕਰ ਦਿਓ; ਹੁਨੇਰੇ ਵਿਚ ਉਤੋਂ ਇਕ ਬੜਾ ਤੇਜ ਬਲਬ ਜਾਲ ਦਿਓ; ਕੀ ਦੇਖੋਗੇ? ਸਾਰੇ ਟੁਕੜਿਆਂ ਵਿਚ ਓਹੀ ਬਲਬ ਦਿਸੇਗਾ। ਇਹ ਐਸੀ ਹੀ ਕਿਰਿਆ ਹੈ ਜਿਹੜੀ ਸਾਡੀ ਸਮਝ ਵਿਚ ਨਹੀਂ ਆਉਂਦੀ ਕਿਉਂਕਿ ਸਤਿਗੁਰੂ ਦੀ ਜੋ ਕਿਰਿਆ ਹੈ ਉਹ ਦਿਮਾਗ ਤੋਂ ਉਪਰ ਹੋਇਆ ਕਰਦੀ ਹੈ। ਏਸ ਤਰ੍ਹਾਂ ਫੁਰਮਾਨ ਹੈ -

***ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।***
***ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।***
***ਜੇਹਾ ਬੀਜੈ ਸੋ ਲੁਣੈ ਫਲ ਕਰਮ ਸਮ੍ਹਾਲਾ।***
***ਜਿਉਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।***
***ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।***
***ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹਕਾਲਾ॥*** ***ਭਾਈ ਗੁਰਦਾਸ***
***ਜੀ ਦੀ ਵਾਰ 34/1***

ਗੁਰੂ ਦੀ ਕਿਰਿਆ ਗੰਮਤਾ ਵਿਚ ਨਹੀਂ ਆਇਆ ਕਰਦੀ, ਆਮ ਆਦਮੀ ਦੀ ਸਮਝ ਤੋਂ ਬਹੁਤ ਦੂਰ ਤੇ ਉਚੀ ਹੋਇਆ ਕਰਦੀ ਹੈ। ਪੀਰ ਦਾ ਲੜਕਾ ਹਰ ਬ੍ਰਹਿਮੰਡ ਵਿਚ ਗੁਰੂ ਨਾਨਕ ਪਾਤਿਸ਼ਾਹ ਨੂੰ ਦੇਖ ਕੇ ਹੈਰਾਨ ਹੋ ਗਿਆ, ਕਹਿੰਦਾ ਕਿ ਪਾਤਿਸ਼ਾਹ! ਹਰ ਥਾਂ ਤੇ ਤੁਸੀਂ ਹੀ ਹੋ? ਕਿਥੇ ਕੁ ਜਾ ਕੇ ਮੁਕਦਾ (ਖਤਮ) ਹੈ? ਮਹਾਰਾਜ ਜੀ ਕਹਿੰਦੇ, "ਚਲਿਆ ਚੱਲ।"

ਕਹਿੰਦਾ, "ਨਾ ਮਹਾਰਾਜ! ਇਹ ਤਾਂ ਮੁੱਕਣ ਵਿਚ ਹੀ ਨਹੀਂ ਆਉਂਦਾ ਸਿਲਸਿਲਾ।"

ਮਹਾਰਾਜ ਜੀ ਕਹਿੰਦੇ, "ਤੇਰੇ ਪਿਤਾ ਨੇ ਮੰਨਣਾ ਨਹੀਂ, ਕੜਾਹੀ ਲੈ ਲੈ।"

ਕਚ-ਕਉਲ ਲੈ ਲਿਆ ਇਕ, ਹਰ ਥਾਂ ਤੋਂ ਪ੍ਰਸ਼ਾਦ ਪਵਾਈ ਜਾਂਦੇ ਨੇ ਵੱਖਰੇ ਵੱਖਰੇ, ਲਿਆ ਕੇ ਸਾਹਮਣੇ ਰੱਖ ਦਿੱਤਾ।

ਲੜਕਾ ਕਹਿੰਦਾ, "ਅੱਬਾ ਜਾਨ! ਇਹ ਤਾਂ ਅਲ੍ਹਾ ਤਾਲਾ ਹੈ, ਅੱਲ੍ਹਾ ਤਾਲਾ।" ਉਸ ਨੇ ਨਮਸ਼ਕਾਰ ਕਰ ਦਿੱਤੀ।

ਗੁਰੂ ਨਾਨਕ ਪਾਤਿਸ਼ਾਹ ਨੌ ਮਹੀਨੇ ਰਹਿੰਦੇ ਨੇ ਉਸ ਦੇ ਕੋਲ। ਬਹਿਲੋਲ ਸੀ ਉਸ ਦਾ ਨਾਉਂ, ਤੇ ਜਦੋਂ ਆਪ ਤੁਰੇ, ਜਿੰਨਾਂ ਆਪ ਗੁਰੂ ਅੰਗਦ ਸਾਹਿਬ ਨਾਲ ਪਿਆਰ ਕਰਦੇ ਸੀ, ਐਨਾ ਹੀ ਪਿਆਰ ਬਹਿਲੋਲ ਨਾਲ ਸੀ ਆਪ ਦਾ। ਜਿਥੇ ਮਹਾਰਾਜ ਜੀ ਬੈਠੇ ਸੀ, ਉਥੇ ਇਕ ਪੱਥਰ ਲੱਗਿਆ ਹੋਇਆ ਹੈ, ਉਸ ਦੇ ਉਤੇ ਇਹ ਲਿਖਿਆ ਹੋਇਆ ਹੈ ਕਿ ਬਹਿਲੋਲ! ਤੈਨੂੰ ਟੋਲ੍ਹਦਾ (ਲੱਭਦਾ) ਮੈਂ ਇਥੇ ਪਹੁੰਚਿਆਂ, ਕਾਸ਼! ਤੂੰ ਹਿੰਦਵੀ ਹੁੰਦਾ ਤੇ ਮੇਰੇ ਨਾਲ ਹੀ ਰਹਿੰਦਾ। ਉਸ ਨੂੰ ਰੋਂਦੇ ਨੂੰ, ਵਿਰਲਾਪ ਕਰਦੇ ਨੂੰ ਆਪ ਛੱਡ ਆਏ। ਛੱਤੀ ਸਾਲ ਓਸ ਚੌਂਤਰੇ ਤੇ ਦੋਵੇਂ ਬਾਹਾਂ ਉਚੀਆਂ ਕਰਕੇ ਕੰਧ ਵੱਲ ਨੂੰ ਮੂੰਹ ਕਰਕੇ ਬੈਠਾ ਰਿਹਾ। ਕਹਿੰਦਾ, ਮੈਂ ਇਕ ਮਰਦ-ਏ-ਮਜਾਹਦ ਦਾ ਦਰਸ਼ਨ ਕੀਤਾ ਹੈ - ਅੱਲ੍ਹਾ ਤਾਲਾ ਦਾ, ਤੇ ਹੁਣ ਮੈਂ ਹੋਰ ਕਿਸੇ ਦੇ ਦਰਸ਼ਨ ਨਹੀਂ ਕਰਨਾ ਚਾਹੁੰਦਾ।

ਸੋ ਇਸ ਤਰ੍ਹਾਂ ਦੇ ਨਾਲ ਅਕਾਲ ਪੁਰਖ ਕਹਿੰਦੇ ਨੇ ਕਿ ਹੇ ਨਾਨਕ! ਮੈਂ ਪਾਰਬ੍ਰਹਮ ਪਰਮੇਸ਼ਰ, ਤੂੰ ਗੁਰੂ ਪਰਮੇਸ਼ਰ। ਸੋ ਗੁਰੂ ਪਰਮੇਸ਼ਰ ਅੱਜ ਦੋ ਰੂਪ ਧਾਰੀ ਬੈਠਾ ਹੈ - ਇਕ ਲਹਿਣਾ ਜੀ ਦੇ ਅੰਦਰ ਤੇ ਇਕ ਗੁਰੂ ਨਾਨਕ ਪਾਤਿਸ਼ਾਹ ਦੇ ਅੰਦਰ। ਸੋ ਆਪ ਫੁਰਮਾਨ ਕਰਦੇ ਨੇ ਕਿ -

*ਜੋ ਉਚਰਹੁ ਸੋ ਹੋਵੈ ਸਾਚੀ॥*
*ਪੁਨ ਅਸ ਕਰਹੁ ਨ ਗਿਰਾ ਉਬਾਚੀ॥* *ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ, ਪੰਨਾ - 1205*

ਹੁਣ ਦੁਬਾਰਾ ਇਹੋ ਜਿਹੀ ਗੱਲ ਨਾ ਕਹੀਂ ਕਿ ਇਸ ਸਰੀਰ ਨੂੰ ਵੱਡਾ ਦੁਖ ਹੋਵੇ। ਜੋ ਕੁਝ ਕਹਿ ਦਏਂਗਾ, ਉਹ ਹੋ ਜਾਣਾ ਹੈ।

*ਆਇਸੁ ਮੰਨਹੁ ਅਸ ਮਤ ਮੇਰੋ॥*
*ਭਾ ਸਭਿ ਕੋ ਗੁਰ ਹ੍ਵੈ ਜਗ ਚੇਰੋ॥* *ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ, ਪੰਨਾ - 194*

ਤੂੰ ਸਾਰੇ ਸੰਸਾਰਾਂ ਦਾ ਗੁਰੂ ਹੋ ਗਿਆ, ਸਾਰੇ ਬ੍ਰਹਿਮੰਡਾਂ ਦਾ ਗੁਰੂ ਹੋ ਗਿਆ।

*ਅੰਗਦ ਨਾਮ ਆਜ ਤੇ ਹੋਹੀ।*
*ਨਿਜ ਅੰਗਨ ਤੇ ਕੀਨੋ ਤੋਹੀ॥* *ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ, ਪੰਨਾ - 1205*

ਤੈਨੂੰ ਨਜ਼ਰ ਆਉਂਦਾ ਹੈ ਕਿ ਇਹ ਮੇਰਾ ਸਰੀਰ ਲਹਿਣੇ ਦਾ ਹੈ। ਤੇਰਾ ਸਰੀਰ ਬਦਲ ਗਿਆ। ਦੋ ਖਰਬ ਪੰਦਰਾਂ ਅਰਬ ਸੈਲ ਸਾਰਾ ਇਸ ਦਾ ਸ਼ੁਧ ਹੋ ਗਿਆ ਤੇ ਹੁਣ ਇਹ ਉਹ ਸਰੀਰ ਨਹੀਂ ਰਿਹਾ, ਇਹ ਮੇਰੇ ਨਿਜ ਅੰਗਾਂ ਤੋਂ ਹੋਇਆ ਹੈ। ਇਹ ਸਮਝ ਲੈ ਕਿ ਮੈਂ ਹੀ ਇਹ ਸਰੀਰ ਧਾਰਨ ਕੀਤਾ ਹੈ।

*ਸਿਮਰਨ ਸੱਤਿਨਾਮ ਪ੍ਰਗਟਾਵੋ।*
*ਜਹਿਂ ਤਹਿਂ ਸਿੱਖੀ ਰੀਤਿ ਚਲਾਵੋ॥* *ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ, ਪੰਨਾ - 1205*

ਚੁਪ ਕਰਕੇ ਨਹੀਂ ਬੈਠਣਾ, ਗੋਸ਼ਾ ਨਸ਼ੀਨੀ ਅਖਤਿਆਰ ਨਹੀਂ ਕਰਨੀ। 'ਸਤਿਨਾਮ' ਪ੍ਰਭੂ ਦਾ ਨਾਮ ਸੰਸਾਰ ਵਿਚ ਚਲਾਵੋ ਕਿਉਂਕਿ ਨਾਮ ਤੋਂ ਬਗੈਰ ਸਾਰਾ ਸੰਸਾਰ ਦੁਖਾਂ ਦੀ ਖੱਡ ਵਿਚ ਜਾ ਰਿਹਾ ਹੈ। ਇਸ ਗੱਲ ਨੂੰ ਜਦੋਂ ਤੱਕ ਸੰਸਾਰ ਨੇ ਨਹੀਂ ਸਮਝਣਾ, ਇਹ ਦੁਖੀ ਹੁੰਦਾ ਜਾਏਗਾ, ਸੰਤ ਆਉਂਦੇ ਜਾਣਗੇ, ਵਾਰ-ਵਾਰ ਸਮਝਾਉਂਦੇ ਜਾਣਗੇ, ਆਵਾਜ਼ਾਂ ਦੇਣਗੇ -

*ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ॥* *ਪੰਨਾ - 1427*

ਪ੍ਰਭੂ ਦਾ ਨਾਮ ਜਪ ਜੇ ਤੂੰ ਸਦਾ ਸੁਖੀ ਰਹਿਣਾ ਚਾਹੁੰਦਾ ਹੈਂ। ਹੋਰ ਕੋਈ ਚੀਜ਼ ਤੈਨੂੰ ਸੁਖ ਨਹੀਂ ਦੇ ਸਕਦੀ - ਨਾ ਧਨ ਸੁਖ ਦੇ ਸਕਦਾ ਹੈ, ਨਾ ਜਾਇਦਾਦ ਦੇ ਸਕਦੀ ਹੈ, ਨਾ ਰਾਜਸੀ ਸ਼ਕਤੀਆਂ

ਸੁਖ ਦੇ ਸਕਦੀਆਂ ਨੇ, ਨਾ ਵਡਿਆਈਆਂ ਸੁਖ ਦੇ ਸਕਦੀਆਂ ਨੇ। ਜੇ ਸੁਖ ਚਾਹੁੰਦਾ ਹੈਂ ਤਾਂ 'ਸਤਿਨਾਮੁ' ਦਾ ਜਾਪ ਕਰ ਭਾਈ!

*ਐਸਾ ਜਗੁ ਦੇਖਿਆ ਜੂਆਰੀ॥*
*ਸਭਿ ਸੁਖ ਮਾਗੈ ਨਾਮੁ ਬਿਸਾਰੀ॥* *ਪੰਨਾ - 222*

ਨਾਮ ਨੂੰ ਭੁਲ ਕੇ ਸੁਖ ਮੰਗਦਾ ਹੈ। ਸੋ ਉਸ ਵੇਲੇ ਆਪ ਦੇ ਮਨ ਵਿਚ ਆਇਆ ਕਿ ਹੁਣ ਅਸੀਂ ਵੇਸ ਪਲਟ ਲਈਏ।

*ਪਲਟਉ ਵੇਖ ਭਲੇ ਉਰ ਠਾਨੀ॥*

ਦਿਲ ਵਿਚ ਠਾਣ ਲਈ ਕਿ ਹੁਣ ਅਸੀਂ ਆਪਣਾ ਵੇਸ ਠਾਲ ਲੇਈਏ।

*ਗੁਰੂ ਨਾਨਕ ਠਾਨ ਲਈ ਮਨ॥*
*ਅੰਗਦ ਦੇਹ ਮਹਿ ਜਾਉ ਸਮਾਇ॥*

ਗੁਰੂ ਨਾਨਕ ਨੇ ਹੁਣ ਇਹ ਪੱਕੀ ਠਾਣ ਲਈ ਕਿ ਇਸ ਸਰੀਰ ਨੂੰ ਮੈਂ ਛੱਡ ਕੇ ਗੁਰੂ ਅੰਗਦ ਜੀ ਦੇ ਸਰੀਰ ਅੰਦਰ ਗੁਰੂ ਜੋਤੀ ਦਾ ਪ੍ਰਕਾਸ਼ ਕਰ ਦੇਵਾਂ, ਇਸ ਦੇ ਵਿਚ ਮੈਂ ਸਮਾਅ ਜਾਵਾਂ। ਸੋ ਐਸਾ ਖਿਆਲ ਕਰਦੀ ਸਾਰ ਜਿੰਨੀਆਂ ਵੀ ਕਰੋੜਾਂ ਸ਼ਕਤੀਆਂ ਸਨ ਉਹ ਸਾਰੀਆਂ ਹੀ ਗੁਰੂ ਅੰਗਦ ਜੀ ਦੇ ਸਰੀਰ ਵਿਚ ਪ੍ਰਵੇਸ਼ ਕਰਾ ਦਿੱਤੀਆਂ।

*ਬਹੁਰੋ ਸ਼ਕਤੀ ਅਸ ਗੁਰ ਦੀਨੀ॥*
*ਤ੍ਰੈ ਲੋਕੀ ਸਭ ਕੀਨ ਅਧੀਨੀ॥* *ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ, ਪੰਨਾ - 194*

ਸਾਰੇ ਅਕਾਸ਼, ਸਾਰੇ ਪਾਤਾਲ, ਤਿੰਨੇ ਹੀ ਲੋਕ matter world (ਮਾਦਾ ਸੰਸਾਰ), supermatter world (ਉਤਲਾ ਮਾਦਾ ਸੰਸਾਰ), anti matter world (ਮਾਦਾ-ਵਿਰੋਧੀ ਸੰਸਾਰ), ਇਹ ਸਾਰੇ ਗੁਰੂ ਅੰਗਦ ਦੇਵ ਜੀ ਦੇ ਅਧੀਨ ਕਰ ਦਿੱਤੇ।

ਕਹਿੰਦੇ, "ਪੁਰਖਾ! ਦੇਖ ਨਿਗ੍ਹਾ ਮਾਰ ਕੇ, ਕਰੋੜਾਂ ਸ਼ਕਤੀਆਂ ਹੱਥ ਬੰਨ੍ਹੀ ਖੜ੍ਹੀਆਂ ਨੇ। ਵਰਤਣੀਆਂ ਨਹੀਂ, ਕੰਮ ਨਹੀਂ ਲੈਣਾ, ਸੰਸਾਰ ਦੀ ਮਰਿਆਦਾ ਵਿਚ ਚਲਣਾ ਹੈ। ਸਭ ਸ਼ਕਤੀਆਂ ਦਾ ਮਾਲਕ ਹੁੰਦੇ ਹੋਏ ਮਨੁਖ ਵਾਂਗ ਗੁਜ਼ਰ ਕਰਨੀ ਹੈ। ਸਭ ਸ਼ਕਤੀਆਂ ਤੇਰੇ ਅਧੀਨ ਨੇ। ਸਭ ਗਿਆਨ, ਸਾਰੇ ਭਗਤੀ ਦੇ ਭੰਡਾਰ, ਰਿਧੀਆਂ ਸਿਧੀਆਂ ਸਭ ਤੇਰੇ ਅਧੀਨ ਕਰ ਦਿੱਤੀਆਂ।"

*ਨਿਜ ਸਮ ਕਰ ਅਸ ਬਚਨ ਬਖਾਨਾ॥*
*ਤੁਮ ਅਬ ਗਮਨਹੁ ਅਪਨ ਸਥਾਨਾ॥* *ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ, ਪੰਨਾ - 195*

ਸੋ ਕਹਿਣ ਲੱਗੇ ਕਿ ਇਉਂ ਕਰੋ ਤੁਸੀਂ, ਸੰਸਾਰਕ ਹਿਸਾਬ ਕਿਤਾਬ ਦੇ ਨਾਲ ਸ੍ਰੀ ਚੰਦ ਤੇ ਲਖਮੀ ਦਾਸ ਤੇ ਹੋਰ ਵੀ ਕਈ ਹੋ ਸਕਦੇ ਨੇ ਜਿਹੜੇ ਏਸ ਗੱਲ ਨੂੰ ਚੰਗਾ ਨਾ ਸਮਝਦੇ ਹੋਣ, ਜਿਨ੍ਹਾਂ ਨੂੰ ਇਹ ਗੱਲ ਅੱਛੀ ਨਾ ਲੱਗੀ ਹੋਵੇ। ਉਹ ਤੇਰੀ ਵਿਰੋਧਤਾ ਕਰਨਗੇ, ਤੇਰੇ ਨਾਲ ਲੜਾਈ ਕਰਨਗੇ ਕਿਉਂਕਿ ਉਨ੍ਹਾਂ ਨੂੰ ਪਤਾ ਨਹੀਂ ਹੈ ਏਸ ਗੱਲ ਦਾ ਕਿ ਇਹ ਕੀ ਗੱਲ ਹੋ ਗਈ ਕਿਉਂਕਿ ਗੁਰੂ ਨਾਨਕ ਨੇ ਜੋਤ ਬਦਲ ਦਿੱਤੀ ਤੇ ਸਰੂਪ ਵਟਾ ਲਿਆ। ਏਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਰੂਪ ਗੁਰਾਂ ਨੇ ਬਦਲਿਆ ਦੂਜਾ,*
*ਜੋਤ ਵਿਚ ਜੋਤ ਰਲ ਗਈ -2, 2.*
*ਮੇਰੇ ਪਿਆਰੇ, ਜੋਤ ਵਿਚ ਜੋਤ ਰਲ ਗਈ -2, 2.*

***ਰੂਪ ਗੁਰਾਂ ਨੇ ਬਦਲਿਆ ਦੂਜਾ, ………….2***

***ਥਾਪਿਆ ਲਹਿਣਾ ਜੀਵਦੇ***
***ਗੁਰਿਆਈ ਸਿਰਿ ਛਤ੍ਰ ਫਿਰਾਇਆ।*** ***ਭਾਈ ਗੁਰਦਾਸ ਜੀ ਦੀ ਵਾਰ 1/45***

ਆਪਦੇ ਸਮਾਨ ਬਣਾ ਲਿਆ, ਸਭ ਕੁਝ ਆਪਣਾ ਦਿੱਤਾ ਤੇ ਜੀਉਂਦੇ-ਜੀਉਂਦੇ ਬਿਠਾ ਦਿੱਤਾ।

***ਜੋਤੀ ਜੋਤਿ ਮਿਲਾਇਕੈ ਸਤਿਗੁਰ ਨਾਨਕ ਰੂਪ ਵਟਾਇਆ।***
***ਭਾਈ ਗੁਰਦਾਸ ਜੀ ਦੀ ਵਾਰ 1/45***

ਗੁਰੂ ਨਾਨਕ ਸਾਹਿਬ ਨੇ ਦੂਸਰਾ ਰੂਪ ਧਾਰਨ ਕਰ ਲਿਆ ਤੇ ਸਾਰੇ ਜਗਤ ਦੇ ਵਿਚ ਹੈਰਾਨੀ ਹੋ ਗਈ ਕਿ ਪਿਛੋਂ ਇਕੱਠੀਆਂ ਹੁੰਦੀਆਂ ਨੇ ਜਮਾਤਾਂ, ਉਹ ਫੇਰ ਦਸਤਾਰਾਂ ਬੰਨ੍ਹਦੀਆਂ ਨੇ। ਫੇਰ ਕਹਿੰਦੇ ਨੇ ਕਿ ਇਨ੍ਹਾਂ ਨੂੰ ਥਾਪਿਆ ਗਿਆ ਹੈ। ਕੋਈ ਕਹਿੰਦਾ ਮੇਰੇ ਸਾਹਮਣੇ ਥਾਪਿਆ ਹੈ, ਕੋਈ ਕਹਿੰਦਾ ਇੱਛਾ ਕੀਤੀ ਸੀ ਪਰ ਇਹ ਕੀ ਗੱਲ ਹੋਈ ਕਿ ਗੁਰੂ ਨਾਨਕ ਵੀ ਹੈ ਤੇ ਗੁਰੂ ਅੰਗਦ ਜੀ ਨੂੰ ਵੀ ਕਹਿ ਦਿੱਤਾ ਕਿ ਸਮਾਨ ਹੈ ਤੇ ਸਾਰੇ ਉਨ੍ਹਾਂ ਦੇ ਚਰਨੀਂ ਪਾ ਦਿੱਤੇ। ਫੁਰਮਾਨ ਹੈ ਕਿ -

***ਜਗ ਮਹਿਂ ਉਲਟੀ ਗੰਗ ਵਹਾਈ॥***
***ਸਿਖ ਕੋ ਕਰ ਗੁਰ ਦੀ ਗੁਰਿਆਈ॥*** ***ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ, ਪੰਨਾ - 194***

ਉਲਟੀ ਗੰਗਾ ਵਹਾ ਦਿਤੀ, ਸਿੱਖ ਨੂੰ ਗੁਰਿਆਈ ਦੇ ਦਿੱਤੀ ਆਪਣੇ ਨੂੰ।

***ਇਸ ਪ੍ਰਕਾਰ ਤਿਹ ਤਖਤ ਬਠਾਯੋ॥***
***ਬਹੁਰੋ ਸਭ ਸੋਂ ਬਚਨ ਅਲਾਯੋ॥***
***ਜੇ ਕੋ ਮੇਰੇ ਹ੍ਵੈ ਅਨਸਾਰੀ॥***
***ਨਮੋ ਕਰੈ ਇਨ ਪਗ ਸਿਰ ਧਾਰੀ॥*** ***ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ, ਪੰਨਾ - 194***

ਜੇ ਕੋਈ ਮੈਨੂੰ ਮੰਨਣ ਵਾਲਾ ਹੈ ਸੰਗਤ ਵਿਚ, ਉਹ ਆਓ ਤੇ ਇਨ੍ਹਾਂ ਦੇ ਚਰਨਾਂ ਤੇ ਨਮਸ਼ਕਾਰ ਕਰੋ।

***ਮਮ ਸਰੂਪ ਕੋ ਜੈਸੇ ਜਾਨੈ॥***
***ਤਿਸੀ ਪ੍ਰਕਾਰ ਇਸੈ ਮਨ ਮਾਨੈਂ॥*** ***ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ, ਪੰਨਾ - 194***

ਉਸੇ ਵੇਲੇ ਸੰਗਤਾਂ ਖੜ੍ਹੀਆਂ ਹੋ ਗਈਆਂ, ਕਤਾਰਾਂ ਲੱਗ ਗਈਆਂ ਹਜ਼ਾਰਾਂ ਦੀ ਤਾਦਾਦ ਵਿਚ- ਹਿੰਦੂ ਵੀ ਤੇ ਮੁਸਲਮਾਨ ਵੀ। ਗੁਰੂ ਅੰਗਦ ਸਾਹਿਬ ਮਹਾਰਾਜ ਜੀ ਬੈਠੇ ਨੇ ਤਖਤ ਤੇ, ਸਾਰੇ ਆ ਕੇ ਉਨ੍ਹਾਂ ਦੇ ਚਰਨਾਂ ਤੇ ਸੀਸ ਨਿਵਾਉਂਦੇ ਚਲੇ ਜਾਂਦੇ ਨੇ।

ਮਹਾਰਾਜ ਜੀ ਕਹਿੰਦੇ, "ਕੋਈ ਰਹਿ ਤਾਂ ਨਹੀਂ ਗਿਆ ਭਾਈ! ਸ੍ਰੀ ਚੰਦ ਨਹੀਂ ਦੇਖਿਆ, ਲਖਮੀ ਦਾਸ ਨਹੀਂ ਦੇਖਿਆ?"

ਕਹਿੰਦੇ, "ਆਏ ਨਹੀਂ ਮਹਾਰਾਜ!"

ਕਹਿੰਦੇ, "ਜਾਓ! ਜਾ ਕੇ ਲੈ ਕੇ ਆਓ।"

ਉਨ੍ਹਾਂ ਨੂੰ ਵੀ ਸੁਨੇਹਾ ਭੇਜਿਆ ਕਿ ਗੁਰੂ ਗੱਦੀ ਦੇ ਵਾਰਸ ਗੁਰੂ ਅੰਗਦ ਜੀ ਬਣਾ ਦਿੱਤੇ ਗਏ ਨੇ, ਹੁਕਮ ਹੈ ਪਾਤਿਸ਼ਾਹ ਦਾ ਕਿ ਸਾਰੇ ਇਨ੍ਹਾਂ ਨੂੰ ਮੇਰਾ ਸਰੂਪ ਸਮਝ ਕੇ ਨਮਸ਼ਕਾਰ ਕਰੋ। ਉਸ ਵੇਲੇ ਆਪ ਆਏ ਨਹੀਂ।

***ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ ਮੁਰਟੀਐ॥*** **ਪੰਨਾ - 967**

ਕੰਨ੍ਹਾ ਮੋੜ ਲਿਆ ਕਿ ਅਸੀਂ ਨਹੀਂ ਜਾਣਾ।

***ਦਿਲਿ ਖੋਟੈ ਆਕੀ ਫਿਰਨਿ੍ ਬੰਨ੍ ਭਾਰੁ ਉਚਾਇਨਿ੍ ਛਟੀਐ॥***

**ਪੰਨਾ - 967**

ਦਿਲ ਦੇ ਵਿਚ ਆਈ ਨਹੀਂ ਕਿ ਗੁਰੂ ਪਿਤਾ ਦਾ ਹੁਕਮ ਮੰਨੀਏ। ਸੋ -

***ਉਲਟੀ ਗੰਗ ਵਹਾਈਓਨਿ ਗੁਰ ਅੰਗਦੁ ਸਿਰਿ ਉਪਰਿ ਧਾਰਾ।***
***ਪੁਤਰੀ ਕਉਲੁ ਨ ਪਾਲਿਆ ਮਨਿ ਖੋਟੇ ਆਕੀ ਨਿਸਤਾਰਾ।***

***ਭਾਈ ਗੁਰਦਾਸ ਜੀ ਦੀ ਵਾਰ 1/38***

ਭਾਈ ਗੁਰਦਾਸ ਜੀ ਨੇ ਪਹਿਲੀ ਵਾਰ ਦੀ ਅੱਠਤੀਵੀਂ ਪਉੜੀ ਵਿਚ ਇਹ ਬਾਤ ਲਿਖੀ ਹੈ। ਸੋ ਇਸ ਤਰ੍ਹਾਂ ਜਦੋਂ ਮਹਾਰਾਜ ਜੀ ਨੇ ਦੇਖਿਆ ਕਿ ਪੁੱਤਰਾਂ ਨੇ ਵਿਰੋਧ ਕਰਨਾ ਹੈ, ਸੰਗਤਾਂ ਇਨ੍ਹਾਂ ਦਾ ਆਦਰ ਸਤਿਕਾਰ ਵੀ ਕਰਦੀਆਂ ਨੇ ਗੁਰੂ ਪੁੱਤਰ ਹੋਣ ਦੇ ਨਾਤੇ, ਤੇ ਜਿਹੜਾ ਬੰਦਗੀ ਕਰਾਉਣ ਦਾ ਕੰਮ ਹੈ ਉਹ ਇਥੇ ਸਹੀ ਤਰੀਕੇ ਨਾਲ ਚੱਲ ਨਹੀਂ ਸਕਣਾ। ਸੋ ਏਸ ਕਰਕੇ ਗੁਰੂ ਮਹਾਰਾਜ ਜੀ ਨੇ ਗੁਰੂ ਅੰਗਦ ਸਾਹਿਬ ਜੀ ਨੂੰ ਬੁਲਾਇਆ ਤੇ ਕਿਹਾ ਕਿ ਦੇਖੋ! ਤੁਹਾਨੂੰ ਪਤਾ ਹੀ ਹੈ ਕਿ ਪੁੱਤਰ ਜਿਹੜੇ ਹੋਇਆ ਕਰਦੇ ਨੇ, ਉਨ੍ਹਾਂ ਵਿਚੋਂ ਕੋਈਓ ਪੁੱਤਰ ਹੈ ਭਾਗਾਂ ਵਾਲਾ ਜਿਸ ਨੂੰ ਆਪਣੇ ਪਿਤਾ ਉਤੇ ਗੁਰੂ ਪਿਤਾ ਹੋਣ ਦਾ ਜਾਂ ਮਹਾਂਪੁਰਸ਼ ਹੋਣ ਦਾ ਵਿਸ਼ਵਾਸ ਆ ਜਾਵੇ ਤੇ ਕੋਈਓ ਮਹਾਤਮਾ ਹੈ ਜਿਸ ਦੇ ਬੱਚੇ ਕਦੇ ਉਸ ਨੂੰ ਮੰਨ ਲੈਣ ਕਿ ਸਾਡਾ ਪਿਤਾ ਕੁਝ ਹੈ। ਕਦੇ ਨਾ ਮੰਨਣਗੇ - ਰਿਸ਼ਤੇਦਾਰ, ਬੱਚੇ, ਪਿੰਡ ਦੇ ਲੋਕ; ਇਨ੍ਹਾਂ ਨੂੰ ਨਹੀਂ ਪਤਾ ਲੱਗਿਆ ਕਰਦਾ, ਬਾਹਰ ਦੀ ਬੇਅੰਤ ਦੁਨੀਆਂ ਨੂੰ ਪਤਾ ਲੱਗ ਜਾਂਦਾ ਹੈ ਕਿਉਂਕਿ ਇਨ੍ਹਾਂ ਕੋਲ ਇਹ ਦ੍ਰਿਸ਼ਟੀ, ਇਹ power (ਤਾਕਤ) ਨਹੀਂ ਹੁੰਦੀ। ਜਿਵੇਂ ਮਧੂ ਮੱਖੀ ਵਿਚ ਤਾਕਤ ਹੈ ਕਿ ਜਿਸ ਫੁੱਲ ਵਿਚ ਰਸ ਹੋਵੇ, ਸ਼ਹਿਦ ਹੋਵੇ, ਉਥੇ ਬੈਠਦੀ ਹੈ; ਜਿਹੜਾ ਬਿਨਾਂ ਸ਼ਹਿਦ ਤੋਂ, ਬਿਨਾਂ ਰਸ ਤੋਂ ਫੁੱਲ ਹੈ, ਉਸ ਦੇ ਉਹ ਨੇੜੇ ਵੀ ਨਹੀਂ ਜਾਂਦੀ। ਇਸੇ ਤਰ੍ਹਾਂ ਜਿਹੜੇ ਸੋਝੀ ਵਾਲੇ ਪੁਰਸ਼ ਹੋਇਆ ਕਰਦੇ ਨੇ, ਜਿਸ ਥਾਂ ਤੇ ਕੁਝ ਹੁੰਦਾ ਹੈ ਉਹ ਉਸ ਥਾਂ ਤੇ ਜਾਂਦੇ ਨੇ ਪਰ ਬੱਚਿਆਂ ਦੀ, ਰਿਸ਼ਤੇਦਾਰਾਂ ਤੇ ਪਿੰਡ ਵਾਲਿਆਂ ਦੀ, ਦੋਸਤਾਂ-ਮਿੱਤਰਾਂ ਦੀ ਇਹ power (ਸ਼ਕਤੀ) ਬੰਦ ਹੋਇਆ ਕਰਦੀ ਹੈ। ਦੋਖ ਦ੍ਰਿਸ਼ਟੀ ਉਨ੍ਹਾਂ ਦੇ ਸਾਹਮਣੇ ਰਹਿੰਦੀ ਹੈ, ਕਮਜ਼ੋਰੀਆਂ ਸਾਹਮਣੇ ਰਹਿੰਦੀਆਂ ਨੇ, ਵਡੱਤਣ ਸਾਹਮਣੇ ਨਹੀਂ ਰਹਿੰਦੀ। ਉਹ ਕੁਦਰਤੀ ਤੌਰ ਤੇ ਈਰਖਾ ਕਰਦੇ ਨੇ। ਈਰਖਾ ਇਕ ਐਸੀ ਬਿਮਾਰੀ ਹੈ ਜਿਸ ਤੋਂ ਕੋਈ ਵਿਰਲਾ, ਪੂਰਨ ਬ੍ਰਹਮਗਿਆਨੀ ਸ਼ਾਇਦ ਬਚਿਆ ਹੋਵੇ ਪਰ ਇਹ ਬਿਮਾਰੀ ਬੜੀ ਦੂਰ ਤੱਕ ਜਾਂਦੀ ਹੈ। ਸੰਤਾਂ ਨੂੰ ਸੰਤਾਂ ਨਾਲ ਹੁੰਦੀ ਹੈ, ਦੁਨੀਆਂ ਦੇ ਲੋਕਾਂ ਨੂੰ ਦੁਨੀਆਂ ਦੇ ਲੋਕਾਂ ਨਾਲ ਹੁੰਦੀ ਹੈ।

ਸੋ ਆਪ ਨੇ ਉਸ ਵੇਲੇ ਫੁਰਮਾਨ ਕੀਤਾ ਕਿ ਪੁਰਖਾ! ਤੂੰ ਖਡੂਰ ਸਾਹਿਬ ਜਾਹ! ਉਥੇ ਨਿਹਾਲਾ ਜੱਟ ਸਾਡਾ ਪ੍ਰੇਮੀ ਹੈ। ਇਕ ਉਸ ਨੂੰ ਇਹ ਸੋਝੀ ਹੈ ਕੁਦਰਤ ਨੇ ਦਿਤੀ ਹੋਈ ਕਿ ਉਹ ਗੁਰੂ ਨੂੰ ਪਛਾਣ ਜਾਂਦਾ ਹੈ। ਤੇਰੇ ਮਸਤਕ ਵਿਚ ਗੁਰੂ ਜੋਤੀ ਲਟ ਲਟ ਕਰ ਰਹੀ ਹੈ, ਜਾਹ! ਉਹ ਤੈਨੂੰ ਪਛਾਣ ਜਾਏਗਾ, ਗੁਪਤ ਤਰੀਕੇ ਨਾਲ ਰਹਿ ਉਥੇ। ਪਰ ਆਪ ਦਾ ਜਾਣ ਨੂੰ ਜੀਅ ਨਹੀਂ ਕਰਦਾ ਲੇਕਿਨ ਹੁਕਮ ਮੰਨਦੇ ਹੋਏ ਆਪ ਉਸ ਥਾਂ ਤੇ ਚਲੇ ਜਾਂਦੇ ਨੇ। ਬਹੁਤ ਉਦਾਸ ਨੇ, ਹਰ ਵਕਤ ਬਿਰਹੁੰ ਵਿਚ ਰਹਿੰਦੇ ਨੇ। ਜਿੰਨੇ ਸਾਲ ਆਪ ਰਹੇ ਸੀ ਇਥੇ, ਇਕ ਸਕਿੰਟ ਵਾਸਤੇ ਵੀ ਗੁਰੂ ਨਾਲੋਂ ਵੱਖ ਨਹੀਂ ਸੀ ਹੁੰਦੇ। ਹਰ ਵਕਤ ਜਿਵੇਂ ਚਕੋਰ ਦੇਖਦਾ ਹੈ ਏਸ ਤਰ੍ਹਾਂ ਦਰਸ਼ਨ ਕਰਦੇ ਰਹਿੰਦੇ ਸੀ। ਉਨ੍ਹਾਂ ਨੇ ਕਿਹਾ, ਹੈਂ! ਹੁਣ ਮੈਂ ਗੁਰੂ ਪਾਤਿਸ਼ਾਹ ਦੇ ਦਰਸ਼ਨ ਨਹੀਂ ਕਰ ਸਕਾਂਗਾ? ਮੈਨੂੰ ਇਕੱਲੇ ਨੂੰ ਹੀ ਰਹਿਣਾ ਪਏਗਾ? ਦੂਜੇ ਪਾਸੇ ਗੁਰੂ ਹੁਕਮ ਹੈ। ਅਖੀਰ ਗੁਰੂ ਹੁਕਮ ਦੇ ਅੱਗੇ ਸੀਸ ਨਿਵਾਇਆ ਤੇ ਆਪਣੇ ਵਿਛੋੜੇ ਨੂੰ ਆਪਣੇ ਅੰਦਰ ਹੀ ਰੱਖ ਕੇ ਆਪ ਖਡੂਰ ਸਾਹਿਬ ਚਲੇ ਜਾਂਦੇ ਨੇ। ਮਾਈ ਭਰਾਈ, ਭਾਈ ਨਿਹਾਲੇ ਦੇ ਘਰੋਂ ਬੜੀ ਨੇਕ ਬੀਬੀ ਸੀ ਤੇ ਜਦੋਂ ਭਾਈ ਨਿਹਾਲੇ ਨੇ ਦੇਖਿਆ ਤਾਂ ਦੇਖ ਕੇ ਹੈਰਾਨ ਹੋ ਗਿਆ ਕਿ ਇਨ੍ਹਾਂ

ਦੇ ਮਸਤਕ ਵਿਚ ਤਾਂ ਗੁਰੂ ਨਾਨਕ ਪਾਤਿਸ਼ਾਹ ਪੂਰਨ ਤੌਰ ਤੇ ਨਿਵਾਸ ਕਰ ਰਹੇ ਨੇ ਤਾਂ ਉਸ ਨੇ ਚਰਨਾਂ ਤੇ ਮਸਤਕ ਨਿਵਾ ਦਿੱਤਾ।

ਕਹਿੰਦਾ, "ਸੇਵਾ ਦੱਸੋ, ਪਾਤਿਸ਼ਾਹ!"

ਕਹਿੰਦੇ, "ਗੁਪਤ ਰਹਿਣਾ ਹੈ ਅਸੀਂ, ਇੰਤਜ਼ਾਮ ਕਰ ਦਿਓ ਸਾਰਾ।"

ਬਾਹਰ ਦੂਰ ਇਕ ਕੁਟੀਆ ਪਾ ਦਿੱਤੀ 'ਤਪਿਆਣਾ ਸਾਹਿਬ' ਜਿਸ ਨੂੰ ਆਖਦੇ ਨੇ। ਦਿਨ ਵਿਚ ਆਪ ਅੰਦਰ ਲੁਕੇ ਰਹਿੰਦੇ ਨੇ, ਰਾਤ ਨੂੰ ਉਥੇ ਚਲੇ ਜਾਂਦੇ ਨੇ। ਰੋੜ ਵਿਛਾਏ ਹੋਏ ਨੇ ਤੇ ਇਕਹਿਰੀ ਕੁਟੀਆ ਹੈ। ਇਕ ਹੀ ਜਾ ਸਕਦਾ ਹੈ ਉਸ ਦੇ ਅੰਦਰ, ਦੂਸਰੇ ਦਾ ਥਾਂ ਨਹੀਂ। ਸੋ ਏਸ ਤਰ੍ਹਾਂ ਸਮਾਂ ਬੀਤਦਾ ਗਿਆ। ਬਿਰਹੁੰ ਵਾਲੇ ਨੂੰ ਪੁਛੋ ਕਿ ਸਮਾਂ ਕਿਵੇਂ ਲੰਘਿਆ ਕਰਦਾ ਹੈ ਕਿਉਂਕਿ ਜਿਸ ਨੂੰ ਬਿਰਹੁੰ ਦਾ ਪਤਾ ਹੀ ਨਹੀਂ, ਉਹ ਇਹ ਗੱਲ ਨਹੀਂ ਜਾਣ ਸਕਦਾ। ਸੋ ਆਪ ਹਰ ਵਕਤ ਇੰਤਜ਼ਾਰ ਕਰਦੇ ਨੇ, ਖਿੱਚਦੇ ਨੇ ਗੁਰੂ ਨਾਨਕ ਸਾਹਿਬ ਨੂੰ ਅੰਦਰੋਂ, ਪੂਰੇ ਤੌਰ ਤੇ ਖਿਚਦੇ ਨੇ। ਜਾਣਦੇ ਨੇ ਕਿ ਮੇਰੇ ਬਿਰਹੁੰ ਦੀਆਂ ਤਾਰਾਂ ਗੁਰੂ ਨਾਨਕ ਪਾਤਿਸ਼ਾਹ ਕੋਲ ਪਹੁੰਚ ਰਹੀਆਂ ਨੇ ਤੇ ਇੰਤਜ਼ਾਰ ਕਰਦੇ ਨੇ ਕਿ ਕੋਈ ਆਵੇ ਕਰਤਾਰਪੁਰ ਵਲੋਂ ਤੇ ਕੋਈ ਸੁਨੇਹਾ ਦੇਵੇ, ਕੋਈ ਗੱਲ ਦੱਸੇ ਪਰ ਕੋਈ ਨਹੀਂ ਆ ਰਿਹਾ। ਇਹ ਐਸੀ ਅਵਸਥਾ ਹੁੰਦੀ ਹੈ। ਗੁਰੂ ਮਹਾਰਾਜ ਜੀ ਇਸ ਬਿਰਹੁੰ ਦੀ ਅਵਸਥਾ ਨੂੰ ਪ੍ਰਗਟ ਕਰਨ ਵਾਸਤੇ ਏਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ –

***ਧਾਰਨਾ – ਜਿਹੜਾ ਗੁਰਾਂ ਦਾ ਸੁਨੇਹਾ ਦੇਵੇ,***
***ਜਿਹੜਾ ਗੁਰਾਂ ਦਾ,***
***ਜਿਹੜਾ ਗੁਰਾਂ ਦਾ ਸੁਨੇਹਾ ਦੇਵੇ,***
***ਚਰਨਾਂ 'ਚ ਸੀਸ ਰੱਖ ਦਾਂ –2, 2.***
***ਜਿਹੜਾ ਗੁਰਾਂ ਦਾ ਸੁਨੇਹਾ ਦੇਵੇ,...... –2.***

***ਧਾਰਨਾ – ਮੈਨੂੰ ਮਿਲ ਜਾਏ ਸਤਿਗੁਰ ਪਿਆਰਾ,***
***ਉਡ ਜਾ–ਉਡ ਜਾ ਕਾਗਾ ਕਾਲੇ –2, 2.***
***ਉਡ ਜਾ – ਉਡ ਜਾ ਕਾਗਾ ਕਾਲੇ –2, 2.***
***ਮੈਨੂੰ ਮਿਲ ਜਾਏ ਸਤਿਗੁਰ ਪਿਆਰਾ,... –2.***

***ਪੰਥੁ ਨਿਹਾਰੈ ਕਾਮਨੀ ਲੋਚਨ ਭਰੀ ਲੇ ਉਸਾਸਾ॥ ਪੰਨਾ – 337***

ਅੱਖਾਂ ਦੇ ਵਿਚ ਜਲ ਭਰਿਆ ਹੋਇਆ ਹੈ, ਦਿਲ ਦੇ ਵਿਚ ਹਉਕੇ ਆਉਂਦੇ ਨੇ। ਰਸਤਾ ਦੇਖ ਰਹੇ ਨੇ ਪਰ ਰਸਤੇ ਵਿਚ ਕੋਈ ਨਜ਼ਰ ਨਹੀਂ ਆਉਂਦਾ। ਕਾਂ ਆ ਕੇ ਬਨੇਰੇ ਤੇ ਬੈਠ ਗਿਆ। ਉਸ ਦੇ ਵੱਲ ਨੂੰ ਰੁਖ ਕੀਤਾ, ਪੁਛਿਆ ਕਿ ਜੇ ਮੇਰਾ ਪ੍ਰੀਤਮ ਆਉਂਦਾ ਹੈ ਤਾਂ ਤੂੰ ਉਡ ਜਾ, ਝੂਠਾ ਮੂਠਾ ਹੀ ਉਡ ਜਾ ਤਾਂ ਕਿ ਮੇਰੇ ਮਨ ਵਿਚ ਕੁਝ ਦੇਰ ਤਾਂ ਧਰਵਾਸ ਆ ਜਾਏ, ਨਾਂਹ ਨਾਲੋਂ ਤਾਂ ਮੈਨੂੰ ਕੁਝ ਸਾਹ ਮਿਲੇਗਾ।

***ਪੰਥੁ ਨਿਹਾਰੈ ਕਾਮਨੀ ਲੋਚਨ ਭਰੀ ਲੇ ਉਸਾਸਾ॥***
***ਉਰ ਨ ਭੀਜੈ ਪਗੁ ਨ ਖਿਸੈ ਹਰਿ ਦਰਸਨ ਕੀ ਆਸਾ॥***
***ਉਡਹੁ ਨ ਕਾਗਾ ਕਾਰੇ॥ ਪੰਨਾ – 337***

ਉਡੋ ਨਾ ਤੁਸੀਂ! ਬੜੇ ਪਿਆਰ ਨਾਲ, ਸਤਿਕਾਰ ਨਾਲ ਕਹਿੰਦੇ ਨੇ ਕਿ ਉਡੋ ਨਾ!

***ਉਡਹੁ ਨ ਕਾਗਾ ਕਾਰੇ॥***
***ਬੇਗਿ ਮਿਲੀਜੈ ਅਪੁਨੇ ਰਾਮ ਪਿਆਰੇ॥ ਪੰਨਾ – 337***

ਜਿੰਨੀ ਛੇਤੀ ਤੂੰ ਉਡੇਂਗਾ, ਓਨੀ ਛੇਤੀ ਮੇਰਾ ਰਾਮ ਪਿਆਰਾ ਮੈਨੂੰ ਮਿਲ ਜਾਏਗਾ।

***ਕਹਿ ਕਬੀਰ ਜੀਵਨ ਪਦ ਕਾਰਨਿ ਹਰਿ ਕੀ ਭਗਤਿ ਕਰੀਜੈ॥***
***ਏਕੁ ਆਧਾਰੁ ਨਾਮੁ ਨਾਰਾਇਨ ਰਸਨਾ ਰਾਮ ਰਵੀਜੈ॥*** ***ਪੰਨਾ - 337***

ਸੋ ਇਸ ਤਰ੍ਹਾਂ ਦੇ ਨਾਲ ਆਪ ਦੇ ਜੋ ਬਿਰਹੁੰ ਦੀ ਹਾਲਤ ਹੈ, ਉਸ ਬਾਰੇ ਕੋਈ ਕਹਿ ਨਹੀਂ ਸਕਦਾ, ਦੱਸਣੀ ਔਖੀ ਹੈ। ਵੱਡੀ ਤੋਂ ਵੱਡੀ ਕੁਰਬਾਨੀ ਦੇਣ ਲਈ ਤਿਆਰ ਨੇ।

***ਹਉ ਮਨੁ ਅਰਪੀ ਸਭੁ ਤਨੁ ਅਰਪੀ ਅਰਪੀ ਸਭਿ ਦੇਸਾ॥*** ***ਪੰਨਾ - 247***

ਕਿਹਨੂੰ ਦੇ ਦੇਈਏ ਸਭ ਕੁਝ? ਮਨ ਵੀ, ਤਨ ਵੀ ਤੇ ਸਾਰੀ ਜਾਇਦਾਦ ਵੀ ਦੇ ਦੇਈਏ।

***ਹਉ ਸਿਰੁ ਅਰਪੀ ਤਿਸੁ ਮੀਤ ਪਿਆਰੇ ਜੋ ਪ੍ਰਭ ਦੇਇ ਸਦੇਸਾ॥*** ***ਪੰਨਾ - 247***

ਮਿਲਾਉਣ ਵਾਲਾ ਨਹੀਂ, ਜਿਹੜਾ ਸਿਰਫ ਸੁਨੇਹਾ ਹੀ ਦੇ ਦੇਵੇ। ਸੋ ਐਸੀ ਜਦੋਂ ਹਾਲਤ ਹੋਇਆ ਕਰਦੀ ਹੈ ਉਸ ਵੇਲੇ ਨੀਂਦ ਤੇ ਭੁੱਖ ਦੋਵੇਂ ਉਡ ਜਾਇਆ ਕਰਦੀਆਂ ਨੇ, ਬਸਤਰ ਪਹਿਨਣ ਦੀ ਸੋਝੀ ਵੀ ਖਤਮ ਹੋ ਜਾਂਦੀ ਹੈ -

***ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪਰੁ ਤਨਿ ਨ ਸੁਖਾਵਏ॥*** ***ਪੰਨਾ - 1108***

***ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ॥***
***ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥***
***ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ***
***ਬਿਨੁ ਦੇਖੇ ਗੁਰ ਦਰਬਾਰੇ ਜੀਉ॥*** ***ਪੰਨਾ - 96***

ਸੋ ਇਸ ਤਰ੍ਹਾਂ ਪੜ੍ਹੋ ਪਿਆਰ ਨਾਲ -

***ਧਾਰਨਾ - ਰੈਣ ਗੁਜ਼ਰੇ ਨੀਂਦ ਨਾ ਆਵੇ, ਰੈਣ ਗੁਜ਼ਰੇ,***
***ਰੈਣ ਗੁਜ਼ਰੇ ਨੀਂਦ ਨਾ ਆਵੇ, ਦਰਸ ਵਿਹੂਣੇ ਨੂੰ,***
***ਸਾਹਿਬਾ, ਪਿਆਰੇ, ਦਰਸ ਵਿਹੂਣੇ ਨੂੰ -2, 2.***
***ਰੈਣ ਗੁਜ਼ਰੇ ਨੀਂਦ ਨਾ ਆਵੇ -2, 2.***
***ਰੈਣ ਗੁਜ਼ਰੇ ਨੀਂਦ ਨਾ ਆਵੇ, ਰੈਣ ਗੁਜ਼ਰੇ,***
***ਦਰਸ ਵਿਹੂਣੇ ਨੂੰ, ਸਾਹਿਬਾ, ਪਿਆਰੇ, ਦਰਸ ਵਿਹੂਣੇ ਨੂੰ-2.***

ਪਿਆਰ ਦੇ ਬਾਰੇ ਭਾਈ ਗੁਰਦਾਸ ਜੀ ਆਪਣੀ ਹਾਲਤ ਦਸਦੇ ਨੇ। ਜਦੋਂ ਕਾਸ਼ੀ ਵਿਚ ਚਲੇ ਗਏ ਸੀ ਤਾਂ ਗੁਰੂ ਛੇਵੇਂ ਪਾਤਿਸ਼ਾਹ ਦੇ ਪਾਸ ਬੇਤਾਰ ਬਿਰਤੀ ਦੇ ਰਾਹੀਂ ਪਿਆਰ ਦਾ ਇਹ ਸੁਨੇਹਾ ਭੇਜਦੇ ਸੀ, ਉਸ ਵੇਲੇ ਦੀ ਆਪਣੇ ਮਨ ਦੀ ਅਵਸਥਾ ਦਸਦੇ ਨੇ ਕਿ -

***ਸਲਿਲ ਨਿਵਾਸ ਜੈਸੇ, ਮੀਨ ਕੀ ਨ ਘਟੈ ਰੁਚਿ.........।***
***ਕਬਿੱਤ ਭਾਈ ਗੁਰਦਾਸ ਜੀ 424***

ਪਾਣੀ ਵਿਚ ਰਹਿੰਦੀ ਹੈ ਮੱਛੀ, ਉਸ ਦੀ ਰੁਚੀ ਨਹੀਂ ਘਟਿਆ ਕਰਦੀ।

***... ਦੀਪਕ ਪ੍ਰਕਾਸ ਘਟੈ ਪ੍ਰੀਤ ਨ ਪਤੰਗ ਕੀ।*** ***ਕਬਿੱਤ ਭਾਈ ਗੁਰਦਾਸ ਜੀ 424***

ਦੀਵਾ ਜਲਦਾ ਹੈ, ਪਤੰਗੇ ਦੀ ਪ੍ਰੀਤ ਨਹੀਂ ਘਟਿਆ ਕਰਦੀ। ਮਰ ਜਾਂਦਾ ਹੈ ਪਰ ਪ੍ਰੀਤ ਨਹੀਂ ਉਸ ਦੀ ਘਟਦੀ।

***ਕੁਸਲ ਸੁਬਾਸ ਜੈਸੋ ਤ੍ਰਿਪਤ ਨ ਮਧੁਰ ਕੌ,....।*** ***ਕਬਿੱਤ ਭਾਈ ਗੁਰਦਾਸ***

***ਜੀ 424***

ਜਿਸ ਤਰ੍ਹਾਂ ਭਉਰਾ ਫੁੱਲ ਦੇ ਅੰਦਰ ਚਲਿਆ ਜਾਂਦਾ ਹੈ, ਉਠਦਾ ਨਹੀਂ ਹੈ, ਰਾਤ ਪੈ ਜਾਂਦੀ ਹੈ, ਫੁਲ ਬੰਦ ਹੋ ਜਾਂਦਾ ਹੈ, ਮਰ ਜਾਂਦਾ ਹੈ ਪਰ ਛੱਡਦਾ ਨਹੀਂ।

......... ***ਉਡਤ ਅਕਾਸ ਆਸ ਘਟੈ ਨ ਬਿਹੰਗ ਕੀ। ਕਬਿੱਤ ਭਾਈ ਗੁਰਦਾਸ ਜੀ 424***

ਇਸੇ ਤਰ੍ਹਾਂ ਜਦੋਂ ਅਕਾਸ਼ ਵਿਚ ਪੰਛੀ ਉਡਦਾ ਹੈ, ਉਸ ਦੀ ਆਸ ਨਹੀਂ ਘਟਦੀ, ਉਹ ਅੱਗੇ ਹੀ ਅੱਗੇ ਉਡਦਾ ਜਾਂਦਾ ਹੈ।

***ਘਟਾ ਘਨਘੋਰ ਮੋਰ ਚਾਤ੍ਰਿਕ ਰਿਦੈ ਉਲਾਸ,....। ਕਬਿੱਤ ਭਾਈ ਗੁਰਦਾਸ ਜੀ 424***

ਜਦੋਂ ਬੱਦਲ ਗਰਜਦੇ ਨੇ ਤੇ ਕਾਲੀਆਂ ਘਟਾਵਾਂ ਆਉਂਦੀਆਂ ਨੇ, ਉਦੋਂ ਮੋਰਾਂ ਦੇ ਦਿਲ ਪ੍ਰਸੰਨ ਹੋ ਜਾਂਦੇ ਨੇ, ਚਾਤ੍ਰਿਕ ਦਾ ਦਿਲ ਪ੍ਰਸੰਨ ਹੋ ਜਾਂਦਾ ਹੈ।

...... ***ਨਾਦ, ਬਾਦ, ਸੁਨਿ ਰਤਿ ਘਟੈ ਨ ਕੁਰੰਗ ਕੀ। ਕਬਿੱਤ ਭਾਈ ਗੁਰਦਾਸ ਜੀ 424***

ਹਿਰਨ ਦੇ ਸਾਹਮਣੇ ਜਦੋਂ ਘੰਡੇਹੇੜੇ ਦਾ ਸ਼ਬਦ ਕਰਦੇ ਨੇ ਤਾਂ ਉਹ ਬਹੁਤ ਪਿਆਰ ਨਾਲ ਸੁਣਦਾ ਹੈ। ਉਸ ਨੂੰ ਪਤਾ ਹੈ ਕਿ ਮੇਰੇ ਆਲੇ ਦੁਆਲੇ ਸ਼ਿਕਾਰੀ ਫਿਰਦੇ ਨੇ, ਮੈਨੂੰ ਫੜ ਲੈਣਾ ਹੈ ਪਰ ਬਿਰਤੀ ਉਸ ਦੇ ਵਿਚੋਂ ਨਹੀਂ ਕੱਢਦਾ।

***ਤੈਸੇ ਪ੍ਰਿਅ ਪ੍ਰੇਮ ਰਸ ਰਸਿਕ ਰਸਾਲ ਸੰਤ,....। ਕਬਿੱਤ ਭਾਈ ਗੁਰਦਾਸ ਜੀ 424***

ਇਸੇ ਤਰ੍ਹਾਂ ਜਿਹੜੇ ਰਸੀਏ ਸੰਤ ਨੇ, ਭਗਤੀ ਦੇ ਨਾਲ ਪਹੁੰਚਦੇ ਨੇ। ਇਕ ਤਾਂ ਗਿਆਨ ਨਾਲ ਪਹੁੰਚਦੇ ਨੇ, ਉਹ ਖੁਸ਼ਕ ਹੁੰਦਾ ਹੈ। ਜਿਹੜੇ ਗੁਰੂ ਭਗਤੀ ਨਾਲ ਪਹੁੰਚਦੇ ਨੇ, ਇਸੇ ਤਰ੍ਹਾਂ ਪ੍ਰੇਮ ਦਾ ਰਸ ਉਨ੍ਹਾਂ ਦੇ ਅੰਦਰ ਹੁੰਦਾ ਹੈ –

.... ***ਘਟਤ ਨ ਤ੍ਰਿਸਨਾ ਪ੍ਰਬਲ ਅੰਗ ਅੰਗ ਕੀ॥ ਕਬਿੱਤ ਭਾਈ ਗੁਰਦਾਸ ਜੀ 424***

ਸਾਰੇ ਅੰਗਾਂ ਵਿਚ ਪਿਆਰ ਹੀ ਪਿਆਰ ਸਮਾਇਆ ਹੁੰਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਆਪ ਸੰਦੇਸ਼ਾ ਦਿੰਦੇ ਨੇ ਕਿ –

***ਰੋਮਿ ਰੋਮਿ ਮਨਿ ਤਨਿ ਇਕ ਬੇਦਨ***
***ਮੈ ਪ੍ਰਭ ਦੇਖੇ ਬਿਨੁ ਨੀਦ ਨ ਪਈਆ॥***
***ਪੰਨਾ - 836***

ਮੇਰੇ ਰੋਮ ਰੋਮ ਦੇ ਵਿਚ ਇਕ ਪੀੜ ਹੈ। ਸਾਨੂੰ ਤਾਂ ਜੇ ਸੌ ਗੁਣਾਂ ਵੀ ਘਟ ਪ੍ਰੀਤ ਆ ਜਾਵੇ ਤਾਂ ਵੀ ਅਸੀਂ ਭਾਗਾਂ ਵਾਲੇ ਬਣ ਜਾਈਏ। ਸਾਡੀ ਪ੍ਰੀਤ ਵਾਹਿਗੁਰੂ ਨਾਲ ਨਹੀਂ ਬਿਲਕੁਲ ਵੀ। ਕੋਈ ਵਿਰਲਾ ਹੋਏਗਾ, ਉਸ ਦੇ ਚਰਨਾਂ ਤੇ ਨਮਸ਼ਕਾਰ ਹੈ ਜਿਸ ਨੂੰ ਵਾਹਿਗੁਰੂ ਜੀ ਦੀ ਪ੍ਰੀਤ ਹੋਵੇ। ਬਾਕੀ ਹੋਰ ਗੱਲਾਂ ਤਾਂ ਬੇਅੰਤ ਨੇ ਜਿਨ੍ਹਾਂ ਵਿਚ ਸਾਡਾ ਮਨ ਲੱਗਿਆ ਹੋਇਆ ਹੈ, ਪਿਆਰ ਵਿਚ ਨਹੀਂ ਲੱਗਿਆ। ਪਿਆਰ ਵਾਲੇ ਦੀ ਨਿਸ਼ਾਨੀ ਹੁੰਦੀ ਹੈ –

***ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।***
***ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।***

*ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ*
*ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।*

ਸੋ ਫੁਰਮਾਨ ਹੈ ਕਿ –

*ਰੋਮਿ ਰੋਮਿ ਮਨਿ ਤਨਿ ਇਕ ਬੇਦਨ ......॥* ਪੰਨਾ – 836

ਇਕ ਦਰਸ ਹੈ, ਇਕ ਪੀੜ ਹੈ ਮੇਰੇ ਮਨ ਤੇ ਤਨ ਦੇ ਅੰਦਰ ਤੇ ਰੋਮ ਰੋਮ ਵਿਚ –

*............... ਮੈ ਪ੍ਰਭ ਦੇਖੇ ਬਿਨੁ ਨੀਦ ਨ ਪਈਆ॥*
*ਬੈਦਕ ਨਾਟਿਕ ਦੇਖਿ ਭੁਲਾਨੇ ...............॥* ਪੰਨਾ – 836

ਡਾਕਟਰ, ਹਕੀਮ ਸਾਰੇ ਭੁਲ ਗਏ। ਕੋਈ ਪਤਾ ਨਹੀਂ ਲਗਦਾ ਕਿ ਕੀ ਹੋਇਆ ਇਨ੍ਹਾਂ ਨੂੰ –

*........ ਮੈ ਹਿਰਦੈ ਮਨਿ ਤਨਿ ਪ੍ਰੇਮ ਪੀਰ ਲਗਈਆ॥* ਪੰਨਾ – 836

ਉਨ੍ਹਾਂ ਨੂੰ ਕੀ ਪਤਾ ਹੈ –

*ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ॥* ਪੰਨਾ – 1279

*ਹਉ ਖਿਨੁ ਪਲੁ ਰਹਿ ਨ ਸਕਉ ਜਿਉ ਬਿਨੁ ਅਮਲੈ ਅਮਲੀ ਮਰਿ ਗਈਆ॥*
*ਜਿਨ ਕਉ ਪਿਆਸ ਹੋਇ ਪ੍ਰਭ ਕੇਰੀ...............॥* ਪੰਨਾ – 836

ਜਿਨ੍ਹਾਂ ਦੇ ਹਿਰਦੇ ਵਿਚ ਪਿਆਸ ਹੈ ਪ੍ਰਭੂ ਦੀ –

*..... ਤਿਨ੍ ਅਵਰੁ ਨ ਭਾਵੈ ਬਿਨੁ ਹਰਿ ਕੋ ਦੁਈਆ॥* ਪੰਨਾ – 836

ਹੋਰ ਕੋਈ ਭਾਉਂਦਾ ਹੀ ਨਹੀਂ ਉਨ੍ਹਾਂ ਨੂੰ। ਇਕੋ ਧੁਨ ਦੇ ਅੰਦਰ ਸਵਾਰ ਰਹਿੰਦੇ ਨੇ – ਚਾਹੇ ਦੁਨੀਆਂ ਦਾ ਪਿਆਰ ਹੋਵੇ, ਚਾਹੇ ਪ੍ਰਮੇਸ਼ਰ ਦਾ ਪਿਆਰ ਹੋਵੇ।

ਸੋ ਇਸ ਤਰ੍ਹਾਂ ਬੇ–ਵਸ ਹੋਏ ਹੋਏ ਆਪ ਬਾਰ–ਬਾਰ ਅਰਦਾਸਾਂ ਏਸ ਤਰ੍ਹਾਂ ਨਾਲ ਕਰਦੇ ਨੇ –

*ਧਾਰਨਾ – ਝੱਲਿਆ ਜਾਂਦਾ ਨਹੀਂ ਵਿਛੋੜਾ ਮੇਰੇ ਮਾਲਕਾ,*
*ਅੱਖੀਆਂ 'ਚੋਂ ਨੀਰ ਚੱਲਦੈ –2, 2.*
*ਮੇਰੇ ਸਾਹਿਬਾ, ਅੱਖੀਆਂ 'ਚੋਂ ਨੀਰ ਚਲਦੈ –2, 2.*
*ਝੱਲਿਆ ਜਾਂਦਾ ਨਹੀਂ ਵਿਛੋੜਾ ਮੇਰੇ ਮਾਲਕਾ.......–2*

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥* ਪੰਨਾ – 708

*ਧਾਰਨਾ – ਝੱਲਿਆ ਜਾਂਦਾ ਨਹੀਂ ਵਿਛੋੜਾ ਮੇਰੇ ਮਾਲਕਾ,*
*ਅੱਖੀਆਂ 'ਚੋਂ ਨੀਰ ਚਲਦੈ –2, 2.*

*ਚੰਦ ਚਕੋਰ ਪਰੀਤ ਹੈ, ਲਾਇ ਤਾਰ ਨਿਹਾਲੇ।*
*ਚਕਵੀ ਸੂਰਜ ਹੇਤ ਹੈ, ਮਿਲਿ ਹੋਨਿ ਸੁਖਾਲੇ।*
*ਨੇਹੁ ਕਵਲ ਜਲ ਜਾਣੀਐ, ਖਿੜਿ ਮੁਹ ਵੇਖਾਲੇ।*
*ਮੋਰ ਬਬੀਹੇ ਬੋਲਦੇ, ਵੇਖਿ ਬਦਲ ਕਾਲੇ।*
*ਨਾਰਿ ਭਤਾਰ ਪਿਆਰੁ ਹੈ, ਮਾਂ ਪੁਤ ਸਮਾਲੇ।*

*ਪੀਰ ਮੁਰੀਦਾ ਪਿਰਹੜੀ, ਓਹੁ ਨਿਬਹੈ ਨਾਲੇ॥* *ਭਾਈ ਗੁਰਦਾਸ ਜੀ ਦੀ ਵਾਰ 27/4*

*ਹਰਿ ਹਰਿ ਸਜਣੁ ਮੇਰਾ ਪ੍ਰੀਤਮੁ ਰਾਇਆ॥*
*ਕੋਈ ਆਣਿ ਮਿਲਾਵੈ ਮੇਰੇ ਪ੍ਰਾਣ ਜੀਵਾਇਆ॥* *ਪੰਨਾ - 94*

ਮੇਰੇ ਪ੍ਰਾਣਾਂ ਦੇ ਵਿਚ ਜਾਨ ਪੈ ਜਾਏਗੀ।

*ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ*
*ਮੈ ਨੀਰੁ ਵਹੇ ਵਹਿ ਚਲੈ ਜੀਉ॥* *ਪੰਨਾ - 94*

ਐਸੀ ਬਿਰਹੁੰ ਦੀ ਅਵਸਥਾ ਹੈ। ਪੂਰਨ ਗਿਆਨਵਾਨ ਨੇ ਸਾਧ ਸੰਗਤ ਜੀ! ਪੂਰਨ ਸ਼ਕਤੀਆਂ ਦੇ ਮਾਲਕ ਨੇ, ਗੁਰੂ ਸਰੂਪ ਨੇ; ਫੇਰ ਐਨਾ ਬਿਰਹਾ? ਗਿਆਨਵਾਨ ਵਿਚ ਵੀ ਬਿਰਹਾ ਹੁੰਦਾ ਹੈ? ਕਹਿੰਦੇ, ਹਾਂ! ਗਿਆਨਵਾਨ ਜਿਹੜਾ ਹੁੰਦਾ ਹੈ, ਉਹ ਰਸਿਕ ਬੈਰਾਗੀ ਹੁੰਦਾ ਹੈ। ਦੋ ਤਰ੍ਹਾਂ ਦੇ ਹੁੰਦੇ ਨੇ। ਇਕ ਤਾਂ ਖੁਸ਼ਕ ਹੁੰਦੇ ਨੇ, ਦੂਜੇ ਰਸਿਕ ਬੈਰਾਗੀ ਹੁੰਦੇ ਨੇ। ਮਹਾਰਾਜ ਜੀ ਕਹਿੰਦੇ, ਜਿਹੜਾ ਰਸਿਕ ਬੈਰਾਗੀ ਹੁੰਦਾ ਹੈ -

*ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥* *ਪੰਨਾ - 204*

ਰਸੀਏ ਪੁਰਸ਼ ਨਾਲ ਮੇਲ ਹੋਇਆ ਕਰਦਾ ਹੈ -

*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ॥*
*ਪੰਨਾ - 204*

ਕਰੋੜਾਂ ਜਨਮਾਂ ਦੀ ਸੁੱਤੀ ਹੋਈ ਹਉਮੈ ਦੀ ਨੀਂਦ ਵਿਚ 'ਸੁਰਤਿ' ਜੋ ਹੈ ਉਸ ਨੂੰ ਜਾਗ ਆ ਜਾਇਆ ਕਰਦੀ ਹੈ ਜੇ 'ਰਸਿਕ ਬੈਰਾਗੀ' ਪੁਰਸ਼ ਨਾਲ ਮੇਲ ਹੋ ਜਾਵੇ ਕਿਉਂਕਿ ਉਹ ਜੀਉਂਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਗੁਰੂ ਨਾਨਕ ਪਾਤਿਸ਼ਾਹ ਨੂੰ ਸੁਨੇਹੇ ਪਹੁੰਚ ਰਹੇ ਨੇ। ਦਿਨ ਬੀਤ ਗਏ, ਹਫਤੇ ਬੀਤ ਗਏ, ਮਹੀਨੇ ਬੀਤ ਗਏ। ਇਹ ਨਹੀਂ ਕਿ ਗੁਰੂ ਨਾਨਕ ਪਾਤਿਸ਼ਾਹ ਨੂੰ ਖਿੱਚ ਨਹੀਂ ਪੈਂਦੀ ਪਰ ਆਪ ਆ ਨਹੀਂ ਰਹੇ ਅਜੇ। ਮਹੀਨੇ ਬੀਤ ਗਏ, ਸਾਲ ਬੀਤਣ ਤੇ ਆ ਗਏ, ਉਸ ਵੇਲੇ ਗੁਰੂ ਨਾਨਕ ਪਾਤਿਸ਼ਾਹ ਭਾਈ ਸਧਾਰਨ ਨੂੰ ਕਹਿਣ ਲੱਗੇ ਕਿ ਭਾਈ ਸਧਾਰਨ! ਅੱਜ ਆਪਾਂ ਚੱਲਣਾ ਹੈ ਕਿਤੇ।

ਕਹਿੰਦੇ, "ਪਾਤਿਸ਼ਾਹ! ਕਿਥੇ ਚਲਣਾ ਹੈ?"

ਮਹਾਰਾਜ ਜੀ ਕਹਿੰਦੇ, "ਦਿਲ ਨੂੰ ਧੂਹ ਪੈ ਰਹੀ ਹੈ, ਹੁਣ ਨਹੀਂ ਠਹਿਰ ਸਕਦੇ ਅਸੀਂ ਥੋੜ੍ਹਾ ਜਿਹਾ ਚਿਰ ਵੀ। ਛੇਤੀ ਤਿਆਰ ਹੋ ਸਾਡੇ ਨਾਲ ਜਾਣ ਨੂੰ। ਭਾਈ ਧੀਰੋ ਨੂੰ ਵੀ ਨਾਲ ਲੈ ਲਓ।"

ਤਿੰਨ ਜਣੇ ਤੁਰੇ ਆਉਂਦੇ ਨੇ - ਕੋਈ ਸਵਾਰੀ ਨਹੀਂ, ਕੋਈ ਘੋੜਾ ਨਹੀਂ। ਸੇਧ ਕਰੀ ਹੋਈ ਹੈ ਤਪਿਆਣਾ ਸਾਹਿਬ 'ਖਡੂਰ ਸਾਹਿਬ' ਦੀ, ਪੈਦਲ ਚਲੇ ਆ ਰਹੇ ਨੇ। ਅਖੀਰ ਤਿੰਨੇ ਉਥੇ ਪਹੁੰਚ ਗਏ ਜਿਥੇ ਤਪਿਆਣੇ ਦੇ ਵਿਚ ਰੋੜਾਂ ਦੀ ਸੇਜ ਵਿਛਾਈ ਹੋਈ ਹੈ, ਚੌਕੜਾ ਮਾਰਿਆ ਹੋਇਆ ਹੈ, ਅਖੰਡ ਸਮਾਧੀ ਵਿਚ ਬੈਠੇ ਨੇ। ਗੁਰੂ ਨਾਨਕ ਪਾਤਿਸ਼ਾਹ ਨੇ ਦੇਖਿਆ ਕਿ ਅੰਗਦ ਜੀ ਦਾ ਸਰੀਰ ਤਾਂ ਪਿੰਜਰ ਬਣ ਗਿਆ। ਬੜੀ ਮਨ ਵਿਚ ਆਈ ਕਿ ਹੈਂ! ਪਰ ਜਦੋਂ ਮਸਤਕ ਵੱਲ ਦੇਖਿਆ ਤਾਂ ਜਿਵੇਂ ਸੂਰਜ ਚੜ੍ਹਿਆ ਹੁੰਦਾ ਹੈ, ਇਉਂ ਦਗ-ਦਗ ਕਰ ਰਿਹਾ ਹੈ ਮਸਤਕ। ਉਸ ਵੇਲੇ ਗੁਰੂ ਨਾਨਕ ਪਾਤਿਸ਼ਾਹ ਸਾਹਮਣੇ ਖੜ੍ਹੇ ਨੇ ਪਰ ਕੋਈ ਪਤਾ ਨਹੀਂ ਗੁਰੂ ਅੰਗਦ ਜੀ ਨੂੰ। ਜਿਸ ਸਰੂਪ ਦਾ ਅੰਦਰ ਧਿਆਨ ਧਰੀ ਬੈਠੇ ਸਨ, ਆਪ ਨੇ ਉਨ੍ਹਾਂ ਦਾ ਉਹ ਸਰੂਪ ਬਾਹਰ ਖਿਚ ਲਿਆ। ਬਾਹਰ ਖਿੱਚਣ ਦੀ ਦੇਰ ਸੀ, ਜਿਵੇਂ ਮੱਛੀ ਪਾਣੀ ਤੋਂ ਬਗੈਰ ਤੜਪਦੀ ਹੈ, ਇਉਂ ਤੜਪਣ ਲੱਗੇ, ਨੇਤਰ ਖੁੱਲ੍ਹੇ, ਹੈਰਾਨ ਹੋ ਗਏ ਕਿ ਮੇਰੇ ਸਤਿਗੁਰੂ ਤਾਂ ਸਾਹਮਣੇ ਖੜ੍ਹੇ ਨੇ। ਉਸ ਵੇਲੇ ਆਪ ਧਾਹ ਕੇ ਚਰਨਾਂ ਤੇ ਢਹਿ ਪਏ ਤੇ ਰੋ ਰੋ ਕੇ ਚਰਨ ਧੋ ਦਿੱਤੇ। ਉਸ ਅਵਸਥਾ ਨੂੰ ਭਾਈ ਗੁਰਦਾਸ ਜੀ ਨੇ 25 ਨੰਬਰ ਕਬਿੱਤ ਦੇ ਅੰਦਰ ਏਸ ਤਰ੍ਹਾਂ ਫੁਰਮਾਨ ਕੀਤਾ ਹੈ -

*ਧਾਰਨਾ - ਸੁਧ ਬੁਧ ਓ, ਦੋਵੇਂ ਭੁੱਲੀਆਂ -2, 2.*
*ਜਦੋਂ ਦਰਸ਼ ਗੁਰਾਂ ਦਾ ਕੀਤਾ -2, 2.*
*ਜਦੋਂ ਦਰਸ਼ ਗੁਰਾਂ ਦਾ ਕੀਤਾ ਪਿਆਰਿਓ,*
*ਦੋਵੇਂ ਭੁਲੀਆਂ,*
*ਸੁਧ ਬੁਧ ਓ, ਦੋਵੇਂ ਭੁੱਲੀਆਂ -2, 2.*

*ਦਰਸਨ ਦੇਖਤ ਹੀ ਸੁਧ ਕੀ ਨ ਸੁਧ ਰਹੀ,*
*ਬੁਧਿ ਕੀ ਨ ਬੁਧਿ ਰਹੀ, ਮਤਿ ਮੈ ਨ ਮਤਿ ਹੈ।*
*ਸੁਰਤਿ ਮੈ ਨ ਸੁਰਤਿ ਔ, ਧਯਾਨ ਮੈ ਨ ਧਯਾਨ ਰਹਯੋ,*
*ਗਯਾਨ ਮੈ ਨ ਗਯਾਨ ਰਹਯੋ, ਗਤਿ ਮੈ ਨ ਗਤਿ ਹੈ।* *ਕਬਿੱਤ ਭਾਈ ਗੁਰਦਾਸ ਜੀ 25*

ਸੱਤ ਸੁੱਧਾਂ ਹੁੰਦੀਆਂ ਨੇ। ਸਾਰੀ ਸੁਧ ਭੁਲ ਗਈ, ਸਾਰੀ ਬੁਧ ਭੁਲ ਗਈ। ਕੁਝ ਨਹੀਂ ਪਤਾ ਲਗਦਾ, ਕੋਈ ਗੱਲ ਕਹਿਣ ਨੂੰ ਕੋਲ ਨਹੀਂ ਹੈ ਕਿਉਂਕਿ ਮਿਲਾਪ ਦੀ ਅਵਸਥਾ ਫੁਰਨੇ ਰਹਿਤ ਹੁੰਦੀ ਹੈ, ਫੁਰਨਾ ਨਹੀਂ ਉਥੇ ਕੋਈ ਵੀ ਹੋਇਆ ਕਰਦਾ -

*ਧੀਰਜ ਕੋ ਧੀਰਜ ਗਰਬ ਕੋ ਗਰਬ ਗਯੋ,*
*ਰਤਿ ਮੈ ਨ ਰਤਿ ਰਹੀ ਪਤਿ ਰਤਿ ਪਤਿ ਹੈ।*
*ਅਦਭੁਤ ਪਰਮਦਭੁਤ ਬਿਸਮੈ ਬਿਸਮ,*
*ਅਸਚਰਜੈ ਅਸਚਰਜ, ਅਤਿ ਅਤ ਹੈ॥* *ਕਬਿੱਤ ਭਾਈ ਗੁਰਦਾਸ ਜੀ 25*

ਬੇਸੁਧੀ ਹੋ ਗਈ। ਗੁਰੂ ਨਾਨਕ ਪਾਤਿਸ਼ਾਹ ਨੇ ਉਠਾਇਆ, ਛਾਤੀ ਨਾਲ ਲਾਇਆ, ਪਿਆਰ ਦਿੱਤਾ, ਸਿਰ ਤੇ ਹੱਥ ਫੇਰਿਆ। ਕਹਿੰਦੇ, "ਐਨਾ ਸਰੀਰ ਕਮਜ਼ੋਰ ਹੋ ਗਿਆ?" ਰੋਜ਼ ਆਪ ਬਚਨ ਕਰਦੇ ਨੇ। ਪੂਰੇ ਦੋ ਮਹੀਨੇ ਗੁਰੂ ਨਾਨਕ ਪਾਤਿਸ਼ਾਹ ਤਿੰਨਾਂ ਸਿੱਖਾਂ ਦੇ ਨਾਲ ਤਪਿਆਣੇ ਸਾਹਿਬ ਰਹੇ। ਜਦੋਂ ਤੁਰਨ ਲਗਦੇ ਨੇ, ਆਪ ਦਾ ਵੈਰਾਗ ਛੁਟ ਜਾਂਦਾ ਹੈ, ਜਾ ਨਹੀਂ ਸਕਦੇ ਕਿਉਂਕਿ ਐਸਾ ਫੁਰਮਾਨ ਹੈ -

*ਧਾਰਨਾ - ਰੱਬ ਵੱਸ ਭਗਤਾਂ ਨੇ ਕੀਤਾ,*
*ਪਾ ਕੇ ਤੇ ਪ੍ਰੇਮ ਡੋਰੀਆਂ -2, 2.*
*ਮੇਰੇ ਪਿਆਰੇ, ਪਾ ਕੇ ਤੇ ਪ੍ਰੇਮ ਡੋਰੀਆਂ -2, 2.*
*ਰੱਬ ਵੱਸ ਭਗਤਾਂ ਨੇ ਕੀਤਾ,..... -2.*

*ਨਾ ਤੂ ਆਵਹਿ ਵਸਿ ਬਹੁਤੁ ਘਿਣਾਵਣੇ॥*
*ਨਾ ਤੂ ਆਵਹਿ ਵਸਿ ਬੇਦ ਪੜਾਵਣੇ॥*
*ਨਾ ਤੂ ਆਵਹਿ ਵਸਿ ਤੀਰਥਿ ਨਾਈਐ॥*
*ਨਾ ਤੂ ਆਵਹਿ ਵਸਿ ਧਰਤੀ ਧਾਈਐ॥*
*ਨਾ ਤੂ ਆਵਹਿ ਵਸਿ ਕਿਤੈ ਸਿਆਣਪੈ॥*
*ਨਾ ਤੂ ਆਵਹਿ ਵਸਿ ਬਹੁਤਾ ਦਾਨੁ ਦੇ॥*
*ਸਭੁ ਕੋ ਤੇਰੈ ਵਸਿ ਅਗਮ ਅਗੋਚਰਾ॥*
*ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ॥* *ਪੰਨਾ - 962*

ਵਸ ਕਰ ਲਿਆ ਗੁਰੂ ਨਾਨਕ ਸਾਹਿਬ ਨੂੰ। ਜਾ ਨਹੀਂ ਰਹੇ, ਪਿਛੇ ਸੰਗਤਾਂ ਉਡੀਕਦੀਆਂ ਨੇ। ਪਤਾ ਕਿਸੇ ਨੂੰ ਨਹੀਂ ਕਿ ਗੁਰੂ ਨਾਨਕ ਪਾਤਿਸ਼ਾਹ ਕਿਧਰ ਨੂੰ ਚਲੇ ਗਏ, ਦੱਸ ਕੇ ਨਹੀਂ ਆਏ। ਹਰ

ਰੋਜ਼ ਤੁਰਨ ਦੀ ਤਿਆਰੀ ਕਰਦੇ ਨੇ ਪਰ ਆਪ ਦਾ ਪਿਆਰ ਤੁਰਨ ਨਹੀਂ ਦਿੰਦਾ। ਪੂਰੇ ਦੋ ਮਹੀਨੇ ਗੁਰੂ ਨਾਨਕ ਪਾਤਿਸ਼ਾਹ ਗੁਰੂ ਅੰਗਦ ਸਾਹਿਬ ਦੇ ਕੋਲ ਠਹਿਰੇ। ਫੇਰ ਚਲੇ ਜਾਂਦੇ ਨੇ। ਕਈ ਮਹੀਨੇ ਲੰਘ ਗਏ, ਫੇਰ ਨਹੀਂ ਆਏ। ਉਵੇਂ ਜਿਵੇਂ ਪ੍ਰੇਮ ਦੀ ਡੋਰੀਆਂ, ਪ੍ਰੇਮ ਦੀਆਂ ਖਿੱਚਾਂ ਮਹਿਸੂਸ ਕਰਕੇ ਗੁਰੂ ਨਾਨਕ ਪਾਤਿਸ਼ਾਹ ਅੱਜ ਕਿਸੇ ਨੂੰ ਨਾਲ ਲੈ ਕੇ ਨਹੀਂ ਆ ਰਹੇ, ਇਕੱਲੇ ਹੀ ਤੁਰੇ ਆਉਂਦੇ ਨੇ – ਕੱਚੇ ਰਾਹਾਂ ਦੇ ਵਿਚ ਦੀ। ਸਿਧੇ ਤਪਿਆਣੇ ਸਾਹਿਬ ਆਉਂਦੇ ਨੇ ਤੇ ਪੰਦਰਾਂ ਦਿਨ ਫੇਰ ਰਹਿੰਦੇ ਨੇ।

ਉਸ ਤੋਂ ਬਾਅਦ ਕਹਿਣ ਲੱਗੇ, "ਅੰਗਦ ਜੀ! ਹੁਣ ਅਸੀਂ ਸਰੀਰ ਛੱਡਣਾ ਹੈ।"

ਕਹਿੰਦੇ, "ਪਾਤਿਸ਼ਾਹ! ਮੈਂ ਕਿਵੇਂ ਰਹਾਂਗਾ ਤੁਹਾਡੇ ਤੋਂ ਬਾਅਦ?" ਆਪ ਦਾ ਫੁਰਮਾਨ ਹੈ –

***ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥***
***ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ॥*** ***ਪੰਨਾ – 83***

ਮਹਾਰਾਜ ਜੀ ਕਹਿੰਦੇ, "ਨਹੀਂ! ਤੁਸੀਂ ਧਰਮ ਦਾ ਪੰਥ ਚਲਾਓ।"

ਕਹਿੰਦੇ, "ਹੁਣ ਮੈਨੂੰ ਆਗਿਆ ਹੈ ਮਹਾਰਾਜ?"

ਮਹਾਰਾਜ ਜੀ ਕਹਿੰਦੇ, "ਹਾਂ! ਤੁਸੀਂ ਉਸ ਦਿਨ ਆ ਜਾਇਓ ਪਰ ਉਥੇ ਨਹੀਂ ਠਹਿਰਨਾ, ਫੇਰ ਇਥੇ ਹੀ ਆ ਜਾਣਾ ਹੈ।"

ਸੋ ਗੁਰੂ ਨਾਨਕ ਪਾਤਿਸ਼ਾਹ ਚਲੇ ਜਾਂਦੇ ਨੇ। ਫੇਰ ਸਿੱਖ ਸੰਗਤਾਂ ਨੂੰ ਪਤਾ ਲੱਗਿਆ, ਸੰਗਤਾਂ ਆਉਣੀਆਂ ਸ਼ੁਰੂ ਹੋ ਗਈਆਂ। ਓਧਰ ਮੁਲਤਾਨ ਦੇ ਅੰਦਰ ਇਕ ਪੀਰ ਹੈ ਜਿਸ ਦਾ ਨਾਂ ਮਕਦੂਮ ਬਹਾਓਦੀਨ ਹੈ। ਉਹ ਇਕ ਦਿਨ ਬੈਠਾ ਰੋ ਰਿਹਾ ਹੈ, ਅੱਖਾਂ 'ਚੋਂ ਜਲ ਜਾਈ ਜਾਂਦਾ ਹੈ। ਮੁਰੀਦ ਇਕੱਠੇ ਹੋ ਗਏ ਕਿ ਅੱਜ ਕੀ ਗੱਲ ਹੈ, ਪੀਰ ਜੀ ਸਵੇਰ ਦੇ ਹੀ ਵੈਰਾਗ ਕਰਨ ਲੱਗੇ ਹੋਏ ਨੇ।

ਕਹਿਣ ਲੱਗੇ, "ਪੀਰ ਜੀ! ਕੀ ਗੱਲ ਹੈ? ਆਪ ਇਸ ਤਰ੍ਹਾਂ ਕਿਉਂ ਵੈਰਾਗ ਕਰ ਰਹੇ ਹੋ? ਸਾਨੂੰ ਦੱਸੋ ਅਸੀਂ ਕੋਈ ਸੇਵਾ ਕਰੀਏ, ਜੇ ਕਿਸੇ ਚੀਜ਼ ਦੀ ਲੋੜ ਹੈ ਉਹ ਦੱਸੋ; ਜੇ ਕੋਈ ਤਕਲੀਫ ਹੈ ਤਾਂ ਉਹ ਦੱਸੋ।"

ਕਹਿਣ ਲੱਗੇ, "ਕੀ ਦਸਣਾ ਹੈ ਤੁਹਾਨੂੰ?"

ਕਹਿੰਦੇ, "ਮਹਾਰਾਜ! ਫੇਰ ਵੀ ਦੱਸੋ।" ਏਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਥੋੜ੍ਹੇ ਦਿਨ ਹੋਰ ਰਹਿ ਗਏ ਵਿਚ ਦੁਨੀਆਂ ਦੇ,***
***ਸੱਦਾ ਦਰਗਾਹੋਂ ਆ ਗਿਆ –2, 2.***
***ਮੇਰੇ ਪਿਆਰੇ, ਸੱਦਾ ਦਰਗਾਹੋਂ ਆ ਗਿਆ–2, 2.***
***ਥੋੜ੍ਹੇ ਦਿਨ ਹੋਰ ਰਹਿ ਗਏ ਵਿਚ ਦੁਨੀਆਂ ਦੇ,... –2.***

ਕਹਿੰਦੇ, "ਪਿਆਰਿਓ! ਕੀ ਦੱਸੀਏ ਤੁਹਾਨੂੰ?"

***ਆਈ ਹੈ ਮੌਤ ਮੇਰੀ ਥੋੜ੍ਹੇ ਦਿਹਾੜੇ ਬਾਕੀ।***
***ਮਸਲੇ ਵਿਚਾਰ ਕਰਨੇ, ਵੇਲਾ ਰਿਹਾ ਨਾ ਕਾਈ।***

ਅਜੇ ਤਾਂ ਕੁਝ ਸਮਝਿਆ ਹੀ ਨਹੀਂ ਹੈ। ਭਜਨ ਨਹੀਂ ਕਰਿਆ, ਬੰਦਗੀ ਨਹੀਂ ਕਰੀ, ਮਸਲੇ ਨਹੀਂ ਵਿਚਾਰੇ। ਅੱਜ ਤੱਕ ਤਾਂ ਗਿਆਨ ਦੀ ਬਾਤ ਨਹੀਂ ਸਮਝੀ ਤੇ ਦਿਨ ਥੋੜ੍ਹੇ ਰਹਿ ਗਏ।"

ਮੁਰੀਦ ਕਹਿੰਦੇ, "ਫੇਰ ਸਾਨੂੰ ਕੁਝ ਹੁਕਮ ਕਰੋ।"

ਕਹਿੰਦੇ, "ਮੇਰੇ ਅੱਗੇ ਹਨ੍ਹੇਰਾ ਆ ਰਿਹਾ ਹੈ, ਹਨ੍ਹੇਰੇ 'ਚੋਂ ਲੰਘਦਿਆਂ ਮੈਨੂੰ ਬੜਾ ਡਰ ਲਗ ਰਿਹਾ ਹੈ।

ਇਉਂ ਕਰੋ, ਗੁਰੂ ਨਾਨਕ ਪਾਤਿਸ਼ਾਹ ਦੇ ਪਾਸ ਜਾਓ, ਮੇਰਾ ਸੁਨੇਹਾ ਲੈ ਜਾਓ – ਗੁਰੂ ਨਾਨਕ ਸਾਹਿਬ ਦੇ ਪਾਸ। ਉਨ੍ਹਾਂ ਨੇ ਸਚਖੰਡ ਵਿਚ ਜਾਣਾ ਹੈ ਥੋੜ੍ਹੇ ਦਿਨਾਂ ਵਿਚ ਤੇ ਮੈਨੂੰ ਨਾਲ ਲੈ ਚੱਲਣ। ਹਨ੍ਹੇਰੇ ਤੋਂ ਬਚ ਜਾਵਾਂ ਤੇ ਮੈਂ ਚਾਨਣੇ ਵਿਚ ਜਾਣਾ ਚਾਹੁੰਦਾ ਹਾਂ। ਕਿਸੇ ਆਲਮ ਨੂੰ ਲੈ ਆਓ, ਪੜ੍ਹੇ ਲਿਖੇ ਨੂੰ।" ਉਸ ਵੇਲੇ ਆਪ ਨੇ ਸੁਨੇਹਾ ਲਿਖਾਇਆ –

***ਅਸਾਂ ਜੋ ਲੱਦਣ ਲੱਦਿਆ, ਅਸਾਡੀ ਵੀ ਕਰ ਕਾਏ॥***

ਨਾਲ ਉਸ ਨੂੰ ਤਾਕੀਦ ਕੀਤੀ ਕਿ ਜਾਹ, ਇਸ ਦਾ ਜਵਾਬ ਲੈ ਕੇ ਆਵੀਂ। ਸੋ ਆਲਮ ਮੁਲਤਾਨ ਤੋਂ ਕਰਤਾਰਪੁਰ ਵੱਲ ਨੂੰ ਚਲਦਾ ਹੈ। ਪੁਛਦਾ ਪੁਛਾਉਂਦਾ ਤੁਰਿਆ ਆਉਂਦਾ ਹੈ ਕਿ ਕਿਹੜਾ ਰਸਤਾ ਜਾਂਦਾ ਹੈ। ਚਲਦੇ ਚਲਦੇ ਜਦੋਂ ਕਰਤਾਰਪੁਰ ਦੇ ਨੇੜੇ ਆਇਆ ਤਾਂ ਉਸ ਵੇਲੇ ਉਸ ਦੇ ਮਨ ਵਿਚ ਖਿਆਲ ਆਇਆ ਕਿ ਮੇਰਾ ਪੀਰ ਐਨੀਆਂ ਕਰਨੀਆਂ ਦਾ ਮਾਲਕ ਤੇ ਇਹ ਗੁਰੂ ਨਾਨਕ ਸਾਹਿਬ ਨੂੰ ਕਹਿੰਦਾ ਹੈ। ਕੀ ਇਹ ਹਿੰਦੂ ਲੋਕ ਵੀ ਚਲੇ ਜਾਂਦੇ ਨੇ ਸਚਖੰਡ ਦੇ ਅੰਦਰ? ਸਾਡੇ ਮਤ ਅਨੁਸਾਰ ਤਾਂ ਇਹ ਹੈ ਕਿ ਸਿਰਫ ਮੁਸਲਿਮ ਜਾ ਸਕਦੇ ਨੇ, ਹਿੰਦੂ ਨਹੀਂ ਜਾ ਸਕਦੇ ਪਰ ਪੀਰ ਨੂੰ ਜਦੋਂ ਪੁਛਿਆ ਸੀ ਤਾਂ ਪੀਰ ਕਹਿੰਦਾ ਸੀ, ਨਹੀਂ! ਇਹ ਤਾਂ ਸਾਰਿਆਂ ਤੋਂ ਵੱਡਾ ਹੈ –

***ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ॥ ਪੰਨਾ – 750***

ਉਸ ਵੇਲੇ ਉਹ ਦੋ ਮੀਲ ਬਾਹਰ ਬਹਿ ਗਿਆ ਕਿ ਜੇ ਸਭ ਤੋਂ ਵੱਡਾ ਹੈ ਤਾਂ ਜੇ ਆਪ ਬੁਲਾਏਗਾ ਤਾਂ ਜਾਵਾਂਗਾ। ਉਸ ਵੇਲੇ ਮਹਾਰਾਜ ਜੀ ਨੇ ਇਕ ਸਿੱਖ ਨੂੰ ਕਿਹਾ ਕਿ ਏਸ ਪਾਸੇ ਨੂੰ ਚਲਿਆ ਜਾਹ। ਰਾਵੀ ਦੇ ਕੰਢੇ, ਫਲਾਣੇ ਦਰਖਤ ਦੇ ਥੱਲੇ ਤੈਨੂੰ ਇਕ ਬੰਦਾ ਬੈਠਾ ਮਿਲੇਗਾ, ਉਹ ਮੁਲਤਾਨ ਤੋਂ ਆਇਆ ਹੈ, ਉਸ ਨੂੰ ਲੈ ਆ ਜਾ ਕੇ; ਉਸ ਨੂੰ ਕਹਿ ਕਿ ਬੁਲਾਉਂਦੇ ਨੇ ਤੈਨੂੰ। ਸੋ ਲੈ ਆਇਆ। ਜਦੋਂ ਉਸ ਨੇ ਰੁੱਕਾ ਗੁਰੂ ਪਾਤਿਸ਼ਾਹ ਦੇ ਚਰਨਾਂ ਵਿਚ ਰੱਖਿਆ, ਉਸ ਵੇਲੇ ਗੁਰੂ ਸਾਹਿਬ ਨੇ ਅਗੰਮ ਵਾਚਿਆ ਤੇ ਉਸ ਨੂੰ ਕਿਹਾ ਕਿ ਪ੍ਰੇਮੀਆਂ! ਜਾਹ, ਆਪਣੇ ਪੀਰ ਨੂੰ ਸਾਡਾ ਏਸ ਤਰ੍ਹਾਂ ਸੁਨੇਹਾ ਦੇ ਦੇ –

***ਧਾਰਨਾ – ਚੱਲਣ ਨੂੰ ਹੋ ਤਿਆਰ,***
***ਛੱਡ ਕੇ ਦੁਨੀਆਂ ਸੁਹਾਵਣੀ –2, 2.***
***ਦੁਨੀਆਂ ਸੁਹਾਵਣੀ, ਛੱਡ ਕੇ ਦੁਨੀਆਂ ਸੁਹਾਵਣੀ –2, 2.***
***ਚੱਲਣ ਨੂੰ ਹੋ ਤਿਆਰ,............... –2.***

***ਫਰੀਦਾ ਪੰਖ ਪਰਾਹੁਣੀ ਦੁਨੀ ਸੁਹਾਵਾ ਬਾਗੁ॥***
***ਨਉਬਤਿ ਵਜੀ ਸੁਬਹ ਸਿਉ ਚਲਣ ਕਾ ਕਰਿ ਸਾਜੁ॥ ਪੰਨਾ – 1382***

ਕਹਿੰਦੇ, "ਪ੍ਰੇਮੀਆਂ! ਪੀਰ ਨੇ ਭੇਜਿਆ ਹੈ? ਰੁੱਕਾ ਫੜਾ ਸਾਡੇ ਕੋਲ।"

ਉਸ ਵੇਲੇ ਮਹਾਰਾਜ ਜੀ ਕਹਿੰਦੇ, "ਭਾਈ! ਉਸ ਨੂੰ ਸੁਨੇਹਾ ਦੇ ਦੇ ਸਾਡੇ ਵਲੋਂ ਕਿ ਉਥੇ ਜਾਣ ਦਾ ਦੁਖ ਨਹੀਂ ਹੋਇਆ ਕਰਦਾ। ਦੁਖ ਹੋਇਆ ਕਰਦਾ ਹੈ –

***ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ॥***
***ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥ ਪੰਨਾ – 1365***

ਪਰ ਦੁਖ ਕਿਸ ਨੂੰ ਹੁੰਦਾ ਹੈ? ਜਿਹੜੇ ਇਥੇ ਭੁਲੇ ਰਹਿੰਦੇ ਨੇ। ਭੋਗਾਂ ਦੇ ਅੰਦਰ, ਝੂਠੀਆਂ ਖੁਸ਼ੀਆਂ ਦੇ ਅੰਦਰ, ਝੂਠੀਆਂ ਜਾਇਦਾਦਾਂ ਦੇ ਅੰਦਰ, ਝੂਠੇ ਰਿਸ਼ਤਿਆਂ ਦੇ ਅੰਦਰ ਜਿਹੜੇ ਫਸਦੇ ਨੇ, ਮਹਾਰਾਜ ਜੀ ਕਹਿੰਦੇ, ਇਥੇ ਤਾਂ ਇਹ ਬਹੁਤ ਸੋਹਣੇ ਲਗਦੇ ਨੇ ਪਰ ਜਦੋਂ ਅੱਗੇ ਜਾਂਦੇ ਨੇ, ਉਥੇ ਫੇਰ ਦੁਖ ਦਿੰਦੀਆਂ ਨੇ ਇਹ ਚੀਜ਼ਾਂ –

***ਧਾਰਨਾ – ਅੱਗੇ ਦੁਖ ਬਣਦੇ ਨੇ, ਇਥੇ ਦੇ ਭੋਗ ਬਿਲਾਸੇ –2, 2.***
***ਇਥੇ ਦੇ ਭੋਗ ਬਿਲਾਸੇ –2, 2.***

*ਅੱਗੇ ਦੁਖ ਬਣਦੇ ਨੇ,................. -2.*

ਕਹਿਣ ਲੱਗੇ, "ਪ੍ਰੇਮੀਆਂ! ਮੌਤ ਤੋਂ ਡਰ, ਤਾਂ ਲਗਦਾ ਹੈ ਜੇ ਇਥੇ ਭੋਗਾਂ ਤੇ ਵਿਲਾਸਾਂ ਦੇ ਅੰਦਰ, ਮੇਰਾਂ ਦੇ ਅੰਦਰ, ਅਪਣੱਤਾਂ ਦੇ ਅੰਦਰ ਜ਼ਿੰਦਗੀ ਗੁਜ਼ਾਰੀ ਹੋਵੇ ਤਾਂ ਅੱਗੇ ਜਾ ਕੇ ਦੁਖ ਬਣ ਜਾਂਦੇ ਨੇ।"

*ਰਸਿ ਚੁਗਹਿ ਮਨਮੁਖਿ ਗਾਵਾਰਿ॥*
*ਫਾਥੀ ਛੂਟਹਿ ਗੁਣ ਗਿਆਨ ਬੀਚਾਰਿ॥*
*ਸਤਿਗੁਰੁ ਸੇਵਿ ਤੂਟੈ ਜਮਕਾਲੁ॥*
*ਹਿਰਦੈ ਸਾਚਾ ਸਬਦੁ ਸਮ੍ਹਾਲੁ॥*
*ਗੁਰਮਤਿ ਸਾਚੀ ਸਬਦੁ ਹੈ ਸਾਰੁ॥*
*ਹਰਿ ਕਾ ਨਾਮੁ ਰਖੈ ਉਰਿ ਧਾਰਿ॥*
*ਸੇ ਦੂਖੁ ਆਗੈ ਜਿ ਭੋਗ ਬਿਲਾਸੇ॥*
*ਨਾਨਕ ਮੁਕਤਿ ਨਹੀ ਬਿਨੁ ਨਾਵੈ ਸਾਚੇ॥ ਪੰਨਾ - 1276*

ਮਹਾਰਾਜ ਜੀ ਫੁਰਮਾਉਂਦੇ ਨੇ ਕਿ ਬਗੈਰ ਨਾਮ ਤੋਂ ਫੇਰ ਮੁਕਤੀ ਨਹੀਂ ਹੁੰਦੀ ਤੇ ਭੋਗ ਬਿਲਾਸ ਉਥੇ ਜਾ ਕੇ ਦੁਖ ਬਣ ਜਾਂਦੇ ਨੇ। ਮਹਾਰਾਜ ਜੀ ਨੇ ਉਸ ਦਾ ਰੁਕਾ ਪੜ੍ਹਿਆ, ਪੜ੍ਹ ਕੇ ਮਹਾਰਾਜ ਜੀ ਕਹਿੰਦੇ, "ਲਿਖੋ ਭਾਈ ਜਵਾਬ ਇਸ ਦਾ।" ਉਸ ਵੇਲੇ ਮਹਾਰਾਜ ਜੀ ਨੇ ਇਸ ਤਰ੍ਹਾਂ ਜਵਾਬ ਲਿਖਾ ਦਿੱਤਾ-

*ਧਾਰਨਾ - ਜੋ ਕਰਿਆ ਸੋ ਚਲਸੀ, ਸਭਨਾ ਹੁਕਮ ਰਜਾਏ -2, 2.*
*ਸਭਨਾ ਹੁਕਮ ਰਜਾਏ -4, 2.*
*ਜੋ ਕਰਿਆ ਸੋ ਚਲਸੀ,............... -2.*

ਤੇ ਨਾਲ ਸੁਨੇਹਾ ਦੇ ਦਿੱਤਾ, ਕਹਿੰਦੇ, "ਲੈ ਪ੍ਰੇਮੀਆਂ! ਇਹ ਵੀ ਸੁਨੇਹਾ ਲੈ ਜਾ ਤੇ ਦੂਸਰਾ ਇਹ ਸੁਨੇਹਾ ਜ਼ੁਬਾਨੀ ਲੈ ਜਾ।"

*ਧਾਰਨਾ - ਸਦਾ ਬੈਠ ਨਾ ਕਿਸੇ ਨੇ ਇਥੇ ਰਹਿਣਾ,*
*ਕਰ ਲੈ ਤਿਆਰੀ ਜਾਣ ਦੀ -2, 2.*
*ਮੇਰੇ ਪਿਆਰੇ, ਕਰ ਲੈ ਤਿਆਰੀ ਜਾਣ ਦੀ -2, 2.*
*ਸਦਾ ਬੈਠ ਨਾ ਕਿਸੇ ਨੇ ਇਥੇ ਰਹਿਣਾ,.. -2.*

*ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ॥*
*ਹਰਿ ਕਾ ਨਾਮੁ ਊਹਾ ਸੰਗਿ ਤੋਸਾ॥*
*ਜਿਹ ਪੈਡੈ ਮਹਾ ਅੰਧ ਗੁਬਾਰਾ॥*
*ਹਰਿ ਕਾ ਨਾਮੁ ਸੰਗਿ ਉਜੀਆਰਾ॥*
*ਜਹਾ ਪੰਥਿ ਤੇਰਾ ਕੋ ਨ ਸਿਞਾਨੂ॥*
*ਹਰਿ ਕਾ ਨਾਮੁ ਤਹ ਨਾਲਿ ਪਛਾਨੂ॥*
*ਜਹ ਮਹਾ ਭਇਆਨ ਤਪਤਿ ਬਹੁ ਘਾਮ॥*
*ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ॥*
*ਜਹਾ ਤ੍ਰਿਖਾ ਮਨ ਤੁਝੁ ਆਕਰਖੈ॥*
*ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ॥ ਪੰਨਾ - 264*

ਉਸ ਨੂੰ ਕਹਿ ਕਿ ਤਿਆਰੀ ਕਰ ਲਵੇ -

*ਗੋਇਲਿ ਆਇਆ ਗੋਇਲੀ ਕਿਆ ਤਿਸੁ ਡੰਫੁ ਪਸਾਰੁ॥ ਪੰਨਾ - 50*

ਡੰਗਰ ਚਾਰਨ ਵਾਲਾ ਚਰਵਾਹਾ ਪਸ਼ੂ ਲੈ ਕੇ ਬਰਸਾਤਾਂ ਦੇ ਦਿਨਾਂ ਵਿਚ ਚਲਿਆ ਗਿਆ, ਦਰਿਆ ਦੇ ਕੰਢੇ ਬੇਅੰਤ ਘਾਹ ਹੁੰਦਾ ਹੈ। ਕਹਿੰਦੇ, ਉਹ ਉਥੇ ਕੀ ਪਸਾਰਾ ਕਰ ਲਏਗਾ?

*ਮੁਹਲਤਿ ਪੁੰਨੀ ਚਲਣਾ ਤੂੰ ਸੰਮਲੁ ਘਰ ਬਾਰੁ॥*
*ਹਰਿ ਗੁਣ ਗਾਉ ਮਨਾ ਸਤਿਗੁਰੁ ਸੇਵਿ ਪਿਆਰਿ॥*
*ਕਿਆ ਥੋੜੜੀ ਬਾਤ ਗੁਮਾਨੁ॥* *ਪੰਨਾ - 50*

ਕਿੰਨੇ ਕੁ ਚਿਰ ਵਾਸਤੇ ਆਇਆ ਹੈ - ਕੋਈ ਪੰਜਾਹ ਸਾਲ, ਕੋਈ ਸੱਠ ਸਾਲ, ਕੋਈ ਸੱਤਰ, ਕੋਈ ਪੰਝਤਰ, ਕੋਈ ਅੱਸੀ ਸਾਲ ਵਾਸਤੇ -

*ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ॥*
*ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ॥* *ਪੰਨਾ - 254*

*ਜੈਸੇ ਰੈਣਿ ਪਰਾਹੁਣੇ ਉਠਿ ਚਲਸਹਿ ਪਰਭਾਤਿ॥*
*ਕਿਆ ਤੂੰ ਰਤਾ ਗਿਰਸਤ ਸਿਉ ਸਭ ਫੁਲਾ ਕੀ ਬਾਗਾਤਿ॥* *ਪੰਨਾ - 50*

ਕਾਹਨੂੰ ਇਨ੍ਹਾਂ ਗੱਲਾਂ ਵਿਚ ਤੂੰ ਫਸ ਗਿਆ ਪ੍ਰੇਮੀਆਂ!

*ਮੇਰੀ ਮੇਰੀ ਕਿਆ ਕਰਹਿ ਜਿਨਿ ਦੀਆ ਸੋ ਪ੍ਰਭੁ ਲੋੜਿ॥*
*ਸਰਪਰ ਉਠੀ ਚਲਣਾ ਛਡਿ ਜਾਸੀ ਲਖ ਕਰੋੜਿ॥*
*ਪੰਨਾ - 50*

*ਲਖ ਚਉਰਾਸੀਹ ਭ੍ਰਮਤਿਆ ਦੁਲਭ ਜਨਮੁ ਪਾਇਓਇ॥*
*ਨਾਨਕ ਨਾਮੁ ਸਮਾਲਿ ਤੂੰ ਸੋ ਦਿਨੁ ਨੇੜਾ ਆਇਓਇ॥* *ਪੰਨਾ - 50*

ਉਹ ਕਹਿੰਦਾ, ਪਾਤਿਸ਼ਾਹ! ਉਹ ਤਾਂ ਕਹਿੰਦੇ ਸੀ ਕਿ ਗੁਰੂ ਨਾਨਕ ਪਾਤਿਸ਼ਾਹ ਮੈਨੂੰ ਨਾਲ ਲੈ ਜਾਣ।"

ਕਹਿੰਦੇ, "ਦੇਖ ਪ੍ਰੇਮੀਆਂ! ਸਾਡੇ ਵੀ ਹੁਣ ਗਿਣਵੇਂ ਦਿਨ ਰਹਿ ਗਏ ਨੇ।" ਏਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ -

*ਧਾਰਨਾ - ਦਿਨ ਥੋੜ੍ਹੇ ਰਹਿ ਗਏ,*
*ਭਇਆ ਪੁਰਾਣਾ ਚੋਲਾ -2, 2.*
*ਧਨੁ ਜੋਬਨੁ ਅਰੁ ਫੁਲੜਾ -2, 2.*
*ਨਾਠੀਅੜੇ ਦਿਨ ਚਾਰਿ -2, 2.*
*ਦਿਨ ਥੋੜ੍ਹੇ ਰਹਿ ਗਏ,.............. -2.*

*ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ॥*
*ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ॥*
*ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨੁ ਨਉ ਹੁਲਾ॥*
*ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ॥*
*ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ॥*
*ਹੰਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ॥* *ਪੰਨਾ - 23*

ਸੋ ਏਸ ਤਰ੍ਹਾਂ ਦੇ ਨਾਲ ਆਪ ਫੁਰਮਾਨ ਕਰਦੇ ਨੇ -

*ਧਾਰਨਾ - ਨਿੱਤ ਪੇਕੀਂ ਰਹਿਣਾ ਨਹੀਂ,*
*ਕਰ ਲੈ ਸਹੁਰੇ ਜਾਣ ਦੀ ਤਿਆਰੀ -2, 4*

*ਕੀ ਨ ਸੁਣੇਹੀ ਗੋਰੀਏ ਆਪਣ ਕੰਨੀ ਸੋਇ॥*
*ਲਗੀ ਆਵਹਿ ਸਾਹੁਰੈ ਨਿਤ ਨ ਪੇਈਆ ਹੋਇ॥*
*ਨਾਨਕ ਸੁਤੀ ਪੇਈਐ ਜਾਣੁ ਵਿਰਤੀ ਸੰਨਿ॥*
*ਗੁਣਾ ਗਵਾਈ ਗੰਠੜੀ ਅਵਗਣ ਚਲੀ ਬੰਨਿ॥* *ਪੰਨਾ - 23*

ਗੁਣਾਂ ਦੀ, ਸਤਿ ਦੀ, ਧਰਮ ਦੀ, ਸੰਤੋਖ ਦੀ, ਦਇਆ ਦੀ, ਧੀਰਜ ਦੀ ਗਠੜੀ ਗਵਾ ਲਈ। ਪੰਜਾਂ ਚੋਰਾਂ ਨੇ ਲੁੱਟ ਲਈ ਕਿਉਂਕਿ ਸੁੱਤੀ ਪਈ ਹੈ ਇਥੇ ਆ ਕੇ, ਪਤਾ ਨਹੀਂ ਕਿ ਇਥੋਂ ਜਾਣਾ ਵੀ ਹੈ। ਰੋਜ਼ ਨਹੀਂ ਪੇਕੀਂ ਰਹਿ ਹੁੰਦਾ, ਸਹੁਰੇ ਜਾਣਾ ਹੀ ਪੈਂਦਾ ਹੈ ਜਿੰਦ ਨੂੰ। ਸੋ ਮਹਾਰਾਜ ਜੀ ਕਹਿੰਦੇ ਕਿ ਸਾਡਾ ਸੁਨੇਹਾ ਇਹ ਪੀਰ ਨੂੰ ਜਾ ਕੇ ਦੇ ਦੇਵੀਂ। ਕਹਿ ਦੇਵੀਂ ਕਿ ਚਾਲੀ ਦਿਨ ਠਹਿਰ ਜਾਵੇ ਤੇ ਚਾਲੀਵੇਂ ਨੂੰ ਅਸੀਂ ਵੀ ਚਲਣਾ ਹੈ।

ਇਕ ਦਿਨ ਗੁਰੂ ਨਾਨਕ ਪਾਤਿਸ਼ਾਹ ਭਾਈ ਕਮਲੀਏ ਨੂੰ ਕਹਿਣ ਲੱਗੇ, "ਭਾਈ ਕਮਲੀਆ! ਆਹ ਮੱਝਾਂ ਭੁੱਖੀਆਂ ਲਗਦੀਆਂ ਨੇ ਮੈਨੂੰ, ਤੂੰ ਘਾਹ ਨਹੀਂ ਪਾਇਆ ਅੱਜ?"

ਕਹਿੰਦਾ, "ਪਾਤਿਸ਼ਾਹ! ਮੈਨੂੰ ਅੱਜ ਹੋਰ ਕੰਮ ਰਹੇ ਨੇ, ਮੈਂ ਅਜੇ ਪੱਠੇ ਲਿਆ ਨਹੀਂ ਸਕਿਆ।"

ਕਹਿੰਦੇ, "ਜਾਹ, ਘਾਹ ਲੈ ਕੇ ਆ।"

ਪੱਲੀ ਲੈ ਲਈ, ਖੁਰਪਾ ਲੈ ਲਿਆ, ਘਾਹ ਲੈਣ ਵਾਸਤੇ ਚਲ ਪੈਂਦੇ ਨੇ। ਜਿਧਰ ਘਾਹ ਵੱਡਾ ਵੱਡਾ ਹੈ, ਉਥੇ ਜਾ ਕੇ ਕੀ ਦੇਖਦੇ ਨੇ ਕਿ ਤਿੰਨ ਜੋਗੀ ਖੜ੍ਹੇ ਨੇ। ਬੜੇ ਹੀ ਅਲੌਕਿਕ ਉਨ੍ਹਾਂ ਦੇ ਚਿਹਰੇ ਮੋਹਰੇ ਨੇ।

ਉਨ੍ਹਾਂ ਨੇ ਇਸ ਨੂੰ ਪੁਛਿਆ, "ਪ੍ਰੇਮੀਆਂ! ਤੂੰ ਗੁਰੂ ਨਾਨਕ ਸਾਹਿਬ ਨੂੰ ਜਾਣਦਾ ਹੈਂ?"

ਕਹਿੰਦਾ, "ਹਾਂ ਜੀ! ਮੈਂ ਤਾਂ ਉਨ੍ਹਾਂ ਦਾ ਸਿੱਖ ਹਾਂ, ਮੈਂ ਉਥੋਂ ਹੀ ਆਇਆ ਹਾਂ।"

ਕਹਿੰਦੇ, "ਸਾਡਾ ਸੁਨੇਹਾ ਦੇ ਦੇ ਗੁਰੂ ਨਾਨਕ ਪਾਤਿਸ਼ਾਹ ਨੂੰ।"

ਕਹਿੰਦਾ, "ਮਹਾਰਾਜ! ਮੇਰੀਆਂ ਮੱਝਾਂ ਬਹੁਤ ਭੁੱਖੀਆਂ ਨੇ। ਮੈਨੂੰ ਗੁਰੂ ਨਾਨਕ ਪਾਤਿਸ਼ਾਹ ਨੇ ਹੀ ਭੇਜਿਆ ਹੈ ਤੇ ਮੈਂ ਘਾਹ ਖੋਤ ਲੈਂਦਾ ਹਾਂ, ਪੰਡ ਲੈ ਜਾਵਾਂਗਾ, ਨਾਲ ਹੀ ਤੁਹਾਡਾ ਸੁਨੇਹਾ ਲੈ ਜਾਵਾਂਗਾ।"

ਕਹਿੰਦੇ, "ਨਾ! ਸਾਡਾ ਸੁਨੇਹਾ ਜ਼ਰੂਰੀ ਹੈ। ਲਿਆ ਘਾਹ ਨਾਲ ਅਸੀਂ ਤੇਰੀ ਪੰਡ ਭਰ ਦਿੰਦੇ ਹਾਂ।"

ਇਕ ਘਾਹ ਦਾ ਤਿਣਕਾ ਪੁੱਟ ਕੇ ਧਰਤੀ ਤੇ ਸੁੱਟ ਦਿੱਤਾ, ਬਹੁਤ ਵੱਡਾ ਢੇਰ ਲੱਗ ਗਿਆ।

ਕਹਿੰਦੇ, "ਲੈ, ਭਰ ਲੈ ਜਿੰਨਾ ਭਰਨਾ ਹੈ।"

ਘਾਹ ਦੀ ਪੰਡ ਭਰ ਲਈ। ਕਹਿੰਦਾ, "ਲਿਆਓ ਮਹਾਰਾਜ ਸੁਨੇਹਾ।" ਸੁਆਹ ਦੀ ਚੁਟਕੀ ਉਸ ਦੇ ਹੱਥ ਵਿਚ ਫੜਾ ਦਿੱਤੀ। ਵਾਪਸ ਆ ਗਿਆ। ਗੁਰੂ ਨਾਨਕ ਪਾਤਿਸ਼ਾਹ ਉਥੇ ਹੀ ਬੈਠੇ ਨੇ।

ਕਹਿੰਦੇ, "ਕਮਲੀਆ! ਬਹੁਤ ਛੇਤੀ ਆ ਗਿਆ ਤੂੰ ਤਾਂ। ਆਹ ਘਾਹ ਕੱਟਿਆ ਕਟਾਇਆ ਤਾਂ ਨਹੀਂ ਚੁਕ ਲਿਆਇਆ ਕਿਸੇ ਦਾ?"

ਕਹਿਣ ਲੱਗਿਆ, "ਨਹੀਂ ਮਹਾਰਾਜ! ਮੈਂ ਤਾਂ ਹੈਰਾਨ ਹਾਂ।"

ਕਹਿੰਦੇ, "ਕੀ ਗੱਲ?"

ਕਹਿੰਦਾ, "ਮੈਨੂੰ ਜੰਗਲ ਵਿਚ ਤਿੰਨ ਜੋਗੀ ਮਿਲੇ। ਬੜੇ ਹੀ ਸੁਹਾਵਣੇ ਉਨ੍ਹਾਂ ਦੇ ਚਿਹਰੇ, ਤੇ ਮਹਾਰਾਜ!

ਮੈਨੂੰ ਕਹਿਣ ਲੱਗੇ ਕਿ ਤੂੰ ਗੁਰੂ ਨਾਨਕ ਸਾਹਿਬ ਨੂੰ ਜਾਣਦਾ ਹੈਂ? ਮੈਂ ਕਿਹਾ ਕਿ ਮੈਂ ਤਾਂ ਉਨ੍ਹਾਂ ਦਾ ਹੀ ਭੇਜਿਆ ਹੋਇਆ ਆਇਆ ਹਾਂ। ਕਹਿੰਦੇ, ਫੇਰ ਸਾਡਾ ਸੁਨੇਹਾ ਲੈ ਜਾ, ਤੇ ਮੈਂ ਕਿਹਾ ਕਿ ਮੈਂ ਘਾਹ ਲੈ ਕੇ ਜਾਊਂਗਾ। ਮਹਾਰਾਜ! ਉਨ੍ਹਾਂ ਨੇ ਇਕ ਤਿੜ੍ਹ (ਘਾਹ ਦਾ ਤਿਣਕਾ) ਪੁੱਟ ਕੇ ਰੱਖ ਦਿੱਤਾ ਤੇ ਉਥੇ ਢੇਰ ਲੱਗ ਗਿਆ ਮੇਰੀ ਪੰਡ ਭਰ ਗਈ ਸਾਰੀ, ਤਾਂ ਹੀ ਮੈਂ ਅੱਜ ਐਡੀ ਪੰਡ ਛੇਤੀ ਦੇ ਕੇ ਲੈ ਆਇਆਂ।"

ਮਹਾਰਾਜ ਜੀ ਕਹਿੰਦੇ, "ਲਿਆ ਭਾਈ ਸੁਨੇਹਾ।"

ਕਹਿੰਦਾ, "ਸੱਚੇ ਪਾਤਿਸ਼ਾਹ! ਆਹ ਪੁੜੀ ਵਿਚ ਹੈ, ਪਤਾ ਨਹੀਂ ਕੀ ਬੰਨ੍ਹਿਆਂ ਹੋਇਆ ਹੈ। ਉਸ ਨੇ ਪੁੜੀ ਦੇ ਦਿੱਤੀ। ਗੁਰੂ ਨਾਨਕ ਪਾਤਿਸ਼ਾਹ ਨੇ ਪੁੜੀ ਖੋਲ੍ਹ ਕੇ ਦੇਖੀ ਤੇ ਚੁਪ ਹੋ ਗਏ। ਆਪ ਹੈਰਾਨ ਹੁੰਦਾ ਹੈ ਤੇ ਭਾਈ ਸਧਾਰਨ ਵੀ ਆ ਗਿਆ ਕਿ ਕੀ ਸੁਨੇਹਾ ਦਿੱਤਾ ਹੈ ਜੋਗੀਆਂ ਨੇ? ਭਾਈ ਧੀਰੂ ਵੀ ਆ ਗਿਆ, ਬਾਬਾ ਬੁਢਾ ਜੀ ਵੀ ਆ ਗਏ, ਹੋਰ ਵੀ ਆ ਗਏ ਕਿ ਜੋਗੀਆਂ ਨੇ ਕੋਈ ਸੁਨੇਹਾ ਦਿੱਤਾ ਹੈ ਗੁਰੂ ਨਾਨਕ ਪਾਤਿਸ਼ਾਹ ਨੂੰ।

ਕਹਿੰਦੇ, "ਪਾਤਿਸ਼ਾਹ! ਸਾਨੂੰ ਵੀ ਕੁਝ ਪਤਾ ਲੱਗ ਸਕਦਾ ਹੈ ਕਿ ਕੀ ਸੁਨੇਹਾ ਦਿੱਤਾ ਹੈ?"

ਮਹਾਰਾਜ ਜੀ ਏਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਸਚਖੰਡ ਤੋਂ ਸੁਨੇਹਾ ਆ ਗਿਆ,***
***ਲਿਖਿਆ ਨਾ ਲੇਖ ਮਿਟਣਾ –2, 2.***
***ਮੇਰੇ ਪਿਆਰੇ, ਲਿਖਿਆ ਨਾ ਲੇਖ ਮਿਟਣਾ –2, 2.***
***ਸਚਖੰਡ ਤੋਂ ਸੁਨੇਹਾ ਆ ਗਿਆ,.....–2.***

ਮਹਾਰਾਜ ਜੀ ਕਹਿੰਦੇ, "ਬੁਢਾ ਜੀ! ਇਹ ਤਿੰਨੇ ਦੇਵਤੇ ਬ੍ਰਹਮਾ, ਵਿਸ਼ਨੂੰ ਤੇ ਮਹੇਸ਼, ਨਿਰੰਕਾਰ ਜੀ ਦਾ ਸੁਨੇਹਾ ਲੈ ਕੇ ਆਏ ਨੇ ਤੇ ਹੁਣ ਸਾਡੇ ਚੱਲਣ ਦੀ ਤਿਆਰੀ ਕਰੋ।"

***ਲਿਖਿਅੜਾ ਲੇਖੁ ਨ ਮੇਟੀਐ ਦਰਿ ਹਾਕਾਰੜਾ ਆਇਆ ਹੈ॥***
***ਪੰਨਾ – 582***

ਕਹਿੰਦੇ, ਉਤੋਂ ਸੱਦਾ ਆ ਗਿਆ ਸਾਨੂੰ –

***ਹਾਕਾਰਾ ਆਇਆ ਜਾ ਤਿਸੁ ਭਾਇਆ ਰੁੰਨੇ ਰੋਵਣਹਾਰੇ॥ ਪੰਨਾ – 582***

ਐਨੀ ਗੱਲ ਸੁਣਦੇਸਾਰ ਕਹਿੰਦੇ, ਚੰਗੇ ਭਲੇ, ਗੱਲ ਕਰਦੇ, ਕੋਈ ਬਿਮਾਰੀ ਨਹੀਂ ਹੈ; ਅਚਾਨਕ ਹੀ? ਇਹ ਸਾਰਾ ਕੌਤਕ ਇਸੇ ਵਾਸਤੇ ਕਰ ਰਹੇ ਸੀ ਗੁਰੂ ਅੰਗਦ ਸਾਹਿਬ ਨੂੰ ਆਪਣੇ ਥਾਂ ਬਿਠਾਉਣ ਦਾ ਕਿ ਤਿਆਰੀਆਂ ਖਿੱਚ ਲਈਆਂ? ਉਸ ਵੇਲੇ ਬਾਰ ਬਾਰ, ਬਾਰ ਬਾਰ ਬੇਨਤੀਆਂ ਕਰਦੇ ਨੇ ਕਿ ਸੱਚੇ ਪਾਤਿਸ਼ਾਹ! ਤੁਸੀਂ ਤਾਂ ਸਮਰੱਥ ਹੋ, ਸਰੀਰ ਤੁਹਾਡਾ ਤਕੜਾ ਹੈ, ਤੁਸੀਂ ਨਾ ਜਾਓ।

ਮਹਾਰਾਜ ਜੀ ਕਹਿੰਦੇ, "ਜਦੋਂ ਤੋਂ ਸੰਸਾਰ ਬਣਿਆਂ ਹੈ, ਓਦੋਂ ਤੋਂ ਪਾਰਬ੍ਰਹਮ ਦੀ ਜੋ ਲੀਲ੍ਹਾ ਹੈ, ਉਸ ਨੂੰ ਸਮਝੋ।"

***ਧਾਰਨਾ – ਇਥੇ ਬੈਠ ਨਾ ਕਿਸੇ ਨੇ ਰਹਿਣਾ,***
***ਜੱਗ ਮੇਲਾ ਚੰਦ ਰੋਜ਼ ਦਾ –2, 2.***
***ਮੇਰੇ ਪਿਆਰੇ, ਜੱਗ ਮੇਲਾ ਚੰਦ ਰੋਜ਼ ਦਾ –2, 2.***
***ਇਥੇ ਬੈਠ ਨਾ ਕਿਸੇ ਰਹਿਣਾ,......... –2.***

***ਏਕ ਸ਼ਿਵ ਭਏ ਏਕ ਗਏ, ਏਕ ਫੇਰ ਭਏ,***
***ਰਾਮ ਚੰਦ੍ਰ ਕ੍ਰਿਸ਼ਨ ਕੇ, ਅਵਤਾਰ ਭੀ ਅਨੇਕ ਹੈਂ॥***

*ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ,*
*ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਾਏ ਹੈਂ॥*
*ਮੋਨਦੀ ਮਦਾਰ ਕੇਤੇ, ਅਸੁਨੀ ਕੁਮਾਰ ਕੇਤੇ,*
*ਅੰਸਾ ਅਵਤਾਰ ਕੇਤੇ, ਕਾਲ ਬਸ ਭਏ ਹੈਂ॥*
*ਪੀਰ ਔ ਪਿਕਾਂਬਰ ਕੇਤੇ, ਗਨੇ ਨ ਪਰਤ ਏਤੇ,*
*ਭੂਮ ਹੀ ਤੇ ਹੁਇਕੈ, ਫੇਰੇ ਭੂਮ ਹੀ ਮਿਲਏ ਹੈਂ॥* *ਅਕਾਲ ਉਸਤਤਿ*

*ਜੋਗੀ ਜਤੀ ਬ੍ਰਹਮਚਾਰੀ, ਬਡੇ ਬਡੇ ਛਤ੍ਰਧਾਰੀ,*
*ਛਤ੍ਰ ਹੀ ਕੀ ਛਾਇਆ, ਕਈ ਕੋਸ ਲੌ ਚਲਤ ਹੈਂ॥*
*ਬਡੇ ਬਡੇ ਰਾਜਨ ਤੇ ਦਾਬਤ ਫਿਰਤਿ ਦੇਸ,*
*ਬਡੇ ਬਡੇ ਭੂਪਨ ਕੇ ਦ੍ਰਪ ਕੋ ਦਲਤੁ ਹੈਂ॥*
*ਮਾਨ ਸੇ ਮਹੀਪ ਔ, ਦਿਲੀਪ ਕੇ ਸੇ ਛਤ੍ਰਧਾਰੀ,*
*ਬਡੋ ਅਭਿਮਾਨ ਭੁਜ ਦੰਡ ਕੋ ਕਰਤ ਹੈਂ॥*
*ਦਾਰਾ ਸੇ ਦਿਲੀਸਰ, ਦ੍ਰਜੋਧਨ ਸੇ ਮਾਨਧਾਰੀ,*
*ਭੋਗ ਭੋਗ ਭੂਮ, ਅੰਤ ਭੂੰਮ ਮੈ ਮਿਲਤ ਹੈਂ॥* *ਕਬਿੱਤ (ਅਕਾਲ ਉਸਤਤਿ)*

ਕਹਿੰਦੇ, "ਪਿਆਰਿਓ! ਇਹ ਬੈਠਣ ਦਾ ਥਾਉਂ ਨਹੀਂ ਹੈ।"

*ਫਰੀਦਾ ਖਿੰਥੜਿ ਮੇਖਾ ਅਗਲੀਆ ਜਿੰਦੁ ਨ ਕਾਈ ਮੇਖ॥*
*ਵਾਰੀ ਆਪੋ ਆਪਣੀ ਚਲੇ ਮਸਾਇਕ ਸੇਖ॥* *ਪੰਨਾ - 1380*

ਸਾਰੇ ਬੇਨਤੀਆਂ ਕਰਦੇ ਨੇ ਕਿ ਪਾਤਿਸ਼ਾਹ! ਐਨੀ ਛੇਤੀ?

ਕਹਿੰਦੇ, "ਭਾਈ! ਜਾਣਾ ਹੀ ਪੈਂਦਾ ਹੈ, ਇਸ ਦਾ ਕੋਈ ਸਮਾਂ ਨਹੀਂ ਹੁੰਦਾ। ਇਹ ਤਾਂ ਫਲ ਸਭ ਨੂੰ ਖਾਣਾ ਹੀ ਪੈਣਾ ਹੈ। ਇਕਨਾਂ ਨੂੰ ਤਾਂ ਇਹ ਬਹੁਤ ਵਧੀਆ ਲਗਦਾ ਹੈ, ਇਕਨਾਂ ਨੂੰ ਕੌੜਾ ਲੱਗਣਾ ਹੈ। ਜਿਨ੍ਹਾਂ ਨੇ ਤਾਂ ਇਥੇ ਆ ਕੇ ਭਜਨ ਕਰ ਲਿਆ, ਸੇਵਾ ਕਰ ਲਈ -

*ਵਿਚਿ ਦੁਨੀਆ ਸੇਵ ਕਮਾਈਐ॥*
*ਤਾ ਦਰਗਹ ਬੈਸਣੁ ਪਾਈਐ॥* *ਪੰਨਾ - 26*

ਉਹ ਤਾਂ ਖੁਸ਼ੀ ਨਾਲ ਜਾਂਦੇ ਨੇ -

*ਕਹੁ ਨਾਨਕ ਬਾਹ ਲੁਡਾਈਐ॥* *ਪੰਨਾ - 26*

ਉਹ ਮੋਢੇ ਸੰਗੋੜ ਕੇ ਨਹੀਂ ਤੁਰਦੇ, ਅਰਾਮ ਨਾਲ ਤੁਰਦੇ ਨੇ ਜਿਵੇਂ ਆਪਣੇ ਇਥੇ ਫਿਰਦੇ ਨੇ। ਜਿਨ੍ਹਾਂ ਨੇ ਇਥੇ ਆ ਕੇ ਬੰਦਗੀ ਦੀ ਥਾਂ ਨਿੰਦਿਆ ਕਰੀ, ਚੁਗਲੀਆਂ ਕਰੀਆਂ, ਈਰਖਾ ਕਰੀ, ਧੋਖੇ ਕਰੇ, ਉਨ੍ਹਾਂ ਨੂੰ ਉਥੇ ਮਾਰ ਪੈਂਦੀ ਹੈ ਬਹੁਤ। ਉਹ ਔਖੇ ਹੁੰਦੇ ਨੇ -

*ਕਬੀਰ ਸੰਤ ਮੂਏ ਕਿਆ ਰੋਈਐ ਜੋ ਅਪੁਨੇ ਗ੍ਰਿਹਿ ਜਾਇ॥*
*ਰੋਵਹੁ ਸਾਕਤ ਬਾਪੁਰੇ ਜੁ ਹਾਟੈ ਹਾਟ ਬਿਕਾਇ॥* *ਪੰਨਾ - 1365*

ਕਹਿੰਦੇ ਜਿਸਨੇ ਜਾ ਕੇ ਕੁੱਤਾ ਬਿੱਲਾ ਬਣਨਾ ਹੈ, ਰੋਵੋ ਓਸ ਨੂੰ ਜੋ ਮਾਨਸ ਜਨਮ ਖਰਾਬ ਕਰਕੇ ਚਲਿਆ ਗਿਆ ਕਿਉਂਕਿ ਕਾਲ ਦਾ ਕੋਈ ਪਤਾ ਨਹੀਂ ਹੈ। ਰੁਕਦਾ ਹੀ ਨਹੀਂ, ਵੱਡੇ ਵੱਡੇ ਵੀ ਜ਼ੋਰ ਲਾ ਕੇ ਬਹਿ ਗਏ।

ਵਿਆਸ ਜੀ ਕਾਰਕ ਪੁਰਸ਼ ਨੇ। ਕਾਰਕ ਤੇ ਬ੍ਰਹਮਗਿਆਨੀ ਦਾ ਬਹੁਤ ਫਰਕ ਹੁੰਦਾ ਹੈ।

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ॥*
*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ॥* *ਪੰਨਾ - 273*

ਜਿਹੜਾ ਕਾਰਕ ਹੁੰਦਾ ਹੈ, ਉਸ ਦੇ ਮਨ ਵਿਚ ਫੁਰਨਾ ਹੁੰਦਾ ਹੈ ਪਰਉਪਕਾਰ ਦਾ। ਗਿਆਨ ਤਾਂ ਉਸ ਨੂੰ ਹੁੰਦਾ ਹੈ ਪੂਰਾ, ਪਰ ਫੁਰਨਾ ਹੋਣ ਕਰਕੇ ਉਸ ਨੂੰ ਅਭੇਦ ਮੁਕਤੀ ਨਹੀਂ ਪ੍ਰਾਪਤ ਹੁੰਦੀ। ਹੋਰ ਮੁਕਤੀਆਂ ਦੂਸਰੀਆਂ ਪ੍ਰਾਪਤ ਹੋ ਜਾਂਦੀਆਂ ਨੇ - ਸਾਰੂਪ, ਸਾਲੋਕ, ਸਾਹਿਰਦ, ਪਰ ਅਭੇਦ ਮੁਕਤੀ ਨਹੀਂ ਪ੍ਰਾਪਤ ਹੁੰਦੀ। ਇਹ ਸਿਰਫ ਬ੍ਰਹਮਗਿਆਨੀ ਹੈ ਜਿਸ ਨੂੰ ਅਭੇਦ ਮੁਕਤੀ ਪ੍ਰਾਪਤ ਹੁੰਦੀ ਹੈ -

***ਜਿਉ ਜਲ ਮਹਿ ਜਲੁ ਆਇ ਖਟਾਨਾ॥***
***ਤਿਉ ਜੋਤੀ ਸੰਗਿ ਜੋਤਿ ਸਮਾਨਾ॥*** ***ਪੰਨਾ - 278***

ਜਿਹੜੇ ਕਾਰਕ ਨੇ, ਜੇ ਫੁਰਨਾ ਰਹਿ ਜਾਵੇ ਉਨ੍ਹਾਂ ਦਾ ਤਾਂ ਇਨ੍ਹਾਂ ਨੂੰ ਚਾਰ ਅਰਬ ਬੱਤੀ ਕਰੋੜ ਸਾਲ, ਵਾਰ ਵਾਰ ਸੰਸਾਰ ਵਿਚ ਆਉਣਾ ਪੈਂਦਾ ਹੈ। ਗਿਆਨ ਤਾਂ ਹੋ ਗਿਆ ਪੂਰਾ, ਪਰ ਫੁਰਨਾ ਨਾ ਮਰਨ ਕਰਕੇ ਉਨ੍ਹਾਂ ਨੂੰ ਵਾਰ ਵਾਰ ਆਉਣਾ ਪੈਂਦਾ ਹੈ। ਉਹ ਬ੍ਰਹਮਗਿਆਨੀ ਤੋਂ ਹੇਠਲੇ ਦਰਜੇ ਦੇ ਹੁੰਦੇ ਨੇ।

ਹਜ਼ਾਰ ਵਾਰੀ ਸਤਿਜੁਗ ਲੰਘ ਜਾਵੇ, ਹਜ਼ਾਰ ਵਾਰੀ ਤ੍ਰੇਤਾ, ਦੁਆਪਰ, ਕਲਜੁਗ ਲੰਘ ਜਾਵੇ ਤਾਂ ਇਕ ਕਲਪ ਹੋ ਜਾਇਆ ਕਰਦਾ ਹੈ। ਕੁਲ ਚੌਦਾਂ ਕਲਪ ਹੋਇਆ ਕਰਦੇ ਨੇ। ਸੋ ਐਨੀ ਉਮਰ ਹੋਇਆ ਕਰਦੀ ਹੈ ਕਾਰਕ ਦੀ - ਇਕ ਕਲਪ ਦੀ ਕਹਿੰਦੇ ਨੇ। ਬੜੀ ਵਾਰੀ ਦੁਨੀਆਂ ਰਚੀ ਹੈ, ਬੜੀ ਵਾਰੀ ਖਤਮ ਹੋਈ ਹੈ, ਬੜੀ ਵਾਰੀ ਕੋਈ ਹੋਰ ਹੀ ਤਰ੍ਹਾਂ ਦੀ ਦੁਨੀਆਂ ਸੀ। ਹੁਣ ਇਹੋ ਜਿਹੀ ਦੁਨੀਆਂ ਹੈ ਜਿਸ ਦੇ ਵਿਚੀਂ ਆਪਾਂ ਲੰਘ ਰਹੇ ਹਾਂ, ਤੇ ਇਕ ਦਿਨ ਆਉਣਾ ਹੈ, ਇਸ ਦਾ ਨਾਂ ਨਿਸ਼ਾਨ ਬਾਕੀ ਨਹੀਂ ਰਹਿਣਾ।

ਆਹ ਹਿਮਾਲੀਆ ਪਰਬਤ ਤੇ ਬਰਫਾਂ ਦੇ ਹੇਠੋਂ ਵੱਡੇ ਵੱਡੇ ਮੱਛਾਂ ਦੀਆਂ ਹੱਡੀਆਂ, ਪਿੰਜਰ ਨਿਕਲਦੇ ਨੇ। ਮੱਛ ਕਿਥੇ ਆ ਗਏ ਸਮੁੰਦਰ ਤੋਂ - ਹਿਮਾਲੀਆ ਪਰਬਤ ਤੇ, ਇਥੇ ਸਮੁੰਦਰ ਸੀ ਕਦੇ, ਇਥੇ ਅਬਾਦੀ ਸੀ। ਉਹ ਸਾਰੀ ਹੀ ਸਮੁੰਦਰ ਦੇ ਥੱਲੇ ਚਲੀ ਗਈ ਤੇ ਜਿਥੇ ਅਬਾਦੀ ਨਹੀਂ ਸੀ, ਪਾਣੀ ਸੀ, ਉਹ ਸਾਰਾ ਬਾਹਰ ਨਿਕਲ ਆਇਆ। ਵਾਹਿਗੁਰੂ ਜੀ ਦੀ ਇਸੇ ਤਰ੍ਹਾਂ ਕਿਰਿਆ ਚਲਦੀ ਰਹਿੰਦੀ ਹੈ।

***ਜਲ ਤੇ ਥਲ ਕਰਿ ਥਲ ਤੇ ਕੂਆ ਕੂਪ ਤੇ ਮੇਰੁ ਕਰਾਵੈ॥*** ***ਪੰਨਾ - 1252***

ਵੇਦ ਵਿਆਸ ਜੀ ਦੇ ਮਨ ਵਿਚ ਆਇਆ ਕਿ ਆਪਣੇ ਨੌਕਰ ਨੂੰ ਜੇ ਮੈਂ ਵੱਡੀ ਉਮਰ ਦਿਵਾ ਦਿਆਂ ਤਾਂ ਇਹ ਮੇਰੇ ਨਾਲ ਹੀ ਰਿਹਾ ਕਰੇ। ਬ੍ਰਹਮਾ ਜੀ ਕੋਲ ਗਿਆ ਕਿ ਤੁਸੀਂ ਇਸ ਦੇ ਮੱਥੇ ਵਿਚ ਲਿਖ ਦਿਓ ਕਿ ਇਸ ਦੀ ਉਮਰ ਮੇਰੇ ਜਿੰਨੀ ਹੀ ਹੋ ਜਾਵੇ।

ਉਹ ਕਹਿੰਦੇ, "ਮੈਂ ਤਾਂ ਨਹੀਂ ਲਿਖਦਾ, ਸ਼ਿਵ ਜੀ ਨੂੰ ਪੁਛ ਲਓ ਕਿਉਂਕਿ ਕਾਲ ਉਨ੍ਹਾਂ ਦੇ ਅਧੀਨ ਹੈ।"

***ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ॥***
***ਪੰਨਾ - 7***

ਸ਼ਿਵ ਜੀ ਕੋਲ ਚਲੇ ਗਏ। ਉਹ ਕਹਿੰਦੇ, "ਮੈਂ ਤਾਂ ਲਿਖਦਾ ਨਹੀਂ, ਕਾਲ ਨੂੰ ਕਹਿ ਦਿੰਦੇ ਹਾਂ।"

ਕਾਲ ਕੋਲ ਚਲੇ ਗਏ। ਉਹ ਕਹਿੰਦੇ, "ਮੈਂ ਆਪਣੇ ਆਪ ਤਾਂ ਜਾਂਦਾ ਨਹੀਂ, ਮੈਨੂੰ ਤਾਂ ਚਿਤਰ ਗੁਪਤ ਕਹਿੰਦੇ ਨੇ, ਪਰਚਾ ਫੜਾਉਂਦੇ ਨੇ ਕਿ ਫਲਾਣੇ ਆਦਮੀ ਨੂੰ ਲੈ ਆ। ਕਿਸੇ ਨੂੰ ਮੈਂ ਸੱਪ ਤੋਂ ਡੰਗ ਮਰਵਾ ਦਿੰਦਾ ਹਾਂ, ਕਿਸੇ ਨੂੰ ਕੋਠੇ ਤੋਂ ਸੁੱਟ ਦਿੰਦਾ ਹਾਂ, ਕਿਸੇ ਦੀ ਦੁਰਘਟਨਾ ਕਰਵਾ ਦਿੰਦਾ ਹਾਂ। ਕੁਝ ਨਾ ਕੁਝ ਮੈਂ ਕਰਦਾ ਹੀ ਰਹਿੰਦਾ ਹਾਂ, ਆਪਣੇ ਜ਼ਿੰਮੇ ਮੈਂ ਨਹੀਂ ਲੈਂਦਾ, ਬਹਾਨਾ ਬਣਾਉਂਦਾ ਹਾਂ। ਤੁਸੀਂ ਮੌਤ ਨੂੰ ਪੁਛ ਲਓ।"

ਚਿੱਤਰ ਗੁਪਤਾਂ ਕੋਲ ਗਏ, ਉਹ ਕਹਿੰਦੇ ਕਿ ਠੀਕ ਹੈ ਹਿਸਾਬ ਕਿਤਾਬ ਕੱਢ ਕੇ ਦੇਖਦੇ ਹਾਂ। ਜਦੋਂ ਹਿਸਾਬ ਕਿਤਾਬ ਕੱਢਿਆ ਤਾਂ ਉਹ ਕਹਿੰਦੇ, "ਲਓ! ਹੁਣ ਸੁਣੋ ਤੁਸੀਂ। ਮੈਨੂੰ ਨਾ ਦੋਸ਼ ਦਿਓ। ਇਸ ਦਾ ਇਹ ਲਿਖਿਆ ਹੋਇਆ ਹੈ ਕਿ ਇਸ ਜੀਵ ਨੂੰ ਲੈ ਕੇ ਜਦੋਂ ਵਿਆਸ ਜੀ, ਬ੍ਰਹਮਾ ਜੀ ਕੋਲ ਜਾਣਗੇ,

ਫੇਰ ਸ਼ਿਵ ਜੀ ਕੋਲ ਜਾਣਗੇ, ਫੇਰ ਵਿਸ਼ਨੂੰ ਜੀ ਕੋਲ ਜਾਣਗੇ, ਧਰਮਰਾਜ ਕੋਲ ਜਾਣਗੇ ਤੇ ਜਦੋਂ ਕਾਲ ਸਮੇਤ ਇਹ ਪੰਜੇ ਤੇ ਛੇਵਾਂ ਵਿਆਸ ਜੀ ਤੇ ਸੱਤਵਾਂ ਇਹ ਨੌਕਰ ਇਥੇ ਮੈਨੂੰ ਪੁੱਛਣ ਆਉਣਗੇ, ਉਸ ਵੇਲੇ ਇਸ ਦੀ ਮੌਤ ਹੋ ਜਾਏਗੀ। ਕਾਰਨ ਤਾਂ ਤੁਸੀਂ ਬਣਾ ਦਿੱਤਾ ਇਸ ਦੀ ਮੌਤ ਦਾ।"

ਕਹਿੰਦੇ, "ਉਹ ਤਾਂ ਬਾਹਰ ਖੜ੍ਹਾ ਹੈ।"

ਕਹਿੰਦਾ, "ਫੇਰ ਦੇਖ ਲਓ ਜਾ ਕੇ।" ਜਦੋਂ ਬਾਹਰ ਗਏ ਤਾਂ ਮਰਿਆ ਪਿਆ।

ਸੋ ਮਹਾਰਾਜ ਜੀ ਕਹਿੰਦੇ ਕਿ ਇਹ ਰਹਿੰਦਾ ਨਹੀਂ ਹੈ ਤੇ ਇਸ ਦਾ ਕੋਈ ਪਤਾ ਵੀ ਨਹੀਂ ਕਿ ਕਿਹੜੇ ਵੇਲੇ ਇਹ ਚਲਿਆ ਜਾਵੇ –

***ਧਾਰਨਾ – ਪੈਣਾ ਅਚਿੰਤਾ ਜਾਲ ਇਕ ਦਿਨ ਪੈ ਜਾਣਾ –2, 2.***
***ਪੈਣਾ ਅਚਿੰਤਾ ਜਾਲ, ਇਕ ਦਿਨ ਪੈ ਜਾਣਾ –2, 4.***

***ਮਛੁਲੀ ਜਾਲੁ ਨ ਜਾਣਿਆ ਸਰੁ ਖਾਰਾ ਅਸਗਾਹੁ॥***
***ਅਤਿ ਸਿਆਣੀ ਸੋਹਣੀ ਕਿਉ ਕੀਤੋ ਵੇਸਾਹੁ॥ ਪੰਨਾ – 55***

ਸੋ ਮਹਾਰਾਜ ਜੀ ਕਹਿੰਦੇ, ਉਮਰ ਦਾ ਨਹੀਂ ਭਾਈ ਪਤਾ ਹੁੰਦਾ, ਇਹ ਤਾਂ ਕਾਲ ਦਾ ਜਾਲ ਹੈ।

ਇਕ ਦਿਨ ਗੁਰੂ ਨਾਨਕ ਪਾਤਿਸ਼ਾਹ ਜੀ ਨੂੰ ਭਾਈ ਬਾਲਾ ਜੀ ਕਹਿਣ ਲਗੇ ਕਿ ਸੱਚੇ ਪਾਤਿਸ਼ਾਹ! ਜਦੋਂ ਆਪਾਂ ਸੁਮੇਰ ਪਰਬਤ ਤੇ ਗਏ ਸੀ ਤਾਂ ਉਥੇ ਇਕ ਬਚਨ ਤੁਸੀਂ ਕਰਿਆ ਸੀ ਕਿ ਸੰਤਾਂ ਦੇ ਉਤੇ ਕਾਲ ਦਾ ਜ਼ੋਰ ਚਲਿਆ ਨਹੀਂ ਕਰਦਾ। ਸੰਤ ਆਪ ਹੀ ਕਾਲ ਦੀ ਆਣ ਰੱਖ ਲੈਂਦੇ ਨੇ, ਉਨ੍ਹਾਂ ਤੇ ਜ਼ੋਰ ਨਹੀਂ ਕਾਲ ਦਾ ਚਲਦਾ। ਕਹਿੰਦੇ ਗੋਰਖ ਨੂੰ ਕਿਹਾ ਸੀ ਕਾਲ ਨੇ ਕਿ –

***ਸੁਨ ਰੇ ਗੋਰਖ! ਉਠਤ ਮਾਰਹੁ ਬੈਠਤ ਮਾਰਹੁ ਮਾਰਹੁ ਜਾਗਤ ਸੂਤਾ।***
***ਚਾਰ ਜੁਗ ਮਹਿ ਜਾਲ ਹਮਾਰਾ ਕਹਾ ਕਰੈਗੋ ਸੂਤਾ॥***

ਮੈਨੂੰ ਤੂੰ ਉਂਈਂ ਸਮਝਦਾ ਹੈਂ? ਮੈਂ ਤਾਂ ਸਾਰੀ ਸ੍ਰਿਸ਼ਟੀ ਨੂੰ ਮਾਰ ਦਿੰਦਾ ਹਾਂ। ਜਾਗਦਿਆਂ ਨੂੰ ਵੀ ਮਾਰਦਾ ਹਾਂ, ਸੁੱਤਿਆਂ ਨੂੰ ਵੀ ਮਾਰ ਦਿੰਦਾ ਹਾਂ, ਉਠਦਿਆਂ ਨੂੰ ਮਾਰ ਦਿੰਦਾ ਹਾਂ, ਬੈਠਦਿਆਂ ਨੂੰ ਮਾਰਦਾ ਹਾਂ। ਚਾਰੇ ਜੁਗਾਂ 'ਚ ਮੇਰਾ ਜਾਲ ਫੈਲਾਇਆ ਹੋਇਆ ਹੈ; ਕੌਣ ਬਚ ਜਾਏਗਾ ਮੇਰੇ ਜਾਲ ਤੋਂ? ਗੋਰਖ ਕਹਿਣ ਲੱਗਿਆ ਕਿ –

***ਸੁਨ ਰੇ ਕਾਲ! ਮੈਂ ਉਠਤ ਜਾਗੋਂ ਬੈਠਤ ਜਾਗੋਂ ਜਾਗੋਂ ਸੂਤਾ।***
***ਚਾਰ ਜੁਗਾਂ ਤੇ ਰਹੈ ਨਿਆਰਾ ਤਉ ਗੋਰਖ ਆਉਤੀਤਾ॥***

ਮੈਨੂੰ ਤੂੰ ਕਿਵੇਂ ਮਾਰ ਲਏਂਗਾ? ਸੋ ਇਸ ਤਰ੍ਹਾਂ ਗੁਰੂ ਨਾਨਕ ਪਾਤਿਸ਼ਾਹ ਨੇ ਵੀ ਐਸੇ ਬਚਨ ਕਹਿ ਦਿੱਤੇ। ਕਾਲ ਨਾਰਾਜ਼ ਹੋ ਗਿਆ, ਉਦਾਸ ਹੋ ਗਿਆ।

ਕਹਿੰਦਾ, "ਮਹਾਰਾਜ! ਜੇ ਤੁਸੀਂ ਹੀ ਨਹੀਂ ਮੰਨੋਗੇ ਤਾਂ ਮੇਰਾ ਤਾਂ ਕੰਮ ਫੇਰ ਐਵੇਂ ਹੀ ਹੋਇਆ। ਐਡਾ ਬਦਨਾਮੀ ਦਾ ਕੰਮ ਅਕਾਲ ਪੁਰਖ ਨੇ ਮੇਰੇ ਜ਼ਿੰਮੇ ਸੌਂਪਿਆ ਹੋਇਆ ਹੈ, ਸਭ ਮੈਨੂੰ ਮਾੜਾ ਕਹਿੰਦੇ ਨੇ, ਕੋਈ ਨਹੀਂ ਮੇਰਾ ਆਦਰ ਕਰਦਾ।"

ਕੋਈ ਹੈ ਸੰਸਾਰ ਵਿਚ ਜਿਹੜਾ ਮੌਤ ਦਾ ਆਦਰ ਕਰੇ? ਸੰਤ ਕਰਦੇ ਨੇ, ਹੋਰ ਕੋਈ ਨਹੀਂ ਕਰਦਾ। ਉਹ ਕਿਉਂ ਕਰਦੇ ਨੇ ਕਿਉਂਕਿ ਆਪਣੇ ਘਰ ਨੂੰ ਜਾਂਦੇ ਨੇ – ਖੱਟ ਕੇ, ਕਮਾਅ ਕੇ, ਸਭ ਕੁਝ ਕਰਕੇ ਆਪਣੇ ਨਿੱਜ ਘਰ ਵਿਚ ਜਾ ਕੇ ਰਹਿੰਦੇ ਨੇ ਕਿਉਂਕਿ ਉਨ੍ਹਾਂ ਨੇ ਆਪਣਾ ਨਿਜ ਘਰ ਬਣਾ ਲਿਆ ਹੁੰਦਾ ਹੈ –

***ਨਾਨਕ ਬਧਾ ਘਰ ਤਹਾਂ ਜਿਥੈ ਮਿਰਤੁ ਨ ਜਨਮੁ ਜਰਾ॥ ਪੰਨਾ – 44***

ਉਥੇ ਘਰ ਬਣਾ ਲਿਆ, ਜਿਥੇ ਫੇਰ ਮੌਤ ਮੁੜ ਕੇ ਪਹੁੰਚਦੀ ਹੀ ਨਹੀਂ।

ਗੁਰੂ ਨਾਨਕ ਪਾਤਿਸ਼ਾਹ ਕਹਿਣ ਲੱਗੇ, "ਚੰਗਾ! ਫੇਰ ਤੂੰ ਨਾਰਾਜ਼ ਨਾ ਹੋ, ਅਸੀਂ ਤੇਰੀ ਮਰਿਆਦਾ ਜ਼ਰੂਰ ਮੰਨਾਂਗੇ ਪਰ ਜਿਵੇਂ ਸੰਸਾਰ ਮੰਨਦਾ ਹੈ ਇਉਂ ਨਹੀਂ ਮੰਨਣੀ, ਅਸੀਂ ਆਪਣੇ ਹਿਸਾਬ ਨਾਲ ਮੰਨਾਂਗੇ ਪਰ ਮੰਨਾਂਗੇ ਜ਼ਰੂਰ।"

ਸੋ ਭਾਈ ਬਾਲਾ ਜੀ ਕਹਿੰਦੇ ਕਿ ਪਾਤਿਸ਼ਾਹ! ਹੁਣ ਤੁਸੀਂ ਐਨੀ ਛੇਤੀ ਨਾ ਕਰੋ ਕਿ ਦੇਖਦੇ ਦੇਖਦੇ ਹੀ ਤਿਆਰੀਆਂ ਕਰ ਲਈਆਂ। ਆਪ ਦਾ ਹੀ ਐਸਾ ਫੁਰਮਾਨ ਹੈ –

***ਧਾਰਨਾ – ਚਲਦਾ ਨਾ ਜ਼ੋਰ ਜੀ, ਸੰਤਾਂ ਦੇ ਨਾਲ ਕਾਲ ਦਾ -2, 2.***
***ਸੰਤਾਂ ਦੇ ਨਾਲ ਕਾਲ ਦਾ -2, 2.***
***ਚਲਦਾ ਨਾ ਜ਼ੋਰ ਜੀ,......... -2.***

***ਪ੍ਰਭ ਕੈ ਸਿਮਰਨਿ ਗਰਭਿ ਨ ਬਸੈ॥***
***ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ॥***
***ਪ੍ਰਭ ਕੈ ਸਿਮਰਨਿ ਕਾਲੁ ਪਰਹਰੈ॥ ਪੰਨਾ – 262***

ਪ੍ਰਭੂ ਦਾ ਸਿਮਰਨ ਕਰਨ ਵਾਲਾ, ਜੇ ਕਾਲ ਆਵੇ ਤਾਂ ਉਸ ਨੂੰ ਕਹਿੰਦਾ ਹੈ ਕਿ ਠਹਿਰ ਜਾ, ਅਜੇ ਨਹੀਂ ਮੈਂ ਜਾਣਾ –

***ਪ੍ਰਭ ਕੈ ਸਿਮਰਨਿ ਦੁਸਮਨੁ ਟਰੈ॥ ਪੰਨਾ – 262***

ਗੁਰੂ ਦਸਵੇਂ ਪਾਤਿਸ਼ਾਹ ਮਹਾਰਾਜ – ਆਪ ਨੰਦੇੜ ਸਾਹਿਬ ਪਹੁੰਚੇ ਹੋਏ ਨੇ। ਦੁਪਹਿਰ ਦਾ ਪ੍ਰਸ਼ਾਦਾ ਛਕਣ ਤੋਂ ਬਾਅਦ ਆਪ ਬਿਰਾਜੇ ਹੋਏ ਨੇ ਤੇ ਆਪ ਦੇ ਕੰਨਾਂ ਵਿਚ ਇਕ ਅਵਾਜ਼ ਏਸ ਤਰ੍ਹਾਂ ਦੀ ਪੈਂਦੀ ਹੈ –

***ਧਾਰਨਾ – ਜਿਹਦੇ ਦਰ ਤੇ ਝੂਲਦੇ ਹਾਥੀ, ਜਿਹਦੇ ਦਰ ਤੇ,***
***ਜਿਹਦੇ ਦਰ ਤੇ ਝੂਲਦੇ ਹਾਥੀ,***
***ਲਦ ਗਏ ਨੇ ਰੌਣ ਵਰਗੇ, ਪਿਆਰਿਓ-2.***
***ਲਦ ਗਏ ਨੇ ਰੌਣ ਵਰਗੇ, ਜਿਹਦੇ ਦਰ ਤੇ,***
***ਜਿਹਦੇ ਦਰ ਤੇ ਝੂਲਦੇ ਹਾਥੀ, ਜਿਹਦੇ ਦਰ ਤੇ -2, 2.***

***ਸਰਬ ਸੋੁਇਨ ਕੀ ਲੰਕਾ ਹੋਤੀ ਰਾਵਨ ਸੇ ਅਧਿਕਾਈ॥***
***ਕਹਾ ਭਇਓ ਦਰਿ ਬਾਂਧੇ ਹਾਥੀ ਖਿਨ ਮਹਿ ਭਈ ਪਰਾਈ॥ ਪੰਨਾ – 693***

ਆਵਾਜ਼ ਸੁਣੀ। ਮਹਾਰਾਜ ਕਹਿੰਦੇ, "ਕੀ ਗੱਲ, ਏਸ ਤਰ੍ਹਾਂ ਦੇ ਸ਼ਬਦ ਪੜ੍ਹੇ ਜਾ ਰਹੇ ਨੇ?"

ਸਿੰਘ ਕਹਿੰਦਾ, "ਪਾਤਿਸ਼ਾਹ! ਭਾਈ ਦਯਾ ਸਿੰਘ ਜੀ ਪਿਆਨੇ ਕਰ ਗਏ, ਚੜ੍ਹਾਈ ਕਰ ਗਏ।"

ਮਹਾਰਾਜ ਜੀ ਕਹਿੰਦੇ, "ਬਿਨਾਂ ਮਿਲੇ ਹੀ ਚਲੇ ਗਏ? ਜਾਓ! ਉਨ੍ਹਾਂ ਨੂੰ ਕਹੋ, ਸਾਨੂੰ ਮਿਲ ਕੇ ਜਾਣ।"

ਗੁਰਸਿਖ ਗਿਆ, ਜਾ ਕੇ ਉਸ ਨੇ ਚਰਨਾਂ ਵੱਲ ਖੜ੍ਹੇ ਹੋ ਕੇ ਆਵਾਜ਼ ਦਿਤੀ। ਭਾਈ ਦਯਾ ਸਿੰਘ ਜੀ ਵਾਹਿਗੁਰੂ ਵਾਹਿਗੁਰੂ ਕਰਦੇ ਉਠ ਕੇ ਬੈਠ ਗਏ। ਉਸ ਵੇਲੇ ਗੁਰਸਿਖ ਨੇ ਸੰਦੇਸ਼ਾ ਦਿੱਤਾ – ਗੁਰੂ ਦਸ਼ਮੇਸ਼ ਪਿਤਾ ਦਾ। ਆਪ ਗੁਰੂ ਮਹਾਰਾਜ ਪਾਸ ਆ ਗਏ। ਆ ਕੇ ਚਰਨਾਂ ਤੇ ਸੀਸ ਨਿਵਾਇਆ, ਬਹੁਤ ਵੈਰਾਗ ਕਰਿਆ।

ਮਹਾਰਾਜ ਜੀ ਕਹਿੰਦੇ, "ਭਾਈ ਦਯਾ ਸਿੰਘ! ਇਕੋ ਜਿਹੀ ਉਮਰ, ਕਿੰਨਾ ਪਿਆਰ ਸੀ ਸਾਡੇ ਨਾਲ। ਪਹਿਲੀ ਆਵਾਜ਼ ਤੇ ਹੀ ਤੁਸੀਂ ਉਠ ਕੇ ਸੀਸ ਭੇਟ ਕੀਤਾ। ਜਿਥੇ ਵੀ ਆਪਾਂ ਰਹੇ, ਇਕੱਠੇ ਰਹੇ ਤੇ ਹੁਣ ਜਾਣ ਵੇਲੇ ਤੁਸੀਂ ਦੱਸਿਆ ਵੀ ਨਾ।"

ਭਾਈ ਸਾਹਿਬ ਕਹਿੰਦੇ, "ਮਹਾਰਾਜ! ਏਧਰ ਵੀ ਤੁਸੀਂ ਤੇ ਓਧਰ ਵੀ ਤੁਸੀਂ। ਤੁਹਾਡਾ ਹੁਕਮ ਹੀ ਐਨਾ ਜ਼ਰੂਰੀ ਆ ਗਿਆ ਸੀ।"

ਮਹਾਰਾਜ ਜੀ ਕਹਿੰਦੇ, "ਕਿਥੋਂ ਮੁੜੇ ਹੋ?"

ਕਹਿੰਦੇ, "ਪਾਤਿਸ਼ਾਹ! ਧਰਮਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਲੰਘ ਕੇ ਜਦੋਂ ਮੈਂ ਸਚਖੰਡ ਦੀ ਡਿਓੜੀ ਤੋਂ ਲੰਘਣ ਲੱਗਿਆ, ਉਸ ਵੇਲੇ ਆਪ ਦਾ ਹੁਕਮ ਆਇਆ।"

ਮਹਾਰਾਜ ਜੀ ਕਹਿੰਦੇ, "ਠੀਕ ਹੈ, ਤੁਸੀਂ ਚਲੋ, ਅਸੀਂ ਵੀ ਤੁਹਾਡੇ ਪਿਛੇ ਹੀ ਆ ਜਾਣਾ ਹੈ। ਵੀਹ ਦਿਨਾਂ ਦਾ ਫਰਕ ਹੈ ਸਾਰਾ। ਸਾਡਾ ਸੁਨੇਹਾ ਦੇ ਦਿਓ ਜਿਹੜਾ ਮਾਛੀਵਾੜੇ ਤੋਂ ਅਸੀਂ ਨਿਰੰਕਾਰ ਨੂੰ ਭੇਜਿਆ ਸੀ – 'ਮਿਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ।'

ਖੁਸ਼ੀਆਂ ਕੀਤੀਆਂ ਤੇ ਭਾਈ ਸਾਹਿਬ ਨੇ ਜਾ ਕੇ ਕੁਸ਼ਾ ਦਾ ਆਸਣ ਵਿਛਾਇਆ, 'ਜਪੁਜੀ ਸਾਹਿਬ' ਦਾ ਪਾਠ ਕਰਿਆ। ਉਸ ਤੋਂ ਬਾਅਦ ਚਾਦਰ ਉਤੇ ਲਈ, ਆਸਣ ਤੇ ਲੰਮੇ ਪੈ ਗਏ ਤੇ ਥੋੜ੍ਹੀ ਦੇਰ ਬਾਅਦ ਚੇਤਨ ਕਲਾ ਸਰੀਰ ਨੂੰ ਛੱਡ ਕੇ ਚਲੀ ਗਈ। ਸੋ ਗੁਰਮੁਖ ਤੇ ਕਾਲ ਹਾਵੀ ਨਹੀਂ ਹੋਇਆ ਕਰਦਾ।

***ਧਾਰਨਾ – ਆਵੇ ਜਾਏ ਨਿਸੰਗ, ਗੁਰਮੁਖ ਪਿਆਰਾ,***
***ਗੁਰਮੁਖ ਪਿਆਰਾ -2, 4.***

***ਗੁਰਮੁਖਿ ਆਵੈ ਜਾਇ ਨਿਸੰਗੁ॥ ਪੰਨਾ – 932***

ਸੋ ਸਰੀਰ ਛੱਡ ਦਿੱਤਾ। ਵੀਹ ਦਿਨਾਂ ਬਾਅਦ ਗੁਰੂ ਦਸਮੇਸ਼ ਪਿਤਾ ਏਸ ਸੰਸਾਰ ਤੋਂ ਚਲੇ ਗਏ। ਸੋ ਏਸ ਤਰ੍ਹਾਂ ਕਾਲ ਦਾ ਜ਼ੋਰ ਤਾਂ ਨਹੀਂ ਚਲਦਾ, ਪਰ ਉਸ ਦੀ ਮਰਿਆਦਾ ਨਿਭਾਉਣੀ ਪੈਂਦੀ ਹੈ।

ਸੋ ਗੁਰੂ ਨਾਨਕ ਪਾਤਿਸ਼ਾਹ ਨੇ ਸ੍ਰੀ ਚੰਦ ਜੀ ਨੂੰ ਨਾਲ ਲਿਆ। ਅੱਠ ਵਿਘੇ ਦਾ ਇਕ ਖੇਤ ਸੀ, ਕਹਿੰਦੇ, "ਆਹ ਸਾਫ ਕਰ ਦਿਓ, ਇਥੇ ਸੰਗਤਾਂ ਆਉਣਗੀਆਂ, ਫਸਲ ਵੱਢ ਲਓ ਏਸ ਦੀ।"

ਤਿਆਰੀ ਕਰ ਲਈ ਆਪ ਨੇ ਜਾਣ ਦੀ। ਉਸ ਵੇਲੇ ਗੁਰੂ ਅੰਗਦ ਸਾਹਿਬ ਜੀ ਨੂੰ ਬੁਲਾ ਲਿਆ, ਬੇਅੰਤ ਇਕੱਠ ਹੋ ਗਿਆ ਤੇ ਉਸ ਵੇਲੇ ਗੁਰਸਿਖਾਂ ਦੀ ਜੋ ਹਾਲਤ ਸੀ ਸਾਧ ਸੰਗਤ ਜੀ! ਉਹ ਤਾਂ ਕਹਿਣ ਸੁਣਨ ਤੋਂ ਬਾਹਰ ਦੀ ਹੈ ਤੇ ਬਾਰ ਬਾਰ ਬੇਨਤੀ ਕਰਦੇ ਨੇ ਕਿ ਪਾਤਿਸ਼ਾਹ! ਹੁਣ ਤੁਸੀਂ ਜਾ ਰਹੇ ਹੋ, ਫੇਰ ਮੇਲ ਕਿਵੇਂ ਹੋਏਗਾ?

ਆਪ ਨੇ ਇਸ ਤਰ੍ਹਾਂ ਜਵਾਬ ਦਿੱਤਾ, ਪੜ੍ਹੋ ਪਿਆਰ ਨਾਲ ਸਾਰੇ –

***ਧਾਰਨਾ – ਕਦੇ ਹੋਣਗੇ ਸੰਜੋਗਾਂ ਨਾਲ ਮੇਲੇ,***
***ਨਦੀਆਂ ਦੇ ਵਹਿਣ ਵਿਛੜੇ -2, 2.***
***ਮੇਰੇ ਪਿਆਰੇ, ਨਦੀਆਂ ਦੇ ਵਹਿਣ ਵਿਛੜੇ -2, 2.***
***ਕਦੇ ਹੋਣਗੇ ਸੰਜੋਗਾਂ ਨਾਲ ਮੇਲੇ,................ -2.***

***ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ॥***
***ਜੁਗੁ ਜੁਗੁ ਮੀਠਾ ਵਿਸੁ ਭਰੇ ਕੋ ਜਾਣੈ ਜੋਗੀ ਰਾਮ॥ ਪੰਨਾ – 439***

ਕਹਿਣ ਲੱਗੇ, "ਪ੍ਰੇਮੀਓ! ਆਹ ਸਰੀਰ ਜਿਸ ਤਰ੍ਹਾਂ ਦਾ ਤੁਸੀਂ ਦੇਖਦੇ ਹੋ, ਇਸ ਦਾ ਨਹੀਂ ਮੇਲਾ ਹੋਇਆ ਕਰਦਾ। ਇਹ ਮੇਲਾ ਤਾਂ ਕੁਦਰਤ ਨੇ ਦੁਬਾਰਾ ਬਣਾਇਆ ਹੀ ਨਹੀਂ ਹੈ ਕਿਉਂਕਿ –

***ਪਵਨੈ ਮਹਿ ਪਵਨੁ ਸਮਾਇਆ॥***
***ਜੋਤੀ ਮਹਿ ਜੋਤਿ ਰਲਿ ਜਾਇਆ॥***

*ਮਾਟੀ ਮਾਟੀ ਹੋਈ ਏਕ॥*
*ਰੋਵਨਹਾਰੇ ਕੀ ਕਵਨ ਟੇਕ॥*
*ਪੰਨਾ - 885*

ਕਿਹੜੀ ਚੀਜ਼ ਨੂੰ ਰੋਂਦੇ ਹੋ? ਮਿੱਟੀ ਤਾਂ ਮਿੱਟੀ ਵਿਚ ਰਲ ਗਈ, ਪਾਣੀ ਪਾਣੀ ਵਿਚ ਰਲ ਗਿਆ, ਅੱਗ ਅੱਗ ਵਿਚ ਰਲ ਗਈ, ਹਵਾ ਹਵਾ ਵਿਚ ਰਲ ਗਈ, ਅਕਾਸ਼ ਪਹਿਲਾਂ ਰਲਿਆ ਹੋਇਆ ਹੀ ਸੀ।

*ਕਉਨੁ ਮੂਆ ਰੇ ਕਉਨੁ ਮੂਆ॥*
*ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ ਇਹੁ ਤਉ ਚਲਤੁ ਭਇਆ॥*
*ਪੰਨਾ - 885*

ਇਕ ਹਾਲਤ ਹੈ ਇਹ ਤਾਂ -

*ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ॥ ਪੰਨਾ - 1428*

ਤਿੰਨ ਤਾਂ ਦਿਸਣ ਵਾਲੀਆਂ ਨੇ। ਚੌਥੀ ਹੈ ਕਿ ਜਿਹੜੀਆਂ ਚੀਜ਼ਾਂ ਤੋਂ ਇਹ ਸਰੀਰ ਬਣ ਕੇ ਆਇਆ ਹੈ, ਉਨ੍ਹਾਂ ਵਿਚ ਹੀ ਦੁਬਾਰਾ ਫੇਰ ਲੀਨ ਹੋ ਜਾਇਆ ਕਰਦਾ ਹੈ। ਵਿਚਾਰ ਕਰੋ -

*ਅਗਲੀ ਕਿਛੁ ਖਬਰਿ ਨ ਪਾਈ॥ ਪੰਨਾ - 885*

ਕੀ ਪਤਾ ਹੈ ਕਿ ਰੂਹ ਕਿਥੇ ਜਾਂਦੀ ਹੈ? ਇਥੇ ਹੀ ਰੋਈ ਜਾਂਦੇ ਹੋ।

*ਰੋਵਨਹਾਰੁ ਭਿ ਊਠਿ ਸਿਧਾਈ॥ ਪੰਨਾ - 885*

ਜਿਹੜਾ ਰੋਂਦਾ ਹੈ, ਉਹ ਵੀ ਉਠ ਕੇ ਚਲਿਆ ਜਾਏਗਾ -

*ਭਰਮ ਮੋਹ ਕੇ ਬਾਂਧੇ ਬੰਧ॥ ਪੰਨਾ - 885*

ਹੈ ਅਸਲ ਗੱਲ ਕੀ? ਇਕ ਤਾਂ ਭੁਲੇਖਾ ਬੜਾ ਪਿਆ ਹੋਇਆ ਹੈ, ਆਪਣੇ ਆਪ ਨੂੰ ਸਰੀਰ ਸਮਝਣ ਤੋਂ ਹਟਦਾ ਹੀ ਨਹੀਂ ਹੈ, ਕਿੰਨਾ ਹੀ ਸਮਝਾਈ ਜਾਓ। ਕਦੇ ਨਹੀਂ ਮੰਨਦਾ ਕਿ ਮੈਂ ਸਰੀਰ ਵਿਚ ਰਹਿਣ ਵਾਲਾ ਹਾਂ। ਅੱਖਾਂ ਵਿਚੋਂ ਮੈਂ ਦੇਖਦਾ ਹਾਂ, ਕੰਨਾਂ ਵਿਚੋਂ ਮੈਂ ਸੁਣਦਾ ਹਾਂ, ਹੱਥਾਂ ਨੂੰ ਸ਼ਕਤੀ ਮੈਂ ਕੰਮ ਕਰਨ ਦੀ ਦਿੰਦਾ ਹਾਂ, ਦਿਮਾਗ ਨੂੰ ਸ਼ਕਤੀ ਸੋਚਣ ਦੀ ਮੈਂ ਦਿੰਦਾ ਹਾਂ, ਮਨ ਨੂੰ ਮੈਂ ਫੁਰਨੇ ਕਰਨ ਦੀ ਸ਼ਕਤੀ ਦਿੰਦਾ ਹਾਂ, ਬੁਧੀ ਨੂੰ ਨਿਰਣੇ ਕਰਨ ਦੀ ਸ਼ਕਤੀ ਦਿੰਦਾ ਹਾਂ, ਚਿੱਤ ਨੂੰ ਸ਼ਕਤੀ ਦੇ ਕੇ ਮੈਂ ਸੁਖ ਦੁਖ ਦਾ ਅਨੁਭਵ ਕਰਾਉਂਦਾ ਹਾਂ - 'ਮੈਂ' ਕੌਣ ਹਾਂ, ਮੈਨੂੰ ਬੁਝੋ ਤਾਂ ਸਹੀ -

*ਸੁਪਨੁ ਭਇਆ ਭਖਲਾਏ ਅੰਧ॥ ਪੰਨਾ - 885*

ਕਹਿੰਦੇ, ਅੰਨ੍ਹੇ ਸੁਪਨੇ ਦੇ ਵਿਚ ਰੋਈ ਜਾਂਦੇ ਨੇ -

*ਇਹੁ ਤਉ ਰਚਨੁ ਰਚਿਆ ਕਰਤਾਰਿ॥*
*ਆਵਤ ਜਾਵਤ ਹੁਕਮਿ ਅਪਾਰਿ॥ ਪੰਨਾ - 885*

ਇਹ ਤਾਂ ਰਚਨ ਰਚਿਆ ਹੋਇਆ ਹੈ ਕਰਤਾਰ ਦਾ, ਆਉਣਾ ਜਾਣਾ ਇਹ ਹੁਕਮ ਦੀ ਖੇਡ ਹੋ ਰਹੀ ਹੈ।

*ਨਹ ਕੋ ਮੂਆ ਨ ਮਰਣੈ ਜੋਗੁ॥ ਪੰਨਾ - 885*

ਕਿਹਨੂੰ ਕਹਿੰਦੇ ਹੋ ਮਰਿਆ ਹੈ? ਮਿੱਟੀ ਮਰ ਗਈ? ਉਹ ਤਾਂ ਮਿੱਟੀ ਵਿਚ ਚਲੀ ਗਈ। ਪਾਣੀ ਮਰ ਗਿਆ? ਉਹ ਤਾਂ ਪਾਣੀ ਵਿਚ ਚਲਿਆ ਗਿਆ। ਵਿਗਿਆਨ ਦਾ ਇਕ ਸਿਧਾਂਤ ਹੈ ਕਿ ਪ੍ਰਾਕਿਰਤੀ ਦਾ ਜਿੰਨਾਂ ਹੁਜਮ ਹੈ, ਵਜ਼ਨ ਹੈ, ਓਨਾਂ ਹੀ ਰਹਿੰਦਾ ਹੈ। ਤਜਰਬਾ ਕਰਕੇ ਦਸਦੇ ਹੁੰਦੇ ਨੇ ਕਿ ਕਾਗਜ਼ ਨੂੰ ਤੁਸੀਂ ਤੋਲ ਲਓ ਪਹਿਲਾਂ, ਉਸ ਨੂੰ ਜਾਲ ਦਿਓ। ਅਸੀਂ ਕਹਿੰਦੇ ਹਾਂ ਕਿ ਸੁਆਹ ਦਾ

ਵਜ਼ਨ ਘਟ ਜਾਂਦਾ ਹੈ। ਵੱਡਾ ਸਾਰਾ ਸਿਲੰਡਰ ਲੈ ਲਓ, ਕਾਗਜ਼ ਉਸ ਦੇ ਵਿਚ ਸਾੜ ਦਿਓ, ਫੇਰ ਤੋਲੋ, ਇਕ ਰੱਤੀ ਵੀ ਨਹੀਂ ਘਟਦਾ, ਓਨਾਂ ਹੀ ਰਹਿੰਦਾ ਹੈ ਕਿਉਂਕਿ ਅਜੇ ਉਸ ਦੇ ਵਿਚ ਸਾਰੇ ਤੱਤ ਪਏ ਨੇ। ਕੋਈ ਚੀਜ਼ ਘਟਦੀ ਵਧਦੀ ਨਹੀਂ, ਓਨੀ ਹੀ ਰਹਿੰਦੀ ਹੈ। ਕਹਿੰਦੇ ਮਰਦਾ ਕੋਈ ਨਹੀਂ –

*ਨਹ ਕੋ ਮੂਆ ਨਹ ਮਰਣੈ ਜੋਗੁ ॥*
*ਨਹ ਬਿਨਸੈ ਅਬਿਨਾਸੀ ਹੋਗੁ ॥* *ਪੰਨਾ – 885*

ਇਹ ਤਾਂ ਬਿਨਸਦਾ ਹੀ ਨਹੀਂ, ਅਬਿਨਾਸੀ ਹੈ ਆਤਮਾ। ਗੁਰੂ ਵੀ ਅਬਿਨਾਸੀ, ਆਤਮਾ ਵੀ ਅਬਿਨਾਸੀ, ਦੋਵੇਂ ਹੀ ਨਹੀਂ ਮਰਦੇ।

*ਜੋ ਇਹੁ ਜਾਣਹੁ ਸੋ ਇਹੁ ਨਾਹਿ ॥* *ਪੰਨਾ – 885*

ਜਾਣਦੇ ਤਾਂ ਹਨ ਕਿ ਬਾਬਾ ਜੀ ਇਹ ਬੈਠੇ ਨੇ ਸਰੀਰ ਵਿਚ। ਇਹ ਤਾਂ ਮੈਂ ਹਾਂ ਨਹੀਂ, ਰੌਲਾ ਪਾ ਕੇ ਕਹੀ ਜਾਂਦਾ ਹਾਂ ਕਿ ਇਹ ਮੈਂ ਨਹੀਂ ਹਾਂ, ਤੁਸੀਂ ਐਵੇਂ ਭੁਲੇਖੇ ਵਿਚ ਪਏ ਹੋ। ਜਿਹੜਾ ਹੈ ਉਸ ਨੂੰ ਕੋਈ ਜਾਣਦਾ ਨਹੀਂ। ਉਸ ਨੇ ਮਰਨਾ ਨਹੀਂ ਹੈ। ਮਰਨ ਵਾਲੀ ਚੀਜ਼ ਨੂੰ ਕਹਿੰਦੇ ਨੇ ਕਿ ਇਹ ਹੈ। ਜਿਹੜਾ ਜਾਣਦਾ ਹੈ, ਉਸ ਦੇ ਬਲਿਹਾਰ ਜਾਓ –

*ਜਾਨਣਹਾਰੇ ਕਉ ਬਲਿ ਜਾਉ ॥* *ਪੰਨਾ – 885*

ਬਲਿਹਾਰ ਜਾਂਦੇ ਹਾਂ ਜਿਸ ਨੇ ਇਹ ਗੱਲ ਬੁੱਝ ਲਈ –

*ਕਹੁ ਨਾਨਕ ਗੁਰਿ ਭਰਮੁ ਚੁਕਾਇਆ ॥*
*ਨਾ ਕੋਈ ਮਰੈ ਨ ਆਵੈ ਜਾਇਆ ॥* *ਪੰਨਾ – 885*

ਭਰਮ ਹੀ ਚੁਕਾਅ ਦਿੱਤਾ ਕਿ ਕੋਈ ਆਉਂਦਾ ਨਹੀਂ, ਕੋਈ ਜਾਂਦਾ ਨਹੀਂ, ਕੋਈ ਮਰਦਾ ਨਹੀਂ; ਇਹ ਤਾਂ ਜੋਤ ਆਪਣੇ ਕੌਤਕ ਆਪ ਕਰ ਰਹੀ ਹੈ।

*ਨਹ ਕਿਛੁ ਜਨਮੈ ਨਹ ਕਿਛੁ ਮਰੈ ॥*
*ਆਪਨ ਚਲਿਤੁ ਆਪ ਹੀ ਕਰੈ ॥* *ਪੰਨਾ – 281*

*ਕਵਨ ਰੂਪ ਦ੍ਰਿਸਟਿਓ ਬਿਨਸਾਇਓ ॥*
*ਕਤਹਿ ਗਇਓ ਉਹੁ ਕਤ ਤੇ ਆਇਓ ॥* *ਪੰਨਾ – 736*

ਕਹਿੰਦੇ ਆਹ ਜਿਹੜੇ ਦਿਸਦੇ ਨੇ, ਕਿਥੇ ਚਲੇ ਜਾਂਦੇ ਨੇ, ਕਿਥੋਂ ਆਉਂਦੇ ਨੇ ? ਮਹਾਰਾਜ ਜੀ ਕਹਿੰਦੇ –

*ਜਲ ਤੇ ਊਠਹਿ ਅਨਿਕ ਤਰੰਗਾ ॥*
*ਕਨਿਕ ਭੂਖਨ ਕੀਨੇ ਬਹੁ ਰੰਗਾ ॥* *ਪੰਨਾ – 736*

ਸਮੁੰਦਰ ਦੇ ਕੰਢੇ ਖੜ੍ਹੇ ਹੋ ਜਾਓ, ਬੇਅੰਤ ਲਹਿਰਾਂ ਆਉਂਦੀਆਂ ਨੇ। ਉਹ ਲਹਿਰਾਂ ਆ ਕੇ ਕਿਥੇ ਚਲੀਆਂ ਜਾਂਦੀਆਂ ਨੇ ? ਬਾਹਰ ਨਿਕਲ ਜਾਂਦੀਆਂ ਨੇ ? ਨਾ, ਉਥੇ ਹੀ ਸਮਾਅ ਜਾਂਦੀਆਂ ਨੇ –

*ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ ॥* *ਪੰਨਾ – 485*

*ਕਨਿਕ ਭੂਖਨ ਕੀਨੇ ਬਹੁ ਰੰਗਾ ॥* *ਪੰਨਾ – 736*

ਹਜ਼ਾਰਾਂ ਕੁਵਿੰਟਲ ਸੋਨਾ ਲੈ ਲਿਆ, ਉਸ ਦੇ ਲੱਖਾਂ ਗਹਿਣੇ ਬਣਾ ਦਿੱਤੇ। ਜਦੋਂ ਉਨ੍ਹਾਂ ਨੂੰ ਦੁਬਾਰਾ ਢਾਲਿਆ ਤਾਂ ਉਹ ਕਿਥੇ ਚਲੇ ਗਏ ? ਫੇਰ ਸੋਨਾ ਬਣ ਗਏ। ਸੋਨੇ ਵਿਚੋਂ ਹੀ ਆਏ ਸੀ, ਸੋਨਾ ਹੀ ਬਣ ਗਏ। ਆਹ ਜਿਹੜਾ ਰੂਪ ਦਿਸਦਾ ਹੈ, ਇਸ ਦਾ ਰੌਲਾ ਗੌਲਾ ਹੈ ਸਾਰਾ। ਇਸ ਨੂੰ ਅਸੀਂ ਕਾਇਮ ਰੱਖਣਾ ਚਾਹੁੰਦੇ ਹਾਂ ਪਰ ਇਹ ਕਾਇਮ ਨਹੀਂ ਰਹਿੰਦਾ। ਮਹਾਰਾਜ ਜੀ ਕਹਿੰਦੇ –

***ਸਭਨਾ ਮਰਣਾ ਆਇਆ ਵੇਛੋੜਾ ਸਭਨਾਹ॥*** ***ਪੰਨਾ - 595***

ਸਭ ਨੇ ਮਰਨਾ ਹੈ, ਸਭ ਦਾ ਵਿਛੋੜਾ ਹੋਣਾ ਹੈ।

***ਪੁਛਹੁ ਜਾਇ ਸਿਆਣਿਆ ਆਗੈ ਮਿਲਣੁ ਕਿਨਾਹ॥*** ***ਪੰਨਾ - 595***

ਕਹਿੰਦੇ ਗੱਲ ਅਸਲੀ ਇਹ ਹੈ ਕਿ ਸਿਆਣਿਆਂ ਨੂੰ ਪੁਛ ਲਓ ਕਿ ਅੱਗੇ ਮਿਲਣਾ ਹੁੰਦਾ ਹੈ ਜਾਂ ਨਹੀਂ ਹੁੰਦਾ।

***ਜਿਨ ਮੇਰਾ ਸਾਹਿਬੁ ਵੀਸਰੈ ਵਡੜੀ ਵੇਦਨ ਤਿਨਾਹ॥*** ***ਪੰਨਾ - 595***

ਕਹਿੰਦੇ ਦੁਖ ਉਨ੍ਹਾਂ ਨੂੰ ਹੈ ਜਿਨ੍ਹਾਂ ਨੂੰ ਸਾਹਿਬ ਵਿਸਰਿਆ ਹੋਇਆ ਹੈ ਅਤੇ ਆਪਣੇ ਸਰੂਪ ਦਾ ਗਿਆਨ ਨਹੀਂ ਹੈ। ਹੁਣ ਇਕ ਥਾਂ ਮਹਾਰਾਜ ਜੀ ਹੋਰ ਫੁਰਮਾਉਂਦੇ ਨੇ, ਕਹਿੰਦੇ -

***ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ॥*** ***ਪੰਨਾ - 729***

ਸੱਜਣ ਤਾਂ ਚੱਲੇ, ਤੇ ਮੇਲਾ ਹੋ ਸਕਦਾ ਹੈ ਜਾਂ ਨਹੀਂ? ਮਹਾਰਾਜ ਜੀ ਕਹਿੰਦੇ, ਇਉਂ ਨਹੀਂ ਹੋਣਾ ਜਿਵੇਂ ਤੁਸੀਂ ਸਮਝਦੇ ਹੋ, ਸਰੀਰ ਦਾ ਮੇਲਾ ਤਾਂ ਨਹੀਂ ਹੁੰਦਾ, ਰੂਹ ਦੇ ਤੁਸੀਂ ਵਾਕਫ ਨਹੀਂ ਹੋ, ਜੇ ਰੂਹ ਓਹੋ ਜਿਹੀ ਹੀ ਹੋਵੇ ਤਾਂ ਠੀਕ ਹੈ। ਉਸ ਦੇ ਵਾਕਫ ਨਹੀਂ ਹਾਂ ਇਸ ਕਰਕੇ ਮੇਲਾ ਬੜਾ ਔਖਾ ਹੈ। ਕਿਉਂ ਨਹੀਂ ਮੇਲਾ ਹੁੰਦਾ? ਪਹਿਲਾਂ ਤਾਂ ਵਾਹਿਗੁਰੂ ਦਾ ਜਿਹੜਾ ਪਸਾਰਾ ਹੈ, ਇਸ ਦਾ ਕੋਈ ਅੰਤ ਨਹੀਂ ਹੈ। ਰੂਹ ਕਿਥੇ ਚਲੀ ਜਾਂਦੀ ਹੈ, ਕਿਹੋ ਜਿਹੇ ਰੂਪ ਵਿਚ ਚਲੀ ਜਾਂਦੀ ਹੈ, ਕਿਸੇ ਨੂੰ ਕੋਈ ਪਤਾ ਨਹੀਂ। ਜੇ ਰੂਹ ਸਾਰੀ ਜਿੰਦਗੀ ਜਾਇਦਾਦ ਵਿਚ ਰਹੀ ਹੈ ਤੇ ਅੰਤ ਵੇਲੇ ਉਸ ਦੇ ਵਿਚ ਰਹਿ ਜਾਵੇ ਤਾਂ ਪ੍ਰੇਤ ਬਣ ਜਾਣਾ ਹੈ ਉਸ ਨੇ; ਹੁਣ ਟੋਲ੍ਹੀ (ਲੱਭੀ) ਜਾਓ ਪ੍ਰੇਤ ਨੂੰ ਕਿ ਕਿਥੇ ਹੈ, ਤੇ -

***ਸੰਤਨ ਕੈ ਦੂਖਨਿ ਸਰਪ ਜੋਨਿ ਪਾਇ॥*** ***ਪੰਨਾ - 279***

ਜੇ ਸੰਤਾਂ ਨੂੰ ਦੁਖੀ ਕਰਦਾ ਰਿਹਾ ਤਾਂ ਸੱਪ ਬਣ ਜਾਣਾ ਹੈ; ਹੁਣ ਮਿਲੋਗੇ ਕਿਥੇ? ਜੇ ਮਿਲ ਗਿਆ ਤਾਂ ਡੰਡੇ ਨਾਲ ਮਾਰ ਦਿਓਗੇ, ਪਛਾਨਣਾ ਤਾਂ ਹੈ ਨਹੀਂ ਕਿ ਇਹ ਕੌਣ ਹੈ।

***ਸੰਤ ਕੈ ਦੂਖਨਿ ਤ੍ਰਿਗਦ ਜੋਨਿ ਕਿਰਮਾਇ॥*** ***ਪੰਨਾ - 279***

ਕੁਤਿਆਂ, ਬਿੱਲਿਆਂ ਦੇ ਜਿਹੜੇ ਕਿਰਮ ਪੈਂਦੇ ਨੇ, ਉਨ੍ਹਾਂ ਵਿਚ ਚਲਿਆ ਜਾਂਦਾ ਹੈ, ਹੁਣ ਉਥੇ ਕਿਥੇ ਟੋਲ੍ਹ ਲਵੋਂਗੇ? ਕਹਿੰਦੇ ਮਿਲਣ ਹੋ ਸਕਦਾ ਹੈ ਜਾਂ ਨਹੀਂ? ਪਸਾਰਾ ਬੇਅੰਤ ਹੈ ਵਾਹਿਗੁਰੂ ਦਾ। ਗਿਆਰਾਂ ਤਾਂ ਵੱਡੀਆਂ ਵੱਡੀਆਂ ਦਰਗਾਹਾਂ ਨੇ ਜਿਨ੍ਹਾਂ ਵਿਚ ਅਰਬਾਂ ਖਰਬਾਂ ਦੀ ਆਬਾਦੀ ਹੈ। ਫੇਰ ਭੂਤ ਮੰਡਲ ਹੈ, ਉਸ ਦੇ ਬਾਰੇ ਮੈਨੂੰ ਦਸਦਾ ਸੀ 'ਸੁਲੇਮਾਨ'।

ਮੈਂ ਕਿਹਾ, "ਤੁਹਾਡੀ ਗਿਣਤੀ ਮਿਣਤੀ ਵੀ ਹੁੰਦੀ ਹੈ?"

ਕਹਿੰਦਾ, "ਤੁਹਾਡੇ ਵਾਂਗ ਹੀ ਅਸੀਂ ਵੀ ਹਾਂ ਪਰ ਅਸੀਂ ਦੁਖੀ ਬਹੁਤ ਹਾਂ।"

ਮੈਂ ਕਿਹਾ, "ਤੁਸੀਂ ਹੋ ਕਿੰਨੇ-ਕੁ?"

ਕਹਿੰਦਾ, "ਤੁਸੀਂ ਇਕ ਮਨੁਖ, ਅਸੀਂ ਤਿੰਨ ਸੌ। ਤਿੰਨ ਸੌ ਗੁਣਾ ਵੱਧ ਹਾਂ ਤੁਹਾਥੋਂ।"

ਮੈਂ ਕਿਹਾ, "ਸਾਡੀ ਆਬਾਦੀ ਤਾਂ 5 ਅਰਬ ਦੀ ਹੈ।"

ਕਹਿੰਦਾ, "ਫੇਰ ਅਸੀਂ 15 ਖਰਬ ਹਾਂ।"

ਪੜ੍ਹਿਆ ਲਿਖਿਆ ਸੀ ਉਹ। ਹੁਣ ਪੰਦਰਾਂ ਖਰਬਾਂ ਵਿਚ ਟੋਲ੍ਹ ਲਓ ਉਹ ਕਿਥੇ ਭੂਤ ਬਣਿਆ ਹੋਇਆ ਹੈ। ਫੇਰ ਫਾਇਦਾ ਕੀ ਮਿਲਣ ਦਾ? ਆਪ ਪਹਿਲਾਂ ਭੂਤ ਬਣੋ, ਫੇਰ ਭੂਤ ਨੂੰ ਮਿਲੋ। ਚੌਰਾਸੀ ਨਰਕ ਨੇ ਵੱਡੇ ਵੱਡੇ। ਉਥੇ ਹਾਏ ਕੁਰਲਾਪ ਹੋ ਰਹੀ ਹੈ, ਉਥੇ ਕਿਥੇ ਮਿਲ ਲਵਾਂਗੇ; ਅਸੀਂ ਕਿਸੇ ਹੋਰ

ਨਰਕ ਵਿਚ, ਉਹ ਕਿਸੇ ਹੋਰ ਨਰਕ ਵਿਚ। ਫੇਰ ਉਥੇ ਸਵਰਗ ਨੇ - ਗੰਧਰਵ ਲੋਕ ਹੈ, ਦੇਵ ਗੰਧਰਵ ਲੋਕ ਹੈ, ਪਿਤਰ ਲੋਕ ਹੈ, ਸਵਰਗ ਲੋਕ ਹੈ, ਇੰਦਰ ਲੋਕ ਹੈ, ਪ੍ਰਜਾਪਤਿ ਲੋਕ ਹੈ, ਕਰਮ ਦੇਵ ਲੋਕ ਹੈ, ਬੇਅੰਤ ਲੋਕ ਨੇ ਬ੍ਰਹਮ ਲੋਕ, ਸ਼ਿਵ ਲੋਕ, ਬੈਕੁੰਠ ਧਾਮ ਆਦਿ। ਜੇ ਬੈਕੁੰਠ ਵਿਚ ਹੀ ਜਾਓ ਫੇਰ ਤਾਂ ਮੇਲਾ (ਮਿਲਾਪ) ਹੁੰਦਾ ਹੈ, ਜੇ ਨਹੀਂ ਜਾਂਦੇ ਤਾਂ ਨਹੀਂ ਹੁੰਦਾ। ਮਹਾਰਾਜ ਜੀ ਕਹਿੰਦੇ -

***ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ॥***
***ਜੇ ਗੁਣ ਹੋਵਹਿ ਗੰਠੜੀਐ ਮੇਲੇਗਾ ਸੋਈ॥*** ***ਪੰਨਾ - 729***

ਜੇ ਸੰਤਾਂ ਨੂੰ ਮਿਲਣਾ ਹੈ ਤਾਂ ਸੰਤ ਜਿਹੜੇ ਨੇ ਉਹ ਤਾਂ ਵਾਹਿਗੁਰੂ ਵਿਚ ਲੀਨ ਹੋ ਜਾਂਦੇ ਨੇ।

***ਪਿੰਡਿ ਮੂਐ ਜੀਉ ਕਿਹ ਘਰਿ ਜਾਤਾ॥*** ***ਪੰਨਾ - 327***

ਪਿੰਡ (ਸਰੀਰ) ਤਾਂ ਮਰ ਗਿਆ, ਸਰੀਰ ਮਰੇ ਤੋਂ ਬਾਅਦ ਆਹ ਜੀਵ ਕਿਥੇ ਚਲਿਆ ਗਿਆ-

***ਸਬਦਿ ਅਤੀਤਿ ਅਨਾਹਦਿ ਰਾਤਾ॥*** ***ਪੰਨਾ - 327***

ਸ਼ਬਦ ਦੇ ਵਿਚ ਤ੍ਰਿਗੁਣ ਅਤੀਤ ਜਿਹੜੀ ਅਵਸਥਾ ਹੈ, ਉਸ ਦੇ ਵਿਚ ਜਾ ਕੇ ਸਮਾਅ ਜਾਇਆ ਕਰਦਾ ਹੈ।

ਸੋ ਮਹਾਰਾਜ ਜੀ ਕਹਿਣ ਲਗੇ, "ਪ੍ਰੇਮੀਓਂ! ਮੇਲਾ ਜਿਹੜਾ ਹੁੰਦਾ ਹੈ..., ਤੁਸੀਂ ਆਪਣੇ ਸਰੂਪ ਨੂੰ ਪਛਾਣੋ, ਆਪਾਂ ਕਦੇ ਵਿਛੜੇ ਹੀ ਨਹੀਂ, ਸਦਾ ਹੀ ਮਿਲੇ ਹੋਏ ਹਾਂ। ਵਿਛੋੜਾ ਤਾਂ ਉਸ ਦਾ ਹੁੰਦਾ ਹੈ ਜਿਹੜਾ ਦ੍ਵੈਤ 'ਚ ਆਉਂਦਾ ਹੈ। ਜਿਹੜਾ ਆਪਣੇ ਸਰੂਪ ਨੂੰ ਪਛਾਣਦਾ ਹੈ, ਉਸ ਦਾ ਵਿਛੋੜਾ ਨਹੀਂ ਹੋਇਆ ਕਰਦਾ।"

ਸੋ ਏਸ ਤਰ੍ਹਾਂ ਮਹਾਰਾਜ ਜੀ ਨੇ ਫੁਰਮਾਨ ਕੀਤਾ।

***ਧਾਰਨਾ - ਪਛਾਣ ਬੰਦਿਆ! ਪਿਆਰੇ ਆਪਣੇ ਸਰੂਪ ਨੂੰ -2, 2.***
***ਆਪਣੇ ਸਰੂਪ ਨੂੰ, ਆਪਣੇ ਸਰੂਪ ਨੂੰ -4, 2.***
***ਪਛਾਣ ਬੰਦਿਆ!,.............. -2.***

***ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥***
***ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ॥*** ***ਪੰਨਾ - 441***

ਕਹਿੰਦੇ, ਤੂੰ ਸਰੀਰ ਨਹੀਂ ਹੈਂ ਪ੍ਰੇਮੀਆਂ! ਕਿਉਂ ਆਪਣੇ ਆਪ ਨੂੰ ਬਾਰ ਬਾਰ ਸਰੀਰ ਸਰੀਰ ਸਰੀਰ ਦੀ ਰਟ ਲਾਈ ਹੈ। ਕਿਹੜੀ ਚੀਜ਼ ਹੈਂ ਤੂੰ? ਹਵਾ ਹੈਂ? ਮਿੱਟੀ ਹੈਂ? ਅੱਗ ਹੈਂ? ਜਾਂ ਅਕਾਸ਼ ਹੈਂ ਜਾਂ ਪਾਣੀ ਹੈਂ? ਵਿਚਾਰ ਕਰਕੇ ਦੇਖ ਲਓ ਕਿ ਕਿਹੜੀ ਚੀਜ਼ ਹੈਂ। ਇਹ ਤਾਂ ਇਕ ਕਾਰਖਾਨਾ ਹੈ ਜਿਵੇਂ ਖਿਡੌਣੇ ਬਣਾਉਂਦੇ ਨੇ। ਇਹ ਵੀ ਇਕ ਖਿਡੌਣਾ ਬਣਾ ਦਿੱਤਾ, ਇਸ ਦੇ ਵਿਚ ਸਾਨੂੰ ਰਹਿਣ ਨੂੰ ਥਾਂ ਦੇ ਦਿੱਤਾ। ਜਿਵੇਂ ਅਸੀਂ ਕੋਠੀ ਬਣਾਉਂਦੇ ਹਾਂ ਤੇ ਗਲਤੀ ਨਾਲ ਕਹੀਏ ਕਿ ਮੈਂ ਕੋਠੀ ਹਾਂ, ਮੈਂ ਕੋਠੀ ਹਾਂ, ਤਾਂ ਪਾਗਲਖਾਨੇ ਵਾੜ ਆਉਣਗੇ ਕਿ ਏਸ ਬੰਦੇ ਨੂੰ ਪਤਾ ਹੀ ਨਹੀਂ। ਜਦੋਂ ਕਹੇਗਾ ਤਾਂ ਕਹੂ ਮੈਂ ਕੋਠੀ ਹਾਂ। ਇਸੇ ਤਰ੍ਹਾਂ ਨਾਲ ਅਸੀਂ ਇਨ੍ਹਾਂ ਪੰਜਾਂ ਤੱਤਾਂ ਵਿਚੋਂ ਕੋਈ ਚੀਜ਼ ਨਹੀਂ ਹਾਂ। ਪੰਜ ਗਿਆਨ ਇੰਦ੍ਰੇ - ਨੱਕ, ਕੰਨ, ਅੱਖ, ਜੀਭ ਵਗੈਰਾ ਵਿਚੋਂ ਵੀ ਅਸੀਂ ਕੋਈ ਨਹੀਂ ਹਾਂ। ਇਹ ਸਾਡੀਆਂ ਅੱਖਾਂ ਨੇ, ਅਸੀਂ ਅੱਖਾਂ ਨਹੀਂ। ਪੰਜ ਕਰਮ ਇੰਦ੍ਰੇ ਹੱਥ - ਪੈਰ ਆਦਿ ਇਨ੍ਹਾਂ ਵਿਚੋਂ ਵੀ ਅਸੀਂ ਕੋਈ ਚੀਜ਼ ਨਹੀਂ। ਫੇਰ ਪੰਜ ਪ੍ਰਾਣ ਨੇ - ਪ੍ਰਾਣ, ਉਪਾਨ, ਉਦਾਨ, ਬਿਆਨ, ਸਮਾਨ, ਇਨ੍ਹਾਂ ਪੰਜਾਂ ਪ੍ਰਾਣਾਂ ਵਿਚੋਂ ਅਸੀਂ ਕੋਈ ਚੀਜ਼ ਨਹੀਂ ਹਾਂ। ਫੇਰ ਮਨ ਹੈ, ਮਨ 'ਮੈਂ' ਨਹੀਂ ਹਾਂ, ਮੇਰਾ ਮਨ ਹੈ। ਬੁੱਧੀ 'ਮੈਂ' ਨਹੀਂ ਹਾਂ, ਮੇਰੀ ਬੁਧੀ ਹੈ। ਚਿੱਤ 'ਮੈਂ' ਨਹੀਂ ਹਾਂ। ਮੈਂ ਕਹਿੰਦਾ ਹਾਂ ਮੇਰਾ ਚਿੱਤ ਉਦਾਸ ਹੈ, ਮੇਰਾ ਚਿੱਤ ਤੈਨੂੰ ਦੇਖ ਕੇ ਖਿੜ ਗਿਆ। ਫੇਰ ਮੈਂ ਕੀ ਹੋਇਆ? ਕਹਿੰਦੇ ਪਰਛਾਵਾਂ ਮੰਨੀ ਜਾਂਦਾ ਹੈਂ ਆਪਣੇ ਆਪ

ਨੂੰ। ਝੂਠੀ 'ਮੈਂ' ਨੇ ਇਸ ਨੂੰ ਪੱਕਾ ਕਰ ਦਿੱਤਾ। ਜਦੋਂ ਵੀ ਝੂਠੀ 'ਮੈਂ' ਕਹੇਗੀ, ਸਰੀਰ ਕਹੇਗੀ ਆਪਣੇ ਆਪ ਨੂੰ। ਮਿੱਟੀ ਦਾ ਮਚੂੰਗੜਾ ਬਣ ਗਿਆ, ਜੋਤ ਨਹੀਂ ਬਣਦਾ। ਜੋਤ ਬਣ ਤੂੰ ਜਿਹੜੀ ਅਸਲੀ ਚੀਜ਼ ਹੈ। ਗੁਰੂ ਦਾ ਹੀ ਬਚਨ ਮੰਨ ਲੈ, ਜਿਸ ਗੁਰੂ ਨੂੰ ਸੀਸ ਨਿਵਾਉਂਦਾ ਹੈਂ।

***ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥ ਪੰਨਾ - 441***

ਤੈਨੂੰ ਨਾ ਕੋਈ ਮਾਰ ਸਕਦਾ ਹੈ, ਨਾ ਇਹ ਕੱਟੀ ਜਾਂਦੀ ਹੈ, ਨਾ ਵੱਢੀ ਜਾਂਦੀ ਹੈ, ਨਾ ਇਹ ਜਲਦੀ ਹੈ, ਨਾ ਪਾਣੀ ਵਿਚ ਡੁਬਦੀ ਹੈ, ਇਹ ਸਦਾ ਅਮਰ ਹੈ। ਤੂੰ ਆਪਣੇ ਆਪ ਨੂੰ ਮਰਨ ਵਾਲਾ ਕਿਉਂ ਮੰਨਦਾ ਹੈਂ? ਤੂੰ ਸਦਾ ਅਮਰ ਮੰਨ ਆਪਣੇ ਆਪ ਨੂੰ। ਜਦੋਂ ਸਦਾ ਅਮਰ ਮੰਨੇਂਗਾ, ਫੇਰ ਤੈਨੂੰ ਪਤਾ ਲਗੇਗਾ ਕਿ ਮੇਰੀ ਜਿਹੜੀ ਆਤਮਾ ਹੈ, ਇਸ ਨੂੰ ਜੀਵ ਆਤਮਾ ਕਹਿੰਦੇ ਨੇ। ਜਿੰਨਾਂ ਚਿਰ ਮੈਂ ਵਖਰਾ ਹਾਂ, ਓਨਾਂ ਚਿਰ ਮੇਰੇ ਅੰਦਰ ਜੀਵ ਭਾਵ ਹੈ। ਜਿਸ ਦਿਨ ਜੀਵ ਭਾਵ ਹਟ ਗਿਆ, 'ਮੈਂ' ਆਤਮਾ ਹੋ ਜਾਵਾਂਗਾ। ਆਤਮਾ ਨੂੰ 'ਸ਼ਬਦ ਬ੍ਰਹਮ' ਵੀ ਕਹਿੰਦੇ ਨੇ। ਵੱਖਰੇ-ਵੱਖਰੇ ਨਾਉਂ ਨੇ, 'ਸ਼ਬਦ' ਕਹਿੰਦੇ ਨੇ। ਮਹਾਰਾਜ ਜੀ ਕਹਿੰਦੇ ਜਦੋਂ ਨਿਰੰਕਾਰ ਦਾ ਸਰੂਪ ਸਾਕਾਰ ਹੋਇਆ ਤਾਂ -

***ਨਿਰੰਕਾਰੁ ਆਕਾਰੁ ਹੋਇ ਏਕੰਕਾਰੁ ਅਪਾਰ ਸਦਾਇਆ।***
***ਭਾਈ ਗੁਰਦਾਸ ਜੀ ਦੀ ਵਾਰ 26/2***

'ਏਕੰਕਾਰ' ਕਹਾਇਆ। ਏਕੰਕਾਰ ਤੋਂ ਫੇਰ ਆਤਮਾ ਹੋਈ, ਉਸ ਨੂੰ ਕਹਿੰਦੇ ਨੇ -

***ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ ਬਣਾਇਆ।***
***ਭਾਈ ਗੁਰਦਾਸ ਜੀ ਦੀ ਵਾਰ 26/2***

ਉਸ ਸ਼ਬਦ ਧੁਨ ਨੂੰ 'ਓਅੰਕਾਰ' ਕਹਿੰਦੇ ਨੇ। ਪਹਿਲਾਂ ਗੁਰੂ ਗ੍ਰੰਥ ਸਾਹਿਬ ਵਿਚ ੧ਓ (ਏਕੰਕਾਰ), ਫੇਰ ਓਅੰਕਾਰ ਆਉਂਦਾ ਹੈ। ਹੈ ਦੋਵੇਂ ਇਕੋ ਹੀ, ਮਹਾਰਾਜ ਜੀ ਕਹਿੰਦੇ, ਦੋ ਨਾ ਕਹੋ -

***ਆਤਮਾ ਪਰਾਤਮਾ ਏਕੋ ਕਰੈ॥***
***ਅੰਤਰ ਕੀ ਦੁਬਿਧਾ ਅੰਤਰਿ ਮਰੈ॥ ਪੰਨਾ - 661***

ਆਤਮਾ ਤੇ ਪਰਮਾਤਮਾ ਨੂੰ ਇਕੋ ਰੂਪ ਜਾਣ, ਦੋ ਨਹੀਂ ਹਨ। ਇਹ ਸਿਰਫ ਕਿਰਿਆ ਦੇ ਵਿਚ ਭੇਦ ਹੈ। ਜਦੋਂ ਅਕਾਰ ਹੁੰਦੇ ਨੇ ਸ੍ਰਿਸ਼ਟੀ ਦੇ, ਉਹ 'ਸ਼ਬਦ' ਤੋਂ ਹੁੰਦੇ ਨੇ ਸਾਰੇ -

***ਪ੍ਰਥਮ ਓਅੰਕਾਰ ਤਿਨ ਕਹਾ॥***
***ਸੋ ਧੁਨ ਪੂਰ ਜਗਤ ਮੋ ਰਹਾ॥***

ਕਹਿੰਦੇ ਉਹ ਧੁਨ ਸਾਰੇ ਜਗਤ ਦੇ ਅੰਦਰ ਪਰੀਪੂਰਨ ਹੈ, ਉਸੇ ਨੂੰ ਆਤਮਾ ਕਹਿੰਦੇ ਨੇ - ਉਸ 'ਸ਼ਬਦ ਧੁਨ' ਨੂੰ। ਸਿਧਾਂ ਨੇ ਪੁਛਿਆ ਕਿ ਉਹ ਰਹਿੰਦਾ ਕਿਥੇ ਸੀ -

***ਸੁ ਸਬਦ ਕਾ ਕਹਾ ਵਾਸੁ ਕਥੀਅਲੇ ਜਿਤੁ ਤਰੀਐ ਭਵਜਲੁ ਸੰਸਾਰੋ॥***
***ਪੰਨਾ - 944***

ਮਹਾਰਾਜ ਜੀ ਕਹਿੰਦੇ, "ਉਹ ਤਾਂ ਨਿਰੰਕਾਰ ਆਪ ਹੀ ਸੀ, ਆਪਣਾ ਹੀ ਰੂਪ ਸੀ।"

***ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ॥***
***ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ॥ ਪੰਨਾ - 290***

ਸੋ ਜਿਸਨੇ ਆਪਣੇ ਆਪ ਨੂੰ ਆਤਮਾ ਮੰਨ ਲਿਆ ਉਸ ਨੇ ਨਾ ਕਦੇ ਮਰਨਾ ਹੈ, ਨਾ ਕਦੇ ਪੈਦਾ ਹੋਣਾ ਹੈ। ਆਪਣਾ ਖੇਲ੍ਹ ਕਰ ਰਿਹਾ ਹੈ। ਦ੍ਵੈਤ ਦੇ ਅੰਦਰ ਆ ਕੇ ਬੰਦੇ ਨੂੰ ਅਗਿਆਨ ਹੋ ਗਿਆ। ਅਗਿਆਨ ਦੂਰ ਕਰਨ ਲਈ ਹੀ ਸਾਰੇ ਭਜਨ ਪਾਠ, ਸੇਵਾ ਬੰਦਗੀ ਆਦਿ ਕੀਤੇ ਜਾਂਦੇ ਹਨ।

ਸੋ ਮਹਾਰਾਜ ਜੀ ਕਹਿੰਦੇ, "ਅੰਗਦ ਜੀ! ਸੰਗਤਾਂ ਨੂੰ ਸਮਝਾਵੋ। ਅਸੀਂ ਕਿਤੇ ਨਹੀਂ ਜਾਂਦੇ। ਜਾਣਾ ਆਉਣਾ ਨਹੀਂ ਹੈ ਸਾਡਾ। ਇਨ੍ਹਾਂ ਨੂੰ ਦੱਸੋ ਇਹ ਕਿ ਗੁਰੂ ਨਹੀਂ ਕਦੇ ਜਾਂਦਾ ਹੁੰਦਾ। ਉਹ ਤਾਂ ਸਦਾ ਸਦਾ ਹੁੰਦਾ ਹੈ।"

***ਓਹੁ ਅਉਹਾਣੀ ਕਦੇ ਨਾਹਿ ਨਾ ਆਵੈ ਨਾ ਜਾਇ॥ ਪੰਨਾ - 509***

ਸ਼ਬਦ ਦੀ ਕਮਾਈ ਕਰੋ, ਫੇਰ ਦਿਸ ਜਾਏਗਾ। ਸੋ ਮਹਾਰਾਜ ਜੀ ਨੇ ਸਰੀਰ ਛੱਡ ਦਿੱਤਾ। ਮਾਤਾ ਜੀ ਨੂੰ ਪਤਾ ਲੱਗਿਆ, ਉਹ ਕਹਿੰਦੇ, "ਹੈਂ! ਸਾਹਿਬਜ਼ਾਦੇ ਵੀ ਨਹੀਂ ਬੁਲਾਏ।"

ਕਹਿੰਦੇ, "ਭੇਜੇ ਸੀ ਬੁਲਾਉਣ ਪਰ ਆਏ ਨਹੀਂ ਸਾਹਿਬਜ਼ਾਦੇ।"

ਉਸ ਵੇਲੇ ਛੇਤੀ ਸੁਨੇਹਾ ਭੇਜਿਆ ਤੇ ਆਪ ਜਾ ਕੇ ਚਰਨਾਂ ਵੱਲ ਖੜ੍ਹ ਗਏ। ਕਹਿੰਦੇ, "ਮਹਾਰਾਜ! ਐਨੀ ਕਾਹਲੀ ਕਰ ਲਈ ਤੁਸੀਂ, ਬੱਚਿਆਂ ਦਾ ਤਾਂ ਇੰਤਜ਼ਾਰ ਕਰ ਲੈਂਦੇ? ਚਾਰ ਘੜੀ ਤਾਂ ਹੋਰ ਠਹਿਰ ਲਓ?"

ਮਹਾਰਾਜ ਜੀ ਉਠ ਕੇ ਬੈਠ ਗਏ, ਕਹਿੰਦੇ, "ਮੂਲੇ ਸੁਤਾ! ਐਸਾ ਥੋੜ੍ਹਾ ਸਮਾਂ ਮੰਗਿਆ। ਜੇ ਤੂੰ ਸਾਨੂੰ ਕਹਿੰਦੀ ਕਿ ਚਾਰ ਜੁਗ ਠਹਿਰ ਜਾਓ ਤਾਂ ਅਸੀਂ ਚਾਰ ਜੁਗ ਠਹਿਰ ਜਾਣਾ ਸੀ। ਚਲੋ ਚੰਗਾ, ਹੁਣ ਚਾਰ ਘੜੀਆਂ ਪ੍ਰਮੇਸ਼ਰ ਨੇ ਤੁਹਾਡੇ ਮੁਖ 'ਚੋਂ ਕਢਾਈਆਂ ਨੇ; ਕਰੋ ਗੱਲ।"

ਕਹਿਣ ਲੱਗੀ, "ਮਹਾਰਾਜ! ਮੇਰੇ ਪੁੱਤਰਾਂ ਨੂੰ ਤਾਂ ਤੁਸੀਂ ਕੁਝ ਨਾ ਦੇ ਕੇ ਗਏ, ਬਿਗਾਨੇ ਪੁੱਤ ਨੂੰ ਸਭ ਕੁਝ ਦੇ ਗਏ।"

ਉਹ ਕਹਿੰਦੇ, "ਤੈਨੂੰ ਭੁਲੇਖਾ ਹੈ। ਮੇਰੇ ਕੋਲ ਤਿੰਨ ਚੀਜ਼ਾਂ ਸੀ - ਇਕ ਸੀ ਗੁਰਤਾ, ਗੁਰਿਆਈ, ਦੂਜਾ ਸੀ ਗ੍ਰਹਿਸਤ, ਤੀਸਰਾ ਸੀ ਉਦਾਸ। ਉਦਾਸੀ ਤਾਂ ਦੇ ਦਿੱਤੀ ਸ੍ਰੀ ਚੰਦ ਨੂੰ, ਗ੍ਰਹਿਸਤ ਦੇ ਦਿੱਤਾ ਲਖਮੀ ਦਾਸ ਨੂੰ, ਤੇ ਗੁਰਤਾ ਦਾ ਬੋਝ ਚੁੱਕਣ ਵਾਲਾ ਹੋਰ ਕੋਈ ਹੈ ਨਹੀਂ ਸੀ, ਇਹ (ਗੁਰੂ) ਅੰਗਦ ਹੀ ਸਨ ਜਿਨ੍ਹਾਂ ਨੇ ਇਹ ਪੰਡ ਚੁਕਣੀ ਸੀ। ਜੇ ਤੈਨੂੰ ਇਤਬਾਰ ਨਹੀਂ ਆਉਂਦਾ ਤਾਂ ਮੇਰੀ ਗੋਦੜੀ ਲਿਆਓ।" ਲੈ ਆਂਦੀ। ਕਹਿੰਦੇ, "ਚੁਕੋ।"

ਸ੍ਰੀ ਚੰਦ ਜੀ ਗਏ, ਉਨ੍ਹਾਂ ਤੋਂ ਹਿੱਲੀ ਹੀ ਨਾ; ਲਖਮੀ ਦਾਸ ਜੀ ਗਏ, ਬਿਲਕੁਲ ਨਾ ਹਿੱਲੀ; ਜਦੋਂ ਗੁਰੂ ਅੰਗਦ ਸਾਹਿਬ ਗਏ, ਉਨ੍ਹਾਂ ਨੇ ਅਰਾਮ ਨਾਲ ਹੀ ਚੁੱਕ ਲਈ।

ਕਹਿੰਦੇ, "ਆਹ ਵਜ਼ਨ ਇਨ੍ਹਾਂ ਤੋਂ ਨਹੀਂ ਸੀ ਚੁੱਕ ਹੋਣਾ। ਸੋ ਮਾਇਆ ਦੀ ਇਨ੍ਹਾਂ ਕੋਲ ਕੋਈ ਘਾਟ ਨਹੀਂ ਹੋਏਗੀ। ਜਦੋਂ ਤੱਕ ਇਹ 'ਸਤਿ' ਦੇ ਮਾਰਗ ਤੇ ਚੱਲਣਗੇ ਤਾਂ ਰਿਧੀ ਸਿਧੀ ਇਨ੍ਹਾਂ ਦੀ ਸੇਵਾਦਾਰਨੀ ਬਣ ਕੇ ਕੰਮ ਕਰੇਗੀ, ਇਨ੍ਹਾਂ ਦੇ ਕੁੱਤਿਆਂ ਦੀ ਵੀ ਮਾਨਤਾ ਹੋਏਗੀ; ਜਿਥੇ ਪੈਰ ਧਰਨਗੇ ਉਸ ਥਾਂ ਦੀ ਵੀ ਮਾਨਤਾ ਹੋਏਗੀ ਪਰ ਜਦੋਂ ਤੱਕ ਇਹ ਸਹੀ ਰਹਿਣਗੇ।

ਸੋ ਬਾਕੀ ਜੋ ਅਕਾਲਪੁਰਖ ਵਲੋਂ ਸਾਨੂੰ ਬੋਝ ਮਿਲਿਆ ਸੀ ਸੰਸਾਰ ਦਾ, ਉਹ ਅੰਗਦ ਜੀ ਤੋਂ ਬਗੈਰ ਹੋਰ ਕੋਈ ਚੁੱਕਣ ਵਾਲਾ ਨਹੀਂ ਸੀ, ਇਹੀ ਚੁੱਕ ਸਕਦੇ ਸਨ।"

ਉਸ ਵੇਲੇ ਸਾਰੇ ਸਿੱਖਾਂ ਨੇ ਕਿਹਾ, "ਪਾਤਿਸ਼ਾਹ! ਕਿਰਪਾ ਕਰੋ, ਸਾਨੂੰ ਕੋਈ ਆਖਰੀ ਬਚਨ ਸੁਣਾ ਦਿਓ।"

ਮਹਾਰਾਜ ਜੀ ਕਹਿੰਦੇ, ਦੇਖੋ! ਮੋਟੀਆਂ ਮੋਟੀਆਂ ਗੱਲਾਂ ਨੇ, ਆਹ ਦੇਹ ਮੁੜ ਕੇ ਨਹੀਂ ਮਿਲਣੀ, ਜਿਹੜੀ ਆਹ ਤੁਹਾਨੂੰ ਪ੍ਰਾਪਤ ਹੋਈ ਹੈ, ਨਰ ਨਰਾਇਣੀ ਦੇਹ ਹੈ, ਮਤਾਂ ਏਸ ਨੂੰ ਗੁਆ ਬੈਠੋਂ। ਦੂਸਰਾ ਬਚਨ ਹੈ ਕਿ ਨਿੱਜ ਸਰੂਪ ਦੀ ਲੱਖਤਾ ਹੀ ਸਾਡਾ ਪਰਮ ਪ੍ਰਯੋਜਨ ਹੈ। ਆਪਣੇ ਆਪ ਨੂੰ ਪਛਾਣੋ, ਇਸ ਦੇ ਵਾਸਤੇ ਹੀ ਅਸੀਂ ਆਏ ਹਾਂ, ਬਾਕੀ ਤਾਂ ਸਭ ਰੌਲਾ-ਗੌਲਾ, ਭਰਮ ਭੁਲੇਖੇ ਨੇ। ਅਸਲੀ ਤੱਤ ਗੱਲ ਇਹ ਹੈ ਕਿ ਜਦੋਂ ਤੱਕ ਆਪਣੇ ਸਰੂਪ ਨੂੰ ਨਹੀਂ ਪਛਾਣਦੇ, ਉਦੋਂ ਤੱਕ ਗੱਲ ਨਹੀਂ ਬਣਨੀ।

***ਮਨੁ ਹਰਿ ਕੀਆ ਤਨੁ ਸਭੁ ਸਾਜਿਆ॥***
***ਪੰਚ ਤਤ ਰਚਿ ਜੋਤਿ ਨਿਵਾਜਿਆ॥*** ***ਪੰਨਾ - 1337***

ਪੰਜ ਤੱਤ ਰਚ ਕੇ ਇਸ ਦੇ ਵਿਚ ਜੋਤੀ ਪਾ ਦਿੱਤੀ, ਉਹ ਅਸੀਂ ਹਾਂ।

***ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥***
***ਪੰਨਾ - 846***

ਇਹ ਸੂਰਜ ਦੀ ਕਿਰਨ ਹੈ ਜਿਵੇਂ, ਇਸ ਤਰ੍ਹਾਂ ਨਿਰੰਕਾਰ ਦਾ ਇਹ ਆਪਣਾ ਸਰੂਪ ਹੈ। ਸੋ ਏਸ ਨੂੰ ਪਛਾਣੋ। ਫੇਰ ਹੈ ਕਿ ਸਾਰੀਆਂ ਜੂਨਾਂ ਵਿਸ਼ੇ ਵਿਕਾਰਾਂ ਵਿਚ ਮਸਤ ਹੋਈਆਂ ਪਈਆਂ ਨੇ। ਮੱਛੀ, ਖਾਣ ਵਿਚ ਮਸਤ ਹੈ, ਹਾਥੀ ਹੋਇਆ ਹੈ ਕਾਮ ਦੇ ਵਿਚ, ਮਿਰਗ ਹੋਇਆ ਹੈ ਸੁਣਨ ਦੇ ਵਿਚ, ਪਤੰਗਾ ਹੋਇਆ ਹੈ ਅੱਖਾਂ ਦੇ ਵਿਚ (ਦੇਖਣ ਵਿਚ), ਭੰਵਰਾ ਹੋਇਆ ਹੈ ਨੱਕ ਦੀ ਸੁਗੰਧੀ ਦੇ ਵਿਚ। ਮਨੁਖ ਦੇ ਵਿਚ 'ਸਤਿ ਤੇ ਅਸਤਿ' ਦੀ ਵਿਚਾਰ ਦੀ ਸ਼ਕਤੀ ਪਾਈ ਹੋਈ ਹੈ ਪਰਮੇਸ਼ਰ ਨੇ, ਇਨ੍ਹਾਂ ਜੀਵਾਂ ਵਿਚ ਹੈ ਨਹੀਂ, ਇਹ ਵਿਸ਼ੇ ਸੁਖ ਵਿਚ ਨੇ। ਮਨੁੱਖ ਜੇ ਸਤਿ ਤੇ ਅਸਤਿ ਦੀ ਵਿਚਾਰ ਕਰ ਲਵੇ ਤਾਂ ਇਸ ਦਾ ਪ੍ਰਯੋਜਨ (ਮਕਸਦ) ਪ੍ਰਾਪਤ ਹੋ ਜਾਂਦਾ ਹੈ। ਫੇਰ ਆਪਣੇ ਸਤਿ ਸਰੂਪ ਨੂੰ ਪਛਾਣ ਲਵੇ ਕਿ ਮੈਂ ਜੋਤਿ ਸਰੂਪ ਹਾਂ -

***ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥*** ***ਪੰਨਾ - 441***

ਹੁਣ ਆਪਣੇ ਨੂੰ ਤਾਂ ਰੱਖ ਲਵੇ ਤੇ ਬਾਕੀ ਜਿਹੜਾ ਆਹ ਚੁੱਕੀ ਫਿਰਦਾ ਹੈ ਪੰਜ ਤੱਤ ਦਾ ਪੁਤਲਾ ਜਿਹਾ -

***ਮਾਟੀ ਕੋ ਪੁਤਰਾ ਕੈਸੇ ਨਚਤੁ ਹੈ॥***
***ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ॥***
***ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ॥***
***ਮਾਇਆ ਗਈ ਤਬ ਰੋਵਨੁ ਲਗਤੁ ਹੈ॥*** ***ਪੰਨਾ - 487***

ਆਹ ਮਿੱਟੀ ਦੇ ਪੁਤਲੇ ਨੂੰ 'ਮੈਂ' ਕਹੀ ਜਾਂਦਾ ਹੈ। ਕਹਿੰਦੇ ਆਪਣੇ 'ਸਤਿ ਸਰੂਪ' ਨੂੰ ਪਛਾਣੇ, 'ਅਸਤਿ' ਦਾ ਤਿਆਗ ਕਰੇ। ਸਾਰੇ ਸੁਖਾਂ ਦਾ ਆਧਾਰ ਜਿਹੜਾ ਹੈ ਉਹ ਪ੍ਰਭੂ ਦਾ ਨਾਮ ਹੈ। ਸਾਰੀਆਂ ਬਿਮਾਰੀਆਂ ਇਸ ਦੇ ਨਾਲ ਚਲੀਆਂ ਜਾਂਦੀਆਂ ਨੇ, ਸਾਰੇ ਵਿਘਨ ਸਿਧੇ ਹੁੰਦੇ ਹਨ।

ਇਥੇ ਆਪਣੇ ਅਸਥਾਨ ਤੇ ਹੀ ਵੇਖ ਲਵੋ। ਲੋਕੀ ਆਉਂਦੇ ਨੇ, ਕਹਿੰਦੇ, ਬਾਬਾ ਜੀ! ਕ੍ਰਿਪਾ ਕਰ ਦਿਉ। ਜੇ ਨਾਮ ਹੀ ਨਹੀਂ ਜਪਣਾ ਤਾਂ ਬਾਬਾ ਜੀ ਕੀ ਕਰੇਗਾ? ਮੇਰੇ ਕੋਲ ਆ ਜਾਂਦੇ ਨੇ ਕਿ ਆਹ ਨਹੀਂ ਹੁੰਦਾ, ਔਖੇ ਹਾਂ ਅਸੀਂ। ਅਸੀਂ ਕਹੀ ਜਾਂਦੇ ਹਾਂ ਕਿ ਨਾਮ ਜਪੋ, ਬੰਦਗੀ ਕਰੋ, ਸਾਰੇ ਸੁੱਖਾਂ ਦਾ ਅਧਾਰ ਨਾਮ ਹੈ। ਸਰੀਰ ਦੀਆਂ ਤਿੰਨ ਅਵਸਥਾਵਾਂ ਹੁੰਦੀਆਂ ਹਨ। 'ਬਾਲਪਣ' ਮੂੜ ਅਵਸਥਾ ਹੈ, 'ਜੁਆਨੀ' ਵਿਸ਼ਿਆਂ ਦੀ ਖਾਣ ਹੁੰਦੀ ਹੈ, 'ਬੁਢਾਪਾ' ਰੋਗਾਂ ਦਾ ਘਰ ਹੁੰਦਾ ਹੈ। ਬਾਲਕ ਅਵਸਥਾ ਦੇ ਅੰਦਰ ਬੱਚੇ ਨੂੰ ਕੋਈ ਸੋਝੀ ਨਹੀਂ ਹੁੰਦੀ। ਜੁਆਨੀ ਦੇ ਵਿਚ ਇਸ ਨੂੰ 'ਕਾਮ' ਦਾ ਭੂਤਨਾ ਚਿੰਬੜਿਆ ਹੁੰਦਾ ਹੈ, ਇਹ ਕਿਸੇ ਦੀ ਗੱਲ ਨਹੀਂ ਸੁਣਦਾ। ਬੁਢਾਪੇ ਦੇ ਅੰਦਰ ਰੋਗੀ ਹੋ ਜਾਂਦਾ ਹੈ, ਦਵਾਈਆਂ ਖਾਈ ਜਾਂਦਾ ਹੈ, ਅੰਗ ਸਿਥਲ ਹੋ ਜਾਂਦੇ ਨੇ, ਭਜਨ ਹੁੰਦਾ ਨਹੀਂ, ਬੈਠ ਨਹੀਂ ਸਕਦਾ; ਜੀਅ ਕਰਦਾ ਹੈ ਕਿ ਤਪਸਿਆ ਕਰੀਏ ਪਰ ਹੁੰਦੀ ਹੈ ਨਹੀਂ।

ਸੋ ਮਹਾਰਾਜ ਜੀ ਕਹਿੰਦੇ ਕਿ ਪ੍ਰੇਮੀਓ! ਸੱਤਵਾਂ ਬਚਨ ਹੈ ਸਾਡਾ - ਸਤਿ, ਸੰਤੋਖ, ਵਿਚਾਰ, ਵੈਰਾਗ, ਬਿਬੇਕ, ਇਸ ਦੇ ਵਿਚ ਜੀਵਨ ਬਤੀਤ ਕਰੋ, ਫੇਰ 'ਤਤੀਕਸ਼ਾ' ਦੇ ਵਿਚ ਜਾਓ, ਫੇਰ ਉਸ ਤੋਂ ਬਾਅਦ ਇੱਛਾ ਰੱਖੋ 'ਪਰਮ ਮੋਖਸ਼' ਦੀ। ਉਸ ਤੋਂ ਬਾਅਦ ਸੁਣੋ ਗੁਰੂ ਦਾ ਬਚਨ, ਸੁਣ ਕੇ ਪੂਰੀ ਤਰ੍ਹਾਂ ਮੰਨੋ, ਫੇਰ ਉਸ ਦੀ ਖੋਜ ਕਰੋ, ਫੇਰ ਆਪਣੇ ਸਰੂਪ ਨੂੰ ਪਛਾਣ ਕੇ ਸਦਾ ਸੁਖੀ ਹੋ ਜਾਵੋਗੇ। ਸੋ

ਏਸ ਤਰ੍ਹਾਂ ਜੀਵਨ ਬਤੀਤ ਕਰੋ।

ਅੱਠਵਾਂ ਹੈ ਮੌਤ ਦਾ ਦੁਖ – ਇਹ ਬਾਰ ਬਾਰ ਆਉਣਾ ਹੈ ਜਦੋਂ ਤੱਕ ਗਿਆਨ ਨਹੀਂ ਹੁੰਦਾ। ਇਹ ਅਸਹਿ ਹੈ; ਚਾਰ ਸੌ ਤਲਵਾਰ ਇਕੋ ਥਾਂ ਜੇ ਕੋਈ ਮਾਰੇ, ਐਨਾ ਦੁਖ ਹੁੰਦਾ ਹੈ। ਏਸ ਦੁਖ ਤੋਂ ਬਚੋ।

ਨੌਵਾਂ ਹੈ ਕਿ ਕਲਿਆਣ ਵਾਸਤੇ ਸਤਿਸੰਗ ਕਰੋ, ਸੰਤਾਂ ਦੇ ਬਚਨ ਨੂੰ ਮੰਨਣਾ ਕਰੋ, ਨਾਮ ਸਿਮਰਨ ਕਰੋ, ਦ੍ਰਿੜ੍ਹ ਅਭਿਆਸ ਕਰੋ ਤੇ ਨਿਜ ਸਰੂਪ ਦੀ ਲਖਤਾ ਪ੍ਰਾਪਤ ਕਰੋ।

ਦਸਵਾਂ ਬਚਨ ਹੈ ਕਿ ਤੁਸੀਂ ਸਾਡਾ ਭਾਣਾ ਮੰਨਣਾ ਹੈ, ਸ਼ੋਕ ਨਹੀਂ ਕਰਨਾ। ਮਨਮੁਖ ਦਾ ਸ਼ੋਕ ਕਰੀਦਾ ਹੈ। ਸੋ ਐਨਾ ਬਚਨ ਕਿਹਾ ਤਾਂ ਉਸ ਵੇਲੇ ਗੁਰਸਿੱਖਾਂ ਨੇ ਬੇਨਤੀ ਕਰੀ ਕਿ ਪਾਤਿਸ਼ਾਹ! ਫੇਰ ਆਪ ਨੇ ਅੱਗੇ ਤਾਂ ਦੱਸਿਆ ਨਹੀਂ ਕਿ ਆਪ ਨੂੰ ਇਸਲਾਮ ਵਾਲੇ ਵੀ ਓਨਾਂ ਹੀ ਮੰਨਦੇ ਨੇ ਤੇ ਅਸੀਂ ਹਿੰਦੂ ਲੋਕ ਵੀ ਓਨਾਂ ਹੀ ਮੰਨਦੇ ਨੇ, ਤਾਂ ਆਪ ਦਾ ਦਾਹ ਕਿਰਿਆ ਕਿਵੇਂ ਕਰੀਏ।

ਮਹਾਰਾਜ ਜੀ ਕਹਿੰਦੇ, "ਚੰਗਾ ਕਰਿਆ ਤੁਸੀਂ ਇਹ ਗੱਲ ਪੁਛ ਲਈ। ਇਉਂ ਕਰਿਓ ਕਿ ਸਾਡੇ ਆਲੇ ਦੁਆਲੇ ਆਪਣੇ ਆਪਣੇ ਫੁੱਲ ਲਿਆ ਕੇ ਰੱਖਿਓ – ਹਾਰ, ਤੇ ਜਿਸ ਦੇ ਫੁਲ ਹਰੇ ਰਹਿ ਜਾਣ ਭਾਈ, ਉਹ ਆਪਣੇ ਧਰਮ ਅਨੁਸਾਰ ਆਪਣੀ ਕਿਰਿਆ ਕਰ ਲਿਓ, ਜਿਸ ਦੇ ਮੁਰਝਾਅ ਜਾਣ, ਉਹ ਸਾਡੇ ਉਤੇ ਆਪਣਾ ਦਾਅਵਾ ਛੱਡ ਦੇਵੇ।"

ਸੋ ਉਸ ਵੇਲੇ ਦੇਖਦੇ ਦੇਖਦੇ ਮਹਾਰਾਜ ਜੀ ਕਨਾਤ ਵਿਚ ਚਲੇ ਗਏ ਤੇ ਹੈਰਾਨ ਹੋ ਗਈ ਸੰਗਤ ਕਿ ਇਕ ਦਮ ਕਰੋੜਾਂ ਸੂਰਜਾਂ ਜਿੰਨਾ ਪ੍ਰਕਾਸ਼ ਹੋ ਗਿਆ ਬ੍ਰਹਿਮੰਡ ਦੇ ਅੰਦਰ, ਤੇ ਜੈ ਜੈਕਾਰ ਦੀਆਂ ਧੁਨੀਆਂ, ਅਨਹਦ ਦੀਆਂ ਧੁਨੀਆਂ ਹੋਣੀਆਂ ਸ਼ੁਰੂ ਹੋ ਗਈਆਂ ਤੇ ਏਸ ਤਰ੍ਹਾਂ ਦੇ ਨਾਲ ਇਤਿਹਾਸ ਵਿਚ ਲਿਖਿਆ ਹੋਇਆ ਹੈ।

***ਧਾਰਨਾ – ਬ੍ਰਹਮਾ ਬਿਸ਼ਨ ਤੇ ਮਹੇਸ਼ ਦੇਵੀ ਦੇਵਤੇ,***
***ਲੈਣ ਆ ਗਏ ਸਤਿਗੁਰੂ ਨੂੰ -2, 2.***
***ਮੇਰੇ ਪਿਆਰੇ, ਲੈਣ ਆ ਗਏ ਸਤਿਗੁਰੂ ਨੂੰ -2, 2.***
***ਬ੍ਰਹਮਾ ਬਿਸ਼ਨ ਤੇ ਮਹੇਸ਼ ਦੇਵੀ ਦੇਵਤੇ,........... -2.***

***ਗਮਨ ਕੀਨ ਊਰਧ ਕੀ ਓਰਾ॥***
***ਜੈ ਜੈ ਕਾਰ ਹੋਤ ਘਨਘੋਰਾ॥ ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ, ਪੰਨਾ – 201***

ਐਨਾ ਪ੍ਰਕਾਸ਼ ਹੋਇਆ ਕਿ ਏਕੰਕਾਰ ਜੀ ਆਪ ਆਏ, ਕਹਿਣ ਲੱਗੇ ਕਿ ਹੁਣ ਚਲੋ। ਬ੍ਰਹਮਾ, ਬਿਸ਼ਨ, ਮਹੇਸ਼ ਆਦਿ ਸਾਰੇ ਦੇਵਤੇ ਬਿਬਾਣ ਲੈ ਕੇ ਪਹੁੰਚਦੇ ਨੇ।

***ਸੁਰ ਅਰਜਨ ਤਰ ਕੁਸਮ ਬ੍ਰਖਾਵਹਿਂ॥ ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ, ਪੰਨਾ – 201***

ਫੁੱਲਾਂ ਦੀਆਂ ਬਾਰਸ਼ਾਂ ਹੋਣੀਆਂ ਸ਼ੁਰੂ ਹੋ ਗਈਆਂ।

***ਚਾਰੁ ਚਮਰ ਚਹੁ ਦਿਸਨ ਢੁਰਾਵਹਿਂ॥ ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ, ਪੰਨਾ – 201***

ਚਾਰੇ ਪਾਸੇ ਚੌਰ ਹੋ ਰਹੇ ਨੇ –

***ਬਿਸਨਾਦਕ ਚੰਦਨ ਚਰ ਚਾਹੀਂ॥***
***ਕਰਹਿਂ ਆਰਤੀ ਸੰਖ ਬਜਾਹੀਂ॥ ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ,***

***ਪੰਨਾ - 201***

ਆਰਤੀ ਹੋ ਰਹੀ ਹੈ, ਸੰਖ ਵੱਜ ਰਹੇ ਨੇ।

***ਹਤੀ ਸ਼ਕਤ ਜਹਿੰ ਲਗ ਜਿਸਹਿ............॥ ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ, ਪੰਨਾ - 201***

ਦੇਵਤੇ ਆਏ ਸਾਰੇ ਲੋਕਾਂ ਦੇ ਜਿਥੇ ਤੱਕ ਸ਼ਕਤੀ ਸੀ। ਗੰਧਰਵ ਲੋਕ ਵਾਲੇ ਗੰਧਰਵ ਲੋਕ ਚਲੇ ਗਏ, ਦੇਵ ਗੰਧਰਵ ਵਾਲੇ ਦੇਵ ਗੰਧਰਵ, ਸਵਰਗ ਦੇ ਸਵਰਗ ਵਿਚ, ਇੰਦਰ ਲੋਕ ਦੇ ਇੰਦਰ ਲੋਕ ਵਿਚ ਚਲੇ ਜਾਂਦੇ ਨੇ ਨਮਸ਼ਕਾਰ ਕਰਕੇ।

***ਹਤੀ ਸ਼ਕਤ ਜਹਿੰ ਲਗ ਜਿਸਹਿ ਸ੍ਰੀ ਨਾਨਕ ਪਹੁਚਾਇ॥***
***ਹਟੇ ਸੰਗ ਤੇ ਦੇਵ ਸਭ ਚਰਨਨ ਸੀਸ ਨਿਵਾਇ॥***
***ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ, ਪੰਨਾ - 201***

ਤੇ ਜਦੋਂ ਬੈਕੁੰਠ ਧਾਮ ਵਿਚ ਗਏ, ਉਥੇ ਵਿਸ਼ਨੂੰ ਜੀ ਨੇ ਸੀਸ ਨਿਵਾਇਆ। ਉਸ ਤੋਂ ਬਾਅਦ -

***ਸੱਚ ਖੰਡ ਸ੍ਰੀ ਗੁਰ ਗਏ ਕੀਨ ਤਾਂਹਿੰ ਬਿਸ੍ਰਾਮ॥***
***ਭੂ ਤਲ ਮਹਿੰ ਜੈਸੇ ਭਈ ਸੁਨਹੁ ਕਥਾ ਅਭਿਰਾਮ॥***
***ਸ੍ਰੀ ਗੁਰ ਪੁਰ ਪ੍ਰਕਾਸ਼ ਗ੍ਰੰਥ, ਪੰਨਾ - 201***

ਕਹਿੰਦੇ, ਉਹ ਤਾਂ ਸਚਖੰਡ 'ਚ ਚਲੇ ਗਏ, ਜੋਤ ਵਿਚ ਜੋਤ ਰਲ ਗਈ -

***ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥***
***ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥***
***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥***
***ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥ ਪੰਨਾ - 846***

ਏਧਰ ਜਦੋਂ ਕਨਾਤ ਦੇ ਅੰਦਰ ਗਏ ਸਿਆਣੇ, ਉਸ ਵੇਲੇ ਕੀ ਦੇਖਦੇ ਨੇ ਕਿ ਫੁੱਲ ਦੋਹਾਂ ਦੇ ਹੀ ਹਰੇ ਨੇ। ਦੋ ਚਾਦਰਾਂ ਨੇ - ਇਕ ਉਨ੍ਹਾਂ ਨੇ ਲੈ ਲਈ, ਦੂਜੀ ਉਨ੍ਹਾਂ ਨੇ ਲੈ ਲਈ। ਗੁਰੂ ਨਾਨਕ ਪਾਤਿਸ਼ਾਹ ਹੈ ਹੀ ਨਹੀਂ, ਸਰੀਰ ਸਾਰਾ ਵਿਲੀਨ ਕਰ ਦਿੱਤਾ ਤੱਤਾਂ ਵਿਚ, ਤੇ ਸਮਝਾ ਦਿੱਤਾ ਕਿ ਗੁਰੂ 'ਸਰੀਰ' ਨਹੀਂ ਹੋਇਆ ਕਰਦਾ, ਗੁਰੂ 'ਪਰਮ ਜੋਤ' ਹੋਇਆ ਕਰਦੀ ਹੈ। ਸੰਗਤਾਂ ਨੂੰ ਬਹੁਤ ਵੈਰਾਗ ਹੋ ਗਿਆ। ਸਾਧ ਸੰਗਤ ਜੀ! ਆਪ ੧੫੨੬ ਤੋਂ ੧੫੯੬ (1526 ਤੋਂ 1596) ਅੱਸੂ ਵਦੀ ਦਸਵੀਂ; ਸੱਤਰ ਸਾਲ, ਪੰਜ ਮਹੀਨੇ, ਦਸ ਦਿਨ ਇਸ ਸੰਸਾਰ ਵਿਚ ਸਰੀਰ ਰੱਖ ਕੇ ਦੂਸਰਾ ਰੂਪ ਧਾਰਨ ਕਰ ਲਿਆ। ਇਸ ਤਰ੍ਹਾਂ ਪੜ੍ਹ ਲਓ-

***ਧਾਰਨਾ - ਰੂਪ ਗੁਰਾਂ ਨੇ ਬਦਲਿਆ ਦੂਜਾ,***
***ਸਤਿਗੁਰ ਨਾਨਕ, ਅੰਗਦ ਬਣਿਆਂ -2, 2.***
***ਰੂਪ ਗੁਰਾਂ ਨੇ ਬਦਲਿਆ ਦੂਜਾ,***
***ਸਤਿਗੁਰ ਨਾਨਕ, ਅੰਗਦ ਬਣਿਆਂ -2, 4.***

***ਥਾਪਿਆ ਲਹਿਣਾ ਜੀਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ।***
***ਜੋਤੀ ਜੋਤਿ ਮਿਲਾਇਕੈ ਸਤਿਗੁਰ ਨਾਨਕ ਰੂਪ ਵਟਾਇਆ।***
***ਭਾਈ ਗੁਰਦਾਸ ਜੀ ਦੀ ਵਾਰ 1/45***
***ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ॥***
***ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥ ਪੰਨਾ - 966***

ਸੋ ਏਸ ਤਰ੍ਹਾਂ ਦੇ ਨਾਲ ਭਾਈ ਲਹਿਣਾ ਜੀ, ਦੇਵੀ ਨੂੰ ਮੰਨਣ ਵਾਲੇ, ਗੁਰੂ ਨਾਨਕ ਪਾਤਿਸ਼ਾਹ

ਦੇ ਚਰਨਾਂ ਵਿਚ ਆਏ ਪਰ ਸਿੱਖੀ ਕਮਾਈ ਉਨ੍ਹਾਂ ਨੇ ਪੂਰੇ ਦਿਲ ਦੇ ਨਾਲ; ਪਦਵੀ ਕਿੱਡੀ ਪ੍ਰਾਪਤ ਕਰ ਲਈ, ਆਪ ਹੀ ਗੁਰੂ ਨਾਨਕ ਪਾਤਿਸ਼ਾਹ ਹੋ ਗਏ।

ਸੋ ਏਸ ਤਰ੍ਹਾਂ ਸਾਧ ਸੰਗਤ ਜੀ! ਜੋ ਬਹੁਤ ਦਿਨਾਂ ਤੋਂ ਅਸੀਂ ਵਿਚਾਰ ਕਰ ਰਹੇ ਸੀ, ਅੱਜ ਸਮਾਪਤ ਹੁੰਦੀ ਹੈ। ਆਪ ਸਾਰੇ ਅਨੰਦ ਸਾਹਿਬ ਵਿਚ ਬੋਲੋ, ਫੇਰ ਗੁਰ ਸਤੋਤਰ ਵਿਚ ਬੋਲੋ।

-ਅਨੰਦ ਸਾਹਿਬ-

-ਗੁਰ ਸਤੋਤਰ-

-ਅਰਦਾਸ-